# ਦਾਗੀ ਰਾਜਨੀਤੀ ਦੇ ਨਾਇਕ

(ਲੇਖ ਸੰਗ੍ਰਹਿ)

*ਡਾ. ਅਜੀਤਪਾਲ ਸਿੰਘ ਐਮ. ਡੀ.*

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਦਾਗੀ ਰਾਜਨੀਤੀ ਦੇ ਨਾਇਕ

(ਲੇਖ ਸੰਗ੍ਰਹਿ)

***ਡਾ. ਅਜੀਤਪਾਲ ਸਿੰਘ ਐਮ. ਡੀ.***
ਡਿਪਟੀ ਮੈਡੀਕਲ ਕਮਿਸ਼ਨਰ
ਬੀਬੀ ਵਾਲਾ ਰੋਡ, ਗਲੀ ਨੰ : 6 (ਬਠਿੰਡਾ)
ਫ਼ੋਨ : 0164-2213535, ਮੋਬਾ : 94172-00340

ਪਹਿਲੀ ਵਾਰ : 2010

© ਲੇਖਕ

**ਪ੍ਰਕਾਸ਼ਕ :** **ਤਰਕਭਾਰਤੀ ਪ੍ਰਕਾਸ਼ਨ**
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ।
ਫੋਨ : 01679-233244 ਫੈਕਸ : 241744
E-mail : anu_bnl@yahoo.com
www.thepunjabi.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2010 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    - ਭਾਗ-1
    - ਭਾਗ-2
    - ਭਾਗ-3
    - ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਕਟਹਿਰੇ 'ਚ ਰਾਜਨੀਤੀ
15. ਪੂੰਜੀਵਾਦ ਦਾ ਵਿਨਾਸ਼ ਜਰੂਰੀ
16. ਆਲਮੀ ਤਪਸ਼, ਮਹਿੰਗਾਈ ਤੇ ਗ਼ਰੀਬੀ
17. ਦਾਗੀ ਰਾਜਨੀਤੀ ਦੇ ਨਾਇਕ

# ਤਤਕਰਾ


ਭੁੱਖੇ ਲੋਕ ਅਤੇ ਅਨਾਜ ਦੇ ਭਰੇ ਗੋਦਾਮ 5
ਫਰਜ਼ੀ ਮੁਕਾਬਲਿਆਂ ਤੇ ਪੁਲਸ ਹਿਰਾਸਤ 'ਚ ਬੇਸ਼ੁਮਾਰ ਮੌਤਾਂ 7
ਇਕ ਧੋਖਾ ਹੈ-ਸਿੱਖਿਆ ਦਾ ਅਧਿਕਾਰ 11
ਇਉਂ ਚੱਲਿਆ ਵੀਹ ਸਾਲ ਨਿਆਂ ਦਾ ਨਾਟਕ 15
ਕੀ ਸਾਰੀਆਂ ਸਹਿਕਾਰੀ ਖੰਡ ਮਿੱਲਾਂ ਵਿਕਾਊ ਹਨ? 19
ਕਿਸੇ ਵੀ ਉਮਰ 'ਚ ਹੋ ਸਕਦੈ ਹਰਨੀਆ 23
ਗੁਰਦਿਆਂ ਸਬੰਧੀ ਬੀਮਾਰੀਆਂ 'ਚ ਵਾਧਾ ਕਿਉਂ? 25
ਜਾਨਵਰਾਂ 'ਚ ਕੁਦਰਤੀ ਪਰਲੋ ਦੀ ਆਹਟ ਸੁੰਘਣ ਦੀ ਯੋਗਤਾ ਕਿੰਨੀ ਕੁ? 28
ਸਿੱਖਿਆ ਵੇਚਣ ਤੇ ਖੋਹਣ ਦੀ ਨੀਅਤ 32
ਕ੍ਰਿਕਟ 'ਚੋਂ ਗਾਇਬ ਹੁੰਦੀ ਸ਼ਰਾਫਤ 37
ਸਰਕਾਰੀ ਅਣਦੇਖੀ ਕਾਰਨ ਆਮ ਰੋਗੀ ਬਣੇ ਮਨੋਰੋਗੀ 40
ਕਿਉਂ ਵਧ ਰਹੇ ਹਨ ਏਅਰ ਹੋਸਟੇਸ ਨਾਲ ਛੇੜਛਾੜ ਦੇ ਮਾਮਲੇ? 43
ਗੁੜਗਾਉਂ ਦਾ ਮਜ਼ਦੂਰ ਅੰਦੋਲਨ ਬਨਾਮ 45
ਲਹੂ-ਪੀਣੀਆਂ ਸੜਕਾਂ ਬਨਾਮ ਦੁਰਘਟਨਾਵਾਂ 52
ਸੁਆਲ ਅੰਦਰੂਨੀ ਸੁਰੱਖਿਆ ਦਾ ਨਹੀਂ 59
ਕੀ ਇਹੀ ਲੋਕ ਰਾਜ ਹੈ ਆਦੀਵਾਸੀਆਂ ਲਈ? 61
ਜਾਨਲੇਵਾ ਮਹਿੰਗਾਈ-ਜਿਉਣ ਦੇ ਹੱਕ 'ਤੇ ਹਮਲਾ ਕਿਵੇਂ 65
ਗੰਨਾ ਉਤਪਾਦਕ ਕਿਸਾਨਾਂ ਦਾ ਅੰਦੋਲਨ 68
ਕਿਤੇ ਬੈਂਕ ਤੁਹਾਨੂੰ ਬਲੀ ਦਾ ਬੱਕਰਾ ਤਾਂ ਨਹੀਂ ਬਣਾ ਰਹੇ? 71
ਇਸ ਯੁੱਧ ਨੂੰ ਫੌਰੀ ਰੋਕਣ ਦੀ ਲੋੜ ਕਿਉਂ? 75
ਵਾਈਲਡ ਵੈਸਟ ਬਨਾਮ ਅਪ੍ਰੇਸ਼ਨ ਗ੍ਰੀਨ ਹੰਟ 77
ਕੋਬਾੜ ਗਾਂਧੀ ਮਾਓਵਾਦੀ ਕਿਉਂ ਬਣਿਆ? 82
ਭਾਰਤ ਦੀ ਦਾਗੀ ਰਾਜਨੀਤੀ ਦੇ ਨਾਇਕ ਕੌਣ? 84
ਕੀ ਹੈ ਪਟਾਖੇ ਬਣਾਉਂਦੇ ਬਾਲ ਮਜ਼ਦੂਰਾਂ ਦੀ ਹਾਲਤ 88
ਸਰਬ ਸਿੱਖਿਆ ਅਭਿਆਨ-ਮੁਸ਼ਕਿਲਾਂ ਤੇ ਚੁਣੌਤੀਆਂ 91
ਗੁਣਾਤਮਕ ਸੁਧਾਰ ਕਿੰਨੀ ਕੁ ਦੂਰ? 93
ਭੁੱਖਾ ਕਿਸਾਨ, ਆਰਥਕ ਗੁਲਾਮੀ ਅਤੇ ਸਿਆਸਤ ਇਕ ਵਿਸ਼ਲੇਸ਼ਣ 95
ਮਾਂਹਵਾਰੀ ਨਾਲ ਜੁੜੇ ਅੰਧ ਵਿਸ਼ਵਾਸ 97
ਸੜਕਾਂ 'ਤੇ ਮਰਨ ਵਾਲੇ 50 ਫੀਸਦੀ ਪੈਦਲ ਯਾਤਰੀ 101
ਮਹਿੰਗਾਈ-ਜਨ ਜੀਵਨ ਲਈ ਵੱਡਾ ਖ਼ਤਰਾ ਕਿਵੇਂ? 104
ਗੰਦੇ ਨਾਲੇ ਬਣ ਗਈਆਂ ਹਨ ਨਦੀਆਂ 118
ਕੀ ਇਹ ਗਰੀਬਾਂ ਦਾ ਹੱਕ ਖੋਹਣ ਦੀ ਤਿਆਰੀ ਤਾਂ ਨਹੀਂ? 122
ਨਿਜੀਕਰਣ ਬਨਾਮ ਨਵੀਂ ਖੁਦਾਈ ਨੀਤੀ 124
ਕਿੱਥੇ ਹੈ ਸਾਡੇ ਲੋਕਤੰਤਰ ਦਾ ਵਿਸਥਾਰ? 127
ਰੋਟੀ, ਕੱਪੜਾ ਤੇ ਮੋਬਾਇਲ, ਇੰਟਰਨੈਟ 133
ਹਰੇ ਤੇ ਸਫੈਦ ਇਨਕਲਾਬਾਂ ਨੇ ਕੀ ਗੁਲ ਖਿਲਾਏ? 135
ਪਛੜੇ ਤਾਂ ਫੇਰ ਵੀ ਪਛੜਦੇ ਹੀ ਗਏ 138
ਅਜੇ ਵੀ ਦੋਮ ਦਰਜੇ 'ਤੇ ਹੈ ਔਰਤ 142
ਸੂਚਨਾ ਅਧਿਕਾਰ ਕਾਨੂੰਨ ਦੀਆਂ ਹੱਦਾਂ ਵਧਾਉਣ ਦੀ ਲੋੜ 145
ਰੋਟੀ ਕਿਉਂ ਹੋ ਗਈ ਛੋਟੀ 147
ਹੈ ਕੀ ਅੰਦਰੂਨੀ ਯੁੱਧ ਮੰਤਰਾਲਾ? 150
ਉਦਾਰੀਕਰਨ ਨਾਲ ਭੁੱਖ ਕਿਵੇਂ ਪੈਦਾ ਹੋਈ? 152
ਭਾਰਤ ਦੀ ਆਜ਼ਾਦੀ ਦੀ ਲੜਾਈ 'ਚ ਮਜ਼ਦੂਰ ਜਮਾਤ ਦੀ ਭੂਮਿਕਾ 155
ਜੀ ਹਾਂ ਮੈਂ ਭਰਿਸ਼ਟਾਚਾਰ ਹਾਂ 161
ਕੀ ਜ਼ਹਿਰੀਲੀ ਸ਼ਰਾਬ ਕਾਂਡ 'ਚ ਮਿਲੀਭੁਗਤ ਹੈ? 163
ਗੁਨਾਹਾਂ ਦੀ ਦਲਦਲ ਬਨਾਮ ਲਲਿਤ ਮੋਦੀ 166
ਘੁੰਮਣ ਘੇਰੀ 'ਚ ਫਸਿਆ ਕਿਸਾਨ 171
ਹਾਸ਼ੀਏ 'ਤੇ ਕਿਉਂ ਹੈ ਦੇਸੀ ਖੇਤੀ? 175

# ਭੁੱਖੇ ਲੋਕ ਅਤੇ ਅਨਾਜ ਦੇ ਭਰੇ ਗੋਦਾਮ

ਇਕ ਪਾਸੇ ਦੇਸ਼ ਦੇ ਅੱਧੇ ਤੋਂ ਵੱਧ ਜ਼ਿਲ੍ਹੇ ਭਿਅੰਕਰ ਭੁੱਖ ਤੇ ਅਕਾਲ ਨਾਲ ਜੂਝ ਰਹੇ ਹਨ, ਦੇਸ਼ ਭਰ 'ਚ ਕਰੋੜਾਂ ਲੋਕ ਅਨਾਜ ਦੀਆਂ ਵਧਦੀਆਂ ਕੀਮਤਾਂ ਕਾਰਨ ਅੱਧਾ ਪੇਟ ਭਰ ਖਾ ਕੇ ਗੁਜ਼ਾਰਾ ਕਰ ਰਹੇ ਹਨ। ਦੂਜੇ ਪਾਸੇ ਸਰਕਾਰੀ ਗੋਦਾਮਾਂ 'ਚ ਪਿਆ ਲੱਖਾਂ ਟਨ ਅਨਾਜ ਸੜ ਰਿਹਾ ਹੈ। ਖੇਤੀ ਮੰਤਰੀ ਸ਼ਰਦ ਪਵਾਰ ਨੇ ਸੰਸਦ 'ਚ ਦੱਸਿਆ ਕਿ ਇਸ ਸਾਲ ਅਪ੍ਰੈਲ-ਮਈ ਦੇ ਮਹੀਨੇ ਦੌਰਾਨ ਆਵਾਜਾਈ ਤੇ ਸਟੋਰੇਜ ਦੌਰਾਨ 2-2 ਲੱਖ ਟਨ ਕਣਕ ਤੇ ਚੋਲ ਸੜ ਗਿਆ। ਇਸ ਅਨਾਜ ਨਾਲ 12 ਲੱਖ ਲੋਕਾਂ ਦਾ ਇਕ ਸਾਲ ਤੱਕ ਪੇਟ ਭਰਿਆ ਜਾ ਸਕਦਾ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਅਸਲ 'ਚ ਬਰਬਾਦੀ ਇਸ ਤੋਂ ਵੀ ਵੱਧ ਦੀ ਹੋਵੇਗੀ। ਪੰਜਾਬ ਦੇ ਤਰਨਤਾਰਨ ਜਿਲੇ 'ਚ 5000 ਟਨ ਕਣਕ ਜਾਨਵਰਾਂ ਨੂੰ ਖੁਆਉਣ ਲਾਇਕ ਵੀ ਨਹੀਂ ਰਹਿ ਗਈ ਹੈ। ਜਿਸ ਅਨਾਜ ਨਾਲ ਤੀਹ ਹਜ਼ਾਰ ਲੋਕਾਂ ਨੂੰ ਇਕ ਸਾਲ ਭਰ ਖੁਆਇਆ ਜਾ ਸਕਦਾ ਸੀ, ਉਸ ਨੂੰ ਹੁਣ ਖਾਦ ਬਣਾਉਣ ਲਈ ਨਿਲਾਮ ਕਰ ਦਿੱਤਾ ਜਾਵੇਗਾ। ਇਹ ਤਾਂ ਸਿਰਫ ਇਕ ਉਦਾਹਰਣ ਹੈ। ਚੰਡੀਗੜ੍ਹ ਦੇ ਨੇੜੇ ਖਮਾਣੇ 'ਚ ਕਣਕ ਦੀਆਂ ਕਈ ਲੱਖ ਬੋਰੀਆਂ ਦੋ ਸਾਲ ਤੋਂ ਖੁੱਲੇ ਆਕਾਸ਼ ਹੇਠ ਪਈਆਂ ਸੜ ਰਹੀਆਂ ਹਨ। ਪੰਜਾਬ 'ਚ ਕੁੱਲ 155 ਲੱਖ ਟਨ ਕਣਕ ਅੱਜ ਵੀ ਖੁੱਲੇ ਆਕਾਸ਼ ਹੇਠ ਰੱਖੀ ਹੋਈ ਹੈ। ਤਹਿ ਹੈ ਕਿ ਇਸ ਦਾ ਵੀ ਅੱਛਾ ਖਾਸਾ ਹਿੱਸਾ ਸੜ ਹੀ ਜਾਣਾ ਹੈ। ਦੂਜੇ ਰਾਜਾਂ ਦਾ ਹਾਲ ਵੀ ਅਜਿਹਾ ਹੀ ਹੈ।

ਪੱਛਮੀ ਬੰਗਾਲ 'ਚ ਕੁੱਲ 57,770 ਟਨ ਕਣਕ ਦੀ ਸਰਕਾਰੀ ਖਰੀਦ ਕੀਤੀ ਗਈ ਜਿਸ ਦਾ ਭਾਰੀ ਹਿੱਸਾ ਖੁੱਲੇ ਆਕਾਸ਼ ਹੇਠ ਪਿਆ ਹੈ। ਬਿਹਾਰ 'ਚ ਗੋਦਾਮ ਨਾ ਹੋਣ ਕਰਕੇ ਇਸ ਸਾਲ ਕਿਸਾਨਾਂ ਤੋਂ ਦੋ ਲੱਖ ਟਨ ਝੋਨਾ ਖਰੀਦਿਆ ਹੀ ਨਹੀਂ ਗਿਆ। ਉੜੀਸਾ 'ਚ 55 ਲੱਖ ਟਨ ਅਨਾਜ ਦੀ ਖਰੀਦ ਦਾ ਟੀਚਾ ਹੈ। ਪਰ ਸਿਰਫ 7 ਲੱਖ ਟਨ ਅਨਾਜ ਦੇ ਸਟੋਰ ਦਾ ਇੰਦਜ਼ਾਮ ਹੈ। ਨਾਗਰਿਕ ਸਪਲਾਈ ਵਿਭਾਗ ਦੇ ਇਕ ਅਫਸਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਵਿਭਾਗ ਹਰ ਸਾਲ 1-2 ਫੀਸਦੀ ਨੂੰ "ਬਰਬਾਦ" ਵਿਖਾ ਦਿੰਦਾ ਹੈ ਪਰ ਅਸਲ 'ਚ ਬਰਬਾਦੀ ਇਸ ਨਾਲ ਬਹੁਤ ਹੁੰਦੀ ਹੈ ਯਾਨੀ ਹਰ ਸਾਲ 50 ਹਜ਼ਾਰ ਤੋਂ ਲੈ ਕੇ ਇਕ ਲੱਖ ਟਨ ਅਨਾਜ ਦੀ ਬਰਬਾਦੀ। ਬਿਹਾਰ 'ਚ ਹਰ ਸਾਲ 27 ਲੱਖ ਟਨ ਅਨਾਜ ਦੀ ਸਰਕਾਰੀ ਖਰੀਦ ਹੁੰਦੀ ਹੈ ਜਿਸ 'ਚ 5 ਫੀਸਦੀ ਯਾਨੀ ਕਰੀਬ ਇਕ ਲੱਖ ਪੈਂਤੀ ਹਜ਼ਾਰ ਟਨ ਅਨਾਜ ਗੋਦਾਮਾਂ 'ਚ ਖਰਾਬ ਹੋ ਜਾਂਦਾ ਹੈ ਦੇਸ਼ ਦੇ ਦੂਜੇ ਰਾਜਾਂ 'ਚ ਹਰ ਸਾਲ ਜਿੰਨਾ ਅਨਾਜ ਬਰਬਾਦ ਹੋ ਜਾਂਦਾ ਹੈ ਉਸ ਨਾਲ ਲੱਖਾਂ ਲੋਕਾਂ ਦਾ ਪੇਟ ਭਰਿਆ ਜਾ ਸਕਦਾ ਹੈ। ਸੁਆਲ ਸਿਰਫ ਭੰਡਾਰਨ 'ਚ ਕਮੀ ਕਾਰਨ ਅਨਾਜ ਦੇ ਸਭ ਜਾਣ ਦਾ ਨਹੀਂ ਹੈ-ਹਰ ਸਾਲ ਗੋਦਾਮਾਂ 'ਚ ਲੱਖਾਂ ਟਨ ਅਨਾਜ਼ ਚੂਹੇ ਖਾ ਜਾਂਦੇ ਹਨ। ਜ਼ਾਹਿਰ ਹੈ ਕਿ ਇਨ੍ਹਾਂ "ਚੂਹਿਆਂ" 'ਚ ਸਰਕਾਰੀ ਕਰਮਚਾਰੀਆਂ ਤੇ ਅਫਸਰਾਂ ਦਾ ਵੀ ਅੱਛਾ ਖਾਸਾ ਹਿੱਸਾ ਹੁੰਦਾ ਹੈ। ਜੋ ਇਸ ਅਨਾਜ ਨੂੰ ਕਾਲੇ ਬਜ਼ਾਰ 'ਚ ਵੇਚ ਦਿੰਦੇ ਹਨ ਕੁਝ ਸਾਲ ਪਹਿਲਾਂ ਅਰਥ ਸ਼ਾਸ਼ਤਰੀ ਅਮਰਤਿਆ ਸੇਨ ਨੇ ਕਿਹਾ ਸੀ ਕਿ ਦੇਸ਼ 'ਚ ਅਨਾਜ ਦਾ ਏਨਾ ਵੱਧ ਭੰਡਾਰ ਹੈ ਕਿ ਜੇ ਅਨਾਜ

ਦੀਆਂ ਬੋਰੀਆਂ ਨੂੰ ਇਕ ਤੋਂ ਉਤੇ ਇਕ ਰੱਖਿਆ ਜਾਵੇ ਤਾਂ ਉਨ੍ਹਾਂ ਦੀ ਉਚਾਈ ਚੰਦ ਤੱਕ ਪਹੁੰਚ ਜਾਵੇਗੀ। ਪਰ ਇਸ ਵਿਸ਼ਾਲ ਭੰਡਾਰ ਦੇ ਬਾਵਜੂਦ ਦੇਸ਼ 'ਚ ਕਈ ਕਰੋੜ ਲੋਕ ਹਰ ਸਾਲ ਭੁੱਖੇ ਸੌਂਦੇ ਹਨ। ਅੱਜ ਵੀ ਦੇਸ਼ ਦੇ ਬਹੁਤੇ ਇਲਾਕਿਆਂ 'ਚ ਭੁੱਲ ਨਾਲ ਤੜਪ ਕੇ ਲੋਕਾਂ ਦੀ ਮੌਤ ਹੋ ਜਾਂਦੀ ਹੈ। ਗੋਦਾਮਾਂ 'ਚ ਅਨਾਜ ਸੜਦਾ ਰਹਿੰਦਾ ਹੈ ਜਾਂ ਉਸ ਨੂੰ ਚੂਹੇ ਖਾ ਜਾਂਦੇ ਹਨ ਅਤੇ ਬਜ਼ਾਰ 'ਚ ਅਨਾਜ ਦੀਆਂ ਕੀਮਤਾਂ ਅਕਾਸ਼ 'ਤੇ ਪੁੱਜ ਜਾਂਦੀਆਂ ਹਨ। ਗਰੀਬ ਮਿਹਨਤਕਸ਼ਾਂ ਦੀ ਥਾਲੀ ਤੋਂ ਦਾਲਾਂ ਤਾਂ ਗਾਇਬ ਹੀ ਹੋ ਚੁੱਕੀਆਂ ਹਨ। ਰੋਟੀਆਂ ਵੀ ਘੱਟ ਹੁੰਦੀਆਂ ਜਾ ਰਹੀਆਂ ਹਨ। ਖਾਦ ਤੇ ਖੇਤੀ ਸੰਗਠਨ ਵਲੋਂ ਬਣਾਈ ਗਈ ਭੁੱਖ ਨਾਲ ਪੀੜਤ 88 ਦੇਸ਼ਾਂ ਦੀ ਸੂਚੀ ਵਿਚ ਭਾਰਤ ਹੇਠੋਂ 66ਵੇਂ ਥਾਂ 'ਤੇ ਹੈ।

ਅਜਿਹਾ ਘਿਨੌਂਣਾ ਮਜ਼ਾਕ ਸਿਰਫ ਪੂੰਜੀਵਾਦੀ ਵਿਵਸਥਾ ਵਿਚ ਹੀ ਹੋ ਸਕਦਾ ਹੈ-ਜਿਥੇ ਮੁਨਾਫੇ ਤੋਂ ਵੱਧ ਕੇ ਕੋਈ ਚੀਜ਼ ਨਹੀਂ ਹੈ। ਗੋਦਾਮਾਂ 'ਚ ਪਿਆ ਅਨਾਜ਼ ਜੇ ਬਾਜ਼ਾਰ 'ਚ ਆ ਜਾਵੇਗਾ ਤਾਂ ਪੇਟ ਭਰਨ ਲਈ ਗਰੀਬਾਂ ਨੂੰ ਦੇ ਦਿੱਤਾ ਜਾਵੇਗਾ ਤਾਂ ਬਾਜ਼ਾਰ 'ਚ ਸਪਲਾਈ ਵੱਧ ਹੋਣ ਕਰਕੇ ਅਨਾਜ ਦੀਆਂ ਕੀਮਤਾਂ ਡਿੱਗਣ ਲੱਗਣਗੀਆਂ ਅਤੇ ਮੁਨਾਫਾ ਘੱਟ ਹੋ ਜਾਵੇਗਾ ਮੁਨਾਫੇ 'ਤੇ ਟਿਕੇ ਪ੍ਰਬੰਧ 'ਚ ਇਹ ਖ਼ਤਰਨਾਕ ਤਰਕ ਪੂਰੀ ਦੁਨੀਆਂ 'ਚ ਇਉਂ ਹੀ ਕੰਮ ਕਰਦਾ ਹੈ। ਸਭ ਤੋਂ ਵੱਧ ਅਨਾਜ ਪੈਦਾ ਕਰਨ ਵਾਲੇ ਅਮਰੀਕਾ ਤੇ ਆਸਟ੍ਰੇਲੀਆ 'ਚ ਹਰ ਸਾਲ ਲੱਖਾਂ ਟਨ ਅਨਾਜ਼ ਸੂਅਰਾਂ ਨੂੰ ਖੁਵਾ ਦਿੱਤਾ ਜਾਂਦਾ ਹੈ। ਜਦਕਿ ਅਫ਼ਰੀਕਾ ਏਸ਼ੀਆ ਤੇ ਲਤੀਨੀ ਅਮਰੀਕਾ ਦੇ ਬਹੁਤੇ ਦੇਸ਼ਾਂ 'ਚ ਭਿਆਨਕ ਭੁੱਖਮਰੀ ਫੈਲੀ ਹੁੰਦੀ ਹੈ। ਅੱਜ ਇੱਕ ਖੇਤ ਤੋਂ ਜਿੰਨੀ ਪੈਦਾਵਾਰ ਹੋ ਸਕਦੀ ਹੈ ਸਿਰਫ਼ ਉਸ ਦੇ ਆਧਾਰ 'ਤੇ ਆਸਟ੍ਰੇਲੀਆ ਪੂਰੀ ਦੁਨੀਆਂ ਦਾ ਪੇਟ ਭਰਨ ਲਾਇਕ ਅੰਨ ਪੈਦਾ ਕਰ ਸਕਦੇ ਹਨ। ਪਰ ਉਥੋਂ ਦੀਆਂ ਸਰਕਾਰਾਂ ਹਰ ਸਾਲ ਕਿਸਾਨਾਂ ਨੂੰ ਕਰੋੜਾਂ ਡਾਲਰ ਦੀ ਸਬਸਿਡੀ ਇਸ ਲਈ ਦਿੰਦੀਆਂ ਹਨ ਕਿ ਆਪਣੇ ਖੇਤ ਖਾਲੀ ਛੱਡ ਦੇਣਾ ਵਜ੍ਹਾ ਉਹ ਮੁਨਾਫਾ। ਜੇ ਪੈਦਾਵਾਰ ਵੱਧ ਹੋਵੇਗੀ ਤਾਂ ਬਾਜ਼ਾਰ 'ਚ ਜਿਣਸਾਂ ਦੀਆਂ ਕੀਮਤਾਂ ਡਿੱਗ ਪੈਣਗੀਆਂ ਤੇ ਪੂੰਜੀਪਤੀਆਂ ਦੇ ਮੁਨਾਫ਼ੇ 'ਚ ਕਮੀ ਆਵੇਗੀ। ਵਸਤਾਂ ਤੇ ਉਤਪਾਦਕ ਸ਼ਕਤੀਆਂ ਦੀ ਬਰਬਾਦੀ ਬਹੁਤਾ ਸਮਾਂ ਨਹੀਂ ਹੋਇਆ ਜਦ ਬਜ਼ਾਰ 'ਚ ਕੀਮਤਾਂ ਬਣਾਈ ਰੱਖਣ ਲਈ ਵੱਡੇ ਵੱਡੇ ਜਹਾਜ਼ਾਂ 'ਚ ਭਰ ਕੇ ਅਨਾਜ ਸਮੁੰਦਰ 'ਚ ਸੁੱਟ ਦਿੱਤਾ ਜਾਂਦਾ ਸੀ ਜਾਂ ਸਾੜ ਦਿੱਤਾ ਜਾਂਦਾ ਸੀ ਹੁਣ ਬਰਬਾਦੀ ਦੇ ਨਵੇਂ ਨਵੇਂ ਤਰੀਕੇ ਆ ਗਏ ਹਨ ਅਤੇ ਬਰਬਾਦੀ ਦਾ ਪੈਮਾਨਾ ਵੀ ਵੱਧ ਵੱਡਾ ਹੋ ਗਿਆ ਹੈ। ਜਿਸ ਪ੍ਰਬੰਧ 'ਚ ਕਰੋੜਾਂ ਲੋਕ ਭੁੱਖ ਨਾਲ ਤੜਪਦੇ ਹੋਣ ਜਿੱਥੇ ਭਾਰਤ ਵਰਗੇ ਦੇਸ਼ 'ਚ 9000 ਬੱਚੇ ਰੋਜ਼ਾਨਾ ਭੁੱਖੇ ਕੁਪੋਸ਼ਣ ਨਾਲ ਮਰ ਜਾਂਦੇ ਹੋਣ ਤੇ ਫਿਰ ਵੀ ਲੱਖਾਂ ਟਨ ਅਨਾਜ਼ ਪਿਆ ਪਿਆ ਸੜ ਜਾਂਦਾ ਹੋਵੇ, ਇਸ ਮੁਨਾਫ਼ਾਖੋਰ ਪ੍ਰਬੰਧ ਵੀ ਖ਼ਤਮ ਕਰਨਾ ਫੌਰੀ ਲੋੜ ਹੈ। ਪੂੰਜੀਵਾਦ ਦੀ ਮੌਤ ਕਰੋੜਾਂ ਗ਼ਰੀਬ ਮਿਹਨਤਕਸ਼ ਲੋਕਾਂ ਦੇ ਜਿਉਣ ਦੀ ਸ਼ਰਤ ਹੈ।

-----✪✪-----

# ਫਰਜ਼ੀ ਮੁਕਾਬਲਿਆਂ ਤੇ ਪੁਲਸ ਹਿਰਾਸਤ ’ਚ ਬੇਸ਼ੁਮਾਰ ਮੌਤਾਂ

ਗੁਜਰਾਤ ਪੁਲਸ ਦੇ ਹੱਥੋਂ ਫਰਜੀ ਮੁਕਾਬਲਿਆਂ ’ਚ ਇਸ਼ਰਤ ਜਹਾਂ ਤੇ ਤਿੰਨ ਹੋਰ ਨੌਜਵਾਨ ਦੀ ਹੱਤਿਆ ਦੀ ਸੱਚਾਈ ਜਾਂਚ ਕਮੇਟੀ ਨੇਤਾ ਨੇ ਹੁਣ ਦੱਸੀ ਹੈ ਪਰ ਦੇਸ਼ ਦੀ ਆਦਮਖੋਰ ਪੁਲਸ ਤੇ ਨਰੇਂਦਰ ਮੋਦੀ ਦੀ ਸਰਕਾਰ ਨੂੰ ਜਾਨਣ ਵਾਲੇ ਲੋਕ ਸ਼ੁਰੂ ਤੋਂ ਹੀ ਇਸ ਨੂੰ ਇਕ ਬੇਰਹਿਮ ਹੱਤਿਆ ਮੰਨਦੇ ਰਹੇ ਹਨ। ਪੁਲਸ ਨੂੰ ਫਰਜੀ ਮੁਠਭੇੜਾਂ ’ਚ ਬੇਕਸੂਰਾਂ ਦੀਆਂ ਹੱਤਿਆਵਾਂ ਕਰਨ ਦਾ ਲਾਇਸੰਸ ਮਿਲਿਆ ਹੋਇਆ ਹੈ। ਚਾਹੇ ਦੇਹਰਾਦੂਨ ’ਚ ਉਤਰਾਖੰਡ ਪੁਲਸ ਦੇ ਹੱਥੋਂ 20 ਸਾਲਾ ਵਿਦਿਆਰਥੀ ਰਣਬੀਰ ਦੀ ਹੱਤਿਆ ਹੋਵੇ, ਬਟਾਲਾ ਹਾਊਸ ’ਚ ਕਥਿਤ ਮੁੱਠਭੇੜ ’ਚ ਅੱਤਵਾਦੀਆਂ ਦੇ ਨਾਂ ’ਤੇ ਚਾਰ ਨੌਜਵਾਨਾਂ ਦੀ ਹੱਤਿਆ ਦਾ ਮਾਮਲਾ ਹੋਵੇ ਜਾਂ ਕਸ਼ਮੀਰ ਦੇ ਸ਼ੋਪੀਆਂ ’ਚ ਦੋ ਮੁਟਿਆਰਾਂ ਦੇ ਬਲਾਤਕਾਰ ਪਿੱਛੋਂ ਹੱਤਿਆ ਦੀ ਘਟਨਾ ਹੋਵੇ– ਹਰ ਥਾਂ ਪੁਲਸ ਅਤੇ ਫੌਜ ਦੀਆਂ ਘਿਨੌਣੀਆਂ ਕਰਤੂਤਾਂ ਸਾਹਮਣੇ ਆਉਂਦਿਆਂ ਹੀ ਸਰਕਾਰਾਂ ਫੌਰਨ ਉਨ੍ਹਾਂ ਦੇ ਬਚਾਅ ’ਚ ਉਤਰ ਆਉਂਦੀਆਂ ਹਨ। ਪੂਰੇ ਦੇਸ਼ ਦੇ ਪੈਮਾਨੇ ’ਤੇ ਪੁਲਸ, ਫੌਜ ਤੇ ਹੋਰ ਹਥਿਆਰਬੰਦ ਬਲਾਂ ਵਲੋਂ ਜ਼ਿਆਦਾਤਰ ਨਜਾਇਜ਼ ਤੇ ਕਈ ਜਾਇਜ਼ ਤਰੀਕਿਆਂ ਨਾਲ ਲੋਕਾਂ ਨੂੰ ਹਿਰਾਸਤ ਵਿਚ ਲੈਣਾ ਅਤੇ ਤਸੀਹੇ ਦੇ ਕੇ ਉਨ੍ਹਾਂ ਨੂੰ ਮਾਰ ਸੁੱਟਣਾ ਇਕ ਆਮ ਰੁਝਾਣ ਬਣ ਗਿਆ ਹੈ ਜੋ ਸਾਲ ਦਰ ਸਾਲ ਵਧਦਾ ਜਾ ਰਿਹਾ ਹੈ। ਇਕ ਪਾਸੇ ਤਾਂ ਇਸ ਅਪਰਾਧ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ, ਦੂਜੇ ਪਾਸੇ ਸਰਕਾਰ, ਪ੍ਰਸਾਸ਼ਨ ਜਾਂ ਨਿਆਂਪਾਲਿਕਾ ਵਲੋਂ ਇਸ ਖਿਲਾਫ ਕੋਈ ਪ੍ਰਭਾਵੀ ਕਦਮ ਉਠਾਉਂਦੀ ਨਜ਼ਰ ਨਹੀਂ ਆ ਰਹੀ ਹੈ। ਨਿਸ਼ਚਤ ਤੌਰ ’ਤੇ ਇਸ ਉਦਾਸੀਨਤਾ ਦਾ ਮੁੱਖ ਕਾਰਨ ਇਹ ਹੈ ਕਿ ਵਰਦੀ ਧਾਰੀਆਂ ਦੀ ਗੈਰਮਨੁੱਖਤਾ ਦਾ ਸ਼ਿਕਾਰ ਹੋਣ ਵਾਲਿਆਂ ’ਚ ਸਭ ਤੋਂ ਵੱਡੀ ਗਿਣਤੀ ਗਰੀਬ ਤੇ ਨਿਮਨ ਮੱਧਵਰਗੀ ਲੋਕਾਂ ਦੀ ਹੈ ਅਤੇ ਜਾਇਦਾਦ ਨੂੰ ਹੀ ਆਖਰੀ ਪੈਮਾਨਾ ਮੰਨਣ ਵਾਲੀ ਇਸ ਵਿਵਸਥਾ ’ਚ ਜਿਨ੍ਹਾਂ ਦੀ ਜਾਨ ਦਾ ਮੁੱਲ ਕੁਝ ਖਾਸ ਨਹੀਂ ਸਮਝਿਆ ਜਾਂਦਾ।

ਇਹ ਤੱਥ ਏਸ਼ੀਅਨ ਸੈਂਟਰ ਫਾਰ ਹੂਮਨ ਰਾਈਟਸ (ACHR) ਦੀ ਪਿੱਛੇ ਜਿਹੇ ਹੀ ਪ੍ਰਕਾਸ਼ਿਤ ਹੋਈ ਰੀਪੋਟ-ਟਾਰਚਰ ਇਨ ਇੰਡੀਆ 2009 (ਭਾਰਤ ’ਚ ਤਸ਼ਦਦ 2009) ’ਚ ਜ਼ਾਹਰ ਹੋਏ ਹਨ। ਇਸ ਰੀਪੋਟ ਮੁਤਾਬਿਕ ਇਕ ਅਪ੍ਰੈਲ 2001 ਤੋਂ 31 ਮਾਰਚ 2009 ਤੱਕ ਭਾਰਤ ਭਰ ਤੋਂ 1184 ਲੋਕਾਂ ਦੇ ਪੁਲਸ ਹਿਰਾਸਤ ’ਚ ਮਰਨ ਦੀ ਸੂਚਨਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਮਿਲਣਾ। ਇਸ ’ਚ ਬਹੁਤ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜਿਨ੍ਹਾਂ ਦੀ ਮੌਤ ਪੁਲਸ ਹਿਰਾਸਤ ’ਚ ਬੇਰਹਿਮ ਤਸੀਹਿਆਂ ਕਾਰਨ ਹੋਈ। ਜ਼ਿਆਦਾਤਰ ਮੌਤਾਂ ਪੁਲਸ ਹਿਰਾਸਤ ’ਚ ਲਏ ਜਾਣ ਦੇ 48 ਘੰਟਿਆਂ ਅੰਦਰ ਹੋਈਆਂ। ਸਾਲ 2007 ’ਚ ਪੁਲਸ ਹਿਰਾਸਤ ’ਚ 118 ਲੋਕਾਂ ਦੀ ਮੌਤ ਹੋਈ ਜਦ ਕਿ 2006 ’ਚ ਇਹ ਗਿਣਤੀ 89 ਸੀ। ਯਾਨੀ ਇਕ ਸਾਲ ’ਚ 32.5 ਫੀਸਦੀ ਦਾ ਵਾਧਾ ਹੋਇਆ। ਇਸੀ ਦੇ ਬਰਕਸ ਰੀਪੋਟ ਦੱਸਦੀ ਹੈ ਕਿ 2007 ’ਚ ਪੁਲਸ ਹਿਰਾਸਤ ’ਚ ਹੋਈਆਂ ਮੌਤਾਂ ਦੇ 118 ਕੇਸਾਂ ’ਚ ਸਿਰਫ 61 ਕੇਸਾਂ ’ਚ

ਮੈਜਿਸਟਰੇਟ ਵੱਲੋਂ ਜਾਂਚ ਦੇ ਹੁਕਮ ਦਿੱਤੇ ਗਏ ਜਾਂ ਜਾਂਚ ਕੀਤੀ ਗਈ। 12 ਮਾਮਲਿਆਂ ’ਚ ਕਾਨੂੰਨੀ ਜਾਂਚ ਹੋਈ। 57 ਕੇਸਾਂ ਵਿਚ ਪੁਲਸ ਕਰਮੀਆਂ ਖਿਲਾਫ਼ ਮਾਮਲੇ ਦਰਜ ਕੀਤੇ ਗਏ ਅਤੇ 35 ਪੁਲਸੀਆਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਗਈ। ਵਰਨਣਯੋਗ ਹੈ ਕਿ ਸਾਲ 2007 ’ਚ ਹਿਰਾਸਤ ਹੋਈਆਂ ਮੌਤਾਂ ’ਚ ਇਕ ਵੀ ਪੁਲਸ ਮੁਲਾਜ਼ਮ ਨੂੰ ਸਜ਼ਾ ਨਹੀਂ ਹੋਈ। ਧਿਆਨ ਦੇਣ ਵਾਲੀ ਗੱਲ ਇਹ ਵੀ ਹੈ ਕਿ ਇਹ ਅੰਕੜੇ ਸਿਰਫ ਉਨ੍ਹਾਂ ਕੇਸਾਂ ਦੇ ਹਨ ਜਿਨ੍ਹਾਂ ਦੀ ਸੂਚਨਾ ਸਬੰਧਤ ਰਾਜਾਂ ਦੀ ਪੁਲਸ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਦਿੱਤੀ ਹੈ। (ACHR) ਦੀ ਰੀਪੋਟ ਕਈ ਅਜਿਹੇ ਕੇਸਾਂ ਦਾ ਜ਼ਿਕਰ ਕਰਦੀ ਹੈ। ਜਿਨ੍ਹਾਂ ’ਚ ਹਿਰਾਸਤ ’ਚ ਹੋਈ ਮੌਤ ਦੀ ਸੂਚਨਾ ਪੁਲਸ ਨੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਨਹੀਂ ਦਿੱਤੀ ਹੈ।

ਇਸ ਤੋਂ ਇਲਾਵਾ ਫੌਜ, ਅਰਧ ਸੈਨਿਕ ਬਲਾਂ ’ਤੇ ਹੋਰ ਹਥਿਆਰਬੰਦ ਬਲ ਤੇ ਸੀਮਾ। ਸੁਰੱਖਿਆ ਫੋਰਸ ਦੀ ਹਿਰਾਸਤ ’ਚ ਹੋਣ ਵਾਲੀਆਂ ਮੌਤਾਂ ਦਾ ਜ਼ਿਕਰ ਇਸ ਰੀਪੋਟ ’ਚ ਨਹੀਂ ਹੈ ਕਿਉਂਕਿ ਇਹ ਫੋਰਸਾਂ ਕੇਂਦਰ ਸਰਕਾਰ ਦੇ ਕੰਟਰੋਲ ਵਿਚ ਹਨ।

ਇਸ ਰੋਸ਼ਨੀ ਵਿਚ ਵੇਖੀਏ ਤਾਂ ਹਿਰਾਸਤ ’ਚ ਹੋਣ ਵਾਲੀਆਂ ਕੁੱਲ ਮੌਤਾਂ ਦੀ ਗਿਣਤੀ ਇਸ ਤੋਂ ਬਹੁਤ ਵੱਧ ਹੋਣ ਦੀ ਸੰਭਾਵਨਾ ਹੈ। ਪਿਛਲੇ ਸਾਲ ਪ੍ਰਕਾਸ਼ਿਤ ਇਕ ਖਬਰ ਅਨੁਸਾਰ ਭਾਰਤ ਭਰ ’ਚ ਹਰ ਰੋਜ਼ ਪੁਲਸ ਹਿਰਾਸਤ ਜਾਂ ਕਨੂੰਨੀ ਹਿਰਾਸਤ ਵਿਚ ਚਾਰ ਲੋਕਾਂ ਦੀ ਮੌਤ ਹੁੰਦੀ ਹੈ ਜੇ ਅੱਤਵਾਦੀ ਸਰਗਰਮੀਆਂ ’ਚ ਔਸਤਨ ਰੋਜ਼ ਦੋ ਲੋਕਾਂ ਦੇ ਮਰਨ ਦੇ ਅੰਕੜੇ ਹਨ ਇਸ ਦੀ ਤੁਲਨਾ ਕੀਤੀ ਜਾਵੇ ਤਾਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭਾਰਤ ਦੇ ਲੋਕਾਂ ਦੀ ਜਾਨ ਨੂੰ ਅੱਤਵਾਦੀਆਂ ਦੇ ਮੁਕਾਬਲਤਨ ਪੁਲਸ ਵਾਲਿਆਂ ਤੋਂ ਜ਼ਿਆਦਾ ਖਤਰਾ ਹੈ।

(ACHR) ਦੀ ਰੀਪੋਟ ’ਚ ਦਿੱਤੇ ਗਏ ਤੱਥ ਆਤੰਕ ਤੇ ਦਹਿਸ਼ਤ ਦੀ ਉਸ ਪੂਰੀ ਭਾਵਨਾ ਨੂੰ ਜਾਹਰ ਨਹੀਂ ਕਰਦੇ ਜੋ ਪੁਲਸ ਅਤੇ ਫੌਜ ਤੇ ਹਥਿਆਰਬੰਦ ਫੋਰਸਾਂ ਦੀ ਮੌਜੂਦਗੀ ’ਚ ਲੋਕਾਂ ’ਚ ਮੌਜੂਦ ਹੁੰਦੀਆਂ ਹਨ। ਦੇਸ਼ ਅਤੇ ਦੇਸ਼ ਦੀ ਸੁਰੱਖਿਆ ਦੇ ਨਾਂ ਤੇ 1947 ਦੀ ਸੱਤਾ ਬਦਲੀ ਪਿੱਛੋਂ ਤੋਂ ਭਾਰਤ ਫੌਜ ਤੇ ਪੁਲਸ ਨੇ ਜਿੰਨੇ ਲੋਕਾਂ ਦਾ ਖੂਨ ਬਹਾਇਆ ਹੈ। ਉਨਾ ਆਪਣੇ ਦੋ ਸੌ ਸਾਲ ਦੇ ਰਾਜ ’ਚ ਅੰਗਰੇਜ਼ਾਂ ਨੇ ਨਹੀਂ ਬਹਾਇਆ ਸੀ। ਹਰ ਤਰ੍ਹਾਂ ਦੇ ਲੋਕ ਸੰਘਰਸ਼ਾਂ ਨੂੰ ਕੁਚਲਣ ਵਿਚ ਪੁਲਸ ਤੇ ਫੌਜ ਦੀ ਬੇਰਹਿਮੀ ਕਿਸੇ ਵਿਦੇਸ਼ੀ ਫੌਜ ਤੋਂ ਘੱਟ ਨਹੀਂ ਹੁੰਦੀ। ਦੇਸ਼ ਦੇ ਇਕ ਜਾਣੇ ਮਾਨੇ ਜੱਜ ਨੇ ਪੁਲਸ ਨੂੰ ਸਭ ਤੋਂ ਵੱਡਾ ਜਥੇਬੰਦ ਗੁੰਡਿਆਂ ਦਾ ਗਰੋਹ ਕਰਾਰ ਦਿੱਤਾ ਸੀ। ਪੁਲਸ ਦੀ ਗੈਰ ਮਨੁੱਖਤਾ, ਜਾਬਰਤਾ ਤੇ ਲੋਕ ਵਿਰੋਧੀ ਰਵੱਈਆ ਕੋਈ ਛੁਪੀ ਹੋਈ ਚੀਜ਼ ਨਹੀਂ ਹੈ। ਇਸ ਦੇ ਨਾਲ ਹੀ ਪੁਲਸ ਵਿਭਾਗ ’ਚ ਵਿਆਪਕ ਭਰਿਸ਼ਟਾਚਾਰ ਅਤੇ ਉਸ ਦਾ ਜਮਾਤੀ ਕਿਰਦਾਰ (ਅਮੀਰਾਂ ਪੱਖ ਤੇ ਗਰੀਬਾਂ ਵਿਰੋਧੀ ਰਵੱਈਆ) ਵੀ ਸਭ ਜਾਣਦੇ ਹਨ। (ACHR) ਦੀ ਰੀਪੋਟ ਵੀ ਮੰਨਦੀ ਹੈ ਕਿ ਪੁਲਸ ਜਬਰ ਦਾ ਸ਼ਿਕਾਰ ਸਭ ਤੋਂ ਵੱਧ ਸਮਾਜ ਦਾ ਗਰੀਬ ਅਤੇ ਵੰਚਿਤ ਤਬਕਾ ਹੀ ਹੁੰਦਾ ਹੈ। ਸਾਡੇ ਸਮਾਜ ’ਚ ਜਿਥੇ ਮੱਧਵਰਗ ਤੱਕ ਦੇ ਲੋਕ ਪੁਲਸੀਆ ਦੁਰਵਿਹਾਰ ਤੇ ਅਪਮਾਨ ਤੋਂ ਭੈਅ ਖਾਂਦੇ ਹਨ, ਉਥੇ ਗਰੀਬ ਲੋਕਾਂ ਲਈ ਪੁਲਿਸ ਗਾਲੀ ਗਲੋਚ, ਮਾਰ-ਕੁੱਟ ਤੇ ਜਿਲਤ ਅਪਮਾਨ ਵਰਤਿਆ ਜਾਂਦਾ ਹੈ। ਇਕ ਗਰੀਬ ਆਦਮੀ ਲਈ ਸੰਵਿਧਾਨ ਵੱਲੋਂ ਦਿੱਤੇ ਗਏ ਸਾਰੇ ਅਧਿਕਾਰ ਤੇ ਕੋਰਟ ਕਚਹਿਰੀ ਦੇ ਨਿਆਂ ਦਾ ਮਤਲਬ ਉਦੋਂ ਹੀ ਖਤਮ ਹੋ ਜਾਂਦਾ

ਹੈ ਜਦੋਂ ਸ਼ਰੇਆਮ ਮਾਂ-ਭੈਣ ਦੀਆਂ ਗਾਲਾਂ ਕੱਢਦਾ ਹੋਇਆ ਪੁਲਸੀਆ ਉਸ ਦਾ ਗਲਮਾ ਫੜ ਕੇ ਉਸ ਦੀ ਔਕਾਤ ਦੱਸ ਦਿੰਦਾ ਹੈ। ਪੈਸੇ ਤੇ ਪਹੁੰਚ ਦੀ ਘਾਟ ਕਾਰਨ ਗਰੀਬ ਆਦਮੀ ਚੌਰਾਹੇ ਤੋਂ ਲੈਕੇ ਥਾਣੇ ਤੱਕ ਅਪਮਾਨ ਤੇ ਅਤਿਆਚਾਰ ਸਹਿਣ ਕਰਦਾ ਹੈ ਅਤੇ ਜਟਿਲ ਤੇ ਮਹਿੰਗੀ ਨਿਆਂਪ੍ਰਣਾਲੀ ਦੀ ਸ਼ਰਨ 'ਚ ਜਾਣ ਪਿੱਛੋਂ ਤਾਂ ਉਸ ਇਕ ਦੁਸ਼ ਚੱਕਰ 'ਚ ਫਸ ਕੇ ਰਹਿ ਜਾਂਦਾ ਹੈ। ਪਹਿਲਾਂ ਤੋਂ ਹੀ ਮੁਕੱਦਮਿਆਂ ਦੇ ਅੰਬਾਰ ਹੇਠ ਦਬੀ ਨਿਆਂਪਾਲਿਕਾ ਦੀ ਸ਼ਰਨ 'ਚ ਗਰੀਬ ਆਦਮੀ ਠੱਗਿਆ ਜਿਹਾ ਮਹਿਸੂਸ ਕਰਦਾ ਹੈ। ਇਸ ਦੌਰਾਨ ਪੁਲਸ ਦਾ ਡੰਡਾ ਆਪਣਾ ਨਿਆਂ ਕਰਦਾ ਰਹਿੰਦਾ ਹੈ ਅਤੇ ਸਜ਼ਾ ਮੁਕਰਰ ਕਰਦਾ ਰਹਿੰਦਾ ਹੈ ਭਾਰਤੀ ਅਦਾਲਤਾਂ 'ਚ ਲੱਗਭਗ ਤਿੰਨ ਕਰੋੜ ਮੁਕੱਦਮੇ ਲਟਕ ਰਹੇ ਹਨ। ਜਿਨ੍ਹਾਂ ਦਾ ਮੌਜੂਦਾ ਰਫਤਾਰ ਨਾਲ ਨਿਪਟਾਰਾ ਕਰਨ 'ਚ ਸੈਂਕੜੇ ਸਾਲ ਲੱਗ ਜਾਣਗੇ ਅਤੇ ਉਹ ਵੀ ਤਦ ਜਦ ਕੋਈ ਨਵਾਂ ਕੇਸ ਦਰਜ ਨਾ ਹੋਵੇ। (ACHR) ਦੀ ਰੀਪੋਟ ਅਨੁਸਾਰ ਸਾਲ 2006 ਦੇ ਅੰਤ ਤੱਕ ਭਾਰਤ ਦੀਆਂ ਜੇਲ੍ਹਾਂ 'ਚ ਕੁੱਲ 373 271 ਕੈਦੀ ਹਨ ਜਿਨ੍ਹਾਂ 'ਚ 65.7 ਫੀਸਦੀ ਵਿਚਾਰਧੀਨ ਕੈਦੀ ਹਨ ਇਨ੍ਹਾਂ 'ਚ ਵੀ 1569 ਵਿਚਾਰਧੀਨ ਕੈਦੀ ਐਸੇ ਹਨ ਜੋ ਪੰਜ ਸਾਲ ਜਾਂ ਇਸ ਤੋਂ ਵੱਧ ਸਮਾਂ ਜੇਲ੍ਹ 'ਚ ਬਿਤਾ ਚੁੱਕੇ ਹਨ ਅਤੇ ਅਜੇ ਤੱਕ ਉਨ੍ਹਾਂ ਦਾ ਗੁਨਾਹ ਤੱਕ ਸਿੱਧ ਨਹੀਂ ਹੋਇਆ। ਇਨ੍ਹਾਂ 'ਚੋਂ ਬਹੁਤੇ ਲੋਕਾਂ ਦਾ ਸਭ ਤੋਂ ਵੱਡਾ ਕਸੂਰ ਇਹੀ ਹੈ ਕਿ ਇਹ ਲੋਕ ਗਰੀਬ ਤਬਕੇ ਦੇ ਹਨ ਅਤੇ ਪੁਲਸ ਪ੍ਰਸਾਸ਼ਨ ਨੂੰ ਰਿਸ਼ਵਤ ਦੇ ਕੇ ਆਪਣਾ ਗੁਨਾਹ ਘੱਟ ਨਹੀਂ ਕਰਵਾ ਸਕਦੇ। ਪੁਲਸ ਤੇ ਫੌਜ ਵੱਲੋਂ ਮਾਨਵ ਅਧਿਕਾਰਾਂ ਦੀ ਸ਼ਰੇਆਮ ਤੇ ਵੱਡੇ ਪੈਮਾਨੇ 'ਤੇ ਉਲੰਘਣਾ ਦੇ ਵਿਰੋਧ 'ਚ ਮੀਡੀਆ ਤੇ ਸਮਾਜ ਵਿਚ ਕਿਸੇ ਸਾਰਥਕ ਪਹਿਲ ਦੀ ਪੂਰੀ ਤਰ੍ਹਾਂ ਘਾਟ ਹੈ। ਪੁਲਸੀਆ ਮੱਤਭੇਦ 'ਚ ਬੇਕਸੂਰ ਲੋਕਾਂ ਦੀ ਹੱਤਿਆ ਦੀਆਂ ਘਟਨਾਵਾਂ ਮੀਡੀਆ 'ਚ ਸਨਸਨੀ ਵਜੋਂ ਪਰੋਸੀਆਂ ਜਾਂਦੀਆਂ ਹਨ। ਇਨਕਾਊਂਟਰ (ਪੁਲਸ) ਆਪਣੇ ਆਪ 'ਚ ਇਕ ਗਲੈਮਰਸ ਸ਼ਬਦ ਬਣਾ ਦਿੱਤਾ ਗਿਆ ਹੈ। ਇਨਕਾਊਂਟਰਾਂ 'ਚ ਜ਼ਿਆਦਾਤਰ ਨਿਰਦੋਸ਼ ਲੋਕ ਮਾਰੇ ਜਾਂਦੇ ਹਨ ਅਤੇ ਜੋ ਗੁਨਾਹਗਾਰ ਮਾਰੇ ਵੀ ਜਾਂਦੇ ਹਨ ਉਨ੍ਹਾਂ ਨੂੰ ਪੁਲਸ ਪ੍ਰਸਾਸ਼ਨ ਦਾ ਸੁਆਦ ਮਿਲ ਚੁੱਕਿਆ ਹੁੰਦਾ ਹੈ। ਪਰ ਮੌਜੂਦਾ ਸਥਿਤੀ 'ਚ ਉਨ੍ਹਾਂ ਨੂੰ ਨਿਪਟਾ ਦੇਣਾ ਹੀ ਤੰਤਰ ਦੇ ਹਿੱਤ ਵਿਚ ਹੁੰਦਾ ਹੈ।

ਇਹ ਦੇਖਦੇ ਹੋਇਆਂ ਕਿਹਾ ਜਾ ਸਕਦਾ ਹੈ ਕਿ ਆਮ ਭਾਸ਼ਾ 'ਚ ਜਿਨ੍ਹਾਂ ਨੂੰ ਹਥਿਆਰੇ ਕਿਹਾ ਜਾਣਾ ਚਾਹੀਦਾ ਹੈ ਕਿ ਉਹ ਸਾਡੇ 'ਸਭਿਅਕ' ਸਮਾਜ ਵਿਚ ਇਨਕਾਊਂਟਰ ਕਿੰਗ ਕਿਹਾ ਜਾਂਦਾ ਹੈ-ਤਗਮੇ, ਪੁਰਸਕਾਰ, ਤਰੱਕੀ ਤੇ ਇੱਜ਼ਤ ਨਾਲ ਨਵਾਜਿਆ ਜਾਂਦਾ ਹੈ। ਉਥੇ ਦੂਜੇ ਪਾਸੇ ਅੱਤਵਾਦ ਦਾ ਹਊਆ ਖੜ੍ਹਾ ਕਰਕੇ ਮੀਡੀਆ, ਪੁਲਿਸ ਤੇ ਫੌਜ ਪ੍ਰਤੀ ਲੋਕਾਂ ਦੇ ਮਨਾ 'ਚ ਇਕ ਹਮਦਰਦੀ ਭਾਵ ਪੈਦਾ ਕਰਦਾ ਹੈ ਅਤੇ ਅਜਿਹੀ ਮਾਨਸਿਕਤਾ ਬਣਾਉਂਦਾ ਹੈ ਜਿਸ ਵਿਚ ਪੁਲਸ-ਫੌਜ ਦੀਆਂ ਜ਼ਿਆਦਤੀਆਂ ਨੂੰ ਸਹੀ ਮੰਨ ਲਿਆ ਜਾਂਦਾ ਹੈ। ਅੱਜ ਸਮਾਜਿਕ ਜੀਵਨ 'ਚ ਰੋਜ਼ ਹੋਣ ਵਾਲੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਬਾਰੇ ਮੀਡੀਆ ਚੁੱਪ ਰਹਿੰਦਾ ਹੈ। ਆਪਣੇ ਘਰ, ਨੌਕਰੀ, ਬੀਮਾ, ਸ਼ੇਅਰ 'ਚ ਫਸੇ ਸੱਭਿਅਕ ਮੱਧਵਰਗੀ ਸ਼ਹਿਰੀ ਕੋਲ ਮਨੁੱਖੀ ਅਧਿਕਾਰ ਦੀ ਫਿਕਰ ਕਰਨ ਦੀ ਫੁਰਸਤ ਵੀ ਨਹੀਂ ਹੁੰਦੀ ਅਤੇ ਉਹ ਸਮਝਦਾ ਹੈ ਕਿ ਇਹ ਉਸ ਦਾ ਨਹੀਂ ਬਲਕਿ ਕਿ ਮਨੁੱਖੀ ਅਧਿਕਾਰ ਕਾਰਜਕਰਤਾ ਨਾਂ ਦੇ ਖਾਸ

ਨਸਲ ਦੇ ਲੋਕਾਂ ਦਾ ਕੰਮ ਹੈ। ਸਰਕਾਰ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵਰਗੇ ਨੁਸਖੇ ਬਣਾਏ ਹਨ ਪਰ ਇਨ੍ਹਾਂ ਕਮਿਸ਼ਨਾਂ ਕੋਲ ਕੋਈ ਖਾਸ ਅਧਿਕਾਰ ਹੀ ਨਹੀਂ ਹੁੰਦੇ। ਇਹ ਸਿਰਫ ਜੁਆਬ ਤਲਬ ਕਰ ਸਕਦੇ ਹਨ ਅਤੇ ਸੂਚਨਾਵਾਂ ਇਕੱਠੀਆਂ ਕਰ ਸਕਦੇ ਹਨ। ਸਰਕਾਰੀ ਅਧਿਕਾਰੀ ਬਹੁਤ ਮਜ਼ਬੂਰ ਹੋ ਕੇ ਹੀ ਇਨ੍ਹਾਂ ਦੀ ਗੱਲ ਮੰਨਦ। ਹਨ ਇਨ੍ਹਾਂ ਕਮਿਸ਼ਨਾਂ ਦੀਆਂ ਸ਼ਿਕਾਇਤਾਂ ਤੇ ਕਾਰਵਾਈਆਂ ਇੰਤਜ਼ਾਰ ’ਚ ਮਿੱਟੀ ਫਕਦੀਆਂ ਰਹਿੰਦੀਆਂ ਹਨ। ਹਿਰਾਸਤ ’ਚ ਮੌਤ ਹੋਣ ਦੇ ਬਹੁਤੇ ਮਾਮਲਿਆਂ ’ਚ ਪੀੜਤ ਦੇ ਸਿਹਤਮੰਦ ਸਬੰਧੀ ਰਿਪੋਰਟਾਂ ਤੇ ਗੁਆਹਾਂ ਦੀ ਬਜਾਏ ਮਨੁੱਖੀ ਅਧਿਕਾਰ ਕਮਿਸ਼ਨ ਪੁਲਸ ਦੇ ਬਿਆਨ ਨੂੰ ਤਰਜੀਹ ਦਿੰਦਾ ਹੈ। ਇਹੀ ਕਾਰਨ ਹੈ ਕਿ ਸਾਲ 2007 ’ਚ ਹਿਰਾਸਤ ’ਚ ਹੋਈਆਂ ਮੌਤਾਂ ਸਬੰਧੀ ਇਕ ਵੀ ਪੁਲਸ ਮੁਲਾਜ਼ਮ ਨੂੰ ਸਜ਼ਾ ਨਹੀਂ ਹੋਈ। ਹੋਰ ਸਰਕਾਰੀ ਵਿਭਾਗਾਂ ਵਾਂਗੂੰ ਹੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੀ ਆਮ ਜਨਤਾ ਨੂੰ ਜਿੰਨੀ ਰਾਹਤ ਦਿੰਦਾ ਹੈ, ਉਸ ਤੋਂ ਕਿਤੇ ਵੀ ਭਰਮ ਬਣਾਈ ਰੱਖਦਾ ਹੈ, ਜਿਸ ਸਮਾਜ ਦਾ ਢਾਂਚਾ 90-95 ਕਰੋੜ ਗਰੀਬ ਲੋਕਾਂ ਦੀ ਬੇਰਹਿਮ ਲੁੱਟ ਦੇ ਸਹਾਰੇ ਮੁੱਠੀ ਭਰ ਅਮੀਰਾਂ ਨੂੰ ਐਸ਼ੋ ਅਰਾਮ ਦਵਾਉਣ ਤੇ ਟਿਕਿਆ ਹੋਵੇ ਉਥੇ ਇਕ ਅਜਿਹੇ ਤੰਤਰ ਦਾ ਹੋਣਾ ਜ਼ਰੂਰੀ ਹੈ ਜੋ ਤਾਕਤ ਦੇ ਦਮ ’ਤੇ ਬਹੁਮਤ ਨੂੰ ਕਾਬੂ ’ਚ ਰੱਖੇ ਤੇ ਥੋੜੇ ਅਮੀਰਾਂ ਦੀ ਰਾਖੀ ਕਰੇ।

ਅੱਜ ਦੇ ਅਰਧ ਜਾਗੀਰੂ ਅਰਧ ਬਸਤੀਵਾਦੀ ਸਮਾਜ ’ਚ ਪੁਲਸ-ਫੌਜ-ਨਿਆਂ ਪ੍ਰਣਾਲੀ ਤੇ ਅਫਸਰਸ਼ਾਹੀ ਦਾ ਤੰਤਰ ਇਸ ਲੋੜ ਨੂੰ ਪੂਰਿਆਂ ਕਰਦਾ ਹੈ। ਚਾਹੇ ਕਿੰਨੇ ਵੀ ਸਰਕਾਰੀ ਵਿਭਾਗ ਜਾਂ ਕਮਿਸ਼ਨ ਬਣਾ ਦਿੱਤੇ ਜਾਣ ਉਹ ਪੁਲਸ ਦੇ ਅਤਿਆਚਾਰਾ ਤੋਂ ਲੋਕਾਂ ਨੂੰ ਰਾਹਤ ਨਹੀਂ ਦਵਾ ਸਕਦੇ। ਅਸਲ ’ਚ ਤਾਂ ਨਿਆਂਪਾਲਿਕਾ ਵਿਧਾਨਪਾਲਿਕਾ ਆਦਿ ਪੂੰਜੀਵਾਦੀਆਂ ਦੇ ਦਿਖਾਉਣ ਦੇ ਦੰਦ ਹਨ। ਸਭ ਕੁਝ ਹੋਣ ਦੇ ਬਾਵਜੂਦ ਸਰਕਾਰ ਨਾ ਤਾਂ ਅਤਿਆਚਾਰਾਂ ਵਿਰੁੱਧ ਕੋਈ ਕਾਰਵਾਈ ਕਰਦੀ ਹੈ ਅਤੇ ਨਾ ਹੀ ਅੰਗਰੇਜ਼ਸ਼ਾਹੀ ਵੇਲੇ ਦੇ ਕਨੂੰਨਾਂ ’ਚ ਸੋਧ ਕਰਦੀ ਹੈ। ਕੋਈ ਵੀ ਪਾਰਲੀਮਾਨੀ ਪਾਰਟੀ ਇਸ ਬਾਰੇ ਕੁਝ ਨਹੀਂ ਬੋਲਦੀ ਤੇ ਲੁੱਟ ਦਾ ਰਾਜ ਚਲਾਉਂਦੀ ਹੈ।

-----✪✪-----

# ਇਕ ਧੋਖਾ ਹੈ-ਸਿੱਖਿਆ ਦਾ ਅਧਿਕਾਰ

ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰੀ ਕਪਿਲ ਸਿਬਲ ਨੇ ਜਿਸ ਬਿੱਲ ਨੂੰ ਲੋਕ ਸਭਾ 'ਚ ਬਹਿਸ ਦੌਰਾਨ ਇਕ ਇਤਿਹਾਸਕ ਬਿੱਲ ਦੱਸਿਆ, ਉਹ ਦਰਅਸਲ ਇਕ ਇਤਿਹਾਸਕ ਧੋਖਾ ਹੈ। ਆਖਿਰ ਕਿਉਂ? ਜ਼ਰਾ ਸਿੱਧੇ ਸਾਦੇ ਸੁਆਲਾਂ 'ਤੇ ਗੌਰ ਕਰੀਏ। ਕੀ ਕੋਈ ਮੌਲਿਕ ਅਧਿਕਾਰ ਘਟੀਆ ਸਿੱਖਿਆ ਦਾ ਹੋ ਸਕਦਾ ਹੈ? ਕੀ ਕੋਈ ਮੌਲਿਕ ਅਧਿਕਾਰ ਗੈਰ ਬਰਾਬਰੀ ਦੀ ਸਿੱਖਿਆ ਦਾ ਹੋ ਸਕਦਾ ਹੈ? ਕੀ ਕੋਈ ਮੌਲਿਕ ਅਧਿਕਾਰ ਭੇਦਭਾਵਪੂਰਨ ਸਿੱਖਿਆ ਦਾ ਹੋ ਸਕਦਾ ਹੈ? ਜੇ ਤੁਹਾਡਾ ਤਿੰਨਾਂ ਸੁਆਲਾਂ ਦਾ ਜੁਆਬ ਨਾਂਹ ਵਿਚ ਹੈ ਤਾਂ ਆਪ ਸੰਸਦ ਵਲੋਂ 4 ਅਗਸਤ ਨੂੰ ਪਾਸ ਬਿੱਲ ਨੂੰ ਇਤਿਹਾਸਕ ਧੋਖਾ ਕਰਾਰ ਦੇਣ 'ਚ ਜ਼ਰਾ ਵੀ ਨਹੀਂ ਹਿਚਕਚਾਵਾਂਗੇ। ਹਕੀਕਤ ਇਹ ਹੈ ਕਿ ਸੰਵਿਧਾਨ 'ਚ 14 ਸਾਲ ਦੀ ਉਮਰ ਤੱਕ ਦੇ ਸਾਰੇ ਬੱਚਿਆਂ (6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਸਮੇਤ) ਬਰਾਬਰ ਗੁਣਵੰਣਤਾ ਦੀ ਸਿੱਖਿਆ ਦਾ ਮੌਲਿਕ ਅਧਿਕਾਰ ਮਿਲਿਆ ਹੋਇਆ ਹੈ। ਜਦ ਤੱਕ ਇਸ ਬਿੱਲ 'ਤੇ ਰਾਸ਼ਟਰਪਤੀ ਦੇ ਦਸਖਤ ਨਹੀਂ ਹੋ ਜਾਂਦੇ ਤਦ ਤੱਕ ਇਹ ਮੌਲਿਕ ਅਧਿਕਾਰ ਹੈ। ਜੇ ਕੋਈ ਸ਼ੱਕ ਹੋਵੇ ਤਾਂ ਸੁਪਰੀਮ ਕੋਰਟ ਨੇ ਇਤਿਹਾਸਕ ਫੈਸਲੇ (1993) ਨੂੰ ਪੜ੍ਹ ਲਵੋ ਬਿੱਲ ਦੇ ਇਸ ਅਧਿਕਾਰ ਨੂੰ ਤਿੰਨ ਪੜਾਵਾਂ 'ਤੇ ਖੋਹ ਲਿਆ ਹੈ। ਪਹਿਲਾਂ, ਛੇ ਸਾਲ ਤੋਂ ਘੱਟ ਉਮਰ ਦੇ 17 ਕਰੋੜ ਤੋਂ ਵੱਧ ਬੱਚਿਆਂ ਦਾ ਸੰਤੁਲਿਤ ਪੋਸ਼ਣ ਸਿਹਤ ਦੀ ਦੇਖਭਾਲ ਅਤੇ ਪੂਰਵ-ਮੁੱਢਲੀ ਸਿੱਖਿਆ (ਨਰਸਰੀ ਕੇ ਜੀ) ਦਾ ਮੌਲਿਕ ਅਧਿਕਾਰ ਖੋਹਿਆ ਗਿਆ ਹੈ। ਅਜਿਹਾ ਕਰਨ ਲਈ ਸਰਕਾਰ ਨੇ 86ਵੇਂ ਸੰਵਿਧਾਨਕ ਸੋਧ (2002) ਦੇ ਅਨੁਛੇਦ 21 (2) ਦਾ ਦਾਮਨ ਫੜਿਆ ਹੈ ਜਿਸ 'ਚ ਮੌਲਿਕ ਅਧਿਕਾਰ ਨੂੰ 6-14 ਉਮਰ ਗਰੁੱਪ 'ਚ ਸੀਮਤ ਕਰ ਦਿੱਤਾ ਹੈ। ਜੇ ਇਸ ਨਾਜ਼ੁਕ ਉਮਰ 'ਚ ਬੱਚਿਆਂ ਨੂੰ ਸੰਤੁਲਿਤ ਪੋਸ਼ਣ ਤੇ ਸਿਹਤ ਦੀ ਦੇਖਭਾਲ ਦੀ ਗਰੰਟੀ ਨਹੀਂ ਹੋਵੇਗੀ ਤਾਂ ਤਿੰਨ ਸਾਲਾਂ ਦੀ ਉਮਰ ਤੱਕ ਉਨ੍ਹਾਂ ਦਾ 80 ਫੀਸਦੀ ਦਿਮਾਗੀ ਵਿਕਾਸ ਨਹੀਂ ਹੋ ਸਕੇਗਾ। ਇਨ੍ਹਾਂ ਹਾਲਤਾਂ 'ਚ ਉਹ ਪਿੱਛੋਂ ਪੜਨਗੇ ਕਿਵੇਂ? ਦੂਸਰਾ ਇਸ ਅਨੁਛੇਦ 21 (2) ਦੇ ਤਹਿਤ ਸਰਕਾਰ ਨੂੰ ਛੂਟ ਮਿਲ ਗਈ ਹੈ ਕਿ ਇਹ 6-14 ਸਾਲ ਦੇ ਉਮਰ ਸਮੂਹ ਦੇ 19 ਕਰੋੜ ਬੱਚਿਆਂ ਨੂੰ 'ਮੁਫਤ ਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ' ਇਸ ਤਰੀਕੇ ਨਾਲ ਦੇਵੇ ਜੋ ਰਾਜ ਕਨੂੰਨਨ ਨਿਰਧਾਰਿਤ ਕਰੇ। 'ਯਾਨੀ ਮਨਮਾਨੇ ਢੰਗ ਨਾਲ ਸਸ਼ਰਤ ਦੇਵੇ ਜਿਹੋ ਜਿਹਾ ਕਿ ਉਹ ਪਿਛਲੇ 8 ਸਾਲਾਂ ਤੋਂ ਕਰਦੀ ਆਈ ਹੈ।'

ਤੀਜੀ ਉਲੰਘਣਾ :- ਵਿਧਾਇਕ ਨੇ 14-18 ਸਾਲ ਦੇ ਉਸ ਉਮਰ ਸਮੂਹ ਦੇ ਬੱਚਿਆਂ ਦੀ ਸਿੱਖਿਆ ਯਾਨੀ ਜਮਾਤ 9-12 ਦੀ ਮੁਫਤ ਤੇ ਸਮਤਾਮੂਲਕ ਗੁਣਵੰਣਤਾ ਦੀ ਸਿੱਖਿਆ ਨੂੰ ਮੌਲਿਕ ਅਧਿਕਾਰ ਦੇ ਦਾਇਰੇ ਤੋਂ ਬਾਹਰ ਰੱਖਿਆ ਹੈ। ਇਸ ਦਾ ਮਤਲਬ ਹੈ ਕਿ ਬਿੱਲ ਅਨੁਛੇਦ 16 'ਚ ਦਰਜ ਜਨਤਕ ਰੁਜ਼ਗਾਰ ਲਈ ਆਮ ਮੌਕੇ ਦੇ ਮੌਲਿਕ ਅਧਿਕਾਰ ਨੂੰ ਖੋਂਹਦਾ ਹੈ। ਕਿਉਂਕਿ ਬਾਹਰਵੀਂ ਜਮਾਤ ਦੇ ਪ੍ਰਣਾਮ ਪੱਤਰ ਦੇ ਬਗੈਰ ਨਾ ਤਾਂ ਕਿਸੇ ਜਨਤਕ ਰੁਜ਼ਗਾਰ ਦੇ ਮੌਕੇ ਮਿਲਦੇ ਹਨ ਅਤੇ ਨਾ ਹੀ ਉਚ ਅਤੇ ਪ੍ਰੋਫੈਸ਼ਨਲ ਸਿੱਖਿਆ ਦੇ ਦਰਵਾਜ਼ੇ ਖੁੱਲਦੇ ਹਨ। ਇਹ ਬਿੱਲ ਬਾਹਰਵੀਂ

ਜਮਾਤ ਤੱਕ ਸਿੱਖਿਆ ਦਾ ਅਧਿਕਾਰ ਨਾ ਦੇ ਕੇ ਅਨੁਛੇਦ-16 ਦੇ ਰਾਹੀਂ ਦਿੱਤੇ ਗਏ ਸਮਾਜਿਕ ਨਿਆਂ ਦੇ ਰਾਖਵੇਂਕਰਨ-ਸਬੰਧੀ ਸਭ ਲਾਭਾਂ ਨਾਲ 90-95 ਫੀਸਦੀ ਦਲਿਤਾਂ, ਆਦੀਵਾਸੀਆਂ ਤੇ ਪਿਛਲੇ ਲੋਕਾਂ (ਮੁਸਲਮਾਨਾਂ ਸਮੇਤ) ਨੂੰ ਵਾਂਝਿਆ ਰੱਖਿਆ ਗਿਆ ਹੈ ਕਿਉਂਕਿ ਉਨ੍ਹਾਂ ਨੇ ਅੱਜ ਗਿਆਰਵੀਂ ਬਾਹਰਵੀਂ ਦੀ ਸਿੱਖਿਆ ਦੀ ਕੋਈ ਗਰੰਟੀ ਨਹੀਂ ਹੈ। ਸੰਸਦ 'ਚ ਕਪਿਲ ਸਿਬਲ ਨੇ ਇਸ ਬਿੱਲ ਦੇ ਜੋ ਫਾਇਦੇ ਗਿਣਾਏ ਹਨ ਉਹ ਵੀ ਨਦਾਰਦ ਹਨ। ਮਸਲਨ, ਵਿੱਦਿਅਕ 'ਚ ਕਿਧਰੇ ਵੀ ਨਹੀਂ ਲਿਖਿਆ ਗਿਆ ਕਿ ਸਭ ਬੱਚਿਆਂ ਨੂੰ ਮੁਫਤ ਸਿੱਖਿਆ ਦਾ ਅਧਿਕਾਰ ਮਿਲੇਗਾ। ਧਾਰਾ 3 (2) 'ਚ ਲਿਖਿਆ ਹੈ ਕਿ ਬੱਚੇ 'ਤੇ ਕਿਸੇ ਐਸੀ ਫੀਸ, ਪ੍ਰਭਾਰ ਜਾਂ ਖਰਚੇ ਦਾ ਬੋਝ ਨਹੀਂ ਪਾਇਆ ਜਾਵੇਗਾ ਜੋ ਉਸ ਨੂੰ ਮੁਢਲੀ ਸਿੱਖਿਆ ਪੂਰੀ ਹੋਣ 'ਚ ਅੜਿਕਾ ਪਹੁੰਚਾਵੇ। ਇਹ ਕੌਣ ਤਹਿ ਕਰੇਗਾ ਕਿ ਕੌਣ-ਕੌਣ ਖਰਚਾ ਅੜਿਕਾ ਹੈ ਅਤੇ ਕਿਹੜਾ ਖਰਚਾ ਨਹੀਂ? ਉਦਾਹਰਣ ਵਜੋਂ ਬਾਜ਼ਾਰ 'ਚ ਰੇਖਾਗਣਿਤ ਸਿੱਖਣ ਲਈ ਜ਼ਰੂਰੀ ਜਮਾਟਰੀ ਬਾਕਸ ਦੀ ਕੀਮਤ 60-70 ਰੁਪਏ ਹੈ। ਕੀ ਘੱਟੋ ਘੱਟ ਮਜ਼ਦੂਰੀ 'ਤੇ ਗੁਜ਼ਰ ਬਸਰ ਕਰਨ ਵਾਲੇ ਖੇਤ ਮਜ਼ਦੂਰ ਲਈ ਜਮਾਟਰੀ ਬਾਕਸ ਖਰੀਦਣਾ ਸੰਭਵ ਹੈ ਜਾਂ ਨਹੀਂ, ਇਹ ਕੋਈ ਅਧਿਕਾਰੀ ਮਨਚਾਹੇ ਢੰਗ ਨਾਲ ਤਹਿ ਕਰੇਗਾ? ਧਾਰਾ 8 ਬੱਚਿਆਂ ਨੂੰ ਦੋ ਸ਼੍ਰੇਣੀਆਂ 'ਚ ਵੰਡ ਦਿੰਦੀ ਹੈ। ਇਕ ਉਹ ਸ਼੍ਰੇਣੀ ਜਿਸ ਨੂੰ ਮੁਫਤ ਸਿੱਖਿਆ ਦਾ ਉਕਤ ਅਧਿਕਾਰ ਮਿਲੇਗਾ। ਦੂਜੀ ਸ਼੍ਰੇਣੀ ਵਿਚ ਉਹ ਬੱਚੇ ਹਨ ਜੋ ਨਿੱਜੀ ਸਕੂਲਾਂ 'ਚ ਜਾਂਦੇ ਹਨ। ਇਹ ਬੱਚੇ ਨਿੱਜੀ ਸਕੂਲਾਂ 'ਚ ਜਾਣ ਲਈ ਮਜ਼ਬੂਰ ਕੀਤੇ ਗਏ ਹਨ ਕਿਉਂਕਿ ਪਿਛਲੇ 20 ਸਾਲਾਂ ਵਿਚ ਵਿਸ਼ਵ ਬੈਂਕ ਦੀਆਂ ਨੀਤੀਆਂ ਦੇ ਚੱਲਦਿਆਂ ਸਰਕਾਰੀ ਸਕੂਲਾਂ ਦੀ ਗੁਣਵੰਣਤਾ ਤੇਜ਼ੀ ਨਾਲ ਡਿੱਗੀ ਹੈ ਅਤੇ ਵੱਡੀ ਗਿਣਤੀ ਵਿਚ ਗਰੀਬ ਮਾਂ-ਬਾਪ ਵੀ ਆਪਣਾ ਪੇਟ ਕੱਟ ਕੇ ਬੱਚਿਆਂ ਨੂੰ ਨਿੱਜੀ ਸਕੂਲਾਂ 'ਚ ਭੇਜਣ ਲਈ ਮਜ਼ਬੂਰ ਹੋਏ ਹਨ। ਬਿੱਲ ਇਸ ਦੀ ਮਜ਼ਬੂਰੀ ਦਾ ਫਾਇਦਾ ਉਠਾ ਕੇ ਉਨ੍ਹਾਂ ਦੇ ਬੱਚਿਆਂ ਦਾ ਮੁਫ਼ਤ ਸਿੱਖਿਆ ਦਾ ਅਧਿਕਾਰ ਖੋਹ ਲੈਂਦਾ ਹੈ। ਬਿੱਲ ਨੇ ਦੁਨੀਆ ਭਰ 'ਚ ਪ੍ਰਚਲਿਤ ਪੜੋਸੀ ਸਕੂਲ ਦੀ ਉਸ ਧਾਰਨਾ ਨੂੰ ਭਰਮਿਤ ਕੀਤਾ ਹੈ ਜਿਸ ਨੂੰ ਕੋਠਾਰੀ ਕਮਿਸ਼ਨ (1996) ਨੂੰ ਪੇਸ਼ ਕੀਤਾ ਸੀ ਅਤੇ ਜੋ ਅਮਰੀਕਾ ਅਤੇ ਕਨੇਡਾ ਵਰਗੇ ਕਈ ਪੂੰਜੀਵਾਦੀ ਮੁਲਕਾਂ 'ਚ ਲਾਗੂ ਹੈ।

ਇਸ ਅਨੁਸਾਰ ਹਰੇਕ ਸਕੂਲ ਦਾ ਇਕ ਤਹਿਸ਼ੁਦਾ ਗਵਾਂਢੀ ਹੋਣਾ ਚਾਹੀਦਾ ਹੈ ਜਿਸ 'ਚ ਰਹਿਣ ਵਾਲੇ ਸਾਰੇ ਬੱਚੇ ਇਸ ਗੁਆਂਢੀ ਸਕੂਲ 'ਚ ਬਗੈਰ ਕਿਸੇ ਭੇਦਭਾਵ ਦੇ ਪੜਨਗੇ। ਪਰ ਬਿੱਲ ਅਨੁਸਾਰ ਗੁਆਂਢ ਬੱਚੇ ਦਾ ਹੋਵੇਗਾ ਨਾ ਕਿ ਸਕੂਲ ਦਾ। ਇਸ ਤਬਦੀਲੀ ਦਾ ਮਤਲਬ ਹੈ ਕਿ ਜਿਸ ਮੌਜੂਦਾ ਬਹੁਪਰਤੀ ਭੇਦਭਾਵਪੂਰਨ ਸਕੂਲੀ ਪ੍ਰਣਾਲੀ ਦਾ ਬਿੱਲ ਵਿਧਾਨਿਕੀਕਰਣ ਹੋਣ ਜਾ ਰਿਹਾ ਹੈ। ਉਸ 'ਚ ਗਰੀਬ ਬੱਚਿਆਂ ਨੂੰ ਘਟੀਆ ਦਰਜੇ ਦੇ ਸਕੂਲਾਂ 'ਚ ਪੜਨ ਲਈ ਮਜ਼ਬੂਰ ਕੀਤਾ ਜਾ ਸਕੇਗਾ ਜਦਕਿ ਮੱਧਵਰਗ ਤੇ ਅਭਿਜਾਤ ਤਬਕੇ ਦੇ ਬੱਚਿਆਂ ਨੂੰ ਕੇਂਦਰੀ ਸਕੂਲ ਜਾਂ ਨਿੱਜੀ ਸਕੂਲਾਂ 'ਚ ਪੜ੍ਹਨ ਦੇ ਮੌਕੇ ਮੁਹੱਈਆ ਰਹਿਣਗੇ। ਸਿੱਬਲ ਨੇ ਸੰਸਦ 'ਚ ਭਰਮਾਊ ਬਿਆਨ ਦਿੱਤਾ ਕਿ ਇਸ ਸਬੰਧ 'ਚ ਰਾਜ ਸਰਕਾਰਾਂ ਨਿਯਮ ਬਣਾਉਣਗੀਆਂ। ਆਖ਼ਰਕਾਰ, ਰਾਜ ਸਰਕਾਰਾਂ ਗੁਆਂਢੀ ਸਕੂਲਾਂ ਨੂੰ ਇਸ ਨੂੰ ਲਾਗੂ ਕਰਾਉਣ ਲਈ ਨਿਯਮ ਕਿਵੇਂ ਬਣਾਊ? ਸੰਸਦ 'ਚ ਇਹ ਸੁਆਲ ਵੀ ਉਠਿਆ ਹੈ ਕਿ ਬਿੱਲ 'ਚ ਇਸ ਨੂੰ ਅਮਲ

’ਚ ਲਿਆਉਣ ਲਈ ਕੋਈ ਵਿੱਤੀ ਅਨੁਮਾਨ ਨਹੀਂ ਹੈ। ਸਿੱਬਲ ਦਾ ਜੁਆਬ ਸੀ ਕਿ ਇਕ ਸਮੂਹ ਇਸ ਅਨੁਮਾਨ ਦੀ ਤਿਆਰੀ ’ਚ ਲੱਗਿਆ ਹੋਇਆ ਹੈ ਅਤੇ ਅਸੀਂ ਖਾਲੀ ਸੰਸਥਾਵਾਂ ਦੀ ਮੰਗ ਪੇਸ਼ ਕਰਾਂਗੇ। ਵਿਡੰਬਨਾ ਹੈ ਕਿ ਇਸ ਗੋਲ ਮਟੋਲ ਜੁਆਬ ਨਾਲ ਮੈਂਬਰ ਸੰਤੁਸ਼ਟ ਹੋ ਗਏ। ਕੀ ਇਸ ਕਨੂੰਨ ’ਚ ਸਰਕਾਰ ਵਲੋਂ ਹਾਸਲ ਧਨ ਰਾਸ਼ੀ ਮੁਹੱਈਆ ਕਰਾਉਣ ਦੀ ਸੰਵਿਧਾਨਿਕ ਗਰੰਟੀ ਮੰਗ ਰਹੇ ਹਨ ਜਾਂ ਫਿਰ ਸਿਰਫ ਜੁਬਾਨੀ ਭਰੋਸਾ? ਹਕੀਕਤ ਇਹ ਹੈ ਕਿ ਫਰਵਰੀ 2008 ’ਚ ਯੋਜਨਾ ਕਮਿਸ਼ਨ ਦੀ ਕਨੂੰਨਣ ਮੰਜੂਰੀ ਪਿੱਛੋਂ ਮੰਤਰਾਲੇ ਨੇ ਕੈਬਨਿਟ ਸਕੱਤਰ ਨੂੰ ਇਸ ਸੰਬੰਧੀ ਅਗਲੇ ਸੱਤ ਸਾਲ ’ਚ 2.28 ਲੱਖ ਕਰੋੜ ਰੁਪਏ ਦੇ ਬਹੁਤੇ ਖਰਚ ਦਾ ਵਿੱਤੀ ਅਨੁਮਾਨ ਭੇਜਿਆ ਸੀ ਤਾਂ ਫਿਰ ਬਿੱਲ ਦੇ ਵਿੱਤੀ ਹਿੱਸੇ ’ਚ ਇਹ ਕਿਉਂ ਲਿਖਿਆ ਗਿਆ ਕਿ ਅੱਜ ਇਸ ਬਾਬਤ ਵਿੱਤੀ ਜ਼ਰੂਰਤਾਂ ਦਾ ਹਿਸਾਬ ਲਾਉਣਾ ਮੁਮਕਿਨ ਨਹੀਂ ਹੈ ਸਿਬਲ ਸਾਹਿਬ ਤੋਂ ਪੁੱਛਿਆ ਜਾਵੇ ਕਿ ਉਨ੍ਹਾਂ ਨੇ ਸੰਸਦ ਤੋਂ ਮੰਜੂਰ ਇਹ ਵਿੱਤੀ ਹਿੱਸਾ ਕਿਉਂ ਛਿਪਾ ਲਿਆ? ਕੀ ਬਿੱਲ ’ਚ ਨਿਰਧਾਰਿਤ ਕੀਤੇ ਮਾਪਦੰਡ ਸਰਕਾਰੀ ਸਕੂਲਾਂ ਦੇ ਹਾਲਾਤ ਬੇਹਤਰ ਬਣਾਉਣ ’ਚ ਮਦਦਗਾਰ ਹੋਣਗੇ? ਸਕੂਲਾਂ ’ਚ ਨਾਮਾਕਨ ਅੰਕੜਿਆਂ ਦੇ ਅਧਾਰ ’ਤੇ ਸਪੱਸ਼ਟ ਹੈ ਕਿ ਲੱਗਭਗ ਦੋ ਤਿਹਾਈ ਸਰਕਾਰੀ ਪ੍ਰਾਇਮਰੀ ਸਕੂਲ ਘਟੀਆ ਦਰਜੇ ਦੀ ਸ਼੍ਰੇਣੀ ’ਚ ਬਣੇ ਰਹਿਣਗੇ ਕਿਉਂਕਿ ਇਸ ਲਈ ਸਹਿਜ ਦੋ ਕਮਰੇ ਅਤੇ ਦੋ ਅਧਿਆਪਕ ਜਾਂ ਤਿੰਨ ਕਮਰੇ-ਤਿੰਨ ਅਧਿਆਪਕ ਵਰਗੀਆਂ ਸਹੂਲਤਾਂ ਦੀ ਹੀ ਵਿਵਸਥਾ ਹੈ। ਇਨ੍ਹਾਂ ਕਮਰਿਆਂ ਵਿਚੋਂ ਵੀ ਇਕ ਕਮਰਾ ਮਿਡ-ਡੇ-ਮੀਲ ਲਈ ਸਟੋਰ ਵਜੋਂ ਕੰਮ ’ਚ ਲਿਆਂਦਾ ਜਾਵੇਗਾ।

ਮਾਪਦੰਡਾਂ ’ਚ ਸਿਰਫ ਰਸੋਈ ਦੀ ਵਿਵਸਥਾ ਹੈ, ਸਟੋਰ ਦੀ ਨਹੀਂ। ਨਾਲ ਹੀ ਧਾਰਾ 27 ’ਤੇ ਵੀ ਨਜ਼ਰ ਮਾਰੀਏ ਤਾਂ ਕਹਿੰਦੀ ਹੈ ਕਿ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਨੂੰ ਮਰਦਮ ਸ਼ੁਮਾਰੀ, ਚੋਣਾਂ (ਪੰਚਾਇਤਾਂ ਤੋਂ ਲੈ ਕੇ ਸੰਸਦ ਤੱਕ) ਅਤੇ ਕੁਦਰਤੀ ਰਾਹਤ ਵਰਗੀ ਅਣ ਪ੍ਰੀਭਾਸ਼ਿਤ ਸ਼੍ਰੇਣੀ ਦੇ ਕੰਮਾਂ ’ਚ ਲਾਇਆ ਜਾਂਦਾ ਰਹੇਗਾ। ਅਜਿਹੀ ਹਾਲਤ ’ਚ ਇਕ ਇਕੱਲੇ ਅਧਿਆਪਕ ਵਜੋਂ ਇਕ ਕਮਰੇ ’ਚ ਇਕ ਤੋਂ ਵੱਧ ਕਮਰਿਆਂ ’ਚ ਪੜ੍ਹਾਉਣ ਵਾਲੀ ਬੀਮਾਰੀ ਦਾ ਪ੍ਰਕੋਪ ਵੱਧਣਾ ਤਹਿਸ਼ੁਦਾ ਹੈ। ਜਿਸ ਦੇ ਚਲਦਿਆਂ ਸਿੱਖਿਆ ਦੀ ਗੁਣਵੰਣਤਾ ਡਿੱਗੇਗੀ। ਧਾਰਾ 27 ’ਚ ਸਿਖਿਆਨਾਂ ਤੋਂ ਗੈਰ-ਵਿਦਿਅਕ ਉਦੇਸ਼ਾਂ ਨਾਲ ਕੋਈ ਕੰਮ ਨਾ ਲੈਣ ਦੀ ਵਿਵਸਥਾ ਹੈ। ਪਰ ਸ਼ਬਦਾਂ ਦੀ ਚੋਣ ਵਿਚ ਚਤੁਰਾਈ ਨਾਲ ਕਨੂੰਨੀ ਗੁੰਜਾਇਸ਼ ਰਖ ਲਈ ਗਈ ਹੈ ਕਿ ਅਧਿਆਪਕਾਂ ਤੋਂ ਪੜ੍ਹਾਉਣ ਤੋਂ ਇਲਾਵਾ ਹੋਰ ਕੰਮ (ਗੈਰ ਵਿੱਦਿਅਕ ਕੰਮ) ਪਹਿਲਾਂ ਵਾਂਗ ਲਏ ਜਾਂਦੇ ਰਹਿਣਗੇ। ਮਸਲਨ ਸਿੱਖਿਆ ਸਬੰਧੀ ਪ੍ਰਸ਼ਾਸ਼ਕੀ ਕੰਮ, ਵੱਖ ਵੱਖ ਉਮਰ ਸਮੂਹਾਂ ਦੇ ਬੱਚਿਆਂ ਦਾ ਸਰਵੇਖਣ ਅਤੇ ਉਨ੍ਹਾਂ ਦਾ ਟੀਕਾਕਰਣ ਪ੍ਰਗਤੀ ਰਪੋਟਾਂ ਭੇਜਣਾ ਜਾਂ ਫਿਰ ਵਿਧਾਨ ਸਭਾ ’ਚ ਪੁੱਛੇ ਗਏ ਸਿੱਖਿਅਕ ਸੁਆਲਾਂ ਦੇ ਜੁਆਬ ਤਿਆਰ ਕਰਨਾ। ਨਿੱਜੀ ਸਕੂਲਾਂ ’ਚ ਪੜਨ ਵਾਲੇ ਬੱਚੇ ਪੜ੍ਹਾਈ ਦੇ ਇਸ ਨੁਕਸਾਨ ਤੋਂ ਮੁਕਤ ਰਹਿਣਗੇ ਕਿਉਂਕਿ ਉਨ੍ਹਾਂ ਦੇ ਅਧਿਆਪਕਾਂ ਤੋਂ ਇਹ “ਗੈਰ-ਵਿੱਦਿਅਕ ਕੰਮ” ਨਹੀਂ ਲਏ ਜਾਣਗੇ। ਘੱਟੋ ਘੱਟ 75 ਫੀਸਦੀ ਸਦੀ ਸਰਕਾਰੀ ਸਕੂਲਾਂ ਦਾ ਪ੍ਰਬੰਧ ਬੇਹਤਰ ਹੋਣ ਦੀ ਕੋਈ ਉਮੀਦ ਨਹੀਂ ਹੈ, ਕਿਉਂਕਿ ਇਨ੍ਹਾਂ ਦੇ ਨਾਮਾਕਨ ਦੇ ਅਧਾਰ ’ਤੇ ਬਿੱਲ ’ਚ ਵੱਖਰੇ ਤੌਰ ’ਤੇ ਪ੍ਰਧਾਨ ਪਾਠਕ ਦੀ ਕੋਈ ਵਿਵਸਥਾ ਨਹੀਂ ਹੈ। ਬਿੱਲ ਅਨੁਸਾਰ

ਮਿਡਲ (ਜਮਾਤ 6 ਤੋਂ 8) ਸਕੂਲਾਂ ’ਚ ਵਿਦਿਆਰਥੀ ਤੇ ਅਧਿਆਪਕ ਦਾ ਅਨੁਪਾਤ 1:35 ਰੱਖਿਆ ਜਾਵੇਗਾ ਜਦਕਿ ਅੱਜ ਜ਼ਿਆਦਾਤਰ ਮਿਡਲ ਸਕੂਲਾਂ ’ਚ ਔਸਤ ਵਿਦਿਆਰਥੀ ਅਧਿਆਪਕ ਦਾ ਅਨੁਪਾਤ 1:34 ਤੋਂ 1:29 ਵਿਚਕਾਰ ਯਾਨੀ ਬਿੱਲ ’ਚ ਦਿੱਤੇ ਗਏ ਮਾਨਦੰਡ ਤੋਂ ਬੇਹਤਰ ਹੈ। ਕੁੱਲ ਮਿਲਾ ਕੇ ਬਿੱਲ ਸਰਕਾਰੀ ਸਕੂਲੀ ਵਿਵਸਥਾ ਨੂੰ ਘਟੀਆ ਦਰਜੇ ਦੀ ਸਿੱਖਿਆ ਅਤੇ ਅਧਿਆਪਕਾਂ ਦੀ ਕਮੀ ਦੀਆਂ ਬੁਨਿਆਦੀ ਸਮੱਸਿਆਵਾਂ ਤੋਂ ਖਹਿੜਾ ਛੁਡਾਉਣ ’ਚ ਸਮਰੱਥ ਨਹੀਂ ਹੈ। ਬਿੱਲ ਦੇ ਤਿੰਨ ਸਪੱਸ਼ਟ ਮਕਸਦ ਹਨ। ਪਹਿਲਾਂ, ਸਰਕਾਰ ਨੂੰ ਸਭ ਬੱਚਿਆਂ ਨੂੰ ਸਮਤਾਮੂਲਕ ਗੁਣਵੰਣਤਾ ਦੀ ਸਿੱਖਿਆ ਮੁਹੱਈਆ ਕਰਾਉਣ ਦੀ ਸੰਵਿਧਾਨਿਕ ਜੁਆਬਦੇਹੀ ਤੋਂ ਬਰੀ ਕਰਨਾ। ਦੂਜਾ ਕੇਂਦਰੀ ਜਾਂ ਨਵੋਦਿਆ ਸਕੂਲਾਂ, ਗਿਆਰਵੀਂ ਯੋਜਨਾ ’ਚ ਪ੍ਰਸਤਾਵਿਤ 6000 ਮਾਡਲ ਸਕੂਲਾਂ ਜਾਂ ਅਜਿਹੀਆਂ ਹੋਰ ਸ਼੍ਰੇਣੀਆਂ ਦੇ ਸਕੂਲਾਂ ਨੂੰ ਛੱਡ ਕੇ ਬਾਕੀ ਸਾਰੀ ਸਕੂਲ ਵਿਵਸਥਾ ਨੂੰ ਤਹਿਸ ਨਹਿਸ ਕਰਨਾ, ਤੀਜਾ ਜਨਤਕ ਨਿੱਜੀ ਸਾਂਝੇਦਾਰੀ (ਪੀ. ਪੀ. ਪੀ.) ਵਾਊਚਰ ਸਕੂਲ ਜਾਂ ਨਿੱਜੀ ਏਜੰਸੀਆਂ ਰਾਹੀਂ ਸਰਕਾਰੀ ਸਕੂਲਾਂ ਨੂੰ ਗੋਦ ਲੈਣ ਵਰਗੀਆਂ ਨਵੀਆਂ ਯੋਜਨਾਵਾਂ ਦੇ ਜ਼ਰੀਏ ਸਕੂਲੀ ਸਿੱਖਿਆ ਦੇ ਨਿੱਜੀਕਰਨ ਅਤੇ ਬਾਜ਼ਾਰੀਕਰਣ ਦੀ ਰਫਤਾਰ ਨੂੰ ਤੇਜ਼ ਕਰਨਾ।

ਬਿੱਲ ਦੀ ਇਸ ਹੈਰਾਨਕੁੰਨ ਤਸਵੀਰ ਬਾਰੇ ਜੇ ਕੋਈ ਸ਼ੱਕ ਹੈ ਤਾਂ ਸਿੱਬਲ ਸਾਹਿਬ ਦੇ ਸੌ-ਦਿਨੀਂ ਏਜੰਡੇ ਨੂੰ ਪੜ੍ਹ ਲੈਣ ਜਿਸ ’ਚ ਪ੍ਰੀ-ਪ੍ਰਾਇਮਰੀ ਪੱਧਰ ਤੋਂ ਲੈ ਕੇ ਉਚ ਸਿੱਖਿਆ ਤੱਕ ਪੂਰੀ ਵਿਵਸਥਾ ਨੂੰ ਵਿਸ਼ਵੀ ਬਜ਼ਾਰ ’ਚ ਵੇਚਣ ਦਾ ਇੰਤਜ਼ਾਮ ਹੈ ਜਾਂ ਫਿਰ ਸੰਸਦ ’ਚ ਉਨ੍ਹਾਂ ਦੇ ਇਸ ਕਥਨ ’ਤੇ ਧਿਆਨ ਦੇਣ ਕਿ ਸਰਕਾਰ ਪਾਸ ਏਨੇ ਸਾਧਨ ਨਹੀਂ ਹਨ ਕਿ ਉਹ ਗੁਣਵੰਣਤਾ ਪੂਰਨ ਸਿੱਖਿਆ ਦੇਣ ਵਾਲੇ ਸਕੂਲ ਖੋਲ੍ਹ ਸਕਣ। ਜਨਤਾ ਕੋਲ ਇਕ ਹੀ ਬਦਲ ਹੈ ਕਿ ਉਹ ਇਸ ਭਰਮਾਊ ਬਿੱਲ ਦੀ ਥਾਂ ‘ਗੁਆਂਢੀ ਸਕੂਲ ’ਤੇ ਅਧਾਰਤ ਬਰਾਬਰ ਸਕੂਲ ਪ੍ਰਣਾਲੀ’ ਦੇ ਖਾਕੇ ’ਚ ਨਵਾਂ ਬਿੱਲ ਲਿਆਉਣ ਦੀ ਲੜਾਈ ਜਾਰੀ ਰੱਖੇ। ਕੀ ਤਦ ਤੱਕ ਬੱਚੇ ਸਿੱਖਿਆ ਦੇ ਮੌਲਿਕ ਅਧਿਕਾਰ ਤੋਂ ਵੰਚਿਤ ਰਹਿਣਗੇ? ਨਹੀਂ ਤਦ ਤੱਕ ਉਨ੍ਹਾਂ ਨੂੰ ਸੰਵਿਧਾਨ ’ਚ ਮੌਜੂਦ ਮੌਲਿਕ ਅਧਿਕਾਰ ਮੁਹੱਈਆ ਹੋਣਗੇ ਹਨ।

-----✪✪-----

# ਇਓਂ ਚੱਲਿਆ ਵੀਹ ਸਾਲ ਨਿਆਂ ਦਾ ਨਾਟਕ

ਕਾਨਪੁਰ (ਉਤਰ ਪ੍ਰਦੇਸ਼) ਸਥਿਤ ਜੇ. ਕੇ. ਕਾਟਨ ਮਿੱਲ 'ਚ 15 ਮਈ 1989 ਨੂੰ ਤਾਲਾਬੰਦੀ ਕਰ ਦਿੱਤੀ ਲਈ। 17 ਮਈ 1989 ਨੂੰ ਉਤਰ ਪ੍ਰਦੇਸ਼ ਸਰਕਾਰ ਨੇ ਇਸ ਤਾਲਾਬੰਦੀ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। ਜ਼ਿਕਰ ਕਰਨਯੋਗ ਹੈ ਕਿ ਤਾਲਾਬੰਦੀ ਤੋਂ ਪਹਿਲਾਂ ਜੇ. ਕੇ. ਕਾਟਨ ਮਿਲ 'ਚ, ਵਿਸਥਾਰ ਦੇ ਪ੍ਰੋਜੈਕਟ 'ਤੇ ਕੰਮ ਹੋ ਰਿਹਾ ਸੀ। ਉਤਰ ਪ੍ਰਦੇਸ਼ ਸਰਕਾਰ ਨੇ ਮਿਲ ਬੰਦੀ ਨੂੰ ਨਾ ਸਿਰਫ ਨਜਾਇਜ਼ ਐਲਾਨ ਦਿੱਤਾ ਸੀ ਬਲਕਿ ਕੰਪਨੀ ਦੇ ਪ੍ਰਬੰਧ ਨਿਰਦੇਸ਼ਕ ਖਿਲਾਫ ਗ੍ਰਿਫਤਾਰੀ ਵਰੰਟ ਜਾਰੀ ਕੀਤਾ ਸੀ। ਕੰਪਨੀ ਨੇ ਹਾਈਕੋਰਟ ਤੋਂ ਸਟੇਅ ਲੈ ਲਿਆ। ਜਨਵਰੀ 1991 'ਚ ਕਿਰਤ ਵਿਭਾਗ ਨੇ ਕੰਪਨੀ ਨੂੰ ਮਜ਼ਦੂਰਾਂ ਨੂੰ ਮਿਲਬੰਦੀ ਦੌਰਾਨ ਦੀ ਤਨਖਾਹ (11 ਮਹੀਨੇ ਤੀ ਤਨਖਾਹ) ਭੁਗਤਾਨ ਕਰਨ ਦਾ ਹੁਕਮ ਦਿੱਤਾ। ਜੇ. ਕੇ. ਕਾਟਨ ਪ੍ਰਬੰਧਕਾਂ ਨੇ ਕਿਰਤ ਮੰਤਰਾਲੇ ਦੇ ਇਸ ਹੁਕਮ ਦੀ ਪਾਲਨਾ ਨਹੀਂ ਕੀਤੀ। ਇਸ 'ਤੇ ਕਿਰਤ ਅਦਾਲਤ ਨੇ 11 ਮਹੀਨਿਆਂ ਦੀ ਤਨਖਾਹ ਦੇ ਅਨੁਰੂਪ 22 ਰਿਕਵਰੀ ਆਰਡਰ ਜਾਰੀ ਕਰ ਦਿੱਤੇ। ਕਿਉਂਕਿ ਕੰਪਨੀ 'ਚ ਤਨਖਾਹ ਦਾ ਭੁਗਤਾਨ ਕਿਸ਼ਤਾਂ 'ਚ ਹੁੰਦਾ ਸੀ 22 ਕਿਸ਼ਤਾਂ ਦੇ ਭੁਗਤਾਨ ਹਿੱਤ 22 ਰਿਕਵਰੀ ਆਰਡਰ ਵਧੀਕ ਲੇਬਰ ਕਮਿਸ਼ਨਰ ਕਾਨਪੁਰ ਖੇਤਰ ਵਲੋਂ ਜਾਰੀ ਕੀਤੇ ਗਏ। 24 ਜਨਵਰੀ 1991 ਨੂੰ ਬਾਈਫਰ (BIFR) ਨੂੰ ਰੇਫਰ ਕਰ ਦਿੱਤਾ ਗਿਆ। BIFR ਜਾਂ ਬੋਰਡ ਆਫ ਇੰਡਸਟ੍ਰੀਅਲ ਐਂਡ ਫਾਈਨਾਸ਼ੀਅਲ ਰਿਕੰਸਟਕਸ਼ਨ ਦਾ ਗਠਨ 1985 'ਚ ਸਿਕੈ ਇੰਡਸਟ੍ਰੀਜ਼ ਕੰਪਨੀਜ਼ ਸਪੈਸ਼ਲ ਪ੍ਰੋਵਿਜਨ ਐਕਟ ਜਾਂ "ਸਿਕਾ ਐਕਟ" 1985 ਦੇ ਤਹਿਤ ਹੋਇਆ। ਇਸ ਦਾ ਕੰਮ ਬੀਮਾਰ ਸਨਅਤਾਂ ਦਾ ਆਰਥਿਕ ਪੁਨਰਗਠਨ ਕਰਕੇ ਉਨ੍ਹਾਂ ਨੂੰ ਮੁੜ ਪਟੜੀ 'ਤੇ ਲਿਆਉਣ ਦਾ ਹੈ।

ਬਾਈਫਰ (BIFR) ਨੇ ਕੰਪਨੀ ਨੂੰ ਬੀਮਾਰ ਐਲਾਨਦਿਆਂ ਇਸ ਕੇਸ ਨੰ: 81/90 ਦੇ ਤਹਿਤ ਰਜਿਸਟਰ ਕੀਤਾ BIFR ਨੇ ਕੰਪਨੀ ਦੇ ਖਾਤਿਆਂ ਦੀ ਜਾਂਚ ਹਿੱਤ ਖੰਨਾ ਐਂਡ ਅੰਨਾਧਨਮ ਆਡਿਟ ਫਰਮ ਦੇ ਦੋ ਚਾਰਟਡ ਅਕਾਊਟੈਂਟਾਂ ਦੀ ਕਮੇਟੀ ਵੀ ਗਠਿਤ ਕੀਤੀ। ਕੰਪਨੀ ਦੇ ਖਾਤੇ ਦੇ ਆਡਿਟ (ਜਾਂਚ) ਸਮੇਂ ਇਹ ਸਨਸਨੀਖੇਜ ਖੁਲਾਸਾ ਹੋਇਆ ਕਿ ਕੰਪਨੀ ਦੇ ਪ੍ਰਬੰਧਕਾਂ ਨੇ ਭਾਰੀ ਵਿੱਤੀ ਘਪਲੇ ਕੀਤੇ ਹਨ। ਕੰਪਨੀ ਦੇ ਪ੍ਰਬੰਧਕਾਂ ਨੇ 1985 ਤੋਂ 1989 ਦੌਰਾਨ 39 ਕਰੋੜ 72 ਲੱਖ ਦੀ ਰਾਸ਼ੀ ਨੂੰ ਭਵਿੱਖ ਪ੍ਰਾਪਤੀਆਂ ਵਜੋਂ ਦਰਜ ਕੀਤਾ ਸੀ ਜਦ ਕਿ ਇਨ੍ਹਾਂ ਦੀਆਂ ਪ੍ਰਾਪਤੀਆਂ ਦੀ ਕਦੀ ਕੋਈ ਉਮੀਦ ਨਹੀਂ ਸੀ। ਜ਼ਾਹਿਰ ਹੈ ਕਿ ਪ੍ਰਬੰਧਕਾਂ ਵਲੋਂ ਕੰਪਨੀ ਨੂੰ ਕਰੋੜਾਂ ਦਾ ਚੂਨਾ ਲਾਇਆ ਗਿਆ ਤੇ ਉਸ ਦਾ ਖਮਿਆਜਾ ਮਜ਼ਦੂਰਾਂ ਨੂੰ ਭੁਗਤਨ ਲਈ ਮਜ਼ਬੂਰ ਕੀਤਾ ਜਾ ਰਿਹਾ ਸੀ। ਹਾਲ ਦੀ ਘੜੀ ਕੰਪਨੀ ਲੇਬਰ ਕੋਰਟ ਵੱਲੋਂ ਮਜ਼ਦੂਰਾਂ ਨੂੰ 22 ਕਿਸ਼ਤਾਂ ਦੇ ਭੁਗਤਾਨ ਤੋਂ ਕੰਨੀ ਕਤਰਾਉਣਾ ਚਾਹੁੰਦੀ ਸੀ। ਕੰਪਨੀ ਦੇ ਇਸ਼ਾਰੇ 'ਤੇ 9 ਜਨਵਰੀ 1992 ਨੂੰ ਭਾਰਤੀ ਮਜ਼ਦੂਰ ਸੰਘ (ਬੀ. ਐਮ. ਐਸ.) ਨੂੰ ਇਕ ਮਜ਼ਦੂਰ ਨੇਤਾ ਕੇ. ਸੀ. ਨਾਰਾਇਨ ਮੋਰੀਆ ਨੇ 22 ਕਿਸ਼ਤਾਂ ਦੇ ਭੁਗਤਾਨ 'ਤੇ ਹਾਈਕੋਰਟ ਤੋਂ ਇਸ ਆਧਾਰ 'ਤੇ ਸਟੇਅ ਲੈ ਲਿਆ ਕਿ BIFR 'ਚ ਉਨ੍ਹਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਹਾਈ

ਕੋਰਟ ਨੇ ਕਿਰਤ ਵਿਭਾਗ ’ਤੇ ਇਸ ਕੇਸ ਸਬੰਧੀ ਕਾਰਨ ਦਸੋ ਨੋਟਿਸ ਜਾਰੀ ਕਰਦਿਆਂ ਕਿਰਤ ਵਿਭਾਗ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਜੁਆਬ ਦਾਖਲ ਕਰਨ ਨੂੰ ਕਿਹਾ। ਕਿਰਤ ਵਿਭਾਗ ਨੇ ਅਗਲੇ 17 ਸਾਲਾਂ ਤੱਕ ਕੋਈ ਜੁਆਬ ਦਾਖਲ ਨਹੀਂ ਕੀਤਾ ਅਤੇ ਨਾ ਹੀ ਹਾਈ ਕੋਰਟ ਨੇ ਇਸ ਬਾਰੇ ਉਸ ਨੂੰ ਤਲਬ ਹੀ ਕੀਤਾ। ਨਤੀਜਾ ਕੰਪਨੀ ਦੀ ਨਾਜ਼ਾਇਜ ਤਾਲਾਬੰਦੀ ਚਲਦੀ ਰਹੀ ਅਤੇ ਮਜ਼ਦੂਰਾਂ ਨੂੰ 11 ਮਹੀਨੇ (22 ਕਿਸ਼ਤਾਂ) ਤਾਂ ਕੀ ਵੀਹ ਸਾਲ ਤੱਕ ਕੋਈ ਭੁਗਤਾਨ ਨਹੀਂ ਕੀਤਾ ਗਿਆ। ਇਸ ਦੌਰਾਨ ਕੰਪਨੀ ਵਲੋਂ ਪ੍ਰਯੋਜਿਤ ਵੱਖ ਵੱਖ ਮੁੱਦਿਆਂ ’ਤੇ ਕਈ ਸੱਟੇ ਲਏ ਗਏ ਅਤੇ ਮਾਮਲਾ ਕੋਰਟ ਕਚਹਿਰੀ ’ਚ ਘਿਸੜਦਾ ਰਿਹਾ।

1998 ’ਚ ਕਿਰਤ ਮਜ਼ਦੂਰਾਂ ਦੇ ਪੱਖ ਵਲੋਂ ਹਾਈਕੋਰਟ ’ਚ ਜਾਣ ਦੇ ਅਧਿਕਾਰ ਤਹਿਤ 9 ਜਨਵਰੀ 1992 ਦੇ ਸਟੇਅ ਨੂੰ ਚਣੌਤੀ ਦਿੱਤੀ ਗਈ। ਆਪਣੀ ਪਟੀਸ਼ਨ ’ਚ ਮਜ਼ਦੂਰ ਪੱਖ ਨੇ ਤਿੰਨ ਮੁੱਖ ਮੰਗਾਂ ਰੱਖੀਆਂ 1. ਅੰਤਰਿਮ ਰਾਹਤ ਦੀ ਵਿਵਸਥਾ 2. ਕਾਰਖਾਨਾ ਚਾਲੂ ਕਰਾਉਣ ਦੀ ਮੰਗ 3.39 ਕਰੋੜ 72 ਲੱਖ ਰੁਪਏ ਦੀ ਰਿਕਵਰੀ ਮਾਲਕ ਤੇ ਪ੍ਰਬੰਧਕਾਂ ਵੱਲੋਂ ਕਾਰਖਾਨਾ ਚਲਾਉਣ ’ਚ ਅਸਮਰਥਤਾ ਜ਼ਾਹਰ ਕਰਨ ਦੀ ਸਥਿਤੀ ’ਚ ਮਜ਼ਦੂਰਾਂ ਨੇ ਖੁਦ ਕਾਰਖਾਨਾ ਚਲਾਉਣ ਦੀ ਗੱਲ ਵੀ ਰੱਖੀ। ਹਾਈ ਕੋਰਟ ਨੇ ਸਾਰੇ ਸਟੇਅ ਆਡਰਾਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਜੇ. ਕੇ. ਕਾਟਨ ਮਿਲ ਕੇਸ ਦੀ ਸੁਣਵਾਈ ਦੁਬਾਰਾ ਸ਼ੁਰੂ ਕਰਨ ਦੇ ਆਦੇਸ਼ ਦੇ ਦਿੱਤੇ ਤੇ ਬਾਈਫਰ (BIFR) ਨੂੰ ਮਜ਼ਦੂਰਾਂ ਦੀ ਪਟੀਸ਼ਨ ’ਚ ਦਰਜ਼ ਗੱਲਾਂ ’ਤੇ ਕਾਰਵਾਈ ਕਰਨ ਦਾ ਨਿਰਦੇਸ਼ ਦਿੱਤਾ। ਇਸ ਦੌਰਾਨ ਫਿਰ ਪ੍ਰਬੰਧਕਾਂ ਵੱਲੋਂ ਪ੍ਰਯੋਜਿਤ ਕਈ ਸਟੇਅ ਲਏ ਗਏ। ਜਿਸ ਵਿਚ ਮਾਮਲੇ ਨੂੰ ਫਿਰ ਲਟਕਾਉਣ ਦੀ ਕੋਸ਼ਿਸ਼ ਕੀਤੀ ਗਈ। ਬਾਈਫਰ ’ਚ ਕਈ ਵਾਰੀ ਗੱਲਬਾਤ (ਮਜ਼ਦੂਰਾਂ ਪੱਖ ਜਾਂ ਕੰਪਨੀ ਪੱਖ ਵਿਚਾਲੇ) ਪਿੱਛੋਂ 2002 ’ਚ ਮਿੱਲ ਚਲਾਉਣ ਦੀ ਯੋਜਨਾ (ਸੈਕਸ਼ਨ ਸਕੀਮ) ਪ੍ਰਬੰਧਕਾਂ ਦੀ ਇੱਛਾ ਅਨੁਸਾਰ ਪਾਸ ਹੋ ਗਈ। ਇਸ ਦੇ ਬਾਵਜੂਦ ਮਨੇਜਮੈਂਟ ਨੇ ਮਿੱਲ ਚਾਲੂ ਨਹੀਂ ਕੀਤੀ ਇਸ ਯੋਜਨਾ ਸਬੰਧੀ ਖਾਸ ਗੱਲ ਇਹ ਸੀ ਕਿ ਉਸ ਵੇਲੇ ਦੀ ਭਾਜਪਾ ਸਰਕਾਰ ਨੇ ਨਾਰਥ ਇੰਡੀਆ ਟੈਕਸਟਾਈਲ ਐਸੋਸੀਏਸ਼ਨ (NITRA) ਦੀ ਮਾਹਰ ਕਮੇਟੀ ਤੋਂ ਪੁੱਛਿਆ ਕਿ ਕੰਪਨੀ ਦਾ ਰੀਵਾਈਵਲ (ਮੁੜ ਸੁਰਜੀਤੀ) ਸੰਭਵ ਹੈ ਹੀ ਨਹੀਂ। ਇਸ ’ਤੇ ਨਿਟ੍ਰਾ ਦੀ ਕਮੇਟੀ ਨੇ ਮੰਜੂਰੀ ਦਿੱਤੀ ਕਿ ਕਾਰਖਾਨਾ ਬਿਨ੍ਹਾਂ ਕਿਸੇ ਮਜ਼ਦੂਰ ਨੂੰ ਪਹਿਲਾਂ ਸੇਵਾ ਨਵਿਰਤੀ (Premalure retiremant) ਦਿੱਤੇ ਮੁਨਾਫੇ ’ਚ ਚਲਾਇਆ ਜਾ ਸਕਦਾ ਹੈ। ਛਾਂਟੀ ਦੀ ਕਿਸੇ ਜ਼ਰੂਰਤ ਨੂੰ ਵੀ ਨਿਟ੍ਰਾ ਨੇ ਖਾਰਜ ਕਰ ਦਿੱਤਾ। ਨਿਟ੍ਰਾ ਨੇ ਮੰਜੂਰੀ ਦਿੱਤੀ ਕਿ ਕਾਰਖਾਨਾ ਚਲਾਉਣ ਲਈ ਵੱਧ ਨਵੇਂ ਮਜ਼ਦੂਰਾਂ ਦੀ ਲੋੜ ਪਵੇਗੀ ਕਿਉਂਕਿ ਪੁਰਾਣੇ ਸਭ ਮਜ਼ਦੂਰਾਂ ਦੇ ਕੰਮ ’ਤੇ ਵਾਪਸ ਮੁੜਨ ਦੀ ਸੰਭਾਵਨਾ ਘੱਟ ਹੈ। ਨਿਟ੍ਰਾ ਨੇ ਘੱਟੋ ਘੱਟ ਤਨਖਾਹ 3500 ਹੋਰ ਭੱਤਿਆ ਸਮੇਤ ਕੁੱਲ 4600 ਰੁਪਏ ਤਹਿ ਕੀਤੀ। ਪਰ ਮਾਲਕਾਂ ਨੇ ਮਿਲ ਚਾਲੂ ਨਹੀਂ ਕੀਤੀ ਮਾਮਲਾ ਵਾਪਸ BIFR ’ਚ ਚਲਾ ਗਿਆ। ਜੇ, ਕੇ ਮਾਲਕ ਦੀ ਕੋਸ਼ਿਸ਼ ਸੀ ਕਿ ਮਜ਼ਦੂਰਾਂ ਦੀ ਗ੍ਰੈਚਟੀ ਸਮੇਤ ਸਭ ਦੇਣਦਾਰੀਆਂ ਤੋਂ ਪੱਲਾ ਛੁਡਾਇਆ ਜਾਵੇ ਉਹਨਾਂ ਨੇ ਇਸ ਲਈ ਕਈ ਕੋਸ਼ਿਸ਼ਾਂ ਕੀਤੀਆਂ ਜਿਨ੍ਹਾਂ ਨੂੰ BIFR ਨੇ ਨਹੀਂ ਮੰਨਿਆ ਇਸ ਦੌਰਾਨ ਕਈ ਦੌਰ ਦੀ ਗੱਲਬਾਤ ਹੋਈ ਕੋਈ ਫੈਸਲਾ ਨਹੀਂ ਹੋਇਆ ਸਮਾਂ ਬੀਤਦਾ ਗਿਆ। 4 ਜੂਨ 2008 ਦੀ ਯੋਜਨਾ (ਸੈਕਸ਼ਨ ਸਕੀਮ)

'ਤੇ ਪੁਨਰਵਿਚਾਰ (review) ਹੋਇਆ। ਕੰਪਨੀ ਦੀਆਂ ਕੁਝ ਮੰਗਾਂ ਮਸਲਨ ਬੰਦੀ ਸਮੇਂ ਦੀ ਤਨਖਾਹ ਨਾ ਦੇਣ ਦੀ ਗੱਲ ਇਸ 'ਚ ਸ਼ਾਮਲ ਕਰਕੇ ਯੋਜਨਾ ਪਾਸ ਹੋ ਗਈ। ਮਜ਼ਦੂਰਾਂ ਤੋਂ ਪੁੱਛੇ ਬਗੈਰ BIFR ਨੇ ਇਹ ਵਿਵਸਥਾ ਦਿੱਤੀ ਕਿ ਮਜ਼ਦੂਰ ਬੰਦੀ ਦੌਰਾਨ ਦਾ ਆਪਣਾ ਪੈਸਾ ਛੱਡਣ 'ਤੇ ਰਾਜ਼ੀ ਹੋ ਗਏ ਹਨ। ਨਾਲ ਹੀ ਇਹ ਵੀ ਕਿਹਾ ਗਿਆ ਕਿ ਮਜ਼ਦੂਰ ਆਪਣੀਆਂ ਦੇਣਦਾਰੀਆਂ ਸਬੰਧੀ ਕਿਸੇ ਵੀ ਕੋਰਟ ਦੀ ਸ਼ਰਨ 'ਚ ਜਾ ਸਕਦੇ ਹਨ। ਇਹ ਦੋ ਆਪਾ ਵਿਰੋਧੀ ਵਿਵਸਥਾਵਾਂ ਸਨ ਉਹ ਵੀ BIFR ਦੇ ਅਧਿਕਾਰ ਖੇਤਰ ਤੋਂ ਬਾਹਰ ਕੀਤੀਆਂ। ਹਾਲ ਦੀ ਘੜੀ ਕੰਪਨੀ ਦੀ ਮੁੜ ਸੁਰਜੀਤੀ ਯੋਜਨਾ ਕੁਲ 108 ਕਰੋੜ ਹੈ। ਇਸ 'ਚ ਤਿੰਨ ਮਹੀਨੇ ਅੰਦਰ 30 ਫੀਸਦੀ ਇਸ ਯੋਜਨਾ 'ਚ ਕੰਪਨੀ ਦੀਆਂ ਤਿੰਨ ਜਾਇਦਾਦਾਂ ਨੂੰ ਵੇਚ ਕੇ 108 ਕਰੋੜ ਦੀ ਪੂੰਜੀ ਇਕੱਠੀ ਕਰਨ ਦੀ ਵਿਵਸਥਾ ਹੈ। ਜਿਸ ਵਿਚ ਪਹਿਲੀ ਜਾਇਦਾਦ ਜੇ. ਕੇ. ਰੇਆਨ ਮਿਲ ਹੈ। ਜੋ ਬੰਦ ਪਈ ਹੈ। ਤੇ ਜਿਸ ਪਾਸ 90 ਏਕੜ ਜਮੀਨ ਜੇ. ਕੇ. ਕਾਟਨ ਦੀ ਹੈ। ਦੂਜੀ ਜਾਇਦਾਦ ਕਾਨਪੁਰ 'ਚ ਹੀ ਲਛਮਣ ਬਾਗ ਹੈ। ਜੋ 24 ਏਕੜ 'ਚ ਫੈਲਿਆ ਹੋਇਆ ਹੈ। ਇਹ ਬਾਗ ਕਾਨਪੁਰ ਦੀ ਉਚ ਵਰਗੀ ਕਲੋਨੀ ਸਵਰੂਪ ਨਗਰ ਤੇ ਤਿਲਕਨਗਰ 'ਚ ਸਥਿਤ ਹੈ। ਤੀਜੀ ਜਾਇਦਾਦ ਦਿੱਲੀ ਦੇ ਬਾਰਾਖੰਭਾ ਵਿਚ ਟਾਲਸਟਾਏ ਇੰਟਰਸੈਕਸ਼ਨ 'ਤੇ ਸਥਿਤ 10 ਹਜ਼ਾਰ ਵਰਗ ਮੀਟਰ 'ਚ ਫੈਲੀ ਹੋਈ ਹੈ। ਇਨ੍ਹਾਂ ਤਿੰਨਾਂ ਜਾਇਦਾਦਾਂ ਦੀ ਕੀਮਤ 2002 'ਚ ਸਿਰਫ 96 ਕਰੋੜ ਅੰਕੀ ਗਈ।(ਜਦਕਿ ਸਰਿਕਲ ਰੇਟ ਡਿਵੈਲਪਮੈਂਟ ਅਥਾਰਟੀ ਅਨੁਸਾਰ ਤਿੰਨ ਜਾਇਦਾਦ ਦੀ ਕੀਮਤ 324 ਕਰੋੜ ਹੈ) ਬਾਕੀ ਦਾ ਪੈਸਾ ਪੁਰਾਣੀਆਂ ਮਸ਼ੀਨਾਂ ਵੇਚ ਕੇ ਜੇ. ਕੇ. ਕਾਟਨ ਦੇ ਪ੍ਰੋਮੋਟਰਾਂ ਨੇ ਪਾਉਣਾ ਹੈ। ਜੂਨ 2008 ਦੀ ਇਸ ਯੋਜਨਾ 'ਚ ਇਹ ਸਹਿਮਤੀ ਵੀ ਕੀਤੀ ਗਈ ਕਿ ਜੇ. ਕੇ. ਕਾਟਨ ਮਾਲਿਕਾਨ ਖਿਲਾਫ ਸਭ ਮਾਮਲੇ ਤੇ ਮੁਕੱਦਮੇ ਵਾਪਸ ਲੈ ਲਏ ਜਾਣ ਤੇ ਕੰਪਨੀ ਤਿੰਨ ਮਹੀਨੇ ਅੰਦਰ ਲਾਕ ਆਊਟ ਵਾਪਸ ਲੈ ਲਵੇ।

24 ਅਕਤੂਬਰ 2008 ਨੂੰ ਉਤਰ ਪ੍ਰਦੇਸ਼ ਸਰਕਾਰ ਨੇ 17 ਮਈ 1989 ਦੇ ਲਾਕ ਲਾਉਣ ਨੂੰ ਨਜਾਇਜ਼ ਐਲਾਨ ਦਿੱਤੇ ਜਾਣ ਦਾ ਆਪਣਾ ਹੁਕਮ ਵਾਪਸ ਲੈ ਲਿਆ ਸਰਕਾਰ ਨੇ ਇਸ ਨੂੰ 17 ਮਈ 1989 ਤੋਂ ਹੀ ਲਾਗੂ ਮੰਨਿਆ। ਇਸ ਸਥਿਤੀ ਵਿਚ ਮਜ਼ਦੂਰ ਇਸ ਦੌਰਾਨ ਦੀ ਤਨਖਾਹ ਦੇ ਭੁਗਤਾਨ ਪਾਉਣ ਦੇ ਹੱਕ ਤੋਂ ਵਾਂਝੇ ਹੋ ਜਾਂਦੇ। ਮਜ਼ਦੂਰ ਪੱਖ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਹੁਕਮ ਨੂੰ 24 ਅਕਤੂਬਰ 2008 ਤੋਂ ਹੀ ਲਾਗੂ ਮੰਨੇ। ਇਸ ਦੇ ਨਾਲ ਹੀ ਸਰਕਾਰ ਨੇ ਇਹ ਵਿਵਸਥਾ ਕੀਤੀ ਕਿ ਤਿੰਨ ਮਹੀਨੇ ਦੇ ਅੰਦਰ ਕਾਰਖਾਨਾ ਫਿਰ ਚਾਲੂ ਹੋ ਜਾਵੇ ਨਹੀਂ ਤਾਂ ਤਾਲਾਬੰਦੀ ਨੂੰ ਨਜਾਇਜ਼ ਐਲਾਨ ਕਰਨ ਦੀ 1989 ਦੀ ਸਰਕਾਰ ਦੀ ਇੱਛਾ ਮੁੜ ਬਹਾਲ ਹੋ ਜਾਵੇਗੀ। 5 ਨਵੰਬਰ ਨੂੰ ਹਾਈਕੋਰਟ ਨੇ ਰਿਕਵਰੀ ਸਰਟੀਫਿਕੇਟ 'ਤੇ ਜਾਰੀ 1991 ਦੇ ਸਥਗਨਾ ਦੇਸ਼ ਸਿੱਟੇ ਨੂੰ ਇਸ ਅਧਾਰ 'ਤੇ ਖਾਰਜ ਕਰ ਦਿੱਤਾ ਕਿ ਕੰਪਨੀ ਨੇ 2002 ਦੇ ਮੁੜ ਸੁਰਜੀਤੀ (ਰਿਵਾਈਵਲ ਸਕੀਮ) ਨੂੰ ਲਾਗੂ ਨਹੀਂ ਕੀਤਾ। ਇਸ ਲਈ ਇਹ ਕਾਰਗਰ ਨਹੀਂ ਰਹੀ। ਇਸ ਲਈ ਮਜ਼ਦੂਰ 22 ਕਿਸ਼ਤ ਦੀ ਤਨਖਾਹ ਦੇ ਹੱਕਦਾਰ ਹਨ। ਇਸ ਫੈਸਲੇ ਦੀ ਰੋਸ਼ਨੀ ਵਿਚ ਮਜ਼ਦੂਰਾਂ ਨੂੰ 1989 ਤੋਂ ਬੰਦੀ ਦੇ ਬਾਅਦ ਦਾ 4 ਕਰੋੜ ਦਾ ਲੱਖ ਰੁਪਿਆ ਦਾ ਭੁਗਤਾਨ ਹੋਣਾ ਸੀ। 31 ਦਸੰਬਰ 2008 ਅਪਾਰ ਕਿਰਤ ਕਮਿਸ਼ਨਰ ਕਾਨਪੁਰ ਖੇਤਰ ਨੇ ਜਨਵਰੀ 1991 'ਚ ਕੰਪਨੀ ਖਿਲਾਫ

ਜਾਰੀ 22 ਰਿਕਵਰੀ ਸਰਟੀਫਿਕੇਟ ਵਾਪਸ ਲੈਣ ਦਾ ਹੁਕਮ ਦਿੱਤਾ। ਜ਼ਾਹਿਰ ਹੈ ਕਿ ਸਰਕਾਰ ਕੰਪਨੀ ਨੂੰ ਮਜ਼ਦੂਰੀ ਦੇ ਪੈਸੇ ਭੁਗਤਾਨ ਕਰਨ ਤੋਂ ਬਚਣ ਲਈ ਆਪਣੇ ਹੀ ਪਹਿਲੇ ਹੁਕਮਾਂ ਨੂੰ ਬਦਲ ਰਹੀ ਹੈ। ਸਰਕਾਰ ਹਾਈਕੋਰਟ ਦੇ ਹੁਕਮ ਦੀ ਵੀ ਉਲੰਘਣਾ ਕਰ ਰਹੀ ਸੀ। 19 ਜਨਵਰੀ 2009 ਨੂੰ (ਤਿੰਨ ਮਹੀਨੇ ਅੰਦਰ ਕਾਰਖਾਨਾ ਸ਼ੁਰੂ ਕਰਨ ਦੀ ਸਰਕਾਰ ਦੇ 24 ਅਕਤੂਬਰ 2008 ਦੇ ਆਦੇਸ਼ ਅਨੁਸਾਰ) ਕਾਰਖਾਨਾ ਚਾਲੂ ਕਰ ਦਿੱਤਾ ਗਿਆ। 400 ਲੋਕਾਂ ਨੂੰ ਭਰਤੀ ਕੀਤਾ ਗਿਆ ਕੰਪਨੀ ਨੇ ਮਜ਼ਦੂਰਾਂ ਤੋਂ ਇਕ ਦਸਤਾਵੇਜ਼ 'ਤੇ ਦਸਖ਼ਤ ਕਰਵਾਏ ਜਿਸ ਨੇ ਉਸ ਨੂੰ ਆਪਣੀ ਸਮਝ ਦਾ ਦਸਤਾਵੇਜ (ਮੇਮੋਰੰਡਮ ਆਫ ਅੰਡਰਸਟੈਂਡਿੰਗ) ਕਿਹਾ। ਇਸ ਦਸਤਾਵੇਜ਼ ਦੀਆਂ ਮੁੱਖ ਗੱਲਾਂ ਸਨ। ਮਜ਼ਦੂਰ-ਅਧਿਕਾਰ ਪੂਰਵਕ ਕੰਮ ਮੰਗਣ ਦੇ ਅਧਿਕਾਰੀ ਨਹੀਂ ਹੋਣਗੇ ਕਿਉਂਕਿ ਕੰਮ ਤੇ ਨਿਯੁਕਤ ਕਰਨਾ ਕੰਪਨੀ ਦੇ ਵਿਵੇਕ ਤੇ ਨਿਰਭਰ ਕਰਦਾ ਹੈ।

– ਮਜ਼ਦੂਰ ਮੰਦੀ (ਲਾਕ ਆਊਟ) ਦੌਰਾਨ ਦੀ ਗ੍ਰੈਚੂਟੀ ਦੇ ਹੱਕਦਾਰ ਨਹੀਂ ਹੋਣਗੇ। 15 ਮਈ 1989 ਤੋਂ ਜਨਵਰੀ 2009 ਵਿਚਕਾਰ ਮਜ਼ਦੂਰ ਕਿਸੇ ਭੁਗਤਾਨ ਦੇ ਹੱਕਦਾਰ ਨਹੀਂ ਹੋਣਗੇ।

– ਸੇਵਾ ਨਵਿਰਤੀ ਦੀ ਉਮਰ 60 ਸਾਲ ਤੋਂ ਘਟਾ ਕੇ 58 ਸਾਲ ਹੋਵੇਗੀ।

– ਕੰਪਨੀ ਦੇ ਨਾਲ ਆਪਣੇ ਝਮੇਲਿਆਂ ਨੂੰ ਮਜ਼ਦੂਰ ਕਿਸੇ ਅਦਾਲਤ ਨਹੀਂ ਲੈ ਕੇ ਜਾਣਗੇ।

– ਝਗੜੇ ਦੀ ਹਾਲਤ 'ਚ ਕੰਪਨੀ ਦੇ ਪ੍ਰਬੰਧ ਨਿਰਦੇਸ਼ਕ ਐਮ. ਡੀ. ਯਜੁਪਤੀ ਸਿੰਘਾਨੀਆ ਵਲੋਂ ਮਨੋਜੀਤ ਪੰਚਾ ਦਾ ਫੈਸਲਾ ਮੰਨਣਾ ਹੋਵੇਗਾ।

ਇਸ ਦੇ ਨਾਲ ਕੰਮ 'ਤੇ ਰੱਖੇ ਗਏ ਮਜ਼ਦੂਰਾਂ ਤੋਂ ਅਸਤੀਫਾ ਪਹਿਲਾਂ ਹੀ ਲਿਖਾ ਲਿਆ ਗਿਆ-15 ਜੁਲਾਈ 2009 ਕਿਰਤ ਕਮਿਸ਼ਨ 'ਤੇ ਹਮਲੇ ਦੇ ਦੋਸ਼ 'ਚ ਐਲ. ਐਮ. ਐਲ. ਦੇ ਨਾਲ ਜੇ. ਕੇ. ਕਾਟਨ ਦੇ ਕਈ ਮਜ਼ਦੂਰ ਗ੍ਰਿਫਤਾਰ ਕਰ ਲਏ ਗਏ। ਸੰਗੀਨ ਧਾਰਾਵਾਂ ਤੇ ਮੁਕੱਦਮੇ ਲਗਾਏ ਗਏ। ਗ੍ਰਿਫਤਾਰੀ ਦੇ ਵਿਰੋਧ 'ਚ ਧਰਨਾ ਦੇ ਰਹੇ ਮਜ਼ਦੂਰਾਂ ਦਾ ਪੁਲਸ ਨੇ ਤੰਬੂ ਪੁੱਟ ਸੁੱਟਿਆ। ਇਹ ਹੈ ਪੂੰਜੀਵਾਦੀ ਪ੍ਰਬੰਧ 'ਚ ਮਜ਼ਦੂਰਾਂ ਨੂੰ ਮਿਲਣ ਵਾਲਾ ਨਿਆ। ਸੁਰਜੀਤ ਪਾਤਰ ਦੀ ਲਾਇਨ ਅਦਾਲਤਾਂ 'ਚ ਬੰਦ ਬਿਰਖ ਹੋ ਗਏ ਸਹੀ ਢੁਕਦੀ ਹੈ।

-----✪✪-----

# ਕੀ ਸਾਰੀਆਂ ਸਹਿਕਾਰੀ ਖੰਡ ਮਿੱਲਾਂ ਵਿਕਾਊ ਹਨ?

ਮਾਇਆਵਤੀ ਜੋ ਠਾਨ ਲੈਂਦੀ ਹੈ, ਉਸ ਨੂੰ ਹਰ ਹਾਲਤ 'ਚ ਪੂਰਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਸੰਵਿਧਾਨਕ ਹੋਵੇ ਗੈਰ ਸੰਵਿਧਾਨਕ (ਲੋਕ ਹਿੱਤ ਵਿਰੋਧੀ) ਇਨ੍ਹਾਂ ਗੱਲਾਂ ਨਾਲ ਉਸ ਨੂੰ ਕੋਈ ਮਤਲਬ ਨਹੀਂ। ਹਾਈਕੋਰਟ ਤੱਕ ਤੇ ਫੈਸਲੇ ਦੇ ਖਿਲਾਫ ਸੁਪਰੀਮ ਕੋਰਟ 'ਚ ਜਾਣਾ ਉਸਦੀ ਸਰਕਾਰ ਦੀ ਨੀਅਤ ਜਿਹੀ ਬਣ ਗਈ ਹੈ। ਮੂਰਤੀ ਤੇ ਸਮਾਰਕਾਂ ਸਬੰਧੀ ਇਨ੍ਹਾਂ ਦੀ ਸਰਕਾਰ ਵਿਰੁੱਧ ਫੈਸਲਾ ਦਿੰਦੇ ਹੋਇਆਂ ਸੁਪਰੀਮ ਕੋਰਟ ਨੇ ਇਹ ਚੇਤਾਵਨੀ ਦੇ ਦਿੱਤੀ ਹੈ ਕਿ ਸੂਬਾਈ ਸਰਕਾਰ ਅੱਗ ਨਾਲ ਖੇਡਣ ਦੀ ਕੋਸ਼ਿਸ਼ ਨਾ ਕਰੇ। ਪਰ ਉਤਰ ਪ੍ਰਦੇਸ਼ 'ਚ ਸਹਿਕਾਰਤਾ ਖੇਤਰ ਦੀਆਂ ਸਾਰੀਆਂ 24 ਖੰਡ ਮਿੱਲਾਂ ਨੂੰ ਕੌਡੀਆਂ ਦੇ ਭਾਅ ਵੇਚਣ 'ਤੇ ਬਜਿਦ ਮਾਇਆਵਤੀ ਸਰਕਾਰ ਦੇ ਰਵੱਈਏ ਨੂੰ ਵੇਖ ਕੇ ਲੱਗਦਾ ਹੈ ਕਿ ਉਸ ਨੇ ਦੇਸ਼ ਦੀ ਸਰਭ ਉਚ ਅਦਾਲਤ ਦੀ ਚੇਤਾਵਨੀ ਤੋਂ ਕੋਈ ਸਬਕ ਨਹੀਂ ਲਿਆ। ਉਤਰ ਪ੍ਰਦੇਸ਼ 'ਚ ਹੁਣ ਸਹਿਕਾਰਤਾ ਖੇਤਰ ਦੀਆਂ ਖੰਡ ਮਿੱਲਾਂ ਨੂੰ ਵੀ ਸਰਕਾਰ ਦੇ ਚਹੇਤਿਆਂ ਦੇ ਹੱਥ ਵੇਚਣ ਦੀ ਪੂਰੀ ਤਿਆਰੀ ਕੀਤੀ ਜਾ ਚੁੱਕੀ ਹੈ, ਉਹ ਵੀ ਕੌਡੀਆਂ ਦੇ ਭਾਅ। ਇਸ ਨਾਲ ਸਰਕਾਰੀ ਖਜ਼ਾਨੇ ਨੂੰ ਦਸ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਣ ਦਾ ਡਰ ਹੈ। ਨਾਲ ਹੀ ਸੂਬੇ ਦੇ ਲੱਖਾਂ ਗੰਨਾ ਕਿਸਾਨਾਂ ਨੂੰ ਭਾਰੀ ਝਟਕਾ ਲੱਗਣ ਨਾਲ ਉਹ ਆਰਥਿਕ ਤਬਾਹੀ ਕਿਨਾਰੇ ਪਹੁੰਚ ਜਾਣਗੇ।

ਇਸ ਤੋਂ ਇਲਾਵਾ ਭਾਰੀ ਗਿਣਤੀ 'ਚ ਕਰਮਚਾਰੀ ਵੀ ਰੋਟੀ-ਰੋਜ਼ੀ ਤੋਂ ਹੱਥ ਧੋ ਬੈਠਣਗੇ। ਪਰ ਸਰਕਾਰ ਨੂੰ ਇਸ ਦੀ ਚਿੰਤਾ ਨਹੀਂ। ਉਸ ਨੂੰ ਤਾਂ ਬੱਸ ਇਲਾਹਾਬਾਦ ਹਾਈਕੋਰਟ ਤੇ ਉਸ ਦੀ ਲਖਨਊ ਖੰਡਪੀਠ ਤੋਂ ਹਰੀ ਝੰਡੀ ਮਿਲਣ ਦੀ ਬੇਸਬਰੀ ਨਾਲ ਉਡੀਕ ਹੈ। ਜਿਥੇ ਇਸ ਲੜੀ ਨਾਲ ਸਬੰਧਤ ਇਕ ਦਰਜਨ ਤੋਂ ਵੱਧ ਕੇਸਾਂ 'ਚ ਸੁਣਵਾਈ ਚੱਲ ਰਹੀ ਹੈ। ਜਾਣਕਾਰ ਸੂਤਰਾਂ ਅਨੁਸਾਰ ਆਪਣੇ ਤੀਜੇ ਵਾਰੀ ਮੁੱਖ ਮੰਤਰੀ ਕਾਲ 'ਚ ਮਾਇਆਵਤੀ ਦੀ ਨਿਗਾਹ ਸੂਬੇ 'ਚ ਸਹਿਕਾਰੀ ਖੇਤਰ ਦੀਆਂ ਸਭ ਚੀਨੀ ਮਿੱਲਾਂ 'ਤੇ ਪੈ ਚੁੱਕੀ ਸੀ। ਉਨ੍ਹਾਂ ਨੇ ਉਸੇ ਸਮੇਂ ਇਨ੍ਹਾਂ ਦੇ ਨਿੱਜੀਕਰਨ ਦਾ ਮਨ ਬਣਾ ਲਿਆ ਸੀ ਪਰ ਇਸ ਤੋਂ ਪਹਿਲਾਂ ਕਿ ਉਹ ਇਸ ਦਿਸ਼ਾ 'ਚ ਕੋਈ ਕਾਰਗਰ ਕਦਮ ਉਠਾਉਂਦੀ, ਉਨ੍ਹਾਂ ਦੀ ਸਰਕਾਰ ਦਾ ਹੀ ਪਤਨ ਹੋ ਗਿਆ। ਗੱਦੀ ਤੋਂ ਲਹਿ ਜਾਣ ਪਿੱਛੋਂ ਵੀ ਉਨ੍ਹਾਂ ਦੇ ਮਨ ਤੋਂ ਇਹ ਕਸਕ ਨਹੀਂ ਗਈ। ਚੌਥੀ ਵਾਰੀ ਮੁੱਖ ਮੰਤਰੀ ਦੀ ਸਹੁੰ ਚੁੱਕਦਿਆਂ ਹੀ ਉਨ੍ਹਾਂ ਨੇ ਕੈਬਨਿਟ ਦੀ ਮੀਟਿੰਗ ਵਿਚ ਸਹਿਕਾਰੀ ਖੇਤਰ ਦੀਆਂ ਸਾਰੀਆਂ 24 ਖੰਡ ਮਿਲਾਂ ਨੂੰ ਵੇਚਣ/ਨਿੱਜੀਕਰਨ ਦਾ ਫੈਸਲਾ ਲੈ ਲਿਆ। ਇਸ ਤੋਂ ਪਹਿਲਾਂ ਦੇ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦੀ ਸਰਕਾਰ ਨੇ ਵੀ ਇਨ੍ਹਾਂ ਖੰਡ ਮਿੱਲਾਂ ਨੂੰ ਵੇਚਣ ਦਾ ਇਰਾਦਾ ਬਣਾਇਆ ਸੀ ਪਰ ਇਸ ਨੂੰ ਅਮਲ 'ਚ ਲਿਆਉਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਸਰਕਾਰ ਦਾ ਵੀ ਪਤਨ ਹੋ ਗਿਆ। ਨਿਰਸੰਦੇਹ ਇਹ ਦੁਖਦਾਈ ਵਿਡੰਬਨਾ ਰਹੀ ਹੈ ਕਿ ਉਤਰ ਪ੍ਰਦੇਸ਼ 'ਚ ਇਨ੍ਹਾਂ ਦੋਨਾਂ ਹੀ ਸਰਕਾਰਾਂ ਦੇ ਕਾਰਜਕਾਲ 'ਚ ਇਕ ਵੀ ਮਹੱਤਵਪੂਰਨ ਉਦਯੋਗ ਧੰਦਾ ਸਥਾਪਤ ਨਹੀਂ ਹੋ ਸਕਿਆ। ਇਸ ਦੇ ਉਲਟ ਪ੍ਰਤਾਪਗੜ੍ਹ ਦਾ ਟ੍ਰੈਕਟਰ ਕਾਰਖਾਨਾ, ਲਖਨਊ ਦਾ ਅਪਟਾਨ

ਉਦਯੋਗ, ਚਲ ਚਿਤਰ ਨਿਗਮ ਤੇ ਸਰਕਾਰੀ ਖੇਤੀ ਫਾਰਮ ਆਦਿ ਨੂੰ ਵੇਚ ਦਿੱਤਾ ਗਿਆ ਸੀ। ਹੁਣ ਇਸ ਸਰਕਾਰ ਵਿਚ ਪ੍ਰਦੇਸ਼ ਦੇ ਸੈਲਾਨੀ ਵਿਭਾਗ ਸਮੇਤ 33 ਵਿਭਾਗਾਂ ਨੂੰ ਵੀ ਸ਼ਨੀ ਦੀ ਨਜ਼ਰ ਲੱਗ ਚੁੱਕੀ ਹੈ।

ਹਾਲ ਦੀ ਘੜੀ ਮਾਇਆਵਤੀ ਸਰਕਾਰ ਦੇ ਸਹਿਕਾਰੀ ਖੇਤਰ ਦੀਆਂ ਚੀਨੀ ਮਿਲਾਂ ਨੂੰ ਵੇਚਣ ਦੇ ਐਲਾਨ ਵਿਰੁੱਧ ਇਨ੍ਹਾਂ ਮਿਲਾਂ ਦੇ ਕੁਝ ਅੰਸ਼ਧਾਰਕਾਂ ਤੇ ਨਿਰਦੇਸ਼ਕਾਂ ਨੇ ਹਾਈਕੋਰਟ (ਇਲਾਹਾਬਾਦ) ਇਕ ਪਟੀਸ਼ਨ ਦਾਇਰ ਕਰ ਦਿੱਤੀ ਸੀ। ਇਸ 'ਚ ਸਰਕਾਰਾਂ ਨੂੰ ਮੂੰਹ ਦੀ ਖਾਣੀ ਪਈ ਸੀ। ਸੁਣਵਾਈ ਦੌਰਾਨ ਹਾਈਕੋਰਟ ਨੇ ਸਰਕਾਰ ਤੋਂ ਇਹ ਜਾਨਣਾ ਚਾਹਿਆ ਸੀ ਕਿ ਉਸ ਨੇ ਕਿਸ ਵਿਵਸਥਾ ਦੇ ਤਹਿਤ ਸਰਕਾਰੀ ਖੇਤਰਾਂ ਦੀਆਂ ਇਨ੍ਹਾਂ ਖੰਡ ਮਿੱਲਾਂ ਨੂੰ ਵੇਚਣ ਦਾ ਫੈਸਲਾ ਕੀਤਾ ਹੈ? ਹਾਈਕੋਰਟ ਵੱਲੋਂ ਲਗਭਗ ਇਕ ਸਾਲ ਤੱਕ ਮਾਇਆਵਤੀ ਸਰਕਾਰ ਤੇ ਇਸ ਕੇਸ ਦੀ ਹਰ ਪੇਸ਼ ਸਮੇਂ ਇਹ ਸੁਆਲ ਕੀਤਾ ਜਾਂਦਾ ਰਿਹਾ ਤੇ ਸਰਕਾਰ ਇਸ ਦਾ ਜੁਆਬ ਦੇਣ ਤੋਂ ਲਗਾਤਾਰ ਕਤਰਾਉਂਦੀ ਰਹੀ। ਆਖਰ ਉਸ ਨੂੰ ਆਪਣਾ ਖਹਿੜਾ ਛਡਾਉਣ ਦਾ ਕੋਈ ਰਾਹ ਨਾ ਸੁਝਿਆ ਤਾਂ ਉਸ ਨੂੰ ਮਜ਼ਬੂਰ ਹੋ ਕੇ ਇਸ ਸਬੰਧ 'ਚ ਕੈਬਨਿਟ ਵੱਲੋਂ ਆਪਣੇ ਪਹਿਲੇ ਫੈਸਲੇ ਨੂੰ ਵਾਪਸ ਲੈਣ ਦੇ ਨਾਲ ਨਾਲ ਹਾਈਕੋਰਟ ਨੂੰ ਇਹ ਦੱਸਣਾ ਪਿਆ ਕਿ ਸੂਬੇ ਦੇ ਸਹਿਕਾਰੀ ਖੇਤਰ ਦੀਆਂ ਖੰਡ ਮਿੱਲਾਂ ਨੂੰ ਵੇਚੇਗੀ ਨਹੀਂ। ਨਾਲ ਹੀ ਉਸ ਨੇ ਇਹ ਵੀ ਮੰਨਿਆ ਕਿ ਸਹਿਕਾਰੀ ਖੇਤਰ ਲਈ ਬਣਾਏ ਗਏ ਕਾਨੂੰਨ (ਉਤਰ ਪ੍ਰਦੇਸ਼ ਸਹਿਕਾਰੀ ਸੰਪਤੀ ਕਾਨੂੰਨ-1965) ਦੇ ਤਹਿਤ ਸਰਕਾਰ ਨੂੰ ਸਹਿਕਾਰੀ ਖੇਤਰ ਦੀਆਂ ਖੰਡ ਮਿੱਲਾਂ ਨੂੰ ਵੇਚਣ ਦਾ ਅਧਿਕਾਰ ਨਹੀਂ ਹੈ। ਧਿਆਨ ਰਹੇ ਕਿ ਸਹਿਕਾਰੀ ਖੇਤਰ ਦੀ ਖੰਡ ਮਿਲ ਸੰਘ ਲਿ. ਦੀ ਸਥਾਪਨਾ 1963 'ਚ ਸਹਿਕਾਰੀ ਸੰਮਤੀ ਵਜੋਂ ਉਤਰ ਪ੍ਰਦੇਸ਼ ਸਰਕਾਰੀ ਕਨੂੰਨ-1965 ਦੇ ਤਹਿਤ ਕੀਤੀ ਗਈ ਸੀ।

ਸੰਨ 2000 'ਚ ਉਤਰ ਪ੍ਰਦੇਸ਼ ਦੀ ਵੰਡ ਹੋ ਜਾਣ ਦੇ ਸਿੱਟੇ ਵਜੋਂ ਉਤਰਾਖੰਡ ਇਕ ਵੱਖਰਾ ਸੂਬਾ ਬਣ ਗਿਆ ਇਸ ਨਾਲ ਉਤਰ ਪ੍ਰਦੇਸ਼ ਸਹਿਕਾਰੀ ਖੰਡ ਮਿੱਲ ਸੰਘ ਲਿ. ਦਾ ਕਾਰਜ ਖੇਤਰ ਦੋਨਾਂ ਰਾਜਾਂ 'ਚ ਵੰਡਿਆ ਗਿਆ। ਇਸ ਸਥਿਤੀ ਵਿਚ ਮਾਇਆਵਤੀ ਸਰਕਾਰ ਨੂੰ ਸਹਿਕਾਰੀ ਖੇਤਰ ਦੀਆਂ ਇਨ੍ਹਾਂ ਚੀਨੀ ਮਿਲਾਂ ਨੂੰ ਵੀ ਵੇਚਣ ਦਾ ਅਧਿਕਾਰ ਵੀ ਨਹੀਂ ਰਹਿ ਗਿਆ। ਸੁਪਰੀਮ ਕੋਰਟ ਨੇ ਵੀ ਆਪਣੇ ਇਕ ਮਹੱਤਵਪੂਰਨ ਫੈਸਲੇ 'ਚ ਇਸ ਦੀ ਪੁਸ਼ਟੀ ਕੀਤੀ ਹੈ। ਇਸ ਸਬੰਧ 'ਚ ਸੁਪਰੀਮ ਕੋਰਟ ਨੇ ਮਲਕੀਅਤ ਸਿੰਘ ਬਨਾਮ ਯੂਨੀਅਨ ਬੈਂਕ ਆਫ ਇੰਡੀਆ ਦੇ ਕੇਸ 'ਚ ਦਿਨ 26-09-2008 ਨੂੰ ਮਹੱਤਵਪੂਰਨ ਫੈਸਲਾ ਦਿੰਦੇ ਹੋਇਆਂ ਇਸ ਗੱਲ 'ਤੇ ਆਪਣੀ ਮੋਹਰ ਲਾ ਦਿੱਤੀ ਹੈ। ਪੈਕਸਪੈਡ ਦੀ ਆਪੇਕਸ਼ ਕੋਆ ਪ੍ਰੇਟਿਵ ਸੁਸਾਇਟੀ ਹੋਣ ਦੇ ਨਾਤੇ ਸੁਪਰੀਮ ਕੋਰਟ ਨੇ ਇਸ ਨੂੰ ਮਲਟੀਸਟੇਟ ਕੋ ਆਪ੍ਰੇਟਿਵ ਸੁਸਾਇਟੀ ਮੰਨਿਆ ਹੈ। ਪੈਕਸਪੈਡ ਦੀ ਅਪੇਕਸ ਕੋਆਪ੍ਰੇਟਿਵ ਸੁਸਾਇਟੀ ਹੋਣ ਦੇ ਨਾਤੇ ਸੁਪਰੀਮ ਕੋਰਟ ਨੇ ਇਸ ਨੂੰ ਮਲਟੀ ਸਟੇਟ ਕੋਆਪ੍ਰੇਟਿਵ ਸੁਸਾਇਟੀ ਮੰਨਿਆ ਹੈ। ਪੈਕਸਪੈਡ ਵੀ ਵੰਡ ਸਮੇਂ ਉਤਰ ਪ੍ਰਦੇਸ਼ ਤੇ ਉਤਰਾਖੰਡ ਦੋਨਾ ਰਾਜਾਂ 'ਚ ਆਪਣਾ ਵਪਾਰ ਕਰਦੀ ਸੀ। ਆਖਰ ਇਸ ਫੈਸਲੇ ਅਨੁਸਾਰ, ਉਤਰ ਪ੍ਰਦੇਸ਼ ਸਹਿਕਾਰੀ ਚੀਨੀ ਮਿੱਲ ਸੰਘ ਲਿਮ. ਲਖਨਊ ਦੀ ਇਕ ਅਪੇਕਸ ਕੋਆਪ੍ਰੇਟਿਵ ਸੁਸਾਇਟੀ ਹੈ ਇਸ ਨਾਲ ਮਲਟੀ ਸਟੇਟ ਕੋਆਪ੍ਰੇਟਿਵ ਸੋਸਾਇਟੀਜ਼ ਐਕਟ ਦੀਆਂ ਵਿਵਸਥਾਵਾਂ ਤਹਿਤ ਰਾਜ ਦੇ ਨਿਬੰਧਕ ਨੂੰ ਕੋਈ

ਪ੍ਰਸ਼ਾਸਨਿਕ ਫ਼ੈਸਲਾ ਲੈਣ ਦਾ ਅਧਿਕਾਰ ਨਹੀਂ ਹੈ ਅਤੇ ਇਸ ਦੇ ਸਾਰੇ ਅਧਿਕਾਰ ਕੇਂਦਰੀ ਨਿਬੰਧਕ 'ਚ ਸਮੋ ਜਾਂਦੇ ਹਨ। ਇਸ ਸਬੰਧੀ ਭਾਰਤ ਸਰਕਾਰ ਨੇ ਸਹਿਕਾਰਤਾ ਨਿਰਦੇਸ਼ਕ ਡੀ. ਐਨ. ਠਾਕੁਰ ਨੇ ਪਿਛਲੀ 7 ਜੁਲਾਈ ਅਤੇ 31 ਜੁਲਾਈ ਨੂੰ ਉਪ੍ਰਦੇਸ਼ ਕੋਆਪ੍ਰੇਟਿਵ ਸ਼ੂਗਰ ਫੈਕਟ੍ਰੀਜ਼ ਫੈਡਰੇਸ਼ਨ ਲਿਮਟਿਡ ਨੂੰ ਕ੍ਰਮਵਾਰ ਦੋ ਪੱਤਰ ਭੇਜੇ ਹਨ ਪਰ ਇਸ ਦਾ ਕੋਈ ਜੁਆਬ ਨਹੀਂ ਦਿੱਤਾ ਗਿਆ ਹੈ। ਇਸ ਵਸਤੂ ਸਥਿਤੀ ਦੇ ਬਾਵਜੂਦ ਯੂ. ਪੀ. ਸਰਕਾਰ ਇਸ ਨਿੱਜੀਕਰਨ ਦੇ ਅਮਲ 'ਚ ਕਿਸਾਨਾਂ ਦੀ ਰਾਇ ਨਹੀਂ ਲੈ ਰਹੀ ਹੈ। ਇਨ੍ਹਾਂ ਚੀਨੀ ਮਿੱਲਾਂ ਦੀ ਸਥਾਪਨਾ ਲਈ ਸੂਬੇ ਦੇ ਗੰਨਾ ਕਿਸਾਨਾਂ ਨੇ ਆਪਣੀ ਹਜ਼ਾਰਾਂ ਏਕੜ ਦੀ ਜ਼ਮੀਨ ਦੇ ਦਿੱਤੀ। ਉਹ ਇਨ੍ਹਾਂ ਚੀਨੀ ਮਿੱਲਾਂ ਦੇ ਉਤਪਾਦਕ ਮੈਂਬਰ ਹਨ। ਇਸ 'ਚ ਲੱਖਾਂ ਕਿਸਾਨ ਸ਼ੇਅਰ ਹੋਲਡਰ ਹਨ ਜਦਕਿ ਰਾਜ ਸਰਕਾਰ ਸਿਰਫ ਇਕ ਫੀਸਦੀ ਸ਼ੇਅਰ ਹੋਲਡਰ ਹਨ ਜਦਕਿ ਰਾਜ ਸਰਕਾਰ ਸਿਰਫ ਇਕ ਫੀਸਦੀ ਸ਼ੇਅਰ ਹੋਲਡਰ ਹੈ। ਏਨਾ ਹੀ ਨਹੀਂ ਇਨ੍ਹਾਂ ਚੀਨੀ ਮਿੱਲਾਂ ਦੀ ਰਜਿਸਟ੍ਰੇਸ਼ਨ ਵੀ ਕਿਸਾਨ ਸਹਿਕਾਰੀ ਚੀਨੀ ਮਿੱਲ ਸੰਮਤੀ ਦੇ ਨਾਂ ਹੈ। ਇਸ 'ਚ ਸਰਕਾਰ ਦੇ ਨਾਂ ਤੱਕ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਇਸ ਲਈ ਸਰਕਾਰ ਦੇ ਇਸ ਹੱਠੀ, ਜ਼ਿੱਦੀ ਰਵੱਈਏ ਨਾਲ ਬੇਹੱਦ ਕਸੁਬਥ ਸਰਸਾਵਾ (ਸਹਾਰਨਪੁਰ) ਦੀ ਦਿ ਕਿਸਾਨ ਕੋਆਪ੍ਰੇਟਿਵ ਸ਼ੂਗਰ ਫੈਕਟਰੀ ਲਿਮਟਿਡ ਦਾ ਪ੍ਰਬੰਧ ਸੰਮਤੀ ਦੇ ਮੀਤ ਪ੍ਰਧਾਨ ਡਾ. ਭੀਮ ਸਿੰਘ ਨੇ ਇਸ ਨੂੰ ਇਕ ਅਗਸਤ ਨੂੰ ਇਨ੍ਹਾਂ 15 ਚੀਨੀ ਮਿਲਾਂ ਦੇ ਇੱਕ ਵੇਲੇ ਅਖੌਤੀ ਖਰੀਦਦਾਰ ਨੋਇਡਾ ਦੇ ਮੇਸਰਸ ਵੇਲਸ ਇੰਡਸਟ੍ਰੀਜ਼ ਪ੍ਰਾਈਵੇਟ ਲਿਮਟਿਡ ਚੱਡਾ ਗਰੁੱਪ ਨੂੰ ਭੇਜੇ ਪੱਤਰ 'ਚ ਕਿਹਾ ਹੈ ਕਿ ਕਿਸਾਨ ਉਨ੍ਹਾਂ ਚੀਨੀ ਮਿੱਲਾਂ ਦੀ ਵਿਕਰੀ ਦਾ ਪੂਰੀ ਤਰ੍ਹਾਂ ਵਿਰੋਧ ਕਰਦੇ ਹਨ ਅਤੇ ਕਿਸੇ ਵੀ ਕੀਮਤ 'ਤੇ ਪ੍ਰਾਈਵੇਟ ਪਾਰਟੀ ਨੂੰ ਮਿੱਲਾਂ 'ਤੇ ਕਬਜ਼ਾ ਨਹੀਂ ਕਰਨ ਦੇਣਗੇ। ਇਸ ਲਈ ਉਨ੍ਹਾਂ ਨੂੰ ਚਾਹੇ ਜਿੰਨੀ ਵੀ ਜ਼ੋਰ ਜ਼ਬਰਦਸਤੀ ਕਿਉਂ ਨਾ ਕਰਨੀ ਪਵੇ। ਇਨ੍ਹਾਂ ਦੀ ਪੁਰਜ਼ੋਰ ਦਲੀਲ ਹੈ ਕਿ ਇਹ ਖੰਡ ਮਿੱਲਾਂ ਕਿਸਾਨਾਂ ਦੇ ਸ਼ੇਅਰਾਂ ਨਾਲ ਬਣਾਈਆਂ ਗਈਆਂ ਹਨ।

ਪਰ ਇਸ ਯਥਾਰਥ ਦੇ ਬਾਵਜੂਦ ਦੋਸ਼ ਹੈ ਕਿ ਉਤਰ ਪ੍ਰਦੇਸ਼ ਦੀ ਮਾਇਆਵਤੀ ਸਰਕਾਰ ਹਰ ਕੀਮਤ 'ਤੇ ਅਤੇ ਹਰ ਨਿਯਮ ਕਨੂੰਨ ਦੀ ਉਲੰਘਣਾ, ਕਰਦਿਆਂ ਇਨ੍ਹਾਂ ਖੰਡ ਮਿਲਾਂ ਨੂੰ ਵੇਚਣ 'ਤੇ ਪੂਰੀ ਤਰ੍ਹਾਂ ਬਜ਼ਿੱਦ ਹੈ। ਇਸ ਪਿੱਛੇ ਇਕ ਬਹੁਤ ਸੋਚੀ ਸਮਝੀ ਚਾਲ ਹੈ। ਸਰਕਾਰ ਦੇ ਕੁਝ ਅਤੀ ਭਰਿਸ਼ਟ ਉੱਚ ਅਧਿਕਾਰੀਆਂ ਦੀ ਅਸਲ ਮੰਸ਼ਾ ਪੂੰਜੀਪਤੀਆਂ ਅਤੇ ਆਪਣੇ ਚਹੇਤਿਆਂ ਤੋਂ ਇਲਾਵਾ ਇਸ ਨਾਲ ਮਿਲਣ ਵਾਲੀ ਭਾਰੀ ਕਮਿਸ਼ਨਖੋਰੀ ਤੋਂ ਖੁਦ ਵੀ ਪੈਸੇ ਕਮਾਉਣ ਦੀ ਹੈ। ਇਨ੍ਹਾਂ ਖਰੀਦਦਾਰਾਂ 'ਚ ਮਾਇਆਵਤੀ ਸਰਕਾਰ ਦਾ ਇਕ ਬੇਹੱਦ ਚਹੇਤਾ ਪੂੰਜੀਪਤੀ ਵੀ ਹੈ ਜਿਸ ਕੋਲ 15 ਚੀਨੀ ਮਿੱਲਾਂ ਨੂੰ ਵੇਚਣ ਦੀ ਲਗਭਗ ਪੂਰੀ ਤਿਆਰੀ ਕੀਤੀ ਜਾ ਚੁੱਕੀ ਹੈ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਕੁਝ ਖਰੀਦਦਾਰਾਂ ਨੂੰ ਇਸ ਬਾਬਤ ਇਨ੍ਹਾਂ ਵੱਧ ਆਸਵੰਤ ਕੀਤਾ ਜਾ ਚੁੱਕਿਆ ਹੈ ਕਿ ਉਨ੍ਹਾਂ ਨੇ ਮਿੱਲ ਦੇ ਮਹਾਂ ਪ੍ਰਬੰਧਨ ਵਰਗੇ ਚੋਟੀ ਦੇ ਅਹੁਦਿਆਂ ਲਈ ਅਖ਼ਬਾਰਾਂ 'ਚ ਟੈਂਡਰ ਤੱਕ ਪ੍ਰਕਾਸ਼ਿਤ ਕਰਵਾ ਦਿੱਤੇ ਹਨ। ਜਾਣਕਾਰ ਸੂਤਰਾਂ ਅਨੁਸਾਰ ਅਦਾਲਤੀ ਮੋਰਚੇ 'ਤੇ ਇਹੀ ਭਾਰੀ ਹਾਰ ਖਾਣ ਪਿੱਛੋਂ ਸਰਕਾਰ ਨੇ ਹੁਣ ਬੜੀ ਸੂਝਬੂਝ ਨਾਲ ਆਪਣਾ ਪੈਂਤਰਾ ਬਦਲ ਲਿਆ ਹੈ। ਇਸ ਲਈ ਉਸ ਨੇ ਸਹਿਕਾਰੀ ਕਾਨੂੰਨ 'ਚ ਸੋਧ ਕਰਕੇ ਉਸ 'ਚ ਇਕ ਨਵੀਂ ਧਾਰਾ 125 (2) ਜੋੜ ਦਿੱਤੀ। ਇਸ ਦੇ ਰਾਹੀਂ

ਨਿਬੰਧਕ ਨੂੰ ਸਰਕਾਰੀ ਖੇਤਰ ਦੀਆਂ ਚੀਨੀ ਮਿੱਲਾਂ ਨੂੰ ਵੇਚਣ ਦਾ ਅਧਿਕਾਰ ਮਿਲ ਗਿਆ। ਇਸ ਪਿੱਛੋਂ ਨਿਬੰਧਕ ਨੇ ਆਮ ਰਾਇ ਨਾਲ ਪ੍ਰਸਤਾਵ ਪਾਸ ਕਰਾਏ ਬਗੈਰ ਹੀ ਸਹਿਕਾਰੀ ਖੇਤਰ ਦੀਆਂ ਸਾਰੀਆਂ 28 ਮਿੱਲਾਂ ਵਿੱਚੋਂ 24 ਨੂੰ ਵੇਚਣ ਦਾ ਫੈਸਲਾ ਕੀਤਾ ਹੈ। ਚਾਰ ਮਿੱਲਾਂ ਦੇ ਵੇਚਣ 'ਤੇ ਕੋਰਟ ਨੇ ਰੋਕ ਲਾ ਦਿੱਤੀ ਹੈ। ਹਾਲ ਦੀ ਘੜੀ ਆਪਣੇ ਇਸ ਇਤਰਾਜ਼ਯੋਗ ਫੈਸਲੇ ਦੇ ਪੱਖ 'ਚ ਦਲੀਲਾਂ ਪੇਸ਼ ਕਰਦਿਆਂ ਰਾਜ ਸਰਕਾਰ ਦਾ ਕਹਿਣਾ ਹੈ ਕਿ ਇਹ ਚੀਨੀ ਮਿਲਾਂ ਸਾਊਂਡ ਬਿਜਨਸ ਨਹੀਂ ਕਰ ਰਹੀਆਂ ਹਨ। ਅੱਜਕੱਲ੍ਹ ਘਾਟੇ 'ਚ ਚਲਾ ਰਹੀਆਂ ਹਨ ਅਤੇ ਭਵਿੱਖ 'ਚ ਵੀ ਇਹ ਅੱਛਾ ਵਪਾਰ ਨਹੀਂ ਕਰ ਸਕਣਗੀਆਂ। ਦੂਜੇ ਪਾਸੇ ਸਰਕਾਰ ਦੇ ਇਸ ਕਦਮ ਦਾ ਗੰਨਾ ਕਿਸਾਨਾਂ ਨੇ ਇਹ ਕਹਿੰਦਿਆਂ ਵਿਰੋਧ ਕੀਤਾ ਹੈ ਕਿ ਇਹ ਗੈਰ ਸੰਵਿਧਾਨਿਕ ਗੈਰ-ਕਾਨੂੰਨੀ ਤੇ ਗੈਰ ਜਮਹੂਰੀ ਹੈ। ਇਸ ਸੋਧੇ ਕਾਨੂੰਨ ਰਾਹੀਂ ਉਸ ਨੇ ਸਹਿਕਾਰੀ ਸੰਮਤੀਆਂ ਦੀ ਸਰਵਉਚ ਫੈਸਲਾਕੁੰਨ ਸੰਸਥਾ ਆਮ ਰਾਇ ਨੂੰ ਹੀ ਖਤਮ ਕਰਾ ਦਿੱਤਾ ਹੈ। ਇਨ੍ਹਾਂ ਚੀਨੀ ਮਿਲਾਂ ਦੇ ਘਾਟੇ 'ਚ ਚੱਲਣ ਦਾ ਦਾਅਵਾ ਵੀ ਪੂਰੀ ਤਰ੍ਹਾਂ ਭਰਮਾਊ ਬੇਬੁਨਿਆਦ ਅਤੇ ਝੂਠਾ ਹੈ। ਇਹ ਵੀ ਦੋਸ਼ ਹੈ ਕਿ ਸਰਕਾਰ ਦਾ ਇਹ ਫੈਸਲਾ ਪੱਖਪਾਤੀ ਹੈ। ਖ਼ੁਦ ਸਰਕਾਰੀ ਅੰਕੜੇ ਇਸ ਗੱਲ ਦਾ ਗਵਾਹ ਹਨ ਕਿ 2008-09 'ਚ ਇਨ੍ਹਾਂ 24 ਮਿਲਾਂ 'ਚੋਂ 23 ਫਾਇਦੇ 'ਚ ਰਹੀਆਂ ਹਨ।

ਸਿਰਫ ਇਕ ਮਿੱਲ ਨੂੰ ਕੁਝ ਘਾਟਾ ਪਿਆ ਪਰ ਸਰਕਾਰ ਤਾਂ ਇਸ ਸੱਚਾਈ 'ਤੇ ਵੀ ਪਰਦਾ ਪਾ ਰਹੀ ਹੈ। ਉਸ ਦੀ ਅਸਲ ਮੰਸ਼ਾ ਸਿਰਫ਼ ਸਹਿਕਾਰੀ ਖੇਤਰ ਦੀਆਂ ਚੀਨੀ ਮਿੱਲਾਂ ਦੇ ਵੇਚਣ ਨਾਲ ਹੀ ਪੂਰੀ ਹੋ ਸਕੇਗੀ। ਹਰੇਕ ਸਹਿਕਾਰੀ ਚੀਨੀ ਮਿਲ 'ਚ ਸੈਂਕੜੇ ਏਕੜ ਜ਼ਮੀਨ ਹੈ। ਮਿੱਲਾਂ ਕੋਲ ਇਸ ਸਮੇਂ 250 ਏਕੜ ਤੋਂ ਵੱਧ ਜ਼ਮੀਨ ਹੈ। ਅੱਜ ਦੇ ਬਜ਼ਾਰੀ ਭਾਅ ਅਨੁਸਾਰ ਹਰੇਕ ਮਿੱਲ ਕੋਲ ਅਰਬਾਂ ਰੁਪਏ ਦੀ ਜ਼ਮੀਨ ਹੈ। ਕੌਡੀਆਂ ਦੇ ਭਾਅ ਵੇਚਣ ਲਈ ਤਿਆਰੀ ਕਰ ਲਈ ਗਈ ਹੈ। ਅੱਜ ਦੇ ਬਾਜ਼ਾਰ ਦੇ ਭਾਅ ਦੇ ਹਿਸਾਬ ਨਾਲ ਇਨ੍ਹਾਂ ਮਿੱਲਾਂ ਦੀ ਕੁੱਲ ਜ਼ਮੀਨ ਦੀ ਕੀਮਤ 25 ਤੋਂ 30 ਹਜ਼ਾਰ ਕਰੋੜ ਰੁਪਏ ਦੀ ਹੈ। ਸਰਕਾਰ ਦੇ ਇਨ੍ਹਾਂ ਮਿਲਾਂ ਦੇ ਮੁੱਲ ਅੰਕਣ ਪਿੱਛੋਂ ਇਸ ਦੀ ਕੁੱਲ ਕੀਮਤ 8 ਤੋਂ 10 ਕਰੋੜ ਰੁਪਏ ਤੋਂ ਵੱਧ ਨਹੀਂ ਹੋਣੀ। ਇਸ ਤੋਂ ਇਲਾਵਾ ਮਸ਼ੀਨਾਂ ਤੇ ਇਮਾਰਤਾਂ ਸਮੇਤ ਹੋਰ ਉਪਕਰਣਾਂ ਦੀ ਕੀਮਤ ਵੱਖ। ਇਸ ਤਰ੍ਹਾਂ 100 ਦੀ ਚੀਜ਼ 30 ਰੁਪਏ 'ਚ ਵੇਚ ਕੇ ਬਾਕੀ ਰਾਸ਼ੀ ਦੀ ਬਾਂਦਰਵੰਡ ਕਰ ਲਈ ਜਾਵੇਗੀ।

-----✪✪-----

# ਕਿਸੇ ਵੀ ਉਮਰ 'ਚ ਹੋ ਸਕਦੈ ਹਰਨੀਆ

ਜਦ ਪੇਟ ਦੇ ਅੰਦਰੂਨੀ ਅੰਗ ਜਾਂ ਅੰਗਾਂ ਦਾ ਕੁਝ ਹਿੱਸਾ, ਜਨਮ ਤੋਂ ਬਣੇ ਹੋਏ ਸੁਰਾਖ (ਇੰਟਰਨਲ ਇਨਗੁਆਈ ਨਲ ਰਿੰਗ, ਨਾਭੀ ਆਦਿ) ਜਾਂ ਕਮਜ਼ੋਰ ਬਣੇ ਹਿੱਸੇ ਤੋਂ ਬਾਹਰ ਨਿਕਲ ਕੇ ਗੰਢ ਵਰਗੀ ਬਣਤਰ ਬਣਾਵੇ ਤਾਂ ਇਸ ਨੂੰ ਹਰਨੀਆ ਕਿਹਾ ਜਾਂਦਾ ਹੈ। ਇਸ ਵਿਚ ਜ਼ਿਆਦਾਤਰ ਆਂਤੜੀਆਂ ਜਾਂ ਓਮੈਨਟਮ ਹੇਠਾਂ ਆਉਂਦਾ ਹੈ। ਪੇਡੂ ਵਾਲੇ ਹਰਨੀਆ ਵਿੱਚ ਆਂਤੜੀਆਂ ਜਾਂ ਓਮੈਨਟਮ ਤੋਂ ਇਲਾਵਾ ਬਲੈਡਰ ਦਾ ਹਿੱਸਾ ਅਪੈਂਡਿਕਸ, ਔਰਤਾਂ 'ਚ ਓਵਰੀ (ਅੰਡੇਦਾਨੀ) ਫੈਲੇਪੀਅਨ ਟਿਊਬ ਵੀ ਆ ਸਕਦੇ ਹਨ। ਜ਼ਿਆਦਾਤਰ ਹਰਨੀਆ ਸਰੀਰ ਦੇ ਬਾਹਰੀ ਹਿੱਸਿਆਂ (ਪੇਡੂ, ਧੁੰਨੀ) ਵਿਚ ਹੁੰਦਾ ਹੈ। ਇਹ ਸਰੀਰ ਦੇ ਅੰਦਰੇ ਅੰਦਰ ਵੀ ਹੋ ਸਕਦਾ ਹੈ। ਹਰਨੀਆ ਕਿਸੇ ਵੀ ਉਮਰ 'ਚ ਹੋ ਸਕਦਾ ਹੈ।

ਪੇਡੂ ਦਾ (ਇਨਗਵਾਈਨਲ ਹਰਨੀਆ) ਇਹ 5 ਤੋਂ 15 ਫੀਸਦੀ ਨੌਜਵਾਨਾਂ 'ਚ ਪਾਇਆ ਜਾਂਦਾ ਹੈ। ਉਮਰ ਦੇ ਨਾਲ ਇਸ ਦੀ ਫੀਸਦੀ ਵਧਦੀ ਜਾਂਦੀ ਹੈ ਅੱਧੇ ਬਜ਼ੁਰਗ ਇਸ ਨਾਲ ਪ੍ਰੇਸ਼ਾਨ ਰਹਿੰਦੇ ਹਨ। ਮਰਦਾਂ 'ਚ ਔਰਤਾਂ ਨਾਲੋਂ ਵੀਹ ਗੁਣਾ ਇਹ ਵੱਧ ਹੁੰਦਾ ਹੈ।

**ਹਰਨੀਆ ਹੁੰਦਾ ਹੀ ਕਿਉਂ ਹੈ?** - ਹਰਨੀਆ ਬਣਨ ਦੇ ਬਹੁਤ ਸਾਰੇ ਕਾਰਨ ਇਕੋ ਵੇਲੇ ਕੰਮ ਕਰਦੇ ਹਨ। ਮੁੱਖ ਕਾਰਨ ਹੇਠ ਲਿਖੇ ਹਨਃ–

1. **ਪੇਟ ਅੰਦਰ ਦਬਾਅ ਬਣਾਉਣ ਵਾਲੇ ਕਾਰਨ** :- ਜਿਵੇਂ ਵਾਰ ਵਾਰ ਖੰਘਣਾ, ਚੀਖਣਾ, ਕਬਜ਼ ਹੋਣੀ, ਪੇਸ਼ਾਬ 'ਚ ਰੁਕਾਵਟ ਹੋਣਾ, ਜ਼ਿਆਦਾ ਬੱਚੇ ਪੈਦਾ ਕਰਨਾ, ਪੇਟ ਦਾ ਵੱਧਦਾ ਕੈਂਸਰ, ਪੋਰਟਲ ਸ਼ਿਰਾਵਾਂ 'ਚ ਦਬਾਅ ਵਧਣਾ।

2. ਖੰਘਦੇ ਜਾਂ ਕਸਰਤ ਕਰਦੇ ਸਮੇਂ ਪੇਟ 'ਚ ਦਬਾਅ ਵਧਦਾ ਹੈ ਅਤੇ ਪੇਟ ਦੀਆਂ ਆਂਤੜੀਆਂ, ਅਮੈਂਟਸ ਸਰੀਰ ਦੇ ਕੰਮਜ਼ੋਰ ਹਿੱਸਿਆਂ (ਇੰਟਰਨਲ ਇੰਗੁਆਈਨਲ ਰਿੰਗ, ਟਰਾਂਸਵਰਸਿਸ ਫੇਸ਼ਿਆ) ਤੋਂ ਬਾਹਰ ਨਿਕਲ ਸਕਦੇ ਹਨ ਪਰ ਇਸ ਦੇ ਨਾਲ ਹੀ ਸਰੀਰ ਦੀ ਰਖਿਅਕ ਪ੍ਰਣਾਲੀ ਕੰਮ ਕਰਦੀ ਹੈ, ਇਸ 'ਚ ਇਨਗੁਆਈਨਲ ਮਾਸਪੇਸ਼ੀਆਂ (ਇਕਸਟਰਨਲ ਆਬਿਲਕ ਇੰਟਰਨਲ ਆਬਲਿਕ ਟ੍ਰਾਂਸਵਰਸਿਸ) ਸੁੰਗੜ ਕੇ ਇਕ ਪ੍ਰਕਾਰ ਦੀ ਸ਼ਟਰ ਪ੍ਰਣਾਲੀ ਰਾਹੀਂ ਕੰਮਜ਼ੋਰ ਹਿੱਸਿਆਂ ਨੂੰ ਢਕ ਲੈਂਦੀ ਹੈ। ਜਿਸ ਨਾਲ ਹਰਨੀਆ ਨਹੀਂ ਹੁੰਦਾ। ਪਰ ਵੱਖ ਵੱਖ ਕਾਰਨਾ ਨਾਲ ਸ਼ਟਰ ਪ੍ਰਣਾਲੀ ਦੀਆਂ ਮਾਸਪੇਸ਼ੀਆਂ ਕੰਮਜ਼ੋਰ ਹੋ ਜਾਂਦੀਆਂ ਹਨ ਜਾਂ ਟੁੱਟਦੀਆਂ ਹਨ। ਵਧਦੀ ਉਮਰ, ਘੱਟ ਸਰੀਰਕ ਕਸਰਤ, ਮੋਟਾਪਾ, ਬੀਮਾਰੀ ਜਾਂ ਅਪ੍ਰੇਸ਼ਨ ਨਾਲ ਸਰੀਰ ਦਾ ਵਜ਼ਨ ਘਟਨਾ ਆਦਿ। ਇੰਡਾਇਰੈਕਟ ਇਨਗੁਆਈਨਲ ਹਰਨੀਆ 'ਚ ਜਨਮ ਤੋਂ ਹੀ ਬਣੀ ਹੋਈ ਥੈਲੀ (ਪੇਟੈਂਟ ਪ੍ਰੋਸੈਸਸ ਵੇਜਾਈ ਨੇਲਿਸ) ਵੀ ਇਕ ਕਾਰਨ ਹੁੰਦਾ ਹੈ।

**ਲੱਛਣ ਤੇ ਪਹਿਚਾਣ** :- ਸ਼ੁਰੂ 'ਚ ਹੌਲੀ ਹੌਲੀ ਵਧਦਾ ਹੈ। ਇਸ ਕਾਰਨ ਥੋੜੀ ਬਹੁਤਾ ਅਸੁਵਿਧਾ ਹੁੰਦੀ ਹੈ। ਸਿਰਫ ਖੰਘਣ ਜਾਂ ਜ਼ੋਰ ਲਾਉਣ 'ਤੇ ਪੇਡੂ 'ਚ ਉਭਾਰ ਦਿਸਦਾ ਹੈ ਜੋ ਸਰੀਰ ਨੂੰ ਢਿੱਲਾ ਛੱਡਦਿਆਂ ਹੀ ਗਾਇਬ ਹੋ ਜਾਂਦਾ ਹੈ। ਹਰਨੀਆ ਦੀ ਗੰਢ ਹੋਰ ਵਧਣ ਪਿੱਛੋਂ ਗੰਢ ਆਪਣੇ ਆਪ ਅੰਦਰ ਨਹੀਂ ਜਾਂਦੀ ਹੈ। ਮਰੀਜ਼ ਲੇਟ

ਕੇ ਖ਼ੁਦ ਆਪਣੇ ਹੱਥਾਂ ਨਾਲ ਦਬਾ ਕੇ ਆਪਣੇ ਤਰੀਕੇ ਨਾਲ ਅੰਦਰ ਕਰਦਾ ਹੈ। ਇਨ੍ਹਾਂ ਸਾਰਿਆਂ ਨੂੰ ਰੀਡੂਸੀਬਲ ਹਰਨੀਆ Reducible Harnia ਕਹਿੰਦੇ ਹਨ। ਹਰਨੀਆ 'ਚ ਆਂਤਾਂ ਮੁਲਾਇਮ ਹੁੰਦੀਆਂ ਹਨ ਅਤੇ ਗੁੜਗੁੜ ਦੀ ਆਵਾਜ਼ ਕਰਦੀਆਂ ਅੰਦਰ ਜਾਂਦੀਆਂ ਹਨ ਤੇ ਇਸ ਵਿਚ ਸਟੈਥੋਸਕੋਪ ਨਾਲ ਆਂਤਾਂ ਦੀ ਗਤੀ ਸੁਣਾਈ ਦਿੰਦੀ ਹੈ। ਔਮੈਂਟਸ ਵੀ ਮੁਲਾਇਮ ਹੀ ਹੁੰਦਾ ਹੈ, ਇਸ ਦਾ ਆਖਰੀ ਹਿੱਸਾ ਮੁਸ਼ਕਲ ਨਾਲ ਅੰਦਰ ਜਾਂਦਾ ਹੈ ਅਤੇ ਇਸ ਵਿਚ ਪੈਰੀ ਸਟਾਲਸ਼ਿਸ ਨਹੀਂ ਹੁੰਦੀ। ਲੰਮੇਂ ਅਰਸੇ ਪਿੱਛੋਂ ਹਰਨੀਆ ਦੀ ਗੱਠ 'ਚ ਆਂਤਾ, ਔਮੈਂਟਸ ਆਪਸ ਵਿਚ ਚਿਪਕ ਜਾਂਦੇ ਹਨ ਇਹ ਦਬਾਉਣ 'ਤੇ ਛੋਟਾ ਨਹੀਂ ਹੁੰਦਾ ਹੈ ਇਰਰਿਊਡੀਸਟਲ ਹਰਨੀਆ ਕਹਿੰਦੇ ਹਨ।

**ਸਟ੍ਰੇਗੂਲੇਸ਼ਨ ਜਾਨਲੇਵਾ ਖਤਰਾ** :- ਹਰਨੀਆ ਦੀ ਥੈਲੀ 'ਚ ਆ ਰਹੀਆਂ ਆਂਤਾਂ, ਔਮੈਂਟਸ ਆਦਿ ਹਰਨੀਆਂ ਦੇ ਛੇਦ 'ਤੇ ਅਚਾਨਕ ਦਬਾਅ ਪਾਉਣ ਨਾਲ ਜਕੜ (ਸਟ੍ਰੇਗੂਲੇਸ਼ਨ) ਲਏ ਜਾਂਦੇ ਹਨ ਜੇ ਇਹ ਅਵਸਥਾ ਜਾਰੀ ਰਹਿੰਦੀ ਹੈ ਤਾਂ ਆਂਤਾਂ, ਔਮੈਂਟਸ ਦੀ ਬਲੱਡ ਸਪਲਾਈ (ਪਹਿਲਾਂ ਸ਼ਿਰਾਵਾਂ ਦਾ ਬਾਅਦ 'ਚ ਧਮਨੀਆ ਦਾ) ਬੰਦ ਹੋ ਸਕਦਾ ਹੈ, ਇਸ ਨਾਲ ਗੈਂਗਰੀਨ ਹੋ ਸਕਦਾ ਹੈ। ਇਸ ਰੁਕਾਵਟ 'ਚ ਕੀਟਾਣੂ ਦੇ ਵਾਧੇ ਨਾਲ ਜ਼ਹਿਰੀਲੇ ਪਦਾਰਥ (ਟੌਕਸਿਨਜ਼) ਬਣਦੇ ਹਨ। ਨਾਲ ਹੀ ਆਂਤਾਂ ਦਾ ਬੰਦ ਅਤੇ ਪੈਰਿਟੋਨਾਈਟਸ ਹੁੰਦੀ ਹੈ ਜਿਸ ਨਾਲ ਜ਼ਿੰਦਗੀ ਖਤਰੇ 'ਚ ਪੈਂਦੀ ਹੈ ਸਟ੍ਰੇਗੂਲੈਂਸ਼ਨ ਜਿੰਨਾ ਪੁਰਾਨਾ ਹੋਵੇਗਾ, ਉਨ੍ਹਾਂ ਹੀ ਮੌਤ ਦਾ ਡਰ ਵੱਧ ਹੋਵੇਗਾ।

**ਅਪ੍ਰੇਸ਼ਨ ਕਦੋਂ?** - ਮਰੀਜ਼ ਦੀ ਸਿਗਰਟਨੋਸ਼ੀ ਕੁਝ ਦਿਨ ਪਹਿਲਾਂ ਬੰਦ ਕਰ ਦਿੱਤੀ ਜਾਂਦੀ ਹੈ। ਮੋਟੇ ਆਦਮੀ ਦਾ ਵਜਨ ਘਟਾਉਂਦੇ ਹਨ। ਹਿਰਦੇ, ਫੇਫੜੇ ਤੇ ਗੁਰਦਿਆਂ ਦੀ ਜਾਂਚ ਆਮ ਹੋਣ 'ਤੇ ਹੀ ਅਪ੍ਰੇਸ਼ਨ ਕੀਤਾ ਜਾਂਦਾ ਹੈ। ਮਰੀਜ਼ ਜੇ ਹਾਈਬਲੱਡ ਪ੍ਰੈਸ਼ਰ, ਡਾਇਬਟੀਸ਼ ਨਾਲ ਗ੍ਰਸਿਤ ਹੋਵੇ ਤਾਂ ਉਨ੍ਹਾਂ ਨੂੰ ਪਹਿਲਾਂ ਕੰਟਰੋਲ ਕੀਤਾ ਜਾਂਦਾ ਹੈ ਜੇ ਉਕਤ ਬੀਮਾਰੀਆਂ ਪੂਰੀ ਤਰ੍ਹਾਂ ਕੰਟਰੋਲ 'ਚ ਨਹੀਂ ਹਨ ਤਾਂ ਉਨ੍ਹਾਂ ਦਾ ਇਲਾਜ ਨਾਲ ਵੱਧ ਤੋਂ ਵੱਧ ਸੰਭਵ ਕੰਟਰੋਲ ਕਰਕੇ ਅਪ੍ਰੇਸ਼ਨ ਕਰ ਦਿੱਤਾ ਜਾਂਦਾ ਹੈ। ਸਟ੍ਰੇਗੂਲੇਸ਼ਣ ਹੋਣ 'ਤੇ ਐਮਰਜੰਸੀ ਅਪ੍ਰੇਸ਼ਨ ਕੁਝ ਹੀ ਘੰਟਿਆਂ 'ਚ ਕੀਤਾ ਜਾਂਦਾ ਹੈ। ਜੇ ਸਟ੍ਰੇਗੂਲੇਸ਼ਨ ਖ਼ਤਮ ਹੋ ਕੇ ਹਰਨੀਆ ਅੰਦਰ ਚਲਾ ਜਾਵੇ ਤਾਂ ਅਪਰੇਸ਼ਨ ਕੁਝ ਦਿਨ ਠਹਿਰ ਕੇ ਕਰਦੇ ਹਨ ਜਿਸ ਨਾਲ ਮਾਸ ਪੇਸ਼ੀਆਂ ਦੀ ਸੋਜ਼ ਉਤਰ ਜਾਵੇ ਤੇ ਮਜ਼ਬੂਤ ਮੁਰੰਮਤ ਹੋ ਸਕੇ। ਸਟ੍ਰੈਗੂਲੇਸ਼ਨ ਦੇ ਪਹਿਲੇ ਦਿਨਾਂ 'ਚ ਹੀ ਜੇ ਮਰੀਜ਼ ਆਰਾਮ ਨਾਲ ਬਿਸਤਰ 'ਤੇ ਲੇਟੇ, ਉਸ ਨੂੰ ਦਰਦ ਨਾਲ ਟੀਕਾ ਲਾਇਆ ਜਾਵੇ ਤੇ ਬਿਸਤਰੇ ਦਾ ਪੈਰਾਂ ਵਾਲਾ ਪਾਸਾ 6 ਤੋਂ 12 ਇੰਚ ਉਪਰ ਰੱਖੋ ਤਾਂ ਹਰਨੀਆ ਅੰਦਰ ਜਾ ਸਕਦਾ ਹੈ। ਜੇ ਗੱਠ ਅੰਦਰ ਨਾ ਜਾਵੇ ਤਾਂ ਹੱਥ ਨਾਲ ਦਬਾਕੇ ਟੈਨਸੀਸ ਤਰੀਕੇ ਨਾਲ ਅੰਦਰ ਕਰਦੇ ਹਨ। ਦੇਰੀ ਵਾਲੇ ਮਰੀਜ਼ਾਂ 'ਚ ਇਹ ਸੰਭਵ ਨਹੀਂ ਹਰਨੀਆ ਬੈਲਟ ਸਹੀ ਇਲਾਜ ਨਹੀਂ ਹੈ। ਇਹ ਅਸੁਵਿਧਾਜਨਕ ਵੀ ਹੈ। ਇਸ ਨੂੰ ਹਰ ਸਮੇਂ ਇਕੋ ਥਾਂ ਛੇਦ 'ਤੇ ਰੱਖਣਾ ਮੁਸ਼ਕਲ ਹੈ। ਇਸ ਨਾਲ ਹਰਨੀਆ ਖਤਮ ਤਾਂ ਹੁੰਦਾ ਹੀ ਨਹੀਂ। ਇਸ ਦੇ ਦਬਾਅ ਨਾਲ ਮਾਸਪੇਸ਼ੀਆਂ ਕੰਮਜ਼ੋਰ ਪੈਂਦੀਆਂ ਹਨ।

-----✪✪-----

# ਗੁਰਦਿਆਂ ਸਬੰਧੀ ਬੀਮਾਰੀਆਂ ’ਚ ਵਾਧਾ ਕਿਉਂ?

ਅੱਜ ਦੇਸ਼ ’ਚ ਲਗਭਗ 5 ਲੱਖ ਅਜਿਹੇ ਮਰੀਜ਼ ਹਨ ਜਿਨ੍ਹਾਂ ਦੇ ਗੁਰਦੇ ਪੂਰੀ ਤਰ੍ਹਾਂ ਖਰਾਬ ਹੋ ਚੁੱਕੇ ਹਨ ਅਤੇ ਹਰ ਸਾਲ ਇਕ ਸਾਲ ਅਜਿਹੇ ਰੋਗੀ ਇਸ ਸੰਖਿਆ ’ਚ ਜੁੜ ਜਾਂਦੇ ਹਨ। ਦੇਸ਼ ਵਿਚ ਹਰੇਕ 2000 ਪਰਿਵਾਰਾਂ ’ਚੋਂ ਇਕ ਪਰਿਵਾਰ ਇਸ ਬੀਮਾਰੀ ਨਾਲ ਗ੍ਰਸਿਤ ਹੈ। ਪਰ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਇਨ੍ਹਾਂ ’ਚੋਂ ਸਿਰਫ 6 ਤੋਂ 8 ਹਜ਼ਾਰ ਰੋਗੀ ਹੀ ਇਲਾਜ ਕਰਵਾਉਂਦੇ ਹਨ ਜੋ ਕੁਝ ਰੋਗੀਆਂ ਦਾ 1 ਤੋਂ 2 ਫੀਸਦੀ ਹੀ ਹੁੰਦੇ ਹਨ। ਹੁਣ ਪ੍ਰਸ਼ਨ ਇਹ ਹੈ ਕਿ ਆਖਰ ਏਨੇ ਘੱਟ ਮਰੀਜ਼ ਹੀ ਕਿਉਂ ਇਲਾਜ ਕਰਵਾ ਸਕਦੇ ਹਨ ਤਾਂ ਇਸ ਦੇ ਤਿੰਨ ਮੁੱਖ ਕਾਰਨ ਹਨ ਪਹਿਲਾ ਕਿ ਅੱਜ ਆਦਮੀ ਨੂੰ ਗੁਰਦਿਆਂ ਤੇ ਉਸ ਨਾਲ ਸਬੰਧਤ ਬੀਮਾਰੀਆਂ ਦੀ ਜਾਣਕਾਰੀ ਨਹੀਂ ਹੈ। ਦੂਜਾ ਦੇਸ਼ ਦੇ ਬਹੁਤ ਘੱਟ ਹਸਪਤਾਲਾਂ ’ਚ ਇਸ ਦੇ ਇਲਾਜ ਦੀ ਸਹੂਲਤ ਹੈ ਅਤੇ ਤੀਜਾ ਸਭ ਤੋਂ ਮਹੱਤਵਪੂਰਨ ਕਾਰਨ ਹੈ, ਇਸ ਦਾ ਇਲਾਜ ਬਹੁਤ ਮਹਿੰਗਾ ਹੈ ਅਤੇ ਬਹੁਤੇ ਲੋਕਾਂ ਕੋਲ ਖਰਚ ਕਰਨ ਲਈ ਪੈਸੇ ਨਹੀਂ ਹਨ।

**ਗੁਰਦਿਆਂ ਦਾ ਕੰਮ ਕੀ ਹੈ?** - ਸਾਡੇ ਗੁਰਦੇ ਲਗਭਗ 1500 ਲਿਟਰ ਖ਼ੂਨ ਨੂੰ ਸਾਫ ਕਰਕੇ ਲਗਭਗ 9.5 ਲਿਟਰ ਮੂਤਰ ’ਚ ਬਦਲ ਦਿੰਦੇ ਹਨ, ਲਗਭਗ 1200 ਮਿ. ਲਿਟਰ ਖ਼ੂਨ ਹਰ ਇਕ ਮਿੰਟ ’ਚ ਦੋਨਾਂ ਗੁਰਦਿਆਂ ਤੋਂ ਲੰਘਦਾ ਹੈ ਅਤੇ ਇਕ ਮਿ. ਲਿਟਰ ਪ੍ਰਤੀ ਮਿੰਟ ਦੇ ਹਿਸਾਬ ਨਾਲ ਮੂਤਰ ’ਚ ਬਦਲ ਜਾਂਦਾ ਹੈ।

**ਮੂਤਰ ਦਾ ਬਣਨਾ** - 1000 ਤੋਂ 1200 ਮਿ. ਲੀ. ਖ਼ੂਨ ਗੁਰਦਿਆਂ ’ਚ ਜਾਣਾ 100 ਤੋਂ 120 ਮਿ. ਲਿ./ਮਿੰਟ ਛਨਣ ਪਿੱਛੋਂ ਨਲਕੀਆਂ ’ਚ ਜਾਣਾ 1-1.2 ਮਿ. ਲੀ./ਮਿੰਟ ਸਰੀਰ ਤੋਂ ਬਾਹਰ ਪੇਸ਼ਾਬ ਦਾ ਨਿਕਲਣਾ। ਛਣੇ ਹੋਏ ਪੇਸ਼ਾਬ ਰਾਹੀਂ ਸਰੀਰ ਦੇ ਗੰਦੇ ਤੇ ਬੇਲੋੜੇ, ਹਾਨੀਕਾਰਕ ਪਦਾਰਥ ਜਿਵੇਂ ਯੂਰੀਆ, ਕ੍ਰਿਏਟਿਨੀਨ ਵੱਖ ਵੱਖ ਪ੍ਰਕਾਰ ਦੇ ਅਮਲ ਆਦਿ ਬਾਹਰ ਨਿਕਲ ਜਾਂਦੇ ਹਨ। ਗੁਰਦੇ ਸਰੀਰ ’ਚ ਪਾਣੀ ਦੀ ਮਾਤਰਾ ਨੂੰ ਸੰਤੁਲਤ ਕਰਦੇ ਹਨ। ਇਹੀ ਕਾਰਨ ਹੈ ਕਿ ਗੁਰਦੇ ਖਰਾਬ ਹੋਣ ਤੇ ਸਰੀਰ ਸੁਜਣ ਲੱਗਦਾ ਹੈ। ਗੁਰਦੇ ਬਲੱਡ ਪ੍ਰੈਸ਼ਰ ਵੀ ਕੰਟਰੋਲ ਕਰਦੇ ਹਨ। ਗੁਰਦੇ ਵਿਟਾਮਿਨ ਡੀ ਨੂੰ 25 ਡਾਈਹਾਈਡਰੋਕਿਸ ਕੈਲੀ-ਕੇਲਿਸਫੇਰੋਲ ਤੋਂ 1:25 ਡਾਈਹਾਈਡਰੋਕਿਸ ਕੈਲੀ-ਕੇਲਸੀਫਿਰੋਲ ’ਚ ਬਦਲਦੇ ਹਨ ਜੋ ਸਾਡੇ ਸਰੀਰ ਵਿਚ ਕੈਲਸ਼ੀਅਮ ਨੂੰ ਅੰਤੜੀਆਂ ਤੋਂ ਸੋਕ ਕੇ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ। ਖ਼ੂਨ ਦੀਆਂ ਲਾਲ ਰਕਤ ਕੋਸ਼ਕਾਵਾਂ ਜੋ ਕਿ ਹੱਡੀਆਂ ’ਚ ਬਣਦੀਆਂ ਹਨ ਨੂੰ ਇਕ ਤਰਲ ਪਦਾਰਥ ਰਾਹੀਂ ਬਣਨ ’ਚ ਮਦਦ ਕਰਦੇ ਹਨ। ਪਰ ਛੋਟੇ ਜਿਹੇ ਗੁਰਦੇ ਏਨਾ ਭਾਰੀ ਕੰਮ ਕਿਵੇਂ ਕਰ ਲੈਂਦੇ ਹਨ। ਗੁਰਦਿਆਂ ਦੀ ਇਸ ਇਕਾਈ ਨੂੰ ਨੇਫ੍ਰਾਨ ਕਹਿੰਦੇ ਹਨ। ਇਕ ਗੁਰਦੇ ’ਚ ਲਗਭਗ 10 ਲੱਖ ਅਜਿਹੀਆਂ ਇਕਾਈਆਂ ਹੁੰਦੀਆਂ ਹਨ। ਨਲਿਕਾਵਾਂ ਉਸ ਛਣੇ ਹੋਏ ਤਰਲ ਵਿਚੋਂ ਅੱਛੀਆਂ ਚੀਜ਼ਾਂ ਸੋਡੀਅਮ, ਪੋਟਾਸ਼ੀਅਮ ਕੈਲਸ਼ੀਅਮ ਆਦਿ ਸੋਕ ਲੈਂਦੀਆਂ ਹਨ।

**ਗੁਰਦੇ ਖਰਾਬ ਕਿਉਂ ਹੋ ਜਾਂਦੇ ਹਨ** - 1. ਸ਼ੂਗਰ ਦੀ ਬੀਮਾਰੀ 2. ਹਾਈ ਬਲੱਡ ਪ੍ਰੈਸ਼ਰ 3. ਕਈ ਪ੍ਰਕਾਰ ਦੀਆਂ ਦਵਾਈਆਂ ਜਿਵੇਂ ਦਰਦ ਨਿਵਾਰਕ ਵੱਧ ਗੋਲੀਆਂ ਖਾਣਾ ਤੇ ਬੇਲੋੜਾ ਦਵਾਈਆਂ ਵਰਤਣਾ 4. ਖ਼ੂਨ ਜਾਂ ਪੀਣ ਦੀ ਵੱਧ ਤੇਜ਼ ਘਾਟ ਜਿਵੇਂ ਦਸਤ, ਉਲਟੀਆਂ, ਹੈਜਾ ਆਦਿ 5 ਗੁਰਦੇ ਦੀਆਂ ਛਾਲਣੀਆਂ ਵਿਚ ਸੋਜ਼ ਕਾਰਨ ਪੇਸ਼ਾਬ ਰਾਹੀਂ ਪ੍ਰੋਟੀਨ ਨਿਕਲਣ ਲਗਦੇ ਹਨ। 6. ਗੁਰਦੇ ਦੀਆਂ ਪਥਰੀਆਂ ਬਣਨਾ 7. ਪੇਸ਼ਾਬ ਦੇ ਰਾਹ ’ਚ ਰੁਕਾਵਟ ਆਦਿ। ਗੁਰਦੇ ਦੀ ਖਰਾਬੀ ਕਿੰਨੇ ਕਿਸਮ

ਦੀ ਹੁੰਦੀ ਹੈ।

**ਮੋਟੇ ਤੌਰ ’ਤੇ ਇਹ ਤਿੰਨ ਪ੍ਰਕਾਰ ਦੀ ਹੁੰਦੀ ਹੈ :-**

1. **ਗੁਰਦਾ ਇਕਦਮ ਫੇਲ੍ਹ ਹੋਣਾ** :- ਇਹ ਇਲਾਜ ਨਾਲ ਠੀਕ ਹੋ ਜਾਂਦਾ ਹੈ ਜਿਸ ਦੇ ਕਾਰਨਾ ’ਚ ਪਾਣੀ ਦੀ ਕਮੀ ਜਿਵੇਂ ਹੈਜਾ, ਬਲੱਡ ਪ੍ਰੈਸ਼ਰ ਘੱਟ ਹੋ ਜਾਣਾ, ਦਵਾਈਆਂ ਦਾ ਅਸਰ ਤੇ ਇਨਫੈਕਸ਼ਨ ਆਦਿ।

2. **ਲੰਮੇ ਅਰਸੇ ’ਚ ਗੁਰਦਾ ਫੇਲ੍ਹ ਹੋਣਾ** :- ਵੱਖ ਵੱਖ ਬੀਮਾਰੀਆਂ ਜਿਵੇਂ ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ, ਝਿੱਲੀ ਦਾ ਸੋਜ ਆਦਿ ਨਾਲ। ਇਸ ’ਚ ਜੀਵਨ ’ਚ ਲੋੜੀਂਦਾ ਡਾਇਲਸਸ ਜਾਂ ਗੁਰਦਾ ਬਦਲਣਾ ਪੈਂਦਾ ਹੈ।

ਗੁਰਦੇ ਤੋਂ ਪ੍ਰੋਟੀਨ ਜਾਣਾ, ਸਰੀਰ ’ਚ ਸੋਜ਼ ਆਉਣਾ ਇਸ ’ਚ ਅੱਗੇ ਚੱਲ ਕੇ ਗੁਰਦੇ ਫੇਲ੍ਹ ਹੋ ਜਾਂਦੇ ਹਨ। ਗੁਰਦੇ ਖਰਾਬ ਹੋਣ ਕਰਕੇ ਲੱਛਣ ਕਦੋਂ ਉਭਰਦੇ ਹਨ:– ਜੇ ਆਦਮੀ ਦਾ ਇਕ ਗੁਰਦਾ ਕੱਢ ਦਿੱਤਾ ਜਾਵੇ ਤਾਂ ਇਕ ਗੁਰਦੇ ਨਾਲ ਜ਼ਿੰਦਗੀ ਸਚਾਰੂ ਰੂਪ ’ਚ ਚੱਲ ਸਕਦੀ ਹੈ।

– ਦੋਨੋਂ ਗੁਰਦਿਆਂ ’ਚ ਬੀਮਾਰੀ ਹੋਵੇ ਗੁਰਦੇ ਫੇਲ੍ਹ ਤਾਂ ਹੀ ਕਿਹਾ ਜਾਂਦਾ ਹੈ।

**ਲੱਛਣ ਨਿਮਨ ਕਿਸਮ ਦੇ ਹੋ ਸਕਦੇ ਹਨ:-**

ਸਰੀਰ ’ਚ ਸੋਜ ਆਉਣੀ 2. ਭੁੱਖ ਦੀ ਕਮੀ 3. ਉਲਟੀ ਆਉਣਾ 4. ਖ਼ੂਨ ਦੀ ਕਮੀ ਹੋਣਾ 5. ਹੱਡੀਆਂ ਕੰਮਜ਼ੋਰ ਹੋਣਾ 6. ਥਕਾਵਟ ਹੋਣੀ 7. ਸਾਹ ਫੁੱਲਣਾ 8. ਹਾਈ ਬਲੱਡ ਪ੍ਰੈਸ਼ਰ 9. ਮੂਤਰ ਦੀ ਮਾਤਰਾ ’ਚ ਕਮੀ।

**ਗੁਰਦਾ ਖਰਾਬ ਹੋਣ ਤੋਂ ਬਚਾਅ ਦੇ ਉਪਾਅ**

ਪਾਣੀ ਦੀ ਮਾਤਰਾ ਦੀ ਵਰਤੋਂ ਵੱਧ ਕਰਨੀ 2. ਜੇ ਸ਼ੂਗਰ ਜਾਂ ਹਾਈ ਬਲੱਡ ਪ੍ਰੈਸ਼ਰ ਦੀ ਬੀਮਾਰੀ ਹੋਵੇ ਤਾਂ ਉਸ ਨੂੰ ਕੰਟਰੋਲ ਰੱਖਣਾ। 3. ਦਰਦ ਨਿਵਾਰਕ ਗੋਲੀਆਂ ਸਿਰਫ ਲੋੜ ਪੈਣ ’ਤੇ ਹੀ ਲੈਣੀਆਂ। ਵੱਧ ਮਾਤਰਾ ਦੀ ਵਰਤੋਂ ਨਹੀਂ ਕਰਨੀ। 4. ਬੇਲੋੜੀਆਂ ਦਵਾਈਆਂ ਤੋਂ ਬਚਣਾ। 5. ਗੁਰਦੇ ਦੀ ਬੀਮਾਰੀ ਦਾ ਸ਼ੱਕ ਹੁੰਦਿਆਂ ਹੀ ਗੁਰਦੇ ਦੇ ਡਾਕਟਰ ਤੋਂ ਉਚਿਤ ਸਲਾਹ ਲੈਣੀ ਕਿਉਂਕਿ ਗੁਰਦਿਆਂ ਦੀਆਂ ਬੀਮਾਰੀਆਂ ਜਲਦੀ ਇਲਾਜ ਮਿਲਣ ਨਾਲ ਹੀ ਠੀਕ ਹੋ ਸਕਦੀਆਂ ਹਨ। ਇਲਾਜ ’ਚ ਦੇਰ ਹੋਣ ਨਾਲ ਗੁਰਦੇ ਪੂਰੀ ਤਰ੍ਹਾਂ ਖਰਾਬ ਹੋਣ ਦੀ ਸੰਭਾਵਨਾ ਰਹਿੰਦੀ ਹੈ।

**ਗੁਰਦੇ ਵੀ ਬੀਮਾਰੀ ਦਾ ਇਲਾਜ**

1. ਜੇ ਸਿਰਫ ਪ੍ਰੋਟੀਨ ਦੀ ਵੱਧ ਮਾਤਰਾ ਹੀ ਪੇਸ਼ਾਬ ’ਚ ਜਾ ਰਹੀ ਹੈ (ਗੁਰਦੇ ਫੇਲ੍ਹ ਨਹੀਂ ਹਨ) ਅਜਿਹੀ ਸਥਿਤੀ ’ਚ ਪ੍ਰਹੇਜ ਤੇ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਤੇ ਰੋਗ ਨੂੰ ਅੱਗੇ ਵਧਣ ਤੋਂ ਰੋਕਣ ਲਈ ਉਪਾਅ ਕੀਤੇ ਜਾਂਦੇ ਹਨ। ਕਦੀ ਕਦੀ ਗੁਰਦੇ ਦੀ ਸੂਈ ਨਾਲ ਜਾਂਚ ਵੀ ਜ਼ਰੂਰੀ ਹੁੰਦੀ ਹੈ ਜਿਸ ਨਾਲ ਬੀਮਾਰੀ ਦਾ ਪਤਾ ਲਾ ਕੇ ਉਸ ਦਾ ਇਲਾਜ ਹੋ ਸਕੇ ਤੇ ਗੁਰਦੇ ਨੂੰ ਜਿੱਥੋਂ ਤੱਕ ਸੰਭਵ ਹੋਵੇ ਖਰਾਬ ਹੋਣ ਤੋਂ ਬਚਾਇਆ ਜਾ ਸਕੇ।

ਜੇ ਗੁਰਦੇ ਇਕਦਮ ਫੇਲ੍ਹ ਹੋਏ ਹਨ ਤਾਂ ਜਿਵੇਂ ਹੈਜਾ ਸੈਪਟਿਕ ਆਦਿ ਤਾਂ ਗੁਰਦੇ ਠੀਕ ਹੋਣ ਦੇ ਆਸਾਰ ਕਾਫੀ ਅੱਛੇ ਹੁੰਦੇ ਹਨ ਤੇ ਮਰੀਜ਼ ਪਹਿਲਾਂ ਵਾਂਗੂੰ ਸਿਹਤਮੰਦ ਹੋ ਜਾਂਦਾ ਹੈ।

3. ਗੁਰਦੇ ਜੇ ਪੂਰੀ ਤਰ੍ਹਾਂ ਖਰਾਬ ਹੋਣ ਤਾਂ ਖਾਣ ਪੀਣ 'ਚ ਪ੍ਰਹੇਜ਼ ਹੀਮੋਡਾਇਲਿਮਸ-ਘੱਟੇ ਘੱਟ ਹਫਤੇ 'ਚ ਦੋ ਵਾਰੀ

- ਸੀ. ਏ. ਪੀ. ਡੀ.
- ਗੁਰਦਾ ਬਦਲੀ

**ਖਾਣ ਪੀਣ 'ਚ ਸਾਵਧਾਨੀਆਂ**

1. ਨਮਕ ਦੀ ਮਾਤਰਾ ਘੱਟ, ਜਲ ਦੀ ਮਾਤਰਾ ਵੀ ਪੇਸ਼ਾਬ ਦੀ ਮਾਤਰਾ ਅਨੁਸਾਰ (ਦੁੱਧ ਚਾਹ ਪਾਣੀ ਮਿਲਾਕੇ)

2. ਰਸੀਲੇ ਫਲ ਨਹੀਂ ਖਾਣਾ ਤੇ ਗੁਦੇ ਵਾਲੇ ਫਲਾਂ ਦੀ ਵਰਤੋਂ ਜਿਵੇਂ- ਸੇਬ, ਅਮਰੂਦ, ਦੋ ਤਿੰਨ ਫਾਂਕ ਪਪੀਤਾ।

3. ਪੱਤਿਆਂ ਵਾਲੀਆਂ ਤੇ ਹਰੀਆਂ ਸਬਜ਼ੀਆਂ ਪਾਣੀ 'ਚ ਉਬਾਲ ਕੇ ਵਰਤਨਾ।

4. ਪ੍ਰੋਟੀਨ ਘੱਟ ਮਾਤਰਾ 'ਚ ਲੈਣਾ (ਵੱਧ ਸੇਮ, ਚਨਾ, ਦਾਲ ਤੇ ਦੁੱਧ ਦੀ ਵਰਤੋਂ ਨਹੀਂ ਕਰਨੀ)

5. ਦਿਨ ਭਰ 'ਚ ਇਕ ਵੱਡਾ ਚਮਚਾ ਤੇਲ ਜਾਂ ਘੀ ਦਾ ਵਰਤਨਾ।

**ਹੀਮੋਡਾਇਲਿਮਸ** - ਇਕ ਬਨਾਉਟੀ ਗੁਰਦੇ ਰਾਹੀਂ ਮਸ਼ੀਨ ਨਾਲ ਖ਼ੂਨ ਸਾਫ ਕੀਤਾ ਜਾਂਦਾ ਹੈ। ਇਸ 'ਚ ਦੋ ਸੂਈਆਂ ਵਰਤੀਆਂ ਜਾਂਦੀਆਂ ਹਨ। ਜੋ ਹੱਥਾਂ 'ਚ ਫੁਲੀਆਂ ਹੋਈਆਂ ਨਸਾਂ ਵਿਚ ਜਿਵੇਂ ਗੁਲੂਕੋਜ਼ ਬੋਤਲ ਲਾਈ ਜਾਂਦੀ ਹੈ, ਉਸ ਤਰ੍ਹਾਂ ਲਾ ਦਿੱਤੀਆਂ ਜਾਂਦੀਆਂ ਹਨ। ਇਸ ਦੇ ਲਈ ਪਹਿਲਾਂ ਇਕ ਛੋਟਾ ਅਪ੍ਰੇਸ਼ਨ ਕਰਕੇ ਨਸਾਂ ਨੂੰ ਜੋੜ ਦਿੱਤਾ ਜਾਂਦਾ ਹੈ। ਜਿਸ ਨਾਲ ਨਸਾਂ ਫੁੱਲ ਕੇ ਤਿਆਰ ਹੋ ਜਾਂਦੀਆਂ ਹਨ ਜਿਸਨੂੰ ਏ-ਵੀ ਫਿਸਚੁਲਾ ਕਹਿੰਦੇ ਹਨ। ਇਕ ਗੁਰਦੇ ਤੋਂ ਗੰਦਾ ਖ਼ੂਨ ਮਸ਼ੀਨ ਤੇ ਬਨਾਉਟੀ ਗੁਰਦੇ 'ਚ ਜਾਂਦਾ ਹੈ, ਦੂਜੀ ਸੂਈ ਤੋਂ ਸਾਫ ਖ਼ੂਨ ਵਾਪਸ ਸਰੀਰ 'ਚ ਮੁੜਦਾ ਹੈ।

ਔਸਤਨ ਇਕ ਵਿਅਕਤੀ ਹਰ ਮਹੀਨੇ ਦੋ ਜਾਂ ਤਿੰਨ ਵਾਰੀ ਹੀਮੋਡਾਇਲਿਸਸ ਕਰਵਾਉਂਦਾ ਹੈ ਹਰੇਕ ਡਾਇਲਿਸਸ ਦਾ ਸਮਾਂ ਲੱਗ ਚਾਰ ਘੰਟੇ ਹੁੰਦਾ ਹੈ। ਇਸ ਦਾ ਖਰਚਾ ਸਰਕਾਰੀ ਹਸਪਤਾਲਾਂ 'ਚ 2000 ਰੁਪਏ ਹੀ ਆਉਂਦਾ ਹੈ। ਪ੍ਰਾਈਵੇਟ ਵੱਧ। ਆਹਾਰ ਤੇ ਤਰਲ 'ਤੇ ਪਬੰਦੀ ਰਹਿੰਦੀ ਹੈ।

ਕੰਟੀਨਿਊਨਸ ਐਂਬੂਲੇਟਰੀ ਪ੍ਰੇਰੀਟੋਨੀਅਨ ਡਾਇਲਿਸਸ CAPD - ਇਹ ਘਰੇ ਹੀ ਕੀਤੀ ਜਾਂਦੀ ਹੈ। ਇਸ 'ਚ ਪੇਟ ਦੀ ਝਿੱਲੀ ਹੀ ਫਿਲਟਰ ਦਾ ਕੰਮ ਕਰਦੀ ਹੈ।

ਆਟੋਮੈਟਿਕ ਪ੍ਰੀਟੋਨੀਅਨ ਡਾਇਲਿਸਸ (ਏ. ਪੀ. ਡੀ.) ਇਸ ਵਾਲੀ ਮਸ਼ੀਨ ਦੀ ਕੀਮਤ ਡੇਢ ਲੱਖ ਹੁੰਦੀ ਹੈ ਤੁਸੀਂ ਘਰੇ ਇਹ ਲਾਕੇ ਰਾਤ ਨੂੰ ਸੌਂ ਜਾਵੋ ਤੇ ਸਵੇਰ ਤੱਕ ਇਹ ਮਸ਼ੀਨ ਰਕਤ ਸ਼ੁਧੀ ਕਰਦੀ ਹੈ।

ਗੁਰਦਾ ਬਦਲੀ ਇਸ 'ਚ ਬਨਾਉਟੀ ਗੁਰਦਾ ਚਮੜੀ ਹੇਠਾਂ ਕੂੱਲੇ ਦੀ ਹੱਡੀ ਦੇ ਪਾਸ ਸਥਾਪਤ ਕੀਤਾ ਜਾਂਦਾ ਹੈ। ਇਸ 'ਚ ਬਲੱਡ ਗਰੁੱਪ ਮੇਲ ਖਾਣਾ ਜ਼ਰੂਰੀ ਹੈ।

# ਜਾਨਵਰਾਂ 'ਚ ਕੁਦਰਤੀ ਪਰਲੋ ਦੀ ਆਹਟ ਸੁੰਘਣ ਦੀ ਯੋਗਤਾ ਕਿੰਨੀ ਕੁ?

ਅਸਾਧਾਰਨ ਹਾਲਤਾਂ ਦੀ ਪਿਠਭੂਮੀ ਬਣਨ 'ਤੇ ਜਿਥੇ ਮਨੁੱਖ ਨੂੰ ਕੋਈ ਪਤਾ ਨਹੀਂ ਲੱਗਦਾ ਉਥੇ ਅਸਾਧਾਰਨ ਪਸ਼ੂ-ਪੰਛੀਆਂ ਨੂੰ ਵੀ ਨੇੜ ਭਵਿੱਖ 'ਚ ਵਾਪਰਨ ਵਾਲੀਆਂ ਕੁਦਰਤੀ ਆਫਤਾਂ ਦੀ ਭਵਿੱਖਬਾਣੀ ਹੋ ਜਾਂਦੀ ਹੈ ਅਤੇ ਅਸਾਧਾਰਨ ਵਰਤਾਅ ਕਰਨ ਲੱਗਦੇ ਹਨ। ਚੂਹੇ ਖੁੱਡਾਂ 'ਚ ਛਿਪ ਜਾਂਦੇ ਹਨ, ਬਿੱਲੀ ਵੀ ਕਿਧਰੇ ਨਹੀਂ ਦਿਸਦੀ। ਘੋੜੇ ਲਗਾਮ ਦੌੜਨ ਲੱਗਦੇ ਹਨ। ਚਿੜੀਆਂ ਰੌਲਾ ਪਾਉਣ ਲੱਗਦੀਆਂ ਹਨ। ਚੀਤਾ, ਹਿਰਨ, ਸ਼ੇਰ ਆਦਿ ਜੰਗਲੀ ਜਾਨਵਰ ਸਮੂਹ ਬਣਾ ਕੇ ਚੁੱਪਚਾਪ ਸੁਰੱਖਿਅਤ ਥਾਵਾਂ 'ਤੇ ਜਾ ਖੜ੍ਹੇ ਹੁੰਦੇ ਹਨ। ਪ੍ਰਸਿੱਧ ਜੀਵ ਸਾਸ਼ਤਰੀ ਵਿਲਿਅਮ ਜੇ. ਲਾਗ ਨੇ ਆਪਣੀ ਪੁਸਤਕ 'ਹਾਊ ਐਨੀਮਲਸਟਾਕ' 'ਚ ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਦਾ ਵਰਨਣ ਕੀਤਾ ਹੈ ਜਿਸ ਦੇ ਅਧਾਰ 'ਤੇ ਪਸ਼ੂ-ਪੰਛੀਆਂ ਦੀਆਂ ਅਜੀਬ ਸਮਰਥਾਵਾਂ ਦੀ ਵਾਕਫੀਅਤ ਮਿਲਦੀ ਹੈ। ਅਮਰੀਕਾ ਦੇ ਮਾਊਟੇ ਪੀਰੋ ਪਰਬਤ ਦੇ ਇਰਦ ਗਿਰਦ ਅਨੇਕਾਂ ਬਸਤੀਆਂ ਸਨ। ਜਿਨ੍ਹਾਂ 'ਚ ਲੱਖਾਂ ਲੋਕ ਨਿਵਾਸ ਕਰਦੇ ਸਨ। ਲਗਭਗ 90 ਸਾਲ ਪਹਿਲਾਂ ਇਕ ਦਿਨ ਲੋਕਾਂ ਨੇ ਵੇਖਿਆ ਕਿ ਇਸ ਖੇਤਰ 'ਚ ਰਹਿਣ ਵਾਲੇ ਪ੍ਰਾਣੀਆਂ ਦੇ ਵਿਹਾਰ 'ਚ ਅਚਾਨਕ ਤਬਦੀਲੀ ਜਿਹੀ ਆ ਗਈ ਹੈ। ਉਨ੍ਹਾਂ ਦੀਆਂ ਹਰਕਤਾਂ ਅਸਧਾਰਨ ਹੋ ਗਈਆਂ ਹਨ। ਸਭ ਪ੍ਰਾਣੀਆਂ 'ਚ ਇਕ ਅਜੀਬ ਜੀ ਘਬਰਾਹਟ ਬੇਚੈਨੀ ਹੈ, ਜੋ ਕਿਸੇ ਖਤਰੇ ਦੀ ਭਵਿੱਖਬਾਣੀ ਸੀ। ਜੋ ਪਾਲਤੂ ਜਾਨਵਰ ਸਨ, ਉਹ ਤਾਂ ਕੁਝ ਨਾ ਕਰ ਸਕੇ ਪਰ ਸੱਪ, ਕੁੱਤੇ, ਸਿਆਰ ਨੇੜਲੇ ਇਲਾਕੇ 'ਚ ਜਾਣ ਲੱਗੇ। ਜੰਗਲੀ ਜਾਨਵਰਾਂ ਦੇ ਝੁੰਡ ਦੇ ਝੰਡੇ ਇਸ ਪਰਬਤੀ ਆਂਚਲ ਨੂੰ ਛੱਡ ਕੇ ਹੋਰ ਥਾਂ ਚਲੇ ਗਏ। ਇਕ ਸਮੇਂ ਪਿੱਛੋਂ ਮਾਊਂਟ ਪੀਰੋ 'ਤੇ ਇਕ ਭਿਆਨਕ ਜਵਾਲਾਮੁਖੀ ਫੁੱਟਿਆ ਤੇ ਵਿਸਫੋਟ ਹੋਇਆ। ਦੇਖਦੇ ਦੇਖਦੇ ਆਸ ਪਾਸ ਦੀ ਬਸਤੀ ਨੂੰ ਨਿਗਲ ਗਿਆ। ਤੀਹ ਹਜ਼ਾਰ ਤੋਂ ਵੱਧ ਲੋਕ ਉਸ ਦੇ ਪੇਟ ਵਿਚ ਸਮਾ ਗਏ। ਜੀਵ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਮੂਕ ਪ੍ਰਾਣੀ ਬਦਲਦੇ ਘਟਨਾਕ੍ਰਮ ਦੀ ਭਵਿੱਖਬਾਣੀ ਸਰਲਤਾ ਪੂਰਵਕ ਛੇਤੀ ਹੀ ਕਰ ਲੈਂਦੇ ਹਨ।

ਯੂਗੋਸਲਾਵੀਆ 'ਚ 1963 'ਚ ਆਏ ਭੁਚਾਲ ਤੋਂ ਪਹਿਲਾਂ ਚਿੜੀਆਘਰ ਦੇ ਸਭ ਪੰਛੀ ਜ਼ੋਰ ਜ਼ੋਰ ਨਾਲ ਚੀਕਣ ਲੱਗੇ ਸਨ। ਜਿਵੇਂ ਕਿ ਬੁੱਧੀਮਾਨ ਮਨੁੱਖ ਨੂੰ ਕੁਝ ਕਹਿਣਾ ਚਾਹੁੰਦੇ ਸਨ। ਇਸ ਤਰ੍ਹਾਂ ਚੀਨ 'ਚ ਦੋ ਦਹਾਕੇ ਪਹਿਲਾਂ ਟਿੰਟਸਨ ਖੇਤਰ 'ਚ ਆਏ ਭੂਚਾਲ ਤੋਂ ਪਹਿਲਾਂ ਚੂਹੇ ਆਪਣੀ ਖੁੱਡ ਵਿੱਚ ਨਹੀਂ ਗਏ। ਸ਼ੋਰ ਤੇਜ਼ ਹੋ ਗਏ ਅਤੇ ਯਾਕ ਨੇ ਭੋਜਨ ਖਾਣਾ ਬੰਦ ਕਰ ਦਿੱਤਾ। ਘੋੜੇ ਤੇ ਬੱਕਰੀਆਂ ਤੇਜ਼ੀ ਨਾਲ ਦੌੜਨ ਲੱਗੇ ਸਨ। 1966 'ਚ ਸਿੰਗਟਾਈ ਵਿੱਚ ਆਏ ਭੁਚਾਲ ਤੋਂ ਪਹਿਲਾਂ ਹੀ ਚੂਹੇ ਆਪਣੀਆਂ ਖੁੱਡਾਂ ਵਿਚ ਲੁਕ ਗਏ ਸਨ। ਪ੍ਰਾਚੀਨ ਕਾਲ 'ਚ ਜੰਗਲੀ ਹੰਸਾਂ ਦੇ ਚੀਕਣ ਨਾਲ ਲੋਕ ਅਨੇਕਾਂ ਵਾਰੀ ਕੁਦਰਤੀ ਆਫਤਾਂ ਤੋਂ ਬਚ ਗਏ ਸਨ। ਪੀਤ ਚਿੜੀ ਦੀ ਵਰਤੋਂ ਕੋਲਾ ਖਾਨ ਦੇ ਮਜ਼ਦੂਰਾਂ ਨੂੰ ਗੈਸ ਰਿਸਣ ਤੋਂ ਸਾਵਧਾਨ ਕਰਨ 'ਚ ਕੀਤੀ ਜਾਂਦੀ ਸੀ। ਵਿਗਿਆਨਕਾਂ ਨੇ ਆਪਣੇ ਇਕ ਅਧਿਐਨ 'ਚ ਦੱਸਿਆ ਕਿ ਕੋਬਰਾ

ਜਾਤੀ ਦਾ ਸੱਪ ਹਨੇਰੀ, ਤੂਫਾਨ ਅਤੇ ਝੱਖੜ ਨੂੰ ਪਹਿਲਾਂ ਤੋਂ ਜਾਣ ਲੈਂਦਾ ਹੈ ਅਤੇ ਖੁਦ ਸੁਰੱਖਿਅਤ ਦਸਖਤਾਂ 'ਤੇ ਚੜ੍ਹ ਜਾਂਦਾ ਹੈ ਅਤੇ ਉਦੋਂ ਤਕ ਉਥੇ ਹੀ ਰਹਿੰਦਾ ਹੈ ਜਦ ਤਕ ਕਿ ਤੂਫਾਨ ਸ਼ਾਂਤ ਨਹੀਂ ਹੋ ਜਾਂਦਾ। ਚੀਤਲ ਤੇ ਹਿਰਨ ਜੋ ਦਿਨ ਦੁੜੰਗੇ ਮਾਰਦੇ ਰਹਿੰਦੇ ਹਨ, ਅਜਿਹੇ ਮੌਕਿਆਂ 'ਤੇ ਸਮੂਹ ਬਣਾ ਕੇ ਕਿਸੇ ਉਚ ਅਤੇ ਸੁਰੱਖਿਅਤ ਥਾਂ 'ਤੇ ਚਲੇ ਜਾਂਦੇ ਹਨ। ਮੌਸਮ ਖਰਾਬ ਹੋਣ ਤੋਂ ਪਹਿਲਾਂ ਮਧੂ ਮੱਖੀਆਂ ਦਿਨੇ ਵੀ ਇਕੱਠੀਆਂ ਹੋ ਕੇ ਆਪਣੇ ਛੱਤੇ 'ਚ ਭਿਣਭਣਾਉਣ ਲੱਗਦੀਆਂ ਹਨ। ਜੋ ਅਕਸਰ ਅਜਿਹਾ ਨਹੀਂ ਕਰਦੀਆਂ। ਮੈਨਾ ਵੀ ਤੂਫਾਨ ਅਤੇ ਚੱਕਰਵਾਤ ਤੋਂ ਪਹਿਲਾਂ ਜ਼ੋਰਾਂ ਨਾਲ ਚੀਕਦੀਆਂ ਹਨ। ਬਰਫੀਲੇ ਪ੍ਰਦੇਸ਼ਾਂ ਦੇ ਭਾਲੂ ਮੀਂਹ ਪੈਣ ਜਾਂ ਬਰਫਬਾਰੀ ਹੋਣ ਦੇ ਭੈਅ ਨਾਲ ਆਪਣੀਆਂ ਗੁਫਾਵਾਂ 'ਚ ਭੋਜਨ ਇਕੱਠਾ ਕਰਨ ਲੱਗਦੇ ਹਨ। ਕੁਦਰਤ ਨੇ ਸਾਰੇ ਪ੍ਰਾਣੀਆਂ ਨੂੰ ਉਹਨਾਂ ਦੀ ਸਥਿਤੀ ਅਨੁਕੂਲ ਵਿਸ਼ੇਸ਼ਤਾਵਾਂ ਪ੍ਰਦਾਨ ਕੀਤੀਆਂ ਹਨ। ਚੀਲ ਤੇ ਗਿੱਦ ਦੂਰ ਧਰਤੀ 'ਤੇ ਆਕਾਸ਼ 'ਚ ਉੱਡਦੇ ਹੋਏ ਵੀ ਭੋਜਨ ਤਲਾਸ਼ ਲੈਂਦੇ ਹਨ। ਗੋਸ਼ਾਤਵ ਜਾਤੀ ਦਾ ਬਾਜ ਲੜਾਕੂ ਜਹਾਜਾਂ ਦੀ ਤਰ੍ਹਾਂ ਬਿਨਾਂ ਰਫਤਾਰ ਨੂੰ ਘੱਟ ਕੀਤਿਆਂ ਉਲਟਣ ਪਲਟਣ ਦੀਆਂ ਕਲਾਬਾਜ਼ੀਆਂ ਜਾਣਦਾ ਹੈ। ਗਰੜ ਪੰਛੀ ਦਿਉ ਕੱਦ ਹੋਣ 'ਤੇ ਵੀ 200 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਉੱਡਦਾ ਹੈ। ਥਲਚਾਰ ਪ੍ਰਾਣੀਆਂ 'ਚ ਚੀਤਾ ਤੇਜ਼ ਰਫਤਾਰ ਸਪਤ੍ਰ ਹੈ। ਉਹ 60 ਮੀਲੇ ਪ੍ਰਤੀ ਘੰਟੇ ਦੀ ਰਫਤਾਰ ਨਾਲ ਅਸਾਨੀ ਨਾਲ ਦੌੜ ਸਕਦਾ ਹੈ। ਵਿਸ਼ੇਸ਼-ਮੌਕਿਆਂ ਪ੍ਰਤੀ ਰੱਖਿਆ ਤੇ ਹਮਲੇ ਸਮੇਂ ਇਹ 90 ਤੋਂ 100 ਕਿਲੋ ਪ੍ਰਤੀ ਘੰਟਾ ਦੀ ਤੇਜ਼ ਗਤੀ ਨਾਲ ਦੌੜ ਸਕਦਾ ਹੈ।

ਆਸਟ੍ਰੇਲੀਆ ਦਾ ਕੰਗਾਰੂ 40 ਫੁੱਟ ਉੱਚੀ ਛਾਲ ਲਾਉਂਦਾ ਹੈ। ਸੱਪ ਦੀਆਂ ਲਚਕੀਲੀ ਤੇ ਮਜ਼ਬੂਤ ਮਾਸ ਪੇਸ਼ੀਆਂ ਉਸ ਨੂੰ ਕੁੰਡਲੀ ਮਾਰਨ 'ਚ ਮਦਦ ਕਰਦੀਆਂ ਹਨ। ਹਾਥੀ ਦਾ ਸੁੰਢ ਚਾਰ ਹਜ਼ਾਰ ਮਾਸ ਪੇਸ਼ੀਆਂ ਤੋਂ ਬਣਿਆ ਹੋਣ ਕਰਕੇ ਵੀ ਜਮੀਨ ਤੇ ਪਈ ਸੂਈ ਉਠਾਉਣ 'ਚ ਸਮਰੱਥ ਹੈ। ਅੰਗਾਂ ਦੀ ਮਜ਼ਬੂਤੀ ਦੇ ਨਜ਼ਰੀਏ ਤੋਂ ਸ਼ੇਰ ਦਾ ਪੰਜਾ ਅਤੇ ਹਵੇਲ ਮੱਛੀ ਯੋਗ ਹੈ। ਹੋਰ ਪ੍ਰਾਣੀਆਂ ਦੇ ਕੋਈ ਵੀ ਅੰਗ ਮਜ਼ਬੂਤ ਨਹੀਂ ਹਨ। ਆਕਟੋਪਸ ਨਾਮਕ ਜਲਚਰ ਦੀਆਂ ਭੁਜਾਵਾਂ 'ਚ ਜੋ ਵੀ ਪ੍ਰਾਣੀ ਜਕੜ ਜਾਵੇ, ਉਸ ਦਾ ਜਿਉਣਾ ਮੁਸ਼ਕਲ ਹੈ। ਉੱਲੂ ਵੀ ਇਕ ਬਿਚਤਰ ਜੀਵ ਹੈ, ਉਹ ਮਨੁੱਖ ਦੇ ਮੁਕਾਬਲਤਨ ਦਸ ਗੁਣਾ ਘੱਟ ਰੌਸ਼ਨੀ 'ਚ ਵੀ ਦੇਖ ਸਕਦਾ ਹੈ। ਖਰਗੋਸ਼ਾਂ ਬਿਨਾਂ ਦਿਸ਼ਾ ਬਦਲੇ ਤਬਦੀਲੀ ਦੇ ਅੱਗੇ ਪਿੱਛੇ ਸਾਫ ਸਾਫ ਵੇਖ ਲੈਂਦਾ ਹੈ। ਮੱਛੀਆਂ ਪਾਣੀ ਦੇ ਅੰਦਰ ਤੈਰਦੇ ਹੋਏ ਉਪਰ ਨੀਚੇ ਦੋਨੋਂ ਪਾਸੇ ਵੇਖ ਲੈਂਦੀਆਂ ਸਨ। ਕੁੱਤਾ ਯਾਦਸ਼ਕਤੀ ਵਜੋਂ ਵਿਲੱਖਣ ਹੈ। ਦੂਰਸਥ ਥਾਂ 'ਤੇ ਫਿਰ ਵਾਪਸ ਮੁੜ ਆਉਂਦਾ ਹੈ। ਇਸ ਦੀਆਂ ਅਤੀਦ੍ਰਿਆ ਸਮਰੱਥਾ ਵਿਲੱਖਣ ਹੁੰਦੀ ਹੈ। ਇਸ 'ਤੇ ਇੱਕ ਵਿਗਿਆਨੀ ਡਾ. ਵਿਕਲਾਗ ਨੇ 'ਨਿਊਯਾਰਕ ਟਾਈਮਜ਼' 'ਚ ਇਕ ਲੇਖ ਪ੍ਰਕਾਸ਼ਿਤ ਕੀਤਾ ਹੈ ਜਿਸ 'ਚ ਉਹਨਾਂ ਨੇ ਲਿਖਿਆ ਹੈ ਕਿ ਕ੍ਰੇਨ ਦੇ ਹੇਠਾਂ ਸੌਂਦਾ ਇਕ ਕੁੱਤਾ ਇਕਦਮ ਚੌਂਕ ਕੇ ਭੱਜ ਨਿਕਲਿਆ। ਇਸ ਤੋਂ ਕੁਝ ਸਮੇਂ ਪਿੱਛੋਂ ਹੀ ਕਰੇਨ ਦੀ ਜੰਜੀਰ ਦੀ ਕੜੀ ਟੁੱਟੀ ਅਤੇ ਇਕ ਲੋਹੇ ਦਾ ਵੱਡਾ ਹਿੱਸਾ ਉੱਥੇ ਜਾ ਡਿੱਗਿਆ ਜਿੱਥੇ ਕੁੱਤਾ ਬੈਠਾ ਸੀ। ਅਪ੍ਰਸ਼ਠਵੰਸੀ ਕੀਟ ਪਤੰਗਿਆਂ ਦੀ ਦੁਨੀਆਂ ਬਹੁਤ ਹੀ ਨਿਰਾਲੀ ਹੈ। ਐਂਟੋ ਮਾਲੋਜਿਸਟ 'ਆਵੇਡ' ਅਨੁਸਾਰ ਜਿਵੇਂ ਮਾਵਾਂ ਆਪਣੇ ਕਮਜ਼ੋਰ ਮੰਦਬੁੱਧੀ ਬਾਲਕਾਂ ਦਾ ਵਿਸ਼ੇਸ਼ ਧਿਆਨ

ਰੱਖਦੀਆਂ ਹਨ। ਇਸ ਤਰ੍ਹਾਂ ਹੀ ਕੁਦਰਤੀ ਮਾਤਾ ਵੀ ਇਹਨਾਂ ਮੂਕ ਪ੍ਰਾਣੀਆਂ ’ਤੇ ਸਹਿਜੇ ਹੀ ਅਜਿਹੀ ਕ੍ਰਿਪਾ ਕੁਦਰਤ ਕੀਤੀ ਹੋਈ ਹੈ। ਜਿਸ ਨਾਲ ਉਹ ਏਨੇ ਵਿਸਥਾਰਿਤ ਆਕਾਰ-ਪ੍ਰਕਾਰ ਧਾਰਣ ਕਰਦੇ ਹੋਏ ਵੀ ਸ਼ਿਸ਼ਟੀ ਵੀ ਕਿਸੇ ਵੀ ਸਥਿਤੀ ’ਚ ਜੀਵਤ ਰਹਿ ਸਕਦੇ ਹਨ। ਕੀੜਿਆਂ ’ਚ ਹੱਡੀਆਂ ਨਹੀਂ ਹੁੰਦੀਆਂ। ਆਪਣੇ ਬਚਾਅ ਲਈ ਉਹ ਬਾਹਰੀ ਕਵਚ ਧਾਰਨ ਕੀਤੇ ਹੁੰਦੇ ਹਨ। ਇਹਨਾਂ ’ਚ ਦਿਲ ਪਿੱਠ ਦੇ ਕੋਲ ਉਪਰ ਵੱਲ ਨੂੰ ਹੁੰਦਾ ਹੈ। ਟੰਗਾਂ ਖੋਖਲੀਆਂ ਨਲਕੀਆਂ ਵਰਗੀਆਂ ਹੁੰਦੀਆਂ ਹਨ। ਜਿਹਨਾਂ ਦੀ ਇੰਜਨੀਅਰਿੰਗ ਆਪਣੇ ਆਕਾਰ ਵਿੱਚ ਸੰਸਾਰ ਦੇ ਸਭ ਤੋਂ ਸ਼ਕਤੀਸ਼ਾਲੀ ਉਪਕਰਣ ਵਰਗੀ ਹੁੰਦੀ ਹੈ।

ਵਿਗਿਆਨਕਾਂ ਨੇ ਇਕ ਕਿਸਮ ਦੇ ਕੀਟ ’ਤੇ ਭਾਰ ਲੱਦਣ ਦਾ ਪ੍ਰਸੰਗ ਕੀਤਾ ਤਾਂ ਉਹ ਇਹ ਵੇਖ ਕੇ ਹੈਰਾਨ ਰਹਿ ਗਏ ਕਿ ਉਹ ਆਪਣੇ ਵਜਨ ਤੋਂ 800 ਗੁਣਾ ਤਾਂ ਵੱਧ ਭਾਰ ਬੜੀ ਆਸਾਨੀ ਨਾਲ ਲੈ ਜਾਣ ’ਚ ਸਮਰੱਥ ਰਿਹਾ ਜਦ ਕਿ ਆਮ ਮਨੁੱਖ ਆਪਣੇ ਵਜਣ ਦਾ ਵੱਧ ਤੋਂ ਵੱਧ ਦੋ ਤਿਹਾਈ ਭਾਰ ਹੀ ਉਠਾ ਸਕਦਾ ਹੈ। ਕੀਟਾਂ ਦੀ ਬਾਹਰੀ ਕਵਚ ਉਹਨਾਂ ਨੂੰ ਹੈਰਾਨੀਜਨਕ ਦ੍ਰਿੜਤਾ ਮੁਹੱਈਆ ਕਰਦੀ ਹੈ। ਇਕ ਪ੍ਰਕਾਰ ਦੀ ਰਾਜਾ ਤਿਤਲੀ ਜਿਸ ਨੂੰ ਫੂਕ ਮਾਰ ਕੇ ਉਠਾਇਆ ਜਾ ਸਕਦਾ ਹੈ। ਲਗਾਤਾਰ ਤਿੰਨ ਹਜ਼ਾਰ ਮੀਲ ਤੋਂ ਵੀ ਵੱਧ ਦੀ ਯਾਤਰਾ ਕਰਦੀ ਰਹਿੰਦੀ ਹੈ। ਲਗਾਤਾਰ ਤਿੰਨ ਹਜ਼ਾਰ ਮੀਲ ਤੋਂ ਵੀ ਵੱਧ ਦੀ ਯਾਤਰਾ ਕਰਦੀ ਰਹਿੰਦੀ ਹੈ। ਜਦ ਵਿਗਿਆਨੀਆਂ ਨੇ ‘ਪੇਟੈਂਡ ਲੇਡੀਵਾਟਰ ਫਲਾਈ’ ਨੂੰ ਵਿਸ਼ੇਸ਼ ਚਿੰਨ ਰਾਹੀਂ ਅੰਕਿਤ ਕਰਕੇ ਉੱਤਰੀ ਅਫ਼ਰੀਕਾ ਨਾਲ ਜੋੜਿਆ ਤਾਂ ਉਹ ਰਾਹ ’ਚ ਆਉਣ ਵਾਲੇ ਭਿਅੰਕਰ ਤੂਫਾਨਾਂ ਆਫਤਾਂ ਤੇ ਵਰਖਾ ਨੂੰ ਝਲਦੇ ਹੋਏ ਕਟੇ-ਫਟੇ ਖੰਭ ਹੋਣ ’ਤੇ ਵੀ ਆਈਸਲੈਂਡ ਪੁੱਜ ਗਈ। ਕੀੜਿਆਂ ਦੇ ਫੇਫੜੇ ਨਹੀਂ ਹੁੰਦੇ। ਉਹਨਾਂ ਦੇ ਸਰੀਰ ਦੇ ਦੋਨੋਂ ਪਾਸੇ ਛੋਟੇ ਛੋਟੇ ਸੁਰਾਖ ਹੁੰਦੇ ਹਨ ਜਿਹਨਾਂ ਰਾਹੀਂ ਉਹਨਾਂ ਦੇ ਸਰੀਰ ਦੇ ਹਰੇਕ ਅੰਗ ’ਚ ਹਵਾ ਦੀ ਆਵਾਜਾਈ ਹੁੰਦੀ ਰਹਿੰਦੀ ਹੈ। ਆਰਾਮ ਸਮੇਂ ਉਹਨਾਂ ਨੂੰ ਬਹੁਤ ਘੱਟ ਆਕਸੀਜਨ ਦੀ ਲੋੜ ਹੁੰਦੀ ਹੈ। ਪਰ ਉੱਡਦੇ ਸਮੇਂ ’ਚ ਆਰਾਮ ਦੇ ਅਰਸੇ ਦੇ ਮੁਕਾਬਲਤਨ 50 ਗੁਣਾ ਵੱਧ ਆਕਸੀਜਨ ਲਾਜ਼ਮੀ ਹੁੰਦੀ ਹੈ। ਇਸ ਦੇ ਖੰਭਾਂ ਦੀ ਰਚਨਾ ਐਸੀ ਹੈ ਕਿ ਜਿਸ ’ਚ ਗਤੀ ਵਿਗਿਆਨ ਹਰੇਕ ਸਿਧਾਂਤਾਂ ਦਾ ਬਰੀਕੀ ਨਾਲ ਪਾਲਣ ਕੀਤਾ ਗਿਆ ਹੈ ਨਹੀਂ ਤਾਂ ਡੈਗਨ ਫਲਾਈ ਜਿਸ ਦੇ ਖੰਭ ਪਤਲੇ ਕਾਗਜ਼ ਤੋਂ ਵੀ ਬਰੀਕ ਹੁੰਦੇ ਹਨ ਉਹ 40 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਭਲਾਂ ਕਿਵੇਂ ਉੱਡ ਸਕਦੀ? ਮੱਛਰ ਜੋ ਹਵਾਈ ਗਤੀ ਵਿਗਿਆਨ ਦੀ ਹੈਰਾਨੀਜਨਕ ਵਰਤੋਂ ਕਰਕੇ ਆਪਣੇ ਵਜਨ ਦਾ ਦੁੱਗਣਾ ਖ਼ੂਨ ਲੈ ਕੇ ਉੱਚੀ ਉਡਾਣ ਭਰ ਸਕਦਾ ਹੈ। ਅਜਿਹਾ ਕਰਨ ਲਈ ਉਸ ਨੂੰ ਆਪਣੇ ਖੰਭਾਂ ਦੇ ਪ੍ਰਤੀ ਸੈਕਿੰਡ 300 ਤੋਂ ਵੱਧ ਵਾਰੀ ਚਲਾਉਣਾ ਪੈਂਦਾ ਹੈ। ਕੁਝ ਐਸੇ ਹੀ ਸੂਖਮ ਕੀੜੇ ਹੁੰਦੇ ਹਨ। ਜੋ ਅੱਖਾਂ ਨਾਲ ਤਾਂ ਨਹੀਂ ਦਿਸਦੇ ਪਰ ਪ੍ਰਤੀ ਸੈਕਿੰਡ ਤੋਂ 1000 ਵੀ ਵੱਧ ਵਾਰੀ ਉਹ ਆਪਣੇ ਪੰਖਾਂ ਨੂੰ ਹਲਾ ਸਕਦੇ ਹਨ। ਕੁਝ ਕੀੜੇ ਅਜਿਹੇ ਵੀ ਹੁੰਦੇ ਹਨ ਜਿਹਨਾਂ ਦੇ ਖੰਭ ਕੰਮ ਨਹੀਂ ਕਰਦੇ ਜਾਂ ਹੁੰਦੇ ਹੀ ਨਹੀਂ ਉਹ ਆਪਣੀ ਉਚਾਈ ਤੋਂ ਸੌ ਗੁਣਾ ਵੱਧ ਉੱਚੀ ਛਾਲ ਲਗਾ ਸਕਦੇ ਹਨ ਪਰ ਮਨੁੱਖ ਵਿੱਚ ਇੰਨੀ ਯੋਗਤਾ ਕਿੱਥੇ ਜੋ ਉੱਚੇ ਤੋਂ ਉੱਚੇ ਸਥਾਨ ਬਿਨਾਂ ਕਿਸੇ ਯੰਤਰ ਉਪਕਰਣ ਤੋਂ ਛਾਲ ਮਾਰ ਸਕੇ। ਦੇਖਣ ’ਚ ਨਾਜ਼ੁਕ ਲੱਗਣ ਵਾਲੇ ਇਹ ਯੁੱਧ ਜੀਵ ਏਨੇ ਮਜ਼ਬੂਤ ਹੁੰਦੇ

ਹਨ ਕਿ ਅਚਾਨਕ ਹਾਲਤਾਂ ਦੇ ਪ੍ਰਤੀਕੂਲ ਹੋ ਜਾਣ ’ਤੇ ਵੀ ਜਿਉਂਦੇ ਰਹਿ ਸਕਦੇ ਹਨ। ਕੁਦਰਤੀ ਇਤਿਹਾਸ ਦੇ ਅਮਰੀਕੀ ਅਜਾਇਬਘਰ ਦੇ ਉਚ ਵਿਗਿਆਨੀ ਡਾ. ਐਫ. ਈ. ਲੁਜ ਨੇ ਕੁਝ ਮਧੂ ਮੱਖੀਆਂ ਤੇ ਤਿਤਲੀਆਂ ਨੂੰ ਇਕ ਕੱਚ ਦੀ ਨਾਲੀ ’ਚ ਬੰਦ ਕਰਕੇ ਉਹਨਾਂ ਦੀ ਹਵਾ ਕੱਢ ਕੇ ਹਵਾ ਰਹਿਤ ਕਰ ਦਿੱਤਾ ਤੇ ਪਿੱਛੋਂ ਉਸ ਨਾਲੀ ਨੂੰ ਤੋੜ ਦਿੱਤਾ। ਇਸ ਪ੍ਰਕਾਰ ਦੇ ਦਬਾਅ ਪ੍ਰੀਵਰਤਨ ਨਾਲ ਕੋਈ ਹੀ ਹੋਰ ਪ੍ਰਾਣੀ ਜੀਵਤ ਨਹੀਂ ਰਹਿ ਸਕਦਾ ਪਰ ਇਹਨਾਂ ਛੋਟੇ ਮੋਟੇ ਕੀੜੇ ਕੈਦੀਆਂ ’ਤੇ ਇਸ ਪ੍ਰਕਾਰ ਦਾ ਕੋਈ ਪ੍ਰਭਾਵ ਨਹੀਂ ਪਿਆ ਅਤੇ ਨਾਲੀ ਟੁੱਟਦਿਆਂ ਹੀ ਉਹ ਖੁਸ਼ੀ ਖੁਸ਼ੀ ਨਾਲ ਉੱਡ ਗਏ। ਇਹਨਾਂ ਦੀ ਥਾਂ ਜੇ ਸਭ ਤੋਂ ਮਜ਼ਬੂਤ ਜਾਨਵਰ ਹਾਥੀ ਵੀ ਹੁੰਦਾ ਤਾਂ ਉਹ ਫੌਰਨ ਮਰ ਜਾਂਦਾ।

ਮੁੱਢਲੀ ਪੱਧਰ ਦਾ ਅਵਿਕਸਤ ਦਿਮਾਗ ਹੋਣ ਅਤੇ ਕੰਨਾਂ ਦੀ ਘਾਟ ਦੇ ਬਾਵਜੂਦ ਵੀ ਕੀੜੇ ਕਈ ਤਰ੍ਹਾਂ ਨਾਲ ਸੁਣ ਸਕਦੇ ਹਨ। ਇਕ ਤਾਂ ਸਰੀਰ ’ਤੇ ਜਾਂ ਹੋਰ ਅੰਗਾਂ ਆਦਿ ’ਤੇ ਮੌਜੂਦ ਸੂਖਮ ਵਾਲਾਂ ਦੀ ਸਹਾਇਤਾ ਨਾਲ ਸਪਰਸ਼ ਧਵਨੀ ਤਰੰਗਾਂ ਦਾ ਅਨੁਭਵ ਕਰ ਸਕਦੇ ਹਨ। ਦੂਜੇ ਕੁਝ ਵਿਸ਼ੇਸ਼ ਪ੍ਰਕਾਰ ਦੀਆਂ ਝਿੱਲੀਆਂ ਵੱਖ-ਵੱਖ ਕੀੜਿਆਂ ’ਚ ਵੱਖ ਵੱਖ ਥਾਵਾਂ ’ਤੇ ਹੁੰਦੀਆਂ ਹਨ। ਉਹ ਧਮਨੀਆਂ ਨੂੰ ਸੁਣਨ ਦੀ ਸਮਰੱਥਾ ਰੱਖਦੇ ਹਨ ਅਤੇ 45000 ਆਵ੍ਰਿਤੀ ਤੱਕ ਦੀਆਂ ਧਮਨੀਆਂ ਨੂੰ ਸੁਣ ਲੈਂਦੇ ਹਨ। ਜਦ ਕਿ ਮਨੁੱਖ ਵੱਧ ਤੋਂ ਵੱਧ 2000 ਆਵ੍ਰਿਤੀ ਤੱਕ ਦੀ ਧਵਨੀ ਨੂੰ ਹੀ ਸੁਣ ਸਕਦਾ ਹੈ।

ਗੰਧ (ਸੁਗੰਧੀ) ਤੇ ਸੁਆਦ ਦੀ ਪਰਖ ਦੀ ਸਮਰੱਥਾ ਕੀੜਿਆਂ ’ਚ ਹੋਰਨਾਂ ਪ੍ਰਾਣੀਆਂ ਤੋਂ ਵੱਧ ਵਿਕਸਤ ਹੋਈ ਹੈ। ਮਨੁੱਖ ਦੀ ਮਿਠਾਸ ਨੂੰ ਪਰਖਣ ਦੀ ਸਮਰੱਥਾ ਇਕ ਭਾਗ ਸ਼ਕਰ ਅਤੇ 200 ਭਾਗ ਪਾਣੀ ਤਕ ਹੀ ਹੁੰਦੀ ਹੈ। ਪਰ ਕੁਝ ਕੀੜਿਆਂ ਦੀ ਇਹ ਸਮਰੱਥਾ ਇੰਨੀ ਵੱਧ ਵਿਕਸਤ ਹੁੰਦੀ ਹੈ ਕਿ ਉਹ ਇਕ ਭਾਗ ਸ਼ਕਰ ਅਤੇ ਤਿੰਨ ਲੱਖ ਭਾਗ ਪਾਣੀ ਤਕ ਦੀ ਪਰਖ ਕਰ ਸਕਦੇ ਹਨ। ਕੁਝ ਕੀੜਿਆਂ ਵਿੱਚ ਸੁਗੰਧੀ (ਮੁਸ਼ਕ) ਪ੍ਰਖਣ ਦੀ ਸ਼ਕਤੀ ਇਸ ਹੱਦ ਤਕ ਵਿਕਸਤ ਹੁੰਦੀ ਹੈ ਕਿ ਇਕ ਨਰ ਕੀਟਕ ਮਾਦਾ ਦੀ ਸੁਗੰਧੀ ਦੀ ਪਹਿਚਾਣ 9 ਮੀਲ ਤਕ ਕਰ ਸਕਦਾ ਹੈ। ਉਹ ਇਹ ਫੇਰਾਮਾਂਸ ਰਾਹੀਂ ਕਰਦੇ ਹਨ।

ਸ੍ਰਿਸ਼ਟੀ ਨੇ ਆਪਣੀ ਦੁਨੀਆਂ ਨੂੰ ਚਿੱਤਰ-ਵਚਿੱਤਰ ਸਾਧਨਾ ਅਤੇ ਵੰਨ ਸਵੰਨਤਾ ਨਾਲ ਸੁਸ਼ੋਭਿਤ ਕੀਤਾ ਹੈ। ਪ੍ਰਾਣੀ ਜਗਤ ਦੀ ਭਿੰਨਤਾ ਦੇ ਵਿਚਤਰਤਾ ਨੂੰ ਦੇਖਦੇ ਹੋਇਆਂ ਉਹਨਾਂ ਸਾਰਿਆਂ ਵਿੱਚ ਸਿਰਜਣਾਮਿਕਤਾ ਦੀ ਕੁਸ਼ਲਤਾ ਅਤੇ ਕਲਾ-ਕਾਰਿਤਾ ਛਲਕਤੀ ਦ੍ਰਿਸ਼ਟੀਗੋਚਰ ਹੁੰਦੀ ਹੈ।

# ਸਿੱਖਿਆ ਵੇਚਣ ਤੇ ਖੋਹਣ ਦੀ ਨੀਅਤ

ਜਦ ਤੋਂ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਕਪਿਲ ਸਿੱਬਲ ਨੇ ਆਪਣੇ ਸੌ ਦਿਨੀਂ ਏਜੰਡੇ ਦਾ ਐਲਾਨ ਕੀਤਾ ਹੈ। ਤਦ ਤੋਂ ਕਾਰਪੋਰੇਟ ਘਰਾਣਿਆਂ ਵੱਲੋਂ ਸਮਰਪਿਤ ਮੀਡੀਆ ਇਸ ਦੇ ਗੁਣਗਾਣ ਵਿੱਚ ਜੁਟਿਆ ਹੋਇਆ ਹੈ। ਪਰ ਕੁਲ ਮਿਲਾ ਕੇ ਫੋਕਸ ਇਕ ਹੀ ਸੁਆਲ 'ਤੇ ਹੋ ਗਿਆ ਹੈ। ਦਸਵੀਂ ਬੋਰਡ ਦੀ ਪ੍ਰੀਖਿਆ ਨੂੰ ਵੈਕਲਪਿਕ ਬਣਾ ਕੇ ਸਿੱਖਿਆ ਨੂੰ 'ਤਣਾਅ ਮੁਕਤ' ਕਰਨ 'ਤੇ ਜ਼ਿਕਰਯੋਗ ਹੈ ਕਿ ਸਿੱਬਲ ਦੇ ਏਜੰਡੇ ਵਿੱਚ ਤਾਂ ਕਈ ਮੁੱਦੇ ਹਨ। ਜਿਹਨਾਂ ਦੇ ਦੂਰਗਾਮੀ ਖਤਰਨਾਕ ਸਿੱਟਿਆਂ 'ਤੇ ਲੋਕਾਂ ਦਾ ਧਿਆਨ ਫੋਕਸ ਹੀ ਨਹੀਂ ਹੋ ਸਕਿਆ ਹੈ। ਸਿੱਬਲ ਦੀ ਇਹੀ ਰਾਜਨੀਤੀ ਸੀ ਕਿ ਦਸਵੀਂ ਬੋਰਡ ਦਾ ਸੁਆਲ ਉਠਾ ਕੇ ਸਾਰੀ ਬਹਿਸ ਨੂੰ ਵਿਸ਼ਵੀ ਬਾਜ਼ਾਰ ਦੇ ਅਸਲੀ ਏਜੰਡੇ ਤੋਂ ਭਟਕਾ ਦੇਣਾ। ਅਜਿਹਾ ਹੀ ਇਕ ਹੋਰ ਭਟਕਾਊ ਮੁੱਦਾ ਸੰਸਦ 'ਚ ਪਾਸ 'ਸਿਖਿਆ ਅਧਿਕਾਰ ਬਿੱਲ 2009' (ਜੋ ਰਾਸ਼ਟਰਪਤੀ ਦੇ ਦਸਖਤ ਪਿੱਛੋਂ ਕਾਨੂੰਨ ਬਣ ਚੁੱਕਿਆ ਹੈ) 'ਚ ਨਿੱਜੀ ਸਕੂਲਾਂ 'ਚ 25 ਫੀਸਦੀ ਮੁਫਤ ਸਿੱਖਿਆ ਦੇਣ ਦਾ ਹੈ। ਆਓ ਤਾਂ ਫਿਰ ਸਿੱਬਲ ਦੇ ਏਜੰਡੇ ਦੀ ਅਸਲੀਅਤ 'ਤੇ ਨਜ਼ਰ ਮਾਰੀਏ।

* ਪ੍ਰੀ-ਪ੍ਰਾਇਮਰੀ ਪੱਧਰ ਤੋਂ ਲੈ ਕੇ ਉਚ ਸਿੱਖਿਆ ਤਕ ਪੂਰੀ ਸਿੱਖਿਆ ਪ੍ਰਣਾਲੀ ਵਿੱਚ ਜਨਤਕ-ਨਿੱਜੀ ਸਾਂਝੇਦਾਰੀ ਜਾਂ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਦੀ ਨਵ-ਉਦਾਰਵਾਦੀ ਨੀਤੀ ਨੂੰ ਲਾਗੂ ਕਰਨਾ ਯਾਨੀ ਸਿੱਖਿਆ 'ਚ ਨਿੱਜੀ ਪੂੰਜੀ ਦੀ ਭੂਮਿਕਾ ਵਧਾਉਣ ਅਤੇ ਉਸਦੇ ਮੁਨਾਫੇ ਨੂੰ ਯਕੀਨੀ ਬਣਾਉਣ ਲਈ ਸਰਕਾਰ ਖਜਾਨੇ ਤੋਂ ਧਨ ਤੇ ਹੋਰ ਜਨਤਕ ਸਾਧਨ ਮੁਹੱਈਆ ਕਰਾਉਣਾ।

* ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ 'ਚ ਬੇਲਗਾਮ ਜਗਾਹ ਦੇਣ ਲਈ ਨਵਾਂ ਕਾਨੂੰਨ ਬਣਾਉਣਾ। ਪਰ ਦੇਸ਼ 'ਚ ਮੌਜੂਦ ਲਗਭਗ 500 ਯੂਨੀਵਰਸਿਟੀਆਂ ਅਤੇ 18000 ਕਾਲਜਾਂ ਨੂੰ ਗੁਣਵੰਣਤਾਪੂਰਨ ਬਣਾਉਣ ਦਾ ਕੋਈ ਪ੍ਰੋਗਰਾਮ ਪੇਸ਼ ਨਹੀਂ ਕਰਨਾ।

* ਸਿੱਖਿਆ 'ਚ ਵਿਦੇਸ਼ੀ ਪੂੰਜੀ ਨਿਵੇਸ਼ ਦੀ ਪੈਰਵੀ ਕਰਨ ਲਈ ਭਰਮਾਊ ਬਿਆਨਬਾਜੀ ਕਰਨਾ ਕਿ ਸਰਕਾਰ ਕੋਲ ਉੱਤਮ ਸਿੱਖਿਆ ਮੁਹੱਈਆ ਕਰਾਉਣ ਲਈ ਸਾਧਨ ਨਹੀਂ ਹਨ ਅਤੇ ਇਹ ਤੱਥ ਛੁਪਾ ਲੈਣਾ ਕਿ ਸੁਆਲ ਸਾਧਨਾ ਦੀ ਕਮੀ ਦਾ ਬਿਲਕੁਲ ਨਹੀਂ ਹੈ। ਵਰਨਾ ਅਸਲੀ ਸੁਆਲ ਹੈ ਕਿ ਭਾਰਤ ਦੀ ਹਾਕਮ ਜਮਾਤ ਦੀ ਇਹ ਤਰਜੀਹ ਕਦੀ ਨਹੀਂ ਰਹੀ ਹੈ। ਕਿ ਆਮ ਜਨਤਾ ਨੂੰ ਗੁਣਵੰਣਤਾਪੂਰਨ, ਸਮਤਮੂਲਕ, ਧਰਮ ਨਿਰਪੱਖ ਤੇ ਲੋਕਰਾਜੀ ਸਿੱਖਿਆ ਦਿੱਤੀ ਜਾਵੇ।

* ਕੁਲ ਮਿਲਾ ਕੇ ਸਿੱਖਿਆ ਦੇ ਨਾਂ 'ਤੇ ਦਲਿਤਾਂ ਤੇ ਆਦੀਵਾਸੀਆਂ ਨੂੰ ਸਸਤੇ ਕਰਜ਼ੇ ਮੁਹੱਈਆਂ ਕਰਾਉਣ ਦਾ ਐਲਾਨ, ਜਿਸ ਦਾ ਅਸਲੀ ਮਕਸਦ ਸਿੱਖਿਆ ਦੇ ਨਿੱਜੀਕਰਨ ਦੀ ਰਫਤਾਰ ਨੂੰ ਤੇਜ ਕਰਨਾ ਹੈ। ਕਿਉਂਕਿ ਲੱਖਾਂ ਰੁਪਏ ਦੇ ਕਰਜ਼ੇ ਦੀ ਜ਼ਰੂਰਤ ਸਿਰਫ ਮੁਨਾਫੇ ਲਈ ਚੱਲਣ ਵਾਲੇ ਨਿੱਜੀ ਅਦਾਰਿਆ 'ਚ ਪੜ੍ਹਨ ਲਈ ਪੈਂਦੀ ਹੈ। ਨਾ ਕਿ ਚੁਣਵੇਂ ਉਚ ਦਰਜੇ ਦੇ ਕਿਸੇ ਸਰਕਾਰੀ ਅਦਾਰੇ ਜਿਵੇਂ ਕੇਂਦਰੀ ਜਾਂ ਨਵੋਦਿਆ ਸਕੂਲ ਆਈ. ਆਈ. ਟੀ. ਰਿਜਨਲ ਇੰਜਨੀਅਰਿੰਗ ਕਾਲਜ, ਏਮਜ,

ਕੇਂਦਰੀ ਸਕੂਲ ਆਦਿ 'ਚ ਪੜ੍ਹਨ ਲਈ।

* ਪੂਰੇ ਭਾਰਤ 'ਚ ਬਾਰ੍ਹਵੀ ਦੀ ਪ੍ਰੀਖਿਆ ਲਈ ਇਕ ਬੋਰਡ ਸਥਾਪਿਤ ਕਰਨ ਅਤੇ ਉਚ ਸਿੱਖਿਆ 'ਚ ਦਾਖਲੇ ਲਈ ਅਮਰੀਕੀ ਜੀ. ਆਰ. ਈ. ਵਰਗਾ ਇਕ ਰੂਪੀ ਮਾਨਕੀਕ੍ਰਿਤ ਮੁਲਅੰਕਣ ਪ੍ਰੀਖਣ ਸ਼ੁਰੂ ਕਰਨ ਦਾ ਮੱਧਵਰਗ ਨੂੰ ਭਰਮਾਉਣ ਵਾਲਾ ਪ੍ਰਸਤਾਵ, ਜਿਸ ਦੇ ਪਿੱਛੇ ਛਿਪੀ ਹੋਈ ਹੈ। ਨਿਮਨ ਵਰਗੀ ਤੇ ਨਿਮਨ ਜਾਤੀ ਤਬਕਿਆਂ ਤੇ ਪਿਛੜੇ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਯਾਨੀ ਦੇਸ਼ ਦੀ 80 ਫੀਸਦੀ ਤੋਂ ਵੱਧ ਜਨਤਾ ਨੂੰ ਉਚ ਸਿੱਖਿਆ ਤੇ ਬੇਹਤਰ ਕੈਰੀਅਰਾਂ ਤੋਂ ਵੰਚਿਤ ਰੱਖਣ ਦੀ ਸਾਜਿਸ਼। ਕਿਉਂਕਿ ਅੱਜ ਦੀ ਬਹੁਪਰਤੀ ਸਿੱਖਿਆ ਪ੍ਰਣਾਲੀ 'ਚ ਜ਼ਿਆਦਾਤਰ ਨੂੰ ਘਟੀਆ ਸਿਖਿਆ ਦੇਣ ਦਾ ਮਤਲਬ ਕੁਸ਼ਲ ਕਾਰੀਗਰਾਂ ਦੀ ਸਿਰਫ ਉਨੀ ਵੱਡੀ ਫੌਜ ਤਿਆਰ ਕਰਨਾ ਹੈ। ਜਿਸ ਦੀ ਵਿਸ਼ਵੀ ਬਜ਼ਾਰ ਨੂੰ ਜ਼ਰੂਰਤ ਹੈ। ਬਾਕੀ ਦੀ ਉਕਤ ਤਰੀਕਿਆਂ ਨਾਲ ਛਾਂਟੀ ਕੀਤੀ ਜਾਵੇਗੀ। ਤਾਂ ਕਿ ਉਹਨਾਂ ਨੂੰ ਅੱਗੇ ਵਧਣ ਤੋਂ ਰੋਕਿਆ ਜਾ ਸਕੇ।

* ਉਚ ਸਿੱਖਿਆ ਲਈ ਗਠਿਤ ਯਸ਼ਪਾਲ ਸੰਮਤੀ ਤੋਂ ਬਿਨਾਂ ਕਿਸੀ ਬਹਿਸ ਤੋਂ ਲਾਗੂ ਕਰਨ ਦਾ ਵਾਅਦਾ ਕਿਉਂਕਿ ਇਸ ਨੇ ਵਿਦੇਸ਼ੀ ਯੂਨੀਵਰਸਿਟੀਆਂ, ਨਿੱਜੀਕਰਣ ਤੇ ਬਾਜ਼ਾਰੀਕਰਣ, ਪੀ. ਪੀ. ਪੀ. ਵਰਗੇ ਪ੍ਰਸਤਾਵਾਂ ਦੀ ਹਮਾਇਤ ਕੀਤੀ ਹੈ। ਯੂ. ਪੀ. ਏ. ਸਰਕਾਰ ਦੇ ਸਿਖਿਆ ਏਜੰਡੇ ਦਾ 'ਕੋਹਿਨੂਰ' ਅਖੌਤੀ 'ਸਿੱਖਿਆ ਅਧਿਕਾਰ ਬਿੱਲ 2009' ਹੈ। ਜਿਸ ਨੂੰ ਇਕ ਇਤਿਹਾਸਕ ਕਾਨੂੰਨ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਦਰਅਸਲ ਇਹ ਇਕ ਇਤਿਹਾਸਕ ਧੋਖਾ ਹੈ। ਆਖਰ ਅਜਿਹਾ ਕਿਉਂ? ਕੀ ਕੋਈ ਬੁਨਿਆਦੀ ਅਧਿਕਾਰੀ ਘਟੀਆ ਸਿੱਖਿਆ ਦਾ ਹੋ ਸਕਦਾ ਹੈ? ਕੀ ਕੋਈ ਮੌਲਿਕ ਅਧਿਕਾਰ ਗੈਰ ਬਰਾਬਰੀ ਦੀ ਸਿੱਖਿਆ ਹੋ ਸਕਦਾ ਹੈ? ਕੀ ਕੋਈ ਮੌਲਿਕ ਅਧਿਕਾਰ ਭੇਦਪੂਰਨ ਸਿੱਖਿਆ ਦਾ ਹੋ ਸਕਦਾ ਹੈ? ਜੇ ਤੁਹਾਡਾ ਇਹਨਾਂ ਤਿੰਨ ਸੁਆਲਾਂ ਦਾ ਜੁਆਬ ਨਾਂਹ 'ਚ ਹੈ ਤਾਂ ਆਪ ਇਸ ਕਾਨੂੰਨ ਨੂੰ ਇਤਿਹਾਸਕ ਧੋਖਾ ਕਰਾਰ ਦੇਣ 'ਚ ਜਰਾ ਵੀ ਨਹੀਂ ਹਿਚਕ ਚਾਹੋਗੇ।

ਉਕਤ ਕਾਨੂੰਨ ਦੇ ਤਿੰਨ ਸਪੱਸ਼ਟ ਉਦੇਸ਼ : ਪਹਿਲਾਂ ਸਰਕਾਰ ਵੱਲੋਂ ਸਭ ਬੱਚਿਆਂ ਨੂੰ ਸਮਤਾਮੁਲਕ ਗੁਣਵੰਣਤਾ ਦੀ ਸਿੱਖਿਆ ਮੁਹੱਈਆ ਕਰਾਉਣ ਦੀ ਆਪਣੀ ਸੰਵਿਧਾਨਿਕ ਜੁਆਬਦੇਹੀ ਤੋਂ ਪੱਲਾ ਝਾੜ ਨਾ। ਦੂਜਾ ਕੇਂਦਰੀ ਜਾਂ ਨਵੋਦਿਆ ਸਕੂਲਾਂ 11ਵੀਂ ਪੰਜ ਸਾਲਾਂ ਯੋਜਨਾ 'ਚ ਪ੍ਰਸਤਾਵਿਤ 6000 ਮਾਡਲ ਸਕੂਲਾਂ ਜਾਂ ਵੱਖ-ਵੱਖ ਰਾਜਾਂ 'ਚ ਐਸੀਆਂ ਹੋਰ ਅਭਿਜਾਤ ਸ਼੍ਰੇਣੀਆਂ ਦੇ ਸਕੂਲਾਂ ਨੂੰ ਛੱਡ ਕੇ ਬਾਕੀ ਸਾਰੀ ਸਕੂਲ ਵਿਵਸਥਾ ਨੂੰ ਢਹਿ ਢੇਰੀ ਕਰਨਾ। ਤੀਜਾ ਪੀ. ਪੀ. ਪੀ. (ਨਿੱਜੀ ਜਨਤਕ ਸਾਂਝੀਦਾਰੀ) ਦੇ ਵੱਖ-ਵੱਖ ਰੂਪਾਂ ਰਾਹੀਂ ਸਕੂਲ ਸਿਖਿਆ ਦੇ ਨਿੱਜੀਕਰਣ ਤੇ ਬਜਾਰੀਕਰਨ ਦੀ ਰਫਤਾਰ ਨੂੰ ਤੇਜ ਕਰਨਾ ਮਸਲਨ ਸਕੂਲ ਵਾਊਚਰ ਦੇਣੇ। ਮਿਸਾਲ ਵਜੋਂ ਨਿੱਜੀ ਸਕੂਲਾਂ 'ਚ 5 ਫੀਸਦੀ 'ਮੁਫਤ' ਸਿੱਖਿਆ ਦਾ ਭਰਮਾਊ ਵਿਵਸਥਾ ਨਿੱਜੀ ਏਜੰਸੀਆਂ ਵੱਲੋਂ ਸਰਕਾਰੀ ਸਕੂਲਾਂ ਨੂੰ 'ਗੋਦ' ਲੈਣਾ ਮਹਿੰਗੇ ਸਕੂਲਾਂ ਨੂੰ ਹੱਲਾਸ਼ੇਰੀ ਦੇਣ ਲਈ ਬੱਚਿਆਂ ਨੂੰ ਸਸਤੇ ਕਰਜੇ ਦੇਣਾ। ਸਕੂਲਾਂ ਨੂੰ ਟੈਕਸ ਮੁਆਫੀ ਜਾਂ ਹੋਰ ਕਿਸਮ ਦੀ ਸਬਸਿਡੀ ਦੀ ਵਿਵਸਥਾ ਜਾਂ ਸਰਕਾਰੀ ਧਨ ਦੇ ਸਹਾਰੇ ਮੁਨਾਫਾ ਕਮਾਉਣ ਵਾਲੇ ਸਕੂਲ ਸ਼ੁਰੂ ਕਰਵਾਉਣਾ। ਇਸ ਕਾਨੂੰਨ 'ਚ ਕਿਧਰੇ ਵੀ ਸਰਕਾਰ ਜਾਂ ਸਥਾਨਕ

ਗੱਠਜੋੜਾਂ ਨੂੰ ਇਹਨਾਂ ਸਿੱਖਿਆ ਦੀਆਂ ਦੁਕਾਨਾਂ ਨੂੰ ਦਿਨ ਦੁੱਗਣੀ ਰਾਤ ਚੌਗੁਣੀਆਂ ਫੀਸਾਂ 'ਤੇ ਕੰਟਰੋਲ ਕਰਨ ਦੀ ਜ਼ਿੰਮੇਵਾਰੀ ਨਹੀਂ ਦਿੱਤੀ ਗਈ ਹੈ। ਕਾਨੂੰਨ ਦੀ ਇਸ ਹੈਰਾਨਕੁੰਨ ਤਸਵੀਰ ਬਾਰੇ ਜੇ ਕੋਈ ਸ਼ੱਕ ਹੈ ਤਾਂ ਸਿੱਬਲ ਦੇ ਸੰਸਦ 'ਚ ਦਿੱਤੇ ਗਏ ਇਸ ਕਥਨ 'ਤੇ ਧਿਆਨ ਦੇਈਏ ਕਿ 'ਸਰਕਾਰ ਕੋਲ ਏਨੇ ਸਾਧਨ ਨਹੀਂ ਹਨ ਕਿ ਉਹ ਗੁਣਵੰਣਤਾਪੂਰਨ ਸਿੱਖਿਆ ਦੇਣ ਵਾਲੇ ਸਕੂਲ ਖੋਹਲ ਸਕਣ ਤਾਂ ਫਿਰ ਕੀ ਇਹ ਕਾਨੂੰਨੀ ਸਰਕਾਰੀ ਤੰਤਰ 'ਚ ਘਟੀਆ ਸਿੱਖਿਆ ਦੇਣ ਲਈ ਬਣਾਇਆ ਗਿਆ ਹੈ। ਤਾਂ ਕਿ ਨਿੱਜੀਕਰਣ ਤੇ ਬਜਾਰੀਕਰਣ ਦੀ ਰਫਤਾਰ ਤੇ ਕੀਤੀ ਜਾ ਸਕਣ? ਹੁਣ ਗੌਰ ਕਰੋ ਯਸ਼ਪਾਲ ਸੰਮਤੀ ਰਿਪੋਰਟ 'ਤੇ ਜਿਸ ਨੇ ਸਿਖਿਅਕ ਬਹਿਸ ਵਟਾਂਦਰੇ 'ਚ ਚਲਾਕ ਭਾਸ਼ਾ ਵਰਤਦਿਆਂ ਵਿਸ਼ਵੀ ਬਜ਼ਾਰ ਦੇ ਏਜੰਡੇ 'ਤੇ ਪਰਦਾ ਪਾਉਣ ਵਾਲੀ ਰਿਪੋਰਟ ਵਜੋਂ ਯਾਦ ਕੀਤਾ ਜਾਵੇਗਾ। ਰਿਪੋਰਟ ਦੇ ਸ਼ੁਰੂ 'ਚ ਹੀ ਇਹ ਵਿਚਾਰ ਹਨ 'ਯੂਨੀਵਰਸਿਟੀ ਉਹ ਥਾਂ ਹੈ ਜਿਸ ਨਵੇਂ ਵਿਚਾਰ ਪੈਂਦਾ ਹੁੰਦੇ ਹਨ। ਜੜ੍ਹਾਂ ਜਮਾਉਂਦੇ ਹਨ।.....ਜੋ ਗਿਆਨ ਦੀ ਪੂਰੀ ਦੁਨੀਆਂ ਨੂੰ ਸਮੇਟ ਲੈਂਦੀ ਹੈ।.....ਜਿਥੇ ਸਿਰਜਨਾਤਮਕ ਮਾਨਸ......ਨਵੇਂ ਯਥਾਰਥਾਂ ਦਾ ਨਜ਼ਰੀਆ ਰੱਖਦੇ ਹਨ।......ਜਿਥੇ ਗਿਆਨ ਦੀ ਤਲਾਸ਼ ਵਿੱਚ ਸੱਚ ਦੀਆਂ ਜੜ੍ਹ ਧਾਰਨਾਵਾਂ ਨੂੰ ਚੁਣੌਤੀ ਦਿੱਤੀ ਜਾਂਦੀ ਹੈ।"......ਇਸ ਉਚਾਈ ਤੇ ਚੜ੍ਹਨ ਪਿੱਛੋਂ ਯਸ਼ਪਾਲ ਸੰਮਤੀ ਵਿਸ਼ਵੀ ਬਜ਼ਾਰ ਤੇ ਕਾਰਪੋਰੇਟ ਪੂੰਜੀ ਦੀ ਧਰਾਤਲ 'ਤੇ ਉਤਰ ਕੇ ਕਹਿੰਦੀ ਹੈ, "ਉਚ ਸਿੱਖਿਆ ਦੀ ਸਮਰੱਥਾ ਨੂੰ ਮੌਜੂਦਾ ਪੱਧਰ ਤੋਂ ਦੁੱਗਣਾ ਕਰਨ ਦੇ ਲਈ ਜ਼ਰੂਰੀ ਹੋਵੇਗਾ ਕਿ ਨਿੱਜੀ ਖੇਤਰ ਦੀ ਸਾਂਝੇਦਾਰੀ ਨੂੰ ਹੱਲਾਸ਼ੇਰੀ ਦਿੱਤੀ ਜਾਵੇ।" ਫਿਰ ਰਿਪੋਰਟ ਆਪਣਾ ਦਾਮਨ ਸਾਫ ਰੱਖਣ ਲਈ ਸਰਕਾਰ ਦੀ ਜੁਆਬਦੇਹੀ ਦਾ ਜ਼ਿਕਰ ਕਰਕੇ "ਸਰਕਾਰੀ, ਨਿੱਜੀ ਤੇ ਜਨਤਕ-ਨਿੱਜੀ ਸਾਂਝੇਦਾਰੀ (ਪੀ. ਪੀ. ਪੀ.) ਜ਼ਰੀਏ ਸਥਾਪਤ" ਅਦਾਰਿਆਂ ਦੀ ਵਕਾਲਤ ਕਰਦੀ ਹੈ। ਯਾਨੀ ਸਰਕਾਰੀ ਅਦਾਰੇ ਨਿੱਜੀ ਪੂੰਜੀ ਨੂੰ ਸੌਂਪ ਕੇ ਬਜ਼ਾਰੀਕਰਨ ਦੀ ਪੈਰਵਾਈ ਕਰਦੀ ਹੈ। ਉਚੀ ਫੀਸ ਲੈ ਕੇ ਮੁਨਾਫਾ ਕਮਾਉਣ ਵਾਲੇ ਮੁਨਾਫਾ ਕਮਾਉਣ ਵਾਲੇ ਅਦਾਰਿਆਂ ਨੂੰ ਵਾਜਬ ਠਹਿਰਾਉਣ ਲਈ ਰਿਪੋਰਟ ਕਹਿੰਦੀ ਹੈ। "ਵਿਦਿਆਰਥੀਆਂ ਦਾ ਇਕ ਵੱਡਾ ਤਬਕਾ ਹੈ ਜੋ ਆਪਣੀ ਸਿੱਖਿਆ ਦਾ ਖਰਚ ਦੇ ਸਕਦਾ ਹੈ" ਅਜਿਹੇ (ਕੁ) ਤਰਕ ਠੀਕ ਉਹੀ ਹੈ ਜੋ ਸੰਸਾਰ ਬੈਂਕ ਸਿੱਖਿਆ ਦਾ ਬਜ਼ਾਰੀਕਰਨ ਕਰਵਾਉਣ ਲਈ 1980 ਦੇ ਦਹਾਕੇ ਤੋਂ ਦੇ ਰਿਹਾ ਹੈ। ਜ਼ਿਕਰਯੋਗ ਹੈ ਕਿ ਜਨਤਕ-ਨਿੱਜੀ ਸਾਂਝੇਦਾਰੀ (ਪੀ. ਪੀ. ਪੀ.) ਨੂੰ ਯੂ. ਪੀ. ਏ. ਸਰਕਾਰ ਨੇ 11ਵੀਂ ਪੰਜ ਸਾਲਾਂ ਯੋਜਨਾ ਦੇ ਸਿਖਿਅਕ ਏਜੰਡੇ ਦਾ ਮੂਲਮੰਤਰ ਬਣਾ ਦਿੱਤਾ ਹੈ।

ਭਾਰਤ 'ਚ ਸਿਖਿਆ ਦਾ ਅਨੁਮਾਨਿਤ ਸਲਾਨਾ ਬਾਜ਼ਾਰ ਸਿੱਬਲ, ਯਸ਼ਪਾਲ ਸੰਮਤੀ ਦੀ ਰਿਪੋਰਟ ਨੂੰ ਲਾਗੂ ਕਰਨ ਦੀ ਤੇਜ਼ੀ ਵਿੱਚ ਹੈ। ਸਿਬਲ ਨੇ ਮੰਤਰਾਲੇ ਦਾ ਕਾਰਜ ਸੰਭਾਲਦਿਆਂ ਹੀ ਐਲਾਨ ਕੀਤਾ ਸੀ ਕਿ ਉਸਦੀ ਤਰਜੀਹ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ 'ਚ ਲਿਆਉਣ ਲਈ ਇਕ ਕਾਨੂੰਨ ਬਣਾਉਣ ਦੀ ਹੈ। ਰਹੀ-ਸਹੀ ਕਸਰ ਯਸ਼ਪਾਲ ਸੰਮਤੀ ਨੇ ਪੂਰੀ ਕਰ ਦਿੱਤੀ। ਯਸ਼ਪਾਲ ਸੰਮਤੀ ਦੀ ਰਿਪੋਰਟ ਦੇ ਖੰਡ 2.3.5 'ਚ ਕਿਹਾ ਗਿਆ ਹੈ ਕਿ "ਜੇ ਦੁਨੀਆਂ ਦੀਆਂ ਯੂਨੀਵਰਸਿਟੀਆਂ 'ਚੋਂ ਸਰਭ ਉਤਮ 200 ਭਾਰਤ 'ਚ ਆਉਣਾ ਤੇ ਕੰਮ ਕਰਨਾ ਚਾਹੁੰਦੀਆਂ ਹਨ। ਤਾਂ ਉਹਨਾਂ ਦਾ ਸੁਆਗਤ ਹੋਣਾ ਚਾਹੀਦਾ ਹੈ।" ਪਰ ਆਪਸੀ ਵਿਰੋਧਾਂ ਨਾਲ ਭਰਪੂਰ

ਰਿਪੋਰਟ ਇਹ ਵੀ ਕਹਿੰਦੀ ਹੈ।"...ਯੂਨੀਵਰਸਿਟੀਆਂ ਆਪਣੇ ਸਮਾਜਕ, ਸੱਭਿਆਚਾਰਕ ਤੇ ਭੂਗੋਲਿਕ ਪ੍ਰਸੰਗ ਦੇ ਸਬੰਧਾਂ 'ਚ ਹੀ ਵਿਕਸਤ ਹੁੰਦੇ ਹਨ ਅਤੇ ਉਹਨਾਂ ਵਿੱਚੋਂ ਉਤਮ ਨੂੰ ਵੀ ਨਾ ਤਾਂ ਕਿਧਰੇ ਹੋਰ ਥਾਂ ਉਠਾ ਕੇ ਬੀਜਿਆ ਜਾ ਸਕਦਾ ਹੈ ਅਤੇ ਨਾਲ ਬੀਜਣ ਪਿੱਛੋਂ ਅੱਛੇ ਕੰਮ ਦੀ ਆਸ ਰੱਖੀ ਜਾ ਸਕਦੀ ਹੈ।" ਤਾਂ ਫਿਰ ਉਹਨਾਂ ਦਾ ਸੁਆਗਤ ਕਿਉਂ? ਯਸ਼ਪਾਲ ਸੰਮਤੀ ਦੀ ਬਹੁ-ਚਰਚਿਤ ਸਿਫਾਰਸ਼ ਹੈ ਕਿ ਯੂ. ਜੀ. ਸੀ. ਏ. ਆਈ. ਸੀ. ਟੀ. ਟੀ., ਐਨ. ਸੀ. ਟੀ. ਟੀ. ਆਦਿ ਨਿਆਇਕ ਏਜੰਸੀਆਂ ਦੀ ਥਾਂ ਇਕ ਉਚ ਅਧਿਕਾਰ ਵਾਲਾ ਕੌਮੀ ਕਮਿਸ਼ਨ ਸਥਾਪਤ ਕੀਤਾ ਜਾਵੇਗਾ। ਰਿਪੋਰਟ ਅਨੁਸਾਰ ਇਹ ਸੰਸਥਾਵਾਂ ਉਮੀਦਾਂ ਦੇ ਅਨੁਸਾਰ ਕੰਮ ਨਹੀਂ ਕਰ ਸਕੀਆਂ ਹਨ। ਪਰ ਕੀ ਗਰੰਟੀ ਹੈ ਕਿ ਕੌਮੀ ਕਮਿਸ਼ਨ ਦੀ ਕਾਲਾਂਤਰ 'ਚ ਉਸੇ ਰਾਹ 'ਤੇ ਨਹੀਂ ਚੱਲ ਪਵੇਗਾ? ਕਿਥੇ ਇਹ ਸਿਫਾਰਸ਼ ਬਾਜ਼ਾਰ ਨੂੰ ਸਿਖਿਆ 'ਤੇ ਸ਼ਰ੍ਹੇਆਮ ਰਾਜ ਕਰਨ ਦਾ ਖੁੱਲ੍ਹਾ ਸੱਦਾ ਤਾਂ ਨਹੀਂ ਹੈ? ਹਕੀਕਤ ਇਹ ਹੈ ਕਿ ਯੂ. ਪੀ. ਏ. ਸਰਕਾਰ ਦਾ ਸਿਖਿਆ ਏਜੰਡਾ ਆਰਥਿਕ ਏਜੰਡੇ ਦਾ ਅਨਿੱਖੜਵਾਂ ਅੰਗ ਹੈ।

ਸੰਨ 1991 ਤੋਂ ਵਿਸ਼ਵੀਕ੍ਰਿਤ ਅਰਥਚਾਰੇ ਤੇ ਨਵ-ਉਦਾਰਵਾਦ ਦੇ ਜਿਸ ਰਸਤੇ 'ਤੇ ਦੇਸ਼ ਨੂੰ ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ (IMF) ਦੇ ਦਿਸ਼ਾ-ਨਿਰਦੇਸ਼ਾਂ 'ਤੇ ਚਲਾਇਆ ਜਾ ਰਿਹਾ ਹੈ। ਉਥੇ ਸਿਰਫ ਉਹਨਾਂ ਹੀ ਸਿੱਖਿਆ ਸੁਧਰਾਂ ਲਈ ਜਗਾਹ ਹੋਵੇਗਾ। ਜੋ ਸੰਸਾਰਕ ਬਾਜ਼ਾਰ ਤੇ ਕਾਰਪੋਰੇਟ ਪੂੰਜੀ ਦੇ ਹਿੱਤ 'ਚ ਹੋਣਗੇ। ਪਰ ਹਰ ਨਵੇਂ ਪ੍ਰਸਤਾਵ ਨੂੰ ਸਮਾਵੇਸ਼ੀ ਨੀਤੀ ਦੀ ਲੋਕ ਲੁਭਾਣੀ ਚਾਸ਼ਣੀ 'ਚ ਪਰੋਸਿਆ ਜਾਵੇਗਾ। ਇਸ ਲਈ ਮੁੱਖ ਧਾਰਾ ਦੀਆਂ ਸਭ ਰਾਜਸੀ ਪਾਰਟੀਆਂ ਇਸ ਏਜੰਡੇ ਨੂੰ ਖੁੱਲ੍ਹ ਕੇ ਜਾਂ ਮੌਨ ਹਮਾਇਤ ਦੇ ਰਹੀ ਹੈ। ਸੰਸਦ ਵਿੱਚ ਵੀ ਅਖੌਤੀ ਸਿੱਖਿਆ ਅਧਿਕਾਰ ਬਿੱਲ 2009 ਨੂੰ ਖੱਬਿਆਂ ਤੋਂ ਪਿਛਾਖੜੀਆਂ ਤਕ ਦੀਆਂ ਸਾਰੀਆਂ ਪਾਰਟੀਆਂ ਨੇ ਹਮਾਇਤ ਦਿੱਤੀ ਤਾਜੀ ਖਬਰ ਹੈ ਕਿ ਸੰਘ ਪਰਿਵਾਰ ਦੀ ਅਗਵਾਈ ਸਿੱਬਲ ਦੇ ਪ੍ਰਸਤਾਵਾਂ ਦਾ ਪ੍ਰਸੰਸ਼ਕ ਬਣ ਗਿਆ ਹੈ। ਇਸ ਵਿੱਚ ਵੀ ਤਾਂ ਰੰਚ ਮਾਤਰ ਅਸਚਰਜ ਨਹੀਂ ਹੋਣਾ ਚਾਹੀਦਾ। ਆਖਰਕਾਰ ਭਾਜਪਾ ਦੀ ਅਗਵਾਈ ਵਾਲੀ ਰਾਜਗ ਸਰਕਾਰ ਨੇ ਆਪਣੇ ਕਾਰਜਕਾਲ (1998-2004) 'ਚ ਅਜਿਹੇ ਅਨੇਕ ਪ੍ਰਸਤਾਵਾਂ ਦਾ ਸੂਤਰਪਾਤ ਕੀਤਾ ਸੀ। ਜਿਹਨਾਂ ਨੇ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਆਪਣੇ ਪਿਛਲੇ ਕਾਰਜਕਾਲ ਤੋਂ ਵੀ ਅੱਗੇ ਵਧ ਰਹੀ ਹੈ। ਮਿਸਾਲ ਵਜੋਂ ਨਿੱਜੀਕਰਣ ਨੂੰ ਹੱਲਾਸ਼ੇਰੀ ਦੇਣ ਲਈ ਸਸਤੇ ਸਿਖਿਆ ਕਰਜੇ ਦੀ ਗੱਲ ਹੀ ਦੇਖੋ। ਇਸ ਨੀਤੀ ਦੀ ਸ਼ੁਰੂਆਤ ਜਨਤਕ ਨਿੱਜੀ ਸਾਂਝੇਦਾਰੀ (P.P.P) ਦੇ ਇਕ ਮਾਡਲ ਵਜੋਂ ਰਾਜਸ ਸਰਕਾਰ ਨੇ ਕੀਤੀ ਸੀ। ਜਿਸ ਨੇ ਯੂ. ਪੀ. ਏ. ਸਰਕਾਰ ਨੇ ਅੱਗੇ ਵਧਾਇਆ। ਸਿੱਖਿਆ 'ਚ ਪੀ. ਪੀ. ਪੀ. ਦਾ ਪਹਿਲਾਂ ਰਾਜ ਸੀ। ਪ੍ਰਸਤਾਵ ਭਾਜਪਾ ਨੇ ਸੰਨ 1998 ਦੇ ਚੁਣਾਵੀ ਮੈਨੀਫੈਸਟੋ 'ਚ ਸੀ ਅਤੇ ਇਸ ਨੂੰ ਅਮਲ 'ਚ ਲਿਆਉਣ ਲਈ ਯੋਜਨਾ ਕਮਿਸ਼ਨ ਨੇ ਸੰਨ 2003 'ਚ ਇਕ ਉਪ-ਸਮੂਹ ਦਾ ਗਠਨ ਕੀਤਾ ਜਿਸ ਦੀ ਰਿਪੋਰਟ ਸੰਨ 2004 'ਚ ਯੂ. ਪੀ. ਏ. ਦੇ ਕਾਰਜਕਾਲ 'ਚ ਪੇਸ਼ ਹੋਣੀ ਅਤੇ ਮੰਨੀ ਗਈ। ਸਾਫ ਹੈ ਕਿ ਨਰਸਿਮ੍ਹਾ ਸਰਕਾਰ ਨੂੰ ਸੰਯੁਕਤ ਮੋਰਚਾ ਤੇ ਰਾਜਸ ਸਰਕਾਰਾਂ ਤੋਂ ਅਤੇ ਫਿਰ ਰਾਜਗ ਸਰਕਾਰ ਨੂੰ ਯੂ. ਪੀ. ਏ. ਸਰਕਾਰ ਨਾਲ ਜੋੜਨ ਵਾਲੀਆਂ ਨਵ ਉਦਾਰਵਾਦੀਆਂ ਨੀਤੀਆਂ ਦਾ ਨੀਤੀ-ਨਿਰਦੇਸ਼ਕ ਸੂਤਰ ਅੱਜ ਵੀ ਮੌਜੂਦ ਹੈ। ਸੰਘ ਪਰਿਵਾਰ ਦੀ

ਹਮਾਇਤ ਦਿਖਾਉਂਦੀ ਹੈ। ਕਿ ਬਾਜ਼ਾਰਵਾਦੀ ਦੀ ਸਿੱਖਿਆ ਵਿਵਸਥਾ ’ਚ ਫਿਰਕੂ ਤਾਕਤਾਂ ਆਪਣੇ ਪ੍ਰਤੀਗਾਮੀ ਅਤੇ ਫੁੱਟਪਾਊ ਮੁੱਲਾਂ ਨੂੰ ਠੋਸਣ ਦੀ ਗੁੰਜਾਇਸ਼ ਨਵੇਂ ਸਿਰੇਤੋਂ ਵੇਖ ਰਹੀ ਹੈ। ਨਵ ਉਦਾਰਵਾਦੀ ਦੀ ਸਭ ਤੋਂ ਵੱਡੀ ਤਰਾਸਦੀ ਹੈ ਕਿ ਬਹੁਤੇ ਬੁੱਧੀਜੀਵੀ ਇਸ ਨੀਤੀ ਦੇ ਤਰਕ ਸੰਗੀਤਕਰਨ ਅਤੇ ਵਿਧਾਨੀਕਰਨ ’ਚ ਹਾਕਮ ਜਮਾਤ ਦਾ ਸਾਥ ਦੇ ਰਹੇ ਹਨ ਜਦ ਕਿ ਉਮੀਦ ਸੀ। ਉਹ ਜਨਤਾ ਦੇ ਪੱਖ ’ਚ ਖੜ੍ਹੇ ਹੋ ਕੇ ਇਸ ਨਵ-ਉਦਾਰਵਾਦੀ ਏਜੰਡੇ ਦੀ ਹਕੀਕਤ ਨੂੰ ਉਜਾਗਰ ਕਰਦੇ। ਇਸ ਲਈ ਜਨਤਾ ਪਾਸ ਇਕ ਹੀ ਬਦਲ ਹੈ। ਕਿ ਉਹ ਇਸ ਏਜੰਡੇ ਦੀ ਥਾਂ ਜਨਤਕ ਪੈਸੇ ’ਤੇ ਅਧਾਰਤ ਪਰ ਜਨ-ਕੇਂਦਰਿਤ ਤੇ ਲੋਕਰਾਜੀ ਢਾਂਚੇ ’ਚ ਸੰਚਾਲਿਤ ਸਮਤਾਮੂਲਕ ਤੇ ਗੁਣਵੰਣਤਾ ਦੀ ਸਕੂਲੀ ਤੇ ਉਚ ਸਿੱਖਿਆ ਵਿਵਸਥਾ ਖੜ੍ਹੀ ਕਰਨ ਨੂੰ ਆਪਣੀ ਲੜਾਈ ਨੂੰ ਹੋਰ ਮਜ਼ਬੂਤ ਕਰਨਾ। ਇਸ ਪ੍ਰਸੰਗ ’ਚ ਸਾਨੂੰ ਸਰਕਾਰ ਵੱਲੋਂ ਲੋਕਾਂ ਸਾਹਮਣੇ ਸੁੱਟੇ ਗਏ ਹਰ ਲਾਲੀਪਾਪ ਦੀ ਭੜਕਾਊ ਨੀਤੀ ਨੂੰ ਸਮਝਣਾ ਪੈਣਾ ਹੈ ਤਾਂ ਇਕ ਲੋਕ ਪੱਖੀ ਸਿੱਖਿਆ ਪ੍ਰਣਾਲੀ ਵੱਲ ਅੱਗੇ ਵਧ ਸਕਣਗੇ ਜੋ ਇਨਕਲਾਬ ਤੇ ਟਿਕੀ ਹੋਵੇ।

-----✪✪-----

# ਕ੍ਰਿਕਟ 'ਚੋਂ ਗਾਇਬ ਹੁੰਦੀ ਸ਼ਰਾਫਤ

ਭਾਰਤ ਦੀ ਕੌਮੀ ਖੇਡ ਭਾਵੇਂ ਹੀ ਹਾਕੀ ਹੋਵੇ ਪਰ ਇਥੇ ਕ੍ਰਿਕਟ ਖਿਡਾਰੀ ਦਾ ਦਰਜਾ ਕਿਸੇ ਸਿਤਾਰੇ ਤੋਂ ਘੱਟ ਨਹੀਂ ਹੁੰਦਾ ਪਰ ਅਫਸੋਸ ਇਹ ਹੈ ਕਿ ਸੱਜਣਾਂ ਦੀ ਇਸ ਖੇਡ 'ਚ ਹਰਕਤਾਂ ਹਮੇਸ਼ਾ ਦੁਰਜਨਾਂ ਵਾਂਗੂੰ ਹੀ ਹੁੰਦੀਆਂ ਰਹੀਆਂ ਹਨ। ਪਿੱਛੇ ਜਿਹੇ ਹੀ ਸ੍ਰੀਕਾਂਤ ਦੀ ਪ੍ਰਧਾਨਗੀ ਵਾਲੀ ਚੋਣ ਸੰਮਤੀ ਨੇ ਰਾਹੁਲ ਦ੍ਰਵਿਡ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ। ਅਜਿਹਾ ਕਿਉਂ ਕੀਤਾ ਗਿਆ, ਇਸ ਦਾ ਕੋਈ ਕਾਰਨ ਕਿਸੇ ਨੂੰ ਪਤਾ ਨਹੀਂ ਹੈ। ਚੋਣ ਵਿੱਚ ਨਵੇਂ ਪੁਰਾਣੇ ਚਿਹਰਿਆਂ ਦੇ ਗਣਿਤ ਨੇ ਕ੍ਰਿਕਟ 'ਚ ਪੱਖਪਾਤ ਦੇ ਦੋਸ਼ਾਂ ਦੀ ਚਿੰਗਾਰੀ ਨੂੰ ਇਕ ਵਾਰੀ ਫੇਰ ਭੜਕਾ ਦਿੱਤਾ ਹੈ। ਸੱਜਣਾ ਦੀ ਇਸ ਖੇਡ ਵਿਚ ਉਮੀਦ ਤਾਂ ਕੀਤੀ ਜਾਂਦੀ ਹੈ ਕਿ ਇਥੇ ਟੀਮ ਭਾਵਨਾ, ਖੇਡ ਤੇ ਦੂਸਰੀ ਟੀਮ ਪ੍ਰਤੀ ਆਦਰ, ਊਰਜਾ ਅਤੇ ਉਤਸ਼ਾਹ ਦਾ ਕੁਲ ਜਮਾ ਜੋੜ ਹੋਵੇ। ਕਦੀ-ਕਦੀ ਇਹ ਹੁੰਦਾ ਵੀ ਹੈ ਪਰ ਕੁਝ ਹਰਕਤਾਂ ਐਸੀਆਂ ਹੋ ਜਾਂਦੀਆਂ ਹਨ ਜੋ ਕ੍ਰਿਕਟ ਦੀ ਛਵੀ 'ਤੇ ਬੱਟਾਲਾ ਹੀ ਦਿੰਦੀਆਂ ਹਨ। ਕ੍ਰਿਕਟ ਅਤੇ ਵਿਵਾਦਾਂ ਦਾ ਚੋਲੀ ਦਾਮਨ ਦਾ ਸਾਥ ਹੋ ਗਿਆ ਹੈ, ਭਾਰਤੀ ਚੋਣ ਸੰਮਤੀ ਦੇ ਮੈਂਬਰ ਸੰਜੈ ਜਗਦਾਲੇ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਤਾਂ ਨਹੀਂ ਹਨ ਪਰ ਮੰਨਦੇ ਹਨ ਕਿ ਪਹਿਲੇ ਦੇ ਮੁਕਾਬਲੇ ਇਮਾਨਦਾਰੀ ਘਟੀ ਹੈ। ਉਹ ਕਹਿੰਦੇ ਹਨ 'ਪਹਿਲਾਂ' ਮੰਨਿਆ ਜਾਂਦਾ ਸੀ ਕਿ ਜੋ ਫੈਸਲਾ ਹੋਇਆ ਹੈ ਬਿਲਕੁਲ ਠੀਕ ਹੋਇਆ ਹੈ, ਪਰ ਹੁਣ ਅਜਿਹਾ ਨਹੀਂ ਹੈ ਜੇ ਕੋਈ ਆਊਟ ਦੀ ਅਪੀਲ ਜਾਂ ਫੈਸਲੇ ਪਿੱਛੋਂ ਸੁਆਲ-ਜੁਆਬ ਕਰਦਾ ਹੈ ਤਾਂ ਇਸ ਦਾ ਸਾਫ ਅਰਥ ਹੈ ਕਿ ਉਸ ਨੂੰ ਕਿਤੇ ਨਾ ਕਿਤੇ ਸਿਸਟਮ 'ਤੇ ਸ਼ੱਕ ਹੈ। ਉਹ ਫਿਰ ਵੀ ਕਹਿੰਦੇ ਹਨ, ਇਕ ਦੋ ਐਸੀਆਂ ਘਟਨਾਵਾਂ ਹੋ ਜਾਣ ਨਾਲ ਇਹ ਨਹੀਂ ਕਿਹਾ ਜਾ ਸਕਦਾ ਕਿ ਕ੍ਰਿਕਟ ਸੰਕਟ 'ਚ ਹੈ।

ਜੇ ਕਿਹਾ ਜਾਵੇ ਕਿ ਪਿਛਲੀ ਸਦੀ 'ਚ ਇੰਗਲੈਂਡ ਤੇ ਆਸਟ੍ਰੇਲੀਆ ਵਿਚਕਾਰ 'ਬਾਡੀ ਲਾਈਨ' ਝਗੜੇ ਤੋਂ ਕ੍ਰਿਕਟ ਦੇ ਵਿਵਾਦਾਂ ਦਾ ਜਨਮ ਹੋਇਆ ਤਾਂ ਗਲਤ ਨਹੀਂ ਹੋਵੇਗਾ। ਹੌਲੀ-ਹੌਲੀ ਵਿਵਾਦ ਆਪਣੇ ਸ਼ਬਾਬ ਤੇ ਆਏ ਅਤੇ ਅੱਜਕਲ ਬਾਲ ਟੇਂਪਰਿੰਗ (ਗੇਂਦ ਦੇ ਨਾਲ ਛੇੜਛਾੜ), ਮੈਚ ਫਿਕਸਿੰਗ, ਸਲੈਂਗਿੰਗ (ਗਾਲੀ ਗਲੋਚ) ਅਤੇ ਪਿੱਛੇ ਜਿਹੇ ਹੀ ਵਾਡਾ (ਵਰਲਡ ਡੌਪਿੰਗ ਏਜੰਸੀ) 'ਤੇ ਦਸਖ਼ਤਾਂ ਸਬੰਧੀ ਇਨਕਾਰ ਨੇ ਇਸ ਖੇਡ ਨੂੰ ਖਤਰੇ ਦੇ ਕਟਹਿਰੇ 'ਚ ਲਿਆ ਖੜ੍ਹਾ ਕੀਤਾ। ਪ੍ਰਸਿੱਧ ਬੱਲੇਬਾਜ਼ ਕੀਰਤੀ ਆਜ਼ਾਦ ਇਸ ਗੱਲ ਨਾਲ ਸਹਿਮਤ ਹੈ ਕਿ ਕ੍ਰਿਕਟ ਦਾ ਵਕਤ ਅਤੇ ਹਾਲਾਤ ਦੋਨੋਂ ਬਦਲੇ ਹਨ ਉਹ ਕਹਿੰਦੇ ਹਨ, 'ਅਜੇ ਟੀ-20 ਹੁੰਦਾ ਹੈ। ਦੇਖ ਕੁਝ ਦਿਨਾਂ ਪਿੱਛੋਂ ਟਾਸ-ਟਾਸ ਦੇ ਮੈਚ ਹੋਣਗੇ। ਕ੍ਰਿਕਟ ਦੇ ਵਿਵਾਦ ਬਾਰੇ ਉਹ ਬੋਲਦੇ ਹਨ 'ਇਹ ਪਹਿਲਾਂ ਤੋਂ ਹੀ ਸੀ ਹੁਣ ਜ਼ਰੂਰ 'ਹੁਣ ਜ਼ਰੂਰੀ ਹਰ ਛੋਟੀ-ਛੋਟੀ ਗੱਲ ਨੂੰ ਮੀਡੀਆ ਏਨਾ ਤੂਲ ਦਿੰਦਾ ਹੈ ਕਿ ਕ੍ਰਿਕਟ ਬਸ ਵਿਵਾਦਾਂ ਦੀ ਹੀ ਖੇਡ ਰਹਿ ਗਈ ਹੈ ਪਰ ਅੱਜ ਵੀ ਕੁਝ ਅੱਛੇ ਖਿਡਾਰੀ ਹਨ।' ਜਦ ਕਿ ਬੋਰਡ ਦੇ ਸਕੱਤਰ ਰਹਿ ਚੁੱਕੇ ਨਿਰੰਜਨ ਸ਼ਾਹ ਕਹਿੰਦੇ ਹਨ 'ਹੁਣ ਦਰਸ਼ਕ ਤੇਜ ਖੇਡ ਵੇਖਣਾ ਚਾਹੁੰਦੇ ਹਨ। ਟੀ-20 ਦੀ ਹਰਮਨ ਪਿਆਰਤਾ ਇਸ ਵਜਾਹ ਕਰਕੇ ਹੈ।' ਕ੍ਰਿਕਟ 'ਚ ਵਿਵਾਦ ਦੀ ਸ਼ੁਰੂਆਤ

ਕਦੋਂ ਹੋਈ। ਇਹ ਤਾਂ ਕਹਿਣਾ ਮੁਸ਼ਕਲ ਹੈ ਪਰ ਸੰਨ 1932-33 'ਚ ਆਸਟ੍ਰੇਲੀਆ ਦੇ ਇੰਗਲੈਂਡ ਦੌਰੇ ਵਕਤ ਇੰਗਲੈਂਡ ਦੇ ਕਪਤਾਨ ਨੇ ਡਾਨ ਬ੍ਰੇਡਮੈਨ ਦੀ ਫਿਸਫੋਟਕ ਪਾਰੀ ਖਤਮ ਕਰਨ ਲਈ 'ਬਾਡੀ ਲਾਈਨ' ਜਾਂ 'ਲੈਗ ਥਿਊਰੀ' ਦੀ ਵਰਤੋਂ ਕੀਤੀ ਸੀ। ਕਿਹਾ ਜਾਂਦਾ ਹੈ ਕਿ ਟੀਮ ਦੇ ਅਧਿਕਾਰੀਆਂ ਦਾ ਵੀ ਖਿਡਾਰੀਆਂ ਨੂੰ ਅਜੇ ਗੇਂਦ ਸੁੱਟਣ 'ਚ ਪੂਰਾ ਸਹਿਯੋਗ ਸੀ। ਤਦ ਕ੍ਰਿਕਟ-ਪ੍ਰੇਮੀਆਂ ਨੂੰ ਚਿੰਤਾ ਹੋਈ ਅਤੇ ਉਹਨਾਂ ਨੇ ਇਸ ਦਾ ਵਿਰੋਧ ਕੀਤਾ। ਇਸ ਵਿਰੋਧ 'ਚ ਮੁੱਖ ਤੌਰ 'ਤੇ ਉਹਨਾਂ ਖਿਡਾਰੀਆਂ ਦੀ ਚਿੰਤਾ ਸੀ ਜੋ ਸ਼ਾਰਟ ਪਿੱਚ ਗੇਦਾਂ 'ਤੇ ਹੈਲਮਟ ਦੀ ਵਰਤੋਂ ਨਹੀਂ ਕਰਦੇ ਸਨ ਕ੍ਰਿਕਟ ਦੀ ਇਸ ਬੇਇਮਾਨੀ ਨੇ ਏਨੇ ਲੋਕਾਂ ਨੂੰ ਆਹਤ ਕੀਤਾ ਕਿ ਲੋਕ ਅਜੇ ਵੀ ਇਸ ਘਟਨਾ ਨੂੰ ਭੁਲਾ ਨਹੀਂ ਸਕਦੇ। ਪਰ 50 ਸਾਲ ਬਾਅਦ ਹਾਲਾਤ ਹੋਰ ਬੁਰੇ ਹੁੰਦੇ ਉਦੋਂ ਸ਼ੁਰੂ ਜਦੋਂ ਚੈਪਲ ਭਰਾਵਾਂ ਨੇ ਕ੍ਰਿਕਟ ਦੀ ਇੱਜਤ ਮਿੱਟੀ 'ਚ ਮਿਲਾ ਕੇ ਰੱਖ ਦਿੱਤੀ। ਟ੍ਰੇਵਰ ਚੈਪਲ ਨੇ ਆਪਣੇ ਭਾਈ ਗ੍ਰੇਗ ਚੈਪਲ ਦੀ ਦੇਖ-ਰੇਖ 'ਚ ਮੈਕੇਂਜੀ ਨੂੰ ਅੰਡਰ ਆਰਮ ਗੇਂਦ ਸੁੱਟੀ ਸੀ। ਤਾਂ ਕਿ 1980-81 ਬੇਂਸਨ ਐਂਡ ਹੈਜੇਸ ਦੇ ਵਿਸ਼ਵਕੱਪ ਫਾਈਨਲ 'ਚ ਨਿਊਜ਼ੀਲੈਂਡ ਦਾ ਖਿਡਾਰੀ ਆਖਰੀ ਬਾਲ 'ਤੇ ਜਿੱਤਣ ਲਈ ਛੱਕਾ ਨਾ ਲਾ ਸਕੇ। ਚੈਪਲ ਬੰਧੂ ਆਪਣੀ ਕੋਸ਼ਿਸ਼ 'ਚ ਸਫਲ ਰਹੇ ਅਤੇ ਆਸਟ੍ਰੇਲੀਆ 6 ਰਨ ਨਾਲ ਮੈਚ ਜਿੱਤ ਗਿਆ ਸੀ। ਇਸ ਪਿੱਛੋਂ ਨਿਊਜ਼ੀਲੈਂਡ ਦੇ ਖਿਡਾਰੀ ਨੇ ਕ੍ਰਿਕਟ 'ਤੇ ਆਪਣਾ ਬੈਟ ਸੁੱਟ ਕੇ ਜਿਤਾ ਦਿੱਤਾ ਸੀ ਕਿ ਉਹ ਵੀ ਉਸੇ 'ਸਜਨਤਾ' ਦਾ ਹਿੱਸਾ ਹੈ। ਕੋਈ ਇਕ ਝਮੇਲਾ ਜਨਮ ਲੈਂਦਾ ਹੈ ਅਤੇ ਫਿਰ ਉਸ ਵਿਰੁੱਧ ਨਿਯਮ ਬਣਦਾ ਹੈ। ਜਦੋਂ ਤੱਕ ਨਿਯਮ ਦਾ ਪਾਲਣ ਸ਼ੁਰੂ ਹੁੰਦਾ ਹੈ ਤਦ ਤਕ ਅਗਲਾ ਵਿਵਾਦ ਜਨਮ ਲੈ ਲੈਂਦਾ ਹੈ ਤੇ ਫਿਰ ਉਸ ਵਿਰੁੱਧ ਨਿਯਮ ਬਣਦਾ ਹੈ। ਹਰ ਦੇਸ਼ ਦੀ ਟੀਮ ਤੇ ਉਸਦੇ ਖਿਡਾਰੀ ਵੱਖ-ਵੱਖ ਸਮੇਂ ਵੱਖ-ਵੱਖ ਵਿਵਾਦਾਂ ਦੇ ਜਨਮ ਦਾਤਾ ਰਹੇ ਹਨ।

ਇਕ ਵਕਤ ਪਾਕਿਸਤਾਨੀ ਖਿਡਾਰੀ ਗੇਂਦ ਦੇ ਨਾਲ ਛੇੜਛਾੜ ਲਈ (ਕੁ) ਖਾਤ ਰਹੇ ਹਨ। ਕਿਹਾ ਜਾਂਦਾ ਹੈ ਕਿ ਪਾਕਿਸਤਾਨੀ ਖਿਡਾਰੀ ਸਰਫਰਾਜ ਨਵਾਜ ਤੇ ਇਮਰਾਨ ਖਾਨ ਨੇ ਹੀ ਸਭ ਤੋਂ ਪਹਿਲਾਂ ਬਾਲ ਟੈਪਰਿੰਗ (ਖਿਡਾਰੀ ਗੇਂਦ ਦੀ ਸੀਵਨ ਯਾਨੀ ਸਿਲਾਈ ਉਦੇੜ ਲੈਂਦੇ ਹਨ ਤਾਂ ਕਿ ਉਹ ਵਧ ਸਪਿਨ ਹੋਵੇ ਜਾਂ ਘੁਮੇ) ਸ਼ੁਰੂ ਕੀਤੀ ਸੀ। ਪਾਕਿਸਤਾਨੀ ਖਿਡਾਰੀ ਨਾ ਸਿਰਫ ਗੇਂਦ ਨੂੰ ਉਦੇੜਦੇ ਜਾਂ ਰਗੜਦੇ ਹਨ ਬਲਕਿ ਗੇਂਦ 'ਤੇ ਵੈਸਲੀਨ ਲਾ ਕੇ ਉਸ ਦੀ ਚਮਕ ਵਧਾ ਦਿੰਦੇ ਹਨ ਤਾਂ ਕਿ ਗੇਂਦ ਬੱਲੇਬਾਜ ਦੀਆਂ ਅੱਖਾਂ ਵਿਚ ਚਮਕੇ। ਹੌਲੀ ਹੌਲੀ ਖਿਡਾਰੀ ਇਸ ਤੋਂ ਵੀ ਉਪਰ ਉਠੇ ਅਤੇ ਵਿਕੇਟ ਗੇਂਦ, ਬੱਲੇ ਦੀ ਛੇੜਛਾੜ ਨਾਲ ਆਪਸੀ ਰੰਜਸ 'ਤੇ ਉਤਰ ਆਏ। ਸਜਨਾ ਦੀ ਖੇਡ 'ਚ ਸਜਨਤਾ ਦੀ ਉਮੀਦ ਤਦ ਮੈਲੀ, ਧੁੰਦਲੀ ਨਜ਼ਰ ਆਈ ਜਦ ਖਿਡਾਰੀ ਆਪਸ ਵਿੱਚ ਜਾਂ ਅੰਪਾਇਰ ਨਾਲ ਭਿੜਨ ਲੱਗੇ। ਬੈਟ ਮਾਰਨਾ, ਸਟੰਪ 'ਤੇ ਲੱਤ ਜਮਾ ਦੇਣੀ ਅਤੇ ਗਾਲ੍ਹਾਂ ਕੱਢਣੀਆਂ, ਮੈਦਾਨ 'ਚ ਆਮ ਹੋ ਗਿਆ। ਸੰਨ 1992 'ਚ ਸਿਡਨੀ 'ਚ ਵਿਸ਼ਵ ਕੱਪ 'ਚ ਭਾਰਤੀ ਵਿਕਟ ਕੀਪਰ ਕਿਰਣ ਮੋਰੇ ਦੀ ਅਪੀਲ ਪਿੱਛੋਂ ਜਾਵੇਦ ਮਿਆਂਦਾਦ ਦਾ ਬੈਟ ਲੈ ਕੇ ਉਛਲ ਪੈਣਾ ਸਭ ਦੇ ਜਹਿਨ ਵਿੱਚ ਹੈ। ਇਸ ਤਰ੍ਹਾਂ ਦੇ ਅਨੇਕਾਂ ਵਿਵਾਦਾਂ ਨੇ ਕੈਰੀ ਪੈਕਰ ਦੇ ਵਿਚਕਾਰ ਵਾਲੇ ਰੰਗੀਨ ਕੱਪੜਿਆਂ ਦੇ ਰੰਗਾ-ਰੰਗ ਮੈਚਾਂ 'ਚ ਪਲੀਤਾ ਲਾ ਦਿੱਤਾ। ਐਸਾ ਨਹੀਂ ਹੈ ਕਿ ਇਹਨਾਂ ਕਹਾਣੀਆਂ ਨੂੰ ਵਧਾਉਣ 'ਚ ਸਿਰਫ ਖਿਡਾਰੀਆਂ ਨੇ ਹੀ ਸਹਿਯੋਗ ਦਿੱਤਾ। ਇਹਨਾਂ

ਕੰਮਾਂ 'ਚ ਅੰਪਾਇਰ ਵੀ ਪਿੱਛੇ ਨਹੀਂ ਰਹੇ। ਜਨਵਰੀ 1999 'ਚ ਏਡਿਲੇਡ 'ਚ ਤ੍ਰਿਕੋਣੀ ਲੜੀ ਦੌਰਾਨ ਇਕ ਮੈਚ ਸਮੇਂ ਅੰਪਾਇਹਰ ਡੈਰੇਲ ਹਾਇਰ ਅਤੇ ਰਾਸ ਇਮਰਸਨ ਨੇ ਸ੍ਰੀਲੰਕਾ ਦੇ ਗੇਂਦਬਾਜ ਮੁਥੈਆ ਮੁਰਲੀਧਰਨ ਨੂੰ ਗੇਂਦਬਾਜੀ ਕਰਦੇ ਸਮੇਂ ਸਤਵਾਰੀ ਟੋਕਿਆ। ਇਸ ਗੱਲ ਨਾਲ ਸ੍ਰੀ ਲੰਕਾ ਦੇ ਕਪਤਾਨ ਰਣਤੁੰਗਾ ਏਨੇ ਖਫਾ ਹੋਏ ਕਿ ਪੂਰੀ ਟੀਮ ਸਮੇਤ ਮੈਦਾਨ ਤੋਂ ਬਾਹਰ ਚਲੇ ਗਏ। ਇਸ ਪਿੱਛੋਂ ਮੁਰਲੀਧਰਨ ਨੂੰ ਫੈਸਲਾਕੁੰਨ ਸੰਮਤੀ ਦੀ ਨਿਗਰਾਨੀ 'ਚੋਂ ਲੰਘਣਾ ਪਿਆ। ਜਿਸ 'ਚ ਸਾਬਤ ਹੋਇਆ ਕਿ ਉਸ ਦੀ ਗੇਂਦਬਾਜੀ 'ਚਕ' ਨਹੀਂ ਹੈ। ਸੰਨ 1997 'ਚ ਭਾਰਤ 'ਚ ਸਹਾਰਾਕਪ ਦੇ ਦੌਰਾਨ ਪਾਕਿਸਤਾਨੀ ਖਿਡਾਰੀ ਇੰਜਮਾਮ ਉਲ ਹੱਕ ਨੂੰ ਆਲੂ ਕਹਿ ਕੇ ਚਿੜਾਉਣ 'ਤੇ ਇਕ ਬੰਦੇ ਨੂੰ ਜੁਰਮਾਨੇ ਦੇ ਨਾਲ ਜੇਲ੍ਹ ਵੀ ਹੋਈ ਸੀ। ਪਰ 2000 ਦੇ ਵਿਸ਼ਵਕੱਪ ਦੌਰਾਨ ਇਕ ਸ਼ਰਮਨਾਕ ਮੈਚ ਫਿਕਸਿੰਗ ਵਾਅਕੇ 'ਚ ਹੈਸੀ ਕਰੋਨਿਆ, ਅਜਹਰਦੀਨ ਸਲੀਮ ਮਲਿਕ ਤੇ ਅਜੈ ਜਡੇਜਾ ਨੂੰ ਦੋਸ਼ੀ ਪਾਇਆ ਗਿਆ। ਇਹਨਾਂ ਲੋਕਾਂ 'ਤੇ ਪੈਸੇ ਲੈ ਕੇ ਜਲਦੀ ਆਊਟ ਹੋਣ ਜਾਂ ਨਾ ਖੇਡਣ ਦਾ ਦੋਸ਼ ਸੀ। ਬਾਅਦ 'ਚ ਤਿੰਨਾਂ ਨੂੰ ਹੀ ਖੇਡਣ ਤੋਂ ਜ਼ਿੰਦਗੀ ਭਰ ਲਈ ਪਾਬੰਦੀ ਲਾ ਦਿੱਤੀ ਗਈ। ਸੰਨ 2000 ਪਿੱਛੋਂ ਇਸ ਵਾਅਕੇ ਨੇ ਕ੍ਰਿਕਟ ਨੂੰ ਬਹੁਤ ਨੁਕਸਾਨ ਪਹੁੰਚਾਇਆ ਅਤੇ ਕਈ ਕ੍ਰਿਕਟ ਪ੍ਰੇਮੀਆਂ ਨੇ ਕ੍ਰਿਕਟ 'ਚ ਰੁਚੀ ਲੈਣੀ ਬੰਦ ਕਰ ਦਿੱਤੀ।

ਜਨਵਰੀ 2008 'ਚ ਸਿਡਨੀ ਕ੍ਰਿਕਟ ਗ੍ਰਾਉਡ 'ਚ ਟੈਸਟ ਮੈਚ ਦੌਰਾਨ ਆਸਟ੍ਰੇਲੀਆ ਦੇ ਇੰਡਰਯੂ ਸਾਇੰਸਡਸ ਅਤੇ ਭਾਰਤ ਦੇ ਹਰਭਜਨ ਸਿੰਘ ਵਿਚਕਾਰ ਹੋਇਆ ਬੋਲਚਾਲ ਯੁੱਧ ਨੂੰ ਮੀਡੀਆ ਨੇ 'ਨਸਲ ਭੇਦ' ਦਾ ਰੂਪ ਦੇ ਦਿੱਤਾ। ਪਾਕਿਸਤਾਨੀ ਕੋਚ ਬਾਬ ਵੂਲਮਰ 2007 ਦੇ ਵਿਸ਼ਵਕੱਪ ਦੌਰਾਨ ਆਪਣੇ ਕਮਰੇ 'ਚ ਮ੍ਰਿਤਕ ਪਾਏ ਗਏ। ਇਹ ਘਟਨਾ ਠੀਕ ਉਸ ਮੈਚ ਪਿੱਛੋਂ ਹੋਈ ਜਦ ਪਾਕਿਸਤਾਨ ਆਇਰਲੈਂਡ ਵਰਗੀ ਛੋਟੀ ਟੀਮ ਤੋਂ ਹਾਰ ਗਿਆ ਸੀ। ਇਸ ਪਿੱਛੋਂ ਪੂਰੀ ਪਾਕਿਸਤਾਨੀ ਟੀਮ ਸ਼ੱਕ ਦੇ ਘੇਰੇ 'ਚ ਆ ਗਈ ਸੀ। ਪਿੱਛੋਂ ਸਾਬਿਤ ਹੋਇਆ ਕਿ ਉਹਨਾਂ ਦੀ ਮੌਤ ਕੁਦਰਤੀ ਸੀ। ਸ਼ਾਇਦ ਕ੍ਰਿਕਟ ਐਸੀ ਇਕੱਲੀ ਖੇਡ ਹੈ ਜਿਸ 'ਚ ਡੋਪ ਟੈਸਟ ਜ਼ਰੂਰੀ ਨਹੀਂ ਹੈ। ਪਰ ਕੁਝ ਐਸੇ ਵਾਅਕੇ ਹੋਏ ਹਨ ਕਿ ਅਧਿਕਾਰੀਆਂ ਨੂੰ ਕੁਝ ਖਿਡਾਰੀਆਂ ਨੂੰ ਡੋਪ ਟੈਸਟ ਕਰਾਉਣ ਦਾ ਕਦਮ ਚੁੱਕਣਾ ਪਿਆ। ਸੰਨ 2003 ਦੇ ਵਿਸ਼ਵ ਕੱਪ 'ਚ ਸੇਨ ਵਾਰਨ ਨੂੰ ਪਾਬੰਦੀ ਸ਼ੁਦਾ ਦਵਾਈਆਂ ਵਰਤਣ ਦਾ ਦੋਸ਼ੀ ਪਾਇਆ ਗਿਆ। ਇਹਨਾਂ ਸਾਰੇ ਕੇਸਾਂ ਨੂੰ ਵੇਖਦਿਆਂ ਸੁਆਲ ਪੈਦਾ ਹੁੰਦਾ ਹੈ ਕਿ BCCT (ਭਾਰਤੀ ਕ੍ਰਿਕਟ ਕੰਟਰੋਲ ਬੋਰਡ) ਆਖਰ ਕਿਉਂ ਵਾਡਾ ਦੇ ਨਿਯਮ ਮੰਨਣ ਤੋਂ ਇਨਕਾਰ ਕਰ ਰਿਹਾ ਹੈ। ਜਦ ਕਿ ਭਾਰਤ ਦੇ ਖੇਡ ਮੰਤਰੀ ਸਹਿਮਤ ਹਨ ਕਿ BCCT ਦੇ ਵਾਡਾ ਨਿਯਮ 'ਤੇ ਦਸਖਤ ਕਰਨੇ ਚਾਹੀਦੇ ਹਨ।

-----✪✪-----

# ਸਰਕਾਰੀ ਅਣਦੇਖੀ ਕਾਰਨ ਆਮ ਰੋਗੀ ਬਣੇ ਮਨੋਰੋਗੀ

ਕਾਨੂੰਨੀ ਬਣਾਇਆ ਗਿਆ ਸੀ ਦਿਮਾਗੀ ਹਾਲਤ ਠੀਕ ਕਰਨ ਲਈ ਪਰ ਉਹੀ ਕਾਨੂੰਨ ਹੁਣ ਦਿਮਾਗੀ ਹਾਲਤ ਖਰਾਬ ਕਰਨ ਲਈ ਜ਼ਿੰਮੇਵਾਰ ਬਣ ਗਿਆ ਹੈ। ਮਾਨਸਿਕ ਸਿਹਤ ਕਾਨੂੰਨ 1987 ਉਹ ਕਾਨੂੰਨ ਹੈ ਜਿਸ ਦੀ ਵਰਤੋਂ ਸਾਜਿਸ਼ ਦੇ ਤਹਿਤ ਕੀਤੀ ਜਾ ਰਹੀ ਹੈ। ਸਰਕਾਰਾਂ ਤੇ ਪ੍ਰਸਾਸ਼ਨ ਇਸ ਤੋਂ ਵਾਕਿਫ ਹਨ ਪਰ ਇਸ ਨੂੰ ਸਮਾਜਕ ਸਮੱਸਿਆ ਦੱਸ ਕੇ ਪੱਲਾ ਝਾੜ ਰਹੇ ਹਨ। ਹਰ ਸਾਲ ਕਰੋੜਾਂ ਦੀ ਗਰਾਂਟ ਡਕਾਰਨ ਵਾਲੇ ਮਾਨਸਿਕ ਹਸਪਤਾਲਾਂ 'ਚ ਸਾਧਾਰਨ ਮਾਨਸਿਕ ਰੋਗੀਆਂ ਨੂੰ ਹਿੰਸਕ ਮੰਨ ਕੇ ਪੂਰੀ ਤਰ੍ਹਾਂ ਨਾਲ ਮਾਨਸਿਕ ਤੌਰ 'ਤੇ ਪੀੜਤ ਲੋਕਾਂ ਦੇ ਨਾਲ ਇਕ ਹੀ ਬੈਰਕ 'ਚ ਰੱਖਿਆ ਜਾਂਦਾ ਹੈ। ਰਿਸ਼ਤਿਆਂ ਦੀ ਮਰਿਆਦਾ ਭੁੱਲ ਕੇ ਲਾਲਚ ਵਿਚ ਕੁਝ ਲੋਕ ਆਪਣੇ ਵਾਰਸਾਂ ਨੂੰ ਹਮੇਸ਼ਾ ਲਈ ਮਾਨਸਿਕ ਹਸਪਤਾਲਾਂ 'ਚ ਛੱਡ ਦਿੰਦੇ ਹਨ। ਫਿਰ ਕਦੀ ਉਹਨਾਂ ਦੀ ਸੁਧ ਨਹੀਂ ਲੈਂਦੇ। ਆਪਣੇ ਘਰ ਦਾ ਪਤਾ ਹਾਲਤ ਲਿਖਵਾਉਂਦੇ ਹਨ ਤਾਂ ਕਿ ਹਸਪਤਾਲ ਪ੍ਰਸਾਸ਼ਨ ਰੋਗੀ ਨੂੰ ਘਰ ਨਾ ਭਿਜਵਾ ਦੇਵੇ। ਇਥੇ ਆਉਣ ਪਿੱਛੋਂ ਮਾਨਸਿਕ ਰੋਗੀ ਦਾ ਬਾਹਰੀ ਦੁਨੀਆਂ ਨਾਲ ਵਾਹ-ਵਾਸਤਾ ਨਹੀਂ ਰਹਿੰਦਾ। ਇਥੋਂ ਦੀਆਂ ਉੱਚੀਆਂ ਦੀਵਾਰਾਂ ਦੇ ਪਾਰ ਮਨੋਰੋਗੀਆਂ ਦੀਆਂ ਚੀਖਾਂ ਨਹੀਂ ਪਹੁੰਚ ਸਕਦੀਆਂ। ਕੁਝ ਦੀਆਂ ਪਥਰਾਈਆਂ ਅੱਖਾਂ ਪਰਾਏ ਹੋ ਚੁੱਕੇ ਆਪਣਿਆਂ ਦਾ ਇੰਤਜਾਰ ਕਰਦੀਆਂ ਹਨ ਤਾਂ ਕੁਝ ਨੇ ਹਸਪਤਾਲਾਂ ਨੂੰ ਹੀ ਘਰ ਮੰਨ ਲਿਆ ਹੈ। ਸਮਾਜ ਦੇ ਪੈਂਤੜਿਆਂ ਤੋਂ ਵਾਕਿਫ ਇਹ ਹਾਲਾਤ ਵੈਸੇ ਤਾਂ ਬਰੇਲੀ ਦੇ ਮਾਨਸਿਕ ਹਸਪਤਾਲ ਦੇ ਹਨ ਪਰ ਦੇਸ਼ ਦੇ ਹੋਰ ਮਾਨਸਿਕ ਹਸਪਤਾਲਾਂ ਦੇ ਹਾਲਾਤ ਵੀ ਅਜਿਹੇ ਹੀ ਹਨ।

ਸਾਲ 1852 'ਚ ਬਰੇਲੀ 'ਚ ਬਣੇ ਇਸ ਹਸਪਤਾਲ ਦੇ ਕਸਟੋਡੀਅਮ ਕੈਬਿਨ ਦਾ ਦਰਵਾਜ਼ਾ ਖੁੱਲ੍ਹਦੇ ਹੀ ਸਲਮਾ ਭੱਜ ਆਈ। ਹਸਪਤਾਲ ਦੀ ਮਹਿਲਾ ਅਧਿਕਾਰੀ ਨੂੰ ਵੇਖ ਗੂੰਗੀ-ਬੋਲੀ ਸਲਮਾ ਨੇ ਉਸ ਨੂੰ ਇਸ਼ਾਰੇ ਨਾਲ ਕਿਹਾ 'ਚਾਰ ਮਹੀਨੇ ਪਿੱਛੋਂ ਆਈ ਹੈ।' ਦੇਹਰਾਦੂਨ ਦੀ ਰਹਿਣ ਵਾਲੀ ਸਲਮਾ 20 ਸਾਲਾਂ ਤੋਂ ਇਥੇ ਹੈ। ਪਰਿਵਾਰ ਦੀ ਨਜ਼ਰ 'ਚ ਉਹ ਮਨੋਰੋਗੀ ਸੀ। ਪਰ ਉਸ ਦੀ ਕਹਾਣੀ ਕੋਈ ਨਹੀਂ ਜਾਣਦਾ। ਉਹ ਆਮ ਔਰਤ ਲੱਗਦੀ ਹੈ। ਜਿਸ ਨੂੰ ਹਸਪਤਾਲ ਪ੍ਰਸ਼ਾਸ਼ਨ ਨੇ ਨਿਗਰਾਨੀ ਦੀ ਜ਼ੁੰਮੇਵਾਰੀ ਦੇ ਰੱਖੀ ਹੈ। ਹਸਪਤਾਲ ਫਾਇਲਾਂ ਕਹਿੰਦੀਆਂ ਹਨ ਕਿ ਇਥੇ ਰਹਿਣ ਵਾਲੀਆਂ ਸਭ ਤਿੰਨ ਦਰਜਨ ਤੋਂ ਵੱਧ ਔਰਤਾਂ ਮਨੋਰੋਗੀ ਹਨ ਪਰ ਦਿਨ ਭਰ ਇਹਨਾਂ ਦੇ ਨਾਲ ਰਹਿਣ 'ਤੇ ਪਤਾ ਲੱਗਦਾ ਹੈ ਕਿ ਇਹਨਾਂ 'ਚੋਂ ਇਕ ਦਰਜਨ ਵੀ ਮਾਨਸਿਕ ਤੌਰ 'ਤੇ ਸਹੀ ਨਹੀਂ ਬਲਕਿ ਉਹ ਪਰਿਵਾਰਿਕ ਸਾਜਿਸ਼ ਅਤੇ ਆਪਣਿਆਂ ਦੀ ਅਣਦੇਖੀ ਦੀਆਂ ਸ਼ਿਕਾਰ ਹਨ। ਬਾਈ ਸਾਲਾਂ ਦੀ ਰਚਿਤਾ ਅਨੁਸਾਰ 'ਕ੍ਰਿਪਾ ਕਰਕੇ ਪਾਪਾ ਨੂੰ ਕਹਿ ਦਿਉ ਕਿ ਮੈਨੂੰ ਲੈ ਜਾਣ।' ਬਰੇਲੀ ਦੇ ਆਮਦਨ ਕਰ ਅਧਿਕਾਰ ਦੀ ਬੀ. ਕਾਮ ਪਾਸ ਬੇਟੀ ਰਚਿਤਾ ਨੂੰ ਲੱਗਦਾ ਸੀ ਕਿ ਉਸ ਦੇ ਪਾਪਾ ਉਸ ਵਿਚ ਅਤੇ ਉਸ ਦੇ ਭਾਈ 'ਚ ਭੇਦਭਾਵ ਕਰਦੇ ਹਨ। ਪਿਤਾ ਤੇ ਬੇਟੀ ਦੇ ਝਗੜੇ ਵਿੱਚ ਜਿੱਦੀ ਪਿਤਾ ਬੇਟੀ ਨੂੰ ਸਬਕ ਸਿਖਾਉਣ ਲਈ ਉਥੇ ਛੱਡ ਗਿਆ। ਜੋਤੀ ਕਪੂਰ ਨੇ ਇਤਿਹਾਸ ਵਿਸ਼ੇ ਦੀ ਐਮ. ਏ. ਕੀਤੀ ਹੈ। ਇਕ ਸਾਲ ਪਹਿਲਾਂ ਉਸ ਦੇ ਪਤੀ ਦੀ ਮੌਤ ਪਿੱਛੋਂ ਉਸ ਦਾ ਜੇਠ

ਉਸ ਨੂੰ ਪਾਗਲ ਦੱਸ ਕੇ ਇਥੇ ਛੱਡ ਗਿਆ। ਬਿਜਨੌਰ ਦੀ ਮੇਹਰੂਨਿਸਾ ਦਾ ਪਤੀ ਉਸ ਨੂੰ ਇੱਥੇ ਛੱਡ ਗਿਆ। ਉਸ ਦੇ ਮਾਤਾ-ਪਿਤਾ ਉਸ ਨੂੰ ਲੈਣ ਆਉਂਦੇ ਹਨ ਪਰ ਨਿਯਮ ਹੈ ਕਿ ਜੋ ਭਰਤੀ ਕਰਵਾ ਕੇ ਜਾਂਦਾ ਹੈ। ਉਹੀ ਰੋਗੀ ਨੂੰ ਲੈ ਜਾ ਸਕਦਾ ਹੈ। ਬਨਾਰਸ ਦੇ ਮਸ਼ਹੂਰ ਡਾਕਟਰ ਦੀ ਭੈਣ ਸਫਿਆ ਇਥੇ 10 ਸਾਲਾਂ ਤੋਂ ਹੈ। ਉਸ ਦਾ ਕਹਿਣਾ ਹੈ 'ਹੁਣ ਕੋਈ ਲੈਣ ਨਹੀਂ ਆਵੇਗਾ ਸਾਨੂੰ' ਗੋਂਡਾ ਦੀ ਗੀਟਾ ਸਿੰਘ ਦੇ ਸਹੁਰੇ ਕਹਿੰਦੇ ਹਨ ਕਿ ਪੇਕੇ ਵਾਲੇ ਲੈ ਜਾਣ। ਪੇਕੇ ਕਹਿੰਦੇ ਹਨ ਕਿ ਸਹੁਰੇ ਲੈ ਜਾਣ। ਇਥੇ ਕੁਝ ਔਰਤਾਂ ਨਾਰੀ ਨਿਕੇਤਨ ਤੋਂ ਵੀ ਆਈਆਂ ਹਨ। ਉਹਨਾਂ ਨੂੰ ਮਾਨਸਿਕ ਤੌਰ 'ਤੇ ਟੁੱਟਿਆਂ ਕਿਹਾ ਜਾ ਸਕਦਾ ਹੈ ਪਰ ਪੂਰੀ ਤਰ੍ਹਾਂ ਨਾਲ ਨਹੀਂ। ਉਹਨਾਂ ਨੂੰ ਪਰਿਵਾਰ ਦਾ ਸਹਿਯੋਗ ਤੇ ਪਿਆਰ ਮਿਲੇ ਤਾਂ ਉਹ ਠੀਕ ਹੋ ਸਕਦੀਆਂ ਹਨ। ਰਸੋਈ 'ਚ ਕਾਲਰਾ ਚੁੱਲਾ ਬਾਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਗੈਸ ਸਿਲੰਡਰ ਖਤਮ ਹੈ। ਸਿਲੰਡਰ ਕਿਉਂ ਨਹੀਂ ਹੈ। ਇਸ ਦਾ ਜੁਆਬ ਕਿਸੇ ਪਾਸ ਨਹੀਂ ਹੈ। ਦਸ ਸਾਲਾਂ ਤੋਂ ਇਥੇ ਰਹਿ ਰਿਹਾ ਕਾਲਰਾ ਹੱਥ ਜੋੜ ਕੇ ਕਹਿੰਦਾ ਹੈ, 'ਮੈਨੂੰ ਬਾਹਰ ਕੱਢ ਲਵੋ, ਮੈਂ ਪਾਗਲ ਨਹੀਂ।' ਬਨਾਰਸ ਦੇ ਰਹਿਣ ਵਾਲੇ ਪੰਕਜ ਮਿਸ਼ਰਾ ਦੋ ਵਾਰੀ ਇਥੋਂ ਭੱਜਣ ਦੀ ਕੋਸ਼ਿਸ਼ ਕਰ ਚੁੱਕੇ ਹਨ। ਉਹ ਕਹਿੰਦੇ ਹਨ 'ਮੈਂ ਅਜਿਹੀ ਗੰਦੀ ਥਾਂ ਨਹੀਂ ਰਹਿਣਾ ਹੈ, ਇਥੇ ਬੀੜੀ ਤੰਬਾਕੂ ਲਈ ਝਗੜਾ ਹੁੰਦਾ ਹੈ।' ਦਰਅਸਲ ਮਰਦ ਵਾਰਡ 'ਚ ਅਕਸਰ ਝਗੜੇ ਹੁੰਦੇ ਹਨ। ਅਧਿਕਾਰੀ ਉਥੇ ਹੁੰਦੇ ਹੀ ਨਹੀਂ ਅਤੇ ਪਹਿਰੇਦਾਰ ਮਨੋਰੋਗੀਆਂ ਦੀ ਮਾਰਕੁੱਟ ਕਰਦੇ ਹਨ। ਮਾਰਕੁੱਟ ਕਾਰਨ ਇਥੇ ਇਕ ਮਰੀਜ਼ ਦੀ ਮੌਤ ਹੋ ਚੁੱਕੀ ਹੈ ਜਿਸ ਦੀ ਜਾਂਚ ਜਾਰੀ ਹੈ। ਬੇਮਾਨੀ ਕਾਇਦੇ ਕਾਨੂੰਨ ਇਥੇ ਜਾਨ 'ਤੇ ਬਣ ਆਏ ਹਨ। ਪੀਲੀਭੀਤ ਦੇ ਸ਼ੈਲੇਂਦਰ ਦੇ ਪੈਰ 'ਚ ਗੈਂਗਰੀਨ ਹੈ ਪਰ ਹਸਪਤਾਲ ਪ੍ਰਸ਼ਾਸ਼ਨ ਕਹਿੰਦਾ ਹੈ ਕਿ ਉਸ ਨੂੰ ਇੱਥੇ ਭਰਤੀ ਕਰਵਾਇਆ ਗਿਆ ਸੀ। ਉਸ ਦੀ ਇਜਾਜ਼ਤ ਬਿਨਾਂ ਪੈਰ ਨਹੀਂ ਕੱਟਿਆ ਜਾ ਸਕਦਾ ਅਧਿਕਾਰੀਆਂ ਅਨੁਸਾਰ ਸੈਲੇਂਦਰ ਦਾ ਭਾਈ ਉਸ ਦੀ ਜਾਇਦਾਦ ਹੜੱਪਣਾ ਚਾਹੁੰਦਾ ਹੈ ਇਸ ਲਈ ਨਾ ਤਾਂ ਉਸ ਨੂੰ ਲੈ ਕੇ ਜਾਂਦਾ ਹੈ ਨਾ ਚਿੱਠੀ ਦਾ ਜੁਆਬ ਦੇ ਰਿਹਾ ਹੈ ਜਦ ਕਿ ਸ਼ੈਲੇਂਦਰ ਮਾਨਸਿਕ ਤੌਰ 'ਤੇ ਬਿਲਕੁਲ ਸਹੀ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਲੱਛਮੀਧਰ ਮਿਸ਼ਰਾ ਨੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਦੇਸ਼ ਦੇ ਕੁਝ ਮਾਨਸਿਕ ਰੋਗਾਂ ਦੇ ਹਸਪਤਾਲਾਂ ਦਾ ਦੌਰਾ ਕੀਤਾ ਸੀ। ਉਹ ਕਹਿੰਦੇ ਹਨ ਕਿ ਹਰ ਥਾਂ ਹਾਲਤ ਇਕੋ ਜਿਹੇ ਹਨ। ਆਧਾਰ ਸਹੂਲਤਾਂ ਤੱਕ ਨਹੀਂ ਹਨ ਕੁਝ ਮਾਨਸਿਕ ਰੋਗੀਆਂ ਨੂੰ ਦੂਜੀਆਂ ਸਰੀਰਕ ਬੀਮਾਰੀਆਂ ਵੀ ਹਨ। ਉਹਨਾਂ ਨੂੰ ਹਸਪਤਾਲ ਲੈ ਜਾਣ ਦਾ ਪ੍ਰਬੰਧ ਨਹੀਂ ਹੈ।

ਮਿਸ਼ਰਾ ਅਨੁਸਾਰ ਜ਼ਿਆਦਾਤਰ ਮਾਪੇ ਘਰ ਦਾ ਸਿਰਨਾਵਾਂ ਗਲਤ ਦਿੰਦੇ ਹਨ ਕਿਉਂਕਿ ਉਹਨਾਂ ਨੂੰ ਮਾਨਸਿਕ ਰੋਗੀ ਸਮਾਜਿਕ ਕਲੰਕ ਲੱਗਦਾ ਹੈ। ਸਭ ਥਾਂ ਸਟਾਫ ਦੀ ਕਮੀ ਹੈ। ਆਮ ਤੌਰ 'ਤੇ 20 ਮਰੀਜ਼ਾਂ ਪਿੱਛੇ ਇਕ ਡਾਕਟਰ ਹੋਣਾ ਚਾਹੀਦਾ ਹੈ ਪਰ ਭਾਰਤ 'ਚ 60 ਮਰੀਜ਼ਾਂ ਪਿੱਛੇ ਇੱਕ ਮਨੋਰੋਗੀ ਮਾਹਰ ਡਾਕਟਰ ਹੈ। ਬਰੇਲੀ ਮਾਨਸਿਕ ਹਸਪਤਾਲ ਦੇ ਡਾ. ਰਕੇਸ਼ ਸਕਸੈਨਾ ਕਹਿੰਦੇ ਹਨ ਕਿ ਹਰ ਸਾਲ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਸਾਲ 2020 ਤਕ ਤਣਾਅ ਦੁਨੀਆਂ ਦੀ ਸਭ ਤੋਂ ਵੱਧ ਜਾਨਲੇਵਾ ਬੀਮਾਰੀ ਹੋਵੇਗੀ। ਇਸ ਲਈ ਜ਼ਰੂਰੀ ਹੈ ਕਿ ਮਨੋਰੋਗੀ ਨੂੰ ਡਾਕਟਰੀ ਇਲਾਜ ਮੁਹੱਈਆ ਕਰਵਾਉਣ। ਉਥੇ ਚੱਲ ਰਹੀਆਂ ਹੋਰ ਸਮੱਸਿਆਵਾਂ 'ਤੇ ਉਹਨਾਂ ਕੋਈ

ਟਿੱਪਣੀ ਨਹੀਂ ਕੀਤੀ। ਜਦਕਿ ਕੌਮੀ ਮਾਨਸਿਕ ਸਿਹਤ ਪ੍ਰੋਗਰਾਮ ਵਿਭਾਗ ਦੀ ਡਾ. ਜਗਦੀਸ਼ ਕੌਰ ਕਹਿੰਦੀ ਹੈ ਕਿ ਉਹ ਇਹਨਾਂ ਸਭ ਪ੍ਰੇਸ਼ਾਨੀਆਂ ਤੋਂ ਵਾਕਿਫ ਤੇ ਸਹਿਮਤ ਵੀ ਹੈ। ਉਨ੍ਹਾਂ ਅਨੁਸਾਰ ਬਰੇਲੀ ਤੇ ਬਨਾਰਸ ਦੇ ਮਾਨਸਿਕ ਹਸਪਤਾਲਾਂ ਨੂੰ ਆਧੁਨਿਕੀਕਰਣ ਲਈ 3-3 ਕਰੋੜ ਰੁਪਏ ਦਿੱਤੇ ਗਏ ਪਰ ਪਤਾ ਨਹੀਂ ਉਹਨਾਂ ਦਾ ਕੀ ਬਣਿਆ। ਠੀਕ ਹੋ ਚੁੱਕੇ ਰੋਗੀਆਂ ਨੂੰ ਨਾ ਛੱਡਣਾ ਅਤੇ ਦੂਜੇ ਰੋਗੀਆਂ ਦੇ ਨਾਲ ਹੀ ਰੱਖਣਾ ਸੱਚਮੁੱਚ ਅਪਰਾਧ ਹੈ। ਪਰਿਵਾਰ ਨੂੰ ਮਾਨਸਿਕ ਬੀਮਾਰੀਆਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।

ਪਰਿਵਾਰਾਂ ਤੋਂ ਮਾਨਸਿਕ ਹਸਪਤਾਲ ਪ੍ਰਸਾਸ਼ਨ ਨੂੰ ਇਕ ਸਮਝੌਤਾ ਕਰਨਾ ਚਾਹੀਦਾ ਹੈ। ਕਿ ਸਹੀ ਹੋਣ 'ਤੇ ਉਹ ਆਪਣੇ ਬੰਦੇ ਨੂੰ ਉਥੋਂ ਲੈ ਕੇ ਜਾਣਗੇ। ਜਦ ਕੋਈ ਬੰਦਾ ਮਾਨਸਿਕ ਰੋਗੀ ਹੁੰਦਾ ਹੈ ਤਾਂ ਉਹ ਅਜੀਬ ਵਿਹਾਰ ਕਰਦਾ ਹੈ। ਜ਼ਿਆਦਾ ਪ੍ਰੇਸ਼ਾਨ ਹੁੰਦੇ 'ਤੇ ਮਾਪੇ ਉਸ ਨੂੰ ਪਾਗਲ ਮੰਨ ਕੇ ਹਸਪਤਾਲ ਛੱਡ ਜਾਂਦੇ ਹਨ ਕੁਝ ਅਧਿਐਨ ਦੱਸਦੇ ਹਨ ਕਿ ਕੁਝ ਮਰਦਾਂ ਨੂੰ ਤਾਂ ਉਹ ਵਾਪਸ ਲੈ ਜਾਂਦੇ ਹਨ ਪਰ ਔਰਤਾਂ ਨੂੰ ਨਹੀਂ ਲੈ ਕੇ ਜਾਂਦੇ। ਬਹੁਤੇ ਮਾਨਸਿਕ ਰੋਗੀਆਂ ਦਾ ਪਤਾ ਲੱਗਦਿਆਂ ਹੀ ਉਹਨਾਂ ਦਾ ਇਲਾਜ ਕਰਵਾ ਲਿਆ ਜਾਂਦਾ ਹੈ ਤਾਂ ਮਰੀਜ਼ ਬਿਲਕੁਲ ਠੀਕ ਹੋ ਜਾਂਦੇ ਹਨ। ਇਹਨਾਂ 'ਚ ਮਨੁੱਖ ਨੂੰ ਇੰਗਜ਼ਾਇਟੀ ਡਿਸਆਡਰ ਲੱਛਣ (ਤਣਾਅ ਚੱਕਰ ਆਉਣੇ ਵਾਰ ਵਾਰ ਪੇਸ਼ਾਬ ਜਾਣਾ, ਧੜਕਣ ਵਧਣਾ, ਬੇਹੋਸ਼ੀ ਜਿਹੀ ਹੋਣੀ, ਪਸੀਨਾ ਆਉਣਾ, ਸਾਹ ਨਾ ਆਉਣਾ, ਨੀਂਦ ਨਾ ਆਉਣਾ, ਅਸੰਕਿਤ ਰਹਿਣਾ, ਧਿਆਨ ਲਾਉਣ 'ਚ ਪ੍ਰੇਸ਼ਾਨੀ ਲੋੜੋਂ ਵੱਧ ਚੌਕਸੀ ਵਰਤਣਾ, ਸ਼ੱਕੀ ਹੋਣਾ, ਇਕੱਲੇ ਰਹਿਣਾ ਦੂਜਿਆਂ ਪ੍ਰਤੀ ਘ੍ਰਿਣਾ ਭੈਅ, ਤਣਾਅ) ਸਾਇਜ਼ੋਫ੍ਰੇਨੀਆਂ ਤੇ ਡਿਲੁਜ਼ਨ ਹਨ।

-----✪✪-----

# ਕਿਉਂ ਵਧ ਰਹੇ ਹਨ ਏਅਰ ਹੋਸਟੇਸ ਨਾਲ ਛੇੜਛਾੜ ਦੇ ਮਾਮਲੇ?

ਸ਼ਾਹਜਾਹ-ਲਖਨਊ-ਦਿੱਲੀ ਉਡਾਨ ਸੰਖਿਆ ਆਈ ਸੀ-884 'ਚ ਝਗੜੇ ਕਾਰਨ ਏਅਰ ਇੰਡੀਆ ਦਾ ਜਹਾਜ ਲਖਨਊ ਜਦ ਉਤਰਿਆ ਤਾਂ ਕਾਫੀ ਹੰਗਾਮਾ ਹੋਇਆ। ਗੱਲ ਪੁਲਸ ਤੱਕ ਵੀ ਪਹੁੰਚੀ ਅਤੇ ਕੇਸ ਦਰਜ ਹੋਇਆ। ਏਅਰ ਹੋਸਟੇਸ ਨੇ ਦੋਸ਼ ਲਾਇਆ ਕਿ ਉਡਾਣ ਦੌਰਾਨ ਪਾਇਲਟ ਨੇ ਉਸ ਦੇ ਨਾਲ ਛੇੜਛਾੜ ਕੀਤੀ ਅਤੇ ਭੱਦੀ ਸ਼ਬਦਾਵਲੀ ਬੋਲੀ। ਇਹ ਮਾਮਲਾ ਲਖਨਊ ਤੋਂ ਹੁੰਦਾ ਹੋਇਆ ਦਿੱਲੀ ਪੁੱਜਿਆ ਅਤੇ ਮਹਿਲਾ ਕਮਿਸ਼ਨ ਹੁੰਦੇ ਹੋਏ ਏਅਰ ਇੰਡੀਆ ਦੀ ਇਕ ਉਚ ਪੱਧਰੀ ਜਾਂਚ ਸੰਮਤੀ ਕੋਲ ਪੁੱਜਿਆ। ਏਅਰ ਹੋਸਟੇਸ ਤੇ ਪਾਇਲਟਾਂ ਵਿਚਕਾਰ ਅਕਸਰ ਝਗੜੇ ਦੀ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਕਦੀ-ਕਦੀ ਇਹ ਕੇਸ ਏਨੇ ਗੰਭੀਰ ਹੁੰਦੇ ਹਨ ਕਿ ਜਹਾਜ਼ 'ਚ ਪਾਇਲਟ ਅਤੇ ਏਅਰ ਹੋਸਟੇਸ ਦੀ ਲੜਾਈ 'ਚ ਯਾਤਰੀਆਂ ਦੀ ਜਾਨ 'ਤੇ ਬਣ ਜਾਂਦੀ ਹੈ। ਸਰਕਾਰੀ ਤੇ ਗੈਰ ਸਰਕਾਰੀ ਜਹਾਜ਼ ਕੰਪਨੀਆਂ ਦੀ ਉਡਾਣ ਦੌਰਾਨ ਹੁਣ ਤੱਕ ਇਸ ਤਰ੍ਹਾਂ ਦੀਆਂ ਖ਼ਬਰਾਂ ਵੱਧ ਆਉਂਦੀਆਂ ਸਨ ਕਿ ਜਹਾਜ਼ ਦੇ ਕਿਸੇ ਯਾਤਰੀ ਨੇ ਸ਼ਰਾਬ ਪੀ ਕੇ ਹੰਗਾਮਾ ਕੀਤਾ ਅਤੇ ਯਾਤਰਾ 'ਚ ਅੜਿੱਕਾ ਪੈਦਾ ਹੋ ਗਿਆ। ਪਰ ਪਿੱਛੇ ਜਿਹੇ ਹੀ ਅਜਿਹੀਆਂ ਬਹੁਤ ਸਾਰੀਆਂ ਖਬਰਾਂ ਆਈਆਂ ਹਨ ਕਿ ਉਡਾਣ ਦੌਰਾਨ ਪਾਇਲਟ ਨੇ ਸ਼ਰਾਬ ਪੀ ਕੇ ਏਅਰ ਹੋਸਟੇਸ ਦੇ ਨਾਲ ਬਦਤਮੀਜ਼ੀ ਕਰਨੀ ਸ਼ੁਰੂ ਕਰ ਦਿੱਤੀ।

ਇਸ ਤਰ੍ਹਾਂ ਦੇ ਕੇਸਾਂ ਵਿੱਚ ਏਅਰ ਹੋਸਟੇਸ ਪਾਇਲਟਾਂ ਦੇ ਖਿਲਾਫ ਯੌਨ ਹਿੱਸਾ ਦੀਆਂ ਰਿਪੋਰਟਾਂ ਦਰਜ ਕਰਵਾਉਂਦੀਆਂ ਹਨ। ਸ਼ਾਹਜਾਹ-ਦਿੱਲੀ ਉਡਾਣ ਦੇ ਦੌਰਾਨ ਬਦਸਲੂਕੀ ਕਰਨ ਵਾਲੇ ਪਾਇਲਟਾਂ ਖਿਲਾਫ ਮਾਮਲਾ ਕੌਮੀ ਮਹਿਲਾ ਕਮਿਸ਼ਨ ਕੋਲ ਵੀ ਪੁੱਜਿਆ। ਜਾਣਕਾਰ ਕਹਿੰਦੇ ਹਨ ਕਿ ਜਹਾਜ਼ 'ਚ ਕੈਪਟਨ ਏਅਰ ਹੋਸਟੇਸ ਦੀ ਡਿਊਟੀ ਲਾਉਂਦਾ ਹੈ ਅਤੇ ਉਹਨਾਂ ਨੂੰ ਤਰ੍ਹਾਂ ਤਰ੍ਹਾਂ ਨਾਲ ਪ੍ਰੇਸ਼ਾਨ ਕਰਦਾ ਹੈ। ਇਸ ਤਰ੍ਹਾਂ ਦੇ ਵਿਹਾਰ ਨੂੰ ਏਅਰ ਹੋਸਟੇਸ ਸਹਿਣ ਕਰਦੀਆਂ ਰਹਿੰਦੀਆਂ ਹਨ। ਕਈ ਵਾਰ ਤਾਂ ਕੈਪਟਨ ਦੇ ਹੁਕਮ 'ਤੇ ਸੀਨੀਅਰ ਹੋਸਟੇਸ ਨੂੰ ਕੈਬਿਨ ਕ੍ਰਿਊ 'ਚ ਬੈਠਣਾ ਪੈਂਦਾ ਹੈ। ਨਾ ਜਾਣੇ ਕਿੰਨੀਆਂ ਹੀ ਏਅਰ ਹੋਸਟੇਸਾਂ ਦੀਆਂ ਸ਼ਿਕਾਇਤਾਂ ਨੂੰ ਕੰਪਨੀ ਮੈਨੇਜਮੈਂਟ ਨੇ ਅਣਸੁਣਿਆ ਕਰਕੇ ਉਹਨਾਂ ਨੂੰ ਡਿਊਟੀ ਵਜਾਉਣ ਦਾ ਫੁਰਮਾਨ ਸੁਣਾਇਆ। ਪਿੱਛੇ ਜਿਹੇ ਹੀ ਜਿਸ ਉਡਾਣ 'ਚ ਪਾਇਲਟਾਂ ਖਿਲਾਫ ਲਖਨਊ 'ਚ ਸ਼ਿਕਾਇਤ ਕੀਤੀ ਗਈ ਸੀ। ਉਹਨਾਂ ਪਾਇਲਟਾਂ ਨੂੰ ਮੈਨੇਜਮੈਂਟ ਨੇ ਕਲੀਨ ਚਿੱਟ ਦੇ ਦਿੱਤੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਮਾਮਲੇ ਦਾ ਚਸ਼ਮਦੀਦ ਗਵਾਹ ਅਤੇ ਕੇਬਿਨ ਕ੍ਰਿਊ ਮੈਂਬਰ ਆਪਣੇ ਬਿਆਨ ਤੋਂ ਮੁੱਕਰ ਗਏ। ਇਸ ਤਰ੍ਹਾਂ ਦੇ ਕੇਸਾਂ 'ਤੇ ਸੁਆਲੀਆ ਚਿੰਨ ਲਾਇਆ ਜਾਣਾ ਜ਼ਰੂਰੀ ਹੈ। ਕਿਉਂਕਿ ਹਵਾ ਵਿੱਚ ਲੜਾਈ-ਝਗੜਿਆਂ ਦਾ ਸਭ ਤੋਂ ਵੱਧ ਆਸ਼ਰਮ ਮੁਸ਼ਾਫਰਾਂ 'ਤੇ ਪੈਂਦਾ ਹੈ। ਮੁਸਾਫਰਾਂ ਦੀ ਰਾਖੀ ਸਭ ਤੋਂ ਉਪਰ ਹੁੰਦੀ ਹੈ ਪਰ ਗੁਸੈਲ ਪਾਇਲਟ ਕਹਿੰਦੇ ਹਨ ਕਿ ਏਅਰ ਹੋਸਟੇਸ ਵੀ ਘੱਟ ਨਹੀਂ ਹਨ। ਉਹ ਵੀ ਪਾਇਲਾਟਾਂ

ਦੀ ਗੁੱਟਬੰਦੀ ’ਚ ਮੋਹਰਾ ਬਣਦੀਆਂ ਹਨ ਅਤੇ ਗੰਭੀਰ ਦੋਸ਼ ਲਾਉਣ ਤੋਂ ਬਾਜ ਨਹੀਂ ਆਉਂਦੀਆਂ। ਪਰ ਮੁਸ਼ਾਫਰਾਂ ਵੱਲੋਂ ਏਅਰ ਹੋਸਟੇਸਾਂ ਨੂੰ ਛੇੜਛਾੜ ਦੀਆਂ ਖਬਰਾਂ ਸਾਹਮਣੇ ਆਈਆਂ ਸਨ ਜਦੋਂ ਜਹਾਜ਼ ’ਚ ਮੌਜੂਦ ਦੂਜੇ ਮੁਸਾਫਰ ਤੇ ਕ੍ਰਿਉ ਮੈਂਬਰ ਅਜਿਹੇ ਮੁਸਾਫਰਾਂ ਨੂੰ ਕਾਬੂ ਕਰਦੇ ਸਨ। ਪਰ ਜਦ ਪਾਇਲਟ ਅਤੇ ਏਅਰ ਹੋਸਟੈਸ ’ਚ ਹੱਥੋ ਪਾਈ ਸ਼ੁਰੂ ਹੋ ਜਾਵੇ। ਤਾਂ ਕੌਣ ਬਚਾਅ ਕਰੇਗਾ। ਇਹਨਾਂ ਘਟਨਾਵਾਂ ਨੂੰ ਰੋਕਿਆ ਜਾਣਾ ਜ਼ਰੂਰੀ ਹੈ। ਵਰਨਾ ਦੀ ਵੀ ਹਵਾ ’ਚ ਮੁਸ਼ਾਫਰਾਂ ਨਾਲ ਕੋਈ ਅਣਹੋਣੀ ਹੋ ਸਕਦੀ ਹੈ। ਸ਼ਾਰਜਾਹ ਤੋਂ ਜਦ ਆਈ. ਸੀ. 884 ਭਾਰਤ ਲਈ ਚਲਿਆ ਤਾਂ ਪਾਕਿਸਤਾਨ ਉਪਰ ਆਉਂਦੇ ਹੀ ਏਅਰ ਹੋਸਟੈਸ ਤੇ ਪਾਇਲਟ ਦੀ ਲੜਾਈ ਹੱਥੋਪਾਈ ’ਚ ਬਦਲ ਗਈ। ਹਵਾ ’ਚ ਲਪਟ ਬਾਜ਼ੀ ਕਰਦੇ ਪਾਇਲਾਟਾਂ ਨੂੰ ਇਸ ਗੱਲ ਦਾ ਕੋਈ ਹੱਕ ਨਹੀਂ ਕਿ ਆਪਸੀ ਟੈਨਸ਼ਨ ਦੀ ਵਜਾਹ ਕਰਕੇ ਮੁਸਾਫਰਾਂ ਦੀ ਜਾਨ ਜ਼ੋਖਮ ’ਚ ਪਾਉਣ ਦੇਸ਼ ’ਚ ਇਸ ਤਰ੍ਹਾਂ ਦੇ ਮਾਮਲਿਆਂ ’ਤੇ ਲਗਾਮ ਮਾਹਨੀ ਚਾਹੀਦੈ। ਜਦ ਤੱਕ ਕੈੜੇ ਕਾਨੂੰਨ ਨਹੀਂ ਬਣਦੇ ਇਸ ਤਰ੍ਹਾਂ ਦੀਆਂ ਹਰਕਤਾਂ ’ਤੇ ਬੰਦਸ ਨਹੀਂ ਬਣਨੀ। ਸਰਕਾਰੀ ਗੈਰ ਸਰਕਾਰੀ ਕੰਪਨੀਆਂ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਪਵੇਗਾ।

-----✪✪-----

# ਗੁੜਗਾਉਂ ਦਾ ਮਜ਼ਦੂਰ ਅੰਦੋਲਨ ਬਨਾਮ ਭਾਵੀ ਮਜ਼ਦੂਰ ਅੰਦੋਲਨਾਂ ਦੇ ਦਿਸ਼ਾ ਸੰਕੇਤ

ਸਾਮਰਾਜੀ ਵਿਸ਼ਵੀਕਰਨ ਤੇ ਭੂਮੰਡਲੀਕਰਨ ਦੇ ਮੌਜੂਦਾ ਦੌਰ ਵਿੱਚ ਮਜ਼ਦੂਰ ਅੰਦੋਲਨ ਦੀਆਂ ਸੀਮਤਾਈਆਂ ਤੇ ਸੰਭਾਵਨਾਵਾਂ ਸਬੰਧੀ ਬਹਿਸ ਕਰਦਿਆਂ ਬੁੱਧੀਜੀਵੀਆਂ ਜਾਂ ਜਥੇਬੰਦੀਆਂ ਵਲੋਂ ਇਹ ਗੱਲ ਜ਼ੋਰ ਸ਼ੋਰ ਨਾਲ ਪ੍ਰਚਾਰੀ ਜਾ ਰਹੀ ਹੈ ਕਿ ਜਥੇਬੰਦ ਮਜ਼ਦੂਰਾਂ ਜਾਂ ਵੱਡੇ ਕਾਰਖਾਨਿਆਂ 'ਚ ਆਧੁਨਿਕ ਤਕਨੀਕ ਦੇ ਤਹਿਤ ਵਿਸ਼ਾਲ ਪੈਮਾਨੇ 'ਤੇ ਇਕ ਹੀ ਛੱਤ ਦੇ ਹੇਠਾਂ ਸੈਂਕੜੇ-ਹਜ਼ਾਰਾਂ ਦੀ ਗਿਣਤੀ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਅੰਦੋਲਨਾਂ ਦਾ ਯੁੱਗ ਹੁਣ ਖ਼ਤਮ ਹੋ ਗਿਆ ਹੈ ਜਾਂ ਖ਼ਤਮ ਹੋਣ ਵੱਲ ਵਧ ਰਿਹਾ ਹੈ। ਇਹ ਵੱਡੀਆਂ ਸਨਅਤੀ ਇਕਾਈਆਂ 'ਚ ਹੜਤਾਲ ਜਾਂ ਸੰਘਰਸ਼ ਦੀਆਂ ਸੰਭਾਵਨਾਵਾਂ ਖਤਮ ਹੋ ਚੱਲੀਆਂ ਹਨ ਅਤੇ ਇਹਨਾਂ ਦੀ ਤਰ੍ਹਾਂ ਹੁਣ ਜਦ ਗੈਰ ਜਥੇਬੰਦ ਜਾਂ ਗੈਰ ਰਵਾਇਤੀ ਖੇਤਰ ਦੇ ਮਜ਼ਦੂਰਾਂ ਦੇ ਸੰਘਰਸ਼ ਹੀ ਭਵਿੱਖ 'ਚ ਮਜ਼ਦੂਰ ਅੰਦੋਲਨ ਦੀ ਸੰਚਾਲਕ ਸ਼ਕਤੀ ਜਾਂ ਅਗਵਾਈ ਯੋਗ ਤਾਕਤ ਹੈ। ਆਪਣੀ ਇਸ ਉਦਾਹਰਣ ਲਈ ਇਹ ਬੁੱਧੀਜੀਵੀ ਜਾਂ ਸੰਗਠਨ ਵਿਸ਼ਵੀਕਰਨ ਜਾਂ ਭੂ-ਮੰਡਲੀਕਰਨ ਦੇ ਦੌਰ ਵਿੱਚ ਪੂੰਜੀਵਾਦ ਦੀ ਪੈਦਾਵਾਰੀ ਪ੍ਰਣਾਲੀ 'ਚ ਅਖੌਤੀ ਬਦਲਾਅ ਨੂੰ ਜ਼ਿੰਮੇਵਾਰ ਮੰਨਦੇ ਹਨ।

ਇਸ ਅਨੁਸਾਰ ਵਿਸ਼ਵੀਕਰਨ ਦੇ ਮੌਜੂਦਾ ਦੌਰ 'ਚ ਪੈਦਾਵਾਰ ਦੇ ਵਿਕੇਂਦਰੀਕਰਣ ਦਾ ਜੋ ਅਮਲ ਸ਼ੁਰੂ ਹੋਇਆ ਹੈ ਉਸ ਨੇ ਰਵਾਇਤੀ ਮਜ਼ਦੂਰ ਅੰਦੋਲਨ ਦੇ ਕਿਰਦਾਰ ਕੁਦਰਤ ਤੇ ਸੰਭਾਵਨਾਵਾਂ 'ਚ ਭਾਰੀ ਉਲਟ ਫੇਰ ਕਰ ਦਿੱਤਾ ਹੈ। ਇਹਨਾਂ ਲੋਕਾਂ ਅਨੁਸਾਰ 'ਵੱਡੇ ਪੈਮਾਨੇ' 'ਤੇ ਜਾਰੀ ਪੈਦਾਵਾਰ ਦੇ ਵਿਕੇਂਦਰੀਕਰਣ ਜਾਂ ਪੈਦਾਵਾਰ ਦੇ ਆਊਟ-ਸੋਰਸਿੰਗ ਦੇ ਕਾਰਨ ਕਾਰਖਾਨਿਆਂ 'ਚ ਸੈਂਕੜੇ ਹਜ਼ਾਰ ਦੀ ਗਿਣਤੀ 'ਚ ਜਥੇਬੰਦ ਪ੍ਰੋਲੇਤਾਰੀ ਹੁਣ ਇਕ ਪ੍ਰਜਾਤੀ 'ਚ ਤਬਦੀਲ ਹੁੰਦਾ ਜਾ ਰਿਹਾ ਹੈ। ਜੋ ਥੋੜ੍ਹਾ ਬਹੁਤ ਜਥੇਬੰਦ ਪ੍ਰੋਲੇਤਾਰੀ ਬਚਿਆ ਵੀ ਹੈ ਤਾਂ ਉਹ ਨਿਰਣਾਇਕ ਸੰਘਰਸ਼ ਕਰਨ ਦੀ ਸਥਿਤੀ 'ਚ ਨਹੀਂ ਹੈ। ਕਿਉਂਕਿ ਆਊਟ ਸੋਰਸਿੰਗ ਕਾਰਨ ਪੈਦਾਵਾਰ ਠੱਪ ਕਰਨ ਜਾਂ ਪ੍ਰਭਾਵਿਤ ਕਰਨ ਦੇ ਆਪਣੇ ਅਮੋਧ ਅਸਤਰ ਤੋਂ ਉਹ ਵਾਂਝਾ ਹੋ ਗਿਆ ਹੈ। ਇਸ ਦਾ ਆਕਾਰ ਵੀ ਸਿੰਕੁੜਦਾ ਜਾ ਰਿਹਾ ਹੈ। ਬਚੇ ਖੁਚੇ ਸੰਗਠਿਤ ਮਜ਼ਦੂਰਾਂ ਦਾ ਅਭਿਜਾਤੀਕਰਣ ਵੀ ਹੋਇਆ ਹੈ। ਅਰਥਾਤ ਇਹਨਾਂ ਦਾ ਜੀਵਨ ਪੱਧਰ ਬਾਕੀ ਮਜ਼ਦੂਰ ਆਬਾਦੀ ਤੋਂ ਕਾਫੀ ਵੱਧ ਉਨਤ ਹੈ। ਇਹ ਮੋਟੀਆਂ ਤਨਖਾਹ ਲੈਣ ਵਾਲੇ ਮਜ਼ਦੂਰ ਹੁਣ ਕੋਈ ਸੰਘਰਸ਼ ਖੜ੍ਹਾ ਕਰਨ ਦੀ ਸਥਿਤੀ ਵਿਚ ਨਹੀਂ ਹਨ। ਇਸ ਤਰ੍ਹਾਂ ਇਹ ਬੁੱਧੀਜੀਵੀ ਇਹ ਫਤਵਾ ਜਾਰੀ ਕਰਦੇ ਹਨ ਕਿ ਕਾਰਖਾਨਾ ਅਧਾਰਤ ਜਥੇਬੰਦ ਮਜ਼ਦੂਰ ਦੇ ਅੰਦੋਲਨ ਦਾ ਯੁੱਗ ਖਤਮ ਹੋ ਚੁੱਕਿਆ ਹੈ। ਪੈਦਾਵਾਰ ਦੇ ਵਿਕੇਂਦ੍ਰੀਕਰਨ ਦਾ ਅਮਲ ਨੂੰ ਜ਼ੋਰ ਸ਼ੋਰ ਨਾਲ ਪ੍ਰਚਾਰਿਤ ਕਰਦਿਆਂ ਉਸ ਨੂੰ ਅਤਿ 'ਤੇ ਪਹੁੰਚਾਉਂਦੇ ਹੋਏ ਇਹਨਾਂ ਅਧੀਰ ਬੁੱਧੀਜੀਵੀਆਂ ਨੇ ਅਸੈਂਬਲੀ ਲਾਈਨ ਪੈਦਾਵਾਰ ਪ੍ਰਣਾਲੀ ਨੂੰ ਹੀ ਖਤਮ ਹੋਣ ਦੀ ਜਾਂ ਤੇਜ਼ੀ ਨਾਲ ਖਤਮ ਹੁੰਦੇ ਜਾਣ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ।

ਕੁਲ ਮਿਲਾ ਕੇ ਜਥੇਬੰਦ ਕਾਰਖਾਨਾ ਮਜ਼ਦੂਰਾਂ ਦੇ ਸੰਘਰਸ਼ਾਂ ਦੇ ਕਾਲਾਤੀਤ ਹੋ ਜਾਣ ਦੀ ਘੋਸ਼ਣਾ ਕਰਨ ਵਾਲੇ ਇਹਨਾਂ ਵਿਚਾਰਕਾਂ ਦੀਆਂ ਗੱਲਾਂ ਦਾ ਤੱਤ ਇਹ

ਹੈ ਕਿ ਹੁਣ ਵੱਡੇ ਕਾਰਖਾਨਿਆਂ 'ਚ ਸੈਂਕੜੇ ਹਜ਼ਾਰਾਂ ਦੀ ਗਿਣਤੀ 'ਚ ਜਥੇਬੰਦ ਆਧੁਨਿਕ ਪ੍ਰੋਲੇਤਾਰੀ ਮਜ਼ਦੂਰ ਅੰਦੋਲਨ 'ਚ ਅਪ੍ਰਸੰਗਿਕ ਹੋ ਗਿਆ ਹੈ। ਕਿਉਂਕਿ ਪੂੰਜੀਵਾਦ ਨੇ ਸਮੇਂ ਅਨੁਸਾਰ ਆਪਣੀ ਪੈਦਾਵਾਰ ਪ੍ਰਣਾਲੀ 'ਚ ਕਾਫੀ ਬਦਲਾਅ ਕਰਦਿਆਂ ਕਾਰਖਾਨਾ ਅਧਾਰਿਤ ਮਜ਼ਦੂਰ ਅੰਦੋਲਨਾ ਪ੍ਰਤੀ ਪ੍ਰਤੀਰੋਧਕ ਸਮਰੱਥਾ ਹਾਸਲ ਕਰ ਲਈ ਹੈ। ਅਜੇਹੀ ਸਮਰੱਥਾ ਉਸ ਨੇ ਪੈਦਾਵਾਰ ਪ੍ਰਣਾਲੀ ਦੇ ਵਿਕੇਂਦਰੀਕਰਣ ਕਰਕੇ ਜਾਂ ਇਹਨਾਂ ਦੇ ਸ਼ਬਦਾਂ 'ਚ ਅਸੈਬਲੀ ਲਾਈਨ ਨੂੰ ਬਿਖਰਾ ਦੇਣ ਕਾਰਨ ਹਾਸਲ ਕਰ ਲਈ ਹੈ। ਅੱਜ ਪੈਦਾਵਾਰ ਦੇ ਵਿਕੇਂਦਰੀਕਰਨ ਦਾ ਦੌਰ ਹੈ ਜਿਥੇ ਇਕ ਹੀ ਛੱਤ ਹੇਠ ਅਤੀ ਸੂਖਮ ਕਿਰਤਵੰਡ ਦੇ ਅਧਾਰ 'ਤੇ ਕੰਮ ਕਰਨ ਵਾਲਾ ਪ੍ਰੋਲੇਤਾਰੀ ਖਤਮ ਹੁੰਦਾ ਜਾ ਰਿਹਾ ਹੈ। ਇਹਨਾਂ ਅਨੁਸਾਰ ਜਿਥੇ ਅਸੈਂਬਲੀ ਲੀਹ ਦੇ ਅਖੌਤੀ ਬਿਖਰਾਅ ਕਾਰਨ ਪੂੰਜੀਵਾਦ ਨੇ ਅਮੋਘ ਪ੍ਰਤੀਰੋਧਕ ਸਮਰੱਥਾ (ਕਾਰਖਾਨਾ ਅਧਾਰਤ ਮਜ਼ਦੂਰ ਸੰਘਰਸ਼ਾਂ ਪ੍ਰਤੀ) ਹਾਸਲ ਕਰ ਲਈ ਹੈ। ਉਥੇ ਜਥੇਬੰਦ ਖੇਤਰ ਦਾ ਮਜ਼ਦੂਰ ਵੀ, ਵੱਧ ਸਹੂਲਤ ਭੋਗੀ ਤਨਖਾਹ ਭੋਗੀ ਹੋ ਕੇ ਅਭਿਜਾਤੀਕਰਨ ਦੇ ਅਮਲ ਕਾਰਨ ਆਪਣੇ ਪ੍ਰਤੀਰੋਧ ਦੀਆਂ ਬਚੀਆਂ ਖੁਚੀਆਂ ਸੰਭਾਵਨਾਵਾਂ ਨੂੰ ਖਤਮ ਕਰ ਚੁੱਕਿਆ ਹੈ। ਇਸ ਲਈ ਕਾਰਖਾਨਾ ਅਧਾਰਤ ਮਜ਼ਦੂਰ ਸੰਘਰਸ਼ਾਂ ਦਾ ਕੋਈ ਭਵਿੱਖ ਨਹੀਂ ਹੈ। ਹੁਣ ਜੋ ਵੀ ਫੈਸਲਾਕੁੰਨ ਸੰਘਰਸ਼ ਲੜੇ ਜਾਣਗੇ ਉਹ ਕਾਰਖਾਨਾ ਅਧਾਰਿਤ ਮਜ਼ਦੂਰਾਂ ਦੇ ਸੰਘਰਸ਼ ਨਾ ਹੋ ਕੇ ਮਜ਼ਦੂਰ ਬਸਤੀਆਂ ਮੁਹੱਲਿਆਂ ਤੇ ਇਲਾਕਿਆਂ ਅਧਾਰਤ ਮਜ਼ਦੂਰਾਂ ਦੇ ਰਿਹਾਇਸ਼ੀ ਥਾਵਾਂ 'ਤੇ ਅਧਾਰਤ ਸੰਘਰਸ਼ ਹੋਣਗੇ ਅਤੇ ਇਹਨਾਂ ਸੰਘਰਸ਼ਾਂ ਨੂੰ ਲੜਨ ਵਾਲਾ ਗੈਰ-ਜਥੇਬੰਦ ਖੇਤਰ ਗੈਰ ਰਵਾਇਤੀ ਖੇਤਰ ਜਾਂ ਬਿਖਰੀ ਪੈਦਾਵਾਰ ਦੇ ਤਹਿਤ ਕੰਮ ਕਰਨ ਵਾਲਾ ਖਿੰਡਿਆ ਪੁੰਡਿਆ ਪ੍ਰੋਲੇਤਾਰੀ ਹੋਵੇਗਾ। ਇਹ ਵੀ ਬਿਖਰੀ ਪੈਦਾਵਾਰ ਛੋਟੇ ਪੈਮਾਨੇ ਦੀ ਪੈਦਾਵਾਰ ਦੇ ਤਹਿਤ ਸਰਗਰਮ ਬਿਖਰੇ ਮਜ਼ਦੂਰ ਹੀ ਭਾਵੀ ਮਜ਼ਦੂਰ ਅੰਦੋਲਨ ਦੀ ਸੰਚਾਲਕ ਸ਼ਕਤੀ ਲੀਡਰਸ਼ਿਪ ਸ਼ਕਤੀ ਹੋਣਗੇ ਅਤੇ ਇਹ ਹੀ ਮਜ਼ਦੂਰ ਅੰਦੋਲਨ ਦਾ ਭਵਿੱਖ ਹਨ ਇਸ ਤਰ੍ਹਾਂ ਇਹ ਵਿਚਾਰਕ ਸਾਰੀਆਂ ਮਜ਼ਦੂਰ ਜਥੇਬੰਦੀਆਂ ਨੂੰ ਇਹ ਹਦਾਇਤ ਦਿੰਦੇ ਹਨ ਕਿ ਜਥੇਬੰਦ ਖੇਤਰ ਦੇ ਮਜ਼ਦੂਰਾਂ ਦੀ ਬਜਾਏ ਕਾਰਖਾਨਾ ਅਧਾਰਿਤ ਮਜ਼ਦੂਰ ਸੰਘਰਸ਼ਾਂ ਦੀ ਬਜਾਏ ਬਸਤੀ ਤੇ ਰਿਹਾਇਸ਼ੀ ਖੇਤਰਾਂ ਦੇ ਅਧਾਰ 'ਤੇ ਮਜ਼ਦੂਰਾਂ ਨੂੰ ਜਥੇਬੰਦ ਕੀਤਾ ਜਾਵੇ ਜਾਂ ਉਹਨਾਂ ਦੇ ਸੰਘਰਸ਼ ਖੜ੍ਹੇ ਕੀਤੇ ਜਾਣ।

ਮਜ਼ਦੂਰ ਅੰਦੋਲਨ ਅੰਦਰ ਪੈਦਾ ਹੋਇਆ ਇਹ ਰੁਝਾਣ ਅੱਜ ਦੀਆਂ ਅਸਲੀ ਚੁਣੌਤੀਆਂ ਤੋਂ ਕਿਨਾਰਾਕਸ਼ੀ ਕਰਕੇ ਮਜ਼ਦੂਰ ਜਮਾਤ ਦੇ ਟ੍ਰੇਡ ਯੂਨੀਅਨ ਸੰਘਰਸ਼ਾਂ ਤੋਂ ਕਿਸੇ ਨਾ ਕਿਸੇ ਤਰੀਕੇ ਨਾਲ ਟਾਲਾ ਵੱਟ ਕੇ ਮਜ਼ਦੂਰਾਂ ਦੀ ਬਸਤੀ ਜਾਂ ਗੈਰ ਰਿਹਾਇਸ਼ੀ ਸਥਾਨਾ ਦੀਆਂ ਸਮੱਸਿਆ ਜਿਵੇਂ ਪਾਣੀ, ਬਿਜਲੀ ਸਿੱਖਿਆ, ਸਿਹਤ ਵਰਗੀਆਂ ਐਨ. ਜੀ. ਮਾਰਕਾ ਸੁਧਾਰਵਾਦੀ ਸਰਗਰਮੀਆਂ ਨੂੰ ਮਜ਼ਦੂਰ ਅੰਦੋਲਨ ਦੀਆਂ ਮੁੱਖ ਕਾਰਵਾਈਆਂ ਬਣਾ ਦਿੰਦੀ ਹੈ ਅਤੇ ਮੁਕੰਮਲ ਸੁਧਾਰਵਾਦ ਦੇ ਰਸਤੇ ਦੀ ਪੈਰੋਕਾਰੀ ਕਰਨ ਲੱਗਦੀ ਹੈ। ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦ ਇਹ ਆਪਣੀ ਇਸ ਸੁਧਾਰਵਾਦੀ ਪ੍ਰੋਜੈਕਟਾਂ ਨੂੰ ਰਾਜਸੀ ਸੰਘਰਸ਼ ਦੇ ਨਾਂ ਨਾਲ ਪ੍ਰਚਾਰਿਤ ਕਰਨ ਲੱਗ ਜਾਂਦੀਆਂ ਹਨ। ਅਦਾਰਿਆਂ ਦੇ ਮਜ਼ਦੂਰਾਂ ਦੇ ਨਾਂ ਹੇਠ ਇਹ ਛੋਟੇ-ਮੋਟੇ ਉਦਯੋਗਾਂ, ਕੁਟੀਰ, ਲਘੂ ਜਾਂ ਵਰਕਸ਼ਾਪ ਜਾਂ ਗੈਰ ਜਥੇਬੰਦ ਗੈਰ ਰਵਾਇਤੀ ਖੇਤਰ ਦੇ ਮਜ਼ਦੂਰਾਂ ਨੂੰ ਹੀ ਮੁੱਖ ਤੌਰ 'ਤੇ ਜਥੇਬੰਦ ਕਰਨ ਦੀ ਗੱਲ ਕਰਦੇ ਹਨ। ਇਸ ਰੁਝਾਣ ਦੇ ਪੈਦਾ ਹੋਣ ਦੇ ਰੁਝਾਣ ਅਤੇ ਇਹਨਾਂ

ਦੀਆਂ ਦਲੀਲਾਂ ਦੇ ਖੋਖਲੇਪਣ ਨੂੰ ਪਰਖਣ ਲਈ ਆਓ ਵੇਖੀਏ ਕਿ ਮਜ਼ਦੂਰ ਅੰਦੋਲਨ ਦੀ ਅਸਲੀ ਹਕੀਕਤ ਅੱਜ ਵੀ ਬਿਆਨ ਕਰ ਰਹੀ ਹੈ। ਮਜ਼ਦੂਰ ਅੰਦੋਲਨ ਦੀ ਅੱਜ ਜੋ ਛਿਟਪੁਟ ਚੰਗਾਰੀਆਂ ਦਿਸ ਰਹੀਆਂ ਹਨ ਉਹ ਕੀ ਦਿਖਾ ਰਹੀਆਂ ਹਨ? ਉਹ ਭਵਿੱਖ ਦੇ ਦਿਸ਼ਾ ਨਿਰਦੇਸ਼ ਵਜੋਂ ਕੀ ਬਿਆਨ ਕਰ ਰਹੀਆਂ ਹਨ? ਐਸਾ ਇਸ ਲਈ ਕਿਉਂਕਿ ਸੀਮਤ ਵਿਹਾਰ ਤੇ ਅਕਾਦਮਿਕ ਸਿੱਟਿਆਂ 'ਤੇ ਅਧਾਰਿਤ ਸਮਝਦਾਰੀ ਇਕਾਂਗੀ ਹੁੰਦੀ ਹੈ। ਜੀਵਨ ਇਸ ਇਕਾਂਗੀ ਸਮਝ ਦੀਆਂ ਸੀਮਾਵਾਂ ਤੇ ਵਿਸੰਗਤੀਆਂ ਨੂੰ ਜਾਹਰ ਕਰ ਦਿੰਦਾ ਹੈ। ਤੱਥ ਸਭ ਤੋਂ ਵੱਡੇ ਸਿਖਿਅਕ ਹੁੰਦੇ ਹਨ। ਕਾਰਖਾਨਾ ਅਧਾਰਤ ਮਜ਼ਦੂਰ ਅੰਦੋਲਨਾਂ ਦੀਆਂ ਚੁਣੌਤੀਆਂ। ਉਸ ਦੀਆਂ ਹੱਦਾਂ ਸੰਭਾਵਨਾਵਾਂ ਨੂੰ ਜਾਨਣ ਲਈ ਅਤੇ ਅੱਜ ਦੇ ਮਜ਼ਦੂਰ ਅੰਦੋਲਨ ਦੀਆਂ ਚੁਣੌਤੀਆਂ ਨੂੰ ਸਮਝਣ ਅਤੇ ਭਵਿੱਖ ਦੇ ਦਿਸ਼ਾ ਸੰਕੇਤ ਗ੍ਰਹਿਣ ਕਰਨ ਲਈ ਪਿਛਲੇ ਕੁਝ ਸਮੇਂ ਤੋਂ ਗੁੜਗਾਵਾਂ 'ਚ ਚਲ ਰਿਹਾ ਮਜ਼ਦੂਰਾਂ ਦਾ ਸੰਘਰਸ਼ ਸਾਡੀ ਕਾਫੀ ਮਦਦ ਕਰ ਸਕਦਾ ਹੈ। ਇਹ ਇਸ ਲਈ ਕਿਉਂਕਿ ਪਿਛਲੇ ਸਾਲਾਂ 'ਚ ਏਨੇ ਵੱਡੇ ਪੈਮਾਨੇ 'ਤੇ ਮਜ਼ਦੂਰਾਂ ਦੀ ਇਕਜੁਟਤਾ ਤੇ ਜੁਝਾਰੂਪਣ ਦੇ ਬਹੁਤ ਘੱਟ ਹੀ ਉਦਾਹਰਣ ਸਾਹਮਣੇ ਆਏ ਹਨ ਜਿੰਨਾ ਕਿ ਇਸ ਅੰਦੋਲਨ 'ਚ ਵਿਖਾਈ ਦਿੱਤਾ ਹੈ। ਲਗਭਗ ਤਿੰਨ ਖਪਵਾੜਿਆਂ ਤੋਂ ਚੱਲ ਰਹੇ ਇਸ ਅੰਦੋਲਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਧੁਨਿਕ ਤਕਨੀਕ 'ਤੇ ਅਧਾਰਤ ਹਜ਼ਾਰਾਂ ਦੀ ਗਿਣਤੀ ਚ ਜਥੇਬੰਦ ਮਜ਼ਦੂਰਾਂ ਵਾਲੇ ਕਾਰਖਾਨਿਆਂ 'ਚ ਸ਼ੁਰੂ ਹੋਇਆ। ਉਥੇ ਲਗਭਗ 4500 ਮਜ਼ਦੂਰ ਕੰਮ ਕਰਦੇ ਹਨ।

20-21 ਸਤੰਬਰ ਨੂੰ ਜਿਹੜੇ ਦੋ ਕਾਰਖਾਨਿਆਂ ਰਿਕੋਆਟੋ ਲਿਮ ਤੇ ਸਨਬੀਮ ਇੰਡਸਟ੍ਰੀਜ਼ ਲਿਮ 'ਚ ਇਹ ਅੰਦੋਲਨ ਸ਼ੁਰੂ ਹੋਇਆ। 4500 ਮਜ਼ਦੂਰਾਂ 'ਚੋਂ 2800 ਪੱਕੇ ਅਤੇ ਬਾਕੀ ਕੱਚੇ ਜਾਂ ਕੰਪਨੀ ਰੋਲ ਅਤੇ ਸਨਬੀਮ 'ਚ 4500 ਮਜ਼ਦੂਰਾਂ ਵਿਚੋਂ 650 ਸਥਾਈ ਬਾਕੀ ਕੈਜ਼ੂਅਲ ਜਾਂ ਕੰਪਨੀ ਰੋਲ 'ਤੇ ਹਨ। ਇਹਨਾਂ ਮਜ਼ਦੂਰਾਂ 'ਚ ਸਥਾਈ ਮਜ਼ਦੂਰ ਆਮ ਤੌਰ 'ਤੇ 10 ਹਜ਼ਾਰ ਰੁਪਏ ਤੋਂ ਉਪਰ ਜਾਂ ਰੈਗੂਲਰ 4500 ਰੁਪਏ ਤਕ ਤਨਖਾਹ ਲੈਂਦੇ ਹਨ। ਇਹਨਾਂ ਦੀਆਂ ਮੰਗਾਂ ਮੁੱਖ ਤੌਰ 'ਤੇ ਯੂਨੀਅਨ ਰੇਜਿਸਟ੍ਰੇਸ਼ਨ (ਰਿਕੋ ਆਟੋ ਲਿਮ) ਅਤੇ ਯੂਨੀਅਨ ਦੇ ਜਨਵਾਦੀਕਰਨ ਜਾਂ ਚੋਣਾਂ (ਸਨਬੀਸ ਇੰਡਸਟ੍ਰੀਜ਼) ਦੀ ਹੈ। ਆਪਣੇ ਸੰਘਰਸ਼ 'ਚ ਇਹਨਾਂ ਮਜ਼ਦੂਰਾਂ ਨੇ ਪਾਇਆ ਕਿ ਉਹਨਾਂ ਦਾ ਮੁਕਾਬਲਾ ਸਿਰਫ ਆਪਣੇ-ਆਪਣੇ ਸਰਮਾਏਦਾਰਾਂ ਤੋਂ ਹੀ ਨਹੀਂ ਬਲਕਿ ਸਾਸ਼ਨ ਪ੍ਰਸਾਸ਼ਨ ਵਣ ਵਿਭਾਗ ਦੀ ਸ਼ਾਮਲ ਤਾਕਤ ਹੈ। ਪ੍ਰਸਾਸ਼ਨ ਤੇ ਪੂੰਜੀਪਤੀ ਗੱਠਜੋੜ ਨੇ ਗੁੰਡਿਆਂ-ਪੁਲਸ ਦੇ ਜੋਰ 'ਤੇ ਮਜ਼ਦੂਰ ਉਪਰ ਜਬਰ ਹਮਲੇ ਕੀਤੇ ਹਨ। ਮਜ਼ਦੂਰਾਂ ਨੇ ਦ੍ਰਿੜਤਾ ਪੂਰਵਕ ਸੰਘਰਸ਼ ਕੀਤਾ ਕਈ ਮਜ਼ਦੂਰ ਜ਼ਖ਼ਮੀ ਹੋਏ। ਇਕ ਮਜ਼ਦੂਰ ਸਹੀਦ ਵੀ ਹੋ ਗਿਆ। ਮਜ਼ਦੂਰ ਅੰਦੋਲਨ ਨੂੰ ਕੁਚਲਣ ਲਈ ਜਬਰ ਅੱਜ ਦੇ ਦੌਰ 'ਚ ਸਾਸ਼ਨ ਪ੍ਰਸਾਸ਼ਨ ਪੂੰਜੀਪਤੀ ਗੱਠਜੋੜ ਦੀ ਪਹਿਲੀ ਪਸੰਦ ਹੁੰਦਾ ਹੈ। ਗੁੜਗਾਵਾਂ ਦੇ ਮਜ਼ਦੂਰਾਂ ਨੇ ਇਸ ਜਬਰ ਨੂੰ ਵਾਰੀ ਵਾਰੀ ਝੱਲਿਆ ਹੈ। ਸਮੇਂ ਸਮੇਂ 'ਤੇ ਪਿਛਲੇ ਲੰਬੇ ਦੌਰ ਤੋਂ ਜਾਰੀ ਦਮਨ ਨੇ ਮਜ਼ਦੂਰਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾ ਦਿੱਤਾ ਸੀ ਕਿ ਉਹ ਆਪਣੀ ਵਿਆਪਕ ਤਾਕਤ ਨਾਲ ਹੀ ਪੂੰਜੀਪਤੀ ਕਿਰਤ ਵਿਭਾਗ ਸਾਸ਼ਨ ਪ੍ਰਸਾਸ਼ਨ ਗੁੰਡਾ ਗੱਠਜੋੜ ਨਾਲ ਨਿਪਟ ਸਕਦੇ ਹਨ। ਸਿੱਟੇ ਵਜੋਂ ਮਜ਼ਦੂਰ ਅੰਦੋਲਨ 'ਚ ਸ਼ੁਰੂ ਤੋਂ ਹੀ ਮਜ਼ਦੂਰਾਂ ਨੇ ਵਿਆਪਕ ਇਕਜੁਟਤਾ ਪ੍ਰਦਰਸ਼ਿਤ ਕਰਕੇ ਸਰਕਾਰ ਤੇ ਸਰਮਾਏਦਾਰਾਂ ਦੇ ਹੌਸਲੇ ਪਸਤ ਕਰ ਦਿੱਤੇ

25 ਸਤੰਬਰ ਨੂੰ ਪਹਿਲੀ ਵਾਰੀ ਲਾਠੀਚਾਰਜ ਦੇ ਵਿਰੋਧ 'ਚ 18 ਦਾ ਮੁਜ਼ਾਹਰਾ ਹੋਇਆ। ਇੱਕ ਅਕਤੂਬਰ ਨੂੰ 20 ਹਜ਼ਾਰ ਮਜ਼ਦੂਰਾਂ ਨੇ ਯੂਨੀਅਨਾਂ ਦੇ 25 ਹਜ਼ਾਰ ਮਜ਼ਦੂਰਾਂ ਨੇ ਕੌਮੀ ਰਾਜ ਮਾਰਗ ਜਾਮ ਕਰ ਦਿੱਤਾ। 18 ਅਕਤੂਬਰ ਨੂੰ ਪੁਲਸ ਗੁੰਡਾ ਗੱਠਜੋੜ ਵੱਲੋਂ ਮਜ਼ਦੂਰਾਂ 'ਤੇ ਬੇਰਹਿਮ ਹਮਲੇ ਖਿਲਾਫ 20 ਅਕਤੂਬਰ ਨੂੰ ਦੇਸ਼ ਦੀ ਸਭ ਤੋਂ ਵੱਡੀ ਆਟੋ ਬੇਲਟ (ਗੁੜਗਾਵਾਂ, ਮਾਨੇਸਰ ਥਾਰੂ ਹੇੜਾ ਰਿਵਾੜੀ) 'ਚ ਆਮ ਹੜਤਾਲ ਹੋਈ ਜਿਸ 'ਚ ਲਗਭਗ ਇਕ ਲੱਖ ਮਜ਼ਦੂਰਾਂ ਨੇ ਹਿੱਸਾ ਲਿਆ ਅਤੇ 60 ਯੂਨੀਅਨਾ ਨੇ ਲਗਭਗ 40 ਤੋਂ 50 ਹਜ਼ਾਰ ਤੋਂ ਉਪਰ ਮਜ਼ਦੂਰਾਂ ਨੇ ਰਿਕੋ-ਸਨਬੀਮ ਦੇ ਮਜ਼ਦੂਰਾਂ ਨਾਲ ਇਕਮੁੱਠਤਾ ਜਾਹਰ ਕਰਦਿਆਂ ਰਿਕੋ ਫੈਕਟਰੀ ਦੇ ਸਾਹਮਣੇ ਮੁਜਾਹਰਾ ਕੀਤਾ। ਪ੍ਰਸਾਸ਼ਨ ਹੈਰਾਨ ਰਹਿ ਗਿਆ। ਮਜ਼ਦੂਰਾਂ ਦੀ ਲੁੱਟ-ਘਸੁੱਟ ਕਰਨ ਦੀ ਉਹਨਾਂ ਦੀ ਨੀਤੀ ਨਾਕਾਮ ਸਹਿਮਤ ਹੋਈ। ਇਸ ਇਕ ਦਿਨੀਂ ਹੜਤਾਲ ਨੇ ਪੂਰੇ ਦੇਸ਼ ਪੱਧਰ 'ਤੇ ਪੂੰਜੀਵਾਦੀ ਅਖਬਾਰਾਂ 'ਚ ਸੁਰਖੀਆਂ ਲੱਗੀਆਂ। ਕਾਰਪੋਰੇਟ ਮਾਲਕ ਹੈਰਾਨ ਹੋ ਗਏ। ਗੁੜਗਾਵਾਂ ਦੇ ਮਜ਼ਦੂਰ ਅੰਦੋਲਨ ਨਾਲ ਹੋਣ ਵਾਲੇ ਆਰਥਕ ਨੁਕਸਾਨ ਦਾ ਪੂੰਜੀਵਾਦੀ ਅਖਬਾਰਾਂ ਨੇ ਜ਼ੋਰ ਸ਼ੋਰ ਨਾਲ ਰੋਣਾ ਰੋਇਆ। ਦੋ ਪੰਦਰਵਾੜਿਆਂ ਦੇ ਅੰਦਰ ਹੀ 400 ਕਰੋੜ ਰੁਪਏ ਦੀ ਵਿਤੀ ਹਾਨੀ ਦੀ ਗੱਲ ਪੂੰਜੀਵਾਦੀ ਅਖਬਾਰਾਂ 'ਚ ਪ੍ਰਕਾਸ਼ਿਤ ਹੋਈ। ਇਸ ਹੜਤਾਲ ਨੇ ਪੂਰੇ ਪੂਰੇ ਕੌਮੀ ਰਾਜਧਾਨੀ ਖੇਤਰ 'ਚ ਮਜ਼ਦੂਰ ਆਬਾਦੀ ਦੇ ਹੌਸਲੇ ਬੁਲੰਦ ਕਰ ਦਿੱਤੇ। ਹਰਿਆਣਾ ਦੇ ਸਾਰੇ ਮੁੱਖ ਸਨਅਤੀ ਕੇਂਦਰਾਂ 'ਚ ਇਸ ਹੜਤਾਲ ਦੀ ਹਮਾਇਤ ਤੇ ਜਬਰ ਦੇ ਵਿਰੋਧ 'ਚ ਮੁਜਾਹਰੇ ਹੋਏ। ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਤੇ ਸਰਕਾਰੀ ਕਰਮਚਾਰੀਆਂ ਨੇ ਵੀ ਇਸ ਅੰਦੋਲਨ ਦੀ ਹਮਾਇਤ ਕੀਤੀ।

ਹਰਿਆਣਾ ਸਰਕਾਰ ਮਜ਼ਦੂਰਾਂ ਦੇ ਚੌਤਰਫਾ ਉਭਾਰ ਦੀਆਂ ਸੰਭਾਵਨਾਵਾਂ ਤੋਂ ਚਿੰਤਤ ਹੋ ਗਈ। 20 ਅਕਤੂਬਰ ਦੀ ਹੜਤਾਲ ਪਿਛੋਂ ਵੀ 28 ਅਕਤੂਬਰ ਨੂੰ 20 ਹਜ਼ਾਰ ਮਜ਼ਦੂਰਾਂ ਦਾ ਵਿਸ਼ਾਲ ਮੁਜਾਹਰਾ ਰਿਕੋ-ਸਨਬੀਮ ਮਜ਼ਦੂਰਾਂ ਦੀ ਹਮਾਇਤ 'ਚ ਹੋਇਆ। 4 ਅਕਤੂਬਰ ਨੂੰ ਫਿਰ ਦਸ ਹਜ਼ਾਰ ਮਜ਼ਦੂਰਾਂ ਦੀ ਆਮ ਸਭਾ ਹੋਈ। ਗੁੜਗਾਵਾਂ ਦੀਆਂ ਮੁੱਖ ਦੋ ਫੈਕਟਰੀਆਂ ਦੇ ਮਜ਼ਦੂਰਾਂ ਦੇ ਇਸ ਸੰਘਰਸ਼ ਦੇ ਪ੍ਰਭਾਵ ਕਾਰਨ ਹੋਰ ਕੁਝ ਕਾਰਖਾਨਿਆਂ 'ਚ ਪ੍ਰਬੰਧ ਨੇ ਸੰਘਰਸਸ਼ੀਲ ਮਜ਼ਦੂਰਾਂ ਦੀਆਂ ਮੰਗਾਂ ਜਿਸ ਵਿੱਚ ਯੂਨੀਅਨ ਗਠਨ ਵਰਗੀਆਂ ਮੰਗਾਂ ਸ਼ਾਮਲ ਸਨ। ਤੁਰੰਤ ਮੰਨ ਲਈਆਂ ਗਈਆਂ। ਰਿਕੋ ਅਤੇ ਸਨਬੀਮ ਦੇ ਮਜ਼ਦੂਰਾਂ ਦੀਆਂ ਅੰਸਿਕ ਮੰਗਾਂ ਪ੍ਰਬੰਧ ਨੇ ਮੰਨ ਲਈਆਂ ਸਿਵਾਏ ਸਭ ਮੁਲਤਵੀ ਮਜ਼ਦੂਰਾਂ ਦੀ ਵਾਪਸੀ ਦੇ। ਇੱਥੇ ਜੇ ਪ੍ਰਬੰਦ ਪ੍ਰਸਾਸ਼ਨ ਪੂਰੀ ਤਰ੍ਹਾਂ ਨਹੀਂ ਝੁਕ ਰਿਹਾ ਸੀ ਤਾਂ ਇਸ ਲਈ ਕਿਉਂਕਿ ਇਹ ਉਸ ਦੇ ਲਈ ਹੁਣ ਪ੍ਰਤਿਸ਼ਤਾ ਤੇ ਨੈਤਿਕ ਹਾਰ ਦਾ ਸੁਆਲ ਬਣ ਗਿਆ ਸੀ। ਫਿਰ ਵੀ ਪ੍ਰਬੰਦ ਨੂੰ ਜ਼ਿਆਦਾਤਰ ਮੁਲਤਵੀ ਮਜ਼ਦੂਰਾਂ ਨੂੰ ਵਾਪਸ ਰੱਖਣ 'ਤੇ ਮਜ਼ਬੂਰ ਹੋਣਾ ਪਿਆ। ਰਿਕੋ ਮਜ਼ਦੂਰਾਂ ਦੇ ਸੰਘਰਸ਼ ਕਾਰਨ ਸਭ ਤੋਂ ਮਹੱਤਵਪੂਰਨ ਪ੍ਰੀਘਟਨਾ ਜੋ ਸਾਹਮਣੇ ਆਈ ਉਹ ਇਹੀ ਹੈ ਕਿ ਇਸ ਅੰਦੋਲਨ ਦਾ ਪ੍ਰਭਾਵ ਦੁਨੀਆ ਦੀਆਂ ਮੋਹਰੀ ਆਟੋ ਕੰਪਨੀਆਂ 'ਤੇ ਵੀ ਪੈ ਗਿਆ। ਇਸ ਸੰਘਰਸ਼ ਕਾਰਨ ਟ੍ਰਾਂਸਮਿਸ਼ਨ ਉਪਰਕਣ ਸਪਲਾਈ ਪ੍ਰਾਪਤ ਨਾ ਹੋਣ ਕਰਕੇ ਕਨੈਡਾ ਸਥਿਤ ਫੋਰਡ ਪਲਾਂਟ ਨੂੰ 30 ਅਕਤੂਬਰ ਤਕ ਬੰਦ ਰੱਖਣ ਦੀ ਕੰਪਨੀ ਨੇ ਐਲਾਨ ਕਰ ਦਿੱਤਾ।

(ਹਿੰਦੋਸਤਾਨ 29 ਅਕਤੂਬਰ) ਰਾਇਟਰ ਅਨੁਸਾਰ ਫੋਰਡ ਕੰਪਨੀ ਨੂੰ ਆਪਣੇ ਔਕਵਿਲੇ, ਔਂਟਰਿਓ ਦੇ ਪਲਾਂਟ ਨੂੰ 26 ਅਕਤੂਬਰ ਤੋਂ 30 ਅਕਤੂਬਰ ਤਕ ਬੰਦ ਕਰਨ

ਦਾ ਐਲਾਨ ਕਰਨਾ ਪਿਆ। ਕਨੇਡੀਅਨ ਆਟੋ ਵਰਕਰਸ ਯੂਨੀਅਨ ਦੇ ਸਥਾਨਕ ਮੁਖੀ ਮੁਤਾਬਕ ਇਸ ਬੰਦ ਤੋਂ ਇਕੱਲੇ ਔਕਵਿਲੇ ਦੇ 3000 ਮਜ਼ਦੂਰ ਪ੍ਰਭਾਵਿਤ ਹੋਏ। ਰਿਕੋ ਪ੍ਰਬੰਦ ਦਾ ਵੀ ਮੰਨਣਾ ਹੈ ਕਿ ਮਜ਼ਦੂਰਾਂ ਦੇ ਵਿਰੋਧ ਤੇ ਕੰਮ ’ਤੇ ਨਾ ਪਹੁੰਚਣ ਕਾਰਨ ਫੋਰਡ ਤੇ ਜਨਰਲ ਮੋਟਰਜ਼ ਨੂੰ 6 ਐਫ ਟ੍ਰਾਂਸਮਿਸ਼ਨ ਪਾਰਟਸ ਦੀ ਬਰਾਮਦ ਨਹੀਂ ਹੋ ਪਾ ਰਹੀ ਹੈ ਅਤੇ ਇਸ ਦੌਰਾਨ ਬਰਾਮਦ ’ਚ 50 ਫੀਸਦੀ ਦੀ ਗਿਰਾਵਟ ਆਈ। ਆਟੋ ਐਸੀਲਰੀ ਕੰਪਨੀ ਰਿਕੋ ਦੁਨੀਆਂ ਭਰ ’ਚ 6 ਐਫ ਪਾਰਟਸ ਬਣਾਉਣ ਵਾਲੀ ਇਕੋ ਇਕ ਕੰਪਨੀ ਹੈ। ਰਿਕੋ ਦੇ ਮਜ਼ਦੂਰ ਅੰਦੋਲਨ ਦੀ ਬਦੌਲਤ ਦੁਨੀਆ ਦੀ ਜਾਨੀਮਾਨੀ ਬ੍ਰਾਡ ਦੀ ਨਿਸ਼ਾਨ ਤੇ ਹੋਰ ਕਾਰਾਂ ਦੀ ਪੈਦਾਵਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਮੰਨਿਆ ਜਾ ਰਿਹਾ ਹੈ ਕਿ ਜੇ ਇਹ ਅੰਦੋਲਨ ਖਤਮ ਨਾ ਹੋਇਆ ਤਾਂ ਆਉਣ ਵਾਲੇ ਦਿਨਾਂ ’ਚ ਦੁਨੀਆਂ ਭਰ ਦੀਆਂ ਕਈ ਆਟੋ ਕੰਪਨੀਆਂ ਦੀ ਪੈਦਾਵਾਰ ਪ੍ਰਭਾਵਿਤ ਹੋਵੇਗੀ। ਜਨਰਲ ਮੋਟਰਜ਼ ਦਾ ਉਤਪਾਦਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀ ਸਥਿਤੀ ਵਿਚ ਹੈ। ਇਥੇ ਇਹ ਵੀ ਜ਼ਿਕਰ ਯੋਗ ਹੈ ਕਿ ਜਨਰਲ ਮੋਟਰਸ ਨੂੰ ਬਰਾਮਦ ਪੁਰਜਿਆਂ 6 ਐਫ ਦੀ ਸਪਲਾਈ ’ਚ 50 ਫੀਸਦੀ ਗਿਰਾਵਟ ਆਈ ਹੈ। ਹੁਣ ਗੱਲ ਖ਼ੁਦ ਇਹਨਾਂ ਕੰਪਨੀਆਂ ਦੇ ਪ੍ਰਬੰਧਕ ਮੰਨਦੇ ਹਨ। ਨਿਸ਼ਾਨ ਦੀ ਪਿਕਸੋ ਮਾਡਲ ਗੁੜਗਾਂਵ ਸਥਿਤ ਮਾਰੂਤੀ ਗੁਜੁਕੀ ਇੰਡੀਆ ਦੇ ਸਥਾਨਕ ਪਲਾਂਟ ’ਚ ਤਿਆਰ ਹੁੰਦੀ ਹੈ। ਅਗਲੇ ਤਿੰਨ ਮਹੀਨਿਆਂ ’ਚ ਕੰਪਨੀ ਦੀ ਯੋਜਨਾ 50 ਹਜ਼ਾਰ ਕਾਰਾਂ ਦੀ ਪੈਦਾਵਾਰ ਦੀ ਸੀ ਪਰ ਇਸ ਅੰਦੋਲਨ ਦੀ ਬਦੌਲਤ ਸਤੰਬਰ ਸਮਾਪਤੀ ਤਕ ਸਿਰਫ 2507 ਕਾਰ ਹੀ ਬਣ ਸਕੀਆਂ। ਜ਼ਿਕਰਯੋਗ ਹੈ ਕਿ ਪ੍ਰਦੂਸ਼ਣ ਪੈਮਾਨਿਆਂ ਦੇ ਮੱਦੇਨਜ਼ਰ ਯੂਰਪੀ ਦੇਸ਼ਾਂ ’ਚ ਰਿਕੋ ਦੇ 6 ਐਫ ਪਾਰਟਸ ਦੀ ਪੈਦਾਵਾਰ ਵਿਕਲਪਿਕ ਤੌਰ ’ਤੇ ਵੀ ਨਹੀਂ ਹੋ ਸਕਦੀ।

ਜ਼ਾਹਿਰ ਹੈ ਕਿ ਭਾਰਤ ਵਰਗੇ ਤੀਜੀ ਦੁਨੀਆਂ ਦੀ ਇਕ ਆਮ ਕੰਪਨੀ ਦੇ ਸੰਘਰਸ਼ ਨੇ ਵਿਸ਼ਵੀਕਰਨ ਦੇ ਦੌਰ ’ਚ ਪੁਨਰਗਠਿਤ ਪੈਦਾਵਾਰ ਪ੍ਰਣਾਲੀ ਅੰਦਰ ਮੌਜੂਦ ਮੋਰੀਆਂ ਨੂੰ ਵਧਾ ਦਿੱਤਾ ਹੈ। ਇਸ ਸੰਘਰਸ਼ ਨੇ ਸਥਾਨਕ ਜਾਂ ਇਲਾਕਾਈ ਪੈਮਾਨੇ ’ਤੇ ਮਜ਼ਦੂਰ ਅੰਦੋਲਨ ਦੇ ਸੰਗਠਿਤ ਹੋਣ ਵਿਆਪਕ ਏਕਤਾ ਦੀ ਨਵੀਂ ਜਮੀਨ ਤਲਾਸ਼ਣਾ ਦਾ ਕੰਮ ਕੀਤਾ ਹੈ ਕਿ ਬਲਕਿ ਵਿਸ਼ਵੀ ਪੱਧਰ ’ਤੇ ਕਾਰਪੋਰੇਟ ਦੁਨੀਆਂ ’ਚ ਹਲਚਲ ਮਚਾ ਦਿੱਤੀ ਹੈ। ਕੀ ਗੈਰ ਜਥੇਬੰਦ ਤੇ ਬਿਖਰੀ ਪੈਦਾਵਾਰ ਦੇ ਮਜ਼ਦੂਰਾਂ ਦੇ ਅੰਦੋਲਨ ਨਾਲ ਅੱਜ ਦੇ ਦੌਰ ’ਚ ਇਹ ਉਮੀਦ ਕੀਤੀ ਜਾ ਸਕਦੀ ਹੈ? ਕੀ ਉਹਨਾਂ ਅੰਦਰ ਇਹ ਸੰਭਾਵਨਾ ਅੱਜ ਦਿਖਾਈ ਦਿੰਦੀ ਹੈ?

ਵਿਸ਼ਵੀਕਰਨ ਦੇ ਦੌਰ ਵਿੱਚ ਪੈਦਾਵਾਰ ਦੇ ਵਿਕੇਂਦਰੀਕਰਨ ਨੇ ਕਿਧਰੇ ਵੀ ਕਾਰਖਾਨਾ ਅਧਾਰਿਤ ਮਜ਼ਦੂਰ ਸੰਘਰਸ਼ਾਂ ਦੇ ਮਹੱਤਵ ਨੂੰ ਜਥੇਬੰਦ ਮਜ਼ਦੂਰ ਅੰਦੋਲਨ ਦੇ ਮਹੱਤਵ ਨੂੰ ਘੱਟ ਜਾਂ ਗੈਰ ਪ੍ਰਸੰਗਿਕ ਨਹੀਂ ਕੀਤਾ ਹੈ ਬਲਕਿ ਇਸ ਨੇ ਇਸ ਦੇ ਪ੍ਰਭਾਵ ਤੇ ਵਿਆਪਕਤਾ ਨੂੰ ਹੋਰ ਵੱਧ ਵਿਆਪਕ ਬਣਾ ਦਿੱਤਾ ਹੈ। ਇਸ ਦੇ ਪ੍ਰਭਾਵ ਖੇਤਰ ’ਚ ਦੇਸੀ ਪੂੰਜੀਵਾਦ ਹੀ ਨਹੀਂ ਬਲਕਿ ਵਿਸ਼ਵ ਪੂੰਜੀਵਾਦ ਨੂੰ ਲਾ ਦਿੱਤਾ ਹੈ। ਦਰਅਸਲ ਵਿਕੇਂਦਰੀਕਰਣ ਦੀ ਮੌਜੂਦਾ ਪ੍ਰੀਕ੍ਰਿਆ ਨੇ ਸਮੁੱਚੇ ਤੌਰ ’ਤੇ ਪੂੰਜੀਵਾਦੀ ਉਤਪਾਦਨ ਨੂੰ ਆਪਣੇ ਸਾਰੇ ਤੱਤ ਵਿੱਚ ਅਤੇ ਵੱਧ ਏਕੀਕ੍ਰਿਤ ਕੇਂਦਰੀਕ੍ਰਿਤ ਕਰ ਦਿੱਤਾ ਹੈ। ਵਿਕੇਂਦਰੀਕ੍ਰਿਤ ਇਹ ਜਿਸ ਹੱਦ ਤਕ ਵੀ ਹੋਇਆ ਹੈ ਉਹ ਸੁਤੰਤਰ ਤੇ ਆਤਮ ਨਿਰਭਰ ਪੈਦਾਵਾਰੀ ਇਕਾਈਆਂ ਦੇ ਅੰਦੋਲਨਾ ਦੀ ਜ਼ਮੀਨ ਤਿਆਰ ਕਰ ਰਿਹਾ ਹੈ

ਕਿਉਂਕਿ ਆਤਮ ਨਿਰਭਰ ਸਨਅਤੀ ਇਕਾਈਆਂ 'ਚ ਹੋਰ ਸਨਅਤਾਂ ਤੋਂ ਜੋ ਤੱਤ ਸੀ ਉਸ ਨੂੰ ਇਸ ਨੇ ਖਤਮ ਕਰ ਦਿੱਤਾ ਹੈ। ਹਾਲਾਂਕਿ ਪੂੰਜੀਵਾਦੀ ਪੈਦਾਵਾਰ 'ਚ ਪੂਰੀ ਤਰ੍ਹਾਂ ਅਤਾਮ ਨਿਰਭਰ ਪੈਦਾਵਾਰ ਜਾਂ ਬਾਕੀ ਪੈਦਾਵਾਰੀ ਇਕਾਈਆਂ ਪੂਰੀ ਤਰ੍ਹਾਂ ਸੰਭਵ ਨਹੀਂ ਹਨ। ਜੋ ਵਿਕੇਂਦਰੀਕਰਣ ਹੋਇਆ ਹੈ। ਉਸ ਨੇ ਇਕ ਮੁੱਖ ਸਨਅਤੀ ਇਕਾਈ ਦੇ ਆਲੇ ਦੁਆਲੇ ਸਹਾਇਕ ਸਨਅਤੀ ਇਕਾਈਆਂ (ਇਸੈਸਰੀਜ਼) ਦਾ ਜੋ ਜਾਲ ਖੜ੍ਹਾ ਕੀਤਾ ਹੈ ਉਸ ਨੇ ਇਸ ਨੂੰ ਇਕ ਨਵੇਂ ਸੰਕਟ ਵੱਲ ਧੱਕਿਆ ਹੈ। ਇਸ ਨੇ ਪੈਦਾਵਾਰੀ ਇਕਾਈਆਂ ਨੂੰ ਨਵੇਂ ਸਬੰਧਾਂ 'ਚ ਜੋੜ ਦਿੱਤਾ ਹੈ। ਇਕ ਦੇ ਪ੍ਰਭਾਵਿਤ ਹੋਣ ਨਾਲ ਇਸ ਜਾਲ 'ਚ ਬੰਨੀਆਂ ਸਭ ਪੈਦਾਵਾਰੀ ਇਕਾਈਆਂ ਦੇ ਪ੍ਰਭਾਵਿਤ ਹੋਣ ਦੇ ਖਤਰੇ ਵਧ ਗਏ ਹਨ। ਵਿਕੇਂਦਰੀਕਰਨ ਦੇ ਇਸ ਜਾਲ 'ਚ ਪ੍ਰਥਕਤਾ ਦਾ ਤੱਤ ਅਭਿਆਸੀ ਤੌਰ 'ਤੇ ਹਾਵੀ ਵਿਖਾਈ ਦਿੰਦਾ ਹੈ ਪਰ ਦੂਜੇ ਰੂਪ 'ਚ ਇਸ ਨੇ ਇਕ ਨਵੀਂ ਆਪਸੀ ਸਬੰਧ ਬਣਤਰ ਦਾ ਇਕ ਜਾਲ ਤਿਆਰ ਕੀਤਾ ਹੈ। ਇਸ ਜਾਲ ਦੇ ਭਾਰ ਕਿਉਂਕਿ ਕੌਮੀ-ਕੌਮਾਂਤਰੀ ਪੈਮਾਨੇ 'ਤੇ ਜੁੜੇ ਹਨ ਇਸ ਲਈ ਇਹਨਾਂ 'ਚੋਂ ਕਿਸੇ ਇਕ 'ਚ ਪੈਦਾ ਹੋਣ ਵਾਲਾ ਸੰਕਟ ਸਭ ਨੂੰ ਆਪਣੀ ਲਪੇਟ 'ਚ ਲਾਜ਼ਮੀ ਲੈ ਲਵੇਗਾ। ਕੁਲ ਮਿਲਾ ਕੇ ਵਿਕੇਂਦਰੀਕ੍ਰਿਤ ਕੇਂਦਰੀਕਰਣ ਪੈਦਾਵਾਰ ਪ੍ਰਣਾਲੀ ਨੇ ਭਾਵੀ ਮਜ਼ਦੂਰ ਅੰਦੋਲਨ ਦੇ ਫਲਕ ਨੂੰ ਹੋਰ ਵੱਧ ਵਿਸਥਾਰਿਤ ਕੀਤਾ ਹੈ। ਉਸ ਨੂੰ ਕੌਮੀ ਕੌਮਾਂਤਰੀ ਪੈਮਾਨੇ ਤਕ ਫੈਲਾਅ ਦਿੱਤਾ ਹੈ। ਇਸ ਨੇ ਨਾ ਸਿਰਫ ਕੌਮੀ ਬਲਕਿ ਕੌਮਾਂਤਰੀ ਪੈਮਾਨੇ 'ਤੇ ਜਥੇਬੰਦ ਮਜ਼ਦੂਰ ਅੰਦੋਲਨ ਦੇ ਅਧਾਰ ਨੂੰ ਮਜ਼ਬੂਤ ਕੀਤਾ ਹੈ। ਇਸ ਤਰ੍ਹਾਂ ਦੁਨੀਆਂ ਭਰ ਦੇ ਮਜ਼ਦੂਰਾਂ ਦੇ ਸਾਂਝੇ ਸੰਘਰਸ਼ਾਂ ਦੇ ਨਾਹਰੇ ਨੂੰ ਪਹਿਲਾਂ ਤੋਂ ਵੱਧ ਮਜ਼ਬੂਤ ਬਣਾ ਦਿੱਤਾ ਹੈ। 'ਦੁਨੀਆਂ ਦੇ ਮਜ਼ਦੂਰੋ ਇਕ ਹੋ ਜਾਓ' ਦਾ ਨਾਹਰਾ ਪੈਦਾਵਾਰ ਦੇ ਵਿਕੇਂਦਰੀਕ੍ਰਿਤ ਕੇਂਦਰੀਕਰਨ ਦੇ ਅਮਲ 'ਚ ਹੋਰ ਵੱਧ ਪ੍ਰਸੰਗਿਕ ਹੋ ਗਿਆ ਹੈ। ਵਿਕੇਂਦਰੀਕ੍ਰਿਤ ਕੇਂਦਰੀਕਰਨ ਦੀ ਪੈਦਾਵਾਰ ਪ੍ਰਣਾਲੀ ਦੇ ਸੰਘਣੇ ਜਾਲ ਦੇ ਕਿਸੇ ਇਕ ਤੰਤੂ 'ਤੇ ਹੀ ਸਾਰਾ ਧਿਆਨ ਕ੍ਰੇਂਦ੍ਰਿਤ ਕਰਨ 'ਤੇ ਇਹ ਨਿਰਾਸ਼ਾਵਾਦੀ ਸਿੱਟਾਂ ਕੱਢਿਆ ਜਾ ਸਕਦਾ ਹੈ ਕਿ ਜਦ ਇਕ ਇਕਾਈ ਜਾਂ ਇਕ ਇਕ ਕਾਰਖਾਨੇ ਦੇ ਸੰਘਰਸ਼ ਇਸ ਇਕਾਈ 'ਚ ਉਤਪਾਦਨ ਨੂੰ ਠੱਪ ਨਹੀਂ ਕਰ ਸਕਦੇ ਇਸ ਲਈ ਕਾਰਖਾਨਾ ਅਧਾਰਿਤ ਸੰਘਰਸ਼ਾਂ ਦਾ ਯੁੱਗ ਹੁਣ ਖਤਮ ਹੋ ਗਿਆ ਹੈ। ਵਿਕੇਂਦਰੀਕ੍ਰਿਤ ਕੇਂਦਰੀਕਰਨ ਦੀ ਪ੍ਰਣਾਲੀ ਕਾਰਨ ਇਕ ਕਾਰਖਾਨੇ 'ਚ ਵੱਡੇ ਪੈਮਾਨੇ 'ਤੇ ਜਥੇਬੰਦ ਮਜ਼ਦੂਰਾਂ ਦੀ ਗਿਣਤੀ ਦਾ ਘਟਦੇ ਜਾਣਾ ਜਾਂ ਉਹਨਾਂ ਦੀ ਸੰਘਰਸ਼ਸੀਲਤਾ ਦੇ ਅਲੋਪ ਹੁੰਦੇ ਜਾਣ ਦੀ ਭਵਿੱਖਬਾਣੀ ਵੀ ਆਪਣੇ ਆਪ ਵਿੱਚ ਕਿੰਨੀ ਬੇਤੁਕੀ ਹੈ। ਇਸ ਨੂੰ ਮੌਜੂਦਾ ਗੁੜਗਾਵਾਂ ਦੇ ਆਟੋ ਮਜ਼ਦੂਰਾਂ ਦੇ ਸੰਘਰਸ਼ ਤੋਂ ਸਮਝਿਆ ਜਾ ਸਕਦਾ ਹੈ।

ਅਸੈਂਬਲੀ ਲਾਈਨ ਪੈਦਾਵਾਰ ਦੇ ਯੁੱਗ ਦੀ ਸਮਾਪਤੀ ਦਾ ਐਲਾਨ ਵੀ ਆਪਣੇ ਆਪ 'ਚ ਸ਼ੇਖ ਚਿਲੀਪੁਣਾ ਹੈ। ਅਸੈਂਬਲੀ ਲਾਈਨ ਪੈਦਾਵਾਰ ਆਪਣੇ ਸਾਰਤੱਤ 'ਚ ਪੂੰਜੀਵਾਦੀ ਵਿੱਚ ਕ੍ਰਮਵਾਰ ਉਨਤ ਹੁੰਦੇ ਜਾਂਦੇ ਹਨ। ਕਿਰਤ ਵੰਡ ਦਾ ਸਿੱਟਾ ਹੈ। ਅਸੈਂਬਲੀ ਲਾਈਨ ਬਿਖਰ ਜਾਣ ਦੀ ਗੱਲ ਕਹਿਣ ਦਾ ਮਤਲਬ ਪੁਨਰ ਪੂੰਜੀਵਾਦ ਦੇ ਮੈਨੂਫੈਕਚਰਿੰਗ ਯੁੱਗ 'ਚ ਦਾਖਿਲ ਹੋਣ ਦੀ ਗੱਲ ਕਰਦਾ ਹੈ। ਅੱਜ ਵੀ ਸਭ ਪੂੰਜੀਵਾਦੀ ਅਦਾਰਿਆਂ 'ਚ ਅਸੈਂਬਲੀ ਲਾਈਨ ਦੇ ਤਹਿਤ ਹੀ ਪੈਦਾਵਾਰ ਹੁੰਦੀ ਹੈ। ਮੁੱਖ ਉਪਕਰਣਾ ਦੀ ਪੈਦਾਵਾਰ ਇਕ ਹੀ ਇਕਾਈ 'ਚ ਭਾਰੀ ਕਿਰਤ ਵੰਡ ਦੇ ਤਹਿਤ ਹੁੰਦਾ ਹੈ। ਹਾਂ ਸਹਾਇਕ ਜਾਂ

ਗੌਣ ਪੈਦਾਵਾਰ ਜਾਂ ਪੁਰਜਿਆਂ ਦੀ ਪੈਦਾਵਾਰ ਬਿਖਰਾ ਦਿੱਤੀ ਗਈ ਹੈ। ਪਰ ਕੀ ਕੋਈ ਇਹ ਕਲਪਨਾ ਕਰ ਸਕਦਾ ਹੈ ਕਿ ਹਵਾਈ ਜਹਾਜ ਦੇ ਕਲ ਪੁਰਜਿਆਂ ਦਾ ਨਿਰਮਾਣ ਘਰ ਜਾਂ ਛੋਟੀਆਂ ਵਰਕਸ਼ਾਪਾਂ 'ਚ ਹੋਵੇ ਅਤੇ ਕਾਰਖਾਨੇ 'ਚ ਸਿਰਫ ਉਸ ਦੀ ਅਸੈਂਬਲਿੰਗ ਹੋਵੇ। ਕੁਲ ਮਿਲਾ ਕੇ ਇਹ ਨਹੀਂ ਹੋ ਸਕਦਾ ਕਿ ਸੰਪੂਰਣ ਪੂੰਜੀਵਾਦੀ ਉਤਪਾਦਨ ਪ੍ਰਣਾਲੀ ਪੂਰੀ ਤਰ੍ਹਾਂ ਵਿਕੇਂਦਰੀਕ੍ਰਿਤ ਹੋ ਜਾਵੇ। ਹੁਣ ਵੀ ਸਮੁੱਚੀ ਪੂੰਜੀਵਾਦੀ ਪੈਦਾਵਾਰ ਮੁੱਖ ਤੌਰ 'ਤੇ ਵੱਡੇ ਪੈਮਾਨੇ 'ਤੇ ਕਾਰਖਾਨਿਆਂ ਜਾਂ ਅਦਾਰਿਆਂ 'ਚ ਹੀ ਜਥੇਬੰਦ ਹੈ। ਪੈਦਾਵਾਰ ਦੇ ਵਿਕੇਂਦਰੀਕਰਣ ਦਾ ਅਮਨ ਵਿਸ਼ਵੀਕਰਣ ਦੇ ਦੌਰ 'ਚ ਦਿਖਾਈ ਦਿੱਤਾ ਹੈ। ਪਰ ਜਿਸ ਵੀ ਹੱਦ ਤਕ ਇਹ ਹੋ ਰਿਹਾ ਹੈ ਇਹ ਮਜ਼ਦੂਰ ਜਮਾਤ ਨੂੰ ਪੂਰੀ ਤਰ੍ਹਾਂ ਬਿਖਰਾ ਦੇਣ ਦੀ ਬਜਾਏ ਇਕ ਨਵੇਂ ਸਬੰਧਾਂ 'ਚ ਬੰਨ ਰਹੀ ਹੈ। ਸਮੁੱਚੇ ਤੌਰ 'ਤੇ ਮਜ਼ਦੂਰਾਂ ਦੀ ਏਕਤਾ ਦੇ ਅਧਾਰ ਸਾਂਝੇ ਸੰਘਰਸ਼ਾਂ ਦੇ ਅਧਾਰ ਨੂੰ ਹੋਰ ਵੱਧ ਮਜ਼ਬੂਤ ਕਰ ਰਹੀ ਹੈ। ਇਸ ਤਰ੍ਹਾਂ ਨਾ ਤਾਂ ਕਾਰਖਾਨਾ ਅਧਾਰਿਤ ਮਜ਼ਦੂਰ ਸੰਘਰਸ਼ਾਂ ਦੀ ਪ੍ਰਸੰਗਿਕਤਾ ਖ਼ਤਮ ਹੋਈ ਹੈ ਨਾ ਹੀ ਸੰਗਠਿਤ ਮਜ਼ਦੂਰਾਂ ਦੇ ਅੰਦੋਲਨ ਦੀ ਭੂਮਿਕਾ ਹੀ ਘੱਟ ਹੋਈ ਹੈ। ਹਾਂ ਮਜ਼ਦੂਰਾਂ ਦਾ ਇਕ ਤਬਕਾ ਅਭਿਜਾਤ ਜ਼ਰੂਰ ਹੋਇਆ ਹੈ ਪਰ ਉਸ ਦੀਆਂ ਸਹੂਲਤਾਂ 'ਚ ਵੀ ਲਗਾਤਾਰ ਕਟੌਤੀ ਹੁੰਦੀ ਜਾ ਰਹੀ ਹੈ। ਇਸ ਦਾ ਆਕਾਰ ਸੁੰਗੜ ਰਿਹਾ ਹੈ। ਜਥੇਬੰਦ ਮਜ਼ਦੂਰਾਂ ਦੇ ਪੂਰੇ ਵਰਗ ਨੂੰ ਸਹੂਲਤ ਭੋਗੀ ਜਾਂ ਅਭਿਜਾਤ ਕਹਿ ਦੇਣਾ ਮੂਰਖਤਾ ਹੈ। ਵੱਡੇ ਉਦਯੋਗਾਂ ਦੇ ਤਹਿਤ ਸੰਗਠਿਤ ਮਜ਼ਦੂਰ ਵਰਗ ਹਮੇਸ਼ਾ ਦੀ ਤਰ੍ਹਾਂ ਅੱਜ ਵੀ ਮਜ਼ਦੂਰ ਅੰਦੋਲਨ ਦਾ ਹਿਰਾਵਲ ਦਸਤਾ ਹੈ। ਬਾਕੀ ਗੈਰ ਜਥੇਬੰਦ ਗੈਰ ਰਵਾਇਤੀ ਮਜ਼ਦੂਰਾਂ ਨੂੰ ਲੀਡਰਸ਼ਿਪ ਤੇ ਦਿਸ਼ਾ ਹੀ ਉਹ ਦੇ ਸਕਦਾ ਹੈ। ਇਹ ਕੌਮੀ ਹੀ ਨਹੀਂ ਕੌਮਾਂਤਰੀ ਪੱਧਰ 'ਤੇ ਪੂੰਜੀਪਤੀਆਂ ਦੀਆਂ ਚੂਲਾਂ ਢਿੱਲੀਆਂ ਕਰ ਸਕਦਾ ਹੈ। ਮਜ਼ਦੂਰ ਵਰਗ ਦਾ ਭਵਿੱਖ ਇਹਨਾਂ ਮਜ਼ਦੂਰਾਂ ਦੇ ਅੰਦੋਲਨ 'ਤੇ ਨਿਰਭਰ ਹੈ। (ਇਥੇ ਇਹ ਕਹਿਣ ਦੀ ਗੱਲ ਨਹੀਂ ਕਿ ਮਜ਼ਦੂਰ ਜਮਾਤ ਨੂੰ ਸਿਰਫ ਟ੍ਰੇਡ ਯੂਨੀਅਨ ਸੰਘਰਸ਼ਾਂ ਲਈ ਨਹੀਂ ਬਲਕਿ ਉਸ ਤੋਂ ਵੱਧ ਕ੍ਰਾਂਤੀਕਾਰੀ ਰਾਜਸੀ ਸੰਘਰਸ਼ਾਂ ਦੇ ਲਈ ਜਥੇਬੰਦ ਕਰਨਾ ਹੋਵੇਗਾ)

-----✪✪-----

# ਲਹੂ-ਪੀਣੀਆਂ ਸੜਕਾਂ ਬਨਾਮ ਦੁਰਘਟਨਾਵਾਂ

ਹਰ ਘੰਟੇ ਭਾਰਤ ’ਚ ਦੁਰਘਟਨਾਵਾਂ ਨਾਲ 13 ਲੋਕ ਮਾਰੇ ਜਾਂਦੇ ਹਨ। ਦੁਨੀਆਂ ’ਚ ਸਭ ਤੋਂ ਵੱਧ ਦੁਰਘਟਨਾਵਾਂ ’ਚ ਮੌਤਾਂ ਭਾਰਤ ’ਚ ਹੁੰਦੀਆਂ ਹਨ। 2007 ਵਿੱਚ 1,14,590 ਲੋਕ ਸੜਕ ਦੁਰਘਟਨਾਵਾਂ ’ਚ ਮਾਰੇ ਗਏ। ਇਹ ਸੰਘਰਸ਼ ਦੇ ਖੇਤਰ ਤੋਂ ਬਾਹਰ ਧਰਤੀ ਦਾ ਖਤਰਨਾਕ ਖੇਤਰ ਹੈ, ਡਾਮਰ ਦੀ ਇਕ ਪੱਟੀ ਜਿਥੇ ਕਾਨੂੰਨ ਦਾ ਕੋਈ ਕੰਮ ਨਹੀਂ, ਇਥੇ ਹਮਲਾਵਰ ਤੇ ਉਤੇਜਿਤ ਮਨੁੱਖਾਂ ਦੀ ਭੀੜ ਅਤੇ ਅਚੰਭਿਤ ਕਰ ਦੇਣ ਦੀ ਹੱਦ ਤੱਕ ਵਿਵਿਧਤਾ ਵਾਲੇ ਵਾਹਨਾ ਦੇ ਕਾਫਲੇ ਜਗਾਹ ਅਤੇ ਰਸਤਾ ਲੈਣ ਦੇ ਅਧਿਕਾਰ ਦੀ ਜਦੋ ਜਹਿਦ ’ਚ ਜੂਝਦੇ ਰਹਿੰਦੇ ਹਨ, ਇਹ ਕਹੀਏ ਤਾਂ ਮੌਤ ਦਾ ਰਾਹ ਹੈ। ਭਾਰਤ ਦੀਆਂ ਹਤਿਆਰੀਆਂ ਸੜਕਾਂ ਅੱਤਵਾਦ ਨੂੰ ਲੈ ਕੇ ਕੁਦਰਤੀ ਆਫਤ ਤਕ ਕਿਸੇ ਵੀ ਕਾਰਨ ਦੀ ਤੁਲਨਾ ਵਿੱਚ ਅਨੇਕਾਂ ਮੌਤਾਂ ਲਈ ਜ਼ਿੰਮੇਵਾਰ ਹਨ। ਸੜਕ ਦੁਰਘਟਨਾਵਾਂ ਦੀ ਵਜਾਹ ਕਾਰਨ ਹਰ ਘੰਟੇ 13 ਮੌਤਾਂ ਹੁੰਦੀਆਂ ਹਨ। ਇਹ ਅੰਕੜਾ ਦੁਨੀਆਂ ’ਚ ਸਭ ਤੋਂ ਵੱਧ ਹੈ। ਸੜਕ ਦੁਰਘਟਨਾਵਾਂ ’ਚ ਮਰਨ ਵਾਲਾ ਹਰ ਦਸਵਾਂ ਵਿਅਕਤੀ ਭਾਰਤੀ ਹੁੰਦਾ ਹੈ। ਹਰ ਰੋਜ਼ ਲਗਭਗ 250 ਕੋਲ ਸੜਕ ਦੁਰਘਟਨਾਵਾਂ ’ਚ ਮਾਰੇ ਜਾਂਦੇ ਹਨ ਅਤੇ ਸਾਲ ਭਰ ਦਾ ਹਿਸਾਬ ਲਈਏ ਤਾਂ ਇਹ ਅੰਕੜਾ ਹੋਰ ਹੈਰਾਨ ਕਰਨ ਵਾਲਾ 1,14,590 ਬਣਦਾ ਹੈ। ਬੇਸ਼ੱਕ ਇਹ ਅੰਕੜਾ ਡਰਾਉਣਾ ਹੈ ਅਤੇ ਇਸ ਤੱਥ ਨੂੰ ਵੇਖਦੇ ਹੋਏ ਹੋਰ ਵੀ ਭਿਆਨਕ ਹੈ ਕਿ ਮਰਨ ਵਾਲਿਆਂ ’ਚ ਬਹੁਤੇ ਆਪਣੇ ਪਰਿਵਾਰਾਂ ਦੇ ਇਕੋ ਇਕ ਕਮਾਊਂ ਮੈਂਬਰ ਹੁੰਦੇ ਹਨ, ਇਹਨਾਂ ’ਚ 85 ਫੀਸਦੀ ਗਿਣਤੀ ਮਰਦਾਂ ਦੀ ਹੁੰਦੀ ਅਤੇ ਇਸ ਵਿੱਚੋਂ ਵੀ 70 ਫੀਸਦੀ ਕੰਮਕਾਜੀ ਉਮਰ ਵਰਗ 30–59 ਵਿਚਕਾਰ ਦੇ ਹੁੰਦੇ ਹਨ।

ਅੰਦਾਜ਼ਾ ਹੈ ਕਿ ਸੜਕ ਦੁਰਘਟਨਾਵਾਂ ਦੀ ਵਜਾਹ ਕਾਰਨ ਦੇਸ਼ ਦੇ ਇਕ ਫੀਸਦੀ ਕੁਲ ਘਰੇਲੂ ਉਤਪਾਦ ਦਾ ਨੁਕਸਾਨ ਹੁੰਦਾ ਹੈ। ਸੰਸਾਰ ਬੈਂਕ ਮੁਤਾਬਕ ਵਿਕਸਤ ਦੇਸ਼ ਸੜਕ ਦੁਰਘਟਨਾਵਾਂ ਦੀ ਵਜਾਹ ਕਾਰਨ ਹਰ ਸਾਲ ਲਗਭਗ 100 ਅਰਬ ਡਾਲਰ ਗਵਾਉਂਦੇ ਹਨ। ਇਹ ਰਕਮ ਵਿਕਾਸਸ਼ੀਲ ਦੇਸ਼ਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਤੋਂ ਦੁੱਗਣੀ ਹੈ। ਇਸ ਤੋਂ ਵੀ ਵੱਧ ਚਿੰਤਾਜਨਕ ਤੱਥ ਇਹ ਹੈ ਕਿ ਭਾਰਤ ’ਚ ਸੜਕ ਦੁਰਘਟਨਾਵਾਂ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ 8 ਫੀਸਦੀ ਦੀ ਦਰ ਨਾਲ ਵਧ ਰਿਹਾ ਹੈ ਅਤੇ ਇਹ ਵੀ ਆਮ ਵਿਰੋਧੀ ਹੀ ਹੈ ਕਿ ਸੜਕਾਂ ਦੀ ਹਾਲਤ ’ਚ ਸੁਧਾਰ ਆਵਾਜਾਈ ਦੀ ਰਫਤਾਰ ਉਨੀ ਹੀ ਵੱਧ ਤੇਜ਼ ਪਰ ਲੱਚਰ ਕਾਨੂੰਨ ਅਤੇ ਨਾਕਾਫੀ ਸੁਰੱਖਿਆ ਨਿਯਮਾਂ ਦੀ ਵਜਾਹ ਨਾਲ ਦੁਰਘਟਨਾਵਾਂ ’ਤੇ ਮੌਤਾਂ ਦੀ ਗਿਣਤੀ ’ਚ ਇਜਾਫਾ ਹੀ ਹੁੰਦਾ ਜਾ ਰਿਹਾ ਹੈ। ਇਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਵਾਹਨਾਂ ਦੀ ਗਤੀ ’ਚ 10 ਫੀਸਦੀ ਇਜਾਫਾ ਹੋਣ ਨਾਲ ਸੜਕ ਦੁਰਘਟਨਾਵਾਂ ਨਾਲ ਹੋਣ ਵਾਲੀਆਂ ਮੌਤ ’ਚ 30 ਫੀਸਦੀ ਇਜਾਫਾ ਹੋ ਜਾਂਦਾ ਹੈ। ਇਕ ਹੋਰ ਹੈਰਾਨਕੁੰਨ ਤੱਥ ਇਹ ਹੈ ਕਿ ਸੜਕ ਦੁਰਘਟਨਾਵਾਂ ’ਚ ਹੋਣ ਵਾਲੀਆਂ ਮੌਤਾਂ ਦੀ ਇਕ ਵੱਡੀ ਵਜਾਹ ਡਰਾਈਵਰਾਂ ਦਾ ਸ਼ਰਾਬ ਪੀ ਕੇ ਗੱਡੀ ਚਲਾਉਣਾ ਹੈ ਪਰ ਸਿਰਫ ਦੋ ਤੋਂ 8 ਫੀਸਦੀ ਮਾਮਲੇ ਹੀ ਅਦਾਲਤ ਤਕ ਪੁੱਜਦੇ ਹਨ। ਸੜਕ ਦੁਰਘਟਨਾਵਾਂ ਦੇ ਹੋਰ ਵੀ ਕਾਰਨ

ਹਨ। ਆਵਾਜਾਈ ਨਿਯਮਾਂ ਦੀ ਪਾਲਣਾ ਨਾ ਕਰਨਾ, ਖਰਾਬ ਆਵਾਜਾਈ ਪ੍ਰਬੰਧ ਖਰਾਬ ਸੜਕਾਂ ਕਾਨੂੰਨ ਦਾ ਕੋਈ ਡਰ ਨਾ ਹੋਣਾ, ਭ੍ਰਿਸ਼ਟ ਟ੍ਰੈਫਿਕ ਅਧਿਕਾਰੀ ਲਾਪ੍ਰਵਾਹੀ ਨਾਲ ਚਲਦੇ ਪੈਦਲ ਮੁਸਾਫਰ ਅਤੇ ਇਕੋ ਵੇਲੇ ਮੱਠੀ ਤੇ ਤੇਜ ਰਫਤਾਰ ਨਾਲ ਚਲਦੀ ਆਵਾਜਾਈ ਅਤੇ ਇਹ ਤੱਥ ਕਿ ਸੜਕ ਦੁਰਘਟਨਾਵਾਂ ਦੀ ਵਜਾਹ ਨਾਲ ਹੋਣ ਵਾਲੀਆਂ ਮੌਤਾਂ ਨੂੰ ਬੇਹਤਰ ਸੜਕ ਸੁਰੱਖਿਆ ਪ੍ਰਬੰਧ ਅਤੇ ਤੁਰੰਤ ਮੁਹੱਈਆ ਡਾਕਟਰੀ ਸਹਾਇਤਾ ਨਾਲ ਰੋਕਿਆ ਜਾ ਸਕਦਾ ਹੈ। ਅਸਲ ’ਚ ਵਿਸ਼ਵ ਸਿਹਤ ਸੰਗਠਨ ਦੀ ਗਲੋਬਲ ਸਟੇਟਸ ਰਿਪੋਰਟ ਆਨ ਰੋਡ ਸੇਫਟੀ (GSRRS) ਕਹਿੰਦੀ ਹੈ ਕਿ ਭਾਰਤ ਵਿਚ ਸ਼ਰਾਬ ਪੀ ਕੇ ਗੱਡੀ ਚਲਾਉਣ ’ਤੇ ਪਾਬੰਦੀ ਅਤੇ ਉਸ ਦੀ ਨਿਗਰਾਨੀ ਸੀਟ ਬੈਲਟ ਨਾ ਪਹਿਨਣਾ ਬੱਚਿਆਂ ਦੇ ਵਾਹਨ ਚਲਾਉਣ ’ਤੇ ਪਾਬੰਦੀ ਅਤੇ ਗਤੀ ਸੀਮਾ ਦਾ ਪਾਲਣ ਨਾ ਹੋਣਾ ਵਰਗੇ ਆਮ ਨਿਯਮਾਂ ਦਾ ਵੀ ਪਾਲਣ ਨਾ ਹੋਣਾ, ਇਨੀਆਂ ਵੱਧ ਮੌਤਾਂ ਲਈ ਜ਼ਿੰਮੇਵਾਰ ਹਨ। ਦਿੱਲੀ ਦੇ ਇਕ ਮਸ਼ਹੂਰ ਹਸਪਤਾਲ ਦੇ ਅਧਿਐਨ ਮੁਤਾਬਕ ਸ਼ਰਾਬ ਲਈ ਡਰਾਈਵਰਾਂ ਦੀ ਸਾਰ ਤੋਂ ਨਿਰੀਖਣ ਨਾਲ ਹੀ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲੀਆਂ ਮੌਤਾਂ ਦਾ ਅੰਕੜਾ 20 ਫੀਸਦੀ ਤੱਕ ਘਟਾਇਆ ਜਾ ਸਕਦਾ ਹੈ। ਸ਼ਰਾਬ ਪੀ ਕੇ ਗੱਡੀ ਚਲਾਉਣ ਨਾਲ 29 ਫੀਸਦੀ ਮੌਤਾਂ ਹੁੰਦੀਆਂ ਹਨ। ਇਸ ਤਰ੍ਹਾਂ ਹੈਲਮੇਟ ਪਹਿਨਣ ਨਾਲ ਵੀ ਮੌਤਾਂ ਦਾ ਜੋਖਮ 40 ਫੀਸਦੀ ਤਕ ਘਟ ਸਕਦਾ ਹੈ ਅਤੇ ਸੀਟ ਬੈਲਟ ਪਹਿਨਣ ਤੋਂ ਅਗਲੀ ਸੀਟ ’ਤੇ ਬੈਠੇ ਮੁਸਾਫਰਾਂ ਦੀ ਮੌਤ ਦੀ ਗਿਣਤੀ ਦੀ ਵੀ 50 ਫੀਸਦੀ ਤਕ ਘੱਟ ਹੋ ਸਕਦੀ ਹੈ। ਵਿਡੰਬਨਾ ਇਹ ਹੈ ਕਿ ਭਾਰਤ ’ਚ ਇਹਨਾਂ ਬੁਨਿਆਦੀ ਸੜਕ ਸੁਰੱਖਿਆ ਨਿਯਮਾ ਦੀ ਜਾਂ ਤਾਂ ਪਾਲਣਾ ਹੀ ਨਹੀਂ ਕੀਤੀ ਜਾਂਦੀ ਜਾਂ ਬੇਝਿਜਕ ਉਲੰਘਣਾ ਕੀਤੀ ਜਾਂਦੀ ਹੈ। ਦਿੱਲੀ ’ਚ ਟ੍ਰੈਫਿਕ ਕਮਿਸ਼ਨਰ ਦੇ ਅਹੁਦੇ ’ਤੇ ਕਹਿੰਦੇ ਹੋਇਆ ਆਵਾਜਾਈ ਨਿਯਮ ਦੀ ਉਲੰਘਣਾ ’ਤੇ ਕੰਟਰੋਲ ਰੱਖਣ ਵਾਲੀ ਕਿਰਨ ਬੇਦੀ ਜੋ ਉਦੋਂ ‘ਕ੍ਰੇਨ ਬੇਦੀ’ ਦੇ ਨਾਂ ਨਾਲ ਜਾਣੀ ਜਾਂਦੀ ਸੀ ਦਾ ਕਹਿਣਾ ਹੈ “ਸੜਕ ਸੁਰੱਖਿਆ ਤਾਂ ਹੀ ਸੰਭਵ ਹੈ ਜੇ ਸੜਕ ’ਤੇ ਚਲਣ ਨਾਲ ਜੁੜੇ ਤਿੰਨ ਪੱਖ-ਨਿਯਮ ਲਾਗੂ ਕਰਨ ਵਾਲੇ ਟ੍ਰੈਫਿਕ ਪੁਲਸ ਸੜਕਾਂ ਦੀ ਵਰਤੋਂ ਕਰਨ ਵਾਲੇ ਅਤੇ ਸੜਕਾਂ ’ਤੇ ਰਹਿਣ ਵਾਲੇ ਇਕ ਸਾਥ ਹੱਲ ਮਿਲਾਉਣ। ਪਰ ਅੱਜ ਪੁਲਸ ’ਚ ਟ੍ਰੈਫਿਕ ਹੀ ਸਭ ਤੋਂ ਅਣਗੌਲਿਆ ਵਿਭਾਗ ਹੈ।”

ਸੜਕ ਉਸਾਰੀ ਸੁਰੱਖਿਆ ਤੇ ਰਾਜ ਮਾਰਗਾਂ ਦੇ ਆਵਾਜਾਈ ਪ੍ਰਬੰਧ ਦੀ ਜ਼ਿੰਮੇਵਾਰੀ ਕਈ ਏਜੰਸੀਆਂ ’ਚ ਵੰਡੇ ਜਾਣ ਕਰਕੇ ਵੀ ਇਹ ਬੇਲਗਾਮ ਹੁੰਦਾ ਹੈ। ਮੌਜੂਦਾ 70548 ਕਿ. ਮੀ. ਰਾਜ ਮਾਰਗ ਵਿਚੋਂ 42, 469 ਕਿ. ਮੀ. ਜਨਤਕ ਉਸਾਰੀ ਵਿਭਾਗਾਂ ਕੋਲ ਹੈ। 1995-96 ਕਿ. ਮੀ. ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (NHAI) ਪਾਸ ਅਤੇ 3992 ਕਿ. ਮੀ. ਸੀਮਾ ਸੜਕ ਸੰਗਠਨ (BRO) ਕੋਲ 4491 ਕਿ. ਮੀ. ਸੜਕਾਂ ਅਜੇ ਕਿਸੇ ਵੀ ਏਜੰਸੀ ਕੋਲ ਨਹੀਂ ਹਨ। ਕਈ ਕੇਸਾਂ ’ਚ ਦਿਨ ਪ੍ਰਤੀ ਦਿਨ ਹਰਮਨ ਪਿਆਰੀ ਹੋ ਰਹੀ ਬਿਲਡ ਅਪ੍ਰੇਟਰ ਟਰਾਂਸਫਰ (BOT) ਯੋਜਨਾ ਦੇ ਤਹਿਤ ਐਕਸਪ੍ਰੈਸ ਵੇਜ਼ ਅਤੇ ਫਲਾਈਓਵਰ ਨਿੱਜੀ ਨਿਰਮਾਣ ਕੰਪਨੀਆਂ ਵੱਲੋਂ ਚਲਾਏ ਜਾ ਰਹੇ ਹਨ। ਜੋ ਪੈਦਲ ਮੁਸਾਫਰਾਂ ਲਈ ਲੋੜੀਂਦੇ ਪੁਲ ਅਤੇ ਪੈਦਲ ਪਾਰ ਪੱਥ ਵਰਗੀ ਮੌਲਿਕ ਯੋਜਨਾ ਦੀ ਪਾਲਣਾ ਕਰਨ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਦੁਰਘਟਨਾ ਦੇ ਸੌਖੇ ਸ਼ਿਕਾਰ ਬਣ ਜਾਣ ਵਾਲੇ (ਪੈਦਲ ਮੁਸਾਫਰ, ਸਾਈਕਲ ਸਵਾਰ ਤੇ ਦੁਪਈਆ

ਵਾਹਨ ਵਾਲੇ) ਦਾ ਅੰਕੜਾ ਸ਼ਹਿਰਾਂ ਵਿਚ ਸੜਕ ਦੁਰਘਟਨਾ ਨਾਲ ਹੋਣ ਵਾਲੀਆਂ ਮੌਤਾਂ ਦਾ 84 ਫੀਸਦੀ ਹੁੰਦਾ ਹੈ। ਅਤੇ ਰਾਜ ਮਾਰਗ 'ਤੇ 67 ਫੀਸਦੀ ਸੰਸਾਰ ਬੈਂਕ ਨੇ ਭਾਰਤ ਵਿੱਚ ਚਲ ਰਹੇ ਕੁਝ ਸੜਕ ਸੁਰੱਖਿਆ ਪ੍ਰੋਜੈਕਟਾਂ 'ਚ ਸੜਕ ਸੁਰੱਖਿਆ ਨਿਯਮਾਂ ਦੀ ਮੱਠੀ ਪ੍ਰਗਤੀ 'ਤੇ ਚਿੰਤਾ ਜਾਹਰ ਕੀਤੀ ਗਈ ਹੈ। ਸੰਸਾਰ ਬੈਂਕ ਦਾ ਕਹਿਣਾ ਹੈ ਕਿ ਸੁਰੱਖਿਆ ਪ੍ਰਬੰਧ ਲਈ ਕੋਈ ਨਵੇਂ ਨਿਯਮ ਤਿਆਰ ਨਹੀਂ ਕੀਤੇ ਗਏ ਹਨ। ਹਾਲਾਂਕਿ ਇਕਰਾਰ 'ਚ ਸੁਰੱਖਿਆ ਪ੍ਰਬੰਧ ਨਿਗਰਾਨੀ ਤੇ ਇਹਨਾਂ ਮਹੱਤਵਪੂਰਨ ਕਾਰਕਾਂ ਦੇ ਆਧਾਰ 'ਤੇ ਉਸਾਰੀ ਵਾਲੀ ਥਾਂ ਹੈ ਠੇਕੇਦਾਰਾਂ ਦੀ ਰੇਟਿੰਗ ਦੀ ਵਿਵਸਥਾ ਹੈ।

ਜੀ. ਐਸ. ਆਰ. ਆਰ. ਐਸ. ਰਿਪੋਰਟ ਬਹੁਪੱਖੀ ਦ੍ਰਿਸ਼ਟੀਕੋਣ ਦੀ ਲੋੜ 'ਤੇ ਜੋਰ ਦਿੰਦੀ ਹੈ। ਜਿਸ 'ਚ ਸੜਕ ਦੁਰਘਟਨਾ ਨਾਲ ਹੋਣ ਵਾਲੀਆਂ ਮੌਤਾਂ 'ਚ 80 ਫੀਸਦੀ ਪੈਦਲ ਚਲਣ ਵਾਲਿਆਂ ਦੀ ਹੁੰਦੀ ਹੈ ਕਿਉਂਕਿ ਇਹਨਾਂ ਨੂੰ ਸਭ ਤੋਂ ਘੱਟ ਤਰਜੀਹ ਦਿੱਤੀ ਜਾਂਦੀ ਹੈ। "GSRRS ਰਿਪੋਰਟ ਕਹਿੰਦੀ ਹੈ" ਕਈ ਦੇਸ਼ਾਂ ਵਿਚ (ਭਾਰਤ 'ਚ) ਸੜਕ ਉਸਾਰੀ ਦੀ ਯੋਜਨਾ ਮੋਟਰ ਵਾਹਨਾ (ਕਾਰ, ਟਰੱਕ ਆਦਿ) ਦੀ ਤੇਜ ਰਫਤਾਰ ਲਈ ਹੀ ਬਣਾਈਆਂ ਜਾਂਦੀਆਂ ਹਨ। ਜਦਕਿ ਪੈਦਲ ਯਾਤਰੀਆਂ 'ਤੇ ਸਾਈਕਲ ਸਵਾਰਾਂ ਦੀ ਲੋੜ 'ਤੇ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ।" ਇਥੇ ਬੇਘਰ ਲੋਕਾਂ, ਸੜਕਾਂ 'ਤੇ ਸੌਣ ਵਾਲਿਆਂ ਜਿਹਨਾਂ ਦੀ ਗਿਣਤੀ ਖਾਸੀ ਹੈ, ਨੂੰ ਵੀ ਪੈਦਲ ਮੁਸਾਫਰ ਹੀ ਮੰਨਿਆ ਜਾਂਦਾ ਹੈ। 2001 ਦੀ ਜਨਗਣਨਾ ਦਾ ਅਨੁਮਾਨ ਹੈ ਕਿ 7,78599 ਸ਼ਹਿਰੀ ਬੇਘਰ ਲੋਕ ਸੜਕਾਂ 'ਤੇ ਰਹਿੰਦੇ ਹਨ। ਪੈਦਲ ਮੁਸਾਫਰਾਂ ਦੀ ਮੌਤ ਅਤੇ ਸੱਟਾਂ ਦਾ ਸਭ ਤੋਂ ਵੱਡਾ ਕਾਰਨ ਵਾਹਨ ਦੀ ਤੇਜ਼ ਰਫਤਾਰ ਮੰਨਿਆ ਗਿਆ। ਪੈਦਲ ਮੁਸਾਫਰਾਂ ਨੂੰ ਟੱਕਰ ਮਾਰਨ ਜਾਂ ਸੜਕ 'ਤੇ ਸੁੱਤੇ ਲੋਕਾਂ 'ਤੇ ਗੱਡੀ ਚੜ੍ਹਾ ਦੇਣ ਦੇ ਸੰਜੀਵ ਨੰਦਾ ਤੇ ਸਲਮਾਨ ਖਾਨ ਦੇ ਬਹੁਚਰਚਿਤ ਕੇਸ ਇੱਕਾ-ਦੁੱਕਾ ਉਦਾਹਰਣ ਨਹੀਂ ਹਨ, ਅਜਿਹੇ ਕੇਸਾਂ 'ਚ ਹਰ ਸਾਲ 1000 ਪੈਦਲ ਮੁਸਾਫਰ ਮੌਤ ਦੇ ਮੂੰਹ 'ਚ ਸਮਾ ਜਾਂਦੇ ਹਨ। ਭਾਰਤੀ ਸ਼ਹਿਰਾਂ ਵਿੱਚ ਬਾਹਰੀ ਖੇਤਰਾਂ 'ਚ ਆਮ ਤੌਰ 'ਤੇ ਪੈਦਲ ਪਰ ਰਸਤੇ ਪੈਦਲ ਪੁਲ ਪੈਦਲ ਪੱਥ ਜਾਂ ਜੈਬਰਾ ਕਰਾਸਿੰਗ ਨਹੀਂ ਹੁੰਦੇ, ਬੰਗਲੌਰ ਦੀ ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਐਂਡ ਨਿਊਰੋ ਸਾਇੰਸਜ਼ (ਨਿਮਹਾਂਸ) ਦੇ ਇਕ ਅਧਿਐਨ ਮੁਤਾਬਕ ਇਹਨਾਂ ਥਾਵਾਂ 'ਤੇ ਆਵਾਜਾਈ ਨਿਯਮਾਂ ਦੀ ਪਾਲਣਾ ਮੁਕਾਬਲਤਨ ਢਿੱਲੀ ਹੁੰਦੀ ਹੈ। ਪਰ ਸਭ ਤੋਂ ਵੱਡਾ ਹਤਿਆਰ ਸਥਾਨ ਤਾਂ ਕਿਸੇ ਵੱਡੇ ਸ਼ਹਿਰ ਵਿੱਚ ਕਿਸੇ ਅਜਿਹੇ ਸਥਾਨ 'ਤੇ ਖੜ੍ਹੇ ਹੋ ਕੇ ਦੇਖਿਆ ਜਾ ਸਕਦਾ ਹੈ ਜਿਥੋਂ ਉਸ ਸ਼ਹਿਰ ਦੇ ਮੁੱਖ ਭੀੜ ਭੜੱਕੇ ਵਾਲੇ ਰਾਹ ਤੇ ਮਹੱਤਵਪੂਰਨ ਚੌਰਾਹੇ ਦਿਸਣ। ਤੁਹਾਨੂੰ ਉਥੇ ਉਚੀ ਆਵਾਜ਼ 'ਚ ਵਜਦੇ ਹਾਰਨ ਅਤੇ ਮਨੁੱਖਾਂ ਦੇ ਚੀਕਣ ਦੀਆਂ ਕੰਨ ਪਾਊ ਆਵਾਜ਼ਾਂ ਸੁਣਾਈ ਦੇਣਗੇ ਜਿਥੇ ਤੇਜ ਤੇ ਮੱਠੀ ਰਫਤਾਰ ਨਾਲ ਚਲਦਾ ਟ੍ਰੈਫਿਕ ਸੜਕ ਤੇ ਆਪਣੀ ਜਗਾਹ ਲੈਣ ਨੂੰ ਸੰਘਰਸ਼ ਕਰਦਾ ਨਜ਼ਰ ਆਉਂਦਾ ਹੈ ਕਿਉਂਕਿ ਸੜਕਾਂ 'ਤੇ ਉਸ ਲਈ ਕੋਈ ਵੰਡ ਨਹੀਂ ਹੁੰਦੀ। ਇਹਨਾਂ ਸੜਕਾਂ 'ਤੇ ਪੈਦਲ ਯਾਤਰੀ ਸਾਈਕਲ ਸਵਾਰ ਬੈਲਗੱਡੀ ਟ੍ਰੈਕਟਰ ਤੇ ਦੁਪਹੀਆ ਵਾਹਨ ਵੱਖ ਵੱਖ ਰਫਤਾਰ ਨਾਲ ਚਲਦੀਆਂ ਕਾਰਾਂ, ਟਰੱਕਾਂ ਤੇ ਬੱਸਾਂ ਨਾਲ ਦੌੜ ਲਾਉਂਦੇ ਦਿਸਦੇ ਹਨ। ਕਈ ਵਾਹਨਾਂ ਦਾ ਤਾਂ ਰੱਖ ਰਖਾਅ ਹੀ ਬਹੁਤ ਘਟੀਆ ਹੁੰਦਾ ਹੈ ਸਿੱਟੇ ਵਜੋਂ ਖਰਾਬ ਗੱਡੀਆਂ ਕਰਕੇ ਟ੍ਰੈਫਿਕ ਰੁਕ ਜਾਣਾ ਜਾਣਾ ਜਾਂ ਦੁਰਘਟਨਾ ਹੋ ਜਾਣੀ ਹੁੰਦੀ ਹੈ। ਦੂਸਰਾ ਮੁੱਦਾ ਇਹ ਹੈ ਕਿ ਐਕਸਪ੍ਰੈਸ ਦੇ ਤੇ ਫਲਾਈਵੇਜ ਦਾ

ਮਕਸਦ ਜਿਥੇ ਆਵਾਜਾਈ ਨੂੰ ਤੇਜ ਰਫਤਾਰ ਦੇਣੀ ਹੁੰਦੀ ਹੈ ਜਾਂ ਸਮਰੱਥਾ ਤੋਂ ਵੱਧ ਭਾਰ ਢੋਹਣ ਵਾਲੇ ਟਰੱਕ, ਟੈਪੂ ਤੇ ਟ੍ਰੈਕਟਰਾਂ ਵਰਗੇ ਮੱਠੀ ਰਫਤਾਰ ਵਾਲੇ ਵਾਹਨਾਂ ਲਈ ਉਹਨਾਂ 'ਤੇ ਕੋਈ ਵਿਵਸਥਾ ਨਹੀਂ ਹੁੰਦੀ। GSRRS ਨੇ ਭਾਰਤ 'ਚ ਵੱਖਰੇ ਵਾਹਨਾ ਲਈ ਵੱਖਰੀ ਥਾਂ ਬਣਾਉਣ ਪ੍ਰੋਜੈਕਟ ਦਾ ਵਿਸ਼ੇਸ਼ ਤੌਰ 'ਤੇ ਜਿਕਰ ਕੀਤਾ ਹੈ। ਦਿੱਲੀ ਦੀ ਬਹੁਚਰਚਿਤ ਅਤੇ ਵਾਰ ਵਾਰ ਕੋਸੀ ਜਾ ਚੁੱਕੀ ਬੱਸ ਰੈਪਿਡ ਟਰਾਂਜਿਟ (BRT) ਕੋਰੀ ਡੋਰ ਪ੍ਰੋਜੈਕਟ ਲਗਭਗ ਇਕ ਸਾਲ ਤੋਂ ਹੋਂਦ ਵਿੱਚ ਹੈ ਅਤੇ ਹੁਣ ਤਕ ਇਸ 'ਚ ਕਿਸੇ ਮੋਟਰ ਸਾਈਕਲ ਜਾਂ ਸਾਈਕਲ ਦੁਰਘਟਨਾ ਦੀ ਖਬਰ ਨਹੀਂ ਆਈ ਹੈ। ਪਰ ਐਕਸ ਪ੍ਰੈਸਵੇਜ 'ਤੇ ਮਿਲੀ ਜੁਲੀ ਰਫਤਾਰ ਵਾਲੀ ਦੀ ਵਜਾਹ ਕਾਰਨ ਦੁਰਘਟਨਾਵਾਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ। ਨੋਇਡਾ-ਗ੍ਰੇਟਰ ਨੋਇਡਾ ਐਕਸਪ੍ਰੈਸ 'ਤੇ ਹੋਈ ਵੱਡੀ ਦੁਰਘਟਨਾ 'ਚ ਸੱਤ ਲੋਕਾਂ ਦੀ ਮੌਤ ਹੋ ਗਈ। ਇਹਨਾਂ 'ਚ ਤਿੰਨ ਪੁਲਸ ਕਰਮਚਾਰੀ ਵੀ ਸ਼ਾਮਲ ਹਨ। ਸਮਰੱਥਾ ਤੋਂ ਵੱਧ ਵਜਨ ਲੈ ਜਾ ਰਹੀ ਟ੍ਰੈਕਟਰ ਟ੍ਰਾਲੀ ਦਾ ਇਕ ਪਹੀਆ ਨਿਕਲਣ ਨਾਲ ਹੋਈ ਦੁਰਘਟਨਾ ਦੇ ਪੀੜਤਾਂ ਨੂੰ ਬਚਾਉਣ ਦੀ ਕੋਸ਼ਿਸ਼ 'ਚ ਉਹਨਾਂ ਤਿੰਨ ਪੁਲਸ ਕਰਮਚਾਰੀਆਂ ਨੂੰ ਜਾਨ ਗੁਆਉਣੀ ਪਈ।

ਪਰ ਆਵਾਜਾਈ ਨਿਯਮਾਂ ਦਾ ਬਿਲਕੁਲ ਹੀ ਪਾਲਣਾ ਨਾ ਹੋਣਾ ਅੰਨੇਵਾਹ ਡ੍ਰਾਈਵਿੰਗ ਅਤੇ ਡਰਾਈਵਰ ਦੀਆਂ ਬਰੀਕੀਆਂ 'ਚ ਧਿਆਨ ਨਾ ਦੇਣ ਕਰਕੇ ਜ਼ਿਆਦਾਤਰ ਦੁਰਘਟਨਾ ਮੌਤਾਂ ਹੁੰਦੀਆਂ ਹਨ। ਲਗਭਗ 80 ਫੀਸਦੀ ਸੜਕ ਦੁਰਘਟਨਾਵਾਂ ਸੜਕ ਵਰਤੋਂ ਕਰਨ ਵਾਲਿਆਂ ਦੇ ਗਲਤ ਵਿਹਾਰ ਦੇ ਕਾਰਨ ਹੁੰਦੀ ਹੈ। ਉਹ ਪੁੱਛਦੇ ਹਨ," ਜਦ ਤਕ ਅਸੀਂ ਸੜਕ ਵਰਤੋਂ ਕਰਨ ਵਾਲਿਆਂ ਨੂੰ ਲੋੜੀਂਦੇ ਸਿਗਨਲਾਂ ਟ੍ਰੈਫਿਕ ਲਾਈਟਾਂ ਜੈਬ੍ਰਾਂ ਕਰਾਂਸਿੰਗ ਰਾਹੀਂ ਪ੍ਰਸੰਗਿਕ ਜਾਣਕਾਰੀ ਨਹੀਂ ਦਿੰਦੇ ਅਤੇ ਲੋਕਾਂ ਨੂੰ ਠੀਕ ਤਰ੍ਹਾਂ ਡ੍ਰਾਈਵਿੰਗ ਲਈ ਸਿਖਲਾਈ ਨਹੀਂ ਦਿੰਦੇ, ਤਦ ਤਕ ਕੋਈ ਨਿਸਮ ਨਹੀਂ ਬਣ ਸਕੇਗਾ। ਜਦ ਸੜਕ 'ਤੇ ਅਲੱਗ ਵਾਹਨਾਂ ਲਈ ਲੇਨ ਨਹੀਂ ਬਣਾਈ ਜਾਂਦੀ ਤਾਂ ਆਪ ਅਨੁਸਾਸ਼ਨ ਕਿਵੇਂ ਲਾਗੂ ਕਰ ਸਕਦੇ ਹੋ? ਉਹ ਇਹ ਵੀ ਜੋੜਦੇ ਹਨ ਕਿ ਬੱਸ ਸਟੈਂਡਾਂ ਦਾ ਗਲਤ ਡਿਜਾਈਨ ਅਤੇ ਗਲਤ ਥਾਂ ਬਣਾਇਆ ਜਾਣਾ ਸੜਕ ਦੁਰਘਟਨਾ ਦਾ ਵੱਡਾ ਕਾਰਨ ਹੈ। ਸੋ ਹੈਰਾਨੀ ਦੀ ਗੱਲ ਨਹੀਂ ਕਿ ਜਿਹਨਾਂ ਸ਼ਹਿਰਾਂ 'ਚ ਵੱਧ ਤੋਂ ਵੱਧ ਸੜਕ ਦੁਰਘਟਨਾ ਮੌਤਾਂ ਹੁੰਦੀਆਂ ਹਨ, ਉਹ ਉਹੀ ਹਨ ਜਿਥੇ ਸੜਕਾਂ 'ਤੇ ਹਮਲੇ ਦਾ ਕੇਸ ਬਹੁਤ ਵੱਧ ਹੁੰਦੇ ਹਨ, ਇਸ ਤਰ੍ਹਾਂ ਸ਼ਹਿਰੀ ਤਣਾਅ ਤੇ ਦਬਾਅ ਅਤੇ ਘਟੀਆ ਆਵਾਜਾਈ ਪ੍ਰਬੰਧ 'ਚ ਸਿੱਧਾ ਸਬੰਧ ਨਜ਼ਰ ਆਉਂਦਾ ਹੈ। ਮਾਨਸਿਕ ਸਿਹਤ ਦੇ ਲਈ ਸਵੈਚਤਨ ਸੁਸਾਇਟੀ ਦੇ ਪ੍ਰਧਾਨ ਅਤੇ ਅਪਰਾਧਿਕ ਮਨੋਵਿਗਿਆਨ ਰਜਤ ਮਿਸ਼ਰਾ ਕਹਿੰਦੇ ਹਨ "ਬਹੁਤ ਸਾਰੇ ਲੋਕ ਬਹੁਤ ਹਮਲਾਵਰਤਾ ਦੇ ਨਾਲ ਡ੍ਰਾਈਵਿੰਗ ਕਰਦੇ ਹਨ। ਖਤਰਨਾਕ ਡਰਾਈਵਿੰਗ ਦੇ ਸਿੱਟਿਆਂ ਦਾ ਉਹਨਾਂ ਨੂੰ ਭੋਰਾ ਵੀ ਡਰ ਨਹੀਂ ਹੁੰਦਾ" ਕਿਸੇ ਤਰ੍ਹਾਂ ਦਾ ਡਰ ਨਾ ਹੋਣਾ ਵੀ ਸਿੱਧੇ ਹੀ ਕਮਜ਼ੋਰ ਕਾਨੂੰਨ ਪਾਬੰਦੀਆਂ ਦੀ ਕਮੀ ਅਤੇ ਨਿਯਮ ਕਾਇਦੇ ਕਾਨੂੰਨਾਂ ਦੇ ਕਮਜ਼ੋਰ ਅਮਲ ਨਾਲ ਜੁੜਿਆ ਹੈ। ਭਾਰਤ 'ਚ ਮੋਟਰ ਸਾਈਕਲਾਂ ਦੀ ਤੇਜ਼ ਰਫਤਾਰ ਅਤੇ ਚਾਲਕ ਦਾ ਹੈਲਮੈਟ ਨਾ ਪਹਿਨਣਾ ਆਮ ਗੱਲ ਹੈ। ਜ਼ਿਆਦਾਤਰ ਦੇਸ਼ਾਂ 'ਚ ਇਹ ਇਕ ਗੰਭੀਰ ਅਪਰਾਧ ਹੈ। ਵਿਦੇਸ਼ਾਂ 'ਚ ਡਰਾਈਵਿੰਗ ਦੇ ਮਾਮਲੇ 'ਚ ਇਕ ਤੋਂ ਵੱਧ ਅਪਰਾਧ ਡਰਾਈਵਿੰਗ ਰੱਦ ਹੋਣ ਦੀ ਵਜਾਹ ਬਣ ਸਕਦਾ ਹੈ ਪਰ ਭਾਰਤ 'ਚ ਅਜਿਹੀਆਂ ਪਾਬੰਦੀਆਂ ਮੌਜੂਦ

ਨਹੀਂ ਹਨ। ਸੰਦੀਪ ਨੰਦਾ ਦਾ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਅਪਰਾਧ ’ਚ ਜੇਹਲ ਦੀ ਸਜਾ ਹੋਈ ਕਿਉਂਕਿ ਉਹਨਾਂ ਦਾ ਮਾਮਲਾ ਮੀਡੀਆ ’ਚ ਚਰਚਿਤ ਹੋ ਗਿਆ ਸੀ ਅਤੇ ਉਹ ਖੁਸ਼ਹਾਲ ਪਰਿਵਾਰ ਨਾਲ ਸਬੰਧ ਰੱਖਦੇ ਸਨ। ਬਹੁਤੇ ਕੇਸਾਂ ’ਚ ਪੀੜਤਾਂ ਨੂੰ ਪੈਸਾ ਦੇ ਕੇ ਮਾਮਲਾ ਸੁਲਝ ਜਾਂਦਾ ਹੈ ਜੋ ਕਿ ਅਕਸਰ ਹੀ ਗਰੀਬ ਹੁੰਦੇ ਹਨ। ਇਹ ਗੈਰ ਰਵਾਇਤੀ ਤੇ ਅਦਾਲਤ ਤੋਂ ਬਾਹਰ ਹੋਇਆ ਸਮਝੌਤਾ ਅਕਸਰ ਪੁਲਸ ਦਾ ਕਰਵਾਇਆ ਹੁੰਦਾ ਹੈ ਬਦਲੇ ’ਚ ਉਹਨਾਂ ਨੂੰ ਵੀ ਕਮਿਸ਼ਨ ਮਿਲ ਜਾਂਦਾ ਹੈ। ਮੋਟਰ ਵਾਹਨ ਕਾਨੂੰਨ 1998 ਦੇ ਤਹਿਤ ਹੁਣ ਵੀ ਸ਼ਰਾਬ ਪੀ ਕੇ ਗੱਡੀ ਚਲਾਉਣਾ ਅਤੇ ਖਤਰਨਾਕ ਢੰਗ ਨਾਲ ਗੱਡੀ ਚਲਾਉਣਾ ਹੀ ਗੰਭੀਰ ਅਪਰਾਧ ਬਣੇ ਹੋਏ ਹਨ। ਇਹਨਾਂ ’ਚ ਵੀ ਸਜਾ ਮਿਲਣ ਦੀ ਦਰ ਘੱਟ ਹੈ। ਸੁਪਰੀਮ ਕੋਰਟ ਇਸ ਨੂੰ ਬਾਖੂਬੀ ਜਾਣਦੀ ਹੈ। ਮਾਰਚ ’ਚ ਬਸ ਆਟੋਰਿਕਸ਼ਾ ਟਕਰਾਅ ’ਚ ਇਕ 16 ਸਾਲਾਂ ਲੜਕੇ ਦੀ ਮੌਤ ਪਿੱਛੋਂ ਹੇਠਲੀ ਅਦਾਲਤ ਨੇ ਡਰਾਈਵਰ ਨੂੰ ਇਕ ਸਾਲ ਦੀ ਕੈਦ ਅਤੇ 5000 ਰੁਪਏ ਜੁਰਮਾਨੇ ਦੀ ਸਜਾ ਸੁਣਾਈ ਸੀ। ਪਰ ਕਰਨਾਟਕ ਹਾਈਕੋਰਟ ਨੇ ਡਰਾਈਵਰ ਦੀ ਅਪੀਲ ਮਨ ਲਈ ਅਤੇ ਉਸ ਦੀ ਜੇਹਲ ਦੀ ਸਜਾ ਰੱਦ ਕਰਨ ਬਦਲੇ ਉਸ ’ਤੇ ਲਾਏ ਗਏ ਜੁਰਮਾਨੇ ਦੀ ਰਕਮ ਵਧਾ ਦਿੱਤੀ। ਸੁਪਰੀਮ ਕੋਰਟ ਦੀ ਖੰਡਪੀਠ ਨੂੰ ਇਸ ਮਾਮਲੇ ’ਚ ਦਖਲ ਦੇਣਾ ਪਿਆ। ਉਸ ਨੇ ਹਾਈਕੋਰਟ ਦੇ ਹੁਕਮ ਨੂੰ ਰੱਦ ਕਰਦਿਆਂ ਕਿਹਾ “ਸਜ਼ਾ ਘੱਟ ਕਰਕੇ ਉਦਾਰ ਦ੍ਰਿਸ਼ਟੀਕੋਣ ਦੀ ਉਦਾਹਰਣ ਜਾਂ ਹਮਦਰਦੀ ਭਰਿਆ ਨਜ਼ਰੀਆ ਲੰਬੇ ਅਰਸੇ ਸਮਾਜਿਕ ਹਿੱਤ ਨੂੰ ਨੁਕਸਾਨ ਪਹੁੰਚਾਣ ਵਾਲਾ ਹੁੰਦਾ ਹੈ। ਇਸ ਨੂੰ ਸਜਾ ਵਿਵਸਥਾ ’ਚ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ।” ਅੱਗ ’ਚ ਘਿਓ ਦਾ ਕੰਮ ਕਰ ਰਹੀ ਹੈ, ਲਚਰ ਤੇ ਭ੍ਰਿਸ਼ਟ ਲਾਇਸੰਸ ਪ੍ਰਬੰਦ ਜੋ ਸਪੱਸ਼ਟ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਹੈ। ਕਿ ਆਪ ਆਵਾਜਾਈ ਨਿਯਮਾਂ ਨੂੰ ਜਾਣੇ ਬਿਨਾ ਕਾਰ ਚਲਾ ਸਕਦੇ ਹੋ। ਅਸਲੀਅਤ ਇਹ ਹੈ ਕਿ ਡਰਾਈਵਿੰਗ ਲਾਇਸੰਸ ਤਾਂ ਕਿਸੇ ਦੀ ਹੱਤਿਆ ਕਰਨ ਦਾ ਲਾਇਸੰਸ ਸਮਝੇ ਜਾਂਦੇ ਹਨ। ਖਾਸ ਕਰਕੇ ਉਤਰ ਪ੍ਰਦੇਸ਼ ਬਿਹਾਰ ਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ’ਚ ਇਥੇ ਤਾਲਾਇਸੰਸ ਅਥਾਰਟੀ ਕੋਲ ਜਾਣ ਦੀ ਵੀ ਲੋੜ ਨਹੀਂ ਹੈ। ਵਿਚੋਲੇ ਹੀ ਇਹ ਕੰਮ ਕਰ ਦਿੰਦੇ ਹਨ।

ਦਿੱਲੀ ਦੀ ਭ੍ਰਿਸ਼ਟਾਚਾਰ ਸਾਖਾ ਦੇ ਛਾਪਿਆਂ ਤੋਂ ਇਸ ਵਿਵਸਥਾ ’ਚ ਵਿਆਪਕ ਭਰਿਸ਼ਟਾਚਾਰ ਦਾ ਖੁਲਾਸਾ ਹੋਇਆ ਹੈ। ਜੋ ਲੋਕਾਂ ਨੂੰ ਲੋੜੀਂਦੀ ਡਰਾਈਵਿੰਗ ਸਿਖਲਾਈ ਤੋਂ ਬਿਨਾਂ ਹੀ ਲਾਇਸੰਸ ਹਾਸਲ ਕਰਨ ਦੀ ਇਜਾਜਤ ਦਿੰਦੀ ਹੈ। ਕਈ ਅਖੌਤੀ ਡਰਾਈਵਿੰਗ ਸਕੂਲ ਵੀ ਲਾਇਸੰਸ ਦਿਵਾਉਣ ਵਾਲੇ ਵਿਚੋਲਿਆਂ ਦੀ ਭੂਮਿਕਾ ਨਿਭਾਉਂਦੇ ਹਨ, ਇਹ ਲੋੜੀਂਦੀ ਜਾਂਚ ਬਿਨਾਂ ਹੀ ਲਾਇਸੰਸ ਦਵਾ ਦਿੰਦੇ ਹਨ। ਜਨਤਕ ਆਵਾਜਾਈ ਦਾ ਵੀ ਸੜਕ ਦੁਰਘਟਨਾਵਾਂ ਨਾਲ ਹੋਣ ਵਾਲੀ ਮੌਤਾਂ ’ਚ ਖਾਸਾ ਯੋਗਦਾਨ ਹੈ। ਇਸ ਤੋਂ ਇਲਾਵਾ ਨੀਂਦ ਦੀ ਘਾਟ ਤੇ ਨੀਂਦ ਦੀ ਉਲਟੀ ਆਦਤ ਵੀ ਇਕ ਸਮੱਸਿਆ ਬਣ ਕੇ ਸਾਹਮਣੇ ਆਈ ਹੈ। ਏਮਜ ਨੇ ਹਾਲ ਹੀ ’ਚ ਇਕ ਅਧਿਐਨ ’ਚ ਸਿੱਟਾ ਕੱਢਿਆ ਹੈ ਕਿ 60 ਫੀਸਦੀ ਦੁਰਘਟਨਾਵਾਂ ਪੇਸ਼ੇਵਰ ਡਰਾਈਵਰਾਂ ਦੀ ਘੱਟ ਨੀਂਦ ਜਾਂ ਬੁਰੀ ਤੇ ਬੇਹਿਸਾਬੀ ਨੀਂਦ ਦੀ ਵਜਾਹ ਕਾਰਨ ਹੁੰਦੀਆਂ ਹਨ। ਟਰੱਕ ਤੇ ਲੰਮੀ ਦੂਰੀ ਦੇ ਬੱਸ ਡਰਾਈਵਰ ਸਭ ਤੋਂ ਵੱਡੇ ਦੋਸ਼ੀ ਹਨ। ਅਸਲ ’ਚ ਭਾਰਤ ’ਚ ਮੌਤ ਦੇ ਫੰਦੇ ਸਮਝੇ ਜਾਣ ਵਾਲੀਆਂ ਕੁਝ ਥਾਵਾਂ ਹਨ। ਦਿੱਲੀ, ਜੈਪੁਰ, ਐਕਸਪੈਸ ਦੇ (ਜਿਥੇ ਪ੍ਰਿਅੰਕਾ

ਗਾਂਧੀ ਦੀ ਨਕਦ ਮਿਸ਼ੇਲ ਵਾਡਾਦੀ 2007 'ਚ ਮੌਤ ਹੋਈ ਸੀ) ਗੁੜਗਾਵਾਂ ਐਕਸਪ੍ਰੈਸ ਵੇ ਮੁੰਬਈ ਪੂਣੇ ਐਕਸਪ੍ਰੈਸ ਵੇ, ਗੁਜਰਾਤ 'ਚ ਅਹਿਮਾਦਾਬਾਦ ਐਕਸਪ੍ਰੈਸ ਵੇ ਅਤੇ ਬੰਗਲੌਰ ਮੈਸੂਰ ਇੰਫਰਾਸਟਰਕਚਰ ਕੋਰੀ ਡੋਰੀ ਦੁਰਘਟਨਾਵਾਂ ਨਾਲ ਹੋਣ ਵਾਲੀਆਂ ਮੌਤਾਂ ਲਈ ਹੋਰ ਕਾਰਕ ਵੀ ਜ਼ਿੰਮੇਵਾਰ ਹਨ। ਸਮੇਂ ਸਿਰ ਡਾਕਟਰੀ ਸਹਾਇਤਾ ਨਾਲ ਮਿਲ ਸਕਣੀ ਅਤੇ ਹਸਪਤਾਲ ਨਾ ਪਹੁੰਚ ਸਕਣ। ਇਸ ਦੀ ਇਕ ਮਰਮਸਪਰਸ਼ੀ ਮਿਸਾਲ ਹੈ। 19 ਸਾਲਾ ਹੋਟਲ ਮੈਨੇਜਮੈਂਟ ਵਿਦਿਆਰਥੀ ਰਾਹੁਲ ਆਨੰਦ ਦੀ ਮੌਤ ਇਸ ਸਾਲ ਮਾਰਚ ਦੇ ਮਹੀਨੇ 'ਚ ਉਸ ਲੜਕੇ ਨੇ ਦਿੱਲੀ ਗੁੜਗਾਓਂ ਐਕਸਪ੍ਰੈਸ ਵੇ 'ਤੇ ਖੜ੍ਹੇ ਇਕ ਪਾਣੀ ਟੈਂਕਰ ਨਾਲ ਆਪਣੀ ਗੱਡੀ ਮਾਰ ਲਈ ਜਦ ਉਹ ਸੜਕ 'ਤੇ ਦੌੜਦੇ ਇਕ ਪੈਦਲ ਮੁਸਾਫਰ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਗਲੇ 45 ਮਿੰਟ ਤਕ ਉਸ ਨੂੰ ਡਾਕਟਰੀ ਸਹਾਇਤਾ ਨਹੀਂ ਮਿਲ ਸਕੀ, ਜਦ ਮਿਲੀ ਤਾਂ ਬਹੁਤ ਦੇਰ ਹੋ ਚੁੱਕੀ ਸੀ। ਜੇ ਪੈਦਲ ਮੁਸਾਫਰਾਂ ਲਈ ਸੁਰੱਖਿਆ ਰਸਤਾ ਹੁੰਦਾ ਅਤੇ ਐਂਬੂਲੈਂਸ ਸੇਵਾ ਸਹੀ ਸਮੇਂ 'ਤੇ ਮਿਲ ਜਾਂਦੀ ਤਾਂ ਉਹ ਵਿਦਿਆਰਥੀ ਅੱਜ ਜੀਵਤ ਹੁੰਦਾ। ਉਸ ਦੇ ਮਾਪਿਆਂ ਨੇ NHI ਅਤੇ ਐਕਸਪ੍ਰੈਸ ਵੇ ਆਪ੍ਰੇਟਰ 'ਤੇ ਪਰਚਾ ਦਰਜ ਕੀਤਾ ਹੈ ਜੇ ਜਖਮੀਆਂ ਨੂੰ ਸਹੀ ਸਮੇਂ ਸਿਰ ਮੁਢਲੀ ਡਾਕਟਰੀ ਸਹਾਇਤਾ ਮਿਲ ਜਾਂਦੀ ਤੇ ਉਹਨਾਂ ਨੂੰ ਫੌਰਨ ਹਸਪਤਾਲ ਪਹੁੰਚਾ ਦਿੱਤਾ ਜਾਂਦਾ ਤਾਂ ਮੌਤ ਦੇ ਅੰਕੜਿਆਂ 'ਚ ਭਾਰੀ ਕਮੀ ਆ ਸਕਦੀ ਹੈ। ਇਕ ਸੜਕ ਦੁਰਘਟਨਾ ਦੇ ਸ਼ਿਕਾਰ ਇਕ ਬੰਦੇ ਨੂੰ 9 ਘੰਟਿਆਂ ਬਾਅਦ ਟ੍ਰੋਮ ਸੈਂਟਰ ਪਹੁੰਚਾਇਆ ਗਿਆ ਸੀ। ਇਥੋਂ ਤਕ ਕਿ ਰਾਜਧਾਨੀ 'ਚ ਵੀ ਸੜਕ ਦੁਰਘਟਨਾਵਾਂ ਲਈ ਸਿਰਫ 35 ਐਂਬੂਲੈਂਸ ਹੀ ਹਨ।

ਫਿਰ ਇਹ ਤੱਥ ਵੀ ਹੈ ਕਿ ਜ਼ਿਆਦਾਤਰ ਭਾਰਤੀ ਸੜਕ ਦੁਰਘਟਨਾ ਮਾਮਲਿਆਂ 'ਚ ਪੈਣ ਤੋਂ ਝਿਜਕਦੇ ਹਨ। ਇਕ ਵਜਾਹ ਇਹ ਵੀ ਹੋ ਸਕਦੀ ਹੈ ਕਿ ਉਹਨਾਂ ਨੂੰ ਪੁਲਸ ਮਾਮਲੇ 'ਚ ਗਵਾਹ ਬਣਨਾ ਪੈਂਦਾ ਹੈ। ਤਾਂ ਦੂਜੇ ਸਾਡੇ ਮਨ-ਮਸਤਕ ਨੂੰ ਅਜਨਬੀਆਂ ਦੀ ਮਦਦ ਲਈ ਤਿਆਰ ਹੀ ਨਹੀਂ ਕੀਤਾ ਜਾਂਦਾ। ਐਂਬੂਲੈਂਸ ਸੇਵਾ ਸੜਕ ਦੁਰਘਟਨਾਵਾਂ ਨੂੰ ਰੋਕਣਾ ਸਭ ਤੋਂ ਜ਼ਰੂਰੀ ਹੈ ਪਰ ਦੁਰਘਟਨਾ ਪਿੱਛੋਂ ਜਖਮੀ ਦਾ ਇਲਾਜ ਉਸ ਤੋਂ ਵੀ ਜ਼ਰੂਰੀ ਹੈ। ਪਰ ਮੋਟਰ ਵਾਹਨ ਮੁੱਦਿਆਂ 'ਚ ਅਕਸਰ ਇਸ ਦੀ ਅਣਦੇਖੀ ਕੀਤੀ ਜਾਂਦੀ ਹੈ। ਭਾਰਤ 'ਚ ਇਸ ਨੂੰ ਸਮੂਹਕ ਜਿੰਮੇਵਾਰੀ ਨਹੀਂ ਮੰਨਿਆ ਜਾਂਦਾ। ਨਾ ਹੀ ਮਹੱਤਵ ਦਿੱਤਾ ਜਾਂਦਾ ਹੈ। ਭਾਰਤ 'ਚ ਸੁਰੱਖਿਆ ਨਾਲ ਜੁੜੇ ਦੂਜੇ ਮੁੱਦੇ ਵਾਂਗੂੰ ਸੜਕ ਸੁਰੱਖਿਆ ਨੂੰ ਤਰਜੀਹ ਨਹੀਂ ਦਿੱਤੀ ਗਈ। ਅਸੀਂ ਦੂਜਿਆਂ ਦੀ ਮਦਦ ਲਈ ਕਾਨੂੰਨ ਨਹੀਂ ਬਣਾਏ। ਜੋ ਭਾਰਤੀਆਂ ਦੇ ਮਾਨਸ ਨੂੰ ਇਕ ਸੜਕ ਆਵਜਾਈ ਦੁਰਘਟਨਾ 'ਚ ਦਖਲਅੰਦਾਜ਼ੀ ਲਈ ਤਿਆਰ ਕਰ ਸਕੇ। ਇਸ ਤੋਂ ਵੀ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਅਸੀਂ ਸੜਕ 'ਤੇ ਚਲਣ ਵਾਲੇ ਦੂਜੇ ਮੁਸਾਫਰਾਂ ਦੇ ਦਰਦ ਪ੍ਰਤੀ ਬੇਹੱਦ ਉਦਾਸੀਨ ਹਾਂ। ਮਹੱਤਵਪੂਰਨ ਗੱਲ ਇਹ ਵੀ ਹੈ ਕਿ ਸਾਡੀਆਂ ਸੜਕਾਂ 'ਤੇ ਆਵਾਜਾਈ ਬਹੁਤ ਹੈ। ਜਿਨ੍ਹਾਂ ਨੂੰ ਬਿਨਾਂ ਕਿਸੇ ਦੂਰਦਰਸ਼ਿਤਾ ਦੇ ਜਾਂ ਭਵਿੱਖ 'ਚ ਆਵਾਜਾਈ ਦੇ ਵਿਸਥਾਰ ਨੂੰ ਧਿਆਨ 'ਚ ਰੱਖਕੇ ਨਹੀਂ ਬਣਾਇਆ ਗਿਆ। ਭਾਰਤ ਦੀ ਰਾਜਧਾਨੀ ਵਿਚ ਹੀ ਰੋਜ਼ਾਨਾ ਮੌਜੂਦਾ ਆਵਾਜਾਈ 'ਚ ਲਗਭਗ 1000 ਕਾਰਾਂ ਦਾ ਵਾਧਾ ਹੋ ਜਾਂਦਾ ਹੈ। ਭਾਰਤ 'ਚ ਵਾਹਨ ਆਵਾਜਾਈ 'ਤੇ ਹਰ ਸਾਲ 10 ਫੀਸਦੀ ਦਰ ਨਾਲ ਵਾਧਾ ਹੋ ਰਿਹਾ ਹੈ। ਇਸ ਦੇ ਬਾਵਜੂਦ ਸੜਕ ਸੁਰੱਖਿਆ ਤੇ ਆਵਾਜਾਈ ਪ੍ਰਬੰਦ ਲਈ ਜ਼ਿੰਮੇਵਾਰ

ਸਰਕਾਰੀ ਤੇ ਸਥਾਨਕ ਏਜੰਸੀਆਂ ਦੀ ਪ੍ਰਤੀਕਿਰਿਆ ਖਤਰਨਾਕ ਹੋਣ ਦੀ ਹੱਦ ਤੱਕ ਸੁਸਤ ਰਹੀ। 2004 ’ਚ ਸੁੰਦਰ ਕਮੇਟੀ ਵੱਲੋਂ ਸੁਝਾਈ ਗਏ ਕੌਮੀ ਸੜਕ ਸੁਰੱਖਿਆ ’ਤੇ ਆਵਾਜਾਈ ਪ੍ਰਬੰਧ ਬੋਰਡ ਦਾ ਗਠਨ ਪਿਛਲੇ ਹਫਤੇ ਹੋਇਆ ਸੀ ਅਤੇ ਇਸ ਨੂੰ ਆਪਣਾ ਕੰਮ ਸ਼ੁਰੂ ਕਰਨ ’ਚ ਜੇ ਕਈ ਸਾਲ ਨਹੀਂ ਤਾਂ ਹਫਤੇ ਜ਼ਰੂਰ ਲੱਗ ਜਾਣਗੇ। ਕੇਂਦਰ ਸਰਕਾਰ ਦਾ ਰਵੱਈਆ ਤਾਂ ਇਹ ਰਿਹਾ ਹੈ ਕਿ ਸੜਕ ’ਤੇ ਚੱਲਣ ਵਾਲਿਆਂ ਦੀ ਰਾਖੀ ਦੀ ਜ਼ਿੰਮੇਵਾਰੀ ਸਬੰਧਤ ਸੂਬਾ ਸਰਕਾਰ ਦੀ ਹੈ। ਜੋ ਸਾਧਨਾ ਦੀ ਕਮੀ ਕਾਰਨ ਸੜਕ ਸੁਰੱਖਿਆ ਨੂੰ ਇਕ ਘੱਟ ਤਰਜੀਹ ਵਾਲਾ ਕੰਮ ਮੰਨਦੀ ਹੈ। ਸੜਕ ਆਵਾਜਾਈ ਸਿੱਖਿਆ ਅਦਾਰੇ ਤੇ ਭੂਮੰਡਲੀ ਸੜਕ ਸੁਰੱਖਿਆ ਲਈ ਕਮਿਸ਼ਨ ਦੇ ਪਿਛਲੇ ਸਾਲ ਆਯੋਜਿਤ ਸੰਮੇਲਨ ‘ਭਾਰਤ ’ਚ ਸੜਕ ਸੁਰੱਖਿਆ ਨਿਵੇਸ’ ’ਚ ਭਾਰਤ ਦੇ ਸੜਕ ਸੁਰੱਖਿਆ ਦੇ ਰਾਜਸੀ ਤਰਜੀਹੀਕਾਰਨ ਬਾਰੇ ਵਿਸ਼ੇਸ਼ ਸੁਝਾਅ ਦਿੱਤੇ ਗਏ। ਇਹਨਾਂ ’ਚ ਇਕੱਲਾ ਸੜਕ ਸੁਰੱਖਿਆ ਪ੍ਰਸਾਸ਼ਨ ਲਾਗੂ ਕਰਨਾ, ਸੜਕਾਂ ਉਸਾਰੀ ਲਾਗਤ ਦਾ 10 ਫੀਸਦੀ ਨਿਵੇਸ ਅਤੇ ਸੜਕ ਸੁਰੱਖਿਆ ਪ੍ਰਬੰਧ ਦੇ ਲਈ ਰਖ-ਰਖਾਅ ਬਜਟ ਸੰਮੇਲਨ ’ਚ ਸਭ ਪੱਧਰਾਂ ’ਤੇ ਸੜਕਾਂ ਸੁਰੱਖਿਆ ਜਾਗਰੂਕਤਾ ਪ੍ਰਸਾਰ ਡਰਾਈਵਰਾਂ ਦੀ ਸਿਖਲਾਈ ਲਈ ਵਿਵਸਥਾ ਦਾ ਵਿਕਾਸ ਲਾਇਸੰਸ ਹਾਸਲ ਕਰਨ ਦੀ ਸਖਤ ਪ੍ਰੀਕ੍ਰਿਆ ਸੜਕ ਡਿਜਾਈਨਾ ਅਤੇ ਟ੍ਰੈਫਿਕ ਇੰਜਨੀਰਿੰਗ ਪੈਮਾਨਿਆਂ ਨੂੰ ਅਪਡੇਟ ਕਰਦੇ ਰਹਿਣਾ, ਨਵੇਂ ਪੈਮਾਨਿਆਂ ਦਾ ਵਿਕਾਸ ਅਤੇ ਵਿਗਿਆਨਕ ਆਵਾਜਾਈ ਪ੍ਰਬੰਦ ਤੇ ਸੜਕ ਸੁਰੱਖਿਆ ਲੇਖਾ (ਆਡਿਟ) ਲਾਗੂ ਕਰਨਾ। ਬੇਸ਼ੱਕ ਇਹ ਕਾਫੀ ਕਠਿਨ ਹੈ ਪਰ ਜੇ ਭਾਰਤ ਆਪਣੀਆਂ ਹਤਿਆਰੀਆਂ ਸੜਕਾਂ ਨੂੰ ਸੁਰੱਖਿਅਤ ਬਣਾਉਣਾ ਚਾਹੁੰਦਾ ਹੈ ਤਾਂ ਇਹਨਾਂ ਮੁੱਦਿਆਂ ਨੂੰ ਫੌਰਨ ਨਿਪਟਾਉਣਾ ਹੋਵੇਗਾ।

-----✪✪-----

# ਸੁਆਲ ਅੰਦਰੂਨੀ ਸੁਰੱਖਿਆ ਦਾ ਨਹੀਂ

ਅੱਜਕੱਲ ਭਾਰਤ ਸਰਕਾਰ ਲਗਾਤਾਰ ਮੀਡੀਆ 'ਚ ਇਸ ਖਬਰ ਦਾ ਪ੍ਰਚਾਰ ਕਰਵਾ ਰਹੀ ਹੈ ਕਿ ਮਾਓਵਾਦੀ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਬਣ ਗਏ ਹਨ। ਉਹਨਾਂ ਨਾਲ ਸਖਤੀ ਨਾਲ ਨਿਪਟਣ ਲਈ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਅਰਧ ਸੈਨਿਕ ਬਲਾਂ ਨੂੰ ਖਾਸ ਸਿਖਲਾਈ ਦੇ ਕੇ ਨਕਸਲ ਪ੍ਰਭਾਵਿਤ ਇਲਾਕਿਆਂ 'ਚ ਭੇਜਿਆ ਜਾ ਰਿਹਾ ਹੈ। ਇਹਨਾਂ ਇਲਾਕਿਆਂ 'ਚ ਛਤੀਸਗੜ੍ਹ ਝਾਰਖੰਡ ਤੇ ਉੜੀਸਾ ਦੇ ਲਗਭਗ 45 ਜ਼ਿਲੇ ਸ਼ਾਮਲ ਹਨ। ਇਹਨਾਂ 'ਤੇ ਰੋਜਾਨਾ ਖਰਚ ਕੀਤਾ ਜਾ ਰਿਹਾ ਪੈਸਾ ਇਹਨਾਂ ਤਿੰਨ ਰਾਜਾਂ ਦੇ ਮਹੀਨੇ ਭਰ ਦੇ ਬਜਟ ਤੋਂ ਵੀ ਜ਼ਿਆਦਾ ਹੈ। ਕੀ ਅਸਲ 'ਚ ਮਾਓਵਾਦੀ ਪਿਛਲੇ ਕੁਝ ਮਹੀਨਿਆਂ 'ਚ ਏਨੇ ਸ਼ਕਤੀਸ਼ਾਲੀ ਬਣ ਗਏ ਹਨ ਕਿ ਉਹਨਾਂ ਪ੍ਰਤੀ ਸਰਕਾਰ ਏਨੀ ਚਿੰਤਤ ਹੈ? ਕੀ ਉਹਨਾਂ ਖਿਲਾਫ ਪੂਰੀ ਤਿਆਰੀ ਦੇ ਨਾਲ ਮੈਦਾਨ 'ਚ ਉਤਰ ਪਈ ਹੈ? ਜੇ ਅਸੀਂ ਇਕ ਡੇਟ ਸਾਲ ਦੀਆਂ ਘਟਨਾਵਾਂ ਵੇਖੀਏ ਤਾਂ ਪਾਵਾਂਗੇ ਕਿ ਹਕੀਕਤ ਕੁਝ ਹੋਰ ਹੈ। ਪਿਛਲੇ ਸਾਲ ਅਮਰੀਕਾ ਤੋਂ ਸ਼ੁਰੂ ਹੋਇਆ। ਇਹ ਸਬਪ੍ਰਾਈਮ ਸੰਕਟ ਪੂਰੇ ਸੰਸਾਰ ਨੂੰ ਆਰਥਕ ਮੰਦੀ ਦੀ ਲਪੇਟ 'ਚ ਲੈ ਚੁੱਕਿਆ ਹੈ। ਭਾਰਤ ਵੀ ਇਸ ਤੋਂ ਅਛੂਤ ਨਹੀਂ ਰਿਹਾ ਹੈ। ਇਥੋਂ ਦੀ ਪੂੰਜੀਪਤੀ ਜਮਾਤ ਜੋ ਮੰਦੀ ਤੋਂ ਪਹਿਲਾਂ 8–9 ਫੀਸਦੀ ਦੀ ਦਰ ਨਾਲ ਵਿਕਾਸ ਕਰ ਰਹੀ ਸੀ ਉਸ ਦੀ ਦਰ ਘਟ ਕੇ 6.75 ਫੀਸਦੀ ਰਹਿ ਗਈ ਹੈ। ਆਉਣ ਵਾਲੇ ਸਮੇਂ ਵਿੱਚ ਵੀ ਮੰਦੀ ਟਲਣ ਦੇ ਆਸਾਰ ਨਜ਼ਰ ਨਹੀਂ ਆ ਰਹੇ ਹਨ। ਕਿਉਂਕਿ ਭਾਰਤ ਤੋਂ ਯੂਰਪ ਅਤੇ ਉਤਰੀ ਅਮਰੀਕਾ ਨੂੰ ਹੋਣ ਵਾਲੀ ਬਰਾਮਦ 62 ਫੀਸਦੀ ਹੈ ਅਤੇ ਇਹ ਖੇਤਰ ਮੰਦੇ ਤੋਂ ਵੱਧ ਪ੍ਰਭਾਵਿਤ ਹੈ। ਜੋ ਭਾਰਤ ਦੀ ਪੂੰਜੀਪਤੀ ਜਮਾਤ ਦੇ ਸਾਹਮਣੇ ਆਪਣੇ ਵਿਕਾਸ ਦੀ ਦਰ ਨੂੰ ਬਣਾਈ ਰੱਖਣਾ ਇਕ ਸਮੱਸਿਆ ਵਜੋਂ ਸਾਹਮਣੇ ਆ ਰਿਹਾ ਹੈ।

ਸਰਕਾਰ ਵੱਲੋਂ ਦਿੱਤੀ ਜਾ ਰਹੀ ਹੱਲਾਸ਼ੇਰੀ ਪੈਕੇਜ ਨਾਲ ਇਹ ਸੰਤੁਸ਼ਟ ਨਹੀਂ ਹੈ। ਅਜਿਹੇ 'ਚ ਉਸ ਦੇ ਸਾਹਮਣੇ ਇਕ ਵਿਕਲਪ ਇਹ ਮੌਜੂਦ ਹੈ ਕਿ ਉਹ ਇਥੋਂ ਦੇ ਕੁਦਰਤੀ ਸਾਧਨਾਂ ਦੀ ਲੁੱਟ ਕਰਕੇ ਆਪਣੀ ਵਿਕਾਸ ਦਰ ਨੂੰ ਵਧਾਵੇ ਅਤੇ ਜੇ ਇਹ ਮੰਦੀ ਨਾ ਆਉਂਦੀ ਫਿਰ ਵੀ ਉਸ ਦੀਆਂ ਨਜ਼ਰਾਂ ਇਹਨਾਂ ਅਦਾਰਿਆਂ 'ਤੇ ਪੈ ਜਾਂਦੀਆਂ ਹਨ। ਪਰ ਇਸ ਮੰਦੀ ਨੇ ਇਸ ਸਮੇਂ ਨੂੰ ਜਲਦੀ ਲਾ ਦਿੱਤਾ। ਪਰ ਉਸ ਦੇ ਲਈ ਇਹਨਾਂ ਕੁਦਰਤੀ ਸਾਧਨਾਂ ਦੀ ਲੁੱਟ ਏਨੀ ਆਸਾਨ ਨਹੀਂ ਹੈ ਇਹ ਗੱਲ ਪਿਛੜੇ ਸਮੇਂ ਦੀਆਂ ਕੁਝ ਘਟਨਾਵਾਂ ਤੋਂ ਸਪੱਸ਼ਟ ਹੋ ਗਈ ਸੀ। ਉੜੀਸਾ 'ਚ ਕਲਿੰਗਨਗਰ 'ਚ ਟਾਟਾ ਇਸਪਾਤ ਦੀ ਫੈਕਟਰੀ ਲਾਉਂਦੇ ਸਮੇਂ ਪੁਲਸ ਫਾਇਰਿੰਗ 'ਚ ਆਦੀਵਾਸੀਆਂ ਦੀ ਹੱਤਿਆ ਹੋਵੇ ਜਾਂ ਸਿੰਗੂਰ ਤੇ ਨੰਦੀਗ੍ਰਾਮ ਵਰਗੇ ਮਾਮਲੇ ਹੋਣ। ਇਥੋਂ ਦੀ ਆਦੀਵਾਸੀ ਜਨਤਾ ਏਨੀ ਅਸਾਨੀ ਨਾਲ ਆਪਣੀ ਜੰਗਲ 'ਤੇ ਅਧਾਰ ਰੋਟੀ ਰੋਜ਼ੀ ਨੂੰ ਪੂੰਜੀਪਤੀਆਂ ਨੂੰ ਸੌਂਪਣ ਵਾਲੀ ਨਹੀਂ ਹੈ। ਭਾਰਤ ਦੀ ਪੂੰਜੀਪਤੀ ਜਮਾਤ ਇਸ ਗੱਲ ਨੂੰ ਜਾਣਦੀ ਹੈ ਕਿ ਇਹਨਾਂ ਕੁਦਰਤੀ ਵਸੀਲਿਆਂ 'ਤੇ ਕਬਜੇ ਦੌਰਾਨ ਇਥੋਂ ਦੇ ਸਥਾਨਕ ਨਿਵਾਸੀਆਂ ਨਾਲ ਟਕਰਾਅ ਹੋਵੇਗਾ। ਜਿਹਨਾਂ ਨੂੰ ਮਾਓਵਾਦੀ ਜਥੇਬੰਦ ਕਰ ਰਹੇ ਹਨ। ਅੰਤ ਨੂੰ ਮਾਓਵਾਦ ਦੇ ਨਾਂ 'ਤੇ ਪੂਰੇ ਦੇਸ਼ 'ਚ ਇਕ ਹਊਆ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ

ਜਾ ਰਹੀ ਹੈ। ਤਾਂ ਕਿ ਉਥੋਂ ਦੀ ਜਨਤਾ ਦੀ ਲੁੱਟ ਕਰਦੇ ਸਮੇਂ ਬਾਕੀ ਜਨਤਾ ਦੀ ਤਰਫੋਂ ਵਿਰੋਧੀ ਸੁਰਾਂ ਨਾ ਉਠਣ। ਝਾਰਖੰਡ, ਉੜੀਸਾ, ਛਤੀਸਗੜ੍ਹ ਦੇ ਜੰਗਲਾਂ ਵਿੱਚ ਅਪਾਰ ਧਨ ਜਾਇਦਾਦ ਛੁਪੀ ਹੋਈ ਹੈ ਪਰ ਇੱਥੇ ਸਰਕਾਰੀ ਵਿਕਾਸ ਦੇ ਨਾਂ 'ਤੇ ਸਿਰਫ਼ ਪੁਲਸ-ਪ੍ਰਸ਼ਾਸ਼ਨ ਦਾ ਡੰਡਾ ਹੈ ਜਾਂ ਫਿਰ ਸਰਕਾਰੀ ਬਾਬੂਆਂ ਦਾ ਭ੍ਰਿਸ਼ਟਾਚਾਰ ਇਥੇ ਸਰਕਾਰੀ ਕੰਮ ਦੀ ਮਜ਼ਦੂਰੀ 18 ਤੋਂ 20 ਰੁਪਏ ਤਕ ਦਿੱਤੀ ਜਾਂਦੀ ਹੈ। ਇਥੇ (ਝਾਰਖੰਡ) ਦਾ ਅਬਰਿਕ ਦੁਨੀਆਂ 'ਚ ਸਭ ਤੋਂ ਅੱਛੀ ਕਿਸਮ ਦਾ ਮੰਨਿਆ ਜਾਂਦਾ ਹੈ। ਤਾਂ ਛਤੀਸਗੜ੍ਹ 'ਚ ਬਾਕਸਾਈਟ ਦੀਆਂ ਉਤਮ ਖਾਣਾਂ ਹਨ।

ਹੁਣ ਇਸ ਖਿਣਜ ਜਾਇਦਾਦ 'ਤੇ ਕਿਸ ਦੇਸ਼ ਦੇ ਪੂੰਜੀਪਤੀਆਂ ਲਾਲਸਾ ਨਹੀਂ ਹੋਵੇਗੀ? ਪਰ ਹੁਣ ਇਸ ਬਹਾਨੇ ਮਾਓਵਾਦੀ ਆ ਰਹੇ ਹਨ ਅਤੇ ਉਹਨਾਂ ਨਾਲ ਨਿਪਟਣ ਲਈ ਜੋ ਖਰਚ ਸਤੰਬਰ ਤੋਂ ਦਸੰਬਰ ਤਕ ਹੋਵੇਗਾ। ਉਸ ਦਾ ਅਨੁਮਾਨ 20-25 ਹਜ਼ਾਰ ਕਰੋੜ ਆਵੇਗਾ। ਪਰ ਇਸ ਪਿਛੋਂ ਇਥੇ ਜੋ ਖਜਾਨਾ ਹੱਥ ਲੱਗੇਗਾ ਉਸ ਦੀ ਕੀਮਤ ਘਰੇਲੂ ਬਾਜ਼ਾਰ 'ਚ 50 ਲੱਖ ਕਰੋੜ ਰੁਪਏ ਬਣਦੀ ਹੈ ਜਦ ਕਿ ਕੌਮਾਂਤਰੀ ਬਾਜ਼ਾਰ ਵਿੱਚ ਤਾਂ ਉਸ ਦੀ ਕੀ ਅੰਤ ਹੋਰ ਵੱਧ ਹੋਵੇਗੀ ਕਿਉਂਕਿ ਘਰੇਲੂ ਬਾਜਾਰ 'ਚ ਕੀਮਤ 20 ਗੁਣਾ ਘੱਟ ਹੈ। ਇਸ ਖਣਿਜ ਜਾਇਦਾਦ ਰਾਹੀਂ ਪੂੰਜੀਪਤੀ ਆਪਣੀ ਮੰਦੀ ਨੂੰ ਖਤਮ ਕਰਨਾ ਚਾਹੁੰਦੇ ਹਨ। ਆਪਣੇ ਬਾਜ਼ਾਰ 'ਚ ਰਫਤਾਰ ਵਧਾਉਣਾ ਚਾਹੁੰਦੇ ਹਨ। ਪੂੰਜੀਪਤੀਆਂ ਦੀ ਸਰਕਾਰ ਉਹਨਾਂ ਦੇ ਨਾਲ ਖੜ੍ਹੀ ਹੈ। ਉਹ ਇਥੇ ਸਸਤੀ ਕਿਰਤ ਤੇ ਖਣਿਜ ਜਾਇਦਾਦ ਨੂੰ ਲੁੱਟਣ ਲਈ ਕਰਮ ਕਸ ਕੇ ਖੜ੍ਹੀ ਹੈ।

ਅਜਿਹੀ ਹਾਲਤ 'ਚ ਭਾਰਤੀ ਮੇਹਨਤਕਸ਼ ਜਨਤਾ ਨੂੰ ਇਹ ਸਪੱਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਮਾਓਵਾਦ ਦੇ ਨਾਂ 'ਤੇ ਹਾਕਮ ਜਮਾਤਾਂ ਵੱਲੋਂ ਜੋ ਪੂਰੇ ਦੇਸ਼ 'ਚ ਭੈਅ ਦਾ ਵਾਤਾਵਰਣ ਤਿਆਰ ਕੀਤਾ ਜਾ ਰਿਹਾ ਹੈ। ਉਹ ਦਰਅਸਲ ਅੰਦਰੂਨੀ ਸੁਰੱਖਿਆ ਨਾਲ ਨਾ ਜੁੜਿਆ ਹੋ ਕੇ ਖਣਿਜ ਜਾਇਦਾਦ ਦੀ ਲੁੱਟ ਨਾਲ ਜੁੜਿਆ ਹੋਇਆ ਹੈ ਅਤੇ ਮਾਓਵਾਦੀਆਂ ਦੇ ਨਾਂ 'ਤੇ ਇਥੇ ਜ਼ਮੀਨ ਜੰਗਲਾਂ 'ਚ ਰਹਿ ਰਹੇ ਉਜੜ ਕੇ ਆਏ ਆਦੀਵਾਸੀਆਂ ਦੇ ਹੋਣ ਵਾਲੇ ਵਿਦਰੋਹਾਂ ਨੂੰ ਕੁਚਲਣ ਦਾ ਮਾਮਲਾ ਹੈ। ਉਹਨਾਂ ਦੀ ਰੋਟੀ-ਰੋਜ਼ੀ ਖੋਹਣ ਜਾਂ ਉਹਨਾਂ ਦੀ ਸਸਤੀ ਕਿਰਤ ਦੀ ਲੁੱਟ ਦਾ ਮਾਮਲਾ ਹੈ ਅਤੇ ਇਸ ਤਰ੍ਹਾਂ ਦੇ ਹੋਣ ਵਾਲੇ ਹਰ ਜਬਰ ਦਾ ਭਾਰਤੀ ਮੇਹਨਤਕਸ਼ ਜਮਾਤ ਵਿਰੋਧ ਕਰੇਗੀ।

-----✪✪-----

# ਕੀ ਇਹੀ ਲੋਕ ਰਾਜ ਹੈ ਆਦੀਵਾਸੀਆਂ ਲਈ?

ਛਤੀਸ਼ਗੜ੍ਹ 'ਚ ਆਦੀਵਾਸੀਆਂ ਤੇ ਕਿਸਾਨਾਂ ਦੀਆਂ ਵੋਟਾਂ ਨਾਲ ਸਰਕਾਰ ਤਾਂ ਬਣ ਜਾਂਦੀ ਹੈ ਪਰ ਉਹਨਾਂ ਦੀ ਬੇਹਤਰੀ ਲਈ ਕੁਝ ਖਾਸ ਨਹੀਂ ਹੁੰਦਾ। ਛਤੀਸ਼ਗੜ੍ਹ ਨੂੰ ਬਣਿਆਂ ਨੌਂ ਸਾਲ ਹੋ ਗਏ ਹਨ। ਛਤੀਸ਼ਗੜ੍ਹ ਲਈ ਕੋਈ ਹਥਿਆਰਬੰਦ ਸੰਘਰਸ਼ ਨਹੀਂ ਹੋਇਆ ਪਰ ਇਕ ਸ਼ਕਤੀਸ਼ਾਲੀ ਸੰਘਰਸ਼ ਬਗੈਰ ਵੀ ਰਾਜ ਨਹੀਂ ਬਣਿਆ ਹੈ। ਇਹ ਸੰਵਿਧਾਨ ਵਿਰੋਧੀ ਐਲਾਨ ਕੀਤਾ ਗਿਆ ਸੀ ਛਤੀਸ਼ਗੜ੍ਹ ਟੈਕਸ-ਮੁਕਤ-ਸੂਬਾ ਬਣੇਗਾ ਕਿਉਂਕਿ ਇਥੇ ਬਹੁਤ ਜ਼ਿਆਦਾ ਕੁਦਰਤੀ ਸੋਮੇ ਹਨ। ਵਿਦਿਆਰਥੀਆਂ ਲਈ ਪੀ. ਐਮ. ਟੀ. ਅਤੇ ਪੀ. ਈ. ਟੀ. ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਗਈਆਂ। ਤਿੰਨ ਸਾਲ ਦਾ ਮੈਡੀਕਲ ਪਾਠਕਰਮ ਲਾਗੂ ਕਰਕੇ ਨੀਮ ਹਕੀਮਾਂ ਦੀਆਂ ਫਸਲਾਂ ਉਗਾਈਆਂ ਗਈਆਂ। ਸੇਵਾਕ੍ਰਿਤ ਡਾਕਟਰਾਂ ਨੂੰ ਤਰਜੀਹ ਦੇਣ ਦੇ ਬਹਾਨੇ ਆਦੇਸ਼ ਜਾਰੀ ਕੀਤਾ ਗਿਆ ਕਿ ਸਨਾਤ ਕੋਤਰ ਜਮਾਤਾਂ 'ਚ ਉਹਨਾਂ ਨੂੰ ਦਾਖਲਾ ਮਿਲੇਗਾ ਜੋ ਘੱਟੋ ਘੱਟ ਦੋ ਸਾਲ ਪਿੰਡਾਂ ਵਿੱਚ ਸਰਕਾਰੀ ਹਸਪਤਾਲਾਂ 'ਚ ਨੌਕਰੀ ਕਰ ਚੁੱਕੇ ਹੋਣ। ਪਬਲਿਕ ਸਰਵਿਸ ਕਮਿਸ਼ਨ ਦੀ ਅਣਦੇਖੀ ਕਰਕੇ ਰਾਜਸੀ ਨੇਤਾਵਾਂ 'ਤੇ ਨੌਕਰਸ਼ਾਹਾਂ ਦੇ ਬਚ ਕੇ ਨਿਕਲਣ ਲਈ ਦਰਵਾਜੇ ਬਣਾ ਦਿੱਤੇ ਗਏ। ਵਿਧਾਨ ਸਭਾ ਵਰਗੀ ਸੰਸਥਾ ਦੀ ਕਦਰ ਘਟਾਈ ਕੁਝ ਉਹਨਾਂ ਦੇ ਹੀ ਤਾਨਾਸ਼ਾਹ ਨੇਤਾਵਾਂ ਨੇ ਕੀਤੀ। ਰਾਜਸੀ ਰਾਖਵੇਂਕਰਨ ਦਾ ਨਕਾਬ ਪਹਿਨ ਕੇ ਅਪਰਾਧੀਆਂ ਨੇ ਮਹਾਂਪੁਰਸ਼ਾਂ ਦੇ ਬੁੱਤਾਂ 'ਤੇ ਅਤੇ ਨਿੱਜੀ ਵਿਅਕਤੀਆਂ ਦੀਆਂ ਇਮਾਰਤਾਂ 'ਤੇ ਸ਼ਰੇਆਮ ਕਬਜਾ ਕਰ ਲਿਆ ਗਿਆ। ਪ੍ਰਭਾਵਸ਼ਾਲੀ ਲੋਕਾਂ ਤਕ ਨੂੰ ਖੁੱਲ੍ਹੇਆਮ ਮਾਰ ਦਿੱਤਾ ਗਿਆ ਅਤੇ ਪੁਲਸ ਵੇਖਦੀ ਹੀ ਰਹਿ ਗਈ। ਕਈ ਦਾਗੀ ਅਫਸਰ ਆਈ. ਏ. ਐਸ. ਅਤੇ ਆਈ. ਪੀ. ਐਸ. ਮੱਧ ਪ੍ਰਦੇਸ਼ ਤੋਂ ਆ ਕੇ ਇਥੇ ਵੀ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆਏ। ਮੁਕਾਬਲਤਨ ਨਜ਼ਰੀਏ ਤੋਂ ਬੇਹਤਰ ਅਧਿਕਾਰੀ ਛਤੀਸ਼ਗੜ੍ਹ ਆਉਣ ਤੋਂ ਕਤਰਾਉਂਦੇ ਰਹੇ। ਜੋ ਆਏ ਵੀ ਵਾਪਸੀ ਜਾਂ ਕੇਂਦਰ 'ਚ ਫਿਰ ਨਿਯੁਕਤੀ 'ਚ ਸਫਲ ਰਹੇ। ਜੋ ਬਚੇ ਰਹੇ ਉਹਨਾਂ 'ਚੋਂ ਕੁਝ 'ਤੇ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਦਾ ਦੋਸ਼ ਲੱਗਿਆ ਬਲਕਿ ਸੀ. ਬੀ. ਆਈ. ਨੂੰ ਜਾਂਚ ਸੌਂਪੀ ਗਈ।

ਕਈ ਅਧਿਕਾਰੀਆਂ ਨੂੰ ਹਾਈਕੋਰਟ ਨੇ ਉਸ ਦੇ ਹੁਕਮਾ ਦਾ ਪਾਲਣ ਨਾ ਕਰਨ ਕਰਕੇ ਹੁਕਮ ਅਦੂਲੀ ਦਾ ਨੋਟਿਸ ਵੀ ਭੇਜਿਆ ਗਿਆ ਪਰ ਉਹਨਾਂ ਦੇ ਕੰਨ 'ਤੇ ਜੂੰ ਵੀ ਨਹੀਂ ਸਰਕੀ। ਨਵੀਂ ਲੀਡਰਸ਼ਿਪ ਦੇ ਨਾਂ 'ਤੇ ਮੰਤਰੀ ਪੁੱਤਰਾਂ ਅਤੇ ਪਰਿਵਾਰਾਂ ਨੇ ਸੱਤਾ ਦੇ ਗਲਿਆਰਿਆਂ 'ਚ ਕਮਿਸ਼ਨਖੋਰੀ ਦਾ ਧੰਦਾ ਚਲਾਇਆ। ਛਤੀਸਗੜ੍ਹ ਦੀ ਪਹਿਲੀ ਮੰਤਰੀ ਪ੍ਰੀਸ਼ਦ ਕੇਂਦਰ ਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ 'ਚ ਉਲਝੀ ਰਹੀ। ਸਰਕਾਰੀ ਰਾਜ ਟਰਾਂਸਪੋਰਟ ਕਾਰਪੋਰੇਸ਼ਨ ਨੂੰ ਭੰਗ ਕਰ ਦਿੱਤਾ ਗਿਆ ਤਾਂ ਕਿ ਨਿੱਜੀ ਕੰਪਨੀਆਂ ਨੇਤਾਵਾਂ ਦੀ ਭਾਗੀਦਾਰੀ ਦੇ ਨਾਲ ਵਧ ਫੁਲ ਸਕਣ। ਨਿਮਨ ਤੇ ਮੱਧ ਵਰਗ ਲਈ ਅਸਾਨ ਕਿਸ਼ਤਾਂ 'ਤੇ ਮਕਾਨ ਬਣਾਉਣ ਵਾਲੇ ਸਰਕਾਰੀ ਗ੍ਰਹਿ ਉਸਾਰੀ ਮੰਡਲ ਨੂੰ ਸ਼ੁਰੂ 'ਚ ਹੀ ਖਤਮ ਕਰ ਦਿੱਤਾ ਗਿਆ ਅਤੇ ਨਿੱਜੀ ਬਿਲਡਰਜ਼ ਨੂੰ ਛੋਟ ਦੇ ਦਿੱਤੀ ਗਈ। ਸੂਬੇ ਦੇ ਨਾਲਾਇਕ ਮੰਤਰੀ ਅਤੇ ਨੌਜਵਾਨ ਆਈ. ਏ. ਐਸ. ਅਫਸਰ

ਆਪਣੇ ਆਪ ਨੂੰ ਵਿਚਾਰਕ ਦੱਸਦੇ ਰਹੇ। ਰਾਜ ਬਣਦਿਆਂ ਹੀ ਮੁਹੱਈਆ ਸਭ ਖਾਲੀ ਅਹੁਦੇ ਖਤਮ ਕਰ ਦਿੱਤੇ ਗਏ ਜਿਸ ਨਾਲ ਥੋੜ੍ਹੀਆਂ ਬਹੁਤ ਨੌਕਰੀਆਂ ਮਿਲਣ ਦੀ ਸੰਭਾਵਨਾ ਵੀ ਖਤਮ ਹੋ ਗਈ। ਚੁਣੇ ਹੋਏ ਲੋਕ ਨੁਮਾਇੰਦਿਆਂ ਦੀ ਬੇਇਜ਼ਤੀ ਕੀਤੀ ਗਈ। ਉਹਨਾਂ ਨੂੰ ਸਰਕਾਰੀ ਅਫਸਰਾਂ ਸਾਹਮਣੇ ਖੁਸ਼ਾਮਿਦ ਵੀ ਕਰਨੀ ਪੈਂਦੀ ਸੀ। ਮੰਤਰੀ ਬੇਸ਼ਰਮੀ ਨਾਲ ਆਪਣੇ ਮੁਕੱਦਮੇ ਕਥਿਤ ਜਨਹਿਤ ਦੀ ਆੜ 'ਚ ਵਾਪਸ ਲੈਂਦੇ ਰਹੇ। ਸਰਕਾਰ ਨੂੰ ਆਪਸੀ ਗੰਢਤੁਪ ਦੀ ਵਜਾਹ ਕਾਰਨ ਸਨਅਤਕਾਰਾਂ ਤੋਂ ਸਸਤੀਆਂ ਦਰਾਂ 'ਤੇ ਸੀਮਿੰਟ ਮਿਲਦਾ ਰਿਹਾ ਅਤੇ ਲੋਕਾਂ ਨੂੰ ਮਹਿੰਗੇ ਭਾਅ। ਭਾਰਤ 'ਚ ਸਭ ਤੋਂ ਮਹਿੰਗੇ ਭਾਅ ਸੀਮਿੰਟ ਵੇਚਣ ਦਾ ਰਿਕਾਰਡ ਇਥੇ ਹੀ ਬਣਿਆ। ਇਸ ਸੂਬੇ 'ਚ ਪੁਲਸ ਦੇ ਅਧਿਕਾਰੀ ਦੋਸ਼ੀ ਹੁੰਦੇ ਰਹੇ ਅਤੇ ਜ਼ਿਲ੍ਹਾ ਜੱਜ ਬਲਾਤਕਾਰ ਦੇ ਦੋਸ਼ੀ। ਇਥੋਂ ਦੇ ਕੁਲੈਕਟਰ ਆਪਣੀ ਬੇਹਤਰੀ ਲਈ ਮੁੱਖ ਮੰਤਰੀ ਤੇ ਉਹਨਾਂ ਦੀ ਪਤਨੀ ਨੂੰ "ਮੰਮੀ-ਡੈਡੀ' ਸੰਬੋਧਿਤ ਕਰਦੇ ਰਹੇ। ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਗਿਆ ਕਿ ਸਿਰਫ ਦੇਵ ਭੋਗ ਦੀਆਂ ਹੀਰਾ ਖਾਣਾ ਦੇ ਦਮ 'ਤੇ ਦੋ ਕਰੋੜ ਲੋਕਾਂ ਦੇ ਪੇਟ ਦੀ ਰੋਟੀ ਜੁਟਾਈ ਜਾ ਸਕੇਗੀ। ਸਰਕਾਰਾਂ ਪਿੱਛੋਂ ਦੜ ਵੱਟ ਗਈਆਂ। ਦੇਵ ਭੋਗ ਦੇ ਹੀਰੇ 'ਤੇ ਥਾਣੇਦਾਰ ਤੋਂ ਮੰਤਰੀ ਅਤੇ ਭਰਤ ਭਾਈ ਸ਼ਾਹ ਤੋਂ ਡੀ. ਬੀ. ਅਰਸ ਤੱਕ ਦੇ ਕਬਜੇ ਦੀ ਲੜਾਈ ਚਲਦੀ ਰਹੀ ਹੈ। ਅਣਵੰਡੇ ਮੱਧ ਪ੍ਰਦੇਸ਼ ਦੀ ਸਰਕਾਰ ਨੇ ਸ਼ਿਵਨਾਥ ਨਦੀ ਨੂੰ ਹੀ ਦੁਰਗਾ ਜ਼ਿਲ੍ਹੇ ਵਿੱਚ ਇੱਕ ਉਦਯੋਗਪਤੀ ਨੂੰ ਵੇਚ ਦਿੱਤਾ ਗਿਆ। ਸਰਕਾਰ ਨੇ ਐਲਾਨ ਕੀਤਾ ਕਿ ਉਹ ਨਦੀ ਨੂੰ ਛੁਡਵਾਏਗੀ ਪਰ ਹੋਇਆ ਕੁਝ ਨਹੀਂ। ਕਾਂਗਰਸੀ ਮੰਤਰੀ ਮੰਡਲ 'ਚ ਅਖੌਤੀ ਬ੍ਰਾਹਮਣ-ਸ਼ੂਦਰ ਧੁਰੀ 'ਤੇ ਹਕੂਮਤ ਚਲਦੀ ਸੀ। ਉਸ ਦੀ ਥਾਂ ਭਾਜਪਾ ਦੀ ਅਖੌਤੀ ਖੇਤਰੀ ਵੈਸ਼ਿਆ ਯੁਤੀ ਨੇ ਲੈ ਲਈ। ਆਦੀਵਾਸੀ ਬਹੁਗਿਣਤੀ ਇਸ ਰਾਜ 'ਚ ਇਹ ਤਹਿ ਹੀ ਨਹੀਂ ਹੁੰਦਾ ਕਿ ਅਸਲੀ ਆਦੀਵਾਸੀ ਹੈ ਕੌਣ। ਕਿਸਾਨਾਂ ਦੀ ਆਤਮ ਹੱਤਿਆ ਦਾ ਪ੍ਰਦੇਸ਼ ਵੀ ਇਹੀ ਰਿਹਾ ਹੈ। ਕਿਸਾਨਾਂ ਨੂੰ ਨਾ ਤਾਂ ਉਸ ਦੀ ਉਪਜ ਦਾ ਵਾਜਬ ਮੁੱਲ ਮਿਲਦਾ ਹੈ ਤੇ ਨਾ ਹੀ ਵਸਤਾਂ।

ਸੰਵਿਧਾਨ ਦੇ ਭਰੋਸਿਆਂ ਦੇ ਬਾਵਜੂਦ ਵਿਧਾਇਕਾਂ ਵੱਲੋਂ ਪੂਰੀ ਤਰ੍ਹਾਂ ਆਦੀਵਾਸੀ ਸੁਰੱਖਿਅਤ ਤੇ ਸਿਖਿਅਤ ਨਹੀਂ ਹਨ ਜਦ ਕਿ ਸੰਵਿਧਾਨ ਦੀ ਪੰਜਵੀਂ ਅਨੁਸੂਚੀ 'ਚ ਰਾਜਪਾਲਾਂ ਨੂੰ ਆਦੀਵਾਸੀ ਖੇਤਰ ਦੀ ਅਧਿਕਾਰ ਜਾਫਤਾ ਸਬੰਧੀ ਆਦੇਸ਼ ਤੇ ਨਿਰਦੇਸ਼ ਦੇਣ ਦੀਆਂ ਸ਼ਕਤੀਆਂ ਲਿਖਤ ਹਨ। ਕੋਲਾ, ਲੋਹਾ, ਖਣਿਜ ਠੇਕੇਦਾਰੀ ਵਗੈਰਾ 'ਤੇ ਹਰਿਆਣਾ, ਰਾਜਸਥਾਨ ਤੇ ਪੰਜਾਬ ਆਦਿ ਦੇ ਧਨੀਆਂ ਦੀ ਏਨੀ ਵੱਡੀ ਅਜ਼ਾਰੇਦਾਰੀ ਹੈ ਕਿ ਹੌਲੀ-ਹੌਲੀ ਉਹਨਾਂ ਦਾ ਛਤੀਸ਼ਗੜ੍ਹ 'ਚ ਰਾਜਸੀ ਸਾਮਰਾਜ ਸਥਾਪਤ ਹੋ ਰਿਹਾ ਹੈ। ਰਾਜ ਆਪਣੀ ਆਮਦਨ ਦਾ ਥੋੜਾ ਹਿੱਸਾ ਦੋ ਰੁਪਏ ਕਿਲੋ ਚੌਲ, ਆਦੀਵਾਸੀ ਵਿਦਿਆਰਥੀਆਂ ਲਈ ਸਾਈਕਲ ਸਕੂਲ ਵਿਦਿਆਰਥੀਆਂ ਨੂੰ ਦੁਪਹਿਰ ਦਾ ਭੋਜਨ ਪੰਜ ਰੁਪਏ 'ਚ ਦਾਲ ਵੰਡ ਕੇਂਦਰ ਵਰਗੇ ਜਾਗੀਰੂ ਸੋਚ ਦੇ ਦਿਖਾਊ ਜਨਵਾਦੀ ਤੋਹਫੇ 'ਚ ਰੁੱਝਿਆ ਰਹਿੰਦਾ ਹੈ। ਉਹ ਮੌਜੂਦਾ ਆਰਥਕ ਢਾਂਚੇ ਨੂੰ ਹਿਲਾ ਕੇ ਸਮਾਜ ਦੇ ਸਭ ਤੋਂ ਹੇਠਲੇ ਤਬਕੇ ਨੂੰ ਮਾਨ-ਸਨਮਾਨ ਦੇ ਨਾਲ ਆਰਥਕ ਸਮਰੱਥਾ ਵਧਾਉਣ ਦੇ ਮੌਕੇ ਲੋਕ ਰਾਜੀ ਜਮਹੂਰੀ ਪ੍ਰਣਾਲੀ ਰਾਹੀਂ ਮੁਹੱਈਆ ਨਹੀਂ ਕਰਵਾਉਣਾ ਚਾਹੁੰਦਾ। ਆਦੀਵਾਸੀਆਂ ਦੀਆਂ ਵੋਟਾਂ ਕਿਸੇ ਤਰ੍ਹਾਂ ਵਟੋਰ ਕੇ ਸਰਕਾਰ ਬਣਾ ਲੈਣਾ ਸਭ ਦੀ ਤਰਜੀਹ ਹੈ। ਹਰ ਪੁਲਸ ਮੁਕਾਬਲੇ 'ਚ ਚੱਲੀ ਗੋਲੀ 'ਤੇ ਕਿਸੇ ਆਦੀਵਾਸੀ ਦਾ ਹੀ

ਨਾਂ ਲਿਖਿਆ ਹੁੰਦਾ ਹੈ। ਇਤਿਹਾਸ ਦੀ ਅਰਥੀ ਯਾਤਰਾ ਚੱਲ ਰਹੀ ਹੈ। ਸਰਕਾਰ ਮ੍ਰਿਤਕਾਂ ਤੇ ਜ਼ਖ਼ਮੀਆਂ ਲਈ ਹਰਜਾ ਪੂਰਤੀ ਦੀ ਰਾਸ਼ੀ ਐਲਾਨ ਰਹੀ ਹੈ। ਹੌਸਲਾ ਵਧਾਉਣ ਲਈ ਨਕਸਲੀਆਂ ਨੂੰ ਚੁਣੌਤੀ ਦੇ ਰਹੀ ਹੈ। ਸਿੱਧੇ ਸਾਧੇ ਆਦੀਵਾਸੀਆਂ ਨੂੰ ਗ੍ਰਹਿ ਮੰਤਰੀ ਵੀ ਬਣਾ ਰਹੀ ਹੈ। ਤੇਜ਼ ਤਰਾਰ ਵਣਿਕ ਮੰਤਰੀ ਮਲਾਈਦਾਰ ਵਿਭਾਗਾਂ ’ਚ ਲੱਗੇ ਹਨ। ਅਧਿਕਾਰੀ ਮੈਦਾਨੀ ਮੁਕਾਬਲਿਆਂ ਬਦਲੇ ਸੁਰੱਖਿਅਤ ਸਭਾ ਭਵਨਾ ’ਚ ਬੈਠ ਕੇ ਤਾੜੀਆਂ ਵਜਾ ਰਹੇ ਹਨ। ਦੇਸ਼ ਦੇ ਸਭ ਤੋਂ ਛੋਟੀ ਹਾਈਕੋਰਟ ਲਈ ਦੇਸ਼ ਦਾ ਸਭ ਤੋਂ ਵੱਡਾ ਇਮਾਰਤੀ ਕੰਪਲੈਕਸ ਬਣਾਇਆ ਜਾ ਰਿਹਾ ਹੈ। ਨਿਆਂਪਾਲਿਕਾ ਦੇ ਇਲਾਕਿਆਂ ਵਿੱਚ ਕਹਿਰ ਢਾਹਿਆ ਗਿਆ। ਇਤਿਹਾਸ ਤੇ ਭੂਗੋਲ ਦਾ ਸਭ ਤੋਂ ਛੋਟਾ ਹਾਈਕੋਰਟ ਛਤੀਸ਼ਗੜ੍ਹ ਵਿਚ ਹੈ। ਨਿਆਂ ਛਤੀਸ਼ਗੜ੍ਹ ਦੇ ਦੋ ਕਰੋੜ ਤੋਂ ਵੱਧ ਲੋਕਾਂ ਲਈ ਹੁਣ ਤੱਕ ਮਿਰਗਤ੍ਰਿਸ਼ਨਾ ਵਾਂਗੂੰ ਝਿਲਮਿਲਾ ਰਿਹਾ ਹੈ। ਜੱਜ ਮੁਕੱਦਮਿਆਂ ਦਾ ਫੈਸਲਾ ਕਰਨ ਬਦਲੇ ਖੁਦ ਆਪਣਾ ਮੁਕੱਦਮਾ ਲੜਦੇ ਰਹੇ। ਜੱਜਾਂ ਨੇ ਜਿੰਨਾ ਸਮਾਂ ਆਪਣੇ ਇਕ ਖਾਸ ਮੁਕੱਦਮੇ ਨੂੰ ਸੁਣਨ ’ਚ ਖਰਾਬ ਕੀਤਾ। (ਭਾਵੇਂ ਉਸ ਦਾ ਕੋਈ ਅਰਥ ਵੀ ਨਹੀਂ ਨਿਕਲਿਆ) ਓਨਾ ਸਮਾਂ ਹੋਰ ਕਿਸੇ ਮੁਕੱਦਮੇ ਲਈ ਨਹੀਂ। ਛਤੀਸ਼ਗੜ੍ਹ ਦੇ ਬਾਹਰ ਦੇ ਵਕੀਲਾਂ ਜੱਜਾਂ ਨੂੰ ਨਿਯਮ ਵਿਰੁੱਧ ਢੰਗ ਨਾਲ ਹਾਈਕੋਰਟ ਜੱਜ ਬਣਾ ਦਿੱਤਾ ਗਿਆ। ਸਰਕਾਰ ਨੇ ਸਹਿਮਤੀ ਦੇ ਦਿੱਤੀ। ਚੀਫ ਜਸਟਿਸ ’ਤੇ ਭ੍ਰਿਸ਼ਟਾਚਾਰ ਦਾ ਦੋਸ਼ ਅਖ਼ਬਾਰਾਂ ਨੇ ਛਾਪਿਆ। ਉਹਨਾਂ ’ਤੇ ਅਦਾਲਤ ਦੀ ਮਾਨਹਾਨੀ ਦਾ ਮੁਕੱਦਮਾ ਤਾਂ ਚੱਲਿਆ ਪਰ ਉਸਨੂੰ ਠੰਡੇ ਬਸਤੇ ’ਚ ਪਾ ਦਿੱਤਾ ਗਿਆ।

ਊਰਜਾ ਸਮੇਤ ਹੋਰ ਤਕਨੀਕੀ ਖੇਤਰਾਂ ਦੇ ਚੋਟੀ ਦੇ ਅਹੁਦਿਆਂ ਬਾਹਰੀ ਲੋਕ ਛਤੀਸ਼ਗੜ੍ਹੀਆਂ ਨੂੰ ਅੰਗੂਠਾ ਵਿਖਾ ਕੇ ਕਾਬਜ਼ ਹੁੰਦੇ ਰਹੇ। ਰੇਲਵੇ ਸਮੇਤ ਹੋਰ ਕੇਂਦਰੀ ਨੌਕਰੀਆਂ ਤੇ ਤਾਂ ਬਹੁਗਿਣਤੀ ਹੋਰ ਰਾਜਾਂ ਦੇ ਵਿਅਕਤੀਆਂ ਦਾ ਕਬਜ਼ਾ ਹੈ ਹੀ। ਆਂਧਰਾ ਪ੍ਰਦੇਸ਼ ਤੋਂ ਆਏ ਆਈ. ਏ. ਐਸ. ਨੌਕਰਸ਼ਾਹ ਚੱਕਰ ਕੱਟਦੇ ਰਹਿੰਦੇ ਹਨ ਕਿ ਸਥਾਨਕ ਨੌਕਰੀਆਂ ਵਿਚ ਛਤੀਸ਼ਗੜ੍ਹ ਦੇ ਬੇਰੁਜ਼ਗਾਰਾਂ ਦੀ ਫੀਸਦੀ ਘਟਦੀ ਜਾਵੇ। ਛਤੀਸ਼ਗੜ੍ਹ ਦੇ ਕਿਸਾਨਾਂ ਦੀ ਭੂਮੀ ਹਰਿਆਣਾ, ਪੰਜਾਬ, ਗੁਜਰਾਤ ਅਤੇ ਆਂਧਰਾ ਪ੍ਰਦੇਸ਼ਾਂ ਤੋਂ ਆਏ ਸਨਅਤਕਾਰ ਜਬਰੀ ਖਰੀਦਦੇ ਜਾ ਰਹੇ ਹਨ। ਛਤੀਸ਼ਗੜ੍ਹੀ ਮੁਟਿਆਰਾਂ ਤੋਂ ਔਰਤਾਂ ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਬਿਹਾਰ ਵਗੈਰਾ ਸੂਬਿਆਂ ’ਚ ਆਪਣੀ ਇੱਜ਼ਤ ਲਈ ਉਥੋਂ ਦੇ ਠੇਕੇਦਾਰਾਂ ਗੈਸਾਂ ਦੀ ਨੀਅਤ ’ਤੇ ਨਿਰਭਰ ਹਨ। ਉਹਨਾਂ ਦੀ ਆਬਰੂ ਬਿਲਾਸਪੁਰ ਕੋਰਬਾ ਤੋਂ ਚੱਲ ਕੇ ਅੰਮ੍ਰਿਤਸਰ ਜਾਣ ਵਾਲੀ ਛਤੀਸ਼ਗੜ੍ਹ ਐਕਸਪ੍ਰੈਸ ’ਚ ਢੋਈ ਜਾਂਦੀ ਹੈ। ਕੁਲਪਤੀ ਅਹੁਦੇ ਲਈ ਸਰਕਾਰਾਂ ਬਾਹਰ ਦੇ ਤਿਕੜਮਬਾਜ ਬੁੱਧੀਜੀਵੀਆਂ ਨੂੰ ਹੀ ਅੱਖ ਦਾ ਤਾਰਾ ਸਮਝਦੀ ਹੈ। ਏਨੀਆਂ ਵੱਧ ਨਿੱਜੀ ਯੂਨੀਵਰਸਿਟੀਆਂ ਖੋਲ੍ਹੀਆਂ ਗਈਆਂ ਜਿਹਨਾਂ ਕੋਲ ਦੁਨੀਆਂ ਦਾ ਸਿਖਿਅਕ ਇਤਿਹਾਸ ਬੌਣਾ ਹੋ ਗਿਆ। ਸਲੇਬਸਾਂ ਤੇ ਸਭਿਆਚਾਰ ਕਾਰਜ ’ਚ ਇਹ ਲੋਕ ਪਿਛੜੇ ਹੋਏ ਹਨ। ਜਿੰਨਾਂ ਨੂੰ ਛਤੀਸ਼ਗੜ੍ਹ ਸੰਵੇਦਨਾ ਨਾਲ ਕੁਝ ਵਾਹ ਵਾਸਤਾ ਨਹੀਂ ਹੈ। ਵਿਦਿਆਰਥੀਆਂ ਨੂੰ ਬਿਨਾਂ ਸਬਜ਼ੀ ਦੀ ਕੰਕਰ ਮਿਲਿਆ ਦਾਲ-ਭਾਜੀ ਮਿਲਦੀ ਰਹੀ। ਅਧਿਆਪਕ ਵਿਚਾਰਿਆਂ ਨੂੰ ਤਾਂ ਲੱਤ ਮਾਰ ਕੇ ਨੌਕਰੀਓ ਕੱਢ ਦਿੱਤਾ ਜਾਂਦਾ ਰਿਹਾ। ਰਾਜਸੀ ਕਰਮੀਆਂ ਨੂੰ ਸਿਖਿਅਕਾਂ ਦੇ ਚੋਲੇ ’ਚ ਭਰਤੀ ਕਰਨ ਦੇ ਰਿਵਾਜ ਚਲਦੇ ਰਹੇ। ਦੂਜੇ ਪਾਸੇ ਨਿੱਜੀ ਖੇਤਰ ’ਚ ਸਿਖਿਆ ਦੇ ਨਾਂ ’ਤੇ ਇਧਰ-ਉਧਰ ਦੀਆਂ ਸੰਸਥਾਵਾਂ ਨੂੰ ਵਿਕਸਤ ਕੀਤਾ ਜਾਂਦਾ

ਰਿਹਾ ਹੈ। ਸ਼ੁਕਰ ਹੈ ਸੁਪਰੀਮ ਕੋਰਟ ਦਾ ਜਿਸ ਨੇ ਸਰਕਾਰੀ ਸਰਪ੍ਰਸਤੀ 'ਚ ਉਘੇ ਨਿੱਜੀ ਖੇਤਰ ਦੇ ਕੋਈ ਸਵਾਂ ਸੌ ਕਾਲ ਯੂਨੀਵਰਸਿਟੀਆਂ ਨੂੰ ਛਤੀਸ਼ਗੜ੍ਹ 'ਚ ਲੁੱਟ ਦਾ ਬਾਜ਼ਾਰ ਨਹੀਂ ਬਣਨ ਵਪਾਰਕ ਖੇਤਰ 'ਚ ਸਤੀਸ਼ਗੜ੍ਹ ਕੌਮੀ ਔਸਤ ਤੋਂ ਹੇਠਾਂ ਹੈ। ਡਾਕਟਰਾਂ ਦੀ ਭਾਰੀ ਕਮੀ ਹੈ। ਨਿੱਜੀ ਸਿੱਖਿਆ ਅਦਾਰੇ ਲੁੱਟ-ਘਸੁੱਟ ਕਰ ਰਹੇ ਹਨ। ਸਰਕਾਰ ਉਹਨਾਂ ਨੂੰ ਰੋਕਣ ਲਈ ਸੁਪਰੀਮ ਕੋਰਟ ਤੱਕ ਦੇ ਨਿਰਦੇਸ਼ਾਂ ਦੀ ਅਣਦੇਖੀ ਕਰ ਰਹੀ ਹੈ।

ਸੈਰ ਸਪਾਟੇ ਦੇ ਨਾਂ ਹੇਠ ਛਤੀਸ਼ਗੜ੍ਹ ਦੇ ਸਵਰਗ ਬਸਤਰ 'ਚ ਅਫਸਰਾਂ 'ਤੇ ਮੰਤਰੀਆਂ ਦੀ ਪੌਂ ਬਾਰਾਂ ਹੈ। ਸਥਾਨਕ ਕਲਾਕਾਰਾਂ ਨੂੰ ਬਰਾਏਨਾਮ ਫੀਸ ਦਿੱਤੀ ਜਾ ਰਹੀ ਹੈ ਅਤੇ ਮੰਤਰੀਆਂ ਦੇ ਰਿਸ਼ਤੇਦਾਰ ਸਭਿਆਚਾਰ ਦੇ ਪ੍ਰਤੀਕ ਬਣ ਕੇ ਸਰਕਾਰੀ ਗ੍ਰਾਂਟਾਂ ਹਾਸਲ ਕਰਕੇ ਘਪਲੇ ਕਰ ਰਹੇ ਹਨ। ਮਸਖਰਿਆਂ ਟਿੱਪਣੀਕਾਰਾਂ ਤੇ ਜਾਤੀ ਭੇਦਭਾਵ ਫੈਲਾਉਣ ਵਾਲਿਆਂ ਨੂੰ ਸਭਿਆਚਾਰ ਦੇ ਸਭ ਤੋਂ ਵੱਡੇ ਪੁਰਸਕਾਰ ਦਿੱਤੇ ਗਏ, ਜਿਸ ਨਾਲ ਸੂਬੇ ਦਾ ਸਿਰ ਸ਼ਰਮ ਨਾਲ ਝੁਕ ਗਿਆ। ਅਦਭੁਤ ਆਦੀਵਾਸੀ ਸਭਿਆਚਾਰ ਦਾ ਬਸਤਰ ਵਰਗਾ ਇਲਾਕਾ ਉਹਨਾਂ ਦੇ ਹੱਥ ਚੜ੍ਹ ਗਿਆ। ਛਤੀਸ਼ਗੜ੍ਹ ਸਰਕਾਰ ਦੇਸ਼ ਦੇ ਘਟੀਆ ਬੌਧਿਕ ਪ੍ਰਕਾਸ਼ਨ ਕਰਦੀ ਰਹਿੰਦੀ ਹੈ। ਜਿਸ 'ਚ ਅੰਗਰੇਜ਼ੀ ਭਾਸ਼ਾ ਦੀ ਟੰਗ ਤੇ ਹਿੰਦੀ ਦੇ ਹੱਥ ਪੈਰ ਜੋੜੇ ਹੁੰਦੇ ਹਨ। ਬਸਤਰ ਨੂੰ ਸਭਿਆਕ ਦੁਨੀਆਂ ਦਰਮਿਆਨ ਅਬੂਝਮਾੜ, ਚਿਤ੍ਰਕੋਟ, ਜਲਪ੍ਰਪਾਤ, ਕੁਟਮਸਰ ਗੁਫਾਵਾਂ ਘੋਟੁਲ, ਕਰਮਾ ਨ੍ਰਿਤ ਤੇ ਕੱਚੀ ਸ਼ਰਾਬ ਪੀ ਕੇ ਮਸਤ ਹੁੰਦੇ ਆਦੀਵਾਸੀ ਜੀਵਨ ਲਈ ਪ੍ਰਚਾਰਿਤ ਕੀਤਾ ਜਾਂਦਾ ਹੈ। ਵਿਸ਼ਵੀ ਦੇ ਇਸ ਸ੍ਰੇਸ਼ਠ ਆਦੀਵਾਸੀ ਸਭਿਆਚਾਰ 'ਤੇ ਸਿਰਫ ਖਲਨਾਇਕਾਂ ਨੇ ਹੀ ਵਾਰ ਨਹੀਂ ਕੀਤਾ ਹੈ। ਗ੍ਰਿਅਰਸਨ ਫਾਦਰ ਵੇਰਿਅਰ ਟਲਿਵਨ, ਨਰੋਹਾਂ ਅਤੇ ਬ੍ਰਹਮਦੇਵ ਸ਼ਰਮਾ ਵਰਗੇ ਅਨੇਕ ਅਧਿਆਪਕ ਵਿਚਾਰਕ ਤੇ ਸਭਿਆਚਾਰਕ ਕਾਮੇ ਹੋਏ ਹਨ। ਜਿਹਨਾਂ ਨੇ ਬਸਤਰ ਦੇ ਸਭਿਆਚਾਰ ਨੂੰ ਬਚਾਈ ਰੱਖਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਹੈ। ਨਾਰਾਇਣ ਪੁਰ ਦੇ ਰਾਮ ਕ੍ਰਿਸ਼ਨ ਮਿਸ਼ਨ ਦਾ ਸਕੂਲ ਇਕ ਸੰਸਥਾ ਨਹੀਂ ਹੈ। ਸਭਿਆਚਾਰਕ ਘਟਨਾ ਹੈ। ਸਰਕਾਰਾਂ 'ਚ ਸਾਰੇ ਵਿਧਾਇਕ ਅਤੇ ਮੰਤਰੀ ਸੰਵੇਦਨਹੀਣ ਨਹੀਂ ਹੁੰਦੇ। ਪਰ ਇਥੇ ਖਲਨਾਇਕੀ ਦੀ ਏਨੀ ਰਿਹਰਸਲ ਹੋਈ ਹੈ ਕਿ ਬਸਤਰ ਨੂੰ ਪਿੱਠ 'ਚ ਛੁਰਾ ਮਾਰਨ ਦਾ ਖੁੱਲ੍ਹਾ ਕਾਲਜ ਕਿਹਾ ਜਾ ਸਕਦਾ ਹੈ। ਪ੍ਰਵੀਰ ਚੰਦਰ ਭੰਜਦੇਵ ਨੇ ਅਜਿਹਾ ਕੁਝ ਨਹੀਂ ਕਿਹਾ ਸੀ ਕਿ ਉਸ ਦੀ ਪੁਲਸਿਆ ਹੱਤਿਆ ਕੀਤੀ ਜਾਂਦੀ। ਅਰਵਿੰਦ ਨੇਤਾਮ ਨੇ ਛੇਵੀਂ ਅਨੁਸੂਚੀ ਨੂੰ ਲਾਗੂ ਕਰਨ ਦੀ ਮੰਗ ਕਰਕੇ ਗੁਨਾਹ ਨਹੀਂ ਕੀਤਾ ਸੀ ਕਿ ਉਹਨਾਂ 'ਤੇ ਹਮਲੇ ਕੀਤੇ ਜਾਂਦੇ। ਬ੍ਰਹਮਦੇਵ ਸ਼ਰਮਾ ਨੇ ਸਨਅਤੀਕਰਣ ਦੇ ਬਰਕਸ ਆਦੀਵਾਸੀ ਅਧਿਕਾਰਾਂ ਦੀ ਵਕਾਲਤ ਕੀਤੀ ਸੀ ਉਹਨਾਂ ਨੂੰ ਜੁਰਿਆਂ ਦੀ ਮਾਲਾ ਪਾ ਕੇ ਸੜਕਾਂ 'ਤੇ ਘੁਮਾਇਆ ਗਿਆ। ਸਨਅਤੀ ਫਾਸ਼ੀਵਾਦ ਦਾ ਇਹ ਖੂੰਖਾਰ ਚਿਹਰਾ ਅੱਜ ਉਨਾ ਹੀ ਡਰਾਉਣਾ ਹੈ।

-----✪✪-----

# ਜਾਨਲੇਵਾ ਮਹਿੰਗਾਈ-ਜਿਉਣ ਦੇ ਹੱਕ 'ਤੇ ਹਮਲਾ ਕਿਵੇਂ

ਕੇਂਦਰ ਸਰਕਾਰ ਦੇਸ਼ ਭਰ 'ਚ ਅੱਤਵਾਦ, ਨਕਸਲਵਾਦ, ਮਾਓਵਾਦ ਆਦਿ ਦਾ ਹਊਆ ਖੜ੍ਹਾ ਕਰ ਰਹੀ ਹੈ ਪਰ ਉਸ ਨਾਲ ਵੱਡੇ ਸੰਕਟ ਯਾਨਿ ਬੇਰੁਜ਼ਗਾਰੀ ਤੇ ਮਹਿੰਗਾਈ ਨਾਲ ਫੈਲਣ ਵਾਲੀ ਭੁੱਖ ਤੇ ਕੁਪੋਸ਼ਣ 'ਤੇ ਸਰਕਾਰ ਹੀ ਨਹੀਂ ਬਲਕਿ ਸਰਮਾਏਦਾਰਾਂ ਦੇ ਰਹਿਮੋ ਕਰਮ 'ਤੇ ਪਾਲਣ ਵਾਲਾ ਮੀਡੀਆ ਵੀ ਚੁੱਪ ਧਾਰੀ ਬੈਠਾ ਹੈ ਜਦਕਿ ਅਮਰ ਵੇਲ ਦੀ ਤਰ੍ਹਾਂ ਵਧਦੀ ਮਹਿੰਗਾਈ ਨਾਲ ਬਹੁਗਿਣਤੀ ਆਬਾਦੀ ਸਾਹਮਣੇ ਜਿਉਣ ਦਾ ਸੰਕਟ ਪੈਦਾ ਹੋ ਗਿਆ ਹੈ। ਪਿਛਲੇ ਸਾਲ ਤੋਂ ਹੁਣ ਤਕ ਖਾਣ ਵਾਲੀਆਂ ਵਸਤਾਂ 70 ਫੀਸਦੀ ਮਹਿੰਗੀਆਂ ਹੋ ਚੁੱਕੀਆਂ ਹਨ। ਛੇ ਮਹੀਨਿਆਂ 'ਚ ਹੀ ਖਾਣ ਪੀਣ ਦੀਆਂ ਵਸਤਾਂ ਦੇ ਭਾਵਾਂ 'ਚ 15 ਫੀਸਦੀ ਦਾ ਵਾਧਾ ਹੋ ਚੁੱਕਿਆ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਸੋਕੇ ਕਾਰਨ ਖਾਦ-ਪਦਾਰਥਾਂ ਦੀਆਂ ਕੀਮਤਾਂ 'ਚ ਵਾਧਾ ਹੋ ਸਕਦਾ ਹੈ। ਹੁਣ ਭਾਵੇਂ ਹੀ ਪ੍ਰਧਾਨ ਮੰਤਰੀ, ਵਿੱਤ ਮੰਤਰੀ ਤੇ ਯੋਜਨਾ ਕਮਿਸ਼ਨ ਦੇਸ਼ ਦੇ ਅਰਥਚਾਰੇ ਦੇ ਜਲਦੀ ਹੀ ਪਟੜੀ 'ਤੇ ਆਉਣ ਦਾ ਭਰੋਸਾ ਦੇ ਰਹੇ ਹੋਣ ਅਤੇ ਸਿੱਕੇ ਦੇ ਫੈਲਾਅ ਦੀ ਦਰ ਜੀਰੋ ਤੋਂ ਹੇਠਾਂ ਜਾ ਰਹੀ ਹੋਵੇ ਪਰ ਆਮ ਆਦਮੀ ਲਈ ਇਹਨਾਂ ਭਰੋਸਿਆਂ ਤੇ ਅੰਕੜਿਆਂ ਦਾ ਕੋਈ ਮਤਲਬ ਨਹੀਂ ਹੈ। ਉਸ ਦੇ ਅਨੁਭਵ ਅਤੇ ਇਹ ਭਰੋਸਿਆਂ ਤੇ ਅੰਕੜਿਆਂ 'ਚ ਜਮੀਨ-ਅਸਮਾਨ ਦਾ ਫਰਕ ਹੈ। ਇਸ ਮਹਿੰਗਾਈ ਨੇ ਦੇਸ਼ ਦੀ ਸਾਰੀ ਆਬਾਦੀ ਲਈ ਹਾਲਾਤ ਕਿੰਨੇ ਮੁਸ਼ਕਲ ਬਣਾ ਦਿੱਤੇ ਹਨ। ਇਸ ਦਾ ਅੰਦਾਜ਼ਾ ਲਾਉਣ ਲਈ ਬਸ ਇਹ ਤੱਥ ਯਾਦ ਕਰ ਲੈਣਾ ਜ਼ਰੂਰੀ ਹੈ ਕਿ 84 ਕਰੋੜ ਲੋਕ ਸਿਰਫ 20 ਰੁਪਏ ਰੋਜ਼ 'ਤੇ ਗੁਜਾਰਾ ਕਰਦੇ ਹਨ। ਇਹਨਾਂ 'ਚੋਂ ਲਗਭਗ ਇਕ ਤਿਹਾਈ ਅਬਾਦੀ ਤਾਂ ਸਿਰਫ 11 ਰੁਪਏ ਰੋਜ਼ਾਨਾ 'ਤੇ ਜਿਉਂਦੀ ਹੈ। ਇਸ ਮਹਿੰਗਾਈ 'ਚ ਇਹ ਅਬਾਦੀ ਕਿਸ ਤਰ੍ਹਾਂ ਜਿਉਂ ਰਹੀ ਹੋਵੇਗੀ। ਇਸ ਭਿਅੰਕਰਤਾ ਨੂੰ ਸਿਰਫ ਅੰਕੜਿਆਂ ਆਦਿ ਨਾਲ ਵੀ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਦੇਸ਼ ਦੇ 44 ਕਰੋੜ ਗੈਰ ਜਥੇਬੰਦ ਮਜ਼ਦੂਰਾਂ 'ਤੇ ਮਹਿੰਗਾਈ ਦੀ ਮਾਰ ਸਭ ਤੋਂ ਬੁਰੀ ਤਰ੍ਹਾਂ ਪੈ ਰਹੀ ਹੈ। ਸ਼ਹਿਰਾਂ ਵਿੱਚ ਕਰੋੜਾਂ ਮਜ਼ਦੂਰ ਸਨਅਤਾਂ 'ਚ 1800 ਤੋਂ 2500 ਰੁਪਏ ਮਾਸਿਕ ਦੀ ਮਜ਼ਦੂਰੀ 'ਤੇ ਕੰਮ ਕਰ ਰਹੇ ਹਨ। ਇਸ 'ਚ ਵੀ ਮਾਲਕ ਗੱਲ-ਗੱਲ 'ਤੇ ਪੈਸੇ ਕੱਟ ਲੈਂਦਾ ਹੈ। ਲਗਭਗ ਇਕ ਤਿਹਾਈ ਤੋਂ ਲੈ ਕੇ ਅੱਧੀ ਮਜ਼ਦੂਰੀ ਮਕਾਨ ਦੇ ਕਿਰਾਏ, ਬਿਜਲੀ ਬੱਸ ਭਾੜੇ ਆਦਿ 'ਚ ਚਲੀ ਜਾਂਦੀ ਹੈ। ਜ਼ਿਆਦਾਤਰ ਮਜ਼ਦੂਰ ਇਲਾਕਿਆਂ 'ਚ ਮਕਾਨ ਮਾਲਕ ਹੀ ਕਿਰਿਆਨੇ ਆਦਿ ਦੀਆਂ ਦੁਕਾਨਾਂ ਖੋਹਲ ਕੇ ਬੈਠੇ ਹੋਏ ਹਨ ਅਤੇ ਮਜ਼ਦੂਰਾਂ ਨੂੰ ਮਨਮਾਨੀ ਦੀਆਂ ਕੀਮਤਾਂ 'ਤੇ ਸਮਾਨ ਵੇਚਦੇ ਹਨ। ਬਹੁਤ ਮਜ਼ਦੂਰ ਥੋੜਾ ਥੋੜਾ ਸਮਾਨ ਲੈਂਦੇ ਹਨ ਅਤੇ ਉਹਨਾਂ ਨੂੰ ਉਧਾਰ ਖਰੀਦਣਾ ਪੈਂਦਾ ਹੈ। ਇਸ ਲਈ ਉਹ ਉਹਨਾਂ ਤੋਂ ਹੀ ਖਰੀਦਣ ਨੂੰ ਮਜ਼ਬੂਰ ਹੁੰਦੇ ਹਨ। ਉਹਨਾਂ ਨੂੰ ਖਾਣ ਵਾਲੀਆਂ ਵਸਤਾਂ ਦੇ ਆਮ ਨਾਲ ਵੱਧ ਪੈਸੇ ਦੇਣੇ ਪੈਂਦੇ ਹਨ। ਐਸੀ ਭਿਅੰਕਰ ਮਹਿੰਗਾਈ ਕਾਰਨ ਪਹਿਲਾਂ ਹੀ ਦੇਸ਼ ਦੀ ਤਿੰਨ ਚੌਥਾਈ ਅਬਾਦੀ ਦੇ ਭੋਜਨ 'ਚ ਵਿਟਾਮਿਨ ਤੇ ਪ੍ਰੋਟੀਨ ਵਰਗੇ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਲਗਾਤਾਰ ਕਮੀ ਹੁੰਦੀ ਗਈ ਹੈ। ਆਮ ਆਦਮੀ ਲਈ ਪ੍ਰੋਟੀਨ ਦੇ ਮੁੱਖ ਸਰੋਤ ਦਾਲਾਂ ਦੀ ਕੀਮਤ 'ਚ ਪਿਛਲੇ ਇਕ ਸਾਲ 'ਚ 110 ਫੀਸਦੀ ਵਾਧਾ ਹੋਇਆ ਹੈ। ਕਿਹਾ ਜਾਂਦਾ ਸੀ ਕਿ ਆਲੂ ਭੁੱਖ ਨਾਲ ਲੜਨ ਲਈ

ਗਰੀਬਾਂ ਦੀ ਮਦਦ ਕਰਦਾ ਹੈ ਪਰ ਅੱਜਕੱਲ੍ਹ ਆਲੂ ਦੇ ਰੇਟ ਵੀ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਹਰੀਆਂ ਸਬਜ਼ੀਆਂ, ਦਾਲ ਤੇ ਦੁੱਧ ਗਰੀਬ ਆਦਮੀ ਦੀ ਥਾਲੀ 'ਚੋਂ ਗਾਇਬ ਹੋ ਚੁੱਕੇ ਹਨ। ਇਸ ਦਾ ਨਤੀਜਾ ਹੈ ਕਿ ਕੁਪਸ਼ਣ ਕਾਰਨ ਘੱਟ ਵਜਣ ਵਾਲੇ ਬੱਚਿਆਂ ਦੀ ਸਭ ਤੋਂ ਵੱਡੀ ਗਿਣਤੀ ਭਾਰਤ ਵਿੱਚ ਹੈ। ਪ੍ਰਸਿੱਧ ਅਰਥ ਸ਼ਾਸ਼ਤਰੀ ਉਤਸਾ ਪਟਨਾਇਕ ਵੱਲੋਂ ਕੀਤੇ ਇਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਅੱਜ ਪ੍ਰਤੀ ਵਿਅਕਤੀ ਔਸਤ ਅਨਾਜ ਉਪਲੱਭਤਾ ਬੰਗਾਲ 'ਚ 1942-43 'ਚ ਪਏ ਭਿਆਨਕ ਅਕਾਲ ਦੇ ਦਿਨਾਂ ਦੇ ਬਰਾਬਰ ਪਹੁੰਚ ਚੁੱਕੀ ਹੈ। ਪੇਂਡੂ ਖੇਤਰਾਂ 'ਚ ਬਹੁਤੇ ਪਰਿਵਾਰਾਂ ਨੂੰ ਦੋ ਵਕਤ ਜਾਂ ਹਫਤੇ ਦੇ ਸੱਤ ਦਿਨ ਰੋਟੀ ਨਹੀਂ ਮਿਲੀ। ਅੱਜ ਵੀ ਲਗਭਗ ਮਜ਼ਦੂਰ ਸਨਅਤਾਂ 'ਚ 1800 ਤੋਂ 2500 ਰੁਪਏ ਮਾਸਕ ਦੀ ਮਜ਼ਦੂਰੀ 'ਤੇ ਕੰਮ ਕਰ ਰਹੇ ਹਨ। ਇਸ ਵਿਚੋਂ ਵੀ ਮਾਲਕ ਗੱਲ ਗੱਲ 'ਤੇ ਪੈਸੇ ਕੱਟ ਲੈਂਦਾ ਹੈ। ਲਗਭਗ ਇਕ ਤਿਹਾਈ ਤੋਂ ਲੈ ਕੇ ਅੱਧੀ ਮਜ਼ਦੂਰੀ ਮਕਾਨ ਦੇ ਕਿਰਾਏ, ਬਿਜਲੀ, ਬੱਸ ਭਾੜੇ ਆਦਿ 'ਚ ਚਲੀ ਜਾਂਦੀ ਹੈ। ਬਹੁਤ ਮਜ਼ਦੂਰ ਇਲਾਕਿਆਂ 'ਚ ਮਕਾਨ ਮਾਲਕ ਹੀ ਕਿਰਾਏ ਆਦਿ ਦੀਆਂ ਦੁਕਾਨਾਂ ਖੋਹਲ ਕੇ ਬੈਠੇ ਰਹਿੰਦੇ ਹਨ ਅਤੇ ਮਜ਼ਦੂਰਾਂ ਨੂੰ ਮਨਇੱਛਤ ਕੀਮਤਾਂ 'ਤੇ ਵਸਤਾਂ ਵੇਚਦੇ ਹਨ। ਜ਼ਿਆਦਾਤਰ ਮਜ਼ਦੂਰ ਥੋੜਾ ਥੋੜਾ ਸਮਾਨ ਲੈਂਦੇ ਹਨ। ਅੱਜਕੱਲ੍ਹ ਲਗਭਗ ਨੌਂ ਹਜ਼ਾਰ ਬੱਚੇ ਰੋਜ਼ ਕੁਪੋਸ਼ਣ ਅਤੇ ਉਸ ਨਾਲ ਹੋਣ ਵਾਲੀਆਂ ਬੀਮਾਰੀਆਂ ਕਾਰਨ ਮਰ ਜਾਂਦੇ ਹਨ। ਸਵਾ ਸੌ ਜ਼ਿਲਿਆਂ 'ਚ ਸੋਕੇ ਕਾਰਨ ਬਹੁਤ ਵੱਡੀ ਆਬਾਦੀ ਸਾਹਮਣੇ ਤਾਂ ਭੁੱਖਮਰੀ ਦੇ ਹਾਲਾਤ ਪੈਦਾ ਹੋ ਗਏ ਹਨ। ਇਹ ਹਾਲਾਤ ਕੇਵਲ ਬਾਰਸ਼ ਨਾ ਹੋਣ ਕਾਰਨ ਨਹੀਂ ਹੋਏ ਹਨ ਜਿਵੇਂ ਕਿ ਸਰਕਾਰ ਵਾਰ-ਵਾਰ ਕਹਿਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਲਈ ਵਪਾਰੀਆਂ ਦੀ ਮੁਨਾਫਾਖੋਰੀ ਦੀ ਹਵਸ਼ ਅਤੇ ਉਸ ਨੂੰ ਸ਼ਹਿ ਦੇਣ ਵਾਲੀਆਂ ਸਰਕਾਰੀ ਨੀਤੀਆਂ ਜ਼ਿੰਮੇਵਾਰ ਹਨ। ਦਰਅਸਲ ਕੀਮਤ ਵਧਾਉਣ ਲਈ ਪੈਦਾਵਾਰ ਦੀ ਘਾਟ, ਮਾਨਸੂਨ ਆਦਿ ਮੁੱਖ ਕਾਰਨ ਹੈ ਹੀ ਨਹੀਂ। ਕੌਮਾਂਤਰੀ ਬਾਜ਼ਾਰ 'ਚ ਕੀਮਤਾਂ ਵਧਣਾ ਵੀ ਇਸ ਦਾ ਕਾਰਨ ਨਹੀਂ। ਜੇ ਅਜਿਹਾ ਹੁੰਦਾ ਤਾਂ ਕਣਕ ਤੇ ਚੌਲ ਦੀਆਂ ਕੀਮਤਾਂ ਡਿੱਗਣੀਆਂ ਚਾਹੀਦੀਆਂ ਸਨ।

ਮਹਿੰਗਾਈ ਦੀ ਅਸਲੀ ਵਜਾਹ ਇਹ ਹੈ ਕਿ ਖੇਤੀ ਦੀ ਉਪਜ ਦੇ ਕਾਰੋਬਾਰ 'ਤੇ ਵੱਡੇ ਵਪਾਰੀਆਂ, ਸਟੀਰਿਓ ਅਤੇ ਕਾਲਾਬਜ਼ਾਰੀਆਂ ਦਾ ਕਬਜ਼ਾ ਹੈ। ਇਹ ਹੀ ਜਿਣਸਾਂ ਦੇ ਭਾਅ ਤਹਿ ਕਰਦੇ ਹਨ ਅਤੇ ਜਾਣਬੁੱਝ ਕੇ ਬਜ਼ਾਰ 'ਚ ਕਿਲਤ ਪੈਦਾ ਕਰਕੇ ਚੀਜ਼ਾਂ ਦੇ ਭਾਅ ਵਧਾਉਂਦੇ ਹਨ। ਪਿਛਲੇ ਕੁਝ ਸਾਲਾਂ 'ਚ ਖੇਤੀ ਉਪਜ ਤੇ ਖ਼ੁਦਰਾ ਕਾਰੋਬਾਰ ਦੇ ਖੇਤਰ ਨੂੰ ਵੱਡੀਆਂ ਕੰਪਨੀਆਂ ਲਈ ਖੋਹਲ ਦੇਣ ਦੇ ਸਰਕਾਰ ਦੇ ਫੈਸਲੇ ਨਾਲ ਸਥਿਤੀ ਹੋਰ ਵਿਗੜ ਗਈ ਹੈ। ਆਪਣੀ ਭਾਰੀ ਪੂੰਜੀ ਅਤੇ ਤਾਕਤ ਦੇ ਜ਼ੋਰ ਇਹ ਕੰਪਨੀਆਂ ਬਾਜ਼ਾਰ ਤੇ ਪੂਰਾ ਕੰਟਰੋਲ ਕਾਇਮ ਕਰ ਸਕਦੀਆਂ ਹਨ ਅਤੇ ਮਨਮਾਨੀਆਂ ਕੀਮਤਾਂ ਤਹਿ ਕਰ ਸਕਦੀਆਂ ਹਨ। ਸਰਕਾਰ ਨੇ ਵਾਅਦਾ ਕਾਰੋਬਾਰ ਦੀ ਛੋਟ ਦੇ ਕੇ ਵਪਾਰੀਆਂ ਨੂੰ ਜਮਾਖੋਰੀ ਦਾ ਅੱਛਾ ਮੌਕਾ ਦੇ ਦਿੱਤਾ ਹੈ। ਹੁਣ ਸਰਕਾਰ ਬੇਸ਼ਰਮੀ ਨਾਲ ਕਹਿ ਰਹੀ ਹੈ ਕਿ ਜਮਾਖੋਰੀ ਕਾਰਨ ਮਹਿੰਗਾਈ ਵਧੀ ਹੈ, ਪਰ ਇਹਨਾਂ ਜਮਾਖੋਰਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਬਜਾਏ ਕੇਂਦਰ ਸਰਕਾਰ ਰਾਜ ਸਰਕਾਰਾਂ ਨੂੰ ਕਾਰਵਾਈ ਕਰਨ ਦੀ ਨਸੀਹਤ ਦੇ ਕੇ ਖੁਦ ਨੂੰ ਬਰੀ ਕਰ ਲੈਣਾ ਚਾਹੁੰਦੀ ਹੈ। ਪਰ ਕੇਂਦਰ ਹੋਵੇ ਜਾਂ ਰਾਜ ਸਰਕਾਰਾਂ ਜਮਾਖੋਰੀ ਕਰਨ ਵਾਲੇ ਵਪਾਰੀਆਂ 'ਤੇ ਕੋਈ ਹੱਥ

ਨਹੀਂ ਪਾਉਣਾ ਚਾਹੁੰਦਾ। ਹਰ ਪਾਰਟੀ 'ਚ ਇਹਨਾਂ ਵਪਾਰੀਆਂ ਦਾ ਦਖਲ ਹੈ ਅਤੇ ਸਭ ਪਾਰਟੀਆਂ ਇਹਨਾਂ ਤੋਂ ਕਰੋੜਾਂ ਰੁਪਏ ਦਾ ਚੰਦਾ ਲੈਂਦੀਆਂ ਹਨ। ਪਿਛਲੀਆਂ ਚੋਣਾਂ 'ਚ ਇਹਨਾਂ ਮੁਨਾਫਾਖੋਰਾਂ ਨੇ ਅਰਬਾਂ ਰੁਪਏ ਦਾ ਚੰਦਾ ਪਾਰਟੀਆਂ ਨੂੰ ਦੇ ਦਿੱਤਾ ਸੀ। ਪੂੰਜੀਵਾਦੀ ਨੀਤੀਆਂ ਕਾਰਨ ਅਨਾਜ ਦੀ ਪੈਦਾਵਾਰ 'ਚ ਕਮੀ ਆਉਂਦੀ ਜਾ ਰਹੀ ਹੈ। ਭਾਰਤ ਹੀ ਨਹੀਂ, ਪੂਰੀ ਦੁਨੀਆਂ 'ਚ ਅੱਜ ਖੇਤੀ ਸੰਕਟ ਹੈ। ਪੂੰਜੀਵਾਦ 'ਚ ਸਨਅਤ ਦੇ ਮੁਕਾਬਲੇ ਖੇਤੀ ਦਾ ਪਿਛੜਨਾ ਤਾਂ ਲਾਜ਼ਮੀ ਹੀ ਹੁੰਦਾ ਹੈ। ਪਰ ਭੂਮੰਡਲੀਕਰਨ ਦੇ ਦੌਰ ਦੀਆਂ ਨੀਤੀਆਂ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਅਮੀਰ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਕਿਸਾਨਾਂ ਨੂੰ ਭਾਰੀ ਸਬਸਿਡੀ ਦੇ ਕੇ ਖੇਤੀ ਨੂੰ ਮੁਨਾਫੇ ਦਾ ਸੌਦਾ ਬਣਾ ਕੇ ਰੱਖ ਰਹੇ ਹਨ। ਪਰ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਸਰਕਾਰੀ ਅਣਦੇਖੀ ਅਤੇ ਪੂੰਜੀ ਦੀ ਮਾਰ ਨੇ ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਕਮਰ ਤੋੜ ਦਿੱਤੀ ਹੈ। ਇਸ ਦਾ ਸਿੱਧਾ ਅਸਰ ਉਹਨਾਂ ਦੇਸ਼ਾਂ 'ਚ ਖਾਦ ਪੈਦਾਵਾਰ ਤੇ ਪੈ ਰਿਹਾ ਹੈ। ਵਿਸ਼ਵੀ ਪੈਮਾਨੇ ਤੇ ਖੇਤੀ ਦਾ ਕਾਰੋਬਾਰ ਮੁੱਠੀਭਰ ਦਿਉਕਦ ਕੰਪਨੀਆਂ ਦੇ ਕਬਜੇ 'ਚ ਆ ਚੁੱਕਿਆ ਹੈ। ਜੋ ਖਾਦ ਬੀਜ ਕੀਟਨਾਸ਼ਕ ਤੇ ਮਸ਼ੀਨਾਂ ਵਰਗੀ ਖੇਤੀ ਦੇ ਸਾਧਨਾਂ ਤੋਂ ਲੈ ਕੇ ਫਸਲਾਂ ਦੇ ਵਪਾਰ ਤੱਕ ਨੂੰ ਕੰਟਰੋਲ ਕਰਦੀ ਹੈ। ਇਹੀ ਕੰਪਨੀਆਂ ਇਥੇਨੌਲ ਦੀ ਪੈਦਾਵਾਰ ਨੂੰ ਹੱਲਾਸ਼ੇਰੀ ਦੇਣ ਲਈ ਸਰਕਾਰੀ ਸਬਸਿਡੀ ਦਾ ਵੀ ਫਾਇਦਾ ਉਠਾ ਰਹੀਆਂ ਹਨ। ਇਸ ਦਾ ਨਤੀਜਾ ਇਹ ਹੋ ਰਿਹਾ ਹੈ ਕਿ ਅਨਾਜ ਦੀ ਖੇਤੀ ਲਈ ਤਹਿ ਜ਼ਮੀਨਾਂ ਦੀ ਵਰਤੋਂ ਅਮੀਰਾਂ ਦੀਆਂ ਕਾਰਾਂ ਦੌੜਾਨ ਲਈ ਇਥੇਨਾਲ ਦੀ ਪੈਦਾਵਾਰ 'ਚ ਕੀਤਾ ਜਾ ਰਿਹਾ ਹੈ।

ਸਭ ਤੋਂ ਵੱਡਾ ਕਾਰਨ ਇਹ ਹੈ ਕਿ ਮੇਹਨਤਕਸ਼ ਜਨਤਾ ਦੀ ਮਜ਼ਦੂਰੀ 'ਚ ਲਗਾਤਾਰ ਆ ਰਹੀ ਗਿਰਾਵਟ ਕਾਰਨ ਉਸ ਦੀ ਖਰੀਦ ਸ਼ਕਤੀ ਘੱਟ ਹੁੰਦੀ ਜਾ ਰਹੀ ਹੈ। ਦੇਸ਼ ਦਾ ਅਰਥਚਾਰਾ ਜਦ ਚਮਕ ਰਿਹਾ ਸੀ ਤਦ ਵੀ ਆਮ ਮੇਹਨਤਕਸ਼ ਆਬਾਦੀ ਦੀ ਅਸਲੀ ਆਮਦਨ 'ਚ ਕੋਈ ਵਾਧਾ ਨਹੀਂ ਹੋਇਆ ਸੀ। ਭਾਰੀ ਅਰਧ-ਪ੍ਰੋਲੇਤਾਰੀ ਆਬਾਦੀ ਅਤੇ ਨਿਮਨ ਮੱਧ ਵਰਗ ਨੂੰ ਵੀ ਪੇਟ ਭਰਨ ਲਈ ਆਪਣੀਆਂ ਜ਼ਰੂਰਤਾਂ 'ਚ ਕਟੌਤੀ ਕਰਨੀ ਪੈ ਰਹੀ ਹੈ। ਬਹੁਤ ਵੱਡੀ ਆਬਾਦੀ ਛਾਂਟੀ ਤਨਖਾਹਾਂ 'ਚ ਕਟੌਤੀ ਅਤੇ ਬੇਰੁਜ਼ਗਾਰੀ ਕਾਰਣ ਤਬਾਹੀ ਦੇ ਕੰਢੇ 'ਤੇ ਹੈ ਪਰ ਇਸ ਆਬਾਦੀ ਲਈ ਸਰਕਾਰ ਪਾਸ ਕੋਈ ਰਾਹਤ ਯੋਜਨਾ ਨਹੀਂ ਹੈ। ਪਿੱਛੇ ਜਿਹੇ ਹੀ ਦੇਸ਼ ਦੇ ਕਈ ਸ਼ਹਿਰਾਂ 'ਚ ਕੀਤੇ ਗਏ ਇਕ ਸਰਵੇਖਣ 'ਚ ਲੋਕਾਂ ਨੇ ਆਪਣੇ ਲਈ ਸਭ ਤੋਂ ਵੱਡਾ ਖਤਰਾ ਮਹਿੰਗਾਈ ਦੱਸਿਆ ਹੈ। ਉਹਨਾਂ ਦੀ ਨਜ਼ਰ 'ਚ ਖਤਰਿਆਂ ਦੀ ਲਿਸਟ 'ਚ ਅੱਤਵਾਦੀ ਅੱਠਵੇਂ ਨੰਬਰ 'ਤੇ ਸੀ। ਅੰਬਾਲਾ ਦੇ ਇਕ ਸ਼ਹਿਰੀ ਨੇ ਕਿਹਾ ਕਿ ਦੇਸ਼ ਦੀ ਰਾਖੀ ਨੂੰ ਖਤਰਾ ਅੱਤਵਾਦ ਤੋਂ ਨਹੀਂ ਆਲੂ ਤੋਂ ਹੈ। ਜਦ ਆਲੂ 25 ਰੁਪਏ ਕਿਲੋ ਵਿਕੇਗਾ ਤਾਂ ਲੋਕ ਅੱਤਵਾਦੀ ਨਹੀਂ ਤਾਂ ਹੋਰ ਕੀ ਬਣਨਗੇ? ਥੈਲੀ ਸ਼ਾਹਾਂ ਦੀ ਸੇਵਾ 'ਚ ਲੱਗੇ ਦੇਸ਼ਾਂ ਦੇ ਹੁਕਮਰਾਨਾ ਨੂੰ ਤਾਂ ਇਹ ਜਾਨਲੇਵਾ ਮਹਿੰਗਾਈ ਕੋਈ ਸਮੱਸਿਆ ਨਜ਼ਰ ਨਹੀਂ ਆਉਂਦੀ ਪਰ ਗਰੀਬਾਂ ਦੇ ਅੰਦਰ ਸੁਲਗਦੀ ਗੁੱਸੇ ਦੀ ਅੱਗ ਨੂੰ ਹੁਣ ਬਹੁਤੇ ਦਿਨਾਂ ਤੱਕ ਦਬਾਅ ਕੇ ਨਹੀਂ ਰੱਖਿਆ ਜਾ ਸਕਦਾ।

-----✪✪-----

# ਗੰਨਾ ਉਤਪਾਦਕ ਕਿਸਾਨਾਂ ਦਾ ਅੰਦੋਲਨ

ਪੱਛਮੀ ਉਤਰ ਪ੍ਰਦੇਸ਼ ਇਹਨੀਂ ਦਿਨੀਂ ਗੰਨਾ ਪੈਦਾ ਕਰਨ ਵਾਲੇ ਕਿਸਾਨਾਂ ਵਿਚ ਬਹੁਤ ਰੋਹ ਹੈ। ਉਹ ਸਰਕਾਰ ਵੱਲੋਂ ਤਹਿ ਗੰਨੇ ਦੇ ਖਰੀਦ ਮੁੱਲ ਨੂੰ ਸਵੀਕਾਰ ਕਰਨ ਦੀ ਲਈ ਤਿਆਰ ਨਹੀਂ ਹੈ। ਉਹਨਾਂ ਦੀ ਮੰਗ ਹੈ ਕਿ ਉਹਨਾਂ ਨੂੰ ਫੀ ਕੁਇੰਟਲ 280 ਰੁਪਏ ਦਾ ਮੁੱਲ ਦਿੱਤਾ ਜਾਵੇ। ਕੇਂਦਰ ਸਰਕਾਰ ਵੱਲੋਂ ਐਲਾਨਿਆ ਮੁੱਲ ਸਿਰਫ 129 ਰੁਪਏ ਫੀ ਕੁਇੰਟਲ ਹੈ। ਉਤਰ ਪ੍ਰਦੇਸ਼ ਦੀ ਸਰਕਾਰ ਬੇਹਤਰ ਗੁਣਵੰਣਤਾ ਗੁਣਵੰਣਤਾ ਦਾ ਗੰਨਾ ਉਗਾਉਣ ਵਾਲੇ ਕਿਸਾਨਾਂ ਨੂੰ 170 ਰੁਪਏ ਫੀ ਕੁਇੰਟਲ ਤਕ ਦੇਣ ਨੂੰ ਤਿਆਰ ਹੈ, ਬੇਸ਼ਰਤੇ ਕੇਂਦਰ ਸਰਕਾਰ ਵੱਧ ਮੁੱਲ ਦੀ ਭਰਪਾਈ ਕਰ ਦੇਵੇ। ਗੰਨਾ ਉਤਪਾਦਕ ਕਿਸਾਨ ਵੱਧ ਮੁੱਲ ਲਈ ਪੈਦਾਵਾਰ ਕਰ ਰਹੇ ਹਨ। ਇਹ ਭਾਰਤੀ ਕਿਸਾਨ ਯੂਨੀਅਨ ਅਤੇ ਹੋਰ ਜਥੇਬੰਦੀਆਂ ਦੇ ਝੰਡੇ ਹੇਠ ਅਤੇ ਆਜ਼ਾਦ ਤੌਰ ’ਤੇ ਵੀ ਸੰਘਰਸਸ਼ੀਲ ਹਨ। ਕੁਝ ਕਿਸਾਨਾਂ ਨੇ ਤਾਂ ਆਪਣੀਆਂ ਫਸਲਾਂ ਨੂੰ ਖੇਤਾਂ ’ਚ ਅੱਗ ਲਾ ਦਿੱਤੀ। ਇਕ ਕਿਸਾਨ ਨੇ ਤਾਂ ਆਪਣੇ ਖੇਤ ਨੂੰ ਅੱਗ ਲਾਉਣ ਪਿੱਛੋਂ ਖੁਦ ਵੀ ਉਸ ਵਿੱਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ। ਏਨਾ ਹੀ ਨਹੀਂ, ਕਿਸਾਨਾਂ ਵਿਦੇਸ਼ਾਂ ਤੋਂ ਦਰਾਮਦ ਖੰਡ ਦਾ ਵੀ ਵਿਰੋਧ ਕਰ ਰਹੇ ਹਨ। ਸ਼ਾਮਲੀ ਸਟੇਸ਼ਨ ’ਤੇ ਇਕ ਨੰਬਰ ਨੂੰ ਕਿਸਾਨਾਂ ਨੇ ਇਕ ਮਾਲਗੱਡੀ ’ਤੇ ਕਬਜਾ ਕਰ ਲਿਆ ਜੋ ਗਾਂਧੀ ਧਾਮ ਬੰਦਰਗਾਹ ਤੋਂ ਕੱਚੀ ਖੰਡ ਲੈ ਕੇ ਆਈ ਸੀ। ਇਹ ਖੰਡ ਬ੍ਰਾਜੀਲ ਤੋਂ ਦਰਾਮਦ ਕੀਤੀ ਗਈ ਸੀ। ਵਿਰੋਧ ਕਾਰਣ ਚੀਨੀ ਨਾਲ ਲੱਦੀ ਮਾਲ ਗੱਡੀ ਨੂੰ ਵਾਪਸ ਬੰਦਰਗਾਹ ਭੇਜ ਦਿੱਤਾ ਗਿਆ। ਇਸ ਸਮੇਂ ਇਕ ਪਾਸੇ ਚੀਨੀ ਦੇ ਭਾਅ ਆਕਾਸ਼ ਛੂ ਰਹੇ ਹਨ ਅਤੇ ਸਰਕਾਰ ਚੀਨੀ ਦੀ ਦਰਾਮਦ ਲਈ ਇੰਤਜਾਮ ਕਰ ਰਹੀ ਹੈ। ਦੂਜੇ ਪਾਸੇ ਗੰਨਾ ਉਤਪਾਦਕ ਕਿਸਾਨ ਆਪਣੀ ਫਸਲ ਦਾ ਵੱਧ ਤੋਂ ਵੱਧ ਮੁੱਲ ਲੈਣ ਲਈ ਸੰਘਰਸ਼ ਕਰ ਰਹੇ ਹਨ। ਬਾਜ਼ਾਰ ਦਾ ਆਮ ਤਰਕ ਇਹ ਕਹਿੰਦਾ ਹੈ ਕਿ ਜੇ ਚੀਨੀ ਦੇ ਭਾਅ ਬਾਜ਼ਾਰ ’ਚ ਵਧ ਜਾਣ ਤਾਂ ਇਸ ਦਾ ਫਾਇਦਾ ਕਿਸਾਨਾਂ ਨੂੰ ਵੀ ਹੋਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਆਪਣੀ ਉਪਜ ਦਾ ਵੱਧ ਮੁੱਲ ਮਿਲਣਾ ਚਾਹੀਦਾ ਹੈ ਪਰ ਉਦਾਰੀਕਰਨ ਦੇ ਇਸ ਜਮਾਨੇ ’ਚ ਬਾਜ਼ਾਰ ਦਾ ਆਮ ਨਿਯਮ ਕੰਮ ਨਹੀਂ ਕਰਦਾ।

ਉਦਾਰੀਕ੍ਰਿਤ ਪੂੰਜੀਵਾਦ ਤੇ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੇ ਭਾਰਤ ਵਿੱਚ ਖੇਤਾਂ ਦੇ ਉਤਪਾਦਾਂ ਦੀ ਪੈਦਾਵਾਰ ਜਾਂ ਮੁੱਲ ਦੀ ਘਟਦੀ-ਵਧਦੀ ਦਾ ਸਾਰਾ ਫਾਇਦਾ ਵੱਡੇ ਵਪਾਰੀ, ਆੜਤੀਏ, ਦਰਾਮਦ-ਬਰਾਮਦਕਾਰ ਤੇ ਸਨਅਤੀ ਸਰਮਾਏਦਾਰ ਜਮਾਤ ਉਠਾ ਰਹੀ ਹੈ। ਹਾਂ, ਇਸ ਦਾ ਇਕ ਹਿੱਸਾ ਸਰਮਾਏਦਾਰ ਫਾਰਮਨਾ ਤੇ ਧਨੀ ਕਿਸਾਨਾਂ ਨੂੰ ਵੀ ਮਿਲਦਾ ਹੈ। ਜਦ ਦੇਸ਼ ’ਚ ਪੈਦਾਵਾਰ ਘੱਟ ਹੁੰਦੀ ਹੈ ਤਾਂ ਬਾਹਰੋਂ ਦਰਾਮਦ ਕਰਕੇ ਉਸ ਨੂੰ ਵਧੇ ਭਾਵਾਂ ’ਤੇ ਇਥੇ ਹੀ ਵੇਚਿਆ ਜਾਂਦਾ ਹੈ ਅਤੇ ਮੁਨਾਫਾ ਕਮਾਇਆ ਜਾਂਦਾ ਹੈ। ਜਦ ਪੈਦਾਵਾਰ ਵੱਧ ਹੁੰਦੀ ਹੈ ਤਾਂ ਭਾਅ ਡਿੱਗ ਪੈਂਦੇ ਹਨ ਅਤੇ ਆੜਤੀਏ ਤੇ ਵਪਾਰੀ ਉਸ ਨੂੰ ਸਸਤੇ ਭਾਵਾਂ ’ਤੇ ਖਰੀਦ ਕੇ ਸਟੋਰ ਕਰ ਲੈਂਦੇ ਹਨ ਅਤੇ ਪਿੱਛੋਂ ਭਾਅ ਵਧਣ ’ਤੇ ਵੇਚਦੇ ਹਨ ਜਾਂ ਬਾਹਰ ਦਰਾਮਦ ਕਰਦੇ ਹਨ। ਇਸ ਤਰ੍ਹਾਂ ਇਹ ਦੋਨਾਂ ਪਾਸਿਆਂ ਤੋਂ ਮੁਨਾਫਾ ਬਟੋਰਦੇ ਹਨ। ਖੰਡ ਦੇ ਮਾਮਲੇ ਸਬੰਧੀ ਵੀ

ਇਹੀ ਹੈ। ਇਸ 'ਚ ਚੀਨੀ ਮਿੱਲਾਂ ਦੇ ਮਾਲਕ ਵੱਡੇ ਵਪਾਰੀਆਂ ਤੋਂ ਦਰਾਮਦਕਾਰਾਂ-ਬਰਾਮਦਕਾਰਾਂ ਨੂੰ ਖ਼ੂਬ ਫਾਇਦਾ ਹੋ ਰਿਹਾ ਹੈ। ਧਾਂਦਲੀ ਦਾ ਤਾਂ ਇਹ ਆਲਮ ਹੈ ਕਿ ਚੀਨੀ ਮਿੱਲਾਂ ਦੇ ਮਾਲਕ ਸਾਲਾਂ ਤਕ ਕਿਸਾਨਾਂ ਨੂੰ ਭੁਗਤਾਨ ਨਹੀਂ ਕਰ ਰਹੇ ਹਨ। ਪਰ ਕਿਸਾਨਾਂ ਦੀ ਸਮੱਸਿਆ ਤੇ ਉਨ੍ਹਾਂ ਦੇ ਅੰਦੋਲਨ ਵੀ ਜਮਾਤੀ ਨਜ਼ਰੀਏ ਤੋਂ ਵੇਖਣ ਦੀ ਲੋੜ ਹੈ। ਕਿਸਾਨ ਅੱਜ ਜਾਗੀਰਦਾਰਾਂ, ਧਨੀ ਕਿਸਾਨਾਂ, ਦਰਮਿਆਨੇ ਕਿਸਾਨਾਂ ਨੂੰ ਛੋਟੇ ਕਿਸਾਨਾਂ 'ਚ ਵੰਡੇ ਹੋਏ ਹਨ। ਇਹਨਾਂ ਸਾਰਿਆਂ ਦੇ ਹਿੱਤ ਵੱਖੋ ਵੱਖਰੇ ਹਨ। ਉਦਾਰੀਕ੍ਰਿਤ ਪੂੰਜੀਵਾਦ ਤੋਂ ਵੀ ਵੱਖ-ਵੱਖ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਹੇ ਹਨ। ਉਦਾਰੀਕ੍ਰਿਤ ਪੂੰਜੀਵਾਦ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਲਗਾਤਾਰ ਤਬਾਹੀ ਵੱਲ ਧੱਕ ਰਿਹਾ ਹੈ। ਇਹਨਾਂ ਦੀ ਖੇਤੀ 'ਚ ਲਾਗਤਾਂ ਦੇ ਮੁੱਲ ਵਧ ਰਹੇ ਹਨ। ਜਦ ਕਿ ਇਹ ਫਸਲ ਦਾ ਜੋ ਭਾਅ ਹਾਸਲ ਕਰਦੇ ਹਨ, ਉਹ ਲਾਗਤਾ ਦੀ ਵੀ ਭਰਪਾਈ ਨਹੀਂ ਕਰ ਸਕਦਾ। ਇਸ ਦੇ ਸਿੱਟੇ ਵਜੋਂ ਉਹ ਕਰਜ਼ੇ 'ਚ ਡੁੱਬ ਰਹੇ ਹਨ। ਇਹਨਾਂ ਦੀ ਖੇਤੀ ਹੱਥਾਂ 'ਚ ਨਿਕਲ ਰਹੀ ਹੈ। ਜ਼ਿਆਦਾ ਤਿੱਖੀ ਤੇ ਝਟਕੇ ਨਾਲ ਮਾਰ ਝੱਲਣ ਵਾਲੇ ਛੋਟੇ ਤੇ ਦਰਮਿਆਨ ਕਿਸਾਨ ਇਸ ਨੂੰ ਝੱਲਣ 'ਚ ਬੇਹਾਲ ਹੋ ਰਹੇ ਹਨ ਅਤੇ ਉਹ ਆਤਮ ਹੱਤਿਆ ਵੱਲ ਵਧ ਰਹੇ ਹਨ। ਇਸ ਦੇ ਮੁਕਾਬਲੇ ਧਨੀ ਕਿਸਾਨਾਂ, ਵੱਡੇ ਭੋਇੰ ਮਾਲਕਾਂ ਨੂੰ ਉਦਾਰੀਕ੍ਰਿਤ ਪੂੰਜੀਵਾਦ ਨੂੰ ਕੁਲ ਮਿਲਾ ਕੇ ਫਾਇਦਾ ਹੈ 'ਦੇਸ਼ 'ਚ ਖੇਤੀ ਵਸਤਾਂ ਦੀ ਖਰੀਦ ਵੇਚ ਦਾ ਬਾਜ਼ਾਰ ਜਿੰਨਾ ਬੇਲਗਾਮ ਹੋਇਆ ਹੈ ਅਤੇ ਮੀਡੀਆ ਦਾ ਏਕੀਕਰਣ ਹੋਇਆ ਹੈ ਉਸ ਨਾਲ ਇਹਨਾਂ ਨੂੰ ਫਾਇਦਾ ਪਹੁੰਚਿਆ ਹੈ। ਆੜਤੀਆ ਵੱਡੇ ਵਪਾਰੀਆਂ ਨਾਲ ਇਹ ਇਕ ਹੱਦ ਤੱਕ ਸੌਦੇਬਾਜੀ ਕਰ ਲੈਂਦੇ ਹਨ। ਸਰਕਾਰ ਦੀ ਪਿੰਡਾਂ 'ਚ ਈ-ਖੇਤੀ ਅਤੇ ਫਸਲਾਂ 'ਚ ਵਾਅਦਾ ਬਾਜ਼ਾਰ ਫਸਲ ਬੀਮਾ ਆਦਿ ਦਾ ਫਾਇਦਾ ਇਹਨਾਂ ਨੂੰ ਹੀ ਮਿਲਣਾ ਹੈ।

ਇਹ ਵੀ ਪੇਂਡੂ ਹਲਕੇ 'ਚ ਖੇਤ ਮਜ਼ਦੂਰਾਂ ਦੀ ਲੁੱਟ ਕਰਦੇ ਹਨ। ਪਰ ਨਾਲ ਹੀ ਇਹ ਤੱਥ ਵੀ ਹੈ ਕਿ ਅੱਜ ਦੁਨੀਆ ਭਰ 'ਚ ਖੇਤੀ ਸੰਕਟ ਦਾ ਸ਼ਿਕਾਰ ਹੈ। ਭਾਰਤ ਦੀ ਖੇਤੀ ਵੀ ਸੰਕਟ ਦੀ ਸ਼ਿਕਾਰ ਹੈ। ਉਦਾਰੀਕ੍ਰਿਤ ਪੂੰਜੀਪਤੀ ਵਰਗ ਅੱਜ ਵੀ ਹਾਵੀ ਹੈ। ਅਜਿਹੇ 'ਚ ਪਿੰਡਾਂ ਦੇ ਖੇਤੀ ਹਰ ਪੂੰਜੀਪਤੀ ਕਿਸ ਹੱਦ ਤਕ ਦਬਾਅ ਮਹਿਸੂਸ ਕਰ ਰਹੇ ਹਨ। ਆਪਣੀ ਉਹ ਖੇਤਰੀ ਕੁਲਕ ਪਾਰਟੀਆਂ ਦੇ ਬਾਵਜੂਦ ਇਹ ਦਬਾਅ ਮਹਿਸੂਸ ਕਰ ਰਹੇ ਹਨ ਕਿਉਂਕਿ ਇਹ ਪਾਰਟੀਆਂ ਵੱਡੇ ਪੂੰਜੀਪਤੀ ਵਰਗ ਦੇ ਛੋਟੇ ਸੇਵਕ ਦੀ ਭੂਮਿਕਾ ਨਿਭਾ ਸਕਦੇ ਹਨ। ਮੌਜੂਦਾ ਗੰਨਾ ਕਾਸ਼ਤਕਾਰ ਕਿਸਾਨਾਂ ਦੇ ਸੰਘਰਸ਼ ਦੀ ਅਗਵਾਈ ਵੀ ਧਨੀ ਕਿਸਾਨਾਂ ਕਰ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਉਹਨਾਂ ਦੀ ਹਿੱਤ ਸਾਧਕ ਹੈ। ਪਰ ਨਾਲ ਹੀ ਇਹ ਵੀ ਸੱਚ ਹੈ ਕਿ ਨਕਦੀ ਫਸਲਾਂ ਉਗਾਉਣ ਦੇ ਲਾਲਚ ਦੇ ਸ਼ਿਕਾਰ ਦਰਮਿਆਨੇ ਤੇ ਛੋਟੇ ਕਿਸਾਨ ਵੀ ਇਸ ਅੰਦੋਲਨ 'ਚ ਸ਼ਾਮਲ ਹਨ। ਉਹ ਵੀ ਆਪਣੇ ਗੰਨੇ ਦਾ ਵਧ ਭਾਅ ਚਾਹੁੰਦੇ ਹਨ ਜਿਸ ਨਾਲ ਘੱਟੋ ਘੱਟ ਲਾਗਤਾਂ ਦੀ ਹੀ ਪੂਰਤੀ ਹੋ ਜਾਵੇ। ਕਹਿਣ ਦੀ ਗੱਲ ਨਹੀਂ ਕਿ ਗੰਨੇ ਦੇ ਭਾਅ ਵਧਣ ਨਾਲ ਸਭ ਤੋਂ ਵੱਧ ਫਾਇਦਾ ਪੂੰਜੀਵਾਦੀ ਫਾਰਮਰਾਂ ਤੇ ਧਨੀ ਕਿਸਾਨਾਂ ਨੂੰ ਹੋਣਾ ਹੈ। ਲੜਾਈ ਲੜਨਗੇ ਛੋਟੇ ਤੇ ਦਰਮਿਆਨੇ ਕਿਸਾਨ ਫਾਇਦਾ ਉਠਾਉਣਗੇ ਧਨੀ ਕਿਸਾਨ ਤੇ ਵੱਡੇ ਭੋਇੰ ਮਾਲਕ। ਦੂਜੇ ਪਾਸੇ ਵਧੇ ਹੋਏ ਭਾਵਾਂ ਦੀ ਮਾਰ ਝੱਲੇਗਾ। ਮਜ਼ਦੂਰ ਵਰਗ ਗਰੀਬ ਕਿਸਾਨ ਅਤੇ ਅਰਧ ਪ੍ਰੋਲੇਤਾਰੀ ਪਿੰਡਾਂ ਤੇ ਸ਼ਹਿਰਾਂ ਦਾ ਮਜ਼ਦੂਰ ਵਰਗ ਅਤੇ

ਗਰੀਬ ਆਬਾਦੀ ਵਧੇ ਹੋਏ ਭਾਵਾਂ ਦਾ ਫਾਇਦਾ ਉਠਾਉਣਗੇ। ਧਨੀ ਲੋਕ ਅਤੇ ਮਾਰੇ ਖਾਊ ਗਰੀਬ ਅਜਿਹੇ 'ਚ ਮਜ਼ਦੂਰ ਜਮਾਤ ਦੀ ਮੰਗ ਇਹ ਹੋਣੀ ਚਾਹੀਦੀ ਹੈ ਕਿ ਉਹਨਾਂ ਵਧੇ ਹੋਏ ਭਾਵਾਂ ਦੀ ਮਾਰ ਤੋਂ ਬਚਾਉਣ ਲਈ ਸਰਕਾਰ ਉਹਨਾਂ ਨੂੰ ਸਸਤੇ ਭਾਅ ਖੰਡ ਮੁਹੱਈਆ ਕਰਵਾਵੇ। ਸਰਕਾਰ ਰਾਸ਼ਣ ਪ੍ਰਣਾਲੀ ਨੂੰ ਦਰੁਸਤ ਕਰੇ ਅਤੇ ਉਸ ਉਪਰ ਸਸਤੇ ਭਾਅ 'ਤੇ ਰਾਸ਼ਣ ਮੁਹੱਈਆ ਕਰਵਾਵੇ। ਜਿੱਥੋਂ ਤਕ ਕਿਸਾਨਾਂ ਨੂੰ ਵੱਧ ਮੁੱਲ ਦਾ ਸੁਆਲ ਹੈ ਤਾਂ ਸਰਕਾਰ ਵਿਭੇਦੀ ਨੀਤੀ ਅਪਣਾਏ। ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਫਸਲ ਨੂੰ ਸਹੀ ਮੁੱਲ 'ਤੇ ਖਰੀਦਣ ਦਾ ਸਰਕਾਰ ਪ੍ਰਬੰਧ ਕਰੇ। ਧਨੀ ਕਿਸਾਨਾਂ ਅਤੇ ਵੱਡੇ ਭੋਇੰ ਮਾਲਕਾਂ ਨੂੰ ਬਾਜ਼ਾਰ ਦੇ ਹਵਾਲੇ ਛੱਡ ਦਿੱਤਾ ਜਾਵੇ। ਸਰਕਾਰ ਇਹਨਾਂ ਸਾਰਿਆਂ ਲਈ ਧਨ ਬਹੁਤ ਆਸਾਨੀ ਨਾਲ ਹਾਸਲ ਕਰ ਸਕਦੀ ਹੈ। ਸਰਮਾਏਦਾਰ ਜਮਾਤ 'ਤੇ ਟੈਕਸ ਲਾ ਕੇ ਇਸ ਨੂੰ ਹਾਸਲ ਕੀਤਾ ਜਾ ਸਕਦਾ ਹੈ। ਪੂੰਜੀਵਾਦੀ ਪ੍ਰਬੰਧ ਦੇ ਦਾਇਰੇ 'ਚ ਛੋਟੇ ਤੇ ਮੱਧਵਰਗੀ ਕਿਸਾਨਾਂ ਤੇ ਗਰੀਬ ਆਦਮੀ ਨੂੰ ਇਸ ਤਰ੍ਹਾਂ ਰਾਹਤ ਮਿਲ ਸਕਦੀ ਹੈ। ਸਮੱਸਿਆਵਾਂ ਦੀ ਅਸਲੀ ਹੱਲ ਤਾਂ ਲੁਟੇਰੇ ਅਰਧ ਜਗੀਰੂ ਅਰਧ ਬਸਤੀਵਾਦੀ ਪ੍ਰਬੰਧ ਦੇ ਖਾਤਮੇ ਨਾਲ ਹੀ ਹੈ।

-----✪✪-----

# ਕਿਤੇ ਬੈਂਕ ਤੁਹਾਨੂੰ ਬਲੀ ਦਾ ਬੱਕਰਾ ਤਾਂ ਨਹੀਂ ਬਣਾ ਰਹੇ?

ਟਰਨ-ਟਰਨ ਘੰਟੀ ਵੱਜਦੀ ਹੈ, ਦਰਵਾਜਾ ਖੁੱਲ੍ਹਦਾ ਹੈ ਸਾਹਮਣੇ ਕੋਰੀਅਰ ਵਾਲਾ ਖੜ੍ਹਾ ਹੈ। ਲਿਫਾਫਾ ਲੈ ਕੇ ਧੰਨਵਾਦ ਕਹਿੰਦੀ ਹੈ ਨੀਲਮ ਰਾਣੀ ਅੰਦਰ ਜਾ ਕੇ ਲਿਫਾਫਾ ਖੋਹਲਿਆ ਤਾਂ ਉਹ ਹੱਕੀ ਬੱਕੀ ਰਹਿ ਗਈ। ਬੈਂਕ ਦੀ ਸਟੇਟਮੈਂਟ ਪੜ੍ਹ ਕੇ ਮੱਥੇ ਤਿਊੜੀ ਪੈ ਗਈ ਆਖਰ ਐਸਾ ਕੀ ਸੀ ਉਸ ਵਿਚ ਦਰਅਸਲ ਸਟੇਟਮੈਂਟ ਜੋ ਆਈ ਉਸ ਦੇ ਅਕਾਊਂਟ 'ਚ ਜੀਰੋ ਬੈਲੇਂਸ ਵਿਖਾਇਆ ਤੇ ਫਿਰ ਮਾਈਨਸ ਖ਼ਾਤਾ ਉਹ ਫਟਾਫਟ ਬੈਂਕ ਪਹੁੰਚੀ। ਸਿੱਧਾ ਬੈਂਕ ਮੈਨੇਜਰ ਨੂੰ ਜਾ ਕੇ ਪੁੱਛਿਆ ਕਿ ਆਪ ਨੇ ਤਾਂ ਕਿਹਾ ਸੀ ਦਸ ਹਜ਼ਾਰ ਨਾਲ ਖਾਤਾ ਖੁੱਲ੍ਹਵਾ ਲਓ ਜੀਰੋ ਬੈਲੇਂਸ 'ਤੇ ਯਾਨੀ ਉਸ ਦਸ ਹਜ਼ਾਰ ਨੂੰ ਤੁਸੀਂ ਕਢਵਾ ਵੀ ਸਕਦੇ ਹੋ। ਫਿਰ ਇਹ ਦਸ ਹਜ਼ਾਰ ਜਮ੍ਹਾ ਕਰਾਉਣ ਲਈ ਸਟੇਟਮੇਂਟ ਕਿਉਂ ਭੇਜੀ? ਤਦ ਮੈਨੇਜਰ ਨੇ ਸਾਫ ਸਾਫ ਕਿਹਾ ਕਿ ਤੁਹਾਡੇ ਘੱਟੋ ਘੱਟ ਬੈਲੇਂਸ ਦੀਆਂ ਕੁਝ ਸ਼ਰਤਾਂ ਤੇ ਅਰਸਾ ਵੀ ਹੈ। ਜਿਸ ਦੀ ਪਾਲਣਾ ਨਾ ਕਰਨ 'ਤੇ ਆਮ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਰਅਸਲ ਦੇਸ਼ 'ਚ ਬੈਂਕ ਚਾਰਜਿਜ਼ ਦਾ ਰਿਵਾਜ ਉਦਾਰੀਕਰਨ ਤੇ ਨਿੱਜੀਕਰਨ ਦੀ ਨੀਤੀ ਕਾਰਨ ਪ੍ਰਾਈਵੇਟ ਬੈਂਕਾਂ ਦੇ ਆਉਣ ਪਿੱਛੋਂ ਹੀ ਤੇਜ਼ੀ ਨਾਲ ਵਧਿਆ ਹੈ। ਅੱਜ ਬੈਂਕਿੰਗ ਸੈਕਟਰੀ ਵਿੱਚ ਗਾਹਕਾਂ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਹਨ, ਪਰ ਇਹ ਵੀ ਸਹੀ ਹੈ ਕਿ ਇਨ੍ਹਾਂ 'ਚੋਂ ਬਹੁਤਿਆਂ ਲਈ ਬੈਂਕ ਸੇਵਾ ਟੈਕਸ ਜਾਂ ਸਰਵਿਸ ਚਾਰਜਿਜ ਵਸੂਲ ਕਰਦੇ ਹਨ। ਆਪ ਨੇ ਖੁਦ ਮਹਿਸੂਸ ਕੀਤਾ ਹੋਵੇਗਾ ਕਿ ਅੱਜ ਛੋਟੀ ਤੋਂ ਛੋਟੀ ਬੈਂਕਿੰਗ ਸੇਵਾ ਜਾਂ ਸਹੂਲਤ ਵੀ ਫ੍ਰੀ ਨਹੀਂ ਹੈ। ਅੱਜਕੱਲ੍ਹ ਬੈਂਕ ਹਰ ਥਾਂ ਦੇ ਲੈਣ ਦੇਣ ਜਾਂ ਵਿਹਾਰ ਲਈ 25 ਤੋਂ 1000 ਰੁਪਏ ਤੱਕ ਚਾਰਜਿਜ਼ ਵਸੂਲ ਕਰ ਰਹੇ ਹਨ। ਜੋ ਲੋਕ ਇਹਨਾਂ ਦੇ ਕਾਇਦੇ ਕਾਨੂੰਨ ਤੋਂ ਅਣਜਾਣ ਹਨ ਜਾਂ ਇਸ ਬਾਰੇ ਸਾਵਧਾਨ ਨਹੀਂ ਹਨ, ਉਹ ਗਲ-ਗਲ 'ਤੇ ਬੈਂਕ ਚਾਰਜਿਜ਼ ਦੇਣ ਲਈ ਮਜ਼ਬੂਰ ਹੋ ਜਾਂਦੇ ਹਨ।

ਘੱਟੋ-ਘੱਟ ਬੈਲੇਂਸ ਨਾ ਹੋਣ 'ਤੇ ਜਦ ਬੈਂਕ ਦਾ ਸਟਾਫ ਤੁਹਾਡੇ ਕੋਲ ਆਉਂਦਾ ਹੈ ਤਾਂ ਕਹਿੰਦਾ ਹੈ ਕਿ ਤੁਹਾਨੂੰ ਘੱਟੋ ਘੱਟ ਬੈਲੇਂਸ ਰੱਖਣ ਦੀ ਲੋੜ ਨਹੀਂ ਹੈ। ਜਿਸ ਦੀ ਵਜਾਹ ਕਰਕੇ ਗਾਹਕ ਬੈਂਕ ਵਿਚ ਆਪਣਾ ਖਾਤਾ ਖੋਹਲਣ ਲਈ ਉਤਸੁਕ ਹੋ ਜਾਂਦੇ ਹਨ। ਕਿਉਂਕਿ ਇਸ ਨਾਲ ਗਾਹਕ 'ਤੇ ਵਾਧੂ ਬੋਝ ਨਹੀਂ ਪੈਂਦਾ ਹੈ। ਪਰ ਬਾਅਦ 'ਚ ਇਹ ਉਹਨਾਂ ਲਈ ਕਿਸੇ ਝਟਕੇ ਤੋਂ ਘੱਟ ਨਹੀਂ ਹੁੰਦਾ ਕਿ ਘੱਟੋ ਘੱਟ ਬੈਲੇਂਸ ਨਾ ਰੱਖਣ 'ਤੇ ਉਹਨਾਂ ਨੂੰ ਵਾਧੂ ਚਾਰਜਿਜ਼ ਦੇਣਾ ਪੈਂਦਾ ਹੈ। ਆਮ ਤੌਰ 'ਤੇ ਇਸ ਟੈਕਸ ਨੂੰ ਤੁਹਾਡੇ ਬੈਂਕ 'ਚੋਂ ਕੱਟ ਲਿਆ ਜਾਂਦੈ। ਦੂਜਾ ਬੈਂਕ 'ਚ ਕੁਝ ਘੱਟੋ ਘੱਟ ਅਕਾਊਂਟ ਰੱਖਣ ਦੀ ਵਜਾਹ ਕਾਰਨ ਗਾਹਕ ਦਾ ਪੈਸਾ ਲਾਕ ਹੋ ਜਾਂਦਾ ਹੈ। ਬੈਂਕ ਇਹ ਵੀ ਵਾਅਦਾ ਕਰਦੀ ਹੈ ਕਿ ਬੈਂਕ ਬਹੁਤ ਸਾਰੀਆਂ ਮੁਫਤ ਸਹੂਲਤਾਂ ਕਰਵਾ ਰਿਹਾ ਹੈ। ਨਾਲ ਹੀ ਡੀਮੇਟ ਅਕਾਊਂਟ ਨੂੰ ਬਿਲਕੁਲ ਫ੍ਰੀ ਕਿਹਾ ਜਾਂਦਾ ਹੈ ਪਰ ਅਸਲੀਅਤ ਇਹ ਹੈ ਕਿ ਇਹਨਾਂ ਅਕਾਊਂਟ 'ਤੇ ਬੈਂਕ ਸਲਾਨਾ ਟੈਕਸ ਲੈਂਦੇ ਹਨ। ਅਜਿਹੇ 'ਚ ਅਕਾਊਂਟ ਖੋਹਲਣ ਨਾਲ ਇਸ ਦੇ ਬਾਰੇ ਪੂਰੀ ਤਫਸੀਸ਼ ਕਰ ਲੈਣੀ ਚਾਹੀਦੈ। ਅਕਾਊਂਟ ਖੋਹਲਣ ਵਕਤ ਉਸਦੇ ਫੀਚਰ, ਉਸ ਦੇ ਚਾਰਜਿਜ਼ ਬਾਰੇ ਜਾਣਕਾਰੀ ਕਰ ਲੈਣੀ ਚਾਹੀਦੀ ਹੈ

ਕਿਉਂਕਿ ਕਦੀ ਕਦੀ ਬੈਂਕ ਏਜੰਟ ਵੱਲੋਂ ਦੱਸੀ ਜਾਣਕਾਰੀ ਅਤੇ ਅਕਾਊਂਟ ਦੇ ਫੀਚਰ 'ਚ ਫਰਕ ਹੁੰਦਾ ਹੈ, ਐਚ. ਡੀ. ਐਫ. ਸੀ. ਦੇ ਪ੍ਰਬੰਧਕ ਰੁਚਿਨ ਵਰਮਾ ਇਸ ਬਾਰੇ ਕਹਿੰਦੇ ਹਨ ਕਿ ਬੈਂਕ ਕੋਈ ਗੁਪਤ ਰਾਸ਼ੀ ਨਹੀਂ ਲੈਂਦਾ ਬਲਕਿ ਜੋ ਵੀ ਸ਼ਰਤਾਂ 'ਚ ਹੁੰਦਾ ਹੈ। ਉਹੀ ਲਾਗੂ ਹੁੰਦਾ ਹੈ। ਜਿਵੇਂ ਘੱਟੋ ਘੱਟ ਬੈਲੇਂਸ ਬਾਰੇ ਮੰਨ ਲਓ ਜੇ ਤੁਹਾਡਾ ਅਕਾਊਂਟ 'ਚ 30 ਰੁਪਏ ਹਨ ਅਤੇ ਆਪ ਇਕ ਮਹੀਨੇ ਬਾਅਦ ਕੱਢ ਲੈਂਦੇ ਹੋ ਤਾਂ ਦੋ ਮਹੀਨੇ ਤਕ ਯਾਨੀ 60 ਦਿਨ ਤਕ ਤੁਹਾਨੂੰ ਕੋਈ ਚਾਰਜਿਜ਼ ਨਹੀਂ ਲੱਗੇਗਾ। ਉਸ ਪਿੱਛੋਂ 750 ਰੁਪਏ ਚਾਰਜਿਜ਼ ਲਾਇਆ ਜਾਂਦਾ ਹੈ। ਜੇ ਤੁਸੀਂ 90 ਦਿਨ ਤਕ ਪੈਸੇ ਜਮ੍ਹਾ ਕਰਵਾ ਦਿੰਦੇ ਹੋ ਤਾਂ ਕੋਈ ਚਾਰਜਿਜ਼ ਨਹੀਂ ਲੱਗੇਗਾ। ਰੁਚੀ ਡੀਮੈਂਟ 'ਤੇ ਲੱਗਣ ਵਾਲੇ ਚਾਰਜਿਜ਼ ਬਾਰੇ ਕਹਿੰਦੇ ਹਨ ਕਿ ਇਹ ਪਹਿਲੇ ਸਾਲ ਫ੍ਰੀ ਹੁੰਦਾ ਹੈ ਜਦ ਕਿ ਦੂਜੇ ਸਾਲ ਤੋਂ ਬੈਂਕ ਆਪਣੇ ਆਪਣੇ ਹਿਸਾਬ ਨਾਲ ਚਾਰਜਿਜ਼ ਲਾਉਂਦਾ ਹੈ। ਇਹ ਛੁਪੀ ਹੋਈ ਸ਼ਰਤ ਵੀ ਨਹੀਂ ਹੈ।

**ਖਾਤਾ ਬੰਦ ਕਰਨ ਦਾ ਚਾਰਜਿਜ਼** : ਨਿੱਜੀ ਬੈਂਕ ਖਾਤਾ ਖੋਹਲਣ ਲਈ ਆਪ ਉਥੇ ਚੱਕਰ ਲਾਉਂਦੇ ਨਜ਼ਰ ਆਉਣਗੇ ਪਰ ਜਦ ਆਪਾ ਨੂੰ ਖਾਤਾ ਬੰਦ ਕਰਨ ਦੀ ਲੋੜ ਹੋਵੇਗੀ ਤਾਂ ਦਿੱਕਤ ਦਾ ਸਾਹਮਣਾ ਕਰਨਾ ਪਵੇਗਾ। ਇਸ ਮਾਮਲੇ 'ਚ ਵੀ ਸਾਵਧਾਨੀ ਵਰਤਣੀ ਚਾਹੀਦੀ ਹੈ। ਬਹੁਤੇ ਨਿੱਜੀ ਬੈਂਕ ਖਾਤਾ ਬੰਦ ਕਰਨ 'ਤੇ ਵੀ ਚਾਰਜਿਜ਼ ਵਸੂਲ ਕਰਦੇ ਹਨ। ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਬਾਰੇ ਗਾਹਕਾਂ ਨੂੰ ਪਹਿਲਾਂ ਪਤਾ ਕਰ ਲੈਣਾ ਚਾਹੀਦਾ ਹੈ। ਹਰ ਬੈਂਕ ਖਾਤਾ ਬੰਦ ਕਰਨ ਦੀ ਆਪਣੀ ਫੀਸ ਆਦਿ ਦਾ ਸਾਫ ਸਾਫ ਵੇਰਵਾ ਪਹਿਲਾਂ ਮੁਹੱਈਆ ਕਰਵਾ ਦਿੰਦੇ ਹਨ ਪਰ ਕਈ ਗਾਹਕ ਸ਼ੁਰੂਆਤ ਵਿਚ ਇਸ 'ਤੇ ਗੌਰ ਨਹੀਂ ਕਰਦੇ ਇਸ ਵਜਾਹ ਕਰਕੇ ਉਹ ਬਾਅਦ 'ਚ ਆਪਣੇ ਆਪ ਨੂੰ ਫਸਿਆ ਮਹਿਸੂਸ ਕਰਦੇ ਹਨ।

**ਹਰ ਬੈਂਕ ਦੇ ਨਿਯਮ ਵੱਖਰੇ** : ਜਾਣਕਾਰਾਂ ਦਾ ਕਹਿਣਾ ਹੈ ਕਿ ਖਾਤਾ ਬੰਦ ਕਰਨ ਸਬੰਧੀ ਹਰ ਬੈਂਕ ਦੇ ਨਿਯਮ ਵੱਖੋ-ਵੱਖਰੇ ਹਨ ਇਸ ਲਈ ਉਹਨਾਂ ਨੇ ਆਪਣੇ ਆਪਣੇ ਚਾਰਜਿਜ਼ ਵੀ ਐਲਾਨੇ ਹੋਏ ਹਨ। ਗਾਹਕਾਂ ਨੂੰ ਐਗਜ਼ਿਟ ਚਾਰਜ ਵਜੋਂ ਬੈਂਕ ਨੂੰ 100 ਤੋਂ 500 ਰੁਪਏ ਤਕ ਦੇਣੇ ਪੈ ਸਕਦੇ ਹਨ। ਐਚ. ਐਸ. ਬੀ. ਸੀ. ਬੈਂਕ ਖਾਤਾ ਬੰਦ ਕਰਨ 'ਤੇ ਸਭ ਤੋਂ ਵੱਧ 500 ਰੁਪਏ ਵਸੂਲ ਕਰਦੇ ਹਨ। ਆਈ. ਸੀ. ਆਈ. ਸੀ. ਆਈ. ਬੈਂਕ 400 ਰੁਪਏ, ਏ. ਬੀ. ਐਨ. ਐਮਰੋ 336 ਰੁਪਏ ਅਤੇ ਯਸ ਬੈਂਕ ਤੇ ਐਚ. ਡੀ. ਐਫ. ਸੀ. ਬੈਂਕ 100 ਰੁਪਏ ਵਸੂਲ ਕਰਦਾ ਹੈ। ਰੁਚਿਨ ਕਹਿੰਦੇ ਹਨ ਕੋਈ ਵੀ ਖਾਤਾ ਬੰਦ ਹੋਣ 'ਤੇ ਬੈਂਕ ਲਈ ਘਾਟਾ ਕਿਹਾ ਜਾਂਦਾ ਹੈ। ਜੇ ਆਪ ਛੇ ਮਹੀਨੇ ਅੰਦਰ ਅਕਾਊਂਟ ਬੰਦ ਕਰਦੇ ਹੋ ਤਾਂ ਬੈਂਕ ਚਾਰਜਿਜ਼ ਲੈਂਦਾ ਹੈ। ਕਿਉਂਕਿ ਉਸ ਤੋਂ ਵੱਧ ਤਾਂ ਉਸ ਦੇ ਮੈਂਟੇਨੇਸ 'ਤੇ ਖਰਚ ਹੁੰਦਾ ਹੈ। ਕੁਝ ਬੈਂਕ ਅਰਸੇ 'ਚ ਛੋਟ ਦਿੰਦੇ ਹਨ ਜਿਵੇਂ ਸਟੇਟ ਬੈਂਕ ਆਫ ਇੰਡੀਆ ਇਕ ਸਾਲ ਦੇ ਅਰਸੇ ਅੰਦਰ ਜੇ ਤੁਸੀਂ ਖਾਤਾ ਬੰਦ ਕਰਦੇ ਹੋ ਤਾਂ ਤੁਹਾਡੇ ਕੋਲ 100 ਰੁਪਏ ਲੈਂਦਾ ਹੈ। ਅਕਸਰ ਵੇਖਣ ਵਿਚ ਆਉਂਦਾ ਹੈ ਕਿ ਵਿਦੇਸ਼ ਜਾਂਦੇ ਸਮੇਂ ਲੋਕ ਰੁਪਏ ਨੂੰ ਡਾਲਰ ਜਾਂ ਯੂਰੋ 'ਚ ਬਦਲਣਾ ਚਾਹੁੰਦੇ ਹਨ, ਪਰ ਉਹ ਇਸ ਸਬੰਧੀ ਸ਼ੱਕ ਰਹਿੰਦਾ ਹੈ ਕਿ ਕੀ ਇਸ ਨੂੰ ਬੈਂਕ ਰਾਹੀਂ ਬਦਲਿਆ ਜਾ ਸਕਦਾ ਹੈ ਤੇ ਜੇ ਬਦਲਿਆ ਜਾ ਸਕਦਾ ਹੈ ਤਾਂ ਕਿਸ ਮਨਜੂਰਸ਼ੁਦਾ ਡੀਲਰ ਜਾਂ

ਬੈਂਕ ਜਿਸ ਨਾਲ ਤੁਹਾਡੇ ਬੈਕਿੰਗ ਸਬੰਧ ਹਨ, ਸੰਪਰਕ ਕਰ ਸਕਦੇ ਹਨ। ਸਾਰੇ ਬੈਂਕ ਆਪਣੇ ਅਕਾਊਂਟਰੇਟ ਵੈਬਸਾਈਟ ’ਤੇ ਪ੍ਰਕਾਸ਼ਿਤ ਕਰਦੇ ਹਨ। ਇਹ ਰੇਟ ਸਾਰੇ ਬੈਂਕ ’ਚ ਇਕੋ ਜਿਹੇ ਨਹੀਂ ਹੁੰਦੇ। ਕਿਸੇ ਬੈਂਕ ਨਾਲ ਬੈਂਕਿੰਗ ਸਬੰਧ ਹੋਣ ’ਤੇ ਆਪ ਯੂਰੋ ਹਾਸਲ ਕਰ ਸਕਦੇ ਹੋ ਹਾਲਾਂਕਿ ਕਿਨਾ ਫਾਰੇਨ ਐਕਸਚੇਂਜ ਤੁਸੀਂ ਲੈ ਸਕਦੇ ਹੋ ਇਹ ਆਪਦੇ ਵਿਦੇਸ਼ੀ ਦੌਰ ਦੇ ਉਦੇਸ਼ ’ਤੇ ਨਿਰਭਰ ਕਰਦਾ ਹੈ।

**ਰਿਕਾਰਡ ਦੀ ਕੀਮਤ** : ਹਰ ਮਸਲੇ ’ਤੇ ਜ਼ਿਆਦਾਤਰ ਬੈਂਕ ਦਾ ਇਕ ਹੀ ਤਰਕ ਹੁੰਦਾ ਹੈ ਉਹਨਾਂ ਦਾ ਕਹਿਣਾ ਹੈ ਕਿ ਬੈਂਕਾਂ ਨੂੰ ਖਾਤਾ ਖੋਹਲਦੇ ਵਕਤ ਕਈ ਤਰ੍ਹਾਂ ਦੇ ਪ੍ਰੋਸੈਸਿੰਗ ਚਾਰਜਿਜ਼ ਦੇਣੇ ਪੈਂਦੇ ਹਨ। ਇਹ ਟੈਕਸ ਉਨ੍ਹਾਂ ਹੀ ਹੁੰਦਾ ਹੈ ਜਿਨ੍ਹਾਂ ਕਿਸੇ ਗਾਹਕ ਨੂੰ ਤਿਮਾਹੀ ਘੱਟੋ ਘੱਟ ਰਾਸ਼ੀ ਆਪਣੇ ਖਾਤੇ ’ਚ ਨਾ ਰੱਖਣ ’ਤੇ ਦੇਣੀ ਪੈਂਦੀ ਹੈ। ਬੈਂਕ ਇਸ ਤਰ੍ਹਾਂ ਦੇ ਖਾਤੇ ਬੰਦ ਕਰਨ ਵੇਲੇ ਪੈਸਾ ਵਸੂਲ ਕਰਦੇ ਹਨ। ਖਾਤੇ ਖੁਲ੍ਹਵਾਉਂਦੇ ਸਮੇਂ ਇਹਨਾਂ ਸ਼ਰਤਾਂ ਨੂੰ ਧਿਆਨ ਨਾਲ ਪੜ੍ਹ ਲੈਣਾ ਚਾਹੀਦਾ ਹੈ। ਹੁੰਦਾ ਇਹ ਹੈ ਕਿ ਜ਼ਿਆਦਾਤਰ ਬੱਚਤ ਖਾਤਾ ਬੰਦ ਕਰਨ ’ਤੇ ਨਿੱਜੀ ਬੈਂਕ ਸਿੱਧਾ ਖਪਤਕਾਰਾਂ ਦੀ ਜੇਬ ’ਤੇ ਡਾਕਾ ਮਾਰ ਰਹੇ ਹਨ। ਗਾਹਕਾਂ ਨੂੰ ਇਸ ਕਰਕੇ ਖੁਦ ਹੀ ਚੌਕਸ ਰਹਿਣਾ ਚਾਹੀਦੈ। ਪਹਿਲਾਂ ਪਤਾ ਕਰ ਲਓ ਕਿ ਉਹ ਖਾਤਾ ਬੰਦ ਕਰਨ ਸਮੇਂ ਕਿੰਨਾ ਚਾਰਜਿਜ਼ ਵਸੂਲ ਕਰਨਗੇ। ਹਾਲਾਂਕਿ ਖਾਤਾ ਖੁਲਵਾਉਂਦੇ ਸਮੇਂ ਖਾਤਾ ਬੰਦ ਕਰਨ ਬਾਰੇ ਘੱਟ ਹੀ ਲੋਕ ਸੋਚਦੇ ਹਨ। ਪਰ ਜੇ ਤੁਸੀਂ ਬੈਂਕ ਦੀ ਸਰਵਿਸ ਤੋਂ ਸੰਤੁਸ਼ਟ ਨਹੀਂ ਹੁੰਦੇ ਤਾਂ ਖਾਤਾ ਬੰਦ ਕਰਨ ਬਾਰੇ ਸੋਚਦੇ ਹੋ। ਪਰ ਉਦੋਂ ਤੁਹਾਨੂੰ ਚਾਰਜਿਜ਼ ਦੇਣਾ ਪੈਂਦਾ ਹੈ।

**ਸਾਵਧਾਨੀਆਂ** : ਬੈਂਕਿੰਗ ਸੇਵਾ ਲੈਂਦੇ ਸਮੇਂ ਕੁਝ ਸਾਵਧਾਨੀਆਂ ਵਰਤੀਆਂ ਜਾਣ ਤਾਂ ਬੈਂਕ ਚਾਰਜਿਜ਼ ਤੋਂ ਬਚਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਜੇ ਤੁਹਾਡੇ ਕੋਲ ਬਹੁਤ ਸਾਰੇ ਅਕਾਊਂਟ ਹਨ ਤਾਂ ਕਾਇਦੇ ਕਾਨੂੰਨ ਟੁੱਟਣ ਦੀ ਉਨੀ ਹੀ ਵੱਧ ਸੰਭਾਵਨਾ ਹੁੰਦੀ ਹੈ ਅਤੇ ਜਿੰਨੇ ਨਿਯਮ ਟੁੱਟਣਗੇ ਉਨੇ ਹੀ ਬੈਂਕ ਚਾਰਜਿਜ਼ ਦੇਣੇ ਪੈਣਗੇ। ਅਜੇ ਅਕਾਊਂਟ ਨੂੰ ਜਿਸ ਨੂੰ ਤੁਸੀਂ ਲੰਮੇ ਸਮੇਂ ਤੋਂ ਵਰਤੋਂ ’ਚ ਨਹੀਂ ਲਿਆ ਰਹੇ ਹੋ, ਉਸ ਨੂੰ ਬੰਦ ਕਰਵਾ ਦੇਣਾ ਹੀ ਫਾਇਦੇਮੰਦ ਹੋਵੇਗਾ। ਚੈਕ ਸਬੰਧੀ ਵੀ ਜਾਣਕਾਰੀ ਲਓ। ਜੇ ਤੁਹਾਡੀ ਆਦਤ ਹਰ ਭੁਗਤਾਨ ਚੈਕ ਨਾਲ ਕਰਨ ਦੀ ਹੈ ਤਾਂ ਸਾਵਧਾਨ ਹੋ ਜਾਏ। ਆਮ ਤੌਰ ’ਤੇ ਬੈਂਕ ਤਿੰਨ ਮਹੀਨੇ ’ਚ ਇਕ ਵਾਰੀ ਫ੍ਰੀ ਚੈਕਬੁੱਕ (20-25 ਪੇਜ) ਦਿੰਦੇ ਹਨ ਅਤੇ ਉਹ ਵੀ ਤਾਂ ਜੇ ਤੁਹਾਡੇ ਖਾਤੇ ’ਚ ਘੱਟੋ ਘੱਟ ਬੈਂਕ ਬੈਲੇਂਸ ਹੋਵੇ। ਜੇ ਇਕ ਤਿਮਾਹੀ ’ਚ ਇਸ ਤੋਂ ਵੱਧ ਚੈੱਕ ਚਾਹੀਦੇ ਹਨ ਤਾਂ ਆਪ ਨੂੰ ਵਾਧੂ ਚਾਰਜਿਜ਼ ਦੇਣੇ ਪੈਣਗੇ ਇਸ ਲਈ ਬੇਲੋੜੇ ਚੈੱਕ ਬੰਦ ਕਰ ਦਿਓ। ਕ੍ਰੈਡਿਟ ਕਾਰਡ ਦਾ ਬਿੱਲ ਜੇ ਤੁਸੀਂ ਬ੍ਰਾਂਚ ਜਾ ਕੇ ਨਕਦ ਦਿੰਦੇ ਹੋ ਤਾਂ ਬੈਂਕ ਤੁਹਾਡੇ ਕੋਲ ਜੁਰਮਾਨਾ ਵਸੂਲਦਾ ਹੈ। ਬੈਂਕ ਕਾਰਨ ਦੱਸਦੇ ਹਨ ਕਿ ਆਪ ਇਸ ਕੰਮ ਲਈ ਬੈਂਕ ਜਾ ਕੇ ਸਟਾਫ ਦਾ ਟਾਈਮ ਬਰਬਾਦ ਕਰਦੇ ਹੋ। ਆਪ ਏ. ਟੀ. ਐਮ. ਦੀ ਵਰਤੋਂ ਵੀ ਕਰ ਸਕਦੇ ਹੋ। ਬੈਂਕ ਹਰ ਤਿਮਾਹੀ ਤੁਹਾਨੂੰ ਫ੍ਰੀ ਇਕਾਊਂਟ ਸਟੇਟਮੈਂਟ ਭੇਜਦੇ ਹਨ ਅਤੇ ਹਰ ਮਹੀਨੇ ਈ-ਮੇਲ ਸਟੇਟਮੈਂਟ ਜੇ ਤੁਸੀਂ ਇਹਨਾਂ ਨੂੰ ਗੁੰਮ ਕਰ ਦਿਉਗੇ ਤਾਂ ਵਾਧੂ ਸਟੇਟਮੈਂਟ ਸੰਭਾਲ ਕੇ ਰੱਖਣ ’ਤੇ ਆਪ ਨੂੰ ਵੀਜ਼ਾ ਲੈਂਦੇ ਸਮੇਂ ਜਾਂ ਆਮਦਨ ਟੈਕਸ ਰਿਟਰਨ ਭਰਦੇ ਸਮੇਂ ਬੈਂਕ ਬੈਲੇਂਸ ਸਰਟੀਫਿਕੇਟ ਵੀ ਨਹੀਂ ਲੈਣਾ ਪਵੇਗਾ ਜਿਸ ਦੇ ਲਈ ਵੱਖਰੇ ਚਾਰਜਿਜ਼ ਲੱਗਦੇ ਹਨ। ਇਸ ਬੈਂਕ ਐਸ. ਐਮ. ਐਸ. ਅਲਰਟ ਤੋਂ,

ਚੈਕ ਸਟੇਟਸ ਸਰਵਿਸ ਕਿਸੇ ਹੋਰ ਬਰਾਂਚ ਤੋਂ ਟ੍ਰਾਂਜਕੇਸ਼ਨ ਬਿਲ ਦਾ ਭਰਿਆ ਡੁਪਲੀਕੇਟ ਪਾਸਬੁੱਕ ਜਾਂ ਹੋਮ ਬੈਂਕਿੰਗ ਸਰਵਸਿਸ ਦੇ ਵੀ ਚਾਰਜਿਜ਼ ਆਪ ਦੇ ਖਾਤੇ 'ਚੋਂ ਕੱਟ ਲੈਂਦੇ ਹਨ। ਮੰਨਿਆ ਕਿ ਐਸੀ ਸਹੂਲਤ ਅੱਛੀ ਲੱਗਦੀ ਹੈ ਪਰ ਜੇ ਵਾਕਿਆ ਹੀ ਇਹਨਾਂ ਦੀ ਲੋੜ ਨਹੀਂ ਹੈ ਤਾਂ ਬਿਨਾਂ ਵਜਾਹ ਪੈਸਾ ਭਰ ਕੇ ਇਹਨਾਂ ਨੂੰ ਲੈਣ 'ਚ ਕੋਈ ਸਮਝਦਾਰੀ ਨਹੀਂ ਹੈ।

**ਡੀਮੈਂਟ ਅਕਾਊਂਟ ਚਾਰਜਿਜ਼**

ਐਸ. ਬੀ. ਆਈ. - 30-35 ਰੁਪਏ ਪ੍ਰਤੀ ਤਿਮਾਹੀ
ਸਟੈਂਡਰਡ ਚਾਰਟਰਡ - 1000 ਸਲਾਨਾ

**ਵਾਧੂ ਚੈਕਬੁੱਕ**

ਐਸ. ਬੀ. ਆਈ. - 2.50 ਰੁਪਏ ਪ੍ਰਤੀ ਚੈਕ
ਆਈ. ਸੀ. ਆਈ. ਸੀ. ਆਈ. - 5 ਰੁਪਏ ਪ੍ਰਤੀ ਚੈਕ

**ਗੈਰ ਸਰਗਰਮ ਅਕਾਊਂਟ**

ਐਚ. ਐਸ. ਬੀ. ਸੀ. - 150 ਰੁਪਏ ਪ੍ਰਤੀ ਤਿਮਾਹੀ
ਐਸ. ਬੀ. ਆਈ. - 150 ਰੁਪਏ ਪ੍ਰਤੀ ਤਿਮਾਹੀ

-----✪✪-----

# ਇਸ ਯੁੱਧ ਨੂੰ ਫੌਰੀ ਰੋਕਣ ਦੀ ਲੋੜ ਕਿਉਂ?

ਅੱਜਕੱਲ੍ਹ ਭਾਰਤ ਸਰਕਾਰ ਬੜੇ ਜ਼ੋਰ ਸ਼ੋਰ ਨਾਲ ਇਕ ਯੁੱਧ ਤਿਆਰੀ ’ਚ ਲੱਗੀ ਹੋਈ ਹੈ। ਇਹ ‘ਯੁੱਧ’ ਨਾ ਤਾਂ ਪਾਕਿਸਤਾਨ ਅਤੇ ਨਾ ਹੀ ਚੀਨ ਖਿਲਾਫ ਹੋਣ ਵਾਲਾ ਹੈ। ਭਾਰਤ ਸਰਕਾਰ ਦੀ ਅਗਵਾਈ ’ਚ ਇਹ ‘ਯੁੱਧ’ ਮੱਧ ਭਾਰਤ ਦੇ ਆਦੀਵਾਸੀਆਂ ਤੇ ਮੇਹਨਤਕਸ਼ਾਂ ਵਿਰੁੱਧ ਵਿਆਪਕ ਪੈਮਾਨੇ ’ਤੇ ਆਉਣ ਵਾਲੇ ਮਹੀਨਿਆਂ ’ਚ ਸ਼ੁਰੂ ਹੋਣ ਵਾਲਾ ਹੈ। ਵੱਡੇ ਪੈਮਾਨੇ ’ਤੇ ‘ਯੁੱਧ’ ਤਾਂ ਮਹੀਨਿਆਂ ਦੀ ਸਾਲਾਂ ਤੋਂ ਚੱਲ ਰਿਹਾ ਹੈ। ਪਰ ਇਸ ਵਾਰੀ ਬਕਾਇਦਾ ਇਕ ਫੌਜੀ ਮੁਹਿੰਮ ਵਾਂਗੂੰ ਇਹ ‘ਯੁੱਧ’ ਸ਼ੁਰੂ ਕੀਤਾ ਜਾਣਾ ਹੈ। ਥਲ ਸੈਨਾ, ਅਰਧ ਸੈਨਿਕਾ ਬਲਾਂ ਤੇ ਪੁਲਸ ਨੂੰ ਸਿਖਲਾਈ ਤੇ ਅਗਵਾਈ ਦੇ ਰਹੀ ਹੈ ਅਤੇ ਵਾਯੂ ਸੈਨਾ ਆਤਮ ਰੱਖਿਆ ਵਿੱਚ ਕਾਰਵਾਈ ਕਰਨ ਲਈ ਆਜ਼ਾਦ ਹੈ। ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਨੇ ’ਯੁੱਧ’ ਦੇ ਪੱਖ ਵਿੱਚ ਮਹੀਨਿਆਂ ਤੋਂ ਮੁਹਿੰਮ ਛੇੜੀ ਹੋਈ ਹੈ। ‘ਜਾਂ ਤਾਂ ਤੁਸੀਂ ਅੱਤਵਾਦੀਆਂ ਦੇ ਨਾਲ ਹੋ ਜਾਂ ਫਿਰ ਸਾਡੇ ਨਾਲ’ ਵਰਗੀ ਬੁਸ਼ ਸ਼ਬਦਾਵਲੀ ਦੇ ਨਾਲ ਛਤੀਸ਼ਗੜ੍ਹ ਦੀ ਅਖੌਤੀ ਚੁਣੀ ਸਰਕਾਰ ਤੇ ਉਸ ਦੇ ਮੁਖੀਆ ਲੰਮੇ ਸਮੇਂ ਤੋਂ ਛੋਟੇ ਪੈਮਾਨੇ ਦੇ ਯੁੱਧ ਨੂੰ ਵੱਡੇ ਪੈਮਾਨੇ ਦੇ ਯੁੱਧ ਵਿਚ ਬਦਲਣ ਨੂੰ ਲਲਚਾ ਰਹੇ ਸਨ। ਮਨਮੋਹਨ ਸਿੰਘ ਦੀ ਸਰਕਾਰ ਨੇ ਮਾਓਵਾਦ-ਨਕਸਲਵਾਦ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਕਹਿ ਕੇ ਇਸ ਵੱਡੇ ਪੈਮਾਨੇ ਦੇ ਯੁੱਧ ਦਾ ਐਲਾਨ ਕਈ ਮਹੀਨੇ ਪਹਿਲਾਂ ਕਰ ਦਿੱਤਾ ਸੀ। ਗ੍ਰਹਿ ਮੰਤਰਾਲ ਨੇ ਗੈਰ ਰਵਾਇਤ ਮਿਲਣ ਨਾਲ ਇਕ ਇਕ ਕਿਸਮ ਦਾ ‘ਯੁੱਧ ਮੰਤਰਾਲੇ’ ਗਠਿਤ ਕਰ ਲਿਆ ਹੈ। ‘ਮਾਓਵਾਦ-ਨਕਸਲਵਾਦ’ ਨੂੰ ਜੜ੍ਹ ਤੋਂ ਖਤਮ ਕਰਨ ਦਾ ਐਲਾਨ ਕਰਨ ਵਾਲਾ ਇਹ ’ਯੁੱਧ’ ਭਵਿੱਖ ’ਚ ਕੀ ਗੁਲ ਖਿਲਾਵੇਗਾ, ਇਸ ਦਾ ਅਨੁਮਾਨ ਲਾਉਣਾ ਕਿਸੇ ਵੀ ਲੋਕ ਪੱਖੀ ਵਿਅਕਤੀ ਲਈ ਮੁਸ਼ਕਿਲ ਨਹੀਂ ਹੈ। ਕਿਉਂਕਿ ਬੁਸ਼ ਸ਼ਬਦਾਵਲੀ ’ਚ ਨਿਰਦੋਸ਼ ਤੇ ਨਿਹੱਥੇ ਲੋਕਾਂ ਦੀ ਹੱਤਿਆ ਨੂੰ ‘ਸਹਿਵਰਤੀ ਨੁਕਸਾਨ’ (ਕੋਲੇਟਰਲ ਡੇਮੇਜ਼) ਕਹਿ ਕੇ ਜਾਇਜ਼ ਠਹਿਰਾਇਆ ਜਾਂਦਾ ਹੈ ਇਹ ਸਹਿਵਰਤੀ ਨੁਕਸਾਨ ਕੀ ਹੋ ਸਕਦਾ ਹੈ। ਇਸ ਦਾ ਅੰਦਾਜਾ ਛੋਟੇ ਪੈਮਾਨੇ ਦੇ ਸਾਲਾਂ ਤੋਂ ਜਾਰੀ ਯੁੱਧ ਤੋਂ ਲਾਇਆ ਜਾ ਸਕਦਾ ਹੈ। ਛੋਟੇ ਬੱਚੇ ਤੋਂ ਲੈ ਕੇ ਨਿਹੱਥੇ ਬਜ਼ੁਰਗਾਂ ਦੀ ਹੱਤਿਆ ਔਰਤਾਂ ਨਾਲ ਸਮੂਹਕ ਬਲਾਤਕਾਰ ਇਸ ਦੌਰਾਨ ਅਦਾਲਤ ਤੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਅੱਖਾਂ ’ਤੇ ਕਾਲੀ ਪੱਟੀ ਬੰਨ੍ਹ ਕੇ ਅਟੁੱਟ ਚੁੱਪ ਮੀਡੀਆ ਦਾ ਅੱਖਾਂ ਬੰਦ ਕਰਕੇ ਸਰਕਾਰ ਤੇ ਉਸ ਦੀਆਂ ਸੰਸਥਾਵਾਂ ਤੇ ਕਾਰਵਾਈਆਂ ਦੀ ਹਮਾਇਤ ਕਰਨਾ। ‘ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਕਹਿ ਕੇ ਆਤਮ ਸੰਭੋਧਿਤ ਕੀਤੇ ਜਾਣ ਵਾਲੇ ਇਸ ਤੰਤਰ ਨੂੰ ਆਪਣੇ ਲਈ ‘ਲੋਕ’ (ਜਨਤਾ) ਨਾਲ ‘ਯੁੱਧ’ ਦਾ ਇਹ ਫੈਸਲਾ ਦੱਸਦਾ ਹੈ ਕਿ ਇਹ ਤੰਤਰ ਲੋਕਾਂ ਤੋਂ ਕਿੰਨਾ ਦੂਰ ਹੈ। ਅਲੱਗ ਥਲੱਗ ਹੈ ਅਤੇ ਉਸ ਦਾ ਇਹ ਅਲਗਾਵ ਦਿਨੋ ਦਿਨ ਵਧਦਾ ਜਾ ਰਿਹਾ ਹੈ। ਇਹ ‘ਯੁੱਧ’ ਇਸ ਅਲਗਾਅ ਨੂੰ ਹੋਰ ਵਧਾਏਗਾ। ਭਾਰਤੀ ਰਾਜ ਆਪਣੇ ਜਨਮ ਤੋਂ ਹੀ ਭਾਰਤ ਦੇ ਲੋਕਾਂ ਨਾਲ ਯੁੱਧਸ਼ੀਲ ਰਿਹਾ ਹੈ। ਬਕਾਇਦਾ ਉਸ ਨੇ ਸਮੇਂ-ਸਮੇਂ ’ਤੇ ਅਜਿਹੇ ਯੁੱਧਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਰਵਾਇਤ ‘ਯੁੱਧਬੰਦੀ’ ਕੀਤੀ। ਅਜਿਹੀ ਹੀ ਯੁੱਧਬੰਦੀ ਉਸ ਨੇ ਆਜ਼ਾਦ ਨਾਗਾਲੈਂਡ ਲਈ ਸੰਘਰਸ਼ਸ਼ੀਲ ਰਹੇ ਸੰਗਠਨਾਂ ਨਾਲ ਕੀਤਾ ਹੋਇਆ ਹੈ। ਅਸਾਮ ’ਚ ਉਲਫਾ ਨਾਲ ਵੀ ਅਜਿਹੀਆਂ ‘ਯੁੱਧਬੰਦੀਆਂ’ ਹੁੰਦੀਆਂ ਰਹੀਆਂ ਹਨ। ਇਹ ਗੱਲ ਇਥੇ ਸਿਰਫ ਇਸ ਲਈ ਕੀਤੀ ਜਾ ਰਹੀ ਹੈ ਕਿ ਇਸ ਅਣਐਲਾਨੀ ਜੰਗ ਨੂੰ ‘ਯੁੱਧ’ ਦਾ ਨਾਂ ਦੇਣ ’ਤੇ

ਗ੍ਰਹਿ ਮੰਤਰੀ ਨੂੰ ਕਾਫੀ ਇਤਰਾਜ ਹੈ। ਉਹ 'ਯੁੱਧ' (ਅਤੇ 'ਆਪ੍ਰੇਸ਼ਨ ਗ੍ਰੀਨਹੰਟ) ਵਰਗੇ ਸ਼ਬਦਾਂ ਤੋਂ ਬੁਖਲਾ ਜਾਂਦੇ ਹਨ ਕਿਉਂਕਿ ਇਹ ਉਹਨਾਂ ਦੇ ਇਰਾਦਿਆਂ ਨੂੰ ਬੇਨਕਾਬ ਕਰਦੇ ਹਨ। ਮੱਧ ਭਾਰਤ ਨਾਲ ਸਬੰਧਤ ਖੇਤਰ ਬਿਹਾਰ, ਝਾਰਖੰਡ, ਛਤੀਸ਼ਗੜ੍ਹ, ਪੱਛਮੀ ਬੰਗਾਲ, ਉੜੀਸਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਵਰਗੇ ਰਾਜਾਂ 'ਚ ਫੈਲਿਆ ਹੋਇਆ ਹੈ। ਇਹ ਖੇਤਰ ਕੁਦਰਤੀ ਸਾਧਨਾ ਨਾਲ ਭਰਪੂਰ ਹਨ। ਦੇਸੀ-ਵਿਦੇਸ਼ੀ ਕੰਪਨੀਆਂ ਇਸ ਦੀ ਲੁੱਟ ਲਈ ਆਪਣੀ ਗ੍ਰਿਝ ਦ੍ਰਿਸ਼ਟੀ ਲਾਈ ਬੈਠੀਆਂ ਹਨ।

ਅਜਿਹੇ 'ਚ ਮਨਮੋਹਨ ਸਿੰਘ ਪੀ. ਚਿਦੰਬਰਮ, ਮੋਂਟੇਕ ਸਿੰਘ ਆਹਲੂਵਾਲੀਆ ਵਰਗੀ ਅਗਵਾਈ ਰਾਹੀਂ ਉਹ ਇਹ ਹਾਸਲ ਕਰਨਾ ਚਾਹੁੰਦੇ ਹਨ। ਜੋ ਕਿ ਉਹਨਾਂ ਦੀ ਗ੍ਰਿਝੀ ਨਜ਼ਰ ਦੇ ਨਿਸ਼ਾਨੇ 'ਤੇ ਹੈ। ਚਿਦੰਬਰਮ ਦਾ ਅਤੀਤ ਇਹ ਦੱਸਣ ਲਈ ਕਾਫੀ ਹੈ ਕਿ ਕਿਉਂ ਇਸ 'ਯੁੱਧ' ਲਈ ਉਹ ਇੰਨੇ ਉਤਸਕ ਹਨ। ਪੀ. ਚਿਦੰਬਰਮ ਯੂ. ਪੀ. ਏ. ਸਰਕਾਰ ਦੇ ਮੰਤਰੀ ਬਣਨ ਤੋਂ ਪਹਿਲਾਂ ਖੂੰਖਾਰ ਵੇਦਾਂਤਾ ਖਣਨ ਕੰਪਨੀ ਦੇ ਨਿਰਦੇਸ਼ਕ ਬੋਰਡ ਵਿਚ ਅਤੇ ਉਸ ਨਾਲ ਪਹਿਲੇ ਘਪਲਿਆਂ 'ਚ ਤਬਾਹ ਹੋ ਚੁੱਕੀ ਅਮਰੀਕੀ ਊਰਜਾ ਕੰਪਨੀ ਏਨਰਾਨ ਦੇ ਵਕੀਲ ਰਹਿ ਚੁੱਕੇ ਹਨ। ਉਹ ਆਪਣੇ ਗ੍ਰਹਿ ਮੰਤਰੀ ਕਾਲ 'ਚ ਭਾਰਤ ਦੀ 'ਅੰਦਰੂਨੀ ਸੁਰੱਖਿਆ ਦੇ ਖਤਰੇ' ਨੂੰ ਖਤਮ ਕਰਨ ਵਾਲੇ ਨਾਇਕ ਵਜੋਂ ਇਤਿਹਾਸ 'ਚ ਦਰਜ ਹੋਣਾ ਚਾਹੁੰਦੇ ਹਨ। ਹੋ ਸਕਦਾ ਹੈ ਕਿ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਪਟੇਲ ਦੀ ਧੋਤੀ ਨੂੰ ਆਪਣੇ ਲੱਕ ਨਾਲ ਬੰਨਿਆ ਹੋਇਆ ਮਹਿਸੂਸ ਕਰਦੇ ਹੋਣ। ਲਾਲ ਕ੍ਰਿਸ਼ਨ ਅਡਵਾਨੀ ਪਿੱਛੋਂ ਉਹ ਦੂਜੇ ਵਿਅਕਤੀ ਹੋਣਾ ਚਾਹੁੰਦੇ ਹਨ ਜੋ ਕਿ 'ਲੋਹ ਪੁਰਸ਼' ਖਿਤਾਬ ਦੀ ਦੌੜ ਵਿੱਚ ਹਨ। ਫਿਲਹਾਲ ਅਡਵਾਨੀ 'ਜੀ' ਦਾ ਹਾਲਤਾਂ ਸੜਕਾਂ ਕਿਨਾਰੇ ਪਏ ਉਸ ਬੁੱਢੇ ਸਾਨ੍ਹ ਦੀ ਤਰ੍ਹਾਂ ਹੋ ਗਿਆ ਹੈ ਜੋ ਮੱਖੀਆਂ ਨਾਲ ਜੂਝਦਿਆਂ ਆਪਣੇ ਜੀਵਨ ਦੇ ਬਾਕੀ ਬਚਦੇ ਦਿਨ ਪਾਸ ਕਰਦੇ ਹਨ। ਕੁਦਰਤੀ ਤੋਫ਼ਿਆਂ ਨਾਲ ਭਰਪੂਰ ਇਹਨਾਂ ਇਲਾਕਿਆਂ 'ਚ ਆਦੀਵਾਸੀ ਤੇ ਹੋਰ ਮੇਹਨਤਕਸ਼ ਨਰਕੀ ਜੀਵਨ ਜਿਉਂ ਰਹੇ ਹਨ। ਸਮਾਜਕ ਆਰਥਕ ਤੌਰ 'ਤੇ ਪਿਛਲੇ ਪਣ ਦਾ ਅੰਦਾਜ਼ਾ ਇਹਨਾਂ ਗੱਲਾਂ ਤੋਂ ਲਾਇਆ ਜਾ ਸਕਦਾ ਹੈ ਕਿ 'ਝੂਮ-ਖੇਤੀ' ਦੇ ਰਿਵਾਜ਼ ਦੇ ਨਾਲ ਅਜੇ ਕਈ ਆਦੀਵਾਸੀ ਸਮੂਹ ਦੁਧਾਰੂ ਪਸ਼ੂਆਂ ਦੇ ਦੁੱਧ ਦੀ ਵਰਤੋਂ ਤੱਕ ਕਰਨਾ ਨਹੀਂ ਜਾਣਦੇ ਹਨ। ਭਾਰਤ ਦੇ ਪੂੰਜੀਵਾਦੀ ਵਿਕਾਸ ਦੀ ਜੂਠ ਵੀ ਅੱਜ ਇਹਨਾਂ ਤਕ ਨਹੀਂ ਪਹੁੰਚ ਸਕੀ ਹੈ। ਨਾ ਸੜਕਾਂ, ਨਾ ਹਸਪਤਾਲ, ਨਾ ਮੁੱਢਲੇ ਸਕੂਲ, ਨਾ ਪੀਣ ਦਾ ਸਾਫ ਪਾਣੀ ਹੈ। ਪੁਲਸ ਵਣ ਵਿਭਾਗ ਆਦਿ ਦੇ ਆਤੰਕ 'ਚ ਜੋ ਕੁਝ ਕਮੀ ਬਚੀ ਸੀ। ਉਸ ਨੂੰ 'ਸਲਵਾ ਜੂਡਮ' ਵਰਗੇ ਸਰਕਾਰੀ ਪ੍ਰਸਤੀ ਵਾਲੇ ਗੁੰਡਾ ਗ੍ਰੋਹਾਂ ਨੇ ਪੂਰਾ ਕਰ ਦਿੱਤਾ ਹੈ। ਹੁਣ 'ਯੁੱਧ' ਇਕ ਤਰ੍ਹਾਂ ਨਾਲ ਸਦੀਆਂ ਤੋਂ ਇਹਨਾਂ ਥਾਵਾਂ 'ਤੇ ਰਹਿ ਰਹੇ ਹਨ। ਆਦੀਵਾਸੀਆਂ ਦੀ 'ਸਫਾਈ ਮੁਹਿੰਮ' ਨੂੰ ਜ਼ੋਰ ਸ਼ੋਰ ਨਾਲ ਚਲਾਇਆ ਜਾਵੇਗਾ। ਭਵਿੱਖ ਹਜ਼ਾਰਾਂ ਹੱਤਿਆਵਾਂ ਤੇ ਲੱਖਾਂ ਦੇ ਉਜਾੜੇ ਦੀ ਗਵਾਹ ਬਣੇਗੀ। ਇਸ ਯੁੱਧ ਲਈ ਹਾਕਮ ਜਮਾਤ ਦੀ ਇਕਜੁੱਟਤਾ ਨੇ ਪਾਰਟੀਆਂ (ਕਾਂਗਰਸ, ਭਾਜਪਾ, ਮਾਕਪਾ) ਅਤੇ ਵਿਚਾਰਧਾਰਾਵਾਂ (ਮੱਧ, ਦੱਖਣੀ, 'ਖੱਬੇ') ਦੇ ਸਾਰੇ ਭੇਦਾਂ ਨੂੰ ਮਿਟਾ ਦਿੱਤਾ ਹੈ। ਅਦਾਲਤ ਮਨੁੱਖੀ ਅਧਿਕਾਰ ਕਮਿਸ਼ਨ ਪਹਿਲਾਂ ਹੀ ਚੁੱਪ ਸਨ। ਜਦ ਮੀਡੀਆ ਰਾਜ ਦੇ ਭਰੋਸੇਯੋਗ ਫੌਜੀ ਵਜੋਂ ਤੈਨਾਤ ਹੋ ਚੁੱਕਿਆ ਹੈ। ਇਸ ਯੁੱਧ ਦਾ 'ਸਿੱਟਾ' ਕੀ ਨਿਕਲੇਗਾ। ਕੁਝ ਹੋਰ ਨਿਕਲੇ ਨਾ ਨਿਕਲੇ ਇਨ੍ਹਾਂ ਲਾਜ਼ਮੀ ਹੀ ਨਿਕਲਣਾ ਹੈ ਕਿ ਭਾਰਤੀ ਹਾਕਮ ਜਮਾਤ ਦਾ ਲੋਕ ਵਿਰੋਧੀ ਕਿਰਦਾਰ ਹੋਰ ਵੱਧ ਨੰਗਾ ਹੋਵੇਗਾ। ਉਸ ਦਾ ਅਲਗਾਅ ਲੋਕਾਂ ਤੋਂ ਹੋਰ ਵਧੇਗਾ। ਲੋਕਾਂ ਨੂੰ ਇਸ ਯੁੱਧ ਵਿਰੁੱਧ ਲਾਮਬੰਦ ਹੋਣਾ ਹੋਵੇਗਾ।

# ਵਾਈਲਡ ਵੇਸਟ ਬਨਾਮ ਅਪ੍ਰੇਸ਼ਨ ਗ੍ਰੀਨ ਹੰਟ

ਅੱਜਕੱਲ੍ਹ ਭਾਰਤ ਦੀ ਪੂੰਜੀਪਤੀ ਜਮਾਤ ਦੀ ਅਮਰੀਕੀ ਸਾਮਰਾਜੀਆਂ ਨਾਲ ਖ਼ੂਬ ਬਣ ਰਹੀ ਹੈ ਅਤੇ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀ ਭੂਮਿਕਾ ਭਾਰਤ ਅਦਾ ਕਰ ਰਿਹਾ ਹੈ। ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਦੇ ਦੁਲਾਰੇ ਮਨਮੋਹਨ ਸਿੰਘ ਪੀ. ਚਿਦੰਬਰਮ ਤੇ ਮੋਨਟੇਕ ਸਿੰਘ ਆਹਲੂਵਾਲੀਆ ਭਾਰਤ ਸਰਕਾਰ ਦਾ ਦਿਸ਼ਾ ਨਿਰਦੇਸ਼ਨ ਕਰ ਰਹੇ ਹਨ ਅਤੇ ਦਿਸ਼ਾ ਨਿਰਦੇਸ਼ਿਤ ਵੀ ਕਰ ਰਹੇ ਹਨ ਅਮਰੀਕੀ ਸਾਮਰਾਜੀ ਤੋਂ ਸਿੱਖ ਰਹੇ ਹਨ ਬਲਕਿ ਉਹ ਉਹਨਾਂ ਦੇ ਅਤੀਤ ਤੋਂ ਵੀ ਸਿੱਖ ਰਹੇ ਹਨ। ਯੂਰਪ ਦੇ ਲੋਕ ਜਦ ਉਤਰੀ ਤੇ ਦੱਖਣੀ ਅਮਰੀਕਾ ਪਹੁੰਚੇ ਤਾਂ ਉਹਨਾਂ ਨੇ ਦੇਖਿਆ ਕਿ ਉਥੇ ਭਾਂਤ ਭਾਂਤ ਦੇ ਲੋਕ ਪਹਿਲਾਂ ਹੀ ਵਸੇ ਹੋਏ ਹਨ ਜਿੱਥੇ ਦੱਖਣੀ ਅਮਰੀਕਾ ਦਾ ਇੰਕਾ ਦੀ ਸੱਭਿਅਤਾ ਸੀ ਉਥੇ ਉਤਰੀ ਅਮਰੀਕਾ 'ਚ ਆਦੀਵਾਸੀ ਲੋਕ ਅਜੇ ਕੁਦਰਤ ਦੇ ਨਾਲ ਸਹਿਚਾਰ ਵਾਲਾ ਜੀਵਨ ਜਿਉਂ ਰਹੇ ਹਨ। ਯੂਰਪ ਦੇ ਲੋਕਾਂ ਨੂੰ ਪਤਾ ਚੱਲਿਆ ਕਿ ਮੈਕਸੀਕੋ ਤੋਂ ਲੈ ਕੇ ਪੀਰੂ ਤੱਕ ਦੱਖਣੀ ਅਮਰੀਕਾ 'ਚ ਸੋਨੇ ਤੇ ਚਾਂਦੀ ਦੀਆਂ ਖਾਨਾ ਹਨ ਅਤੇ ਉਹਨਾਂ ਨੇ ਇਹਨਾਂ ਨੂੰ ਲੁੱਟਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਯੂਰਪ ਦੇ ਲੋਕ ਅਟਲਾਂਟਿਕ ਮਹਾਂਸਾਗਰ ਨੂੰ ਲੰਘ ਕੇ ਅਮਰੀਕਾ ਸੈਰ ਸਪਾਟੇ ਲਈ ਨਹੀਂ ਗਏ ਸਨ ਬਲਕਿ ਉਹਨਾਂ ਦਾ ਮਕਸਦ ਹੀ ਵਪਾਰ ਤੇ ਲੁੱਟਮਾਰ ਕਰਨਾ ਸੀ। ਉਸ ਜ਼ਮਾਨੇ 'ਚ ਵਪਾਰ ਤੇ ਲੁੱਟਮਾਰ ਦੋ ਵੱਖ-ਵੱਖ ਚੀਜ਼ਾਂ ਨਹੀਂ ਸਨ। ਇਸ ਨੂੰ ਅਸੀਂ ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੇ ਇਤਿਹਾਸ ਤੋਂ ਭਲੀ ਭਾਂਤ ਜਾਣਦੇ ਹਨ। ਯੂਰਪ ਦੇ ਲੋਕ ਜੋ ਸਭ ਤੋਂ ਪਹਿਲਾਂ ਅਮਰੀਕਾ ਪਹੁੰਚੇ ਤਾਂ ਅਜਿਹੇ ਹੀ ਲੁੱਟਮਾਰ ਕਰਨ ਵਾਲੇ ਵਪਾਰੀ ਸਨ। ਪੂੰਜੀਪਤੀ ਜਮਾਤ ਦੇ ਪੂਰਵਜਾ ਇਹਨਾਂ ਲੁੱਟਮਾਰ ਕਰਨ ਵਾਲੇ ਵਪਾਰੀਆਂ ਨੇ ਦੇਖਿਆ ਕਿ ਉਥੇ ਦੱਖਣੀ ਅਮਰੀਕਾ 'ਚ ਲੁੱਟਣ ਲਈ ਸੋਨੇ ਚਾਂਦੀ ਦੀਆਂ ਖਾਨਾਂ ਹਨ ਇਸ ਤੋਂ ਇਲਾਵਾ ਉਥੇ ਕੁਝ ਖੇਤਰਾਂ 'ਚ ਗੰਨਾ ਅਤੇ ਕਾਹਵਾ ਵੀ ਪੈਦਾ ਕਰਵਾਇਆ ਜਾ ਸਕਦਾ ਹੈ।

ਯੂਰਪ ਦੇ ਵਪਾਰੀਆਂ ਨੇ ਇਹੀ ਕੰਮ ਕੀਤਾ। ਸਭ ਤੋਂ ਵੱਧ ਉਹਨਾਂ ਨੇ ਉਥੋਂ ਦੀਆਂ ਸੋਨੇ ਚਾਂਦੀਆਂ ਦੀਆਂ ਖਾਨਾ ਲੁੱਟਣ 'ਤੇ ਧਿਆਨ ਦਿੱਤਾ। ਵੈਸੇ ਵੀ ਉਸ ਜ਼ਮਾਨੇ 'ਚ ਧਨ ਦਾ ਮਤਲਬ ਸੋਨਾ-ਚਾਂਦੀ ਕੱਢਣ ਲਈ ਉਥੋਂ ਦੇ ਬਸ਼ਿੰਦਿਆਂ ਨੂੰ ਜੰਜ਼ੀਰਾਂ 'ਚ ਜਕੜ ਲਿਆ। ਉਹਨਾਂ ਤੋਂ ਜਬਰਦਸਤੀ ਕੰਮ ਕਰਵਾ ਕੇ ਸੋਨਾ-ਚਾਂਦੀ ਖਾਣਾ ਤੋਂ ਕੱਢਦੇ ਰਹੇ ਅਤੇ ਉਸ ਨੂੰ ਯੂਰਪ 'ਚ ਭੇਜਦੇ ਰਹੇ। ਇਸ ਦੇ ਨਾਲ ਉਹਨਾਂ ਨੇ ਗੰਨਾ ਅਤੇ ਕਾਹਵਾ ਦੇ ਬਾਗਾਂ 'ਚ ਕੰਮ ਕਰਨ ਲਈ ਅਫਰੀਕਾ ਦੇ ਕਾਲੇ ਆਦੀਵਾਸੀਆਂ ਨੂੰ ਗੁਲਾਮ ਬਣਾਇਆ ਅਤੇ ਉਥੇ ਲੈ ਗਏ। ਅਗਲੀਆਂ ਦੋ ਤਿੰਨ ਸ਼ਤਾਬਦੀਆਂ 'ਚ ਗੁਲਾਮਾਂ ਦਾ ਵਪਾਰ ਖ਼ੂਬ ਵਧਿਆ ਫੁੱਲਿਆ। ਦੱਖਣੀ ਅਮਰੀਕਾ 'ਚ ਯੂਰਪੀ ਵਪਾਰੀਆਂ ਦੀ ਇਸ ਲੁੱਟਮਾਰ ਨਾਲ ਉਥੋਂ ਦੀ ਸਥਾਨਕ ਅਬਾਦੀ ਨਸ਼ਟ ਹੋ ਗਈ। ਜ਼ਿਆਦਾਤਰ ਲੋਕ ਮਾਰ ਦਿੱਤੇ ਗਏ। ਇੰਕਾ ਤੇ ਅਜਟੇਕ ਸੱਭਿਤਾਵਾਂ ਦਾ ਨਾਮੋ ਨਿਸ਼ਾਨ ਮਿਟ ਗਿਆ। ਦੂਜੇ ਪਾਸੇ ਇਸ ਲੁੱਟਮਾਰ ਤੋਂ ਹਾਸਲ ਦੌਲਤ ਨਾਲ ਸਨਅਤੀ ਪੂੰਜੀਵਾਦ ਦਾ ਵਿਕਾਸ ਹੋ ਰਿਹਾ ਸੀ ਅਤੇ ਉਹ ਉਥੇ ਰਵਾਇਤੀ ਜੀਵਨ ਖੇਤੀ ਤੇ ਦਸਤਕਾਰੀ ਨੂੰ ਨਸ਼ਟ ਕਰ ਰਿਹਾ ਸੀ। ਤਬਾਹ ਕਿਸਾਨ ਸ਼ਹਿਰਾਂ ਦੀਆਂ ਝੁੱਗੀਆਂ-ਝੌਂਪੜੀਆਂ 'ਚ ਧਸ ਰਹੇ ਸਨ। ਇਹਨਾਂ ਵਿੱਚੋਂ ਕੁਝ ਨੂੰ ਯੂਰਪੀ ਵਪਾਰੀਆਂ ਨੇ ਉਤਰੀ ਤੇ ਦੱਖਣੀ ਅਮਰੀਕਾ ਲਿਆ ਕੇ ਵਧਾਉਣਾ ਸ਼ੁਰੂ ਕੀਤਾ। ਬਾਅਦ 'ਚ ਤਬਾਹ-ਬਰਬਾਦ ਲੋਕ ਖ਼ੁਦ ਹੀ ਇਧਰ ਵੱਲ

ਭੱਜ ਕੇ ਆਉਣੇ ਸ਼ੁਰੂ ਹੋਏ।

ਪਰ ਯੂਰਪ ਦੇ ਲੋਕਾਂ ਨੇ ਉਤਰੀ ਅਮਰੀਕਾ 'ਚ ਵੇਖਿਆ ਕਿ ਉਥੇ ਜਮੀਨ ਖਾਲੀ ਨਹੀਂ ਹੈ। ਉਥੇ ਇੰਕਾ ਤੇ ਅਜਟੇਕ ਵਰਗੀਆਂ ਸਮੱਸਿਆਵਾਂ ਨਹੀਂ ਸਨ ਪਰ ਬਹੁਤ ਸਾਰੀਆਂ ਆਦੀਵਾਸੀਆਂ ਜਾਤੀਆਂ ਪੂਰੇ ਉਤਰੀ ਅਮਰੀਕਾ 'ਚ ਨਿਵਾਸ ਕਰਦੀਆਂ ਸਨ। ਉਹਨਾਂ ਦੀ ਆਬਾਦੀ ਵਿਰਲੀ ਸੀ ਪਰ ਫਿਰ ਵੀ ਬਹੁਤ ਜ਼ਿਆਦਾ ਸੀ। ਉਤਰੀ ਅਮਰੀਕਾ ਦੇ ਇਸ ਹਿੱਸੇ ਵਿੱਚ ਵੀ ਯੂਰਪ ਦੇ ਵਪਾਰੀਆਂ ਨੇ ਵੱਡੇ-ਵੱਡੇ ਬਾਗ ਸਥਾਪਤ ਕੀਤੇ। ਖਾਸ ਕਰਕੇ ਦੱਖਣੀ ਹਿੱਸਿਆਂ ਵਿੱਚ ਕਪਾਹ ਦੀ ਖੇਤੀ ਲਈ ਅਫਰੀਕਾ ਤੋਂ ਵੱਡੀ ਮਾਤਰਾ ਵਿੱਚ ਗੁਲਾਮਾਂ ਨੂੰ ਲਾਇਆ ਗਿਆ। ਇਸ ਲਈ ਸਥਾਨਕ ਆਦੀਵਾਸੀ ਲੋਕਾਂ ਨੂੰ ਉਹਨਾਂ ਦੀਆਂ ਜ਼ਮੀਨਾਂ ਤੋਂ ਖਦੇੜ ਦਿੱਤਾ ਗਿਆ। ਸਥਾਨਕ ਆਦੀਵਾਸੀ ਲੋਕਾਂ ਨੂੰ ਖਦੇੜਨ ਅਤੇ ਉਹਨਾਂ ਦੀਆਂ ਜ਼ਮੀਨਾਂ 'ਤੇ ਕਬਜਾ ਕਰਨ ਲਈ ਭਾਂਤ-ਭਾਂਤ ਦੇ ਤਰੀਕੇ ਅਪਣਾਏ ਗਏ। ਉਹਨਾਂ ਦੇ ਨਾਲ ਧੋਖਾਧੜੀ ਭਰੇ ਸਮਝੌਤੇ ਕੀਤੇ ਗਏ। ਉਨ੍ਹਾਂ ਦੇ ਕਬੀਲਿਆਂ ਦੇ ਸਰਦਾਰਾਂ ਨੂੰ ਖਰੀਦਿਆ ਗਿਆ। ਉਹਨਾਂ ਅੰਦਰ ਬਕਾਇਦਾ ਯੂਰਪ ਤੋਂ ਇਨਫੈਕਸ਼ਨ ਭਰਪੂਰ ਕੱਪੜਾ-ਕੰਬਲ ਲਿਆ ਕੇ ਬੀਮਾਰੀਆਂ ਫੈਲਾਈਆਂ ਗਈਆਂ ਅਤੇ ਸਭ ਤੋਂ ਅੰਤ ਵਿੱਚ ਉਹਨਾਂ ਦਾ ਜੰਗਲੀ ਜਾਨਵਰਾਂ ਵਾਂਗ ਸ਼ਿਕਾਰ ਕੀਤਾ ਗਿਆ। ਇਕ ਸਮਾਂ ਤਾਂ ਉਹ ਆਇਆ ਜਦ ਆਦੀਵਾਸੀ ਲੋਕਾਂ ਨੂੰ ਮਾਰ ਕੇ ਉਹਨਾਂ ਦਾ ਸਿਰ ਜਾਂ ਚਮੜੀ ਲਿਆਉਣ ਵਾਲੇ ਨੂੰ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਯੂਰਪ ਤੋਂ ਆਏ ਇਹਨਾਂ ਬਸਤੀਵਾਦੀਆਂ ਦੀ ਨਿਗਾਹ 'ਚ ਆਦੀਵਾਸੀ ਤੇ ਜੰਗਲੀ ਜਾਨਵਰ ਬਰਾਬਰ ਹੋ ਗਏ।

ਉਤਰੀ ਅਮਰੀਕਾ 'ਚ ਯੂਰਪੀ ਲੋਕ ਪੂਰਬ ਵੱਲੋਂ ਆ ਕੇ ਵਸਦੇ ਗਏ ਅਤੇ ਉਥੋਂ ਦੇ ਕੁਝ ਬਸ਼ਿੰਦਿਆਂ ਨੂੰ ਪੱਛਮ ਵੱਲ ਖਦੇੜਦੇ ਗਏ। ਇਹ ਸਿਲਸਿਲਾ 19ਵੀਂ ਸਦੀ ਦੇ ਅੰਤ ਤੱਕ ਚੱਲਦਾ ਰਿਹਾ। ਗੁਲਾਮੀ ਪ੍ਰਬੰਧ ਨੂੰ ਖਤਮ ਕਰਨ ਲਈ ਲੜੇ ਗਏ ਯੁੱਧ ਦੀ ਇਕ ਮੁੱਖ ਪ੍ਰੇਰਣਾ ਪੱਛਮ ਦੀ ਜ਼ਮੀਨ 'ਤੇ ਕਬਜਾ ਕਰਨ ਦਾ ਵਿਵਾਦ ਸੀ। ਅਜੇ ਵੀ ਆਦੀਵਾਸੀਆਂ ਦੇ ਕਬਜੇ ਵਾਲੀ ਪੱਛਮ ਦੀ ਜ਼ਮੀਨ 'ਤੇ ਕਪਾਹ ਪੈਦਾ ਕਰਨ ਵਾਲੇ ਗੁਲਾਮ ਮਾਲਿਕ ਵੀ ਕਬਜ਼ਾ ਕਰਨਾ ਚਾਹੁੰਦੇ ਸਨ ਅਤੇ ਉਤਰ ਦੇ ਸਨਅਤੀ ਪੂੰਜੀਪਤੀ ਵੀ। ਆਦੀਵਾਸੀ ਲੋਕਾਂ ਨੂੰ ਮਾਰਕੁੱਟ ਕੇ ਪੱਛਮ ਵੱਲ ਦਬੱਲਣ ਦੇ ਅਮਲ ਨੂੰ ਵਾਈਲਡ ਵੇਸਟ ਕਿਹਾ ਗਿਆ। ਇਸ ਸਾਰੇ ਕੁਝ ਦਾ ਸਿੱਟਾ ਇਹ ਹੋਇਆ ਕਿ ਜਿਸ ਨੂੰ ਅੱਜ ਸੰਯੁਕਤ ਰਾਜ ਅਮਰੀਕਾ ਕਿਹਾ ਜਾਂਦਾ ਹੈ ਉਸ ਵਿੱਚ ਦੋ ਤਿੰਨ ਸ਼ਤਾਬਦੀਆਂ ਦੌਰਾਨ ਸਥਾਨਕ ਮੂਲ ਨਿਵਾਸੀਆਂ ਨੂੰ ਮਾਰ ਸੁੱਟਿਆ ਗਿਆ ਅਤੇ ਉਹਨਾਂ ਦੀਆਂ ਜ਼ਮੀਨਾਂ 'ਤੇ ਕਬਜਾ ਕਰ ਲਿਆ ਗਿਆ। ਉਹਨਾਂ ਦੇ ਪਾਸ ਇਹੀ ਸਭ ਤੋਂ ਕੀਮਤੀ ਚੀਜ਼ ਸੀ ਜ਼ਮੀਨ ਅਤੇ ਉਹ ਉਹਨਾਂ ਤੋਂ ਖੋਹ ਲਈ ਗਈ। ਬਦਲੇ 'ਚ ਉਹਨਾਂ ਨੂੰ ਦਿੱਤੀ ਗਈ ਮੌਤ। ਯੂਰਪੀਆਂ ਦੇ ਯੂਰਪ ਤੋਂ ਬਾਹਰ ਪਹਿਲਾਂ ਬਸਤੀਆਂ ਇਉਂ ਹੀ ਬਣੀਆਂ। ਮਨੁੱਖੀ ਅਧਿਕਾਰਾਂ ਦਾ ਐਲਾਨ ਕਰਨ ਵਾਲੇ ਅਮਰੀਕੀ ਜਨਤੰਤਰ ਨੇ ਸਥਾਨਕ ਅਮਰੀਕੀ ਆਦੀਵਾਸੀ ਜਨਤਾ ਦੇ ਨਾਲ ਇਹੀ ਵਿਹਾਰ ਕੀਤਾ। ਉਹ ਮਨੁੱਖ ਤੇ ਲੋਕਤੰਤਰ ਤੋਂ ਬਾਹਰ ਸਨ ਤੇ ਉਹਨਾਂ ਨੂੰ ਨਸ਼ਟ ਕਰ ਦਿੱਤਾ ਗਿਆ। ਸਰਮਾਏਦਾਰੀ ਜਮਾਤ ਨੇ ਇਹੀ ਕੰਮ ਆਸਟ੍ਰੇਲੀਆ ਵਿੱਚ ਵੀ ਕੀਤਾ। ਉਥੇ ਵੀ ਸਥਾਨਕ ਆਦੀਵਾਸੀ ਜਨਤਾ ਨੂੰ ਨਸ਼ਟ ਕਰਕੇ ਉਹਨਾਂ ਦੀ ਜਮੀਨ 'ਤੇ ਕਬਜਾ ਕਰ ਲਿਆ ਗਿਆ। ਬਾਅਦ 'ਚ ਪੂੰਜੀਪਤੀ ਜਮਾਤ ਨੇ ਬਾਕੀ ਬਚੀ ਆਦੀਵਾਸੀ ਜਨਤਾ ਦੇ ਨਾਲ ਹੀ ਇਸੇ ਵਿਨਾਸ਼ ਦਾ ਅਮਲ ਅਪਣਾਇਆ। ਚਾਹੇ ਉਹ ਦੱਖਣੀ ਅਮਰੀਕਾ ਰਿਹਾ ਹੋਵੇ ਜਾਂ ਅਫਰੀਕਾ

ਜਾਂ ਏਸ਼ੀਆ। ਅੱਜ ਵੀ ਜਿਥੇ ਜਿਥੇ ਇਹ ਪਿਛੜੀਆਂ ਜਾਤੀਆਂ ਵਸੀਆਂ ਹਨ। ਪੂੰਜੀਵਾਦ (ਸਾਮਰਾਜ) ਉਹਨਾਂ ਨੂੰ ਤਬਾਹ ਕਰ ਰਿਹਾ। ਅਤੇ ਜੇ ਉਹ ਉਸ ਜਮੀਨ 'ਤੇ ਵਸੇ ਹੋਏ ਹੋਣ ਜੋ ਤਾਂ ਖਣਿਜ ਸਾਧਨਾਂ ਨਾਲ ਭਰਪੂਰ ਹੋਣ ਤੱਕ ਤਾਂ ਖ਼ੈਰ ਨਹੀਂ। ਤਦ ਤਾਂ ਉਹਨਾਂ ਨੇ ਨਿਸ਼ਚਿਤ ਤੌਰ 'ਤੇ ਆਪਣੀਆਂ ਜਮੀਨਾਂ ਤੋਂ ਖਦੇੜਿਆ ਜਾਵੇਗਾ ਅਤੇ ਉਸ ਕੁਦਰਤੀ ਸਾਧਨ ਦੀ ਲੁੱਟ ਕੀਤੀ ਜਾਵੇਗੀ।

ਮੱਧ ਭਾਰਤ ਵਿੱਚ ਅੱਜਕੱਲ੍ਹ ਇਹ ਅਮਲ ਜ਼ੋਰਾਂ 'ਤੇ ਚੱਲ ਰਿਹਾ ਹੈ। ਮੱਧ ਭਾਰਤ ਵਿੱਚ ਪੱਛਮੀ ਬੰਗਾਲ ਤੋਂ ਲੈ ਕੇ ਮਹਾਰਾਸ਼ਟਰ ਦੇ ਪੂਰਬੀ ਹਿੱਸਿਆਂ ਤਕ ਜੋ ਖੇਤਰ ਹੈ ਉਹ ਕੁਦਰਤੀ ਸਾਧਨਾਂ ਨਾਲ ਭਰਪੂਰ ਹੈ। ਦੇਸ਼ ਦੀ 70-80 ਫੀਸਦੀ ਖਣਿਜ ਜਾਇਦਾਦ ਅਤੇ ਜੰਗਲ ਇਸ ਇਲਾਕੇ ਵਿੱਚ ਹਨ ਇਸ ਇਲਾਕੇ ਵਿੱਚ ਕਈ ਨਦੀਆਂ ਵੀ ਹਨ। ਪਰ ਇਸ ਦੇ ਨਾਲ ਦੇਸ਼ ਦੇ ਇਸ ਖੇਤਰ ਵਿੱਚ ਭਾਰੀ ਮਾਤਰਾ ਵਿੱਚ ਆਦੀਵਾਸੀ ਜਨਤਾ ਵੀ ਰਹਿੰਦੀ ਹੈ। ਇਹ ਆਦੀਵਾਸੀ ਜਨਤਾ ਵਿਕਾਸ ਦੇ ਵੱਖ-ਵੱਖ ਪੱਧਰਾਂ 'ਤੇ ਹਨ। ਕਿਤੇ ਕਿਤੇ ਇਹ ਆਮ ਖੇਤ ਮਜ਼ਦੂਰ ਹਨ ਤਾਂ ਕਿਤੇ ਕਿਤੇ ਜੰਗਲ 'ਤੇ ਨਿਰਭਰ ਰਹਿਣ ਵਾਲੇ। ਪਰ ਵਿਕਾਸ ਦੇ ਵੱਖ-ਵੱਖ ਪੱਧਰਾਂ 'ਤੇ ਹੋਣ ਦੇ ਬਾਵਜੂਦ ਜੰਗਲ ਅਤੇ ਨਦੀ 'ਤੇ ਨਿਰਭਰਤਾ ਬਹੁਤ ਜ਼ਿਆਦਾ ਹੈ। ਇਹ ਅਜੇ ਵੀ ਉਹਨਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਉਹਨਾਂ ਨੂੰ ਇਹਨਾਂ ਤੋਂ ਦੂਰ ਨਹੀਂ ਕੀਤਾ ਜਾ ਸਕਦਾ। ਅੰਗਰੇਜ਼ਾਂ ਨੇ ਇਸ ਦੇਸ਼ 'ਤੇ ਕਬਜਾ ਕਰਨ ਦੇ ਨਾਲ ਹੀ ਜੰਗਲ ਅਤੇ ਨਦੀ ਨੂੰ ਰਾਜ ਦੀ ਜਾਇਦਾਦ ਐਲਾਨ ਦਿੱਤਾ ਨਾਲ ਹੀ ਜਮੀਨ ਦੇ ਅੰਦਰ ਪਈ ਸਮੁੱਚੀ ਕੁਦਰਤੀ ਜਾਇਦਾਦ ਨੂੰ ਵੀ। ਇਸ ਤਰ੍ਹਾਂ ਅੰਗਰੇਜ਼ ਸਰਕਾਰ ਨੇ ਇਕ ਝਟਕੇ ਨਾਲ ਆਦੀਵਾਸੀ ਜਨਤਾ ਨੂੰ ਉਹਨਾਂ ਦੇ ਆਮ ਪ੍ਰਵੇਸ਼ ਵਿੱਚ ਹੀ ਅਜਨਬੀ ਬਣਾ ਦਿੱਤਾ ਅਤੇ ਉਹਨਾਂ ਦੇ ਸਦੀਆਂ ਤੋਂ ਚਲੇ ਆ ਰਹੇ ਰਵਾਇਤੀ ਅਧਿਕਾਰ ਨੂੰ ਉਹਨਾਂ ਤੋਂ ਖੋਹ ਲਿਆ ਤਦ ਆਦੀਵਾਸੀ ਜੰਗਲ ਤੋਂ ਵਾਂਝੇ ਕਰ ਦਿੱਤੇ ਗਏ। ਇਸ ਨਾਲ ਸਰਕਾਰ ਅਤੇ ਆਦੀਵਾਸੀ ਜਨਤਾ ਵਿਚਕਾਰ ਸੁਭਾਵਿਕ ਤੌਰ 'ਤੇ ਅੰਤਰ ਵਿਰੋਧ ਪੈਦਾ ਹੋ ਗਿਆ। ਇਸ ਵਿਚ ਵੀ ਕੋਹੜ 'ਚ ਖੁੱਜਲੀ ਇਹ ਕਿ ਜੰਗਲ ਵਿਭਾਗ ਦੇ ਅਧਿਕਾਰੀ ਇਹਨਾਂ ਕਾਨੂੰਨ ਨੂੰ ਵਰਤ ਕੇ ਆਦੀਵਾਸੀ ਜਨਤਾ ਨੂੰ ਹੈਰਾਨ ਪ੍ਰੇਸ਼ਾਨ ਕਰਨ ਲੱਗੇ। ਉਹਨਾਂ ਦੀ ਲੁੱਟ-ਘਸੁੱਟ ਕਰਨ ਲੱਗੇ। ਦੇਸ਼ 'ਚ ਦਲਾਲ ਸਰਮਾਏਦਾਰੀ ਦੇ ਪਸਾਰ ਦੇ ਨਾਲ ਹੋਰ ਲੋਕ ਵੀ ਇਹਨਾਂ ਆਦੀਵਾਸੀ ਖੇਤਰਾਂ 'ਚ ਪਹੁੰਚੇ ਇਹ ਸਨ ਜੰਗਲ ਵਿਭਾਗ ਦੇ ਲੱਕੜੀ ਠੇਕੇਦਾਰ, ਸੂਦਖੋਰ ਤੇ ਵਪਾਰੀ। ਇਹਨਾਂ ਸਾਰਿਆਂ ਨੇ ਆਦੀਵਾਸੀ ਜਨਤਾ ਦੀ ਕਾਨੂੰਨਾਂ ਸਬੰਧੀ ਅਣਜਾਣਤਾ ਦਾ ਫਾਇਦਾ ਉਠਾ ਕੇ ਉਹਨਾਂ ਦੀਆਂ ਜ਼ਮੀਨਾਂ ਨੂੰ ਹੜੱਪਣਾ ਸ਼ੁਰੂ ਕਰ ਦਿੱਤਾ। ਦਰਅਸਲ ਇਹ ਇਹਨਾਂ ਪਿਛੜੇ ਹਿੱਸਿਆਂ ਤਕ ਪੂੰਜੀਵਾਦ ਦੇ ਪਸਾਰ ਦੀ ਮੱਠੀ ਤੇ ਬੇਰਹਿਮ ਹਾਲ ਸੀ। ਆਜ਼ਾਦੀ ਪਿੱਛੋਂ ਵੀ ਇਸ ਸਭ 'ਚ ਕੋਈ ਤਬਦੀਲੀ ਨਹੀਂ ਹੋਈ। ਸਰਕਾਰ ਦੇ ਨਿਯਮ ਕਾਨੂੰਨ ਉਹੀ ਰਹੇ। ਅੱਜ ਆਦੀਵਾਸੀ ਜਨਤਾ ਦੀ ਲੁੱਟ-ਘਸੁੱਟ ਵੈਸੇ ਹੀ ਰਹੀ। ਬਸ ਹੋਇਆ ਇਹ ਕਿ ਭਾਰਤ ਸਰਕਾਰ ਨੇ ਇਹਨਾਂ ਆਦੀਵਾਸੀ ਜਾਤੀਆਂ ਨੂੰ ਅਨੁਸੂਚਿਤ ਜਾਤੀਆਂ ਦੀ ਸ੍ਰੇਣੀ 'ਚ ਪਾ ਦਿੱਤਾ ਅਤੇ ਉਹਨਾਂ ਲਈ ਰਾਖਵੇਂਕਰਣ ਦੀ ਵਿਵਸਥਾ ਕਰ ਦਿੱਤੀ। ਇਹ ਆਦੀਵਾਸੀ ਜਾਤੀਆਂ 'ਚ ਪ੍ਰਮੁੱਖ ਲੋਕਾਂ ਜਾਂ ਉਹਨਾਂ 'ਚੋਂ ਪੜ ਲਿਖ ਗਏ ਲੋਕਾਂ ਨੂੰ ਪੂੰਜੀਵਾਦ (ਸਾਮਰਾਜੀ) ਪ੍ਰਬੰਦ 'ਚ ਆਤਮਗਤ ਕਰਨ ਦਾ ਅਮਲ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਆਦੀਵਾਸੀ ਜਨਤਾ ਦਾ ਇਕ ਬਹੁਤ ਛੋਟਾ ਹਿੱਸਾ ਭਾਰਤ ਦੀ ਹਾਕਮ ਜਮਾਤ ਦਾ ਹਿੱਸਾ ਬਣ ਗਿਆ। ਇਸ ਦੇ ਨਾਲ ਇਕ ਹੋਰ ਹਿੱਸਾ ਮੱਧ ਵਰਗ ਦੀ ਤਰ੍ਹਾਂ ਇਸ

ਪੂੰਜੀਵਾਦੀ ਵਿਵਸਥਾ 'ਚ ਸਮਾ ਗਿਆ। ਪਰ ਆਦੀਵਾਸੀਆਂ ਜਨਤਾ ਦਾ ਬਹੁਤਾ ਹਿੱਸਾ ਸੀ ਪਹਿਲਾਂ ਤੋਂ ਵੀ ਬੁਰੀ ਸਥਿਤੀ ਵਿੱਚ ਪਹੁੰਚ ਗਿਆ।

ਭਾਰਤ ਦੇ ਸਰਮਾਏਦਾਰੀ ਵਿਕਾਸ ਦੇ ਨਾਲ ਜੰਗਲਾਂ 'ਤੇ ਸਰਕਾਰ ਦਾ ਸ਼ਿਕੰਜਾ ਕਸਦਾ ਗਿਆ ਹੈ। ਦੂਜੇ ਪਾਸੇ ਬਾਹਰੀ ਲੋਕਾਂ ਵੱਲੋਂ ਆਦੀਵਾਸੀ ਸਮਾਜ ਦੇ ਢਹਿ ਢੇਰੀ ਅਤੇ ਉਹਨਾਂ ਦੀ ਲੁੱਟ ਘਸੁੱਟ ਵਧਦੀ ਗਈ। ਜੰਗਲ ਦੀ ਲੁੱਟ ਨਾਲ ਵੀ ਇਸ ਅਮਲ ਨੂੰ ਹੱਲਾਸ਼ੇਰੀ ਮਿਲੀ। ਉਦਾਰੀਕਰਣ-ਨਿੱਜੀਕਰਣ ਦੇ ਦੌਰ 'ਚ ਇਹ ਸਾਰਾ ਕੁਝ ਬਹੁਤੇ ਉਚ ਪੱਧਰ ਤਕ ਪਹੁੰਚਣ ਲੱਗਿਆ ਹੈ। ਭਾਰਤ ਦੀ ਸਰਮਾਏਦਾਰ ਜਮਾਤ ਨੂੰ ਦੇਸ਼ ਦੇ ਕੁਦਰਤੀ ਸਾਧਨਾਂ ਤਕ ਬੇਰੋਕ ਪਹੁੰਚਣਾ ਚਾਹੀਦਾ ਹੈ। ਉਸ ਨੂੰ ਜੰਗਲ ਦੀ ਲੱਕੜੀ ਚਾਹੀਦੀ ਹੈ। ਉਸ ਨੂੰ ਧਰਤੀ ਹੇਠਲੀ ਖਣਿਜ ਜਾਇਦਾਦ ਚਾਹੀਦੀ ਹੈ। ਉਸ ਨੂੰ ਆਪਣੀਆਂ ਫੈਕਟਰੀਆਂ ਲਾਉਣ ਲਈ ਜ਼ਮੀਨ ਚਾਹੀਦੀ ਹੈ। ਅਤੇ ਇਹਨਾਂ ਸਾਰਿਆਂ ਲਈ ਇਹ ਕੋਈ ਜ਼ਿਆਦਾ ਜਮੀਨ ਨਹੀਂ ਚਕਾਉਂਦਾ। ਉਹ ਆਪਣੇ ਮੁਨਾਫੇ 'ਚ ਕੋਈ ਕਮੀ ਨਹੀਂ ਚਾਹੁੰਦਾ। ਉਦਾਰੀਕਰਨ ਦੇ ਦੌਰ 'ਚ ਭਾਰਤ ਦੀ ਪੂੰਜੀਪਤੀ ਦਲਾਲ ਜਮਾਤ ਨੇ ਇਸ ਦਾ ਬਾਖੂਬੀ ਪ੍ਰਬੰਧ ਕੀਤਾ ਹੈ। ਉਸ ਨੇ ਨਾ ਸਿਰਫ਼ ਪੂੰਜੀਪਤੀ ਜਮਾਤ ਨੂੰ ਮਜ਼ਦੂਰ ਦੀ ਬੇਤਹਾਸ਼ਾ ਲੁੱਟ ਕਰਨ ਦੀ ਇਜਾਜ਼ਤ ਦਿੱਤੀ, ਉਸ ਨੇ ਨਾ ਸਿਰਫ ਜਨਤਕ ਜਾਇਦਾਦ ਪੂੰਜੀਪਤੀ ਦਲਾਲ ਜਮਾਤ ਕੌਡੀਆਂ ਦੇ ਭਾਅ ਲੁਟਾਈ ਬਲਕਿ ਉਹ ਇਸ ਗੱਲ ਦਾ ਪ੍ਰਬੰਧ ਕਰ ਰਿਹਾ ਹੈ ਕਿ ਕਿਸਾਨਾਂ-ਦਸਤਕਾਰਾਂ ਦੀ ਛੋਟੀ ਜਾਇਦਾਦ ਸੰਪਤੀ ਪੂੰਜੀ ਦੇ ਰੱਥ ਦੇ ਰਾਹ 'ਚ ਅੜਿੱਕਾ ਨਾ ਬਣੇ। ਉਸ ਨੇ ਨਾ ਸਿਰਫ ਵਿਸ਼ੇਸ਼ ਆਰਥਿਕ ਖੇਤਰ ਐਲਾਨੇ ਬਲਕਿ ਇਸ ਗੱਲ ਦਾ ਵੀ ਪ੍ਰਬੰਧ ਕੀਤਾ ਕਿ ਛੋਟੇ ਕਿਸਾਨਾਂ ਦੀ ਜ਼ਮੀਨ ਬਹੁਤ ਸਸਤੇ ਭਾਵਾਂ 'ਚ ਖੋਹ ਕੇ ਪੂੰਜੀਪਤੀਆਂ ਨੂੰ ਸੌਂਪ ਦਿੱਤਾ ਜਾਵੇ। ਮੱਧ ਭਾਰਤ ਦੇ ਆਦੀਵਾਸੀ ਬਹੁਤ ਗਿਣਤੀ ਵਾਲੇ ਖੇਤਰਾਂ 'ਚ ਵੀ ਭਾਰਤ ਸਰਕਾਰ ਇਹੀ ਕਰ ਰਹੀ ਹੈ। ਇਹ ਪੂੰਜੀਪਤੀਆਂ ਦੇ ਲਈ ਪਾਣੀ ਬਿਜਲੀ ਮੁਹੱਈਆ ਕਰਾਉਣ ਲਈ ਉਥੇ ਨਦੀਆਂ 'ਤੇ ਬੰਨ ਬਣਾ ਰਹੀ ਹੈ ਅਤੇ ਉਥੋਂ ਆਦੀਵਾਸੀਆਂ ਨੂੰ ਖਦੇੜ ਰਹੀ ਹੈ। ਇਹ ਖਾਣਾ ਤੇ ਫੈਕਟਰੀਆਂ ਲਈ ਜ਼ਮੀਨ ਪੂੰਜੀਪਤੀਆਂ ਨੂੰ ਦੇ ਰਹੀ ਹੈ। ਇਹ ਅਤੇ ਇਸ ਦਾ ਪ੍ਰਬੰਦ ਕਰ ਰਹੀ ਹੈ ਕਿ ਉਹਨਾਂ ਜਮੀਨਾਂ 'ਤੇ ਵਸਣ ਵਾਲੇ ਆਦੀਵਾਸੀ ਉਥੋਂ ਖਦੇੜ ਦਿੱਤੇ ਜਾਣ।

ਛਤੀਸ਼ਗੜ੍ਹ ਦੇ ਬਸਤਰ ਜ਼ਿਲ੍ਹੇ ਦੇ ਸਲਵਾ ਜੂਡਮ ਦੀ ਹਕੀਕਤ ਇਹੀ ਹੈ ਕਿ ਇਸ ਦੀ ਆੜ ਵਿੱਚ ਸੈਂਕੜੇ ਪਿੰਡਾਂ ਦੇ ਹਜ਼ਾਰਾਂ-ਲੱਖਾਂ ਆਦੀਵਾਸੀਆਂ ਨੂੰ ਉਹਨਾਂ ਦੇ ਪਿੰਡ ਤੋਂ ਉਜਾੜ ਕੇ ਸਰਕਾਰ ਵੱਲੋਂ ਬਣਾਏ ਰਾਹਤ ਕੈਂਪਾਂ 'ਚ ਵਸਾ ਦਿੱਤਾ ਗਿਆ। ਇਸ ਪਿੱਛੋਂ ਉਹਨਾਂ ਦੇ ਖਾਲੀ ਪਿੰਡਾਂ 'ਚ ਉਹਨਾਂ ਸਨਅਤਕਾਰਾਂ ਨੂੰ ਸੌਂਪ ਦਿੱਤਾ ਗਿਆ ਜੋ ਉਥੇ ਫੈਕਟਰੀ ਲਾਉਣਾ ਚਾਹੁੰਦੇ ਹਨ। ਇਹਨਾਂ 'ਚ ਵੇਦਾਂਤ ਇੰਡਸਟ੍ਰੀਜ਼ ਤੇ ਟਾਟਾ ਇੰਡਸਟ੍ਰੀਜ ਮੁੱਖ ਹਨ। ਵੇਦਾਂਤ ਬਾਕਸਾਈਟ ਦੀ ਲੁੱਟ ਕਰਨਾ ਚਾਹੁੰਦਾ ਹੈ ਤਾਂ ਟਾਟਾ ਇਸਪਾਤ ਦੀ ਫੈਕਟਰੀ ਲਾਉਣਾ ਚਾਹੁੰਦਾ ਹੈ।

ਪਿਛਲੇ ਸਾਲਾਂ 'ਚ ਛਤੀਸ਼ਗੜ੍ਹ ਸਰਕਾਰ ਨੇ ਦੇਸੀ ਵਿਦੇਸ਼ੀ ਕੰਪਨੀਆਂ ਦੇ ਨਾਲ ਉਥੇ ਖਾਣਾ ਤੇ ਫੈਕਟਰੀਆਂ ਲਈ ਸੈਂਕੜੇ ਸਮਝੌਤੇ ਕੀਤੇ ਹਨ। ਪਰ ਇਹ ਸਮਝੌਤੇ ਤਾਂ ਹੀ ਲਾਗੂ ਹੋ ਸਕਦੇ ਹਨ। ਜਦ ਆਦੀਵਾਸੀਆਂ ਨੂੰ ਉਹਨਾਂ ਦੀ ਜਮੀਨ ਤੇ ਖਦੇੜ ਦਿੱਤਾ ਜਾਵੇ। ਸਾਮਰਾਜੀ ਪ੍ਰਬੰਦ ਦੀ ਸੀਮਾ ਰੇਖਾ ਤੋਂ ਖੜ੍ਹੇ ਆਦੀਵਾਸੀਆਂ ਨੇ ਆਪਣੀ ਜ਼ਮੀਨ ਵੇਚਣ ਲਈ ਨਹੀਂ ਲਲਚਾਇਆ ਜਾ ਸਕਦਾ। ਅਜਿਹੇ 'ਚ ਭਾਵੇਂ ਲਾਠੀ ਗੋਲੀ ਚਲਾਉਣੀ ਪਵੇ। ਅਸਲ 'ਚ ਅਪ੍ਰੇਸ਼ਨ ਗ੍ਰੀਨ ਹੰਟ ਦਾ ਸਾਰਤੱਤ ਇਹੀ ਹੈ। ਅਪ੍ਰੇਸ਼ਨ

ਗ੍ਰੀਨ ਹੰਟ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ' ਹੈ। ਨਾਲ ਨਿਪਟਣ ਲਈ ਨਹੀਂ ਚਲਾਇਆ ਜਾ ਰਿਹਾ ਹੈ। ਉਹ ਸਿਰਫ ਇਸ ਸਿੱਧੇ ਜਿਹੇ ਤੱਥ ਦੇ ਕਾਰਣ ਕਿ ਅਸਲ ਵਿੱਚ ਅਜਿਹਾ ਕੋਈ ਖਤਰਾ ਹੈ ਹੀ ਨਹੀਂ। ਇਸ ਬਸ ਸਰਕਾਰ ਵੱਲੋਂ ਖੜ੍ਹਾ ਕੀਤਾ ਜਾ ਰਿਹਾ ਇਹੋ ਗਰਦੋ ਗੁਬਾਰ ਹੈ। ਜਿਸ ਦੀ ਆੜ ਵਿੱਚ ਸਰਕਾਰ ਆਦੀਵਾਸੀਆਂ ਖਿਲਾਫ਼ ਅਪਰੇਸ਼ਨ ਵਾਈਲਡ ਵੇਸਟ ਉਰਫ ਅਪ੍ਰੇਸ਼ਨ ਗ੍ਰੀਨਹੰਟ ਚਲਾਵੇਗੀ। ਇਸ ਦਾ ਸਿੱਧਾ ਜਿਹਾ ਮਤਲਬ ਹੋਵੇਗਾ ਆਪਣੀਆਂ ਜ਼ਮੀਨਾਂ ਤੋਂ ਬੇਦਖਲ ਕੀਤੇ ਜਾ ਰਹੇ। ਆਪਣੀ ਜਗਾਹ ਤੋਂ ਉਜਾੜੇ ਜਾ ਰਹੇ ਆਦੀਵਾਸੀਆਂ ਦੇ ਪ੍ਰਤੀਰੋਧ ਨੂੰ ਕੁਚਲ ਦੇਣਾ। ਉਹਨਾਂ ਨੂੰ ਭਜਾ ਕੇ ਉਹਨਾਂ ਦੀ ਜ਼ਮੀਨ 'ਤੇ ਕਬਜਾ ਕਰ ਲੈਣਾ ਅਤੇ ਫਿਰ ਉਸ ਨੂੰ ਸਨਅਤਕਾਰਾਂ ਨੂੰ ਸੌਂਪ ਦੇਣਾ।

ਅਮਰੀਕੀ ਸਾਮਰਾਜੀਆਂ ਬਾਰੇ ਕਿਹਾ ਜਾਂਦਾ ਹੈ ਕਿ ਮੈਕਡੋਨਾਲਡ ਬਿਨਾਂ ਜਨਰਲ ਮੈਕਡਗਲਸ ਦੇ ਕੰਮ ਨਹੀਂ ਕਰ ਸਕਦਾ। ਯਾਨੀ ਪੂੰਜੀਵਾਦ ਦੇ ਵਿਕਾਸ ਲਈ ਆਮ ਖਰੀਦ ਵੇਚ ਅਤੇ ਨਿਵੇਸ਼ ਤੋਂ ਇਲਾਵਾ ਤਾਕਤ ਦੀ ਵਰਤੋਂ ਦੀ ਵੀ ਲੋੜ ਹੁੰਦੀ ਹੈ। ਜਦ ਆਮ ਪੂੰਜੀਵਾਦ ਖਰੀਦ ਵੇਚ ਦਾ ਅਸਲ ਕੰਮ ਨਹੀਂ ਕਰ ਸਕਦਾ ਤਦ ਤਾਕਤ ਦੀ ਵਰਤੋਂ ਕਰਨੀ ਪੂੰਜੀਵਾਦ ਦਾ ਆਮ ਰਿਵਾਜ ਹੈ। ਵਪਾਰਕ ਪੂੰਜੀਵਾਦ ਦੇ ਜ਼ਮਾਨੇ ਤੋਂ ਲੈ ਕੇ ਆਧੁਨਿਕ ਪੂੰਜੀਵਾਦ ਤਕ ਇਹ ਹਮੇਸ਼ਾ ਹੁੰਦਾ ਰਿਹਾ ਹੈ। ਅੱਜ ਦੀ ਉਦਾਰੀਕ੍ਰਿਤ ਭਾਰਤੀ ਪੂੰਜੀਵਾਦ ਵੀ ਇਹੀ ਕਰ ਰਿਹਾ ਹੈ। ਇਹ ਹਰ ਥਾਂ ਬਲਦੀ ਵਰਤੋਂ ਕਰ ਰਿਹਾ ਹੈ। ਇਥੇ ਖਰੀਦ ਵੇਚ ਦਾ ਆਮ ਅਮਲ ਕੰਮ ਨਹੀਂ ਕਰ ਰਿਹਾ ਹੈ। ਇਹ ਨੰਦੀਗ੍ਰਾਮ ਤੇ ਸਿੰਗੂਰ ਵਿਚ ਵੀ ਹੋ ਰਿਹਾ ਹੈ ਅਤੇ ਦਾਂਤੇ ਵਾੜਾ ਵਿੱਚ ਵੀ। ਇਹ ਛੋਟੇ ਕਿਸਾਨਾਂ ਦੇ ਨਾਲ ਵੀ ਹੋ ਰਿਹਾ ਹੈ ਅਤੇ ਆਦੀਵਾਸੀਆਂ ਦੇ ਨਾਲ ਵੀ।

ਪੂੰਜੀਵਾਦ ਦੇ ਰੱਥ ਦੇ ਸਾਹਮਣੇ ਆਉਣ ਵਾਲੇ ਹਰ ਕਿਸੇ ਨੂੰ ਭਾਰਤੀ ਦਲਾਲ ਨੌਕਰਸ਼ਾਹ ਪੂੰਜੀਵਾਦ ਤੇ ਉਸ ਦੀ ਰਾਜ ਸੱਤਾ ਕੁਚਲ ਦੇਵੇਗੀ। ਬੇਹੱਦ ਜਾਲਮ, ਹਿੰਸਕ ਹੋ ਚੁੱਕੇ ਇਸ ਦਲਾਲ ਪੂੰਜੀਵਾਦ ਦਾ ਮੁਕਾਬਲਾ ਆਦੀਵਾਸੀ ਤੌਰ ਤਰੀਕਿਆਂ ਨਾਲ ਨਹੀਂ ਕੀਤਾ ਜਾ ਸਕਦਾ। ਉਥੇ ਇਸ ਦੇ ਖਿਲਾਫ ਪ੍ਰਤੀਰੋਧ ਤਾਂ ਖੜ੍ਹਾ ਕੀਤਾ ਜਾ ਸਕਦਾ ਹੈ ਪਰ ਇਸ ਨੂੰ ਕੋਈ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਹੈ। ਪੂੰਜੀਵਾਦ ਆਪਣੀ ਸੀਮਾ ਰੇਖਾ 'ਤੇ ਖੜ੍ਹੇ ਲੋਕਾਂ ਨੂੰ ਤਹਿਸ ਨਹਿਸ ਕਰ ਦਿੰਦਾ ਹੈ ਅਤੇ ਉਸ ਦੀ ਰਹਿੰਦ ਖੂੰਹਦ ਨੂੰ ਖਤਮ ਕਰ ਲੈਂਦਾ ਹੈ। ਭਾਰਤੀ ਦਲਾਲ ਨੌਕਰਸ਼ਾਹ ਨੂੰ ਚੁਣੌਤੀ ਉਸ ਦੀ ਸੀਮਾ ਰੇਖਾ ਨਾਲ ਨਹੀਂ ਬਲਕਿ ਉਸ ਦੇ ਕੇਂਦਰ 'ਚ ਮਿਲੇਗੀ ਅਤੇ ਇਹ ਕੇਂਦਰ ਹੈ ਮਜ਼ਦੂਰ ਜਮਾਤ ਜੋ ਕਾਰਗਾਰ ਆਬਾਦੀ ਦੀ ਬਹੁਗਿਣਤੀ ਹੈ। ਇਹੀ ਸਾਮਰਾਜ ਨੂੰ ਚੁਣੌਤੀ ਦੇਵੇਗੀ। ਇਹ ਛੋਟੇ ਦਰਮਿਆਨੇ ਕਿਸਾਨਾਂ ਹੋਰ ਤਬਾਹ ਹੁੰਦੇ ਗਰੀਬ ਲੋਕਾਂ ਲੁੱਟ ਪੁੱਟ ਜਾਂਦੇ ਆਦੀਵਾਸੀਆਂ ਨੂੰ ਆਪਣੇ ਪਿੱਛੇ ਲਾਮਬੰਦ ਕਰੇਗਾ। ਮਜ਼ਦੂਰ ਜਮਾਤ ਦੀ ਅਗਵਾਈ 'ਚ ਬਣਿਆ। ਇਹ ਸਾਂਝਾ ਮੋਰਚਾ ਹੀ ਦਲਾਲ ਸਰਮਾਏਦਾਰੀ ਦੀ ਸੱਤਾ ਨੂੰ ਚੁਣੌਤੀ ਦੇਵੇਗਾ ਅਤੇ ਢੇਹ ਢੇਰੀ ਕਰਕੇ ਪੂੰਜੀਵਾਦ ਦੀ ਕਬਰ ਪੁੱਟੇਗਾ। ਇਹ ਤਦ ਤਕ ਨਹੀਂ ਹੋ ਸਕਦਾ ਜਦ ਖੂਨ ਦਾ ਪਿਆਸਾ ਪੂੰਜੀਵਾਦ ਤਾਂਡਵ ਕਰਦਾ ਰਹੇਗਾ। ਇਹ ਅਨੇਕਾਂ ਤਰ੍ਹਾਂ ਦਾ ਗਰਦੋਂ ਗੁਬਾਰ ਵੱਧ ਕੇ ਛੋਟੀ ਜਾਇਦਾਦ ਵਾਲਿਆਂ ਦੀ ਲੁੱਟ ਕਰਦਾ ਰਹੇਗਾ ਤੇ ਮਜ਼ਦੂਰ ਜਮਾਤ ਨੂੰ ਹੋਰ ਹੇਠਾਂ ਵੱਲ ਨੂੰ ਧੱਕਦਾ ਰਹੇਗਾ।

-----✪✪-----

# ਕੋਬਾੜ ਗਾਂਧੀ ਮਾਓਵਾਦੀ ਕਿਉਂ ਬਣਿਆ?

ਨਕਸਲਬਾੜੀ ਅਤੇ ਐਮਰਜੈਂਸੀ ਦੌਰਾਨ ਬੁੱਧੀਜੀਵੀ ਵੀ ਵੰਡੇ ਗਏ। ਕੁਝ ਸੱਤਾ ਦੇ ਨਾਲ ਚਲੇ ਗਏ ਤਾਂ ਕੁਝ ਇਸ ਦੇ ਖਿਲਾਫ ਇਕ ਨਵੀਂ ਸਮਾਜਕ ਵਿਵਸਥਾ ਲਈ ਸੰਘਰਸ਼ਸ਼ੀਲ ਲੋਕਾਂ ਦੇ ਨਾਲ ਹੋ ਗਏ ਸੱਤਾ ਦੀ ਮੁਖਾਲਫਤ 'ਚ ਜਾਣ ਵਾਲਿਆਂ ਦੀ ਲੜੀ 'ਚ ਇਕ ਨਾਮ ਕੋਬਾੜ ਗਾਂਧੀ ਦਾ ਵੀ ਹੈ। ਜਿੰਨਾ ਦੀ 22 ਸਤੰਬਰ ਨੂੰ ਦਿੱਲੀ 'ਚ ਗ੍ਰਿਫਤਾਰੀ ਹੋਈ। ਉਹਨਾਂ 'ਤੇ ਦੋਸ਼ ਹੈ ਕਿ ਸ਼ਹਿਰੀ ਖੇਤਰ ਵਿੱਚ ਉਹ ਮਾਓਵਾਦੀ ਵਿਚਾਰਧਾਰਾ ਦਾ ਪਸਾਰ ਕਰ ਰਹੇ ਸਨ। ਗਾਂਧੀ ਭਾਰਤੀ ਕਮਿਊਨਿਸਟ ਪਾਰਟੀ ਮਾਓਵਾਦੀ ਦੇ ਪੋਲਿਤ ਬਿਊਰੋ ਮੈਂਬਰ ਹਨ। ਕੇਂਦਰ ਸਰਕਾਰ ਨੇ ਇਸ ਪਾਰਟੀ ਨੂੰ ਇਸ ਸਾਲ ਜੂਨ ਵਿਚ ਦਹਿਸ਼ਤਗਰਦ ਜਥੇਬੰਦੀ ਐਲਾਨ ਦਿੱਤਾ ਸੀ। ਪਾਰਟੀ ਵੱਲੋਂ ਜਾਰੀ ਪ੍ਰੈੱਸ ਨੋਟ 'ਚ ਗ੍ਰਿਫ਼ਤਾਰੀ ਦਾ ਕਾਰਨ ਕੋਬਾੜ ਦੇ ਕੋਰਿਅਰ ਦਾ ਮੁਖਬਿਰ ਹੋਣਾ ਦੱਸਿਆ ਗਿਆ ਹੈ। ਜਦ ਕਿ ਗ੍ਰਹਿ ਮੰਤਰਾਲੇ ਦੀਆਂ ਖੁਫੀਆ ਏਜੰਸੀਆਂ ਦੀ ਕਾਬਲੀਅਤ ਦਾ ਨਤੀਜਾ ਮੰਨ ਰਿਹਾ ਹੈ।

ਨਿਰਸੰਦੇਹ ਸਰਕਾਰ ਲਈ ਗਾਂਧੀ ਦੀ ਗ੍ਰਿਫਤਾਰੀ ਵੱਡੀ ਸਫਲਤਾ ਹੈ ਪਰ ਕੋਬਾੜ ਦੀ ਗ੍ਰਿਫਤਾਰੀ ਪਿੱਛੋਂ ਬਲਕਿ ਰਾਜਸੀ ਵਿਸਲੇਸ਼ਕਾਂ ਲਈ ਚਿੰਤਾ ਦਾ ਵਿਸ਼ਾ ਇਹ ਬਣਿਆ ਕਿ ਲੰਦਨ ਸਕੂਲ ਆਫ ਇਕਨਾਮਿਕਸ ਤੋਂ ਸੀ. ਏ. ਕਰਨ ਵਾਲੇ ਪਾਰਸੀ ਖਾਣਦਾਨ ਦੇ ਕਰੋੜਪਤੀ ਬੇਟੇ ਗਾਂਧੀ ਨੇ ਜਹਾਲਤਾਂ 'ਚ ਜਿਉਣ ਵਾਲਿਆਂ ਨਾਲ ਖੜ੍ਹਾ ਹੋਣਾ ਕਿਉਂ ਠੀਕ ਸਮਝਿਆ। ਇਸ ਦਾ ਕਾਰਨ ਦੱਸਣ ਵਾਲੇ ਤਾਂ ਬਹੁਤ ਹੋ ਸਕਦੇ ਹਨ ਪਰ ਪਾਬੰਦੀ ਸ਼ੁਧਾ ਪਾਰਟੀ ਦੇ ਪੋਲਿਤ ਬਿਊਰੋ ਮੈਂਬਰ ਹੋਣ ਦੇ ਨਾਤੇ ਕੋਬਾੜ ਦਾ ਇਤਿਹਾਸ ਦੱਸਣ ਵਾਲਾ ਕੋਈ ਖੋਜੀ ਨਹੀਂ ਮਿਲ ਰਿਹਾ ਹੈ। ਹਾਂ ਮੁੰਬਈ 'ਚ ਸੱਤਰ ਦੇ ਦਹਾਕੇ ਤੋਂ ਉਹਨਾਂ ਦੇ ਦੋਸਤ ਰਹੇ ਪੀ. ਏ. ਸੇਬਸਿਟਨ ਅਤੇ ਹੈਦਰਾਬਾਦ ਤੋਂ ਇਨਕਲਾਬੀ ਕਵੀ ਵਰਵਰਾ ਰਾਓ ਨੇ ਕੁਝ ਜਾਣਕਾਰੀਆਂ ਦਿੱਤੀਆਂ ਹਨ। ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਉਹ ਕਿਹੜੇ ਸਮਾਜਿਕ-ਰਾਜਸੀ ਕਾਰਣ ਰਹੇ ਹੋਣਗੇ ਕਿ ਕਰੋੜਪਤੀ ਘਰਾਣੇ ਦੇ ਕੋਬਾੜ ਆਦੀਵਾਸੀਆਂ ਵਾਂਝਿਆਂ ਦੇ ਅੰਦੋਲਨ ਦਾ ਹਿੱਸਾ ਬਣ ਗਏ। ਅਮੀਰਾਂ ਦੇ ਸਕੂਲ ਦੂਨ ਸਕੂਲ 'ਚੋਂ ਮੁੱਢਲੀ ਸਿੱਖਿਆ ਹਾਸਲ ਕਰਕੇ ਕੋਬਾੜ ਨੇ ਮੁੰਬਈ ਦੇ ਸੇਂਟ ਜੇਵਿੰਰਸ ਕਾਲਜ 'ਚ ਡਿਗਰੀ ਕੋਰਸ ਪੂਰਾ ਕੀਤਾ। ਪੀ. ਏ. ਸੇਬਸਿਟਨ ਦੱਸਦੇ ਹਨ ਕਿ ਕੋਬਾੜ ਜਦ ਲੰਦਨ ਸਕੂਲ ਆਫ ਇਕਨਾਮਿਕਸ ਪਹੁੰਚੇ ਤਾਂ ਉਸ ਸਮੇਂ ਉਹ ਵਿਅਤਨਾਮ ਯੁੱਧ ਦੀ ਮੁੱਖ ਦਫਤਰ ਮੁਖਾਲਫਿਤ ਦਾ ਕੌਮਾਂਤਰੀ ਕੇਂਦਰ ਬਣਿਆ ਹੋਇਆ ਸੀ। ਇਸ ਮਸਲੇ 'ਤੇ ਮੁੱਖ ਧਾਰਾ ਦੀ ਮੀਡੀਆ ਵੱਲੋਂ ਪਰੋਸੀਆਂ ਜਾ ਰਹੀਆਂ ਖਬਰਾਂ ਸਬੰਧੀ ਹਮੇਸ਼ਾ ਉਹਨਾਂ ਦਾ ਇਤਰਾਜ ਰਿਹਾ। ਵਾਪਸ ਪਰਤਣ ਪਿੱਛੋਂ ਕੋਬਾੜ ਨੂੰ ਐਮਰਜੈਂਸੀ ਦੇ ਭਾਰਤ ਨਾਲ ਦੋ ਚਾਰ ਹੋਣਾ ਪਿਆ। ਤਦ ਉਹਨਾਂ ਨੇ ਸਮਾਜਕ ਵਿਚਾਰਕ ਅਸਗਰ ਅਲੀ ਇੰਜਨੀਅਰ ਈ. ਪੀ. ਡਬਲਯੂ ਦੇ ਸੰਪਾਦਕ ਰਹੇ ਕ੍ਰਿਸ਼ਨ ਰਾਜ ਅਤੇ ਦੂਸਰੇ ਬੁੱਧੀਜੀਵੀਆਂ ਦੇ ਨਾਲ ਮਿਲ ਕੇ 'ਕਮੇਟੀ ਫਾਰ ਪ੍ਰੋਟੈਕਸ਼ਨ ਆਫ ਹਿਊਮਨ ਰਾਈਟਸ ਬਣਾਈ। ਇਸ ਤੋਂ ਇਲਾਵਾ ਦਲਿਤ ਪੈਂਥਰਜ਼ ਅੰਦੋਲਨ ਮਾਰਕਸਵਾਦੀ ਅਧਿਐਨ ਕੇਂਦਰ ਆਦਿ ਜਥੇਬੰਦੀਆਂ ਨਾਲ ਮੁੰਬਈ 'ਚ ਕੰਮ ਕੀਤਾ।

ਆਦਿਲ ਜਸਾਵਾਲਾ ਰਨਵਰੋਜ਼ ਮੋਦੀ ਅਤੇ ਨਰੇਂਦਰ ਪੰਜਵਾਨੀ ਦੇ ਸੰਪਾਦਨ ’ਚ ਨਿਕਲ ਵਾਲੇ ‘ਲਲਕਾਰ’ ਰਸਾਲੇ ਦਾਬ ਵੀ ਕੋਬਾੜ ਦਾ ਡੂੰਘਾ ਸਬੰਧ ਰਿਹਾ ਦੱਸਦੇ ਹਨ ਕਿ ਇਸ ਰਸਾਲੇ ਦੇ ਦਫਤਰ ਵਿੱਚ ਕੋਬਾੜ ਗਾਂਧੀ ਦੀ ਮੁਲਾਕਾਤ ਅਨੁਰਾਧਾ ਗਾਂਧੀ ਨਾਲ ਹੋਈ ਸੀ। ਜਿਸ ਪਿੱਛੋਂ ਉਹਨਾਂ ਦੀ ਸ਼ਾਦੀ ਹੋਈ। ਫਿਰ ਦੋਨੋਂ ਮਿਲ ਕੇ ਲੰਮੇ ਸਮੇਂ ਤੱਕ ਨਾਗਪੁਰ ਦੇ ਸਨਅਤੀ ਮਜ਼ਦੂਰਾਂ ’ਚ ਕੰਮ ਕਰਦੇ ਰਹੇ ਅਨੁਰਧਾ ਗਾਂਧੀ ਵੀ ਇਕ ਮਾਓਵਾਦੀ ਸੀ ਅਤੇ ਉਸ ਦਾ ਤੁਅਲਕ ਵੀ ਇਕ ਖੁਸ਼ਹਾਲ ਘਰਾਣੇ ਨਾਲ ਸੀ। ਅਨੁਰਾਧਾ ਗਾਂਧੀ ਦੀ ਪਿਛਲੇ ਸਾਲ ਦਿਮਾਗ਼ੀ ਮਲੇਰੀਆ ਨਾਲ ਮੌਤ ਹੋ ਗਈ।

ਮਾਓਵਾਦੀਆਂ ਨੂੰ ਦਹਿਸ਼ਤਗਰਦ ਕਰਾਰ ਦੇ ਕੇ ਸਫਾਇਆ ਮੁਹਿੰਮ ਦੀ ਤਿਆਰੀ ’ਚ ਲੱਗੀ ਸਰਕਾਰ ਦੇ ਲਈ ਕੋਬਾੜ ਗਾਂਧੀ ਵਰਗਿਆਂ ਦੀ ਗ੍ਰਿਫ਼ਤਾਰੀ ਪ੍ਰੇਸ਼ਾਨੀ ਪੈਦਾ ਕਰਨ ਵਾਲੀ ਹੈ। ਜਦ ਕਿ ਲਾਲਗੜ੍ਹ ਅੰਦੋਲਨ ਨੇ ਸਾਫ ਕਰ ਦਿੱਤਾ ਹੈ ਕਿ ਮਾਓਵਾਦੀ ਜੰਗਲਾਂ ਤੋਂ ਬਾਹਰ ਵੀ ਨਿਕਲ ਚੁੱਕੇ ਹਨ ਅਤੇ ਉਹਨਾਂ ਦਾ ਸਮਾਜਕ ਰਾਜਸੀ ਅਧਾਰ ਵਿਆਪਕ ਹੁੰਦਾ ਜਾ ਰਿਹਾ ਹੈ। ਇਸ ਦੇ ਬਾਵਜੂਦ ਸਰਕਾਰ ਇਸ ਨੂੰ ਕਾਨੂੰਨ ਵਿਵਸਥਾ ਦੀ ਸਮੱਸਿਆ ਤੋਂ ਵੱਧ ਕੁਝ ਮੰਨਣ ਨੂੰ ਤਿਆਰ ਨਹੀਂ ਹੈ। ਪਰ ਇਹ ਜੇ ਸਿਰਫ ਕਾਨੂੰਨ ਵਿਵਸਥਾ ਦੀ ਹੀ ਸਮੱਸਿਆ ਹੁੰਦੀ ਤਾਂ ਕੀ ਕੋਬਾੜ ਗਾਂਧੀ ਵਰਗੇ ਲੋਕ ਮਾਓਵਾਦੀ ਬਣਦੇ।

-----✪✪-----

# ਭਾਰਤ ਦੀ ਦਾਗੀ ਰਾਜਨੀਤੀ ਦੇ ਨਾਇਕ ਕੌਣ?

ਰਾਜਸੀ ਆਗੂਆਂ ਦਾ ਵਿਹਾਰ ਹਮੇਸ਼ਾ ਬੁਰਾ ਹੁੰਦਾ ਹੈ। ਹੈਰਤ ਇਸ ਗੱਲ ’ਤੇ ਹੁੰਦੀ ਹੈ ਕਿ ਹਰ ਵਾਰ ਅਸੀਂ ਉਹਨਾਂ ਦੀ ਹੀ ਚੋਣ ਕਰਦੇ ਹਾਂ। ਭ੍ਰਿਸ਼ਟਾਚਾਰ ਘ੍ਰਿਣਾ ਫੈਲਾਉਣ ਅਤੇ ਅਣਦੇਖੀ ਦੇ ਬਾਵਜੂਦ।

ਜਰਮਨੀ ਦਾ ਮਿਸਰਤ ਮੂਲ ਦਾ ਇਕ ਆਰਕੀ ਟੈਕਟ ਮੋਹਮਦ ਅੱਟਾ 2001 ਦੇ ਸਤੰਬਰ ਦੇ ਇਕ ਸ਼ਰਦ ਹੁੰਦੇ ਦਿਨ ਸੈਨ ਫ੍ਰਾਂਸਿਸਕੋ ਜਾ ਰਹੀ ਅਮਰੀਕਨ ਏਅਰ ਲਾਈਨਜ਼ ਦੀ ਫਲਾਈਟ 11 ਦੇ ਕਾਕਪਿਟ ’ਚ ਜਬਰਦਸਤੀ ਘੁਸ ਗਿਆ ਸੀ ਤੇ ਉਸ ਨੇ ਵਰਲਡ ਟ੍ਰੇਡ ਸੈਂਟਰ ਦੇ ਪਹਿਲੇ ਟਾਵਰ ਨੂੰ ਜਹਾਜ਼ ਨਾਲ ਟੱਕਰ ਮਾਰੀ ਅਤੇ ਉਸ ਪਿੱਛੋਂ ਸਭ ਕੁਝ ਬਦਲ ਗਿਆ। ਨਾ ਕਿਸੇ ਨੂੰ ਬੰਦਕ ਬਣਾਇਆ ਗਿਆ। ਨਾ ਕਿਸੇ ਬੰਦੀ ਨੂੰ ਛੁਡਵਾਇਆ ਗਿਆ ਅਤੇ ਨਾ ਹੀ ਪੈਸਿਆਂ ਦਾ ਲੈਣ ਦੇਣ ਹੋਇਆ। ਇਸ ਦੇ ਪਿੱਛੇ ਅਲਕਾਇਦਾ ਦਾ ਮਕਸਦ ਸੀ, ਪੱਛਮ ਦੇ ਆਜ਼ਾਦ ਲੋਕਤੰਤਰ ਜੈਸਾ ਕਿ ਅਸੀਂ ਉਹਨੂੰ ਜਾਣਦੇ ਹਾਂ ਦੀ ਤਬਾਹੀ ਇਸ ਵਿਚਾਰ ਦੇ ਪ੍ਰਗਟ ਹੋਣ ਪਿੱਛੋਂ ਤੋਂ ਇਸ ਦਹਾਕੇ ਨੇ ਸਿਰਫ ਇਸ ਦੀ ਮੁੜ ਬਹਾਲੀ ਵੇਖੀ ਹੈ। 2001 ’ਚ ਭਾਰਤੀ ਸੰਸਦ ’ਤੇ ਹਮਲਾ 2002 ’ਚ ਮੈਡ੍ਰਿਡ ’ਚ ਟ੍ਰੇਨ ’ਤੇ ਹਮਲਾ 2004 ’ਚ ਲੰਦਨ ਦੀ ਟਰਾਂਸਪੋਰਟ ਪ੍ਰਣਾਲੀ ’ਤੇ ਹਮਲਾ 2005 ’ਚ ਸ਼ਰਮ ਅਲਸ਼ੇਖ ਹੋਟਲ ਤੇ ਹਮਲਾ 2005 ’ਚ ਹੀ ਬਾਲੀ ਦੇ ਨਾਈਟ ਕਲੱਬ ’ਚ ਧਮਾਕਾ ਅਤੇ ਫਿਰ ਮੁੰਬਈ ਦਾ 26/11/08 1990 ਦੇ ਦਹਾਕੇ ਦੇ ਅੰਤ ਤੱਕ ਤਾਂ ਲੋਕਾਂ ਨੇ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਦਹਿਸ਼ਤਗਰਦਾਂ ਨੂੰ ਨਿਰਦੋਸ਼ ਲੋਕਾਂ ਨੂੰ ਬੰਦਕ ਬਣਾਉਣੇ ਹੀ ਵੇਖਿਆ ਸੀ। ਪਿਛਲੇ ਦਹਾਕੇ ’ਚ ਸਾਨੂੰ ਤੇਜ਼ੀ ਨਾਲ ਵਿਸ਼ਵੀ ਹੁੰਦੀ ਦੁਨੀਆਂ ਦੇ ਦਰਸ਼ਨ ਕਰਵਾਏ ਹਨ ਜਿਸ ਵਿਚ ਪੜ੍ਹੇ ਲਿਖੇ ਨੌਜਵਾਨ ਤੇ ਪੈਸੇ ਵਾਲੇ ਲੋਕ ਸਮਾਨਾਂਤਰ ਹੋ ਰਹੀ ਇੰਟਰਨੈੱਟ ਕ੍ਰਾਂਤੀ ਦੀ ਵਰਤੋਂ ਕਰਕੇ ਓਸਾਮਾ ਬਿਨ ਲਾਦੇਨ ਦੀ ਜਿਹਾਦ ਦੀ ਅਪੀਲ ਨੂੰ ਆਤਮ ਸ਼ਾਂਤ ਕਰਦਿਆਂ ਖੁਦ ਨੂੰ ਮਾਰਨ ਨੂੰ ਉਤਾਰੂ ਸਨ।

ਦੁਨੀਆਂ ਇਸ ਦਾ ਜੁਆਬ ਦੇਣ ਲਈ ਉਤਾਵਲੀ ਹੋ ਗਈ। ਅਮਰੀਕਾ ‘ਅੱਤਵਾਦ ਦੇ ਖਿਲਾਫ ਯੁੱਧ’ ਦੇ ਸ਼ੁਰੂ ਨਾਲ ਇਸ ਮੁਹਿੰਮ ਦਾ ਅਗਵਾਨੂ ਬਣ ਗਿਆ ਤੇ ਉਸ ਨੇ ਐਲਾਨ ਕੀਤਾ “ਜਾਂ ਤਾਂ ਤੁਸੀਂ ਸਾਡੇ ਨਾਲ ਹੋ, ਜਾਂ ਸਾਡੇ ਖਿਲਾਫ” ਭਾਰਤ ਨੇ ਚੀਕ ਕੇ ਕਿਹਾ, “ਅਸੀਂ ਤੁਹਾਡੇ ਨਾਲ ਹਾਂ” “ਅਸੀਂ ਕਰੀਬ ਹਰ ਰੋਜ਼ ਅੱਤਵਾਦ ਦਾ ਸਾਹਮਣਾ ਕਰ ਰਹੇ ਹਾਂ ਅਤੇ ਹੁਣ ਤੁਹਾਨੂੰ ਵੀ ਅਹਿਸਾਸ ਹੋ ਗਿਆ ਹੈ ਕਿ ਸਾਨੂੰ ਕਿਹੋ ਜਿਹਾ ਮਹਿਸੂਸ ਹੁੰਦਾ ਹੈ।” ਅਤੇ ਇਸੇ ਤਰ੍ਹਾਂ ਦੇ ਭਾਈਚਾਰੇ ਵਾਲੇ ਵਿਚਾਰਾਂ ਦੀ ਦੁਹਾਈ ਦਿੱਤੀ ਜਾਣ ਲੱਗੀ ਅਮਰੀਕੀ ਨਾ ਤਾਂ ਇਹ ਅਵਾਜ਼ਾਂ ਸੁਣ ਰਹੇ ਸਨ ਅਤੇ ਨਾ ਹੀ ਉਹਨਾਂ ਨੂੰ ਇਸ ਦੀ ਪ੍ਰਵਾਹ ਸੀ। ਅਮਰੀਕਾ ਨੇ ਸਿਰਫ ਤਾਂ ਹੀ ਗੌਰ ਫਰਮਾਇਆ “ਇਥੇ ਹੋ ਕੀ ਰਿਹਾ ਹੈ?” ਜਦ ਦਸੰਬਰ 2001 ’ਚ ਜੀਪਾਂ ’ਚ ਸਵਾਰ ਲਸ਼ਕਰ ਦੇ ਕੁਝ ਲੋਕ ਸੰਸਦ ’ਚ ਨਜ਼ਰ ਆਏ। ਹੁਣ ਜਦ ਕਿ ਇਹ ਦਹਾਕਾ (2000-09) ਬੀਤ ਗਿਆ ਹੈ ਤਾਂ ਪਿੱਛੇ ਹੈਰਾਨੀ, ਨਿਰਾਸ਼ਤਾ, ਸ਼ਰਮ ਮਾਣ ਤੇ ਮੁਆਫੀ ਪ੍ਰਾਰਥਨਾਵਾਂ ਨਜ਼ਰ ਆ ਰਹੀਆਂ ਹਨ। ਪਰ ਇਸ ’ਚੋਂ ਕੁਝ ਵੀ ਪਹਿਲਾਂ ਅਨੁਮਾਨਿਤ

ਸੀ। ਮੁਕਾਬਲਤਣ ਆਪਣੀ ਕਮਜ਼ੋਰ ਸਥਿਤੀ ਤੋਂ ਕਾਂਗਰਸ ਪਾਰਟੀ ਦੇ ਅਚਾਨਕ ਆਏ ਉਭਾਰ (ਪੂਰੀ ਤਰ੍ਹਾਂ ਨਾਲ ਅਜ਼ਾਰੇਦਾਰੀ ਵੀ) ਦੇ ਕਾਰਨ ਰਾਜਸੀ ਪੰਡਿਤ ਮੂਚਖ ਨਜ਼ਰ ਆਉਣ ਲੱਗੇ ਅਤੇ ਉਸ ਦੀ ਵਜਾਹ ਕਰਕੇ ਭਾਜਪਾ ਦਾ 'ਇੰਡੀਆ ਸਾਈਨਿੰਗ' ਦਾ ਨਾਹਰਾ ਇਸ ਪਾਰਟੀ ਖਿਲਾਫ ਅਤੇ ਕਾਂਗਰਸ ਦੇ ਪੱਖ 'ਚ ਕੰਮ ਕਰ ਗਿਆ ਲੱਗਦਾ ਹੈ। ਯੂਰਪ ਦੇ ਡੁੱਬਣ ਦੇ ਬਾਵਜੂਦ ਕੁਲ ਘਰੇਲੂ ਉਤਪਾਦ ਦੇ ਅੱਠ ਫੀਸਦੀ ਜਾਂ ਉਸ ਦੇ ਆਸ ਪਾਸ ਦੀ ਦਰ ਤੋਂ ਵੱਧ ਵਿਕਾਸ ਦੇ ਅਨੁਮਾਨਾਂ ਨਾਲ ਅਸੀਂ ਖੁਸ਼ੀ ਨਾਲ ਕੁੱਪਾ ਹੋ ਗਏ ਅਤੇ ਇਹ ਨਵੇਂ ਭਾਰਤ ਦੇ ਉਦੈ ਅਤੇ ਉਸ ਦੀ ਖਪਤ ਕਰਨ ਦੀ ਤਾਕਤ ਸਬੰਧੀ ਅਨੇਕਾਂ ਗੱਲਾਂ ਹੋਣ ਲੱਗੀਆਂ ਹਨ। ਕਾਲ ਸੈਂਟਰਾਂ ਦੀਆਂ ਨੌਕਰੀਆਂ ਅਤੇ ਰਾਸ਼ਟਰਪਤੀ ਬੁਸ਼ (ਜਿਹਨਾਂ ਨੇ ਸਾਡੇ ਪ੍ਰਧਾਨ ਮੰਤਰੀ ਨੂੰ ਕਿਹਾ ਸੀ ਕਿ ਅਸੀਂ ਤੁਹਾਨੂੰ ਪਿਆਰ ਕਰਦੇ ਹਾਂ) ਦੀ ਯਾਤਰਾ ਰਾਸ਼ਟਰ ਵਿੱਚ ਵੱਖ ਤੇਜੀ ਨਾਲ ਕਮਾਉਣ ਤੇ ਖਰਚ ਕਰਨ ਦਾ ਭਰੋਸਾ ਪੈਦਾ ਹੋ ਗਿਆ ਅਤੇ ਚੋਣਾਂ ਪਿੱਛੋਂ ਅਸੀਂ ਨਵੇਂ ਭਾਰਤ ਦੇ ਪੋਸਟਰ ਚਾਈਲਡ ਸਾਂ, ਰਾਹੁਲ ਗਾਂਧੀ, ਜਟਿਲ ਗੱਠਜੋੜਾਂ ਅਤੇ ਨਵੇਂ ਯੁੱਗ ਦੇ ਵਿਚਾਰਾਂ 'ਚ ਸੰਤੁਲਨ ਬਣਾਉਣ ਦੇ ਆਪਣੇ ਕੌਂਸਲ ਨੂੰ ਸਾਬਿਤ ਕਰਦਿਆਂ ਅਤੇ ਆਪਣੇ ਕ੍ਰਿਸਿਕ ਰੂਪ ਦੇ ਨਾਲ। ਕੁਝ ਚੀਜ਼ਾਂ ਨਾਲ ਹੈਰਾਨੀ ਹੁੰਦੀ।

ਮਸਲਨ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ ਲਈ ਸੰਸਦ ਅੰਦਰ ਪੈਸਿਆਂ ਦੇ ਭਰੇ ਬੈਗ ਵਿਖਾਏ ਰਾਜਸੀ ਨੇਤਾ ਜੋ ਇਹ ਕਹਿ ਰਹੇ ਸਨ ਕਿ ਉਹਨਾਂ ਨੂੰ ਇਹ ਰਿਸ਼ਵਤ ਧਿਰ ਬਦਲਣ ਦੀ ਪੇਸ਼ਕਸ਼ ਦੇ ਨਾਲ ਦਿੱਤੀ ਗਈ। ਇਹ ਸਭ ਇਕ ਸਮਾਚਾਰ ਅਦਾਰੇ ਦੇ ਖੁਫੀਆ ਅਪ੍ਰੇਸ਼ਨ (ਸਿਟੰਗ ਅਪ੍ਰੇਸ਼ਨ) ਦੇ ਕੁਝ ਚਿਰ ਬਾਅਦ ਹੋਇਆ। ਜਿਸ 'ਚ ਨਵੀਂ ਸੱਚਾਈ ਨੂੰ ਉਜਾਗਰ ਕੀਤਾ ਗਿਆ ਸੀ। ਰਾਜਸੀ ਨੇਤਾਵਾਂ ਨੂੰ ਰਿਸ਼ਵਤ 'ਚ ਨੋਟਾਂ ਨਾਲ ਭਰੇ ਅਟੈਚੀਕੇਸ ਲੈਂਦੇ ਕੈਮਰੇ 'ਚ ਕੈਦ ਕੀਤਾ ਗਿਆ ਸੀ। ਇਸ ਨਾਲ ਭ੍ਰਿਸ਼ਟ 'ਚ ਚੁਣੇ ਹੋਏ ਨੁਮਾਇੰਦਿਆਂ ਦੀ ਵਿਕਾਊ ਅਤੇ ਜਾਲਮ ਰੁਝਾਣ ਸਬੰਧੀ ਵਿਆਪਕ ਬਹਿਸ ਛਿੜ ਗਈ ਅਤੇ ਜਿਨ੍ਹਾਂ 'ਤੇ ਦੋਸ਼ ਲਾਏ ਸਨ ਤੇ ਉਹ ਕਈ ਤਰ੍ਹਾਂ ਨਾਲ ਆਪਣਾ ਬਚਾਅ ਕਰਨ ਲੱਗੇ। (ੳ) ਉਹਨਾਂ ਨੂੰ ਫਸਾਏ ਜਾਣ ਦਾ ਦਾਅਵਾ ਕਰ (ਅ) ਇਸ ਨਾਲ ਜੁੜੇ ਸਮਾਚਾਰ ਅਦਾਰੇ ਨੂੰ ਬੰਦ ਕਰਨ ਦੀ ਧਮਕੀ ਦੇ ਕੇ ਅਤੇ (ੲ) ਕਾਨੂੰਨੀ ਖਾਮੀਆਂ ਦਾ ਸਹਾਰਾ ਲੈ ਕੇ ਬਚ ਨਿਕਲਣ ਦੀ ਕੋਸ਼ਿਸ਼ ਕਰਕੇ ਜਦ ਕਿ ਜਨਤਾ ਦਰਮਿਆਨ ਕਦੀ ਇਹ ਬਹਿਸ ਦਾ ਮੁੱਦਾ ਹੀ ਨਹੀਂ ਹੈ ਕਿ ਕੀ ਸਾਡੇ ਚੁਣੇ ਨੁਮਾਇੰਦੇ ਰਿਸ਼ਵਤ ਲੈਂਦੇ ਹਨ। ਇਹ ਤਾਂ ਹੁੰਦਾ ਹੀ ਹੈ। ਅਸੀਂ ਤਾਂ ਰੋਜ਼ ਇਹ ਗੱਲ ਕਹਿੰਦੇ ਹਾਂ ਲੋਕਾਂ ਨੂੰ ਸਿਰਫ ਅਜਿਹੇ ਸਿਟੰਗ ਅਪ੍ਰੇਸ਼ਨ ਨਾਲ ਧੱਕਾ ਲੱਗਦਾ ਜਿਸ 'ਚ ਉਜਾਗਰ ਕੀਤਾ ਜਾਂਦਾ ਕਿ ਸਾਡੇ ਨੇਤਾ ਰਿਸ਼ਵਤ ਨਹੀਂ ਲੈਂਦੇ। ਇਸ ਪਿੱਛੋਂ ਇਕ ਹੋਰ ਖਬਰ ਚੈਨਲ ਨੇ ਇਕ ਹੋਰ ਸਿਟੰਗ ਅਪ੍ਰੇਸ਼ਨ ਕੀਤਾ ਜਿਸ 'ਚ ਫਿਲਮ ਕਲਾਕਾਰ ਸ਼ਕਤੀ ਕਪੂਰ ਨੂੰ ਇਕ ਮੁਟਿਆਰ ਨੂੰ ਫਿਲਮ 'ਚ ਕੰਮ ਦਵਾਉਣ ਬਦਲੇ ਯੌਨ ਸਬੰਧ ਬਣਾਉਣ ਦੀ ਇੱਛਾ ਜਾਹਰ ਕਰਦੇ ਵਿਖਾਇਆ ਗਿਆ ਇਸ ਪਿੱਛੋਂ ਬਾਲੀਵੁੱਡ ਵਿਚ ਕਾਸਟਿੰਗ ਕਾਊਚ ਸਬੰਧੀ ਬਹਿਸ ਸ਼ੁਰੂ ਹੋ ਗਈ ਇਕ ਵਾਰੀ ਫਿਰ ਦੇਸ਼ ਨੂੰ ਧੱਕਾ ਪਹੁੰਚਾਉਣ ਵਾਲੀ ਇਕੋ ਇਕ ਗੱਲ ਸੀ ਕਿ ਸ਼ਕਤੀ ਕਪੂਰ ਔਰਤਾਂ ਦੇ ਨਾਲ ਹਮ ਬਿਸਤਰ ਹੁੰਦੇ ਹਨ। ਪਿਛਲੇ ਦਸ ਸਾਲਾਂ ਦਾ ਸਾਰ ਮੁੰਬਈ 'ਚ ਪਿਛਲੇ ਸਾਲ ਹੋਈਆਂ ਘਟਨਾਵਾਂ ਦੇ ਜ਼ਿਕਰ ਬਿਨਾਂ ਪੂਰਾ ਨਹੀਂ ਹੁੰਦਾ। ਕਹਿਣ ਦੀ ਲੋੜ ਨਹੀਂ ਦੁਨੀਆਂ ਭਰ 'ਚ ਤਰਕ

ਤੇ ਪ੍ਰਕਿਰਿਆ ਦੀ ਮੁੜ ਬਹਾਲੀ ਹੁੰਦੀ ਹੈ। ਅਜਿਹੇ ’ਚ ਪਿੱਠੂ ਬੈਗ ਬੰਨੀ ਅਤੇ ਬੰਦੂਕ ਸੰਭਾਲੀ ਮਰਨ ਮਾਰਨ ’ਤੇ ਉਤਾਰੂ 20 ਸਾਲ ਦੇ ਕਰੀਬ ਲੜਕਿਆਂ ਨੂੰ ਵੇਖ ਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਬਿਲਕੁਲ ਅਜਿਹਾ ਹੀ ਹੋਇਆ ਜੋ ਕੁਝ ਕੀਤਾ ਉਸ ਨਾਲ ਸਾਨੂੰ ਜੋ ਧੱਕਾ ਲੱਗਿਆ। ਇਹ ਉਸ ਗੱਲ ਸਬੰਧੀ ਸੀ ਕਿ ਆਖਰ ਅਸੀਂ ਹੈ ਕੌਣ, ਲੋੜੀਂਦੀ ਸੁਰੱਖਿਆ ਬਿਨਾਂ ਬਿਖਰਦਾ ਸ਼ਹਿਰ ਰਾਜਸੀ ਅਵਾਜ ਰਹਿਤ ਬੁੱਧੀਜੀਵੀ ਵਿਧਵਤਾਪੂਰਨ ਵਿਚਾਰ ਰੱਖਣ ਵਾਲੇ ਮੂਰਖ ਲੋਕ ਆਪਣੀ ਵਿਧਵਤਾ ਨਾਲ ਪੰਗੂ ਬਣੇ ਵਿਰਦਜਨ ਇਸ ਦਹਾਕੇ ਨੇ ਵਿਖਾਇਆ ਕਿ ਸਾਨੂੰ ਜਾਗਣ ਦੀ ਲੋੜ ਹੈ। ਇਹ ਵੀ ਤਦ ਜਦ ਸਾਨੂੰ ਅੰਦਾਜਾ ਨਾ ਹੋਵੇ ਕਿ ਕਿੰਨਾ ਬੁਰਾ ਹੋ ਸਕਦਾ ਹੈ। 26/11 ਪਿੱਛੋਂ ਇਕ ਵਾਰੀ ਫਿਰ ਸਭ ਦੀ ਨਾਰਾਜ਼ਗੀ ਦੇ ਨਿਸ਼ਾਨੇ ’ਤੇ ਰਾਜਸੀ ਆਗੂ ਸਨ ਉਹ ਗ਼ਲਤ ਤਰ੍ਹਾਂ ਨਾਲ ਨਿਸ਼ਾਨੇ ’ਤੇ ਸਨ। ਦਰਅਸਲ ਸ਼ਹਿਰੀ ਲੋਕਾਂ ਨੂੰ ਇਕ ਨਿਸ਼ਾਨੇ ਦੀ ਲੋੜ ਸੀ ਤੇ ਉਹ ਸਭ ਤੋਂ ਸੌਖਾ ਨਿਸ਼ਾਨਾ ਸੀ ਇਹ ਵਾਕਿਆ ਹੀ ਮੂਰਖਤਾਪੂਰਨ ਸਰਲੀਕਰਨ ਹੈ ਕਿ ਉਹ ਸਾਰੇ ਦੇ ਸਾਰੇ ਭ੍ਰਿਸ਼ਟ ਅਤੇ ਚੋਰ ਅਪਰਧੀ ਹਨ। ਇਸ ਤਰ੍ਹਾਂ ਲੋਕ ਆਪਣਾ ਗੁੱਸਾ ਕੱਢਦੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਇਸ ਬਹੁ ਪਾਰਟੀ ਜਮਹੂਰੀਅਤ ’ਚ ਅਸੀਂ ਹੀ ਉਹਨਾਂ ਨੂੰ ਭਾਰੀ ਬਹੁਮਤ ਜਿਤਾ ਕੇ ਭੇਜਿਆ ਹੈ ਅਤੇ ਅਸੀਂ ਉਹਨਾਂ ਨੂੰ ਬਾਹਰ ਵੀ ਕਰ ਸਕਦੇ ਹਾਂ। ਵਾਕਈ ਇਹ ਅਸੀਂ ਬਨਾਮ ਵੇ ਦਾ ਮਾਮਲਾ ਨਹੀਂ ਹੈ। ਕਿਉਂਕਿ ਆਖਰਕਾਰ ਉਹ ‘ਸਾਡੇ’ ਹੀ ਹਨ ਤੇ ਅਸੀਂ ਹੀ ਉਹਨਾਂ ਨੂੰ ਕੁਰਸੀ ਦਿੱਤੀ ਹੈ।

ਜਦ ਗੁੱਸਾ ਠੰਡਾ ਹੋ ਗਿਆ ਅਤੇ ਕੁਲ ਖੁਸ਼ਹਾਲ ਲੋਕਾਂ ਨੇ ਝੰਡਾਂ ਦੀ ਨਾਗਰਿਕ ਕਾਰਵਾਈ ਦੀਆਂ ਹਾਸੋਹੀਣੀਆਂ ਕੋਸ਼ਿਸ਼ਾਂ ਸੁਸਤ ਪੈ ਗਈਆਂ ਜਦ ਹਰ ਕਿਸੇ ਨੂੰ ਵੋਟ ਪਾਉਣ ਜਾਂ ਖੁਦ ਦੀ ਪ੍ਰਵਾਹ ਕਰਨ ਦੀ ਫਿਕਰ ਵੀ ਨਹੀਂ। ਤਰਾਸਦੀ ਅਤੇ ਉਸ ਪਿੱਛੋਂ ਹੋਏ ਮਾਮੂਲੀ ਸ਼ੋਰ ਸ਼ਰਾਬੇ ਨਾਲ ਰਾਜਸੀ ਨੇਤਾਵਾਂ ਨੂੰ ਇਹ ਮਹਿਸੂਸ ਕਰਨ ’ਚ ਮਦਦ ਮਿਲੀ ਕਿ ਉਹਨਾਂ ਦੀ ਲੋੜ ਕਦੇ ਕਦੇ ਹੀ ਪੈਂਦੀ ਹੈ। ਲਿਹਾਜਾ ‘ਸਵੈ ਅਨੁਸ਼ਾਸਨ’ ਤੇ ਜਨਤਾ ਪ੍ਰਤੀ ਜੁਆਬਦੇਹੀ ਵਰਗੇ ਸ਼ਬਦ ਅੱਜਕੱਲ੍ਹ ਦੇ ਲੀਡਰਾਂ ਲਈ ਮੰਤਰ ਬਣ ਗਏ ਹਨ। ਮੁੱਠੀਭਰ ਅਤੀ ਵਿਸ਼ਿਸ਼ਟ ਮਨੁੱਖਾਂ ਦੀ ਰਾਖੀ ’ਤੇ ਭਾਰੀ ਖਰਚ ਕੀਤਾ ਜਾਂਦਾ ਹੈ ਪਰ ਸਾਡੇ ਵੱਡੇ ਸ਼ਹਿਰ ਕਿਸੇ ਵੀ ਤਰ੍ਹਾਂ ਦੇ ਹਮਲੇ ਲਈ ਸੌਖੇ ਨਿਸ਼ਾਨੇ ਹਨ। ਇਸ ਦਹਾਕੇ ਨੇ ਆਰਥਕ ਵਰਣਕ੍ਰਮ ਦੇ ਦੂਜੇ ਸ਼ੋਰ ਯਾਨੀ ਸਭ ਤੋਂ ਗਰੀਬ ਲੋਕਾਂ ਤਕ ਨੂੰ ਜਗਾ ਦਿੱਤਾ। ਪਰ ਸਾਕਾਰਤਮਕ ਤਰੀਕੇ ਨਾਲ ਨਹੀਂ ਉਹ ਇੰਡੀਆ ਫੈਸ਼ਨ ਸੋ ਅਤੇ ਡੀ ਐਲ ਐਫ ਸੇਜ ਅਤੇ ਚਮਕਦੀਆਂ ਮਰਸੀਡੀਜ਼ ਖਿਲਾਫ ਉਠ ਖੜ੍ਹੇ ਹੋਏ। ਉਹਨਾਂ ਨੇ ਹਥਿਆਰਬੰਦ ਇਨਕਲਾਬ ਦਾ ਐਲਾਨਨਾਮਾ ਲਿਖਿਆ ਅਤੇ ਖੁਦ ਨੂੰ ਨਕਸਲੀ ਦੱਸਦਿਆਂ 70 ਦੇ ਦਹਾਕੇ ਦੀ ਵਿਦਿਆਰਥੀਆਂ ਦੀ ਵਿਚਾਰਧਾਰਾ ’ਚ ਜਾਨ ਫੂਕ ਦਿੱਤੀ ਅਤੇ ਪੁਲਸੀਆ ਨੂੰ ਮਾਰਨ ਲੱਗੇ ’ਤੇ ਟ੍ਰੇਨਾ ਵੀ ਰੋਕਣ ਲੱਗੇ। ਇਕ ਪਾਰਟੀ ਜਿਸ ਨੇ ਭੜਕਾਊ ਭਾਸ਼ਨਾ ਤੇ ਦੇ ਨਿੱਜੀਜੀਵਨ ’ਚ ਅੜਿੱਕਾ ਡਾਹ ਕੇ ਰਾਜਸੀ ਵਾਜਬੀਅਤ ਹਾਸਲ ਕਰਨ ਵੱਲ ਧਿਆਨ ਖਿੱਚਿਆ ਹੈ। ਮੁੰਬਈ ਦੇ ਪ੍ਰਵਾਸੀਆਂ ਖਾਸ ਕਰਕੇ ਯੂ. ਪੀ. ਵਾਲਿਆਂ ਖਿਲਾਫ ਜ਼ਹਿਰ ਉਗਲਣ ਵਾਲੀ ਐਮ. ਐਨ. ਐਸ. ਵਰਨਾ ਤਾਂ ਇਹ ਦੇਸ਼ ਆਰਥਕ ਪੱਖੋਂ ਕਮਜ਼ੋਰ ਹੋਇਆ ਹੈ। ਆਖਰ MNS ਦਾ ਵਿਚਾਰ ਆਇਆ ਕਿਥੋਂ? ਸ਼ਹਿਰੀ ਬੁੱਧੀਜੀਵੀਆਂ ਦਰਮਿਆਨ ਟੀ. ਵੀ. ’ਤੇ ਹੋਣ ਵਾਲੀਆਂ ਬਹਿਸਾਂ ਜਿੱਥੇ

ਸ਼ੋਰ ਸ਼ਰਾਬੇ ’ਚ ਤਬਦੀਲ ਹੋ ਰਹੀਆਂ ਹਨ। MNS ਨੇ ਵੋਟ ਹਾਸਲ ਕਰਕੇ ਇਕ ਰਾਜਸੀ ਪਾਰਟੀ ਵਜੋਂ ਤਸਤਕ ਦੇ ਦਿੱਤੀ। ਸ਼ਸ਼ੀ ਥਰੂਰ ਨੇ ਆਪਣੇ ਅੰਗਰੇਜ਼ੀ ਦਾ ਅੰਦਾਜ਼ ’ਚ ਕੁਝ ਘੱਟ ਹਲਕੇਪਣ ਨਾਲ ਸਾਨੂੰ ਅਹਿਸਾਸ ਕਰਵਾਇਆ ਕਿ ਬ੍ਰਿਟਿਸ਼ ਰਾਜ ਵੀ ਗਿਆ ਨਹੀਂ ਹੈ। ਉਹ ਸਿਰਫ ਮੰਤਰਾਲੇ ’ਚ ਤਬਦੀਲ ਹੋ ਗਿਆ ਹੈ।

ਜਿਸ ਦਹਾਕੇ ਨੇ ਮਾਹੌਲ ’ਚ ਉਦਾਰੀਕਰਨ, ਨਿੱਜੀਕਰਨ ਭਰ ਦਿੱਤਾ ਉਸ ਪ੍ਰਤੀ ਸੋਚ ਕੀ ਅਪਣਾਈ ਗਈ। ਇਹੀ ਸੁਆਲ ਹੈ। ਭਾਰਤੀ ਰਾਜਨੀਤੀ ਇਕ ਜਨੂੰਨ ਹੈ ਜੋ ਪੂਰੀ ਸਮਰੱਥਾ ਹਾਸਲ ਕਰਨਾ ਚਾਹੁੰਦਾ ਹੈ। ਅਸੀਂ ਇਸ ਦਹਾਕੇ ’ਚ ਇਸ ਧਾਰਨਾ ਦੇ ਹੋਰ ਨੇੜੇ ਹੋਏ ਹਾਂ। ਜਗਦੀਸ਼ ਟਾਈਟਲਰ 1984 ਦੇ ਕਤਲੇਆਮ ਦਾ ਦੋਸ਼ੀ ਹੈ। ਬੰਗਾਰੂ ਲਕਸ਼ਮ ਭਰਿਸ਼ਟ ਸਾਬਤ ਹੋਇਆ ਤੇ ਅੱਜਕੱਲ੍ਹ ਮਧੂ ਕੌੜਾ 4000 ਕਰੋੜ ਰੁਪਏ ਦੇ ਘਪਲੇ ਫੈਲਾਉਣ ਵਾਲੀ ਆਪਣੀ ਰਾਜਨੀਤੀ ’ਤੇ ਕੋਈ ਅਫਸੋਸ ਨਹੀਂ। 2005 ’ਚ ਗੋਦਾਰਾ ਘਟਨਾ ਪਿੱਛੋਂ ਮੁਸਲਿਮ ਵਿਰੋਧੀ ਦੰਗੇ ਹੋਏ। ਨਟਵਰ ਸਿੰਘ 2005 ’ਚ ਇਰਾਕ ਦੇ ਅਨਾਜ ਬਦਲੇ ਤੇਲ ਘਪਲੇ ’ਚ ਫਸੇ, 2005 ’ਚ ਸੰਸਦ ’ਚ ਸੁਆਲ ਪੁੱਛਣ ਬਦਲੇ ਤੇਲ ਘਪਲੇ ’ਚ ਫਸੇ, 2005 ’ਚ ਸੰਸਦ ਦਾ ਸੁਆਲ ਪੁੱਛਣ ਬਦਲੇ 11 ਸੰਸਦ ਬਰਖਾਸਤ ਹੋਏ ਕਿਉਂਕਿ ਉਹਨਾਂ ਰਿਸ਼ਵਤ ਲਈ ਸੀ। 2006 ’ਚ ਉਤਰੀ ਭਾਰਤੀਆਂ ਖਿਲਾਫ ਹਿੰਸਾ ਨੂੰ ਰਾਜਸੀ ਔਜਾਰ ਬਣਾ ਕੇ MNS ਪਾਰਟੀ ਨੇ 2009 ’ਚ 13 ਸੀਟਾਂ ਜਿੱਤੀਆਂ 2009 ’ਚ ਸੀ. ਬੀ. ਆਈ. ਨੇ 2000 ਕਰੋੜ ਦੇ ਘਪਲੇ ਦੇ ਦੋਸ਼ਾਂ ਪਿੱਛੋਂ ਦੂਰ ਸੰਚਾਰ ਵਿਭਾਗ ‘ਤੇ ਛਾਪਾ ਮਾਰਿਆ। ਇਹ ਹੈ ਭਾਰਤੀ ਰਾਜਸੀ ਆਗੂਆਂ ਦਾ ਨਿਘਾਰ।

-----✪✪-----

# ਕੀ ਹੈ ਪਟਾਖੇ ਬਣਾਉਂਦੇ ਬਾਲ ਮਜ਼ਦੂਰਾਂ ਦੀ ਹਾਲਤ

ਜਦ ਦਿਵਾਲੀ ਦੀ ਸ਼ਾਮ ਫੁਲਝੜੀਆਂ ਤੇ ਪਟਾਖਿਆਂ ਦੀ ਰੌਸ਼ਨੀ ਵਿੱਚ ਜਗਮਗਾਉਂਦੇ ਹਨ ਤਾਂ ਇਹਨਾਂ ਪਟਾਖਿਆਂ ਨੂੰ ਤਿਆਰ ਕਰਨ ਦੇ ਕੰਮ 'ਚ ਲੱਗੇ ਇੱਕ ਲੱਖ ਬੱਚਿਆਂ ਬਾਰੇ ਸ਼ਾਇਦ ਹੀ ਕਿਸੇ ਨੂੰ ਕੁਝ ਸੋਚਣ ਦੀ ਫੁਰਸਤ ਹੁੰਦੀ ਹੋਵੇ। ਇਹ ਬੱਚੇ ਗੰਦੇ ਕਮਰਿਆਂ 'ਚ ਕੰਮ ਕਰਦੇ ਹਨ। ਇਸ ਕੰਮ ਵਿੱਚ ਉਹਨਾਂ ਨੂੰ ਸਖ਼ਤ ਮੇਹਨਤ ਦੇ ਨਾਲ ਨਾਲ ਖਾਸੀਆਂ ਤਕਲੀਫਾਂ ਵੀ ਝੱਲਣੀਆਂ ਪੈਂਦੀਆਂ ਹਨ। ਦੱਖਣੀ ਤਾਮਿਲਨਾਡੂ ਦੇ ਸ਼ਿਵਕਾਸ਼ੀ ਜ਼ਿਲ੍ਹੇ ਵਿੱਚ ਦਿਵਾਲੀ ਤੇ ਦੂਜੇ ਤਿਉਹਾਰਾਂ ਲਈ ਪਟਾਖੇ ਤਿਆਰ ਕਰਨ ਦਾ ਕੰਮ ਕੀਤਾ ਜਾਂਦਾ ਹੈ। ਦੀਵਾਲੀ ਦੇ ਪਟਾਖੇ ਬਣਾਉਣ ਵਾਲੇ 95% ਕਾਰਖਾਨੇ ਤਾਮਿਲਨਾਡੂ ਦੇ ਸ਼ਿਵਕਾਸ਼ੀ ਵਿਚ ਹਨ। ਇਥੇ ਬੱਚੇ ਬੜੀਆਂ ਖ਼ਤਰਨਾਕ ਹਾਲਤਾਂ 'ਚ ਆਪਣਾ ਕੰਮ ਪੂਰਾ ਕਰਦੇ ਹਨ। ਦੀਵਾਲੀ ਦੇ ਮੌਸਮ ਵਿੱਚ ਪਟਾਖੇ ਬਣਾਉਣ ਦੀਆਂ ਇਕਾਈਆਂ ਵਿੱਚ ਅੱਗ ਲੱਗਣਾ ਹੁਣ ਸ਼ਿਵਕਾਸ਼ੀ ਵਿੱਚ ਆਮ ਜਿਹੀ ਗੱਲ ਹੋ ਗਈ ਹੈ। ਤਿਉਹਾਰ ਦੇ ਇਸ ਮੌਸਮ ਵਿੱਚ ਕਈ ਬੱਚਿਆਂ ਦੀ ਮੌਤ ਵੀ ਸੜ ਜਾਣ ਨਾਲ ਹੋ ਜਾਂਦੀ ਹੈ ਅਤੇ ਕਈ ਜੀਵਨ ਭਰ ਲਈ ਅਪਾਹਜ ਹੋ ਜਾਂਦੇ ਹਨ। ਕਿਉਂਕਿ ਅਜਿਹੀਆਂ ਘਟਨਾਵਾਂ 'ਤੇ ਪਰਦਾ ਪਾ ਦਿੱਤਾ ਜਾਂਦਾ ਹੈ। ਇਸ ਲਈ ਬਾਹਰ ਦੀ ਦੁਨੀਆਂ ਨੂੰ ਉਸ ਦੀ ਭਿਣਕ ਵੀ ਨਹੀਂ ਹੁੰਦੀ। ਗਿਆਰਵੀਂ ਸਾਲ ਦੇ ਵਿਦਿਆਰਥੀ ਸਿਲਮਬਰਾਸਨ ਦੀ ਹੀ ਮਿਸਾਲ ਲਓ। ਉਸ ਨੇ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਕੁਝ ਕਮਾਉਣ ਦੀ ਸੋਚੀ। ਇਸ ਲਈ ਪਟਾਖਿਆਂ ਦੀ ਇਕ ਇਕਾਈ 'ਚ ਪਾਰਟ ਟਾਈਮ ਕੰਮ ਕਰਨਾ ਸ਼ੁਰੂ ਕਰ ਦਿੱਤਾ ਪਰ ਬਦਕਿਸਮਤੀ ਨਾਲ ਕੁਝ ਹੀ ਦਿਨਾਂ ਬਾਅਦ ਫੈਕਟਰੀ 'ਚ ਅੱਗ ਲੱਗ ਗਈ ਅਤੇ ਉਹ ਝੁਲਸਿਆ ਗਿਆ। ਚਿਤਰਾ ਨਾਂ ਦੀ ਇਕ ਲੜਕੀ ਨਾਲ ਤਾਂ ਹੋਰ ਵੀ ਬੁਰਾ ਹੋਇਆ।

ਉਹ ਇਸ ਦੁਰਘਟਨਾ ਪਿੱਛੋਂ ਬਿਸਤਰੇ 'ਤੇ ਪਈ ਹੈ। ਡਾਕਟਰਾਂ ਦਾ ਮੰਨਣਾ ਹੈ ਕਿ ਪਲਾਸਟਿਕ ਸਰਜਰੀ ਬਾਅਦ ਹੀ ਉਹ ਇਕ ਆਮ ਜੀਵਨ ਜਿਉਂ ਸਕੇਗੀ। ਇਸ 'ਤੇ ਦੋ ਲੱਖ ਰੁਪਏ ਖਰਚ ਆਉਣਗੇ। ਹੁਣ ਦੋ ਵਕਤ ਦੀ ਰੋਟੀ ਨੂੰ ਤਰਸ਼ਦੇ ਉਸਦੇ ਮਾਪਿਆਂ ਲਈ ਏਨੀ ਵੱਡੀ ਰਾਸ਼ੀ ਦਾ ਇੰਤਜ਼ਾਮ ਕਰਨਾ ਅਸੰਭਵ ਹੀ ਹੈ। ਸ਼ਿਵਕਾਸ਼ੀ ਦੇ ਨਾਲ ਆਸਪਾਸ ਦੇ ਪਿੰਡਾਂ ਵਿੱਚ ਸ਼ਿਲਾਮ ਬਰਾਸਨ ਅਤੇ ਚਿਤਰਾ ਵਾਂਗੂੰ ਪਟਾਖਿਆ ਦੀ ਫੈਕਟਰੀ 'ਚ ਕੰਮ ਕਰਨ ਵਾਲੇ ਬੱਚੇ ਸੈਂਕੜਿਆਂ ਦੀ ਗਿਣਤੀ ਵਿੱਚ ਮਿਲ ਜਾਣਗੇ। ਇਹ ਬੱਚੇ ਸਿਖਿਆ ਤੇ ਬੁਨਿਆਦੀ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਇਹਨਾਂ ਨੂੰ ਢੰਗ ਨਾਲ ਸੌਣ ਵੀ ਨਹੀਂ ਦਿੱਤਾ ਜਾਂਦਾ। ਕਈ ਬੱਚਿਆਂ ਦੀ ਤਾਂ ਜਵਾਨੀ ਤੋਂ ਪਹਿਲਾਂ ਹੀ ਮੌਤ ਹੋ ਜਾਂਦੀ ਹੈ। ਪਰ ਸਰਕਾਰੀ ਅਫਸਰ ਪਟਾਖਿਆਂ ਦੀਆਂ ਇਹਨਾਂ ਇਕਾਈਆਂ 'ਚ ਬਾਲਕਾਂ ਤੋਂ ਕੰਮ ਲਏ ਜਾਣ ਨੂੰ ਪੂਰੀ ਤਰ੍ਹਾਂ ਨਕਾਰ ਦਿੰਦੇ ਹਨ। ਹਕੀਕਤ ਇਹ ਹੈ ਕਿ ਜਦ ਤੋਂ ਬਾਲ ਮਜ਼ਦੂਰੀ ਰੋਕਣ ਨਾਲ ਸਬੰਧਤ ਕਾਨੂੰਨ ਲਾਗੂ ਹੋਇਆ ਹੈ ਤਦ ਤੋਂ ਸਿਰਫ ਲਾਇਸੈਂਸੀ ਇਕਾਈਆਂ ਨੇ ਬੱਚਿਆਂ ਤੋਂ ਕੰਮ ਲੈਣਾ ਬੰਦ ਕਰ ਦਿੱਤਾ ਹੈ, ਪਰ ਗੈਰ-ਲਾਇਸੰਸੀ ਇਕਾਈਆਂ 'ਚ ਇਹ ਬਦਸਤੂਰ ਜਾਰੀ ਹੈ। ਦੂਜੇ ਪਾਸੇ ਲਾਇਸੰਸੀ ਇਕਾਈਆਂ ਹੁਣ ਆਪਣਾ ਕੰਮਕਾਜ ਚੋਰੀ ਛਿੱਪੇ ਇਨ੍ਹਾਂ ਗੈਰ ਲਾਇਸੰਸੀ ਇਕਾਈਆਂ

ਤੋਂ ਚਲਾਉਂਦੀਆਂ ਹਨ। ਕਈ ਬੱਚੇ ਘਟ ਮਜ਼ਦੂਰੀ ਦੇ ਬਾਵਜੂਦ ਅਜਿਹੀਆਂ ਇਕਾਈਆਂ 'ਚ ਕੰਮ ਕਰਦੇ ਹਨ। ਆਮਾਪੱਟੀ ਪਿੰਡ ਦੀ ਰਹਿਣ ਵਾਲੀ 10 ਸਾਲ ਦੀ ਮਲਿਕਾ ਪਟਾਖਿਆਂ ਦੀ ਇਕ ਇਕਾਈ ਲਈ ਇਕ ਦਿਨ 'ਚ 2500 ਪੇਪਰ ਪਾਈਪ ਰੋਲ ਕਰਨ ਦਾ ਕੰਮ ਕਰਦੀ ਹੈ। ਇਸ ਦੇ ਬਦਲੇ ਹਰ ਦਿਨ ਉਸਨੂੰ 20 ਰੁਪਏ ਮਿਲਦੇ ਹਨ। ਅੱਜ ਤਕ ਉਸ ਨੇ ਸਕੂਲ ਦਾ ਮੂੰਹ ਨਹੀਂ ਵੇਖਿਆ। ਇਸ ਤੋਂ ਪਹਿਲਾਂ ਵੀ ਪਟਾਖਿਆਂ ਦੀ ਇਕ ਇਕਾਈ 'ਚ ਕੰਮ ਕਰਦੀ ਸੀ। ਇਸ ਤਰ੍ਹਾਂ ਅਨਾਈਕੁਟ੍ਰਮ ਪਿੰਡ ਦਾ ਰਹਿਣ ਵਾਲਾ 13 ਸਾਲਾਂ ਦਾ ਰਾਮਸਵਾਮੀ ਪਿਛਲੇ ਦੋ ਸਾਲ ਤੋਂ ਇਸ ਤਰ੍ਹਾਂ ਦੀ ਇਕ ਫੈਕਟਰੀ 'ਚ ਫਿਊਜ਼ ਜੋੜਨ ਦਾ ਕੰਮ ਕਰਦਾ ਹੈ। ਉਸ ਨੂੰ ਪ੍ਰਤੀ ਦਿਨ ਦੇ ਹਿਸਾਬ ਨਾਲ 30 ਰੁਪਏ ਦੀ ਆਮਦਨ ਹੁੰਦੀ ਹੈ। ਹਰ ਦਿਨ ਫੈਕਟਰੀ ਦੀ ਉਸ ਨੂੰ ਸੁਬਾਹ ਸੁਬਾਹ ਛੇ ਵਜੇ ਲੈਣ ਆਉਂਦੀ ਹੈ ਅਤੇ ਰਾਤ ਨੂੰ ਸੱਤ ਵਜੇ ਵਾਪਸ ਛੱਡ ਕੇ ਜਾਂਦੀ ਹੈ। 14 ਸਾਲ ਦੀ ਸੁਬਮਾ ਤਿਰੰਤਾਂਗਲ 'ਚ ਪੇਪਰ ਪਾਈਪ ਨੂੰ ਰੰਗਣ ਦਾ ਕੰਮ ਕਰਦੀ ਹੈ ਅਤੇ ਸੁੱਕਣ ਪਿੱਛੋਂ ਉਸ ਵਿੱਚ ਛੱਲੇ ਪਾਉਂਦੀ ਹੈ। ਉਸ ਨੂੰ ਇਕ ਦਿਨ 'ਚ ਇਸ ਕੰਮ ਲਈ 30 ਤੋਂ 40 ਰੁਪਏ ਮਿਲ ਜਾਂਦੇ ਹਨ। ਉਥੇ ਉਹ ਦੋ ਸਾਲਾਂ ਤੋਂ ਕੰਮ ਕਰ ਰਹੀ ਹੈ। ਸੁਮਿਥਾਈ, ਚੇਲਾਈਯਾਨ, ਤੇ ਸਿਬਨਾ ਉਹਨਾਂ ਹਜ਼ਾਰਾਂ ਬੱਚਿਆਂ ਵਿੱਚੋਂ ਹੈ। ਜੋ ਪਟਾਖਾ ਉਤਪਾਦਨਾਂ ਦੇ ਦਾਅਵਿਆਂ ਦੇ ਵਿਰੁੱਧ ਸ਼ਿਵਕਾਸ਼ੀ ਵਿੱਚ ਕੰਮ ਕਰ ਰਹੇ ਹਨ। ਇਸ ਖੁਲਾਸੇ ਪਿੱਛੋਂ ਤਾਮਿਲਨਾਡੂ ਫਾਇਰਵਰਕਸ ਐਂਡ ਇਮੋਸੇਸ ਮੈਨੂਫੈਕਚਰਜ਼ ਦੇ ਇਸ ਦਾਅਵੇ ਦੀ ਪੋਲ ਖੁੱਲ੍ਹ ਗਈ ਕਿ ਕੋਈ ਵੀ ਬਾਲ ਮਜ਼ਦੂਰ ਸ਼ਿਵਕਾਸ਼ੀ ਤੇ ਆਸ ਪਾਸ ਦੀ ਪਟਾਖਿਆਂ ਦੀ ਕਿਸੇ ਇਕਾਈ 'ਚ ਕੰਮ ਨਹੀਂ ਕਰ ਰਿਹਾ ਹੈ। ਪੂਰੇ ਜ਼ਿਲ੍ਹੇ 'ਚ ਪਿੰਡ ਦੇ ਬੱਚੇ ਪਟਾਖੇ ਬਣਾਉਣ ਦੇ ਧੰਦੇ 'ਚ ਲੱਗੇ ਹੋਏ ਹਨ।

ਪ੍ਰਵਰਤਨ ਕਾਨੂੰਨ ਸਖਤੀ ਨਾਲ ਲਾਗੂ ਹੋਣ ਕਰਕੇ ਬੱਚੇ ਇਹ ਕੰਮ ਘਰੋਂ ਹੀ ਕਰਦੇ ਹਨ। ਸਿੱਟਾ ਇਹ ਹੈ ਕਿ ਬੱਚਿਆਂ ਨੂੰ ਹਰੇਕ ਸਮਾਨ ਦੀ ਦਰ 'ਤੇ ਭੁਗਤਾਨ ਕੀਤਾ ਜਾਂਦਾ ਹੈ। ਜਿਸ ਨਾਲ ਉਹ ਕਾਫੀ ਦੇਰ 'ਚ ਆਪਣਾ ਕੰਮ ਪੂਰਾ ਕਰਦੇ ਹਨ। ਸ਼ਿਵਕਾਸ਼ੀ 'ਚ ਸਭ ਤਰ੍ਹਾਂ ਪਟਾਖੇ ਬਣਾਏ ਜਾਂਦੇ ਹਨ। ਸ਼ਿਵਕਾਸ਼ੀ ਦਾ ਚੋਣ ਪਿੱਛੇ ਇੱਕ ਹੀ ਵਜਾਹ ਹੈ ਕਿ ਸੋਕਗ੍ਰਸਿਤ ਖੇਤਰ ਹੋਣ ਕਰਕੇ ਵਾਤਾਵਰਣ ਦੇ ਲਿਹਾਜ਼ ਨਾਲ ਸ਼ਿਵਕਾਸ਼ੀ ਪਟਾਖਿਆਂ ਲਈ ਸਹੀ ਹੈ। ਇਸ ਤੋਂ ਇਲਾਵਾ ਲੋੜੀਂਦਾ ਰੁਜ਼ਗਾਰ ਮੁਹੱਈਆ ਨਾ ਹੋਣ ਕਰਕੇ ਅਤੇ ਵਾਤਾਵਰਣ ਦੇ ਲਿਹਾਜ਼ ਨਾਲ ਇਥੇ ਮਜ਼ਦੂਰੀ ਸਸਤੀ ਹੈ। ਟੀ. ਐਫ. ਏ. ਦੀਆਂ ਮੈਂਬਰ ਇਕਾਈਆਂ ਦੀ ਕੁਲ ਗਿਣਤੀ 152 ਹੈ। ਦੂਜੇ ਪਾਸੇ ਸੰਸਥਾ ਤੋਂ ਵੱਖ ਲਗਭਗ 300 ਦੂਜੀਆਂ ਇਕਾਈਆਂ ਵੀ ਪਟਾਖੇ ਬਣਾਉਣ ਦੇ ਕੰਮ 'ਚ ਲੱਗੀਆਂ ਹੋਈਆਂ ਹਨ। ਸਾਲ 1990 ਦੇ ਅੱਧ ਤਕ ਬੱਚੇ ਪਟਾਖਿਆਂ ਦੀਆਂ ਸਭ ਇਕਾਈਆਂ 'ਚ ਸਰਗਰਮ ਹਨ। ਪਰ ਸਾਲ 1996 'ਚ ਸੁਪਰੀਮ ਕੋਰਟ ਨੇ 1986 ਦੇ ਬਾਲ ਮਜ਼ਦੂਰੀ ਕਾਨੂੰਨ ਨੂੰ ਲਾਗੂ ਕਰਦਿਆਂ ਬਾਲ ਮਜ਼ਦੂਰੀ 'ਤੇ ਰੋਕ ਲਾ ਦਿੱਤੀ ਸੀ। ਇਸ ਫੈਸਲੇ ਪਿੱਛੋਂ ਇਕੱਲੇ ਵਿਰਧੂਨਗਰ ਦੇ ਕਰੀਬ 1126 ਦੋਸ਼ੀ ਕਾਰਖਾਨਿਆਂ ਨੂੰ ਟਿੱਕ ਕੇ ਉਹਨਾਂ ਖਿਲਾਫ ਮਾਮਲੇ ਦਰਜ ਕੀਤੇ ਗਏ ਹਨ। ਇਸ ਵਿਚ 150 ਬਾਅਦ 'ਚ ਬਰੀ ਹੋ ਗਏ ਅਤੇ ਕਿਸੇ 'ਤੇ ਅਭਿਯੋਗ ਨਹੀਂ ਚਲਾਇਆ ਗਿਆ। ਪੀ. ਐਫ. ਏ. ਨੇ ਦਾਅਵਾ ਕੀਤਾ ਕਿ ਪਟਾਖਿਆਂ ਦੀਆਂ ਪੈਦਾਵਾਰ ਇਕਾਈਆਂ 'ਚ ਲੰਮੇ ਸਮੇਂ ਤੋਂ ਬਾਲ ਮਜ਼ਦੂਰ ਨਹੀਂ ਲੱਗੇ ਹਨ। ਉਹਨਾਂ ਨੂੰ ਚੁਣੌਤੀ ਦੇ ਅੰਦਾਜ 'ਚ ਇਹ ਵੀ

ਕਿਹਾ ਕਿ ਕਾਨੂੰਨ ਪਾਸ ਹੋਣ ਪਿੱਛੋਂ 152 ਰਜਿਸਟਰਡ ਇਕਾਈਆਂ ਵਿਚੋਂ ਕਿਸੇ 'ਚ ਵੀ ਬਾਲ ਮਜ਼ਦੂਰ ਹੋਣ ਤਾਂ ਦੱਸੋ। ਕਾਨੂੰਨ ਤੋਂ ਬਚਣ ਲਈ ਉਹਨਾਂ ਨੇ ਵਿਚੋਲਿਆਂ ਨੂੰ ਠੇਕੇ 'ਤੇ ਕੰਮ ਦਿੱਤਾ ਹੈ ਜੋ ਬੱਚਿਆਂ ਨੂੰ ਸਿੱਧੇ ਜਾਂ ਘਰਾਂ ਵਿੱਚ ਪਟਾਖੇ ਬਣਾਉਣ ਦੇ ਕੰਮ ਵਿੱਚ ਲਾਉਂਦੇ ਹਨ। ਜ਼ਿਆਦਾਤਰ ਬੱਚਿਆਂ 'ਤੇ ਇਹ ਦਬਾਅ ਪਾਇਆ ਜਾਂਦਾ ਹੈ ਕਿ ਉਹ ਕਹਿਣ ਉਹਨਾਂ ਦੀ ਉਮਰ 14 ਸਾਲਾਂ ਤੋਂ ਵੱਧ ਹੈ। ਇਸ ਮੁੱਦੇ 'ਤੇ ਕਈ ਅਧਿਐਨਾ ਤੋਂ ਪਤਾ ਲੱਗਦਾ ਹੈ। ਕਿ ਇਸ ਖੇਤਰ 'ਚ ਸਰਗਰਮ ਲੋਕਾਂ 'ਚ ਅਜੇ ਵੀ 35 ਫੀਸਦੀ ਬੱਚੇ ਲੱਗੇ ਹੋਏ ਹਨ। ਪਰ ਲੋਕ ਖਾਸ ਕਰਕੇ ਪੇਂਡੂ ਇਸ ਸਬੰਧੀ ਕੁਝ ਵੀ ਨਹੀਂ ਬੋਲਦੇ। ਉਹ ਡਰਦੇ ਹਨ ਕਿ ਬੱਚਿਆਂ ਦੇ ਇਸ ਕੰਮ 'ਚ ਲੱਗੇ ਹੋਣ ਦੀ ਗੱਲ ਦੱਸਣਗੇ ਤਾਂ ਉਨ੍ਹਾਂ ਦੀ ਆਮਦਨ ਦਾ ਜ਼ਰੀਆ ਬੰਦ ਹੋ ਜਾਵੇਗਾ। ਬੱਚੇ ਖਤਰੇ ਦਾ ਧਿਆਨ ਰੱਖੇ ਬਿਨਾਂ ਨਿਰਮਾਣ 'ਚ ਸਭ ਕੰਮ ਕਰਦੇ ਹਨ।

2008 'ਚ ਇਨ੍ਹਾਂ ਇਕਾਈਆਂ 'ਚ ਮਰਨ ਵਾਲੇ ਬੱਚਿਆਂ ਦੀ ਗਿਣਤੀ ਦੋ ਸੀ। ਇਸ ਖੇਤਰ 'ਚ ਪਟਾਖਾ ਉਦਯੋਗ ਵਿੱਚ ਖਤਰਨਾਕ ਦੁਰਘਟਨਾਵਾਂ ਦੀ ਦਰ ਹੋਰ ਉਦਯੋਗਾਂ ਦੇ ਮੁਕਾਬਲੇ ਵੱਧ ਹੈ। ਸਾਲ 2003 'ਚ 7 ਦੀ ਮੌਤ ਹੋਈ ਸੀ। ਸਾਲ 2007 ਤਕ ਹਰੇਕ ਸਾਲ 12,25,36 ਅਤੇ 36 ਲੋਕ ਮਾਰੇ ਗਏ ਸਨ। ਕੁਲ ਮਿਲਾ ਕੇ ਇਨ੍ਹਾਂ ਦੁਰਘਟਨਾਵਾਂ 'ਚ 153 ਲੋਕ ਜਖਮੀ ਹੋਏ ਸਨ। ਸ਼ਿਵਕਾਸ਼ੀ ਵਿੱਚ ਕੌਮੀ ਤੇ ਕੌਮਾਂਤਰੀ ਪੱਧਰ ਦੀ ਮੁਹਿੰਮ ਚਲਾ ਕੇ ਬਾਲ ਮਜ਼ਦੂਰੀ ਦਾ ਮੁੱਦਾ ਬਣਾਇਆ ਗਿਆ ਸੀ ਜਿਸ ਕਾਰਨ ਮਾਲਕਾਂ 'ਤੇ ਜਬਰਦਸਤ ਦਬਾਅ ਬਣਿਆ ਸੀ। ਇਸ ਦਾ ਸਿੱਟਾ ਹੋਇਆ ਕਿ ਬਹੁਤ ਸਾਰੀਆਂ ਵਿਦੇਸ਼ੀਆਂ ਮੰਗਾਂ ਰੋਕ ਦਿੱਤੀਆਂ ਗਈਆਂ ਪਿਛਲੇ ਸਾਲ ਵਿਕਰੀ 'ਚ 50 ਫੀਸਦੀ ਤੋਂ ਵੱਧ ਗਿਰਾਵਟ ਦਰਜ ਕੀਤੀ ਗਈ ਸੀ। ਉਕਤ ਹਾਲਤਾਂ ਤੋਂ ਇਹ ਭਲੀ-ਭਾਂਤ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਬਰੂਦ ਦਰਮਿਆਨ ਬਚਪਨ ਪਲਦਾ ਹੈ।

-----✪✪-----

# ਸਰਭ ਸਿੱਖਿਆ ਅਭਿਆਨ-ਮੁਸ਼ਕਿਲਾਂ ਤੇ ਚੁਣੌਤੀਆਂ

ਬੁਨਿਆਦੀ ਸਿੱਖਿਆ ਸਬੰਧੀ ਹਰਿਆਣੇ ਦੇ ਕੁਝ ਇਲਾਕਿਆਂ ਖਾਸ ਕਰਕੇ ਮੇਵਾਤ ਦਾ ਸਮਾਜਿਕ ਢਾਂਚਾ ਹਮੇਸ਼ਾ ਹੀ ਸਰਭ ਸਿੱਖਿਆ ਅਭਿਆਨ ਦੇ ਮਕਸਦ 'ਚ ਵੱਡੀ ਚੁਣੌਤੀ ਰਿਹਾ ਹੈ। ਚੁਣੌਤੀ ਵੀ ਐਸੀ ਕਿ ਇਸ ਨੂੰ ਜਿੱਤ ਸਕਣਾ ਅੱਛੇ-ਖਾਸੇ ਤੰਤਰ ਲਈ ਸੌਖਾ ਨਹੀਂ ਹੈ ਇਹ ਸਮਾਜਿਕ ਪ੍ਰੀਵੇਸ਼ ਭਾਵੇਂ ਹੀ ਸਰਭ ਸਿੱਖਿਆ ਅਭਿਆਨ ਚਲਾਉਣ ਵਾਲੇ ਤੰਤਰ ਨੂੰ ਮਨ ਇੱਛਤ ਨਤੀਜਿਆਂ ਲਈ ਤਰਸਦਾ ਰਹੇ ਪਰ ਫੌਰੀ ਨੁਕਸਾਨ ਜੇ ਕਿਸੇ ਦਾ ਹੋ ਰਿਹਾ ਹੈ ਤਾਂ ਉਹ ਹੈ ਇਲਾਕੇ ਦੀਆਂ ਲੜਕੀਆਂ। ਅਜਿਹੀ ਗੱਲ ਨਹੀਂ ਕਿ ਲੜਕੀਆਂ ਪੜ੍ਹਨਾ ਨਹੀਂ ਚਾਹੁੰਦੀਆਂ। ਉਹ ਵੀ ਮੌਜੂਦਾ ਤੇਜ਼ ਰਫ਼ਤਾਰ ਜੀਵਨ ਨਾਲ ਕਦਮ ਨਾ ਕਦਮ ਮਿਲਾ ਕੇ ਸਫਲ ਤੇ ਜ਼ੁੰਮੇਵਾਰ ਨਾਗਰਿਕ ਅਖਵਾਉਣਾ ਚਾਹੁੰਦੀਆਂ ਹਨ। ਸਕੂਲਾਂ 'ਚ ਡਰਾਪ ਆਊਟ ਦੀ ਸਮਸਿਆ ਦਾ ਦੂਜਾ ਕਾਰਨ ਹੈ ਗੈਰ ਜਥੇਬੰਦ ਢਾਂਚਗਤ ਵਿਕਾਸ ਜਾਂ ਸਰਭ ਸਿੱਖਿਆ ਅਭਿਆਨ ਚਲਾਉਣ ਵਾਲੇ ਤੰਤਰ ਦੀ ਆਦੂਰਦਰਸ਼ਿਤਾ ਜਾਂ ਫਿਰ ਉਸ ਵਿੱਚ ਕੁਝ ਵਿਸ਼ੇਸ਼ ਕਰਨ ਦੀ ਇੱਛਾ ਸ਼ਕਤੀ ਦੀ ਘਾਟ।

ਹਰਿਆਣਾ ਵਿੱਚ ਸਰਭ ਸਿੱਖਿਆ ਅਭਿਆਨ ਦੀ ਦੇਖ ਰੇਖ ਹਰਿਆਣਾ ਪ੍ਰਾਇਮਰੀ ਸਿੱਖਿਆ ਪ੍ਰੋਜੈਕਟ ਪ੍ਰੀਸ਼ਦ ਕਰਦੀ ਹੈ। ਇਹ ਅਭਿਆਨ ਸਚਾਰੂ ਰੂਪ ਨਾਲ ਚੱਲੇ ਇਸ ਲਈ ਜ਼ਿਲ੍ਹਾ ਬਲਾਕ, ਕਸਬੇ ਤੇ ਪਿੰਡ ਪੱਧਰ 'ਤੇ ਸਰਭ ਸਿੱਖਿਆ ਅਭਿਆਨ ਦੇ ਵੱਖ ਵੱਖ ਪੱਖਾਂ ਤਹਿਤ ਵਿਆਪਕ ਢਾਂਚਾ ਵੀ ਤਿਆਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵੱਖ ਵੱਖ ਪੱਧਰਾਂ ਤੇ ਮਾਨੀਟਰਿੰਗ ਇਕਾਈਆਂ ਵੀ ਬਣਾਈਆਂ ਗਈਆਂ ਹਨ ਜਿਨ੍ਹਾਂ ਦਾ ਮੁੱਖ ਕੰਮ ਅਭਿਆਨ ਦੇ ਤਹਿਤ ਖਰਚ ਹੋਣ ਵਾਲੀ ਰਾਸ਼ੀ ਦੇ ਨਾਲ-ਨਾਲ ਕੰਮਕਾਰ 'ਤੇ ਨਿਗਾਹ ਰੱਖਣਾ ਹੈ ਪਰ ਹਰਿਆਣੇ 'ਚ ਵੀ ਚੁਣੌਤੀਆਂ ਘੱਟ ਨਹੀਂ ਹਨ। ਅੱਛੇ ਖਾਸੇ ਤਾਣੇਬਾਣੇ ਦੇ ਬਾਵਜੂਦ ਕਈ ਇਲਾਕਿਆਂ ਵਿਚ ਅਜਿਹੇ ਬੱਚੇ ਹਨ ਜੋ ਜਾਂ ਤਾਂ ਸਕੂਲਾਂ 'ਚ ਪਹੁੰਚ ਨਹੀਂ ਸਕੇ ਜਾਂ ਢਾਂਚਾ ਵੀ ਉਨ੍ਹਾਂ ਨੂੰ ਤਲਾਸ਼ ਨਹੀਂ ਸਕਿਆ। ਉਦਾਹਰਣ ਵਜੋਂ ਕੁਝ ਸਮਾਂ ਪਹਿਲਾਂ ਸਰਭ ਸਿੱਖਿਆ ਅਭਿਆਨ ਤਹਿਤ ਪੇਂਡੂ ਖੇਤਰਾਂ 'ਚ ਮਾਨਿਟਰਿੰਗ ਕਰਨ ਵਾਲੀ ਇਕਾਈ ਨੂੰ ਮੋਰਨੀ ਤੇ ਰਾਏਪੁਰ ਰਾਨੀ ਇਲਾਕਿਆਂ 'ਚ ਅਜੀਬ ਸੱਮਸਿਆ ਇਹ ਪੇਸ਼ ਆਈ ਕਿ ਉਥੇ ਮੁੱਢਲੀ ਸਕੂਲੀ ਪੜ੍ਹਾਈ ਦਾ ਇੰਤਜ਼ਾਮ ਸੀ ਪਰ ਮਿਡਲ ਸਕੂਲ ਨਦਾਰਦ ਸਨ। ਅਜਿਹੇ ਵਿਚ ਬੱਚਿਆਂ ਖਾਸ ਕਰਕੇ ਲੜਕੀਆਂ ਦੀ ਪੜਾਈ ਛੁੱਟ ਗਈ। ਅਜਿਹੀਆਂ ਸੁਕਾਇਆਂ ਇਸ ਇਲਾਕੇ ਦੀਆਂ ਔਰਤਾਂ ਨੇ ਰੱਖੀਆਂ। ਸੁਆਲ ਹੈ ਕਿ ਜਦ ਸਰਭ ਸਿੱਖਿਆ ਅਭਿਆਨ ਦੇ ਤਹਿਤ ਬੱਚਿਆਂ ਲਈ ਕਿਤਾਬਾਂ, ਸਕੂਲਾਂ 'ਚ ਕਮਰੇ, ਗੁਸਲਖਾਨੇ ਆਦਿ ਦੀ ਉਸਾਰੀ ਦਾ ਵੱਖਰਾ ਬੱਜਟ ਹੈ ਅਤੇ ਸਰਕਾਰ ਵੀ ਹਰੇਕ ਕਿਲੋਮੀਟਰ ਦੇ ਦਾਇਰੇ 'ਚ ਪ੍ਰਾਇਮਰੀ ਸਕੂਲ, 1.87 ਕਿਲੋ ਮੀਟਰ ਦਾਇਰੇ 'ਚ ਮਿਡਲ ਅਤੇ 2.1 ਕਿਲੋ ਮੀਟਰ ਦੇ ਦਾਇਰੇ 'ਚ ਹਾਈ ਸਕੂਲ ਨੈਟਵਰਕ ਦਾ ਦਾਅਵਾ ਕਰਦੀ ਹੈ। ਬਾਵਜੂਦ ਇਸ ਦੇ ਡ੍ਰਾਪ ਆਊਟ ਕਿਉਂ ਹੈ ਅਤੇ ਬੱਚੇ ਸਕੂਲ ਕਿਉਂ ਨਹੀਂ ਪੁੱਜ ਸਕਦੇ? ਹਾਲਾਂਕਿ ਕੁਝ ਸਾਲ ਪਹਿਲਾਂ ਕੁਝ ਸਾਲਾਂ ਦੌਰਾਨ ਸਕੂਲਾਂ 'ਚ ਇੰਨਰੋਲਮੈਂਟ ਦੇ ਅੰਕੜੇ ਉਤਸ਼ਾਹਜਨਕ ਸੰਕੇਤ ਦਿੰਦੇ ਹਨ ਪਰ ਸੱਚਾਈ

ਤਾਂ ਦੂਰ ਹੀ ਦਿੱਸਦੀ ਹੈ। ਸਾਲ 2006-07 ਵਿਚ 6 ਤੋਂ 11 ਸਾਲ ਦੀ ਉਮਰ ਵਰਗ ਦੇ 96.08 ਫੀਸਦੀ ਬੱਚੇ ਇਨਰੋਲ ਹੋਏ ਤਾਂ ਸਾਲ 2007-08 ’ਚ 96.93 ਫੀਸਦੀ, 11 ਤੋਂ 14 ਸਾਲ ਦੀ ਉਮਰ ਵਰਗ ਦਾ ਇਨਰੋਲਮੈਂਟ ਅੰਕੜਾ ਜਿਥੇ 2006-07 ’ਚ 95.75 ਫੀਸਦੀ ਰਿਹਾ ਉਥੇ ਅਗਲੇ ਵਿੱਤੀ ਸਾਲ ’ਚ ਵਧ ਕੇ ਇਹ 95.74 ਫੀਸਦੀ ਹੋ ਗਿਆ। ਇਸ ਤਰ੍ਹਾਂ 2006-07 ’ਚ ਐਸ. ਸੀ. ਸ਼੍ਰੇਣੀ ’ਚ 6 ਤੋਂ 11 ਸਾਲ ਵਰਗ ਦੇ 94.62 ਫੀਸਦੀ, 2007-08 ’ਚ 95.79 ਫੀਸਦੀ ਅਤੇ 11 ਤੋਂ 14 ਸਾਲ ਦੀ ਉਮਰ ਦੇ 91.04 ਫੀਸਦੀ (2006-07) ਅਤੇ 94.79 ਫੀਸਦੀ (2007-08) ’ਚ ਇਨਰੋਲ ਹੋਏ।

ਇਹੀ ਹਾਲਾਤ ਅਭਿਆਨ ਦੇ ਤਹਿਤ ਸਕੂਲਾਂ ’ਚ ਰੱਖ ਰਖਾਅ ’ਤੇ ਮੁਰੰਮਤ ਨਾਲ ਜੁੜੇ ਅੰਕੜਿਆਂ ਦੀ ਹੈ। ਅਧਿਆਪਕਾਂ ਨੂੰ ਟਰੇਨਿੰਗ ਦੇ ਅੰਕੜੇ ਵੀ ਬਹੁਤ ਦਿਲ ਭਰਮਾਊ ਨਜ਼ਰ ਆਉਂਦੇ ਹਨ। ਇਨ੍ਹਾਂ ਤੋਂ ਕਿਸੇ ਟੀਚੇ ਦੀ ਪ੍ਰਾਪਤੀ ਦਾ ਭੁਲੇਖਾ ਜ਼ਰੂਰ ਪੈਦਾ ਹੈ ਪਰ ਸੱਚਾਈ ਇਹੀ ਹੈ ਕਿ ਹਰਿਆਣੇ ’ਚ ਅਧਿਆਪਕਾਂ ਦੀ ਘਾਟ ਹੈ ਖਾਸ ਕਰਕੇ ਅਧਿਆਪਕਾਵਾਂ ਦੀ ਕਮੀ ਅੱਜ ਵੀ ਹੈ। ਜ਼ਿਲ੍ਹਾ ਪੱਧਰ ’ਤੇ ਕਈ ਇਲਾਕਿਆਂ ’ਚ ਅਭਿਆਨ ਦੀ ਮਨੀਟਰਿੰਗ ਦਾ ਕੰਮ ਵੀ ਲਚਰ ਢੰਗ ਨਾਲ ਹੋਣ ਦੀਆਂ ਸ਼ਿਕਾਇਤਾਂ ਹਨ। ਕੁਝ ਸਮਾਜ ਸੇਵੀ ਸੰਸਥਾਵਾਂ ਨੇ ਅਭਿਆਨ ਦੀ ਆੜ ’ਚ ਆਪਣੇ ਫਾਇਦੇ ਵੱਲ ਵੱਧ ਧਿਆਨ ਦਿੱਤਾ ਹੈ। ਮਿਸਾਲ ਵਜੋਂ ਕਈ ਇਲਾਕਿਆਂ ’ਚ ਲੜਕੀਆਂ ਅੱਗੇ ਦੀ ਪੜਾਈ ਇਸ ਲਈ ਨਹੀਂ ਜਾਰੀ ਰੱਖ ਸਕੀਆਂ ਕਿਉਂਕਿ ਉਨ੍ਹਾਂ ਦੇ ਘਰ ਤੋਂ ਮਿਡਲ ਸਕੂਲ ਕਾਫੀ ਦੂਰ ਹੈ। ਡਰਾਪ ਆਊ ਬਹੁਤ ਜ਼ਿਆਦਾ ਹੈ। ਭਾਵੇਂ ਬੱਚਿਆਂ ਨੂੰ ਸਕੂਲਾਂ ਨੇ ਅਭਿਆਨ ਤਹਿਤ ਸਾਇਕਲਾਂ ਦਿੱਤੀਆਂ ਹਨ ਪਰ ਅਭਿਆਨ ਦੇ ਸਾਹਮਣੇ ਚੁਣੌਤੀਆਂ ਅਜੇ ਵੀ ਖਤਮ ਨਹੀਂ ਹੋਈਆਂ।

-----✪✪-----

# ਗੁਣਾਤਮਕ ਸੁਧਾਰ ਕਿੰਨੀ ਕੁ ਦੂਰ?

ਸਰਬ ਸਿੱਖਿਆ ਅਭਿਆਨ ਨੇ ਹਿਮਾਚਲ ਦੀ ਸਿੱਖਿਆ ਪ੍ਰਣਾਲੀ 'ਚ ਕਾਫੀ ਵਿਸਥਾਰ ਕੀਤਾ ਹੈ ਪਰ ਸਰਕਾਰ ਵਿੱਚ ਇੱਛਾ ਸ਼ਕਤੀ ਦੇ ਪੱਧਰ ਨੂੰ ਉਪਰ ਉਠਾਉਣ ਦਾ ਟੀਚਾ ਪਿੱਛੇ ਰਹਿੰਦਾ ਦਿਸ ਰਿਹਾ ਹੈ। ਇਸ ਅਭਿਆਨ ਦੇ ਤਹਿਤ ਬੱਚਿਆਂ ਤੇ ਅਪਾਹਜ਼ਾਂ ਦੀ ਸਿੱਖਿਆ 'ਤੇ ਵਿਸ਼ੇਸ਼ ਧਿਆਨ ਦੇਣਾ ਅਤੇ ਮਿਡਲ ਤੋਂ ਪਹਿਲਾਂ ਹੀ ਸਕੂਲ ਛੱਡ ਜਾਣ ਵਾਲਿਆਂ ਦੀ ਗਿਣਤੀ ਨੂੰ ਸਿਫਰ ਤੱਕ ਲੈ ਜਾਣ ਦੇ ਉਦੇਸ਼ 'ਚ ਹਿਮਾਚਲ ਮੂਹਰੇ ਰਿਹਾ ਹੈ। ਮੁੱਢਲੇ ਪੱਧਰ 'ਤੇ (ਪੰਜਵੀਂ) ਸਭ ਬੱਚਿਆਂ ਨੂੰ ਪਾਠਸ਼ਾਲਾ ਵਿਚ ਦਾਖਲਾ ਦਵਾਉਣ ਦਾ ਟੀਚਾ ਦਸੰਬਰ 1977 'ਚ ਹੀ ਹਾਸਲ ਕੀਤਾ ਜਾ ਚੁੱਕਿਆ ਹੈ। ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਹਿਮਾਚਲ 'ਚ ਗਰਵ ਸਿੱਖਿਆ ਮੁਹਿੰਮ ਦੇ ਤਹਿਤ ਕਾਫੀ ਪ੍ਰਗਤੀ ਹੋਈ ਹੈ ਅਤੇ 6 ਤੋਂ 14 ਸਾਲਾਂ ਦੀ ਉਮਰ ਵਰਗ ਦੇ ਬੱਚਿਆਂ ਨੂੰ ਸਕੂਲ 'ਚ ਦਾਖ਼ਲ ਕਰਨ ਦੇ ਟੀਚੇ ਦੀ ਪ੍ਰਾਪਤੀ ਕਰੀਬ 99 ਫੀਸਦੀ ਹੈ। ਸੂਬੇ ਦੀਆਂ ਸਾਰੀਆਂ ਬੱਚੀਆਂ ਬੱਚੇ ਸਕੂਲਾਂ 'ਚ ਦਾਖਲਾ ਲੈ ਚੁੱਕੇ ਹਨ। ਸਰਬ ਸਿੱਖਿਆ ਅਭਿਆਨ ਦੇ ਤਹਿਤ ਵਿਦਿਆਰਥੀ-ਅਧਿਆਪਕ ਅਨੁਪਾਤ 1:40 ਰੱਖਿਆ ਗਿਆ ਹੈ ਪਰ ਹਿਮਾਚਲ 'ਚ ਇਹ ਅਨੁਪਾਤ 1:17 ਹੈ। ਪਰ ਇਹ ਅਨੁਪਾਤ ਅਧਿਆਪਕਾਂ ਦੀ ਸਹੀ ਨਿਯੁਕਤੀ ਨਹੀਂ ਦਰਸਾਉਂਦਾ ਸੂਬੇ 'ਚ ਕਈ ਸਕੂਲਾਂ 'ਚ ਇਹ ਅਨੁਪਾਤ 1:10 ਤੋਂ ਵੀ ਘੱਟ ਹੈ ਜਦ ਕਿ ਕਈ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਕਾਫੀ ਜ਼ਿਆਦਾ ਹੈ ਅਤੇ ਅਧਿਆਪਕਾਂ ਦੀ ਘੱਟ। ਸਰਕਾਰ ਬਹੁਤ ਘੱਟ ਵਿਦਿਆਰਥੀ ਸੰਖਿਆ ਵਾਲੇ ਕਰੀਬ 900 ਸਕੂਲ ਬੰਦ ਕਰਨ ਦੀ ਹਿੰਮਤ ਕਰ ਸਕੀ ਹੈ ਅਤੇ ਰਾਜਸੀ ਦਬਾਅ 'ਚ ਪ੍ਰਾਇਮਰੀ ਸਕੂਲਾਂ ਨੂੰ ਅੱਪਰ ਪ੍ਰਾਇਮਰੀ 'ਚ ਬਦਲਣ ਦੀ ਨੀਤੀ ਅਪਣਾ ਰਹੀ ਹੈ। ਪ੍ਰਦੇਸ਼ 'ਚ ਇਸ ਸਮੇਂ 10,682 ਪ੍ਰਾਇਮਰੀ ਅਤੇ 4231 ਅੱਪਰ ਪ੍ਰਾਇਮਰੀ ਸਕੂਲ ਹਨ, ਇਨ੍ਹਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਕ੍ਰਮਵਾਰ 4,92,402 ਅਤੇ 3, 47, 213 ਹੈ। ਸਭ ਪ੍ਰਾਇਮਰੀ ਸਕੂਲਾਂ ਨੂੰ ਅੱਪਰ ਪ੍ਰਾਇਮਰੀ 'ਚ ਬਦਲਣ ਦਾ ਅਰਥ ਹੋਵੇਗਾ ਕਰੀਬ ਨਵੇਂ ਅਧਿਆਪਕਾਂ ਦੀ ਨਿਯੁਕਤੀ।

ਸਰਕਾਰ ਨੇ ਅਧਿਆਪਕਾਂ ਦੀਆਂ 29, 550 ਅਸਾਮੀਆਂ ਮਨਜ਼ੂਰ ਕੀਤੀਆਂ ਹਨ। ਪਰ ਇਨ੍ਹਾਂ ਤੇ ਠੇਕੇ ਉਪਰ ਅਧਿਆਪਕ, ਪੈਰਾ ਅਧਿਆਪਕ ਸਹਾਇਕ ਪ੍ਰਾਇਮਰੀ ਅਧਿਆਪਕ 'ਤੇ ਪੀ. ਟੀ. ਏ. ਅਧਿਆਪਕ ਰੱਖੇ ਜਾ ਰਹੇ ਹਨ। ਜਿਨ੍ਹਾਂ ਨੂੰ ਆਮ ਅਧਿਆਪਕਾਂ ਦੇ ਮੁਕਾਬਲੇ ਕਰੀਬ 40 ਫੀਸਦੀ ਘੱਟ ਤਨਖਾਹ ਦਿੱਤੀ ਜਾ ਰਹੀ ਹੈ। ਸਰਬ ਸਿੱਖਿਆ, ਅਭਿਆਨ ਦੇ ਤਹਿਤ 2002-03 ਤੋਂ 2007-08 ਤੱਕ 639.54 ਕਰੋੜ ਮਨਜੂਰ ਕੀਤੇ ਗਏ ਹਨ ਇਸ ਦੀ ਤੁਲਨਾ ਵਿੱਚ 455.21 ਕਰੋੜ ਖਰਚੇ ਗਏ ਹਨ। ਮਨਜੂਰ ਹੋਈ ਰਾਸ਼ੀ ਵਿਚ ਰਾਜ ਸਰਕਾਰ ਦਾ ਹਿੱਸਾ 121.76 ਕਰੋੜ ਹੈ। ਪਰ 11ਵੀਂ ਸਾਲਾ ਯੋਜਨਾ 'ਚ ਕੇਂਦਰ ਤੇ ਸੂਬੇ ਦੀ ਹਿੱਸੇਦਾਰੀ ਦਾ ਅਨੁਪਾਤ 75:25 ਤੋਂ ਵੱਧ ਕੇ 65:35 ਕਰਨ ਨਾਲ ਸੂਬੇ ਨੂੰ ਜ਼ਿਆਦਾ ਪੈਸਾ ਮੁਹੱਈਆ ਕਰਵਾਉਣਾ ਹੋਵੇਗਾ। ਸੂਬੇ 'ਚ 6-14 ਉਮਰ ਵਰਗ ਦੇ ਵਿਦਿ: ਦੀ ਗਿਣਤੀ ਕਰੀਬ 10 ਲੱਖ ਹੈ ਅਤੇ ਵਿਦਿ: ਅਧਿਆਪਕ ਅਨੁਪਾਤ ਦੇ ਤਹਿ ਮਾਪਦੰਡਾਂ ਨੂੰ ਲਚਕੀਲਾ ਨੂੰ ਬਣਾ

ਕੇ ਇਸ ਨੂੰ 1:25 ਕਰ ਦਿੱਤਾ ਜਾਵੇ ਤਦ ਵੀ ਸਾਰੇ ਸਕੂਲਾਂ ਵਿੱਚ ਲੋੜੀਂਦੇ ਅਧਿਆਪਕ ਮੁਹੱਈਆ ਕਰਾਉਣ ਲਈ ਕੁਲ 40 ਹਜ਼ਾਰ ਅਧਿਆਪਕਾਂ ਦੀ ਲੋੜ ਹੋਵੇਗੀ। ਵੱਖ-ਵੱਖ ਪੱਧਰਾਂ 'ਤੇ ਅਧਿਆਪਕਾਂ ਨੂੰ ਨਿਯਮਤ ਅਧਿਆਪਕਾਂ ਦੇ ਮੁਕਾਬਲੇ ਅੱਧੇ ਤੋਂ ਵੀ ਘੱਟ ਤਨਖਾਹ ਮਿਲ ਰਹੀ ਹੈ। ਇਸ ਕਾਰਨ ਉਨ੍ਹਾਂ ਵਿਚ ਭਾਰੀ ਰੋਸ ਹੈ। ਅਜਿਹੇ ਹਾਲਾਤ 'ਚ ਇਹ ਸਿੱਖਿਅਕ ਸਮਰਪਿਤ ਭਾਵ ਨਾਲ ਬੱਚਿਆਂ ਨੂੰ ਸਿੱਖਿਅਤ ਕਰਨ ਦਾ ਪੁੰਨ ਵਾਲਾ ਕੰਮ ਕਰ ਸਕਣਗੇ? ਇਸ ਬਾਰੇ ਸਰਕਾਰ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਅਧਿਆਪਕਾਂ ਦੇ ਵਿਰੋਧ ਕਾਰਨ ਅਜੇ ਤੱਕ ਪ੍ਰਾਇਮਰੀ ਸਿੱਖਿਆ ਡਾਇਰੈਕਟਰ ਦਾ ਅਪਰ ਪ੍ਰਾਇਮਰੀ ਡਾਇਰੈਕਟੋਰੇਟ 'ਚ ਰਲੇਵਾਂ ਨਹੀਂ ਹੋ ਸਕਿਆ ਹੈ। ਕੇਵਲ ਅੰਕੜਿਆਂ ਦੇ ਆਸਰੇ ਹੀ ਗੱਡੀ ਨਹੀਂ ਚਲਾਈ ਜਾ ਸਕਦੀ। ਸਿੱਖਿਆ 'ਚ ਗੁਣਾਤਮਕ ਸੁਧਾਰ ਨਾ ਕੀਤਾ ਜਾਵੇ ਤਾਂ ਹਿਮਾਚਲ ਦੇ ਬੱਚੇ ਕੌਮੀ ਪੱਧਰ 'ਤੇ ਤਾਂ ਪਿਛੜ ਜਾਣਗੇ।

-----✪✪-----

# ਭੁੱਖਾ ਕਿਸਾਨ, ਆਰਥਕ ਗੁਲਾਮੀ ਅਤੇ ਸਿਆਸਤ ਇਕ ਵਿਸ਼ਲੇਸ਼ਣ

ਡਾ. ਅਜੀਤਪਾਲ ਸਿੰਘ, ਮਨੁੱਖੀ ਰੋਗਾਂ ਦਾ ਅਜਿਹਾ ਡਾਕਟਰ ਹੈ, ਜਿਸ ਨੇ ਅਰੋਗਤਾ ਪਰਦਾਨ ਕਰਨ ਦੇ ਨਾਲ, ਮਨੁੱਖੀ ਸੋਚ ਨੂੰ, ਵਿਗਿਆਨਕ, ਦ੍ਰਿਸ਼ਟੀ, ਚੇਤਨਾ ਅਤੇ ਜਾਗ੍ਰਿਤੀ ਵੰਡਣ ਦਾ ਹੌਂਸਲਾ ਕੀਤਾ ਹੈ। ਇਹ ਅਜਿਹੀ ਪਹੁੰਚ ਵਿਧੀ ਹੈ, ਜਿਸ ਦੇ ਗ੍ਰਹਿਣ ਕਰਨ ਨਾਲ ਹਰ ਵਿਅਕਤੀ ਦੇ ਤਨ ਮਨ, ਸਮਾਜ ਦੀ ਸੁਰੱਖਿਆ-ਸੰਭਾਲ ਅਤੇ ਸੰਸਾਰ ਦਾ ਭਲਾ ਹੋ ਸਕਦਾ ਹੈ। ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਤਰਜ਼-ਫ਼ਿਕਰ (ਸੋਚਣ ਸਮਝਣ ਦੇ ਢੰਗ) ਅਤੇ ਤਰਜ਼-ਅਮਲ (ਕਿਰਿਆਤਮ ਵਿਧੀਆਂ) ਨੂੰ ਸਾਕਾਰਤਮਿਕ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਯਥਾਰਥਕ ਅਤੇ ਰਚਨਾਤਮਿਕ ਬਣਾ ਲਈਏ। 'ਭੁੱਖਾ ਕਿਸਾਨ, ਆਰਥ ਗੁਲਾਮੀ ਅਤੇ ਸਿਆਸਤ ਨਾਂ ਦੀ ਪੁਸਤਕ ਅਜਿਹੀ ਸਾਰਥਕ, ਸੁਚੇਤ ਦ੍ਰਿਸ਼ਟੀ ਅਤੇ ਵਿਚਾਰਸ਼ੀਲ ਪੁਸਤਕ ਹੈ, ਜਿਸ ਦੇ ਲੇਖਾਂ ਦਾ ਪਾਠ ਹਰ ਪਾਠਕ ਲਈ ਉਸ ਦੇ ਸਮੁੱਚੇ ਰੋਗਾਂ ਲਈ ਸੰਜੀਵਨੀ ਬਣਨ ਦੀ ਸਮਰੱਥਾ ਰੱਖਦਾ ਹੈ। ਪੁਸਤਕ ਵਿਚ ਭਾਰਤ ਵਰਗੇ ਸੰਸਾਰ ਦੇ ਬਹੁਗਿਣਤ ਦੇਸ਼ਾਂ ਵਿਚ ਸੰਘਰਸ਼ ਕਰਦੇ ਲੋਕਾਂ ਵਿਚ ਫੈਲੀ-ਭੁੱਖ, ਆਰਥਿਕ ਗੁਲਾਮੀ ਅਤੇ ਖੁਦਗਰਜ਼, ਬੇਈਮਾਨ ਰਿਸ਼ਵਤਖੋਰ ਚਾਲਾਕ ਸਿਆਸਤ ਸੰਬੰਧੀ ਲਿਖੇ ਲਗਭਗ ਸੱਤ ਦਰਜਨ ਲੇਖ ਪੜ੍ਹਨ ਯੋਗ ਤੇ ਸਮਝਣ ਯੋਗ ਹਨ, ਜਿਨ੍ਹਾਂ 'ਤੇ ਵਿਚਾਰ ਕਰਕੇ; ਹਰ ਇਕ ਵਿਅਕਤੀ ਨੂੰ ਆਪਣਾ ਉਹ ਦ੍ਰਿਸ਼ਟੀਕੋਣ, ਬਦਲਣ ਦੀ ਲੋੜ ਹੈ; ਜਿਹੜਾ ਅਜੇ ਵੀ ਹਨੇਰੀ ਅਗਿਆਨਤਾ ਦੇ ਜੰਗਲ ਵਿਚ ਭਟਕਦਾ ਹੈ।

ਜਦ ਤੋਂ ਸੋਵੀਅਤ ਦੇਸ਼ ਵਿਚ ਮਾਰਕਸਵਾਦ 'ਤੇ ਆਧਾਰਿਤ ਸਾਮਵਾਦੀ ਨਜ਼ਾਮ ਅਸਫਲ ਹੋਇਆ ਹੈ; ਤਦ ਤੋਂ ਅਮਰੀਕਾ ਵਰਗੇ ਸਾਮਰਾਜੀ ਅਨੇਕਾਂ ਦੇਸ਼ਾਂ ਦੀ ਅਗਵਾਈ ਵਿਚ, ਸੰਸਾਰ ਭਰ ਵਿਚ; ਉਦਯੋਗਕ, ਵਿਉਪਾਰ, ਖੇਤੀਬਾੜੀ; ਤਾਲੀਮ; ਸੁਰੱਖਿਆ ਸੰਭਾਲ, ਸਿਹਤ-ਸੰਭਾਲ, ਸੜਕਾਂ, ਰੇਲਾਂ, ਆਵਾਜਾਈ ਦੇ ਸਾਧਨਾਂ ਦੇ ਪ੍ਰਬੰਧਕੀ ਢਾਂਚੇ ਨੂੰ ਪ੍ਰਾਈਵੇਟ ਕੰਪਨੀਆਂ ਸੰਭਾਲ ਰਹੀਆਂ ਹਨ। ਜਿਸ ਨਾਲ ਰਾਜਨੀਤੀ, ਦੇਸ਼ ਦੀ ਆਰਥਿਕਤਾ, ਸੁਰੱਖਿਆ ਸਿਹਤ, ਆਵਾਜਾਈ; ਉਦਯੋਗਿਕ ਉਤਪਾਦਨ, ਖੇਤੀਬਾੜੀ ਆਦਿ ਅਦਾਰਿਆਂ ਨੇ ਪਹਿਲਾਂ ਆਪ ਵਧੇਰੇ ਮੁਨਾਫਾ ਕਮਾ ਕੇ, ਪਿੱਛੋਂ ਉਸਾਰੀ; ਸਿਹਤ, ਖੁਰਾਕ ਆਵਾਜਾਈ ਆਦਿ ਅਨੇਕਾਂ ਖੇਤਰਾਂ ਵਿਚ ਕਾਰਜ ਆਰੰਭ ਦਿੱਤੇ ਹਨ। ਜਿਸ ਦਾ ਪ੍ਰਭਾਵ ਇਹ ਪਿਆ ਹੈ ਕਿ ਇਸ ਪ੍ਰਬੰਧਨ ਕਾਰਨ, ਜਿੱਥੇ, ਪ੍ਰਾਇਵੇਟ ਕੰਪਨੀਆਂ, ਵਿਸ਼ਵੀ ਆਰਥਿਕ, ਸਭਿਆਚਾਰ ਉਦਯੋਗ, ਵਿਉਪਾਰ; ਪੈਦਾਵਾਰੀ ਸਾਧਨਾਂ ਉਪਰ ਕਬਜ਼ੇ ਕਰਨ ਲੱਗੀਆਂ ਹਨ, ਉਥੇ ਸਾਮਰਾਜੀ ਵਿਸ਼ਵੀਕਰਨ ਦੇ ਪ੍ਰਭਾਵ ਨਾਲ, ਅਮੀਰ ਹੋਰ ਅਮੀਰ ਅਤੇ ਗ਼ਰੀਬ ਹੋਰ ਵਧੇਰੇ ਗਰੀਬ ਹੋਣ ਲੱਗੇ ਹਨ। ਕਿਸਾਨ, ਮਿਹਨਤਕਸ਼, ਕਿਰਤੀ ਭੁੱਖ ਨਾਲ ਵਧੇਰੇ ਪੀੜ੍ਹਤ ਹੈ। ਆਰਥਿਕਤਾ ਗੁਲਾਮ ਹੈ। ਸਿਆਸਤ, ਗੰਦੀ ਹੋ ਗਈ ਹੈ। ਇਹ ਸਾਮਰਾਜੀ ਵਿਸ਼ਵੀ ਕਰਨ, ਸਾਧਾਰਨ ਆਮ ਲੋਕਾਂ ਦਾ ਖ਼ੂਨ ਚੂਸਣ ਲਈ ਜ਼ੋਕਾਂ ਦਾ ਕੰਮ ਕਰਨ ਲੱਗਾ ਹੈ।

ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ, ਇਹ ਸਾਮਰਾਜੀ, ਸਰਮਾਏਦਾਰ

ਕੰਪਨੀਆਂ ਟਿੱਡੀ ਦਲ, ਵਾਂਗ ਹਰ ਖੇਤਰ ਵਿਚ ਹਮਲੇ ਕਰਕੇ, ਲੋਕਾਂ ਦੀ ਮਿਹਨਤ ਅਥਵਾ ਕਿਰਤ-ਫਲ ਹੀ ਚੱਟ ਨਹੀਂ ਕਰ ਰਹੀਆਂ, ਬਲਕਿ ਘਰੇਲੂ ਉਦਯੋਗ, ਘੱਟ ਜ਼ਮੀਨ ਦੇ ਮਾਲਕ ਕਿਰਤੀਆਂ ਅਤੇ ਸਿਹਤ, ਸਿੱਖਿਆ, ਆਵਾਜਾਈ ਅਤੇ ਸੰਚਾਰ ਸਾਧਨਾਂ, ਬਿਜਲੀ ਆਦਿ ਖੇਤਰਾਂ ਵਿਚ ਆਪਣੀ ਸੱਤਾ ਪ੍ਰਾਪਤ ਕਰ ਰਹੀ ਹਨ। ਆਮ ਸਾਧਾਰਣ ਲੋਕ ਭਲਾਈ ਦੇ ਕੰਮ ਠੱਪ ਹੋ ਗਏ ਹਨ। ਮਹਿੰਗਾਈ ਵੱਧ ਗਈ ਹੈ। ਬੁਨਿਆਦੀ ਲੋੜਾਂ ਦਾ ਅਭਾਵ ਹੈ। ਸਮਾਜਵਾਦੀ ਵਿਸ਼ਵੀਕਰਣ ਦੀ ਥਾਂ, ਹੁਣ ਜਦ ਤੋਂ ਸਰਮਾਇਦਾਰੀ ਵਿਸ਼ਵੀਕਰਨ ਹੋਣ ਲੱਗ ਹੈ। ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਵੱਡੀਆਂ ਅਜ਼ਾਰੇਦਾਰ ਕੰਪਨੀਆਂ ਨੂੰ ਆਪਣੇ ਜਿੰਮੇ ਲੱਗੇ ਸਾਰੇ ਸੇਵਾ ਕਾਰਜ ਛੱਡ ਦਿੱਤੇ ਹਨ। ਸਰਕਾਰਾਂ ਇਨ੍ਹਾਂ ਦੇ ਰਹਿਮੋ ਕਰਮ ’ਤੇ ਹੋ ਗਈਆਂ ਹਨ।

ਡਾ. ਅਜੀਤਪਾਲ ਸਿੰਘ ਨੇ ਸਾਨੂੰ ਇਨ੍ਹਾਂ ਮਾਨਵੀ ਹਿੱਤਾਂ ਉਪਰ ਹੋ ਰਹੇ ਹਮਲਿਆਂ ਤੋਂ ਬਾਖੂਬੀ ਜਾਣੂ ਕਰਵਾਇਆ ਹੈ। ਇਸ ਪੁਸਤਕ ਦੇ ਜਿੰਨੇ ਵੀ ਲੇਖ ਹਨ ਉਹ ਵਰਤਮਾਨ ਯਥਾਰਥ ਨੂੰ ਨੰਗਾ ਕਰਨ ਵਾਲੇ ਹਨ। ਜੋ ਤਸਵੀਰ ਸਾਹਮਣੇ ਹੈ ਲੇਖਕ ਉਹ ਨਿਰਪੱਖ ਨਿਰਲੇਪ ਹੋ ਕੇ ਦਿਖਾਉਂਦਾ ਹੈ। ਸੰਸਦ ਲੋਕ ਹੇ ਤੂੰ ਨਹੀਂ, ਸਾਡੇ ਕਾਨੂੰਨ ਕਾਲੇ ਹਨ। ਭਾਰਤੀ ਅਰਥਚਾਰਾ ਗੁਲਾਮ ਹੈ। ਐਮ. ਪੀ. ਚੁੱਪ ਹਨ। ਭਾਰਤ ਦਾ ਕਾਰਪੋਰੇਟ ਜਗਤ ਲੋਕ-ਹੇਤੂ ਨਹੀਂ। ਬੈਂਕਾਂ ਨੂੰ ਲੋਕ ਹਿੱਤਾਂ ਲਈ ਵਰਤਨ ਦੀ ਖੁੱਲ੍ਹ ਨਹੀਂ। ਪੂੰਜੀ ਆਜ਼ਾਦ ਹੈ, ਪਰ ਕਿਰਤ ਗੁਲਾਮ ਹੈ। ਕੌਮਾਂਤਰੀ ਕਰਜ਼ੇ ਵੱਧ ਰਹੇ ਹਨ। ਬੇਕਾਰੀ ਵੱਧ ਰਹੀ ਹੈ। ਭ੍ਰਿਸ਼ਟਾਚਾਰ ਦਾ ਬਾਜ਼ਾਰ ਗਰਮ ਹੈ। ਨਕਲੀ ਨੋਟਾਂ ਦੇ ਧੰਦੇ ਉਪਰ ਕੰਟਰੋਲ ਨਹੀਂ। ਧੋਖਾ-ਧੜੀ ਘਟੀ ਨਹੀਂ; ਭੁੱਖਮਰੀ ਖ਼ਤਮ ਨਹੀਂ ਹੋਈ। ਬਿਮਾਰੀਆਂ ਉੱਪਰ ਕਾਬੂ ਨਹੀਂ। ਧਾਰਮਿਕ ਕੱਟੜਤਾ ਵਧੀ ਹੈ। ਆਂਤਕਵਾਦ ਦਾ ਕਰੋਪ ਹੈ। ਪਰੰਪਰਾਵਾਦੀ ਲੋਕ, ਜ਼ਰਾਇਮ ਕਰ ਰਹੇ ਹਨ। ਜ਼ਮੀਨ ਹੱੜਪੀ ਜਾ ਰਹੀ ਹੈ। ਭਾਰਤ ਦੀ ਵਿਦੇਸ਼ੀ ਨੀਤੀ, ਪ੍ਰਭਾਵਹੀਣ ਹੈ। ਲੁੱਟਕ ਸੁੱਟ ਵਧੇਰੇ ਹੈ। ਨੇਤਾ, ਐਸ. ਕਰ ਰਹੇ ਹਨ। ਆਦਿ ਸੈਂਕੜੇ ਪ੍ਰਸ਼ਨ ਹਨ, ਜਿਨ੍ਹਾਂ ਦੇ ਨਿਰਪੱਖ ਉਤਰ ਇਸ ਪੁਸਤਕ ਵਿਚ ਮਿਲਦੇ ਹਨ। ਜਿਨ੍ਹਾਂ ਨੂੰ ਪੜ੍ਹਕੇ, ਅਸੀਂ ਆਪਣੇ ਆਪ ਨੂੰ ਹਨੇਰਿਆਂ ਦੇ ਜੰਗਲ ਵਿਚ ਫਸੇ ਅਨੁਭਵ ਕਰਦੇ ਹਾਂ।

ਲੋੜ ਸਮਾਜਵਾਦੀ ਲੋਕ-ਹੇਤੂ ਕਾਰਜਾਂ ਦੀ ਹੈ, ਜਿਨ੍ਹਾਂ ਨਾਲ ਅਸਲ ਅਰਥਾਂ ਵਿਚ ਸਾਡੇ ਦੇਸ਼ ਵਿਚ ਇਨਕਲਾਬ ਲਿਆਂਦਾ ਜਾ ਸਕੇ। ਇਹ ਲੇਖ ਸਾਡੇ ਅੰਦਰ ਅਸਲ ਯਥਾਰਥ ਦੇ ਹਨੇਰੇ ਪੱਖਾਂ ਨੂੰ, ਜਿੱਥੇ ਉਜਾਗਰ ਕਰਦੇ ਹਨ, ਉਥੇ ਸਾਡੇ ਅੰਦਰ ਵਿਦਰੋਹੀ ਸੁਰ ਜਗ੍ਹਾ ਕੇ ਸਿਰਜਨਾਤਮਿਕ ਵਲਵਲੇ ਭਰਦੇ ਹਨ। ਅਜਿਹੀ ਸ਼ਕਤੀ ਸਮਰੱਥਾ ਭਰਦੇ ਹਨ ਕਿ ਅਸੀਂ ਹਨੇਰਿਆਂ ਦੀਆਂ ਕੰਧਾਂ ਗਿਰਾਉਣ ਦਾ ਸਾਹਸ ਪੈਦਾ ਕਰ ਸਕਦੇ ਹਾਂ। ਇਹ ਲੇਖ ਅਸਾਡੇ ਮਨਾਂ ਅੰਦਰ ਰੁਸ਼ਨਾਈ ਦੀ ਖੁਸ਼ਬੋ ਉਗਾਉਣ ਦੀ ਸਮਰੱਥਾ ਵਾਲੇ ਲੇਖ ਹਨ। ਡਾ. ਅਜੀਤਪਾਲ ਸਿੰਘ ਵਧਾਈ ਦੇ ਹੱਕਦਾਰ ਹਨ। ਅਜਿਹੀ ਜਾਗ੍ਰਿਤੀ ਵੰਡਣ ਵਾਲੀ ਪੁਸਤਕ ਦਾ ਪਾਠ ਹਰ ਪੰਜਾਬੀ ਪਾਠਕ ਨੂੰ ਕਰਨਾ ਚਾਹੀਦਾ ਹੈ। ਅਜਿਹੀ ਪੁਸਤਕ ਦਾ ਸੁਆਗਤ ਕਰਨਾ ਬਣਦਾ ਹੈ।

-----✪✪-----

# ਮਾਂਹਵਾਰੀ ਨਾਲ ਜੁੜੇ ਅੰਧ ਵਿਸ਼ਵਾਸ

ਭਾਰਤੀ ਮਨੀਸ਼ੀਆਂ ਨੇ ਸਰੀਰ ਨੂੰ ਚਾਰਾ ਪੜ੍ਹਾਵਾਂ 'ਚ ਵੰਡਿਆ ਹੈ। ਬਚਪਨ, ਜਵਾਨੀ, ਅੱਧਖੜ੍ਹਾ ਤੇ ਬਿਧ ਅਵਸਥਾ। ਔਰਤ ਜੀਵਨ ਨੂੰ ਵੀ ਕੰਨਿਆ, ਬਾਲਾ, ਮੁਟਿਆਰ ਤੇ ਬਜ਼ੁਰਗ ਔਰਤ। ਡਾਕਟਰੀ ਇਲਾਜ ਦੀ ਦ੍ਰਿਸ਼ਟੀ ਤੋਂ ਔਰਤ ਨੂੰ ਜਵਾਨੀ ਅਵਸਥਾ ਉਸ ਦੇ ਮਾਂਹਵਾਰੀ ਸਮੇਂ ਮੰਨੀ ਜਾਂਦੀ ਹੈ। ਮਨੋਵਿਗਿਆਨਕਾਂ ਨੇ ਇਸ ਨੂੰ ਪਿਊਵਰਟੀ (ਭਾਵ ਉਹ ਕੰਨਿਆ ਜੋ ਮੁਟਿਆਰ ਹੋ ਗਈ) ਅਤੇ ਏਡੋਲੇਸੇਂਸ (ਉਹ ਕੰਨਿਆ ਜੋ ਨੌਜਵਾਨ ਹੋ ਗਈ) 'ਚ ਵੰਡ ਕਰਕੇ ਪਹਿਲੀ ਅਵਸਥਾ ਨੂੰ 10 ਤੋਂ 13 ਸਾਲਾਂ ਤੱਕ ਅਤੇ ਦੂਜੀ ਅਵਸਥਾ ਨੂੰ 14 ਤੋਂ 19 ਸਾਲਾਂ ਤੱਕ ਦੀ ਉਮਰ ਵਿਚ ਰੱਖਿਆ ਗਿਆ ਹੈ। ਮਾਂਹਵਾਰੀ ਕੀ ਹੈ? ਇਸ ਨੂੰ ਸਮਝਣਾ ਪਹਿਲਾਂ ਜ਼ਰੂਰੀ ਹੈ। ਜਵਾਨੀ ਜੀਵਨ ਦਾ ਬਸੰਤ ਕਾਲ ਮੰਨਿਆ ਜਾਂਦਾ ਹੈ। ਜਵਾਨੀ ਨੂੰ ਜਵਾਨੀ ਗ੍ਰੰਥੀਆਂ ਦੀ ਪਰਪੱਕ ਅਵਸਥਾ ਕਿਹਾ ਜਾਂਦਾ ਹੈ। ਬਾਲਗ ਅਵਸਥਾ ਹੋਣ ਤੱਕ ਯੋਨ ਗ੍ਰੰਥੀਆਂ ਦੀ ਸਰਗਰਮੀ ਬਣੀ ਰਹਿੰਦੀ ਹੈ। ਇਸ ਦੇ ਗੈਰ ਸਰਗਰਮ ਹੋ ਜਾਣ 'ਤੇ ਬੁਢਾਪਾ ਆ ਜਾਂਦਾ ਹੈ। ਔਰਤ ਦੇ ਯੌਨ ਅੰਗਾਂ ਤੋਂ ਕਈ ਪ੍ਰਕਾਰ ਦੇ ਰਸਾਅ ਨਿਕਲਦੇ ਹਨ, ਜਿਨ੍ਹਾਂ ਵਿਚ ਬਹੁਤ ਸਾਰੇ ਹਾਰਮੋਨ ਹੁੰਦੇ ਹਨ। ਇਨ੍ਹਾਂ ਹਾਰਮੋਨਾਂ ਕਾਰਨ ਹੀ ਔਰਤ ਦੇ ਸੈਕਸ ਅੰਗਾਂ ਰਿਸ਼ਟ ਪੁਸਟ ਤੇ ਸਰੀਰ ਮਹਿਕਦਾ ਹੋ ਜਾਂਦਾ ਹੈ। ਪੇਂਡੂ 'ਚ ਉਭਾਰ ਵੀ ਇਨ੍ਹਾਂ ਹਾਰਮੋਨਾਂ ਰਾਹੀਂ ਹੁੰਦਾ ਹੈ। ਇਸ ਦੇ ਨਾਲ ਹੀ ਡਿੰਬ ਗ੍ਰੰਥੀਆਂ, ਥਾਇਰਾਇਡ, ਏਡੀਨਲ ਅਤੇ ਪਿਚਯੂਟਰੀ ਗ੍ਰੰਥੀਆਂ ਦੇ ਵੱਖ ਵੱਖ ਹਾਰਮੋਨ ਦੀ ਅੰਤਪ੍ਰਕ੍ਰਿਆ ਦੇ ਸਿੱਟੇ ਵਜੋਂ ਔਰਤ ਦੀ ਯੋਨੀ, ਬੱਚੇਦਾਨੀ ਤੇ ਦੁਰਗੰਧ ਗ੍ਰੰਥੀਆਂ ਭਾਵੀ ਮਾਤਰਿਤਵ ਲਈ ਤਿਆਰ ਰਹਿੰਦੀ ਹੈ। ਲੜਕੀ ਦੇ ਨੌਜਵਾਨ ਅਵਸਥਾ 'ਚ ਦਾਖਲ ਹੁੰਦਿਆਂ ਹੀ ਕੁਝ ਦਿਨਾਂ ਬਾਅਦ ਹੀ ਉਸਦੀਆਂ ਡਿੰਬ ਗ੍ਰੰਥੀਆਂ ਸਰਗਰਮ ਹੋ ਕੇ ਡਿੰਬਾਂ ਨੂੰ ਪਰਪੱਕ ਕਰਨ ਲੱਗਦੀਆਂ ਹਨ। ਔਰਤ ਦੀਆਂ ਡਿੰਬ ਗ੍ਰੰਥੀਆਂ ਜਦ ਕੋਈ ਡਿੰਬ ਪੱਕ ਜਾਂਦਾ ਹੈ ਤਾਂ ਉਹ ਆਪਣੇ ਕੋਸ਼ (ਫੇਲੋਇਕ) ਤੋਂ ਬਾਹਰ ਨਿਕਲ ਜਾਂਦਾ ਹੈ।

ਇਸ ਅਮਲ ਨੂੰ ਡਿੰਬ ਨਿਕਲਣਾ (Ovulation) ਕਹਿੰਦੇ ਹਨ। ਡਿੰਬ ਬਾਹਰ ਨਿਕਲਣ ਦੇ ਕਰੀਬ 48 ਘੰਟਿਆਂ ਅੰਦਰ ਜੇ ਉਸ ਔਰਤ ਦੇ ਨਾਲ ਮਰਦ ਦਾ ਸੈਕਸ ਸਬੰਧ ਬਣ ਜਾਂਦਾ ਹੈ ਤਾਂ ਮਰਦ ਦਾ ਸ਼ਕਰਾਣੂ ਔਰਤ ਦੇ ਡਿੰਬ ਨਾਲ ਮਿਲਕੇ ਗਰਭ ਦੀ ਸਥਾਪਨਾ ਕਰਦਾ ਹੈ। ਡਿੰਬ ਨਲਿਕਾ 'ਚ ਪਏ ਡਿੰਬ ਦੇ ਨਾਲ ਜੇ ਸ਼ਕਰਾਣੂ ਦਾ ਮੇਲ ਨਹੀਂ ਹੁੰਦਾ ਤਾਂ ਡਿੰਬ ਦੀ ਮੌਤ ਹੋ ਜਾਂਦੀ ਹੈ। ਡਿੰਬ ਗ੍ਰੰਥੀ ਦਾ ਡਿੰਬਕੋਸ਼ ਤੇ ਬੱਚੇਦਾਨੀ ਦੀ ਦੀਵਾਰ ਦੀ ਝਿੱਲੀ (Endo-metrium) ਦੀ ਭਾਵੀ ਗਰਭ ਪੋਸ਼ਣ ਦੀ ਸਾਰੀ ਤਿਆਰੀ ਵਿਅਰਥ ਹੋ ਜਾਂਦੀ ਹੈ। ਜਿਸ ਕਾਰਨ ਉਹ ਨਸ਼ਟ ਹੋ ਕੇ ਯੋਨ ਮਾਰਗ ਤੋਂ ਬਾਹਰ ਨਿਕਲਣ ਲੱਗਦੇ ਹਨ। ਇਸੇ ਅਮਲ ਨੂੰ ਮਾਂਹਵਾਰੀ ਜਾਂ ਮਾਸਕ ਧਰਮ ਕਹਿੰਦੇ ਹਨ। ਮਾਂਹਵਾਰੀ ਦੌਰਾਨ ਯੋਨੀਮਾਰਸ ਤੋਂ ਨਿਕਲਣ ਵਾਲਾ ਲਾਲ ਤਰਲ ਖ਼ੂਨ ਨਹੀਂ ਹੁੰਦਾ। ਇਹ ਤਰਲ ਪਾਣੀ ਵਰਗਾ ਨਾ ਹੋ ਕੇ ਥੋੜਾ ਗਾੜ੍ਹਾ, ਸ਼ਲੈਸਿਮਕ ਝਿੱਲੀ ਮਿਲਿਆ ਅਤੇ ਇਕ ਵਿਸ਼ੇਸ਼ ਬੋ ਵਾਲਾ ਹੁੰਦਾ ਹੈ। ਇਸ ਸੰਪੂਰਨ ਤਰਲ ਨੂੰ ਰਜ ਕਿਹਾ ਜਾਂਦਾ ਹੈ। ਇਸ ਦੇ ਨਿਕਲਣ ਸਮੇਂ ਯੌਨੀ ਵਿਚ ਉਤੇਜਨਾ ਦਾ ਅਨੁਭਵ ਹੁੰਦਾ ਹੈ, ਪਰ ਇਹ

ਸਥਿਤੀ ਸਭ ਔਰਤਾਂ 'ਚ ਇਕੋ ਜਿਹੀ ਨਹੀਂ ਹੁੰਦੀ। ਰਜ ਤਿੰਨ ਤੋਂ ਪੰਜ ਦਿਨ ਤੱਕ ਹੁੰਦੀ ਹੈ। ਯੌਨੀ ਮਾਰਗ ਦਾ ਰੰਗ ਹਲਕਾ ਨੀਲਾ ਪੈ ਜਾਂਦਾ ਹੈ। ਸਰੀਰ ਵਿੱਚ ਐਸਡਿਟੀ, ਸੁਸਤੀ ਦੇ ਨਾਲ ਪੇਟ ਤੇ ਕਮਰ ਦਰਦ ਹੁੰਦੀ ਹੈ, ਪਰ ਇਹ ਸਥਿਤੀ ਸਾਰੀਆਂ ਔਰਤਾਂ 'ਚ ਇਕੋ ਜਿਹੀ ਨਹੀਂ ਹੁੰਦੀ ਮਾਂਹਵਾਰੀ ਦੇ ਪਹਿਲੇ ਦਿਨ ਰਸਾਅ ਵੱਧ ਮਾਤਰਾ 'ਚ ਨਿਕਲਦਾ ਹੈ ਫਿਰ ਹੌਲੀ ਹੌਲੀ ਘੱਟ ਹੁੰਦਾ ਜਾਂਦਾ ਹੈ। ਪ੍ਰੀਪੱਕ ਡਿੰਬ ਡਿੰਬ ਨਲਿਕਾ 'ਚ ਆਪਣੇ ਪ੍ਰੀਤਮ (ਸ਼ਕਰਾਣੂ) ਦਾ ਇੰਤਜਾਰ ਕਰਦਾ ਹੈ। 48 ਘੰਟੇ ਤੱਕ ਬੱਚੇਦਾਨੀ ਰੁਦਨ ਕਰਦੀ ਹੈ। ਜਦ ਮਿਲਣ ਦੀ ਘੜੀ ਖ਼ਤਮ ਹੋ ਜਾਂਦੀ ਹੈ ਤਾਂ ਨਿਰਾਸ਼ ਹੋ ਕੇ ਬੱਚੇਦਾਨੀ ਦੀ ਬਾਹਰ ਕੱਢੀ ਝਿੱਲੀ ਦੀ ਨਾਲ ਯੌਨੀ ਦੀਵਾਰ ਤੋਂ ਬਾਹਰ ਨਿਕਲ ਜਾਂਦੀ ਹੈ। ਸਪੱਸ਼ਟ ਤੌਰ 'ਤੇ ਕਹੀਏ ਤਾਂ ਇਹ ਗਰਭ ਨਾ ਧਾਰਣ ਕਰ ਸਕਣ ਦੀ ਵਿਥਿਆ ਹੈ ਜੋ ਤਰਲ ਦੇ ਰੂਪ 'ਚ ਅੰਡਾਪੁਣਾ ਵਜੋਂ ਬਾਹਰ ਨਿਕਲ ਜਾਂਦਾ ਹੈ। ਰੂੜੀਵਾਦੀਆਂ ਦੀ ਮੰਨੀਏ ਤਾਂ ਹਰ ਔਰਤ ਦੀ ਜ਼ਿੰਦਗੀ ਦੇ ਇਹ ਕੁਝ (ਜਦੋਂ ਉਸ ਨੂੰ ਮਾਂਹਵਾਰੀ ਆ ਰਹੀ ਹੁੰਦੀ ਹੈ) 'ਅਸ਼ੁੱਧਤਾ' ਹੁੰਦੇ ਹਨ ਅਤੇ ਹੈਰਾਨ ਦੀ ਗੱਲ ਇਹ ਹੈ ਕਿ ਅਣਵਿਆਹੀ ਮੁਟਿਆਰਾਂ ਦੀ ਮਾਵਾਂ ਹਰ ਮਹੀਨੇ ਆਪਣੀ ਬੇਟੀ ਦੇ 'ਅਸ਼ੁੱਧ' ਹੋਣ 'ਤੇ ਸਕੂਨ ਦੀ ਸਾਹ ਲੈਂਦੀਆਂ ਹਨ। ਇਹ ਚੱਕਰ ਕਈ ਵਾਰੀ ਆਪਣੀ ਅਨਿਸ਼ਚਤਾ ਕਾਰਨ ਸਤਾਉਂਦਾ ਹੈ ਤਾਂ ਕਈ ਵਾਰ ਵੱਧ ਰਸਾਅ ਵੀ ਪ੍ਰੇਸ਼ਾਨ ਕਰ ਜਾਂਦਾ ਹੈ। ਯੌਨੀ ਡਾਕਟਰਾਂ ਦੀ ਧਾਰਨਾ ਇਹ ਹੈ ਕਿ ਦੋ ਮਾਂਹਵਾਰੀਆਂ ਵਿਚਕਾਰ 21 ਦਿਨ ਤੋਂ ਲੈ ਕੇ 35 ਦਿਨਾਂ ਦਾ ਅੰਤਰ ਪਾਇਆ ਜਾਂਦਾ ਹੈ।

ਮਾਸਿਕ ਧਰਨ ਅਰਥਾਤ ਮਾਂਹਵਾਰੀ ਦਾ ਕੰਟਰੋਲ ਈਸਟ੍ਰੋਜਨ ਤੇ ਪ੍ਰੋਜੈਸਟ੍ਰੋਨ ਹਾਰਮੋਨ ਰਾਹੀਂ ਹੁੰਦਾ ਹੈ। ਜਦ ਕਿ ਇਨ੍ਹਾਂ ਦੋਹਾਂ ਹਾਰਮੋਨਾਂ 'ਤੇ ਕੰਟਰੋਲ ਪਿਚਊਟਰੀ ਵੱਲੋਂ ਪੈਦਾ ਗੌਨੈਡੋਟ੍ਰੋਫਿਕ ਹਾਰਮੋਨ ਵੱਲੋਂ ਹੁੰਦਾ ਹੈ। ਵਿਗਿਆਨਕਾਂ ਨੇ ਰਜੋਦਰਸ਼ਨ (ਮਾਂਹਵਾਰੀ) ਚੱਕਰ 'ਤੇ ਖੋਜ ਕੀਤੀ ਤਾਂ ਇਹ ਸਿੱਟਾ ਸਾਹਮਣੇ ਆਇਆ ਕਿ 90 ਫੀਸਦੀ ਔਰਤਾਂ ਦੀ ਮਾਂਹਵਾਰੀ ਚੱਕਰ 28 ਦਿਨ ਦਾ ਹੁੰਦਾ ਹੈ ਯਾਨੀ ਉਨ੍ਹਾਂ ਨੂੰ ਪਹਿਲੀ ਮਾਂਹਵਾਰੀ ਦੇ ਬੰਦ ਹੋਣ ਦੇ 28 ਦਿਨ ਪਿੱਛੋਂ ਦੂਜੀ ਮਾਂਹਵਾਰੀ ਦੀ ਤਰੀਕ ਸ਼ੁਰੂ ਹੁੰਦੀ ਹੈ। ਕੁੱਝ ਔਰਤਾਂ 'ਚ 30 ਦਿਨ, 32 ਦਿਨ ਜਾਂ 35 ਦਿਨ ਦਾ ਵੀ ਰਿਤੂ ਚੱਕਰ ਵੇਖਿਆ ਗਿਆ ਹੈ। ਦਰਅਸਲ ਇਹ ਔਰਤ ਸਰੀਰ ਦੇ ਸੁਭਾਅ ਅਰਥਾਤ ਉਨ੍ਹਾਂ ਦੇ ਹਾਰਮੋਨਜ਼ ਦੇ ਕਿਰਦਾਰ 'ਤੇ ਨਿਰਭਰ ਕਰਦਾ ਹੈ। ਪਰ ਮਾਂਹਵਾਰੀ 'ਚ ਅਧਿਯਮਤਾ ਸਰੀਰ ਸੁਭਾਅ ਤੇ ਅਧਾਰਿਤ ਨਹੀਂ ਹੈ। ਇਹ ਕਿਸੇ ਸਰੀਰਕ ਦੋਸ਼ ਦਾ ਲੱਛਣ ਹੈ। ਇਸ ਕਾਰਨ ਕਿਸੇ ਔਰਤ ਰੋਗਾਂ ਦੇ ਮਾਹਰ ਤੋਂ ਇਸ ਪ੍ਰਸੰਗ ਵਿਚ ਜਾਂਚ ਕਰ ਲੈਣੀ ਵੱਧ ਅੱਛੀ ਹੋਵੇਗੀ। ਜਵਾਨੀ ਚੜ੍ਹਦਿਆਂ ਸਰੀਰਕ ਤਬਦੀਲੀ ਦੇ ਨਾਲ ਹੀ ਮਨ 'ਚ ਵੀ ਕਈ ਕਲਪਨਾਵਾਂ ਉਮੜਣ ਲੱਗਦੀਆਂ ਹਨ। ਵਿਰੋਧੀ ਲਿੰਗ ਪ੍ਰਤੀ ਖਿੱਚ ਪੈਦਾ ਹੋਣ ਲੱਗਦੀ ਹੈ। ਪ੍ਰੇਮ ਦੀ ਕਾਮਨਾ ਔਰਤ ਤੇ ਮਰਦ ਦੋਨਾਂ 'ਚ ਹੁੰਦੀ ਹੈ ਪਰ ਔਰਤ ਨੂੰ ਇਸ ਦੀ ਜ਼ਰੂਰਤ ਵੱਧ ਹੁੰਦੀ ਹੈ। ਮਰਦ ਜਵਾਨ ਹੁੰਦੇ ਹੀ ਜੀਵਕਾ ਕਮਾਉਣ ਦੇ ਖੇਤਰ 'ਚ ਦਾਖਲਾ ਹੁੰਦਾ ਹੈ ਪਰ ਔਰਤ ਕੁਦਰਤੀ ਰੂਪ ਨਾਲ ਘਰ ਸੰਤਾਨ ਤੇ ਪਰਿਵਾਰ ਵੱਲ ਉਨਮੁੱਖ ਹੁੰਦੀ ਹੈ। ਨੈਸਰਗਿਕ ਰੂਪ 'ਚ ਉਹ ਮਾਂ ਹੁੰਦੀ ਹੈ ਤੇ ਮਾਂ ਬਨਣ ਲਈ ਉਸ ਨੂੰ ਮਰਦ ਦੀ ਲੋੜ ਹੁੰਦੀ ਹੈ। ਇਸ ਲਈ ਉਹ ਮਰਦ ਦੀ, ਉਸ ਦੇ ਪ੍ਰੇਮ ਦੀ ਕਾਮਨਾ ਕਰਦੀ ਹੈ। ਮਾਂਹਵਾਰੀ ਭਾਵ ਮਾਸਕ ਧਰਮ ਆਉਣ ਦੇ ਨਾਲ ਹੀ ਲੜਕੀ ਦੀ ਜ਼ਿੰਦਗੀ ਅਚਾਨਕ

ਬਦਲ ਜਾਂਦੀ ਹੈ ਇਸੇ ਕਾਰਨ ਹੀ ਲੜਕੀਆਂ ਆਪਣੀ ਪਹਿਲੀ ਮਾਂਹਵਾਰੀ ਨਹੀਂ ਭੁੱਲਦੀਆਂ। ਮਾਂਹਵਾਰੀ ਭਾਵ ਮਾਸਕ ਧਰਮ ਆਉਣ ਨਾਲ ਹੀ ਲੜਕੀ ਦੀ ਜ਼ਿੰਦਗੀ 'ਚ ਤਬਦੀਲੀ ਆ ਜਾਂਦੀ ਹੈ।

ਮਾਸਕ ਧਰਮ ਨਾਲ ਲੜਕੀ ਦਾ ਬਚਪਨ ਹਾਸ਼ੀਏ 'ਤੇ ਆ ਜਾਂਦਾ ਹੈ। ਮਾਸਕ ਧਰਮ ਦੌਰਾਨ ਔਰਤਾਂ ਨੂੰ ਅਸ਼ੁੱਧ ਕਹਿ ਕੇ ਮੰਦਰ ਜਾਣ ਦੀ ਮਨਾਹੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਅੱਜ ਵੀ ਗਾਹੇ ਵਿਗਾਹੇ ਔਰਤਾਂ ਮਾਸਕ ਧਰਮ ਦੀ ਚਰਚਾ ਔਰਤਪੁਣੇ ਦੇ ਪੂਰਣਤਾ ਵਜੋਂ ਘੱਟ ਜਦਕਿ ਪ੍ਰੇਸ਼ਾਨੀਆਂ ਦੇ ਪਟਾਰੇ ਵਜੋਂ ਵੱਧ ਕਰਦੀਆਂ ਹਨ। ਰੋਜ਼ਾਨਾ ਭੱਜ ਦੌੜ ਕਰਨ ਵਾਲੀਆਂ ਔਰਤਾਂ ਇਹਨੀ ਦਿਨੀਂ ਹੁਣ ਵੀ ਘਰ 'ਚ ਕਿਸੇ ਕੋਨੇ 'ਚ ਬੈਠੀਆਂ, ਇਕੱਲਪਣ ਝਲਦੀਆਂ ਰਹਿੰਦੀਆਂ ਹਨ। ਉਨ੍ਹਾਂ ਨਾਲ ਖਾਣ ਪੀਣ, ਪੂਜਾ ਘਰ 'ਚ ਦਾਖਲਾ, ਰਸੋਈ 'ਚ ਕੰਮ ਕਰਨ ਤੇ ਪਾਬੰਦੀ ਝਲਦੀਆਂ ਇਨ੍ਹਾਂ ਔਰਤਾਂ ਨੂੰ ਇਨ੍ਹੀਂ ਦਿਨੀਂ ਅਸ਼ੁੱਧ ਮੰਨਿਆ ਜਾਂਦਾ ਹੈ। ਕੀ ਸੱਚਮੁੱਚ ਮਾਂਹਵਾਰੀ ਦੌਰਾਨ ਔਰਤਾਂ ਅਸ਼ੁੱਧ ਹੋ ਜਾਂਦੀਆਂ ਹਨ, ਅਪਵਿੱਤਰ ਹੋ ਜਾਂਦੀਆਂ ਹਨ? ਪਰ ਇਸ ਦਾ ਜੁਆਬ ਅਯੁਰਵੇਦ 'ਚ ਲੱਭਣ ਦੀ ਕੋਸ਼ਿਸ਼ ਕਰੀਏ ਤਾਂ ਉਥੇ ਜ਼ਰੂਰ ਕਿਹਾ ਗਿਆ ਹੈ ਕਿ ਇਸ ਦੌਰਾਨ ਔਰਤਾਂ ਨੂੰ ਅੱਛੇ ਵਿਚਾਰ ਮਨ 'ਚ ਲਿਆਉਣੇ ਚਾਹੀਦੇ ਹਨ। 'ਨਰਮਘਾਹ' ਦੇ ਗੱਦਿਆਂ 'ਤੇ ਸੌਣਾ ਚਾਹੀਦਾ ਹੈ ਅਤੇ ਪੌਸ਼ਟਿਕ ਆਹਾਰ ਲੈਣਾ ਚਾਹੀਦਾ ਹੈ ਪਰ 'ਅਸ਼ੁੱਧ ਹੋਣ ਦੀ ਗੱਲ ਨਹੀਂ ਕਹੀ ਗਈ ਹੈ। ਅਤੇ ਨਾ ਹੀ ਉਨ੍ਹਾਂ ਦੇ ਪੂਜਾ ਪਾਠ ਕਰਨ, ਭੋਜਨ ਬਣਾਉਣ ਤੇ ਪਾਬੰਦੀ ਲਾਈ ਗਈ ਹੈ।

**ਭਾਰਤ 'ਚ ਮਾਂਹਵਾਰੀ ਨਾਲ ਜੁੜੇ ਅੰਧਵਿਸ਼ਵਾਸ:-**

ਉਂਜ ਤਾਂ ਭਾਰਤ ਜਿੰਨ੍ਹਾ ਵਿਸ਼ਾਲ ਤੇ ਵੱਖ ਵੱਖ ਰੀਤੀ ਰਿਵਾਜਾਂ ਅਤੇ ਸੰਸਕ੍ਰਿਤੀ ਨਾਲ ਭਰਿਆ ਦੇਸ਼ ਹੈ। ਇਥੇ ਉਨੇ ਹੀ ਅੰਧ ਵਿਸ਼ਵਾਸ ਅਜੇ ਵੀ ਆਪਣੀਆਂ ਜੜਾਂ ਫੈਲਾਈ ਬੈਠੇ ਹਨ। ਮਾਸਕ ਧਰਮ ਨਾਲ ਸਬੰਧਿਤ ਕੁਝ ਮੁੱਖ ਅੰਧ ਵਿਸ਼ਵਾਸ ਇਸ ਪ੍ਰਕਾਰ ਹਨ।

ਪੂਜਾ ਘਰ 'ਚ ਜਾਣਾ, ਕਰਨਾ ਤੇ ਧਾਰਮਿਕ ਗ੍ਰੰਥ ਛੂਹਨਾ ਮਨਾ ਹੈ।

ਆਚਾਰ-ਮੁਰੱਬੇ ਨੂੰ ਛੂਹਣਾ ਮਨਾ ਹੈ।

ਪੰਛੀਆਂ ਨੂੰ ਵੇਖਣ 'ਤੇ ਪਾਬੰਦੀ ਹੈ।

ਆਪਣਾ ਜੂਠਾ ਭੋਜਨ ਕੁੱਤੇ ਨੂੰ ਨਹੀਂ ਖਵਾਉਣਾ ਚਾਹੀਦਾ।

ਨਵਜਾਤ ਸਿਸੂ ਨੂੰ ਨਹੀਂ ਛੂਹਣਾ ਚਾਹੀਦਾ।

ਬਾਲ ਖੋਲ੍ਹ ਕੇ ਨਹੀਂ ਰੱਖਣੇ ਚਾਹੀਦੇ ਤੇ ਨਾ ਹੀ ਮਾਂਹਵਾਰੀ ਦੌਰਾਨ ਵਾਲ ਧੋਣੇ ਚਾਹੀਦੇ ਹਨ।

ਮਾਸਕ ਧਰਮ ਦੌਰਾਨ ਨਾ ਹੀ ਪੇੜ-ਪੌਦਿਆਂ ਨੂੰ ਛੂਹਣਾ ਚਾਹੀਦਾ ਹੈ ਤੇ ਨਾ ਹੀ ਪਾਣੀ ਪਾਉਣਾ ਚਾਹੀਦਾ ਹੈ।

**ਵਿਦੇਸ਼ਾਂ 'ਚ ਅੰਧ ਵਿਸ਼ਵਾਸ:-**

ਮਾਸਕ ਧਰਮ ਸਬੰਧੀ ਅੰਧਵਿਸ਼ਵਾਸ ਦੀਆਂ ਜੜ੍ਹਾਂ ਨਾ ਸਿਰਫ਼ ਭਾਰਤ ਵਿਚ ਹੀ ਹਨ, ਬਲਕਿ ਵਿਦੇਸ਼ਾਂ ਵਿਚ ਵੀ ਇਸ ਸਬੰਧੀ ਕਈ ਅੰਧ ਮਾਨਤਾਵਾਂ ਹਨ:

ਯਹੂਦੀ ਧਰਮ 'ਚ ਲੜਕੀ ਨੂੰ ਜਿਉਂ ਹੀ ਮਾਂਹਵਾਰੀ ਸ਼ੁਰੂ ਹੁੰਦੀ ਹੈ, ਉਸ ਦੀ ਗਲ 'ਤੇ ਧੱਪੜ ਮਾਰਿਆ ਜਾਂਦਾ ਹੈ ਤਾਂ ਉਸ ਅੰਦਰ ਦੁਸਣ ਆਤਮਾਵਾਂ ਦਾ ਪ੍ਰਵੇਸ਼ ਨਾ ਹੋ ਸਕੇ।

ਸਾਊਥ ਅਫਰੀਕਾ 'ਚ ਮਾਸਕ ਧਰਮ ਦੌਰਾਨ ਔਰਤ ਨੂੰ ਨੰਗਾ ਕਰਕੇ ਇਕ ਕਮਰੇ 'ਚ ਫਰਸ਼ 'ਤੇ ਲਿਟਾ ਕੇ ਰੱਖਿਆ ਜਾਂਦਾ ਹੈ। ਉਨ੍ਹਾਂ ਦੀਆਂ ਮਾਨਤਾਵਾਂ ਅਪਵਿਹਾਰ ਵਰਗੀਆਂ ਹੁੰਦੀਆਂ ਹਨ। ਇਸ ਕਾਰਨ ਪਰਿਵਾਰ ਤੋਂ ਔਰਤ ਨੂੰ ਦੂਰ ਰੱਖਿਆ ਜਾਂਦਾ ਹੈ।

ਤੁਰਕੀ 'ਚ ਮੁਸਲਿਮ ਔਰਤਾਂ ਨੂੰ ਮਸਜ਼ਿਦ 'ਚ ਘੁਸਣ ਤੇ ਪਵਿੱਤਰ ਗ੍ਰੰਥ ਕੁਰਾਨ ਨੂੰ ਛੂਹਣ ਦੀ ਇਜਾਜ਼ਤ ਨਹੀਂ ਹੈ।

ਪੁਰਤਗਾਲ 'ਚ ਹਰ ਸਾਲ ਸਰਦੀਆਂ 'ਚ ਇਥੇ ਸੂਰ ਦਾ ਮਾਸ ਇਕੱਠਾ ਕਰਨ ਦੀ ਪ੍ਰਥਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਦੌਰਾਨ ਜੇ ਉਸ ਮੀਟ ਨੂੰ ਕਿਸੇ ਵੀ ਮਾਸਕ ਧਰਮ ਵਾਲੀ ਔਰਤ ਨੇ ਵੇਖ ਲਿਆ ਤਾਂ ਸੜ ਜਾਵੇਗਾ।

ਹਾਲੈਂਡ ਵਿਚ ਸਕਾਰਤਮਕ ਅੰਧਵਿਸ਼ਵਾਸ ਹੈ। ਇਥੇ ਇਹ ਮੰਨਿਆ ਜਾਂਦਾ ਹੈ ਕਿ ਜੇ ਕੋਈ ਔਰਤ ਮਾਂਹਵਾਰੀ ਦੌਰਾਨ ਗੋਭੀ ਦੇ ਖੇਤ 'ਚ ਚੱਲੀ ਜਾਵੇ ਤਾਂ ਫਸਲ 'ਚ ਕੀੜੇ ਨਹੀਂ ਲੱਗਣਗੇ।

ਵਿਰੋਧ ਦੇ ਸਵਰ - ਹਾਲਾਂਕਿ ਸਮੇਂ ਦੇ ਨਾਲ-ਨਾਲ ਮਾਨਤਾਵਾਂ ਬਦਲ ਰਹੀਆਂ ਹਨ ਫਿਰ ਵੀ ਮਾਸਕ ਧਰਮ ਨਾਲ ਜੁੜੀਆਂ ਪਾਬੰਦੀਆਂ ਨਾਲ 'ਧਰਮ' ਦਾ ਜੜਾਅ ਸ਼ਾਇਦ ਔਰਤਾਂ ਨੂੰ ਵਿਰੋਧ ਕਰਨ ਤੋਂ ਰੋਕਦਾ ਹੈ। ਮਾਸਕ ਧਰਮ ਕੋਈ ਛੂਤਛਾਤ ਜਾਂ ਇਨਫੈਕਸ਼ਨ ਵਾਲਾ ਰੋਗ ਨਹੀਂ ਹੈ ਕਿ ਭੋਜਨ ਬਣਾਉਣ ਨਾਲ ਕੀਟਾਣੂ ਉਸ ਵਿਚ ਚਲਾ ਜਾਵੇਗਾ ਫਿਰ ਅਸ਼ੁੱਧਤਾ ਤੇ ਅਪਵਿਤਰਤਾ ਕਿਸ ਤਰ੍ਹਾਂ ਹੋਈ? ਨਵੇਂ ਜ਼ਮਾਨੇ ਦੀਆਂ ਔਰਤਾਂ ਅੰਧਵਿਸ਼ਵਾਸ 'ਚੋਂ ਉਭਰ ਰਹੀਆਂ ਹਨ। ਫਿਰ ਵੀ ਅੱਜ ਦੀਆਂ ਪੜ੍ਹੀਆਂ ਲਿਖੀਆਂ ਔਰਤਾਂ ਵੱਡੀ ਗਿਣਤੀ 'ਚੋਂ ਅਜਿਹੀਆਂ ਹਨ ਜੋ ਮਾਸਕ ਧਰਮ ਨੂੰ ਸਹਿਜਤਾ ਨਾਲ ਨਹੀਂ ਲੈਂਦੀਆਂ। ਕਦੀ ਸ਼ਾਦੀ, ਕਦੀ ਪੂਜਾ, ਕਦੀ ਸਮਾਗਮ ਤਾਂ ਕਦੀ ਸਫ਼ਰ ਦੇ ਬਹਾਨੇ ਉਹ ਡਾਕਟਰ ਪਾਸ ਪੀਰੀਅਰ ਦੀ ਤਰੀਕ ਤਬਦੀਲ ਕਰਨ ਦੀਆਂ ਗੋਲੀਆਂ ਲੈਣ ਪਹੁੰਚ ਜਾਂਦੀਆਂ ਹਨ। ਜਦਕਿ ਡਾ. ਉਨ੍ਹਾਂ ਨੂੰ ਸਮਝਾਉਂਦੀ ਹੈ ਕਿ ਇਹ ਇਕ ਕੁਦਰਤੀ ਚੱਕਰ ਹੈ, ਜਿਸ ਨੂੰ ਛੱਡਣ ਨਾਲ ਪ੍ਰਜਨਨ ਸਮਰੱਥਾ ਤੇ ਅਸਰ ਪੈਣ ਦੇ ਨਾਲ ਹੀ ਸਿਹਤ ਵੀ ਪ੍ਰਭਾਵਿਤ ਹੁੰਦੀ ਹੈ।

ਅਜਿਹਾ ਲੱਗਦਾ ਹੈ ਕਿ ਸਾਡਾ ਪੜ੍ਹਿਆ ਲਿਖਿਆ ਸਮਾਜ ਹੁਣ ਵੀ ਸ਼ਸੋਪੰਜ 'ਚ ਹੈ ਕਿ ਮਾਂਹਵਾਰੀ ਇਕ ਲੜਕੀ ਲਈ ਘੁਟਨ ਦਾ ਵਿਸ਼ਾ ਹੈ ਜਾਂ ਗਰਭ ਦਾ। ਜਦ ਗਰਭਧਾਰਨ ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਤਾਂ ਪ੍ਰਜਨਨ ਕਾਲ ਦੇ ਸ਼ੁਰੂ ਹੁੰਦਿਆਂ ਹੀ ਬੰਦਸ਼ ਦਾ ਕੀ ਮਤਲਬ? ਦਕਿਆਨੂਸੀ ਪਾਬੰਦੀਆਂ ਅਤੇ ਆਪਣੀ ਮਨੋਗ੍ਰੰਥੀ ਤੋਂ ਉਭਰਨ ਦੀ ਪਹਿਲ ਔਰਤ ਨੂੰ ਹੀ ਕਰਨੀ ਪੈਣੀ ਹੈ।

-----✪✪-----

# ਸੜਕਾਂ 'ਤੇ ਮਰਨ ਵਾਲੇ 50 ਫੀਸਦੀ ਪੈਦਲ ਯਾਤਰੀ

ਨੈਸ਼ਨਲ ਐਸੋਸੀਏਸ਼ਨ ਆਫ ਸਾਫਟਵੇਅਰ ਐਂਡ ਸਰਵਸਿਜ ਕੰਪਨੀਜ਼ (ਨੈਸਕਾਮ) ਦੇ ਪ੍ਰਧਾਨ ਕਿਰਨ ਕਾਰਣਿਕ ਨੂੰ ਦਿੱਲੀ 'ਚ ਯੂਸਫ ਸਰਾਏ 'ਤੇ ਪੈਦਲ ਸੜਕ ਪਾਰ ਕਰਨ 'ਚ ਬੇਹੱਦ ਦਿੱਕਤ ਪੇਸ਼ ਆਉਂਦੀ ਹੈ ਕਿਉਂਕਿ ਨਾ ਤਾਂ ਕਿਧਰੇ ਰੈਡ ਲਾਇਟ ਹੈ ਅਤੇ ਨਾ ਹੀ ਕਿਧਰੇ ਜੈਬਰਾ ਕ੍ਰਾਸ਼ਿੰਗ। ਕਾਰਣਿਕ ਦਾ ਕਹਿਣਾ ਹੈ "ਇਹ ਹਾਸ ਸਿਰਫ ਯੂਸਫ ਸਰਾਏ ਦਾ ਨਹੀਂ, ਪੂਰੇ ਦੇਸ਼ ਵਿਚ ਹੈ। ਹਕੀਕਤ ਵੀ ਹੈ ਦੇਸ਼ 'ਚ ਇਕ ਵੀ ਕਨੂੰਨ ਐਸਾ ਨਹੀਂ ਹੈ ਜੋ ਪੈਦਲ ਯਾਤਰੀਆਂ ਦੇ ਰੱਖਿਆ ਅਧਿਕਾਰ ਦੀ ਗੱਲ ਕਰਦਾ ਹੋਵੇ। ਜਦ ਥੋੜ੍ਹਾ ਠਹਿਰ ਵਿਸ਼ਵ ਸਿਹਤ ਸੰਗਠਨ (WHO) ਦੀ ਸੜਕ ਹਾਦਸਿਆਂ 'ਤੇ ਜਾਰੀ ਵਿਸ਼ਵੀ ਰਿਪੋਟ 'ਤੇ ਗੌਰ ਕਰੀਏ। ਇਹ ਦੱਸਦੀ ਹੈ, ਸੜਕ ਹਾਦਸਿਆਂ ਦੀ ਕਤਾਰ ਵਿਚ ਭਾਰਤ ਅੱਵਲ ਹੈ। ਇਥੇ ਹਰ ਘੰਟੇ 'ਚ 13 ਲੋਕ ਸੜਕ ਹਾਦਸੇ 'ਚ ਮਾਰੇ ਜਾਂਦੇ ਹਨ। ਸੰਨ 2006 'ਚ ਭਾਰਤ 'ਚ ਇੱਕ ਲੱਖ 10 ਹਜ਼ਾਰ ਲੋਕ ਸੜਕਾਂ 'ਤੇ ਮਾਰੇ ਗਏ। ਇਨ੍ਹਾਂ ਵਿਚ 50 ਫੀਸਦੀ ਤੋਂ ਵੱਧ ਪੈਦਲ ਯਾਤਰੀ ਸਨ। ਸੰਨ 2006-07 ਦਰਮਿਆਨ 178 ਮੁਲਕਾਂ 'ਚ ਸਰਵੇ ਕਰਕੇ ਸੰਗਠਨ ਨੇ ਇਹ ਰੀਪੋਟ ਤਿਆਰ ਕੀਤੀ ਹੈ। ਭਾਰਤ ਦੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (NCRB) ਦੇ ਅੰਕੜਿਆਂ ਨੂੰ ਗਲੇ 'ਚ ਉਤਾਰ ਸਕੀਏ ਤਾਂ 2007 'ਚ ਦੇਸ਼ 'ਚ 1.14 ਲੱਖ ਲੋਕ ਸੜਕਾਂ 'ਤੇ ਮਾਰੇ ਗਏ। ਮਰਨ ਵਾਲਿਆਂ 'ਚ 50 ਫੀਸਦੀ ਪੈਦਲ ਯਾਤਰੀ ਸਨ। ਜਦਕਿ 20 ਤੋਂ 25 ਫੀਸਦੀ ਮੋਟਰ ਸਵਾਰ ਅਤੇ 10 ਤੋਂ 15 ਫੀਸਦੀ ਸਾਈਕਲ ਸਵਾਰ ਹਾਦਸੇ ਦੇ ਸ਼ਿਕਾਰ ਹੋਏ। ਪੈਦਲ ਮੁਸਾਫਰਾਂ ਦੀ ਬੇਵੱਸ ਹਾਲਤ 'ਤੇ ਦਿੱਲੀ ਸਥਿਤ ਗੈਰ ਸਰਕਾਰ ਸੰਗਠਨ 'ਇੰਸਟੀਚੂਟ ਫਾਰਰੋਡ ਟ੍ਰੈਫਿਕ ਐਜੂਕੇਸ਼ਨ' (IRTE) ਦੇ ਮੁਖੀ ਅਤੇ 'ਵਿਸ਼ਵੀ ਸੜਕ ਸੁਰੱਖਿਆ ਕਮਿਸ਼ਨ' ਦੇ ਭਾਰਤੀ ਮੈਂਬਰ ਰੋਹਿਤ ਬਾਲੂਜਾ ਦੀ ਟਿੱਪਣੀ ਹੈਰਾਨ ਕਰਨ ਵਾਲੀ ਹੈ। ਬਾਲੂਜਾ ਕਹਿੰਦੇ ਹਨ, 'ਮੋਟਰ ਵਾਹਨ ਕਨੂੰਨੀ 1988 ਅਤੇ ਸੋਧ ਨੂੰ ਪ੍ਰਸਤਾਵਿਤ ਮੋਟਰ ਵਾਹਨ ਬਿਲ-2009 ਸਿਰਫ ਮੋਟਰ ਗੱਡੀਆਂ ਤੱਕ ਸੀਮਤ ਹੈ। ਭਾਰਤੀ ਕਨੂੰਨ ਕਿਧਰੇ ਪੈਦਲ ਮੁਸਾਫਰ ਦੀ ਗੱਲ ਨਹੀਂ ਕਰਦਾ।'

ਬਾਲੂਜਾ ਜਾਣਕਾਰੀ ਦਿੰਦੇ ਹਨ 'ਪੈਦਲ ਮੁਸਾਫਰਾਂ ਦੇ ਪ੍ਰਸੰਗ 'ਚ ਰਾਜਧਾਨੀ ਦਿੱਲੀ 'ਚ ਵੀ ਸਿਰਫ ਦੋ ਹੀ ਨਿਯਮ ਹਨ: ਸੜਕ ਕੰਟਰੋਲ ਨਿਯਮਾਵਲੀ ਦਾ ਨਿਯਮ-11 ਜੋ ਬੇਕਾਬੂ ਪੈਦਲ ਮੁਸਾਫਰਾਂ ਨੂੰ ਭੀੜ ਮੰਨਦੇ ਹੋਇਆਂ ਕਾਬੂ ਕਰਨ ਦੀ ਗੱਲ ਕਰਦਾ ਹੈ ਅਤੇ ਇਸੇ ਨਿਯਮਾਵਲੀ ਦਾ ਨਿਯਮ-15, ਜਿਸ ਦੇ ਤਹਿਤ ਫੁੱਟ ਪਾਥਾਂ 'ਤੇ ਗੱਡੀਆਂ ਨਹੀਂ ਖੜ੍ਹੀਆਂ ਕੀਤੀਆਂ ਜਾ ਸਕਦੀਆਂ। ਇਸ ਜ਼ਿੰਮੇਵਾਰੀ ਨੂੰ ਸਾਲਾਂ ਤੋਂ ਪੁਲਸ ਅਤੇ ਨਿਗਮ ਪ੍ਰਸ਼ਾਸਨ ਇਕ ਦੂਜੇ ਦੇ ਪਾਲ 'ਚ ਸਰਕਾਉਂਦੇ ਆਏ ਹਨ। ਜ਼ਿਕਰਯੋਗ ਹੈ, ਕੇਂਦਰੀ ਪੋਡ, ਸੜਕ ਟਰਾਂਸਪੋਰਟ ਅਤੇ ਰਾਜਮਾਰਗ ਮੰਤਰਾਲੇ ਨੇ ਸਭ ਨੌ ਕਨੂੰਨ ਤੇ ਨਾਗਰਿਕ ਚਾਰਟਰ ਪੈਦਲ ਮੁਸਾਫਰਾਂ ਤੇ ਅਪਰਾਧਿਕ ਖਾਮੋਸ਼ੀ ਅਖਤਿਆਰ ਕਰੀ ਬੈਠੇ ਹਨ। ਰਾਜਾਂ ਦੇ ਟ੍ਰੈਫਿਕ ਕਨੂੰਨ ਵੀ ਖਾਮੋਸ਼ ਹਨ। ਹਾਲਤ ਇਹੀ ਰਹੇ ਤਾਂ (WHO) ਦੀ ਚੇਤਾਵਨੀ ਭਿਆਨਕ ਸਾਬਤ ਹੋ ਸਕਦੀ ਹੈ। ਰਿਪੋਟ ਕਹਿੰਦੀ ਹੈ 'ਸੰਨ 2030 ਤੱਕ ਸੜਕ ਹਾਦਸੇ ਪੰਜਵਾਂ ਸਭ ਤੋਂ ਵੱਡਾ ਇਸ ਦੀ ਤਸਦੀਕ ਕਰਦੇ ਹਨ। ਸਾਬਿਤ

ਹੋਣ ਜਾ ਰਹੇ ਹਨ। ਅੰਕੜੇ ਵੀ ਇਸ ਦੀ ਤਸਦੀਕ ਕਰਦੇ ਹਨ। ਸੰਨ 2006-07 ਦੇ ਦਰਮਿਆਨ ਭਾਰਤ ਵਿਚ ਸੜਕ ਹਾਦਸ਼ਿਆਂ ਵਿਚ 6.1 ਫੀਸਦੀ ਦੀ ਤੇਜ਼ੀ ਆਈ ਹੈ। ਸੁਆਲ ਹੈ ਕਿ ਕੀ ਸੜਕ ਹਾਦਸਿਆਂ ਦੀ ਸੂਚੀ 'ਚ ਅਵੱਲ ਭਾਰਤ ਥੋੜ੍ਹਾ ਹੇਠਾਂ ਸਰਕਨ ਨੂੰ ਤਿਆਰ ਹੈ। ਹਾਲਾਂਕਿ ਮੀਡੀਆ ਵਿਚ (WHO) ਦੀ ਰੀਪੋਟ ਸਬੰਧੀ ਖੂਬ ਸ਼ੋਰ ਮੱਚਿਆ, ਬਾਵਜੂਦ ਪੈਦਲ ਯਾਤਰੀਆਂ ਦੀ ਰਾਖੀ ਤੇ ਹੱਕ ਦੀ ਆਵਾਜ਼ ਅਣਸੁਣੀ ਰਹੀ। ਵਿਕਾਸ ਦਾ ਪ੍ਰਚਮ ਬੁਲੰਦ ਕਰਦਿਆਂ ਭਾਰਤ ਦੀ ਬਾਬਤ ਸੰਯੁਕਤ ਰਾਸ਼ਟਰ ਵਿਚ ਸੜਕ ਸੁਰੱਖਿਆ ਸਹਿਯੋਗ ਸਬੰਧੀ ਟਾਸਕ ਫੋਰਸ ਦੀ ਅਮਰੀਕੀ ਮੈਂਬਰ ਜੈਸਿਕਾ ਬਿਲਿੰਗ ਦੀ ਟਿੱਪਣੀ ਕਾਬਲੇਗੌਰ ਹੈ। ਦਰਅਸਲ ਪੱਛਮੀ ਦੇਸ਼ਾਂ ਵਿਚ ਪੈਦਲ ਮੁਸਾਫਰਾਂ ਦਾ ਜੋ ਸਨਮਾਨ ਹੈ ਉਹ ਭਾਰਤ ਜਾਂ ਦੂਜੇ ਏਸ਼ੀਆਈ ਦੇਸ਼ਾਂ (ਇਸ 'ਚ ਜਪਾਨ ਸਿੰਗਾਪੁਰ ਨਹੀਂ ਹਨ) 'ਚ ਨਹੀਂ ਹੈ। ਦੂਸਰੇ ਪੱਛਮੀ ਦੇਸ਼ਾਂ ਵਿਚ ਸੜਕਾਂ ਦੀ ਰੂਪ-ਰੇਖਾ ਤਹਿ ਕਰਦੇ ਵਕਤ ਪੈਦਲ ਯਾਤਰੀਆਂ ਨੂੰ ਸਭ ਤੋਂ ਪਹਿਲਾਂ ਧਿਆਨ 'ਚ ਰੱਖਿਆ ਜਾਂਦਾ ਹੈ ਜਦਕਿ ਭਾਰਤ ਵਿਚ ਐਸਾ ਨਹੀਂ ਹੈ।' ਦਿੱਲੀ ਦੇ ਭਾਰਤੀ ਤਕਨੀਕੀ ਇਸਟੀਚੂਟ 'ਚ ਆਈ. ਆਈ. ਟੀ. ਆਵਾਜਾਈ ਇਸਟੀਚੂਟ ਅਤੇ ਚੋਟ ਬਚਾਓ ਪ੍ਰੋਗਰਾਮ (TRIP) ਦੇ ਪ੍ਰੋਫੈਸਰ ਦਿਨੇਸ਼ ਮੋਹਨ ਦਾ ਸਾਫ ਕਹਿਣਾ ਹੈ 'ਇਸ ਦੇਸ਼ 'ਚ ਪੈਦਲ ਮੁਸਾਫਰਾਂ ਦੀ ਸੁਰੱਖਿਆ ਅਤੇ ਅਧਿਕਾਰ ਬਾਰੇ ਕੋਈ ਕਨੂੰਨ ਨਹੀਂ ਹੈ' ਕਿਉਂ? ਇਸ ਸਬੰਧੀ ਮੋਹਨ ਮੰਨਦੇ ਹਨ ਕਿ 'ਨੀਤੀ ਬਣਾਉਣ ਵਾਲੇ ਅਤੇ ਉਨ੍ਹਾਂ ਦੇ ਪਰਿਵਾਰ ਦੇ ਲੋਕ ਇਨਸਾਨ ਵਾਂਗੂੰ ਸੜਕਾਂ 'ਤੇ ਪੈਦਲ ਨਹੀਂ ਚਲਦੇ' ਕੀ ਕਦੀ ਪੈਦਲ ਮੁਸਾਫਰਾਂ ਦੇ ਹੱਕ ਬਾਬਤ ਕੋਸ਼ਿਸ਼ ਹੋਈ?

ਇਸ ਸਬੰਧੀ ਮੋਹਨ ਦਾ ਕਹਿਣਾ ਹੈ 'ਪਿਛਲੇ 25 ਸਾਲਾਂ ਤੋਂ ਸਰਕਾਰ ਨੂੰ ਸੁਝਾਅ ਦਿੱਤੇ ਜਾ ਰਹੇ ਹਨ ਪਰ ਸੰਸਦ 'ਚ ਕਦੀ ਪੈਦਲ ਮੁਸਾਫਰਾਂ ਦਾ ਮੁੱਦਾ ਨਹੀਂ ਉਠਿਆ ਸਹਿਰ ਤਾਂ ਵੱਧ ਫੁੱਲ ਰਹੇ ਹਨ, ਫਲਾਈਓਵਰ, ਸੜਕਾਂ ਬਣ ਰਹੀਆਂ ਹਨ ਪਰ ਫੁੱਟਪਾਥਾਂ ਨੂੰ ਤੋੜ ਕੇ। ਦਿੱਲੀ ਦੇ ਯੂਸਫ ਸਰਾਏ ਇਲਾਕੇ ਵਿਚ ਸੜਕ ਪਾਰ ਕਰਨ ਲਈ ਜੈਬਰਾ ਕਰਾਸਿੰਗ ਨਹੀਂ ਹੈ। 50-60 ਦੀ ਰਫ਼ਤਾਰ ਨਾਲ ਲੰਘਦੀਆਂ ਗੱਡੀਆਂ ਵਿਚਕਾਰ ਜਾਨ ਹਥੇਲੀ 'ਤੇ ਰੱਖ ਕੇ ਸੜਕ ਪਾਰ ਕਰਨੀ ਪੈਂਦੀ ਹੈ, ਦੇਖੋ ਜਾ ਕੇ ਸਿੰਗਾਪੁਰ, ਲੰਦਨ ਜਾਂ ਦੂਜੇ ਕਿਸੇ ਸ਼ਹਿਰ ਵਿਚ ਪੈਦਲ ਯਾਤਰੀਆਂ ਦਾ ਪਹਿਲਾਂ ਹੱਕ ਹੈ ਸੜਕਾਂ ਤੇ। ਪੂਰੇ ਘਟਨਾਕ੍ਰਮ ਤੇ ਗਹਿਰਾਈ ਨਾਲ ਗੌਰ ਕਰੀਏ ਤਾਂ ਮਾਮਲਾ ਸੜਕ ਦੀ ਡਿਜਾਇਨਿੰਗ 'ਚ ਛੁਪਿਆ ਹੋਇਆ ਹੈ। ਭਾਰਤ 'ਚ ਸੜਕਾਂ ਦੀ ਉਸਾਰੀ ਦੀ ਰੂਪ-ਰੇਖਾ ਭਾਰਤੀ ਰੋਡ ਕਾਂਗਰਸ (IRC) ਕਰਦੀ ਹੈ। ਇਸ ਸਬੰਧੀ ਦਿਨੇਸ਼ ਮੋਹਨ ਅਨੁਸਾਰ 'ਦਰਅਸਲ ਆਈ. ਆਰ. ਸੀ. ਦੇ ਤਹਿ ਪੈਮਾਨਿਆਂ ਤਹਿਤ ਸੜਕਾਂ 'ਤੇ ਪੁਟਪਾਥਾਂ ਦਾ ਨਿਰਦੇਸ਼ ਹੈ ਪਰ ਇਹ ਨਿਰਦੇਸ਼ ਲਾਜ਼ਮੀ ਨਹੀਂ ਹੈ। ਲਿਹਾਜਾ ਕੇਂਦਰੀ ਲੋਕ ਨਿਰਮਾਣ ਵਿਭਾਗ (CPWD) ਇਸ ਨਿਰਦੇਸ਼ ਦੀ ਮਨਮਰਜ਼ੀ ਨਾਲ ਵਰਤੋਂ ਕਰਦਾ ਹੈ।' ਕੌਮਾਂਤਰੀ ਮਾਣਕਾ ਦੇ ਹਿਸਾਬ ਨਾਲ ਸੜਕਾਂ ਦੇ ਦੋਨੋਂ ਪਾਸੇ ਡੇਢ ਡੇਢ ਮੀਟਰ ਚੌੜੇ ਤੇ 15 ਸੈਂਟੀਮੀਟਰ ਉਚੇ ਫੁੱਟ ਪਾਥ ਹੋਣੇ ਚਾਹੀਦੇ ਹਨ। ਮੋਹਨ ਕਹਿੰਦੇ ਹਨ 'ਸੜਕਾਂ 'ਤੇ ਉਚੇ ਜਾ ਟੁੱਟੇ ਫੁੱਟਪਾਥਾਂ 'ਤੇ ਅਪਾਹਜਾਂ ਲਈ ਢਲਾਨ ਨਹੀਂ ਬਣਾਏ ਜਾ ਸਕਦੇ। ਜਦਕਿ ਆਈ. ਆਰ. ਸੀ. ਦੇ ਜਨਰਲ ਸਕੱਤਰ ਆਰਪੀ ਇੰਦੋਰਾ ਦਾ ਕਹਿਣਾ ਹੈ ਕਿ 'ਆਈ. ਆਰ. ਸੀ. ਇਕ ਪ੍ਰਮਾਰਥਦਾਤਰੀ ਸੰਸਥਾ ਹੈ ਅਤੇ ਅਸੀਂ ਕਨੂੰਨ ਨਹੀਂ ਬਣਾਉਂਦੇ।'

ਇਸ ਪ੍ਰਸੰਗ ’ਚ ਆਈ. ਆਰ. ਸੀ. ਤਿੰਨ ਚਾਰ ਮਹੀਨਿਆਂ ਅੰਦਰ ‘ਰੈਡ ਸੇਫਟੀਆਟ੍ਰਿਟ ਮੈਨੂਅਲ’ ਪ੍ਰਕਾਸ਼ਿਤ ਕਰਨ ਜਾ ਰਿਹਾ ਹੈ। ਜੋ ਸੜਕ ਜਾਂ ਕਿਸੇ ਵੀ ਤਰ੍ਹਾਂ ਨਾਲ ਵਰਤੋਂ ਕਰਨ ਵਾਲਿਆਂ ਨੂੰ ਮਸ਼ਵਰਾ ਦੇਵੇਗੀ। ਅਜਿਹੇ ’ਚ ਪ੍ਰੋ. ਦਿਨੇਸ਼ ਮੋਹਨ ਦਾ ਕਹਿਣਾ ਸੱਚ ਹੈ ‘ਇਸ ਦੇਸ਼ ’ਚ ਸੜਕਾਂ ’ਤੇ ਆਮ ਆਦਮੀ ਦੀ ਸੁਰੱਖਿਆ ਦਾ ਫਰਜ਼ ਆਈ. ਆਰ. ਸੀ. ’ਤੇ ਹੀ ਨਹੀਂ ਛੱਡਿਆ ਜਾਣਾ ਚਾਹੀਦਾ ਹੈ। ਇਸ ਲਈ ਨਾਗਰਿਕ ਸਮਾਜ ਅਤੇ ਜਨ ਪ੍ਰਤੀਨਿਧ ਪਹਿਲਕਰਨ’ ਆਈ. ਆਰ. ਸੀ. ਦੇ ਪੈਮਾਨਿਆਂ ਦਾ ਹਸ਼ਰਾ ਵੇਖਣਾ ਹੈ ਤਾਂ ਕਦੀ ਪਟਨਾ ਇੰਦੌਰ, ਭੁਪਾਲ, ਰਾਇਪੁਰ, ਕਾਨਪੁਰ, ਲਖਨਊ ਤੇ ਐਸੇ ਦੂਜੇ ਸ਼ਹਿਰਾਂ ਦੀਆਂ ਸੜਕਾਂ ਦੀ ਖੋਜ ਖ਼ਬਰ ਲਓ। ਉਥੋਂ ਦੀਆਂ ਸੜਕਾਂ ਹੀ ਨਾਦਾਰਦ ਹਨ ਤਾਂ ਫੁੱਟਪਾਥਾਂ ਨੂੰ ਕਿੱਥੋਂ ਲੱਭੋਗੇ। ਫੁੱਟਪਾਥਾਂ ਦੇ ਮਾਮਲੇ ’ਚ ਅਮੀਰ ਗਰੀਬ ਦਾ ਫਰਕ ਸਪੱਸ਼ਟ ਹੈ। ਦਿੱਲੀ ਦੀਆਂ ਗਰੀਬ ਬਸਤੀਆਂ ਫੁੱਟਪਾਥਾਂ ਦੀ ਦਿੱਲਤ ਦਾ ਸਭ ਤੋਂ ਵੱਧ ਸ਼ਿਕਾਰ ਹਨ। ਸੈਂਟਰ ਫਾਰ ਸਾਇੰਸ ਐਡ ਇਨ ਵਾਇਰਨਮੈਂਟ (CSE) ਵਲੋਂ ਦੇਸ਼ ਦੀ ਰਾਜਧਾਨੀ ’ਚ ਸੰਨ 2009 ’ਚ ਪੈਦਲ ਯਾਤਰੀਆਂ ਦੀ ਸੁਰੱਖਿਆ ਸਬੰਧੀ ਕਰਾਏ ਸਰਵੇ ਦੀ ਰੀਪੋਟ ਵੀ ਇਹੋ ਕਹਿੰਦੀ ਹੈ।

-----✪✪-----

# ਮਹਿੰਗਾਈ-ਜਨ ਜੀਵਨ ਲਈ ਵੱਡਾ ਖ਼ਤਰਾ ਕਿਵੇਂ?

ਅਨਾਜ ਤੇ ਹੋਰ ਜ਼ਰੂਰੀ ਵਸਤੂਆਂ ਦੀਆਂ ਆਕਾਸ਼ ਛੂੰਹਦੀਆਂ ਕੀਮਤਾਂ ਨੇ ਦੇਸ਼ ਵਿੱਚ ਸਾਬਕਾ ਸਥਿਤੀ ਬਣਾ ਦਿੱਤੀ ਹੈ। ਇਸ ਨੇ ਵਿਆਪਕ ਮੇਹਨਤਕਸ਼ ਆਵਾਮ ਦੀ ਰੋਟੀ ਰੋਜ਼ੀ ਖਤਰੇ 'ਚ ਪਾ ਦਿੱਤੀ ਹੈ ਅਤੇ ਉਹਨਾਂ ਦਾ ਜਿਉਂਦੇ ਰਹਿ ਸਕਣਾ ਮੁਸ਼ਕਲ ਕਰ ਦਿੱਤਾ ਹੈ। ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਦੇ ਪਹਿਲੇ ਪੰਜ ਸਾਲਾਂ ਦੇ ਰਾਜਭਾਗ 'ਚ ਵੀ ਅਨਾਜ਼ ਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧ ਕੇ ਲਗਭਗ ਦੁੱਗਣੀਆਂ ਹੋ ਗਈਆਂ ਸਨ। ਮਨਮੋਹਨ ਸਿੰਘ ਸਰਕਾਰ ਵੱਲੋਂ ਫਿਰ ਗੱਦੀ 'ਤੇ ਬੈਠਣ ਤੇ ਉਹਨਾਂ ਵੱਲੋਂ ਭਾਰਤੀ ਰਾਜਨੀਤੀ ਨੂੰ ਪਿਛਾਖੜੀ ਦਿਸ਼ਾ 'ਚ ਮੋੜਾ ਦੇਣ ਕਰਕੇ ਹਾਲਾਤ ਪਹਿਲਾਂ ਨਾਲੋਂ ਬਦਤਰ ਹੋ ਗਏ ਹਨ। ਮਹਿੰਗਾਈ ਨੂੰ ਬੇਲਗਾਮ ਵਧਾਉਣ ਵਾਲੀਆਂ ਇਹਨਾਂ ਨਵ-ਬਸਤੀਵਾਦੀ ਨੀਤੀਆਂ ਨੇ ਸੱਟੇਬਾਜ ਵਿੱਤੀ ਪੂੰਜੀ ਦੀ ਅਗਵਾਈ ਵਾਲੇ ਬਾਜ਼ਾਰ ਦੀਆਂ ਤਾਕਤਾਂ ਨੂੰ ਬਾਗੋ ਬਾਗ ਕਰ ਦਿੱਤਾ ਹੈ। ਭਾਰਤੀ ਜਨਤਾ ਲਈ ਮਹਿੰਗਾਈ ਸਭ ਤੋਂ ਵੱਡਾ ਖਤਰਾ ਬਣ ਗਿਆ ਹੈ। ਪਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਜਿਨ੍ਹਾਂ ਨੇ 1991 'ਚ ਸਾਮਰਾਜੀ ਕੇਂਦਰਾਂ ਰਾਹੀਂ ਭਾਰਤ ਦੇ ਵਿੱਤ ਮੰਤਰੀ ਵਜੋਂ ਜਬਰੀ ਠੋਸ ਦਿੱਤਾ ਗਿਆ ਸੀ ਕਹਿ ਰਹੇ ਹਨ ਕਿ ਦੇਸ਼ ਲਈ 'ਨਕਸਲਵਾਦ' ਮੁੱਖ ਖਤਰਾ ਹੈ। ਉਹਨਾਂ ਦੀ ਸੁਰ 'ਚ ਸੁਰ ਮਿਲਾਉਂਦਿਆਂ ਤੇ ਇਸ ਦੁਰਭਾਵਪੂਰਨ ਪ੍ਰਚਾਰ ਦੀ ਵਰਤੋਂ ਕਰਕੇ ਪੂਰੀ ਹਾਕਮ ਜਮਾਤ ਤੇ ਪੂੰਜੀਵਾਦੀ ਪ੍ਰਚਾਰ ਮਾਧਿਅਮ (ਮੀਡੀਆ) ਮਹਿੰਗਾਈ ਦੇ ਮੁੱਦੇ ਤੋਂ ਧਿਆਨ ਲਾਂਭੇ ਹਟਾਉਣ 'ਚ ਲੱਗਿਆ ਹੋਇਆ ਹੈ। ਪਹਿਲਾਂ ਕੀਮਤਾਂ ਉਸ ਸਮੇਂ ਵਧਦੀਆਂ ਸਨ ਜਦ ਜਾਂ ਤਾਂ ਵਸਤੂਆਂ ਦੀ ਸਪਲਾਈ ਘੱਟ ਹੁੰਦੀ ਸੀ ਜਾਂ ਉਹਨਾਂ ਦੀ ਮੰਗ ਅਚਾਨਕ ਵਧ ਜਾਇਆ ਕਰਦੀ ਸੀ। ਇਸ ਦੇ ਉਲਟ ਭਾਰਤ ਦੇ ਇਤਿਹਾਸ 'ਚ ਅਜਿਹਾ ਪਹਿਲੀ ਵਾਰੀ ਹੋ ਰਿਹਾ ਹੈ ਕਿ ਇਸ ਵਾਰੀ ਮਹਿੰਗਾਈ ਅਜਿਹੇ ਸਮੇਂ 'ਚ ਵਧ ਰਹੀ ਹੈ ਜਦ ਨਾ ਤਾਂ ਸਪਲਾਈ ਦੀ ਘਾਟ ਹੈ ਅਤੇ ਨਾ ਹੀ ਮੰਗ ਵਧੀ ਹੈ।

ਇਹ ਇਕ ਵਿਡੰਬਨਾ ਹੀ ਹੈ ਕਿ ਅਨਾਜ ਦੀਆਂ ਕੀਮਤਾਂ 'ਚ ਵਾਧਾ ਅਜਿਹੇ ਸਮੇਂ ਹੋਇਆ ਹੈ ਜਦ ਮਨਮੋਹਨ ਸਿੰਘ ਸਰਕਾਰ ਨੇ ਪਿਛਲੇ ਸਾਲ ਅੱਛੀ ਬਰਸਾਤ ਕਾਰਨ ਦੇਸ਼ 'ਚ ਅਨਾਜ਼ ਦੀ ਰਿਕਾਰਡ ਪੈਦਾਵਾਰ ਦਾ ਦਾਅਵਾ ਕੀਤਾ ਸੀ। ਕੇਂਦਰੀ ਖੇਤੀ ਵਿਭਾਗ ਨੇ ਸਾਲ 2007-08 'ਚ ਦੇਸ਼ ਦਾ ਕੁਝ ਅਨਾਜ ਪੈਦਾਵਾਰ 2273.2 ਲੱਖ ਟਨ ਹੋਣ ਦਾ ਅੰਦਾਜ਼ਾ ਲਾਇਆ ਸੀ ਜੋ ਇਸ ਤੋਂ ਪਹਿਲਾਂ ਦੇ ਸਾਲ ਦੇ ਮੁਕਾਬਲੇ 100 ਲੱਖ ਟਨ ਜ਼ਿਆਦਾ ਸੀ ਅੱਛੇ ਮੌਸਮ ਅਤੇ ਦੇਸ਼ ਭਰ 'ਚ ਅੱਛੀ ਬਰਸਾਤ ਕਾਰਨ ਉਸ ਸਾਲ ਕਣਕ, ਚੌਲ ਤੇ ਦਲਹਣ ਸਮੇਤ ਅਨਾਜ ਦੀਆਂ ਸਭ ਫਸਲਾਂ ਨੂੰ ਸਭ ਸਮੇਂ ਲਈ ਬਿਹਤਰ ਰਿਕਾਰਡ ਪੈਦਾਵਾਰ ਹੋਈ ਸੀ ਵੱਖ-ਵੱਖ ਫ਼ਸਲਾਂ ਲਈ ਹਾਸਲ ਅੰਕੜਿਆਂ 'ਚ ਵੀ ਪੈਦਾਵਾਰ 956.8 ਲੱਖ ਟਨ ਕਣਕ ਦੀ ਪੈਦਾਵਾਰ 767.8 ਲੱਖ ਟਨ ਮੋਟੇ ਅਨਾਜ ਦੀ ਪੈਦਾਵਾਰ 396.7 ਲੱਖ ਟਨ ਤਿਲਹਨ ਦੀ ਪੈਦਾਵਾਰ 262.1 ਲੱਖ ਟਨ ਅਤੇ ਸੋਆਬੀਨ ਦੀ ਪੈਦਾਵਾਰ 94.3 ਲੱਖ ਟਨ ਹੋਈ ਸੀ। ਜੋ ਆਪਣੇ ਆਪ 'ਚ ਇਕ ਰਿਕਾਰਡ ਸੀ। ਸਰਕਾਰੀ ਅਨੁਮਾਨ ਅਨੁਸਾਰ ਸਾਲ 2006-07 ਦੀ ਤੁਲਨਾ 'ਚ ਚਾਵਲ ਦੀ ਪੈਦਾਵਾਰ 'ਚ ਕਰੀਬ 20 ਲੱਖ ਟਨ ਕਣਕ ਦੀ ਪੈਦਾਵਾਰ 'ਚ 10

ਲੱਖ ਟਨ ਮੋਟੇ ਅਨਾਜ ਦੀ ਪੈਦਾਵਾਰ 'ਚ 60 ਲੱਖ ਟਨ ਦਲਹਣ ਪੈਦਾਵਾਰ 'ਚ 10 ਲੱਖ ਟਨ 'ਤੇ ਤਿਲਹਨ ਪੈਦਾਵਾਰ 'ਚ ਕਰੀਬ 40 ਲੱਖ ਟਨ ਦਾ ਵਾਧਾ ਹੋਇਆ ਸੀ। ਇਸ ਦੇ ਬਾਵਜੂਦ ਬਾਜ਼ਾਰ 'ਚ ਇਹਨਾਂ ਦੀਆਂ ਕੀਮਤਾਂ ਵਧੀਆਂ ਰਹੀਆਂ।

ਵਸਤੂਆਂ ਦੀ ਸੱਟੇਬਾਜੀ ਤੇ ਹਵਾਲਾ ਵਪਾਰ ਸਭ ਤੋਂ ਮਹੱਤਵਪੂਰਨ ਸੁਆਲ ਇਹ ਹੈ ਕਿ ਮੰਗ ਤੇ ਸਪਲਾਈ ਦੀਆਂ ਸਥਿਤੀਆਂ ਵਿੱਚ ਕੁਲ ਮਿਲਾ ਕੇ ਸਥਾਈਤਵ ਦੇ ਬਾਵਜੂਦ ਕੀਮਤਾਂ ਖਾਸ ਕਰਕੇ ਅਨਾਜ ਦੀਆਂ ਕੀਮਤਾਂ ਏਨੀ ਤੇਜ਼ੀ ਨਾਲ ਕਿਉਂ ਵਧਦੀਆਂ ਰਹੀਆਂ? ਮਨਮੋਹਨ ਸਰਕਾਰ ਵੱਲੋਂ ਮੌਸਮ ਨੂੰ ਦੋਸ਼ ਦੇ ਕੇ ਮੁੱਲ ਵਾਧੇ ਪਿੱਛੇ ਅਸਲੀ ਕਾਰਨ 'ਤੇ ਪੜ੍ਹਦਾ ਪਾਇਆ ਜਾ ਰਿਹਾ ਹੈ। ਪੈਟ੍ਰੋਲੀਅਮ ਤੇਲ ਦੀ ਬਣਾਉਟੀ ਰੂਪ 'ਚ ਵਧਾਈ ਗਈ ਕੀਮਤ ਅਨਾਜ ਤੇ ਹੋਰ ਜ਼ਰੂਰੀ ਵਸਤੂਆਂ ਦੇ ਮੁੱਲ ਵਾਧੇ 'ਚ ਅੱਗ 'ਚ ਘਿਉ ਪਾਉਣ ਦਾ ਕੰਮ ਕਰ ਰਹੀ ਹੈ। ਅਸਲ 'ਚ ਇਹ ਮੁੱਲ ਵਾਧਾ ਸਿੱਧੇ ਤੌਰ 'ਤੇ ਸਾਮਰਾਜੀ ਭੂਮੰਡਲੀਕਰਣ ਦੀਆਂ ਨੀਤੀਆਂ ਨਾਲ ਜੁੜੇ ਵਸਤੂ ਬਾਜ਼ਾਰ ਦੀ ਸੱਟੇਬਾਜ਼ੀ ਦਾ ਸਿੱਟਾ ਹੈ। ਜਿਸ ਨਾਲ ਪਿਛਲੇ 20 ਸਾਲਾਂ ਤੋਂ ਹਾਕਮ ਸਭ ਸਰਕਾਰਾਂ ਵੱਲੋਂ ਜਾਇਜ਼ ਤੌਰ 'ਤੇ ਜਾਰੀ ਰੱਖਿਆ ਹੋਇਆ ਹੈ। 1991 'ਚ ਵਿੱਤ ਮੰਤਰੀ ਵੱਲੋਂ ਮਨਮੋਹਨ ਸਿੰਘ ਨੇ ਜਿਸ ਸਾਮਰਾਜੀ ਭੂਮੰਡਲੀਕਰਨ ਦੀ ਨੀਂਹ ਰੱਖੀ ਸੀ, ਉਸ ਦੀ ਜ਼ਮੀਨ ਨਹਿਰੂਵਾਦੀ ਕਲਿਆਣਕਾਰੀ ਰਾਜ ਦੀ ਇਮਾਰਤ ਨੂੰ ਢਾਹ ਕੇ ਤਿਆਰ ਕੀਤੀ ਗਈ ਸੀ।

ਇਸ ਸਾਮਰਾਜੀ ਭੂਮੰਡਲੀਕਰਨ ਦਾ ਇਕ ਦਲਾਲ ਕਾਰਜ ਸੀ ਬਾਜ਼ਾਰ 'ਚ ਰਾਜ ਦੀ ਸਭ ਤਰ੍ਹਾਂ ਦੀ ਦਖਲਅੰਦਾਜ਼ੀ ਨੂੰ ਇਕ-ਇਕ ਕਰਕੇ ਖਤਮ ਕਰਨਾ ਅਤੇ ਬਾਜ਼ਾਰ ਨੂੰ ਆਪਣੇ ਢੰਗ ਨਾਲ ਕੰਮ ਕਰਨ ਦੀ ਬੇਲਗਾਮ ਛੋਟ ਮੁਹੱਈਆ ਕਰਨਾ। ਅਨਾਜ ਤੇ ਹੋਰ ਜ਼ਰੂਰੀ ਵਸਤੂਆਂ ਦੇ ਬਾਜਾਰ ਦੇ ਨਾਲ ਵੀ ਇਹੀ ਕੀਤਾ ਗਿਆ। ਜਿਵੇਂ ਕਿਸਾਨਾਂ ਤੋਂ ਅਨਾਜ ਦੀ ਸਰਕਾਰੀ ਖਰੀਦ ਦੀ ਵਿਵਸਥਾ ਖਤਮ ਕਰ ਦਿੱਤੀ ਗਈ, ਦੇਸ਼ ਭਰ 'ਚ ਫੈਲੀਆਂ ਸਸਤੇ ਸਹੀ ਮੁੱਲ ਦੀਆਂ ਸਰਕਾਰੀ ਦੁਕਾਨਾਂ ਰਾਹੀਂ ਅਨਾਜ ਦੀ ਵੰਡ ਪ੍ਰਣਾਲੀ ਨੂੰ ਤਹਿਸ ਨਹਿਸ ਕਰ ਦਿੱਤਾ ਗਿਆ। ਜ਼ਰੂਰੀ ਵਸਤੂ ਕਾਨੂੰਨ ਰਾਹੀਂ ਅਨਾਜ ਤੇ ਜ਼ਰੂਰੀ ਵਸਤੂਆਂ ਦੇ ਸੱਟਾ ਬਾਜ਼ਾਰ 'ਤੇ ਕੰਟਰੋਲ ਰੱਖਣਾ ਬੰਦ ਕਰ ਦਿੱਤਾ ਗਿਆ ਅਤੇ ਜਮਾਖੋਰਾਂ, ਕਾਲਾ ਬਾਜ਼ਾਰੀਆਂ ਤੇ ਸੱਟੇਬਾਜ਼ਾਂ ਖਿਲਾਫ ਕਾਰਵਾਈ ਕਰਨੀ ਬੰਦ ਕਰ ਦਿੱਤੀ ਗਈ। ਅੱਜ ਨਿੱਜੀ ਸਨਅਤੀ ਖੇਤਰ ਦਾ ਅਟਕਲਬਾਜੀ ਨਾਲ ਮੁਨਾਫਾ ਕਮਾਉਣ ਦਾ ਲਾਲਚ ਚੋਟੀ 'ਤੇ ਪਹੁੰਚ ਗਿਆ ਹੈ ਅਤੇ ਇਹਨਾਂ ਲੋਕਾਂ ਨੇ ਦੇਸ਼ ਦੇ ਅਨਾਜ ਬਾਜ਼ਾਰ 'ਤੇ ਪੂਰਾ ਕੰਟਰੋਲ ਕਾਇਮ ਕਰ ਲਿਆ ਹੈ। ਯੂ. ਪੀ. ਏ. ਸਰਕਾਰ ਇਸ ਦੀ ਸਿਰਫ ਚੁੱਪ ਦਰਸ਼ਕ ਬਣੀ ਹੋਈ ਹੈ ਅਤੇ ਕੀਮਤਾਂ ਦੇ ਵਾਧੇ ਤੇ ਮੁਦਰਾ ਸਫਿਤੀ ਲਈ ਉਹ ਰਟਿਆ ਰਟਾਇਆ ਜੁਆਬ ਦਿੰਦੀ ਰਹੀ ਹੈ ਕਿ ਇਹ ਪੂਰੀ ਦੁਨੀਆਂ 'ਚ ਹੋ ਰਿਹਾ ਹੈ ਅਤੇ ਹੁਣ ਉਸ ਨੇ ਮੌਸਮ ਨੂੰ ਦੋਸ਼ ਦੇਣਾ ਸ਼ੁਰੂ ਕਰ ਦਿੱਤਾ ਹੈ। ਸੱਚ ਤਾਂ ਇਹ ਹੈ ਕਿ ਸਾਮਰਾਜਵਾਦ ਖਾਸ ਕਰਕੇ ਅਮਰੀਕੀ ਸਾਮਰਾਜ ਦੀ ਅਗਵਾਈ 'ਚ ਪਿਛਲੇ ਕੁਝ ਦਹਾਕਿਆਂ ਤੋਂ ਲਾਗੂ ਕੀਤੀਆਂ ਜਾ ਰਹੀਆਂ ਨਵ-ਉਦਾਰਵਾਦੀ ਨੀਤੀਆਂ ਕਾਰਨ ਅਨਾਜ ਤੇ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ 'ਚ ਇਸ ਬੇਲਗਾਮ ਵਾਧੇ ਪਿੱਛੇ ਨਿਸ਼ਚਤ ਤੌਰ 'ਤੇ ਕੌਮਾਂਤਰੀ ਤੇ ਕੌਮੀ ਕਾਰਨ ਕੰਮ ਕਰ ਰਹੇ ਹਨ। ਜੋ ਸਾਮਰਾਜੀ ਵਿੱਤੀ ਪੂੰਜੀ ਦੇ ਗਤੀ ਦੇ ਨਿਯਮ ਨਾਲ ਜੁੜੇ ਹੋਏ ਹਨ। ਸਾਮਰਾਜੀ ਭੂਮੰਡਲੀਕਰਣ ਦੇ ਇੰਜਨ ਵਜੋਂ ਸਰਗਰਮ ਸੱਟੇਬਾਜ ਵਿੱਤੀ ਪੂੰਜੀ ਨੂੰ ਪਿਛਲੇ ਦੋ ਸਾਲਾਂ ਦੌਰਾਨ ਭਾਰੀ ਘਾਟੇ ਦਾ ਸਾਹਮਣਾ

ਕਰਨਾ ਪਿਆ ਹੈ। ਇਸ ਦੌਰਾਨ ਵਿੱਤੀ ਤੇ ਸ਼ੇਅਰ ਬਾਜ਼ਾਰਾਂ ਦੇ ਮੁਨਾਫੇ 'ਚ ਭਾਰੀ ਕਮੀ ਆਈ ਹੈ। ਦੁਨੀਆਂ ਭਰ ਦੇ ਸ਼ੇਅਰ ਬਾਜ਼ਾਰਾਂ ਰੀਅਲ ਅਸਟੇਟ ਤੇ ਇਸ ਤਰ੍ਹਾਂ ਦੇ ਜੁਗਾੜੀ ਪੈਸਾ ਕਮਾਉਣ ਦੇ ਹੋਰ ਖੇਤਰਾਂ ਵਿੱਚ ਵਿਸ਼ਵ ਵਿਆਪੀ ਗਿਰਾਵਟ ਤੋਂ ਇਹ ਜ਼ਾਹਰ ਹੁੰਦਾ ਹੈ। ਸਿੱਟੇ ਵਜੋਂ ਆਪਣੇ ਇਸ ਨੁਕਸਾਨ ਦੀ ਪੂਰਤੀ ਲਈ ਵਿਸ਼ਵੀ ਵਿੱਤੀ ਦੇ ਰਾਖਸ਼ ਸਾਮਰਾਜੀ ਤੇ ਨਵ-ਬਸਤੀਵਾਦੀ ਸਰਕਾਰਾਂ ਦੀ ਹਮਾਇਤ ਨਾਲ ਵਿਸ਼ਵ ਪੱਧਰ 'ਤੇ ਜਿਸ (ਵਸਤੂ) ਵਟਾਂਦਰੇ ਬਜ਼ਾਰ 'ਚ ਸੱਟਾ ਤੇ ਵਾਅਦਾ ਕਾਰੋਬਾਰ 'ਚ ਵੱਡੇ ਪੈਮਾਨੇ 'ਤੇ ਜੁਟ ਗਏ ਹਨ। ਕੀਨਸਵਾਦੀ ਰਾਜਕੀ ਦਖਲਅੰਦਾਜ਼ੀ ਦੀ ਨੀਤੀ ਕਾਰਣ ਸਾਮਰਾਜੀ ਤੇ ਨਵ-ਬਸਤੀਵਾਦੀ ਦੋਨਾਂ ਹੀ ਤਰ੍ਹਾਂ ਦੇਸ਼ਾਂ 'ਚ ਮੁੱਢਲਾ ਵਸਤੂ ਬਾਜ਼ਾਰ 1980 ਦੇ ਦਹਾਕੇ ਤਕ ਕਾਫੀ ਹੱਦ ਤੱਕ ਸਥਾਈਤਵ ਗ੍ਰਹਿਣ ਕਰ ਚੁੱਕਿਆ ਸੀ। ਪਰ 1970 ਦੇ ਦਹਾਕੇ 'ਚ ਵਿਸ਼ਵੀ ਕੀਨਸਵਾਦ (ਕਲਿਆਣਕਾਰੀ ਰਾਜ) ਦੇ ਪ੍ਰਭਾਵ ਤੇ ਇਸ ਦੇ ਸਿੱਟੇ ਵਜੋਂ ਨਵ-ਉਦਾਰਵਾਦ ਦੇ ਤਹਿਤ ਕੌਮਾਂਤਰੀ ਵਸਤੂ ਸੰਧੀ ਤੇ ਵਸਤੂ ਬੋਧ ਦੀ ਪ੍ਰਸੰਗਿਕਤਾ ਸਮਾਪਤ ਹੋ ਜਾਣ ਕਰਕੇ ਦਿਉਕਦ ਵਿਸ਼ਵੀ ਸੱਟੇਬਾਜਾਂ ਨੂੰ ਮੁੱਢਲੇ ਵਸਤੂ ਬਾਜ਼ਾਰ 'ਚ ਵੱਡੇ ਪੈਮਾਨੇ 'ਤੇ ਦਾਖ਼ਲ ਹੋਣ ਦਾ ਮੌਕਾ ਮਿਲ ਗਿਆ। ਮੁੱਢਲੇ ਵਸਤੂ ਬਾਜ਼ਾਰ ਨੂੰ ਸਥਿਰ ਬਣਾਈ ਰੱਖਣ ਦੇ ਮਕਸਦ ਨਾਲ ਜਿੰਨਾ ਰਾਜਕੀ ਦਖਲਅੰਦਾਜ਼ੀ ਕੀਤੀ ਅਤੇ ਸੁਧਾਰਵਾਦੀ ਨੀਤੀਆਂ 'ਤੇ ਅਮਲ ਕੀਤਾ ਜਾਂਦਾ ਸੀ ਉਹਨਾਂ 'ਤੇ 1970 ਦੇ ਦਹਾਕੇ 'ਚ ਵਿੱਤੀ ਬਾਜ਼ਾਰ ਤੋਂ ਕੰਟਰੋਲ ਹਟਾਇਆ ਜਾਣ ਲੱਗਿਆ ਜਿਸ ਨਾਲ ਨਵੇਂ-ਨਵੇਂ ਖੇਤਰਾਂ 'ਚ ਸੱਟੇਬਾਜੀ ਹਾਵੀ ਹੁੰਦੀ ਗਈ। ਇਸ ਤਰ੍ਹਾਂ ਪਹਿਲਾਂ ਦੇ ਨਿਯਮਬੱਧ ਵਸਤੂ ਵਟਾਂਦਰੇ ਸਮਝੌਤੇ ਦੀ ਥਾਂ ਸੱਟੇਬਾਜਾਂ ਦੀ ਅਗਵਾਈ 'ਚ 'ਵਸਤੂ ਵਾਅਦਾ ਬਾਜ਼ਾਰ' ਹਾਵੀ ਹੁੰਦਾ ਗਿਆ।

ਸਾਮਰਾਜ ਦੇ ਪੱਖੀ ਅਰਥਸ਼ਾਸਤਰੀਆਂ ਨੇ ਅਜਿਹੇ ਵਾਅਦੇ ਬਜ਼ਾਰਾਂ ਦਾ ਗੁਨਗਾਨ ਸ਼ੁਰੂ ਕਰ ਦਿੱਤਾ ਅਤੇ ਇਸ ਦਾ ਫਾਇਦਾ ਗਿਣਾਉਂਦੇ ਹੋਇਆਂ ਕਹਿਣ ਲੱਗੇ ਕਿ 'ਇਸ ਨਾਲ ਉਤਪਾਦਕਾਂ ਖਪਤਕਾਰਾਂ' ਤੇ ਵਿਚੋਲਿਆਂ ਦੇ ਕਹਿਣ ਲੱਗੇ ਕਿ 'ਇਸ ਨਾਲ ਉਤਪਾਦਕਾਂ ਖਪਤਕਾਰਾਂ ਤੇ ਵਿਚੋਲਿਆਂ ਦੇ ਵੱਖ-ਵੱਖ ਬਾਜ਼ਾਰਾਂ 'ਚ ਖਰੀਦ ਅਤੇ ਵਿਕਰੀ ਰਾਹੀਂ ਵਸਤੂਆਂ ਦਾ ਖੁੱਲ੍ਹੇ ਬਾਜ਼ਾਰ 'ਚ ਮੁੱਲ ਕੰਟਰੋਲ ਕਰਨਾ ਸੰਭਵ ਬਣਾਇਆ ਹੈ, ਇਸ ਲਈ ਇਸ ਵਿੱਚ ਵਟਾਂਦਰਾ ਲਾਗਤ ਘੱਟ ਹੁੰਦੀ ਗਈ। 1980 ਦੇ ਦਹਾਕੇ 'ਚ ਸਾਮਰਾਜੀ ਤਾਕਤਾਂ ਨੇ ਵਿੱਤੀ ਕੰਟਰੋਲ ਨਾਲ ਸਬੰਧਤ ਕਾਇਦੇ ਕਾਨੂੰਨਾਂ 'ਚ ਢਿੱਲ ਦੇਣੀ ਸ਼ੁਰੂ ਕਰ ਦਿੱਤੀ ਜੋ 1990 ਦੇ ਦਹਾਕੇ 'ਚ ਵਿਸ਼ਵੀਕਰਨ ਰਾਹੀਂ ਨਵ-ਬਸਤੀਵਾਦੀ ਦੇਸ਼ਾਂ ਤਕ ਫੈਲ ਗਿਆ। ਇਸ ਨਾਲ ਵਿੱਤੀ ਪੂੰਜੀ ਦੇ ਵੱਡੇ ਖਿਡਾਰੀਆਂ ਨੂੰ ਸਭ ਥਾਵਾਂ 'ਤੇ ਮੁੱਢਲੇ ਵਸਤੂ ਬਾਜ਼ਾਰ 'ਚ ਸੱਟਾ ਵਪਾਰ ਹੋਰ ਵੀ ਵਧਿਆ ਫੁੱਲਿਆ, ਇਸ ਦੇ ਨਾਲ ਹੀ ਵਸਤੂਆਂ ਦਾ 'ਆਨ-ਸਪਾਟ' ਅਤੇ 'ਵਾਅਦਾ' ਦੋਨੋਂ ਤਰ੍ਹਾਂ ਦਾ ਕਾਰੋਬਾਰ ਵਿੱਤੀ ਪੂੰਜੀ ਦੀ ਆਰਥਿਕ ਸਰਗਰਮੀ ਦਾ ਸਭ ਤੋਂ ਫਾਇਦੇਮੰਦ ਰੂਪ ਹੁੰਦਾ ਗਿਆ। ਇਸ ਕਿਸਮ ਦੀ ਸੱਟੇਬਾਜੀ ਲਈ ਅਮਰੀਕਾ ਦਾ 'ਕਮੋਡਿਟੀ ਫਿਊਚਾਰ ਮਾਰਡੇਨਾਈਜੇਸ਼ਨ ਐਕਟ 2000 (ਵਸਤੂ ਵਾਅਦਾ ਆਧੁਨਿਕੀਕਰਣ ਕਾਨੂੰਨ 2000) ਇਕ ਮਿਸਾਲ ਬਣ ਗਿਆ। ਇਸ ਕਾਨੂੰਨ ਦੇ ਤਹਿਤ ਫੰਡ ਪੈਨਸ਼ਨ ਫੰਡ ਅਤੇ ਨਿਵੇਸ਼ਕ ਬੈਂਕ ਸਭ ਸ਼ਾਮਲ ਸਨ। ਨਿਯਮ ਕਾਨੂੰਨ ਤੋਂ ਪਰ੍ਹੇ ਰਹਿ ਕੇ ਵਸਤੂਆਂ ਦਾ ਅੰਤਹੀਣ ਵਾਅਦਾ ਕਾਰੋਬਾਰ ਕਰਨ ਦਾ ਮੌਕਾ ਮਿਲ ਗਿਆ। ਇਹ ਅਮਰੀਕੀ ਮਾਡਲ ਤੇਜ਼ੀ ਨਾਲ ਪੂਰੀ ਦੁਨੀਆਂ 'ਚ ਫੈਲ ਗਿਆ। ਸਿੱਟੇ ਵਜੋਂ 2007 ਦੇ ਅੰਤ ਤੱਕ ਐਸੇ ਸੱਟਾ ਬਜ਼ਾਰ

ਦਾ ਕਾਰੋਬਾਰ ਤੇਜ਼ੀ ਨਾਲ ਵਧਦੇ ਹੋਏ ਨੌਂ ਅਰਬ ਡਾਲਰ ਤੱਕ ਪਹੁੰਚ ਗਿਆ ਸੀ। ਜੋ ਭਾਰਤ ਦੇ ਕੁਲ ਘਰੇਲੂ ਉਤਪਾਦ (GDP) ਤੋਂ ਦਸ ਗੁਣਾ ਵੱਧ ਸੀ। ਇਸ ਤਰ੍ਹਾਂ ਉਤਪਾਦਕਾਂ ਅਤੇ ਖਪਤਕਾਰਾਂ ਦੋਹਾਂ ਦੇ ਹਿੱਤਾਂ ਦੇ ਉਲਟ ਵਸਤੂ ਬਾਜ਼ਾਰ ਨੂੰ ਸੱਟੇਬਾਜ਼ਾਂ ਵੱਲੋਂ ਕੰਟਰੋਲ ਕੀਤਾ ਜਾਣ ਲੱਗਿਆ। ਸਮਾਂ ਬੀਤਣ ਦੇ ਨਾਲ ਸ਼ੇਅਰ ਬਾਜ਼ਾਰਾਂ ਦੀ ਤਰਜ ’ਤੇ ਵਸਤੂ ਬਾਜ਼ਾਰ ’ਚ ਵੀ ‘ਸੂਚਕਾਂਕ ਵਪਾਰ’ ਚੱਲ ਪਿਆ। ਇਹਨਾਂ ਸਭ ਦੀ ਵਜਾਹ ਕਰਕੇ ਸੱਟੇਬਾਜੀ ਦੀਆਂ ਬੁਰਾਈਆਂ ਨੇ ਹੋਰ ਵੀ ਜੜ੍ਹਾਂ ਜਮਾ ਲਈਆਂ। ਅਨਾਜ, ਕੱਚੇ ਮਾਲਾਂ ਤੇ ਤੇਲ ਦੀਆਂ ਕੀਮਤਾਂ ਵਿੱਚ ਨਿਰੰਤਰ ਵਾਧੇ ਦਾ ਸਿਲਸਿਲਾ ਚੱਲ ਪਿਆ ਅਤੇ ਪੂਰੀ ਦੁਨੀਆਂ ਵਿੱਚ ਵਿਆਪਕ ਜਨਤਕ ਕਹਿਰ ਵਰਸਣ ਲੱਗਿਆ। ਮਿਸਾਲ ਵਜੋਂ ਅਮਰੀਕੀ ਸੰਸਦ ਦੀ ਰਿਪੋਰਟ ਮੁਤਾਬਕ ਜਦ ਅਰਥਚਾਰਾ ਆਪਣੀ ਚੋਟੀ ’ਤੇ ਸੀ ਯਾਨੀ ਕਿ ਵਿਸ਼ਵ ਵਿਆਪੀ ਆਰਥਿਕ ਸੰਕਟ ਸ਼ੁਰੂ ਹੋਣ ਤੋਂ ਠੀਕ ਪਹਿਲਾਂ ਸਾਲ 2008 ਵਿੱਚ ਅਮਰੀਕਾ ’ਚ ਸੋਆਬੀਨ ਦੇ ਕੁਲ ਕਾਰੋਬਾਰ ਦਾ 42% ਅਤੇ ਕਣਕ ਦੇ ਕੁਲ ਕਾਰੋਬਾਰ ਦਾ 64% ਤੇ ਉਹਨਾਂ ਦਾ ਕਬਜਾ ਸੀ। ਜਿਹਨਾਂ ਨੂੰ ‘ਸੂਚਕਾਂਕ ਦੇ ਵਪਾਰੀ ਕਿਹਾ ਜਾਂਦਾ ਹੈ ਜੋ ਇਹਨਾਂ ਵਸਤੂਆਂ ਦੇ ਪੂਰੇ ਸੱਟਾ ਬਾਜ਼ਾਰ ਦਾ ਕੇਵਲ ਇਕ ਹਿੱਸਾ ਹੁੰਦੇ ਹਨ।

ਮਨਮੋਹਨ ਸਿੰਘ ਦੀ ਅਗਵਾਈ ’ਚ ਯੂ. ਪੀ. ਏ. ਸਰਕਾਰ ਭਾਰਤ ਨੂੰ ਅਮਰੀਕੀ ਸਾਮਰਾਜ ਦੇ ਨਵੇਂ-ਬਸਤੀਵਾਦੀ ਏਜੰਡੇ ਦਾ ਰਾਜਸੀ ਹਿੱਸਾ ਬਣਾਉਣ ’ਤੇ ਤੁਲੀ ਹੋਈ ਹੈ ਅਤੇ ਉਸ ਦੇ ਦਲਾਲ ਵਜੋਂ ਕੰਮ ਕਰ ਰਹੀ ਹੈ। ਇਹ ਸਰਕਾਰ ਹੋਰ ਸਾਰੀਆਂ ਗੱਲਾਂ ਦੇ ਨਾਲ ਨਾਲ ਵਿੱਤੀ ਸੱਟੇਬਾਜਾਂ ਦੇ ਦਬਾਅ ’ਚ ਵਸਤੂ ਬਾਜ਼ਾਰ ਦੇ ਸੱਟੇਬਾਜਾਂ ਨੂੰ ਸਭ ਤਰ੍ਹਾਂ ਦੀ ਹੱਲਾਸ਼ੇਰੀ ਦੇ ਰਹੀ ਹੈ। ਆਖਰਕਾਰ ਭੂਮੰਡਲੀਕਰਨ ਦਾ ਮਤਲਬ ਵਿੱਤ ਦਾ ਕੌਮਾਂਤਰੀਕਰਣ ਅਤੇ ਸਭ ਦੇਸ਼ਾਂ ਵਿਚਕਾਰ ਸੱਟੇਬਾਜੀ ਦਾ ਵਿਸ਼ਵ ਵਿਆਪੀ ਏਕੀਕਰਨ ਹੀ ਤਾਂ ਹੈ। ਇਸ ਢਾਂਚੇ ਦੇ ਤਹਿਤ ਭਾਰਤ ਸਰਕਾਰ ਨੇ ਇਕ ਪਾਸੇ ਤਾਂ ਜ਼ਰੂਰੀ ਵਸਤਾਂ ਕਾਨੂੰਨ 1956 ਨੂੰ ਠੰਡੇ ਬਸਤੇ ’ਚ ਪਾ ਦਿੱਤਾ। ਉਥੇ ਦੂਜੇ ਪਾਸੇ ਸਾਲ 2005 ’ਚ ਫਾਰਵਰਡ ਟਰੇਡਿੰਗ (ਵਾਅਦਾ ਵਪਾਰ) ਬਾਰੇ ਖੂੰਖਾਰ ਨੋਟੀਫੀਕੇਸ਼ਨ ਜਾਰੀ ਕਰਕੇ ਅਨਾਜ ਤੇ ਖੇਤੀ ਉਪਜਾਂ ਦੇ ਸੱਟਾ ਵਪਾਰ ਨੂੰ ਪਹਿਲੀ ਵਾਰੀ ਪੂਰੀ ਤਰ੍ਹਾਂ ਕਾਨੂੰਨੀ ਰੂਪ ਦੇ ਦਿੱਤਾ। ਵਾਅਦਾ ਕਾਰੋਬਾਰ ਨਾਲ ਸਬੰਧਤ ਇਹ ਨੋਟੀਫਕੇਸ਼ਨ ਸਾਲ 2000 ਦੇ ਅਮਰੀਕੀ ਕਾਨੂੰਨ ਦੀਤਰਜ਼ ’ਤੇ ਬਣਾਇਆ ਗਿਆ ਸੀ। ਜਿਸ ਦਾ ਆਪਾ ਉਪਰ ਜ਼ਿਕਰ ਕਰ ਚੁੱਕੇ ਹਾਂ। ਸਿੱਟੇ ਵਜੋਂ ਰਿਲਾਇੰਸ ਵਰਗੇ ਭਾਰਤ ਦੇ ਮੋਹਰੀ ਸੱਟੇਬਾਜ਼ਾਂ ਨੇ ਜੋ ਪਹਿਲਾਂ ਸ਼ੇਅਰ ਬਾਜ਼ਾਰ ’ਚ ਆਪਣਾ ਪੈਸਾ ਲਾਉਂਦੇ ਸਨ, ਹੁਣ ਵਸਤੂਆਂ ਦੇ ਵਾਅਦਾ ਕਾਰੋਬਾਰ ’ਚ ਵੱਡੇ ਪੈਮਾਨੇ ’ਤੇ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ। ਮਿਸਾਲ ਵਜੋਂ ਖਬਰਾਂ ਮੁਤਾਬਕ ਇਕੱਲੇ ਰਿਲਾਇਸ ਨੇ ਹੀ ਇਸ ਖੇਤਰ ਵਿੱਚ ਲਗਭਗ 25000 ਕਰੋੜ ਰੁਪਏ ਦਾ ਨਿਵੇਸ਼ ਕੀਤਾ। ਸਾਲ 2007 ਵਿੱਚ ਭਾਰਤ ਦੇ ਸੱਟਾ ਵਪਾਰ ’ਚ ਅਨੁਮਾਨਿਤ 40 ਲੱਖ ਕਰੋੜ ਰੁਪਏ ਲਾਏ ਹੋਏ ਸਨ ਜੋ ਉਸ ਸਾਲ ਦੇ ਭਾਰਤ ਸਰਕਾਰ ਦੇ ਸਲਾਨਾ ਬਜਟ ਤੋਂ ਲੱਗਭਗ 5 ਗੁਣਾ ਵੱਧ ਸਨ। ਭਾਰਤ ਦੇ ਫਾਰਵਰਡ ਮਾਰਕਿਟ ਕਮਿਸ਼ਨ (ਵਾਅਦਾ ਬਾਜ਼ਾਰ ਆਯੋਗ) ਦੇ ਇਕ ਮੋਟੇ ਅਨੁਮਾਨ ਅਨੁਸਾਰ ਇਕੱਲੇ ਸਾਲ 2009 ਦੇ ਜੂਨ ਮਹੀਨੇ ਵਿੱਚ ਵੀ ਵਸਤੂ ਵਟਾਂਦਰੇ ਬਾਜ਼ਾਰ ’ਚ 15,64,114-96 ਕਰੋੜ ਰੁਪਏ ਦਾ ਕੁਲ ਕਾਰੋਬਾਰ ਹੋਇਆ ਸੀ। ਇਹ ਜੂਨ 2007 ’ਚ 221888.06 ਕਰੋੜ ਰੁਪਏ ਸੀ। ਇਸ ਤਰ੍ਹਾਂ ਜੂਨ 2007 ਦੀ ਤੁਲਨਾ ਵਿੱਚ ਜੂਨ 2009 ’ਚ 14

ਗੁਣਾ ਤੋਂ ਵੱਧ ਦਾ ਵਾਅਦਾ ਹੋਇਆ ਹੈ। ਜਿਥੇ ਕਿਸਾਨ ਸਸਤੇ ਬੈਂਕ ਕਰਜ਼ੇ ਲਈ ਦਰ-ਦਰ ਮਾਰੇ ਫਿਰਦੇ ਸਨ। ਉਥੇ ਸੱਟੇਬਾਜਾਂ ਤੇ ਜਮਾਖੋਰਾਂ ਨੂੰ ਭਾਰੀ ਕਰਜਾ ਦਿੱਤਾ ਜਾਂਦਾ ਹੈ। ਜਿਸ ਨੂੰ ਉਹ ਅਨਾਜ ਤੇ ਖੇਤੀ ਉਪਜਾਂ ਦਾ ਵਾਅਦਾ ਕਾਰੋਬਾਰ 'ਚ ਲਾਉਂਦੇ ਹਨ ਅਤੇ ਜਮ੍ਹਾਖੋਰੀ ਕਰਦੇ ਹਨ। ਨਤੀਜੇ ਵਜੋਂ ਇਹਨਾਂ ਵਸਤੂਆਂ ਦੀ ਖੁੱਲ੍ਹੇ ਬਜ਼ਾਰ 'ਚ ਘੋਰ ਕਿੱਲਤ ਪੈਦਾ ਹੋ ਜਾਂਦੀ ਹੈ। ਕਿਉਂਕਿ ਸਰਕਾਰ ਨੇ ਜਨਤਕ ਖਰੀਦ ਤੇ ਅਨਾਜ ਸਟੋਰ ਕਰਨ ਦੇ ਕੰਮ ਤੋਂ ਆਪਣਾ ਹੱਥ ਪਿੱਛੇ ਖਿੱਚ ਲਿਆ ਹੈ। ਇਸ ਲਈ ਐਫ. ਸੀ. ਆਈ. ਦੇ ਸਟੋਰ ਖਾਲੀ ਹੁੰਦੇ ਜਾ ਰਹੇ ਹਨ। ਰਿਲਾਇੰਸ ਵਰਗੇ ਵਰਸਤੂਆਂ ਦੇ ਸੱਟੇਬਾਜ ਇਹਨਾਂ ਸਟੋਰਾਂ ਨੂੰ ਲੈ ਕੇ ਅਨਾਜ ਦੀ ਜਮ੍ਹਾਖੋਰੀ ਕਰ ਰਹੇ ਹਨ। ਇਹ ਅਨਾਜ ਤੰਗਹਾਲੀ ਦੇ ਸ਼ਿਕਾਰ ਕਿਸਾਨਾਂ ਤੋਂ ਕਟਾਈ ਦੇ ਮੌਸਮ ਵਿੱਚ ਸਸਤਾ ਖਰੀਦਿਆ ਗਿਆ ਹੁੰਦਾ ਹੈ। ਜਮ੍ਹਾਖੋਰੀ ਕਾਲਾਬਾਜ਼ਾਰੀ ਤੇ ਸੱਟੇਬਾਜੀ ਖਿਲਾਫ ਕਾਨੂੰਨੀ ਬੰਦਸ਼ਾਂ ਨੂੰ ਛਿੱਕੇ ਟੰਗ ਦਿੱਤਾ ਗਿਆ ਹੈ। ਸੰਖੇਪ ਵਿੱਚ ਕਿਹਾ ਜਾਵੇ ਤਾਂ ਬਾਜ਼ਾਰ 'ਚ ਨਿਰਮਿਤ ਬਣਾਉਟੀ ਕਿੱਲਤ ਅਤੇ ਅਨਾਜ ਦੀਆਂ ਕੀਮਤਾਂ 'ਚ ਵਾਧਾਂ ਪਿੱਛੇ ਸਭ ਤੋਂ ਵੱਡਾ ਕਾਰਨ ਹੈ। ਵਿੱਤੀ ਸੱਟੇਬਾਜਾਂ ਨੂੰ ਅਨਾਜ ਦੀ ਜਮ੍ਹਾਖੋਰੀ ਕਰਨ ਲਈ ਮਿਲੀ ਹੋਏ ਬੇਲਗਾਮ ਖੁੱਲ੍ਹ ਤਾਂ ਕਿ ਉਹ ਜਨਤਾ ਦੀ ਭੁੱਖ ਨਾਲ ਭਾਰੀ ਮੁਨਾਫਾ ਕਮਾ ਸਕਣ। ਅੱਜ ਨਵ-ਬਸਤੀਵਾਦੀ ਭਾਰਤੀ ਰਾਜਸੱਤਾ ਨੂੰ ਤਰ੍ਹਾਂ-ਤਰ੍ਹਾਂ ਦੇ ਵਿੱਤੀ ਸੱਟੇਬਾਜ ਚਲਾ ਰਹੇ ਹਨ। ਜਿਵੇਂ ਕਿ ਬਾਜ਼ਾਰ 'ਚ ਜੋੜ-ਤੋੜ ਕਰਨ ਵਾਲੇ ਫਿਕਸਰ ਸਨਅਤੀ ਜੁਗਾੜੀ ਆਦਿ।

ਅਨਾਜ ਅਤੇ ਜ਼ਰੂਰੀ ਵਸਤਾਂ ਮੁੱਲ ਵਾਧੇ ਦਾ ਮੁੱਖ ਕਾਰਨ ਹੈ। ਵਸਤੂਆਂ ਦੀ ਸੱਟੇਬਾਜੀ ਇਸ ਦੀ ਪੈਦਾਵਾਰ ਤੇ ਖਪਤ 'ਚ ਕਮੀ ਜਾ ਬੇਸ਼ੀ ਨਾਲ ਜਾ ਮੌਨਸੂਨ ਦੀ ਗੜਬੜੀ ਨਾਲ ਕੋਈ ਵਾਸਤਾ ਨਹੀਂ ਹੈ। ਜਿਵੇਂ ਕਿ ਮਨਮੋਹਨ ਸਿੰਘ ਦਾ ਦਾਅਵਾ ਹੈ। ਸਾਡੇ ਦੇਸ਼ ਵਿੱਚ ਬਹੁਮਤ ਲੋਕ ਜਿੰਦਾ ਰਹਿਣ ਪੈਦਾਵਾਰ 'ਤੇ ਨਿਰਭਰ ਹਨ। ਉਹਨਾਂ ਨੂੰ ਬੈਂਕ ਕਰਜਾ ਨਹੀਂ ਮਿਲਦਾ ਅਤੇ ਉਹਨਾਂ ਨੂੰ ਤਰ੍ਹਾਂ ਤਰ੍ਹਾਂ ਦੇ ਟੈਕਸ ਦੇਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਦੂਜੇ ਪਾਸੇ ਵੱਡੀ ਮਾਡੀਆ ਪੂੰਜੀਪਤੀਆਂ ਨੂੰ ਜਿਨ੍ਹਾਂ ਦਾ ਪੂਰੇ ਬਾਜ਼ਾਰ 'ਤੇ ਕੰਟਰੋਲ ਹੈ। ਟੈਕਸਾਂ 'ਚ ਤਰ੍ਹਾਂ ਤਰ੍ਹਾਂ ਦੀ ਛੋਟ ਦਿੱਤੀ ਜਾਂਦੀ ਹੈ। ਜਿਸ ਦੀ ਵਰਤੋਂ ਉਹ ਬਿਨਾਂ ਕਿਸੇ ਜੋਖਮ ਦੇ ਸੱਟੇਬਾਜੀ ਲਈ ਕਰਦੇ ਹਨ। ਅਨਾਜ ਅਤੇ ਜ਼ਰੂਰੀ ਵਸਤਾਂ ਦੀ ਬਣਾਉਟੀ ਕਿੱਲਤ ਇਸ ਅਸਮਾਜਿਕ ਤਬਕੇ ਰਾਹੀਂ ਪੈਦਾ ਕੀਤੀ ਜਾਂਦੀ ਹੈ। ਜਿਹਨਾਂ ਦੀ ਕੇਂਦਰ ਤੇ ਰਾਜ ਦੀਆਂ ਸਰਕਾਰਾਂ ਦੇ ਨਾਲ ਮਿਲੀ ਭੁਗਤ ਹੁੰਦੀ ਹੈ। ਚਾਹੇ ਉਹ ਸਰਕਾਰ ਕਿਸੇ ਵੀ ਪਾਰਟੀ ਦੀ ਹੀ ਕਿਉਂ ਨਾ ਹੋਵੇ। ਦੇਸ਼ ਭਰ 'ਚ ਇਸ ਸਾਲ ਅਨਾਜ ਦੇ ਸਲਾਨਾ ਉਤਪਾਦਨ 'ਚ ਕਮੀ ਵੀ ਭਵਿੱਖਬਾਣੀ ਕੀਤੀ ਗਈ ਹੈ। ਹਾਲਾਂਕਿ ਸਿਰਫ ਚਾਵਲ ਦੇ ਉਤਪਾਦਨ 'ਚ 100 ਲੱਖ ਟਨ ਦੀ ਕਮੀ ਦਾ ਅਨੁਮਾਨ ਲਾਇਆ ਗਿਆ ਸੀ। ਇਸ ਦੇ ਨਾਲ ਹੀ ਸਰਕਾਰੀ ਬਾਜ਼ਾਰ ਮਾਹਰਾਂ ਦੇ ਅੰਕੜਿਆਂ ਦੇ ਅਧਾਰ 'ਤੇ ਮਨਮੋਹਨ ਸਰਕਾਰ ਨੇ ਖਤਰੇ ਦੀ ਘੰਟੀ ਵਜਾ ਦਿੱਤੀ ਹੈ। ਇਸ ਗੱਲ ਦੇ ਪੂਰੇ ਆਸਾਰ ਹਨ। ਕਿ ਜਨਤਾ ਨੂੰ ਵਧਦੀ ਕੀਮਤ ਵਜੋਂ ਹੋਰ ਵੀ ਡੂੰਘੇ ਸੰਕਟਾਂ ਦਾ ਮੁਕਾਬਲਾ ਕਰਨਾ ਪਵੇਗਾ। ਹਾਕਮ ਜਮਾਤ ਅਤੇ ਉਹਨਾਂ ਦੇ ਸਿਧਾਂਤਕਾਰ ਗਰੀਬ ਲੋਕਾਂ ਨੂੰ ਕਹਿ ਰਹੇ ਹਨ ਕਿ ਜ਼ਰੂਰੀ ਵਸਤੂਆਂ ਦੇ ਮੁੱਲ ਵਾਧੇ ਨੂੰ ਜ਼ਰੂਰੀ ਬੁਰਾਈ ਵਜੋਂ ਕਬੂਲ ਕਰ ਲੈਣ। ਸੋਕਾ ਤੇ ਵਿਸ਼ਵਵਿਆਪੀ ਮੰਦੀ ਤੇ ਉਸ ਉਪਰ ਜਮ੍ਹਾਖੋਰੀ ਕਾਰਨ ਉਹਨਾਂ ਨੂੰ ਇਸ ਨਾਲ ਜੂਝਣਾ ਹੀ ਪਵੇਗਾ। ਇਥੇ ਇਸ ਗੱਲ 'ਤੇ ਜੋਰ ਦਿੱਤਾ ਜਾਣਾ ਚਾਹੀਦਾ ਹੈ। ਕਿ ਅਨਾਜ ਦੀ ਪੈਦਾਵਾਰ 'ਚ ਕਮੀ ਦੀ ਖਬਰ

ਦੇ ਬਾਵਜੂਦ ਅੱਜ ਵੀ ਸਰਕਾਰ ਕੋਲ ਅਨਾਜ ਦਾ ਜੋ ਭੰਡਾਰ ਹੈ। ਉਹ ਬਾਜ਼ਾਰ 'ਚ ਪ੍ਰਭਾਵੀ ਢੰਗ ਨਾਲ ਦਖਲਅੰਦਾਜ਼ੀ ਕਰਨ ਲਈ ਕਾਫੀ ਹੈ। ਬਸ਼ਰਤੇ ਸਰਕਾਰ ਕੋਲ ਅਨਾਜ ਤੇ ਜ਼ਰੂਰੀ ਵਸਤਾਂ ਦੀ ਸੱਟੇਬਾਜੀ ਅਤੇ ਵਾਅਦਾ ਕਾਰੋਬਾਰ 'ਤੇ ਫੌਰੀ ਪਾਬੰਦੀ ਲਾਉਣ ਦੀ ਰਾਜਸ ਰਾਜਸੀ ਇੱਛਾ ਸ਼ਕਤੀ ਹੋਵੇ।

**ਤਹਿਸ ਨਹਿਸ ਜਨਤਕ ਵੰਡ ਪ੍ਰਣਾਲੀ** - ਸੱਟੇਬਾਜੀ ਨੂੰ ਹੱਲਾਸ਼ੇਰੀ ਦੇਣ ਤੋਂ ਇਲਾਵਾ ਕੇਂਦਰ ਤੇ ਰਾਜ ਸਰਕਾਰਾਂ ਦੋਨੋਂ ਘਨਘੋਰ ਭ੍ਰਿਸ਼ਟਾਚਾਰ ਤੇ ਰਾਸ਼ਣ ਦੁਕਾਨਾਂ ਲਈ ਨਿਯਤ ਅਨਾਜ ਦੀ ਦਾਲਾ ਬਾਜ਼ਾਰੀ ਵਿਚ ਭੇਜ ਕੇ ਬਚੇ ਖੁਚੇ ਜਨਤਕ ਵੰਡ ਪ੍ਰਣਾਲੀ ਨੂੰ ਅਰਥਹੀਣ ਬਣਾ ਰਹੀ ਹੈ। ਸੰਸਾਰ ਬੈਂਕ ਦੀ ਪ੍ਰੇਰਣਾ ਤੋਂ ਖੂੰਖਾਰ ਟੀਚਾ ਮਈ ਜਨਤਕ ਵੰਡ ਪ੍ਰਣਾਲੀ ਨੂੰ ਅਪਣਾਇਆ ਗਿਆ ਹੈ। ਇਸ ਦੇ ਤਹਿਤ ਜਨਤਕ ਵੰਡ ਪ੍ਰਣਾਲੀ ਨਾਲ ਫਾਇਦਾ ਉਠਾਉਣ ਵਾਲੀ ਜਨਤਾ ਨੂੰ ਬਣਾਉਟੀ ਤੌਰ 'ਤੇ ਅਖੌਤੀ ਗਰੀਬੀ ਰੇਖਾ ਤੋਂ ਹੇਠਾਂ (ਬੀ. ਪੀ. ਐਲ.) ਅਤੇ ਗਰੀਬੀ ਰੇਖਾ ਤੋਂ ਉਪਰ ਏ. ਪੀ. ਐਲ. ਕੈਟੇਗਰੀ 'ਚ ਵੰਡ ਦਿੱਤਾ ਗਿਆ ਹੈ। ਇਸ ਤਰ੍ਹਾਂ ਗਰੀਬ ਜਨਤਾ ਦੇ ਇਕ ਵੱਡੇ ਹਿੱਸੇ ਨੂੰ ਸਸਤਾ ਅਨਾਜ ਹਾਸਲ ਕਰਨ ਦੇ ਅਧਿਕਾਰ ਤੋਂ ਵਾਂਝਿਆ ਕਰ ਦਿੱਤਾ ਗਿਆ ਹੈ। ਸਿਰਫ ਬੀ. ਪੀ. ਐਲ. ਕੈਟੇਗਰੀ ਦੇ ਲੋਕਾਂ ਨੂੰ ਹੀ ਘੱਟ ਕੀਮਤ 'ਤੇ ਅਨਾਜ ਦਿੱਤਾ ਜਾਂਦਾ ਹੈ। ਏ. ਪੀ. ਐਲ. ਕੈਟੇਗਰੀ ਦੇ ਲੋਕਾਂ ਨੂੰ ਰਾਸ਼ਣ ਦੀਆਂ ਦੁਕਾਨਾਂ ਤੋਂ ਬਜਾਰ ਦਰ 'ਤੇ ਅਨਾਜ ਖਰੀਦਣ ਲਈ ਮਜ਼ਬੂਰ ਕਰ ਦਿੱਤਾ ਗਿਆ ਹੈ। ਇਸ ਲਈ ਇਹ ਲੋਕ ਜਨਤਕ ਵੰਡ ਪ੍ਰਣਾਲੀ ਦੇ ਦਾਇਰੇ ਤੋਂ ਬਾਹਰ ਹੁੰਦੇ ਚਲੇ ਗਏ ਹਨ। ਜਦ ਭਾਜਪਾ ਦੀ ਅਗਵਾਈ ਵਾਲੀ ਰਾਜਗ ਸਰਕਾਰ ਦੀ ਹਕੂਮਤ ਰਹੀ ਸੀ ਤਦ ਇਸ ਕਾਰਨ ਐਫ. ਸੀ. ਆਈ. ਦੇ ਗੋਦਾਮਾ 'ਚ ਵੱਡੀ ਮਾਤਰਾ 'ਚ ਅਨਾਜ ਜਮ੍ਹਾ ਹੋ ਗਿਆ ਸੀ ਜਦ ਕਿ ਲੋਕ ਵੱਡੇ ਪੈਮਾਨੇ 'ਤੇ ਭੁੱਖਮਰੀ ਨਾਲ ਪੀੜਤ ਸਨ। ਸਾਲ 2002 'ਚ ਐਫ. ਸੀ. ਆਈ. ਦੇ ਗੋਦਾਮਾ 'ਚ 640 ਲੱਖ ਟਨ ਅਨਾਜ ਜਮ੍ਹਾ ਹੋ ਗਿਆ ਸੀ। ਕਿਉਂਕਿ ਕਾਰਜ ਸਮਰੱਥਾ ਦੀ ਘਾਟ 'ਚ ਲੋਕ ਇਸ ਅਨਾਜ ਨੂੰ ਬਾਜ਼ਾਰ ਦੇ ਭਾਅ ਖਰੀਦਣ 'ਚ ਅਸਮਰਥ ਸਨ। ਇਸ ਨੂੰ ਸੁਨਹਿਰੀ ਮੌਕਾ ਮੰਨਦਿਆਂ ਅਤੇ ਇਹ ਝੂਠਾ ਪ੍ਰਚਾਰ ਕਰਦੇ ਹੋਇਆ ਕਿ ਭਾਰਤ ਅਨਾਜ ਸਬੰਧੀ ਆਤਮ ਨਿਰਭਰ ਹੋ ਗਿਆ ਹੈ। ਉਸ ਵੇਲੇ ਦੀ ਵਾਜਪਾਈ ਸਰਕਾਰ ਨੇ ਇਸ ਅਨਾਜ ਦੀ ਬਰਾਮਦ ਕਰਨੀ ਸ਼ੁਰੂ ਕਰ ਦਿੱਤੀ। ਇਹ ਅਨਾਜ ਸਿਰਫ 4 ਰੁਪਏ ਪ੍ਰਤੀ ਕਿਲੋ ਦੀ ਦਰ ਨਾਲ ਵਿਦੇਸ਼ੀ ਪਸ਼ੂ ਚਾਰਾ ਬਣਾਉਣ ਵਾਲਿਆਂ ਨੂੰ ਭੇਜਿਆ ਗਿਆ। ਕਿਉਂਕਿ ਭਾਰਤ ਦੇ ਗਰੀਬ ਲੋਕ ਦੇ ਇਕ ਵੱਡੇ ਹਿੱਸੇ ਨੂੰ ਇਸ ਸਹੂਲਤ ਤੋਂ ਵੰਚਿਤ ਰੱਖਿਆ ਗਿਆ। ਅੱਜ ਵੀ ਜਦ ਦੇਸ਼ ਖਾਦ ਸੰਕਟ ਦੇ ਕੰਢੇ ਖੜ੍ਹਾ ਹੈ ਐਸੀ ਖਬਰ ਹੈ ਕਿ ਮਨਮੋਹਨ ਸਰਕਾਰ ਦੇਸ਼ ਤੋਂ ਅਨਾਜ ਦੀ ਬਰਾਮਦ ਬਾਰੇ ਇਜ਼ਾਰੇਦਾਰ ਬਰਾਮਦਕਾਰ ਘਰਾਣਿਆਂ ਦੇ ਨਾਲ ਵਿਚ ਵਟਾਂਦਰਾ ਕਰ ਰਹੀ ਸੀ। ਇਸ ਦੇ ਨਾਲ ਨਾਲ ਭਾਜਪਾ ਦੀ ਅਗਵਾਈ ਵਾਲੀ ਰਾਜਗ ਸਰਕਾਰ ਦੇ ਸਮੇਂ ਤੋਂ ਹੀ ਖੁਦ ਐਫ. ਸੀ. ਆਈ. ਦੀ ਭੂਮਿਕਾ 'ਚ ਕਟੌਤੀ ਦਾ ਕੰਮ ਸ਼ੁਰੂ ਹੋ ਗਿਆ ਸੀ ਅਤੇ ਨਿੱਜੀ ਸੱਟੇਬਾਜ ਅਮੀਰਾਂ ਨੂੰ ਅਨਾਜ ਦੀ ਸਿੱਖੀ ਖਰੀਦਕਰਨ ਅਤੇ ਉਸ ਦਾ ਸਟਾਕ ਕਰਨ ਦੀ ਇਜਾਜਤ ਦਿੱਤੀ ਜਾਣ ਲੱਗੀ ਸੀ। ਇਥੋਂ ਤਕ ਕਿ ਕੇਰਲ ਵਰਗੀਆਂ ਮਾਕਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਦੀ ਸੰਸਾਰ ਬੈਂਕ ਦੇ ਮਾਹਰਾਂ ਦੀ ਖੋਜ ਲੋਕਾਂ ਨੂੰ ਬੀ. ਪੀ. ਐਲ ਅਤੇ ਏ. ਪੀ. ਐਲ. ਕੈਟੇਗਰੀ 'ਚ ਵੰਡ ਕਰਨ ਵਾਲੀ ਟੀਚਾਗਤ ਜਨਤਾ ਵੰਡ ਪ੍ਰਣਾਲੀ ਦੀ ਇਸ ਸੁੱਧ ਨਵ-ਉਦਾਰਵਾਦੀ ਯੋਜਨਾ ਦੀ ਕੱਟੜ ਹਮਾਇਤੀ ਬਣ ਗਈ। ਇਸ

ਤਰ੍ਹਾਂ ਜੋ ਅਨਾਜ ਸਹੀ ਮੁੱਲ ਦੀਆਂ ਰਾਸ਼ਣ ਦੁਕਾਨਾਂ 'ਚ ਮੁਹੱਈਆ ਹੋਣਾ ਚਾਹੀਦਾ ਸੀ, ਉਸ ਦਾ ਇਕ ਵੱਡਾ ਹਿੱਸਾ ਖੁੱਲ੍ਹੇ ਬਾਜ਼ਾਰ 'ਚ ਜਾਣ ਲੱਗਿਆ, ਜਿਥੇ ਸੱਟੇਬਾਜਾਂ ਦਾ ਬੋਲਬਾਲਾ ਸੀ। ਜਨਤਕ ਵੰਡ ਪ੍ਰਣਾਲੀ ਪ੍ਰਤੀ ਸਰਕਾਰ ਦੀ ਬੇਰੁਖੀ ਅਤੇ ਭ੍ਰਿਸ਼ਟਾਚਾਰ ਦੀ ਵਜਾਹ ਨਾਲ ਜਮ੍ਹਾਖੋਰਾਂ ਲਈ ਕੰਮ ਕਰਨ ਵਾਲੇ ਅਫਸਰਸ਼ਾਹਾਂ ਨੂੰ ਐਫ. ਸੀ. ਆਈ. ਗੋਦਾਮਾ ਦੇ ਅਨਾਜ ਨੂੰ ਸਿੱਧੇ ਕਾਲਾ ਬਾਜ਼ਾਰੀ ਅਤੇ ਜਮ੍ਹਾਖੋਰੀ ਲਈ ਭੇਜਣਾ ਸੌਖਾ ਬਣਾ ਦਿੱਤਾ।

ਮਿਸਾਲ ਵਜੋਂ ਸਾਲ 2001 ਵਿੱਚ ਐਫ. ਸੀ. ਆਈ. ਨੇ ਦੇਸ਼ ਦੀ ਕੁੱਲ ਅੰਨ ਪੈਦਾਵਾਰ ਦਾ ਤਕਰੀਬਨ 30 ਫੀਸਦੀ ਅਨਾਜ ਖਰੀਦਿਆ ਸੀ ਜਦਕਿ ਸਾਲ 2007 ਵਿਚ ਪੈਦਾਵਾਰ 'ਚ ਵਾਧੇ ਦੀਆਂ ਖ਼ਬਰਾਂ ਦੇ ਬਾਵਜੂਦ ਐਫ. ਸੀ. ਆਈ. ਨੇ 15 ਫੀਸਦੀ ਤੋਂ ਘੱਟ ਅਨਾਜ ਦੀ ਹੀ ਖਰੀਦ ਕੀਤੀ ਸੀ। ਇਹ ਨਕਾਰਤਮਕ ਰੁਝਾਣ ਹੋਰ ਵੀ ਮਜ਼ਬੂਤ ਹੁੰਦਾ ਜਾ ਰਿਹਾ ਹੈ। ਇਸ ਨਾਲ ਅਨਾਜ ਦੀਆਂ ਕੀਮਤਾਂ ਬਨਾਉਟੀ ਤੌਰ 'ਤੇ ਵਧੀਆ ਹਨ। ਜਿਹਨਾਂ ਨੇ ਚੌਤਰਫਾ ਮਹਿੰਗਾਈ ਨੂੰ ਤੇਜ਼ ਕੀਤਾ ਹੈ। ਜੇ ਸਰਕਾਰ ਤੇ ਸਬੰਧਤ ਅਧਿਕਾਰੀ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਦੇ ਹਨ ਅਤੇ ਬਾਜ਼ਾਰ 'ਤੇ ਸਹੀ ਵੰਡ ਰੱਖਦੇ ਹਨ ਅਤੇ ਦੇਸ਼ ਭਰ 'ਚ ਫੈਲੇ ਨਿੱਜੀ ਸਨਅਤੀ ਘਰਾਣਿਆਂ ਦੇ ਗੋਦਾਮਾਂ 'ਤੇ ਛਾਪਾ ਮਾਰਦੇ ਹਨ ਤਦ ਜਾ ਕੇ ਵਧਦੀਆਂ ਕੀਮਤਾਂ 'ਤੇ ਲਗਾਮ ਪਾਈ ਜਾ ਸਕਦੀ ਹੈ। ਤੱਥ ਇਹ ਹੈ ਕਿ ਸਸਤੇ ਅਨਾਜ ਦਾ ਟੀਚਾ ਰੱਖਕੇ ਵੰਡ ਪ੍ਰਣਾਲੀ ਦੇ ਤਹਿਤ ਇਕ ਛੋਟੇ ਜਿਹੇ ਹਿੱਸੇ ਤੱਕ ਸੀਮਤ ਰੱਖਣ ਦੀ ਬਜਾਏ ਜਨਤਕ ਵੰਡ ਪ੍ਰਣਾਲੀ ਨੂੰ ਸੌਖਾ ਬਣਾਉਣ ਦਾ ਮੁੱਦਾ ਬਣਦਾ ਹੈ। ਲੋਕਾਂ ਵਿਚਕਾਰ ਗੰਭੀਰ ਚਰਚਾ ਦਾ ਵਿਸ਼ਾ ਬਣਦਾ ਹੈ। ਉਦਾਹਰਣ ਵਜੋਂ ਨੋਬਲ ਪੁਰਸਕਾਰ ਹਾਸਲ ਅਰਥਸ਼ਾਸ਼ਤਰੀ ਅਤੇ ਸੰਸਾਰ ਬੈਂਕ ਦੇ ਸਲਾਹਕਾਰ ਅਮ੍ਰਤਿਆ ਸੇਨ ਨੇ ਵੀ ਹਾਲ ਦੇ ਇਕ ਰੂਬਰੂ 'ਚ ਜਨਤਾ ਨੂੰ ਬੀ. ਪੀ. ਐਲ ਅਤੇ ਏ. ਪੀ. ਐਲ ਕੈਟੇਗਰੀ 'ਚ ਵੰਡਣ ਲਈ ਭਾਰਤੀ ਹਾਕਮਾ ਦੀ ਜ਼ੋਰਦਾਰ ਅਲੋਚਨਾ ਕੀਤੀ ਹੈ ਅਤੇ ਦੇਸ਼ ਦੀ ਜਨਤਕ ਵੰਡ ਪ੍ਰਣਾਲੀ ਦੇ ਤਹਿਤ ਸਭ ਨੂੰ ਸ਼ਾਮਲ ਕਰਨ ਦੀ ਅਪੀਲ ਕੀਤੀ ਹੈ। ਪਿੱਛੇ ਜਿਹੇ ਹੀ ਅਨਾਜ ਦੀ ਖਰੀਦ ਤੇ ਮਹਿੰਗਾਈ ਦੇ ਮੁੱਦੇ 'ਤੇ ਰਾਜਾਂ ਦੇ ਅਨਾਜ ਮੰਤਰੀਆਂ ਦੇ ਇਕ ਸੰਮੇਲਨ ਵਿੱਚ ਮਨਮੋਹਨ ਸਰਕਾਰ ਨੇ ਰਾਜ ਸਰਕਾਰਾਂ 'ਤੇ ਦਬਾਅ ਪਾਇਆ ਕਿ ਜਨਤਕ ਵੰਡ ਪ੍ਰਣਾਲੀ 'ਚ ਸੁਧਾਰ ਲਿਆਉਣ ਲਈ ਗਰੀਬੀ ਰੇਖਾ ਤੋਂ ਹੇਠਾਂ ਦੇ ਪਰਿਵਾਰਾਂ ਦੀ ਨਵੇਂ ਸਿਰੇ ਤੋਂ ਪਹਿਚਾਣ ਕੀਤੀ ਜਾਵੇ। ਤੱਥ ਇਹ ਹੈ ਕਿ ਮੌਜੂਦਾ ਜਨਤਕ ਵੰਡ ਪ੍ਰਣਾਲੀ ਅਨੁਸਾਰ ਰਾਜ ਸਰਕਾਰਾਂ ਵੱਲੋਂ ਜਾਰੀ ਪੀ. ਪੀ. ਐਲ. ਕਾਰਡ ਹੋਲਡਰਾਂ ਦੀ ਗਿਣਤੀ ਘੱਟ ਕੇ ਸਿਰਫ 11.03 ਕਰੋੜ ਹੀ ਰਹਿ ਗਈ ਹੈ। ਹਾਲ ਦੀ ਘੜੀ ਕੇਂਦਰ ਸਰਕਾਰ ਨੇ ਸਾਲ 1993-94 'ਚ ਗਰੀਬੀ ਦੇ ਮੁਲਅੰਕਣ ਦੇ ਅਧਾਰ 'ਤੇ ਇਸ ਕੈਟੇਗਰੀ ਦੇ ਸਿਰਫ 6.52 ਕਰੋੜਾਂ ਪਰਿਵਾਰਾਂ ਲਈ ਹੀ ਸਸਤੇ ਅਨਾਜ ਦੀ ਵੰਡ ਕੀਤੀ ਗਈ। ਹੁਣ ਯੋਜਨਾ ਕਮਿਸ਼ਨ ਦੇ ਸਾਲ 2009 ਦੇ ਮੁਲਅੰਕਣ ਦੇ ਅਧਾਰ 'ਤੇ ਕੇਂਦਰ ਸਰਕਾਰ ਨੇ ਇਹਨਾਂ ਦੀ ਗਿਣਤੀ ਨੂੰ ਹੋਰ ਵੀ ਘੱਟ ਕਰਦੇ ਹੋਇਆ 5.91 ਕਰੋੜ ਕਰਨ ਦਾ ਫੈਸਲਾ ਲਿਆ ਹੈ। ਕੇਂਦਰ ਸਰਕਾਰ ਵੱਲੋਂ ਪ੍ਰਸਤਾਵਿਤ ਕੌਮੀ ਖਾਦ ਸੁਰੱਖਿਆ ਕਾਨੂੰਨ ਦੇ ਮੱਦੇਨਜ਼ਰ ਰਾਜਾਂ ਤੇ ਕੇਂਦਰ ਸਾਸ਼ਿਤ ਰਾਜਾਂ ਨੂੰ ਭੇਜੇ ਸਰਕੂਲਰ 'ਚ ਕਿਹਾ ਗਿਆ ਹੈ ਕਿ "ਪ੍ਰਸਤਾਵਿਤ ਕਾਨੂੰਨ ਲਈ, ਅਜਿਹੇ ਬੀ. ਪੀ. ਐਲ. ਪਰਿਵਾਰਾਂ ਦੀ ਗਿਣਤੀ 'ਤੇ ਸੀਲਿੰਗ ਲਾਉਣ ਦਾ ਮੁੱਦਾ ਸਭ ਤੋਂ ਮਹੱਤਵਪੂਰਨ ਹੈ ਜੋ ਹਰ ਮਹੀਨੇ ਸਸਤੇ ਅਨਾਜ ਦੀ ਘੱਟੋ-ਘੱਟ ਕੁਝ ਮਾਤਰਾ ਹਾਸਲ

ਕਰਨ ਦੇ ਹੱਕਦਾਰ ਹੋਣਗੇ।" ਹਾਲਾਂਕਿ ਜ਼ਿਆਦਾਤਰ ਰਾਜ ਸਰਕਾਰਾਂ ਨੇ ਯੋਜਨਾ ਕਮਿਸ਼ਨ ਵੱਲੋਂ ਬੀ. ਪੀ. ਐਲ. ਸੂਚੀ ਵਿੱਚ ਹੋਰ ਵੱਧ ਕਾਂਟ-ਛਾਂਟ ਕਰਨ ਦਾ ਵਿਰੋਧ ਕੀਤਾ ਹੈ। ਪਰ ਕੇਂਦਰ ਸਰਕਾਰ ਆਪਣੇ ਸਾਮਰਾਜੀ ਪ੍ਰਭੂਆਂ ਦੇ ਨਿਰਦੇਸ਼ ਅਨੁਸਾਰ 'ਟੀਚੇ ਤਹਿਤ' ਬੀ. ਪੀ. ਐਲ. ਪਰਿਵਾਰਾਂ ਦੀ ਗਿਣਤੀ 'ਚ ਹੋਰ ਵੀ ਕਟੌਤੀ ਕਰਨ ਵੱਲ ਅੱਗੇ ਵਧ ਰਹੀ ਹੈ। ਅਨਾਜਾਂ ਦੀ ਖਰੀਦ ਲਈ ਘੱਟੋ ਘੱਟ ਸਹਾਇਕ ਮੁੱਲ ਵਧਾਉਣ ਦੀ ਕਿਸਾਨਾਂ ਦੀ ਮੰਗ ਨੂੰ ਵੀ ਨਹੀਂ ਮੰਨਿਆ ਗਿਆ ਹੈ। ਇਸ ਤਰ੍ਹਾਂ ਅਨਾਜ ਦੇ ਮੋਰਚੇ 'ਤੇ ਬੇਹੱਦ ਨਾਜੁਕ ਸਥਿਤੀ ਹੋਣ ਦੇ ਬਾਵਜੂਦ ਮਨਮੋਹਨ ਸਰਕਾਰ ਅਨਾਜ ਜਨਤਕ ਖਰੀਦ ਤੇ ਜਨਤਕ ਵੰਡ ਪ੍ਰਣਾਲੀ ਸਬੰਧੀ ਆਪਣੇ ਨਵ-ਉਦਾਰਵਾਦੀ ਰਵੱਈਏ 'ਤੇ ਅੜੀ ਹੋਈ ਹੈ। ਪ੍ਰਚੂਨ ਬਾਜ਼ਾਰ 'ਚ ਬਹੁਕੌਮੀ ਨਿਗਮਾ ਅਤੇ ਸਨਅਤੀ ਘਰਾਣਿਆ ਦੇ ਦਾਖਲੇ ਲਈ ਦਰਵਾਜੇ ਖੁੱਲ੍ਹੇ ਹਨ।

ਪਿੱਛੇ ਜਿਹੇ ਹੀ ਮਨਮੋਹਨ ਸਰਕਾਰ ਨੇ ਪ੍ਰਚੂਨ ਵਪਾਰ ਨੂੰ ਵੱਡੀਆਂ ਬਹੁਕੌਮੀ ਕੰਪਨੀਆਂ ਅਤੇ ਦੇਸ਼ ਸਨਅਤੀ ਘਰਾਣਿਆਂ ਲਈ ਖੋਹਲਣ ਦਾ ਫੈਸਲਾ ਕੀਤਾ ਹੈ। ਇਸ ਨਾਲ ਹਾਲਾਤ ਹੋਰ ਬਦਤਰ ਹੋਣਗੇ ਕਿਉਂਕਿ ਇਹ ਤਾਕਤਾਂ ਬਾਜ਼ਾਰ 'ਤੇ ਪੂਰਨ ਕੰਟਰੋਲ ਕਾਇਮ ਕਰਨ ਪਿੱਛੋਂ ਸੱਟਾ ਮੁਨਾਫਾ ਕਮਾਉਣ ਲਈ ਬਹੁਕੌਮੀ ਨਿਗਮ ਤੇ ਵੱਡੇ ਸਨਅਤੀ ਘਰਾਣਿਆਂ ਨੂੰ ਦਿੱਤੀ ਗਈ। ਖੁੱਲ੍ਹੀ ਛੋਟ ਦੇ ਦੂਰਗਾਮੀ ਮਾੜੇ ਸਿੱਟੇ ਹੋਣਗੇ। ਆਪਣੀ ਅਥਾਤ ਪੂੰਜੀ ਦੇ ਜ਼ੋਰ 'ਤੇ ਹਾਕਮ ਜਮਾਤ ਦੀਆਂ ਪਾਰਟੀਆਂ ਦੀ ਖੁੱਲ੍ਹੀ ਹਮਾਇਤ ਨਾਲ ਅਤੇ ਜ਼ਰੂਰੀ ਵਾਸਤਾਂ ਕਾਨੂੰਨ 'ਚ ਦਿੱਤੀ ਗਈ ਸੀ। ਢਿੱਲ ਨਾਲ ਬਣੀ ਸਥਿਤੀ ਦਾ ਫਾਇਦਾ ਉਠਾਉਂਦੇ ਹੋਇਆਂ ਇਹਨਾਂ ਸੱਟੇਬਾਜ ਰਾਖਸ਼ਾਂ ਨੇ ਇਕ ਦੇਸ਼ ਵਿਆਪੀ ਵਪਾਰਕ ਢਾਂਚਾ ਕਾਇਮ ਕਰ ਲਿਆ ਹੈ ਅਤੇ ਉਹ ਪੈਦਾਵਾਰ ਤੋਂ ਲੈ ਕੇ ਖਪਤ ਤਕ ਪੂਰੀ ਸਪਲਾਈ ਪ੍ਰਣਾਲੀ ਨੂੰ ਕੰਟਰੋਲ ਕਰਨ ਲੱਗੇ ਹਨ। ਉਹਨਾਂ ਖੇਤਾਂ 'ਚ ਖੜੀਆਂ ਫਸਲਾਂ ਨੂੰ ਖਰੀਦ ਲੈਣ ਅਤੇ ਫਿਰ ਵਾਅਦਾ ਕਾਰੋਬਾਰ ਲਈ ਵਸਤਾਂ ਦਾ ਸਟਾਕ ਜਮ੍ਹਾ ਕਰਨ ਦੀ ਇਜਾਜ਼ਤ ਵੀ ਮੁਹੱਈਆ ਕਰ ਦਿੱਤੀ ਗਈ ਹੈ। ਇਹਨਾਂ ਲੋਕ ਵਿਰੋਧੀ ਨੀਤੀਆਂ ਫੌਰੀ ਉਲਟਾ ਕੇ ਹੀ ਕੀਮਤਾਂ ਘੱਟ ਕੀਤੀਆਂ ਜਾ ਸਕਦੀਆਂ ਹਨ ਅਤੇ ਆਮ ਆਦਮੀ ਨੂੰ ਅਨਾਜ ਮੁਹੱਈਆ ਕਰਵਾਇਆ ਜਾ ਸਕਦਾ ਹੈ। ਇਹਨਾਂ ਨੀਤੀਆਂ ਨੂੰ ਉਲਟਾਉਣਾ ਅਤੀ ਜ਼ਰੂਰੀ ਹੈ ਕਿਉਂਕਿ ਇਸ ਸਾਲ ਖਰਾਬ ਮੌਸਮ ਕਾਰਨ ਦੇਸ਼ ਭਰ ਵਿੱਚ ਅਨਾਜ ਦੀ ਸਲਾਨਾ ਪੈਦਾਵਾਰ 'ਚ ਗਿਰਾਵਟ ਦੀ ਭਵਿੱਖਬਾਣੀ ਤੋਂ ਪਹਿਲਾਂ ਹੀ ਖਤਰੇ ਦੀ ਘੰਟੀ ਵੱਜ ਚੁੱਕੀ ਹੈ। ਨਾਲ ਹੀ ਸਰਕਾਰ ਨੂੰ ਫੌਰੀ ਦਖਲਅੰਦਾਜ਼ੀ ਕਰਕੇ ਲਾਭਦਾਇਕ ਮੁੱਲ ਦੇ ਬਰਾਬਰ ਘੱਟੋ ਘੱਟ ਸਹਾਇਕ ਮੁੱਲ ਦਾ ਐਲਾਨ ਕਰਨਾ ਚਾਹੀਦਾ ਹੈ ਅਤੇ ਐਫ. ਸੀ. ਆਈ. ਤੇ ਹੋਰ ਤਰੀਕਿਆਂ ਨਾਲ ਕਿਸਾਨਾਂ ਤੋਂ ਸਿੱਧੀਆਂ ਖੇਤੀ ਵਸਤਾਂ ਦੀ ਖਰੀਦ ਕਰਨੀ ਚਾਹੀਦੀ ਹੈ। ਇਸਦੇ ਨਾਲ-ਨਾਲ ਮਜ਼ਦੂਰਾਂ ਬੇਜ਼ਮੀਨੇ ਗਰੀਬ ਕਿਸਾਨਾਂ ਅਤੇ ਹੋਰ ਮੇਹਨਤਕਸ਼ ਲੋਕਾਂ ਦੀ ਸਰਗਰਮ ਹਿੱਸੇਦਾਰੀ ਦੇ ਨਾਲ ਜਮ੍ਹਾਖੋਰੀ ਖਿਲਾਫ ਮੁਹਿੰਮ ਚਲਾਉਣੀ ਚਾਹੀਦੀ ਹੈ। ਜ਼ਰੂਰੀ ਵਸਤਾਂ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨ ਦੀ ਲੋੜ ਹੈ। ਅਜਿਹਾ ਕਰਨ ਦੀ ਬਜਾਏ ਖੂੰਖਾਰ ਮੈਕਿਨਸੇ ਰਿਪੋਰਟ ਦੇ ਅਧਾਰ 'ਤੇ ਮਨਮੋਹਨ ਸਰਕਾਰ ਜਾਣ ਬੁੱਝ ਕੇ ਐਫ. ਸੀ. ਆਈ. ਰਾਹੀਂ ਜਨਤਕ ਖਰੀਦ ਤੋਂ ਪਿੱਛੇ ਹਟ ਰਹੀ ਹੈ ਅਤੇ ਰਿਲਾਇੰਸ ਵਰਗੇ ਵਸਤੂਆਂ ਦੇ ਸੱਟੇਬਾਜ ਤੇ ਜਮ੍ਹਾਖੋਰਾਂ ਨੂੰ ਹੱਲਾਸ਼ੇਰੀ ਦੇ ਰਹੀ ਹੈ। ਜੋ ਕਿਸਾਨਾਂ ਤੋਂ ਖੁਦ ਖਰੀਦ ਕਰਕੇ ਅਨਾਜ ਦੀ ਵੱਡੇ ਪੈਮਾਨੇ 'ਤੇ ਜਮ੍ਹਾਖੋਰੀ 'ਚ ਲੱਗੇ ਹੋਏ ਹਨ। ਐਫ. ਸੀ. ਆਈ. ਦੀ ਭੂਮਿਕਾ ਨੂੰ ਘੱਟ ਕਰਨ ਦੇ ਨਾਲ ਨਾਲ

ਰਾਜਾਂ ਨੂੰ ਮਿਲਣ ਵਾਲੇ ਅਨਾਜ ਦੇ ਕੋਟੇ 'ਚ ਕਟੌਤੀ ਕੀਤੀ ਜਾ ਰਹੀ ਹੈ। ਗਰੀਬੀ ਰੇਖਾ ਨੂੰ ਇਸ ਤਰ੍ਹਾਂ ਖਿੱਚਿਆ ਗਿਆ ਹੈ ਕਿ ਬੀ. ਪੀ. ਐਲ. ਸੂਚੀ ਤੋਂ ਐਲਾਨ ਗਏ ਦੋ ਤਿਹਾਈ ਮਜ਼ਦੂਰ ਬਾਹਰ ਹੋ ਗਏ ਹਨ। ਹੁਣ ਸਭ ਅਖੌਤੀ ਕੌਮੀ ਅਨਾਜ ਸੁਰੱਖਿਆ ਦੇ ਨਾਂ 'ਤੇ ਕੀਤਾ ਗਿਆ ਹੈ। ਸਾਫ ਤੌਰ 'ਤੇ ਕਹੀਏ ਤਾਂ ਅੱਜ ਜਨਤਕ ਵੰਡ ਪ੍ਰਣਾਲੀ ਜਿਸ ਰੂਪ 'ਚ ਬਿਰਾਜਮਾਨ ਹੈ। ਉਸ ਦਾ ਲੋਕ ਵਿਰੋਧੀ ਕਿਰਦਾਰ ਹੀ ਮੌਜੂਦਾ ਸੰਕਟ ਨੂੰ ਜਨਮ ਦੇ ਰਿਹਾ ਹੈ। ਖੁਦ ਯੋਜਨਾ ਕਮਿਸ਼ਨ ਦੇ ਮੁਲਅੰਕਣ ਅਨੁਸਾਰ ਹੀ ਅੱਜ ਦੇਸ਼ ਦੀ 77 ਫੀਸਦੀ ਆਬਾਦੀ ਦੀ ਰੋਜਾਨਾ ਆਮਦਨ ਸਿਰਫ 20 ਰੁਪਏ ਹੈ। ਫਿਰ ਵੀ ਜਨਤਕ ਵੰਡ ਪ੍ਰਣਾਲੀ ਤੋਂ ਲੋਕਾਂ ਦੇ ਬਹੁਮਤ ਨੂੰ ਵੱਖਰਾ ਰੱਖਿਆ ਗਿਆ ਹੈ।

**ਖੇਤੀ ਦਾ ਵਪਾਰੀਕਰਨ** - ਅਨਾਜ ਦੀਆਂ ਆਕਸ਼ ਛੂੰਹਦੀਆਂ ਕੀਮਤਾਂ ਪਿੱਛੇ ਇਕ ਕਾਰਨ ਹੈ ਖੇਤੀ ਪ੍ਰਤੀ ਯੂ. ਪੀ. ਏ. ਸਰਕਾਰ ਦਾ ਨਜ਼ਰੀਆ। ਸਰਕਾਰ ਦੀ ਖੇਤੀ ਨੀਤੀ ਉਸ ਦੇ ਵਪਾਰੀਕਰਨ ਦੀ ਨੀਤੀ ਹੈ। ਇਸ ਨੀਤੀ ਤਹਿਤ ਇਕ ਪਾਸੇ ਤਾਂ ਸਥਾਨਕ ਬਾਜ਼ਾਰ ਦੀ ਲੋੜ ਦੇ ਅਨੁਸਾਰ ਅਨਾਜਾਂ ਦੀ ਖੇਤੀ ਨੂੰ ਨਿਰਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਥੇ ਦੂਜੇ ਪਾਸੇ ਬਰਾਮਦ ਲਈ ਜੈਵਿਕਬਾਲਣ (ਫਿਊਲ) ਵਰਗੀਆਂ ਨਕਦੀ ਫਸਲਾਂ ਦੀ ਖੇਤੀ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਨਿਸ਼ਚੈ ਹੀ ਸੰਸਾਰ ਪੱਧਰ 'ਤੇ ਇਹ ਰੁਝਾਨ ਵਧ ਰਿਹਾ ਹੈ। ਉਦਾਹਰਣ ਵਜੋਂ ਇਸ ਸਾਲ ਅਮਰੀਕਾ 'ਚ ਮੱਕੀ ਪੈਦਾਵਾਰ ਦੇ 20 ਫੀਸਦੀ ਜੈਵਿਕ-ਤੇਲ (ਫਿਊਲ) ਦੇ ਨਿਰਮਾਣ ਲਈ ਵਰਤੋਂ ਕੀਤੀ ਜਾਵੇਗੀ। ਅਸਲ ਵਿੱਚ ਅਨਾਜ ਦੀ ਖੇਤੀ ਦੀ ਥਾਂ ਨਕਦੀ ਫਸਲਾਂ ਅਤੇ ਜੈਵ-ਤੇਲ ਲਈ ਖੇਤੀ ਦਾ ਰੁਝਾਣ ਖਤਰਨਾਕ ਰੂਪ 'ਚ ਵਧ ਰਿਹਾ ਹੈ। ਇਸ ਰੁਝਾਣ ਨੂੰ ਵੇਖਦੇ ਹੋਇਆ ਅੰਮ੍ਰਿਤਆ ਸੇਨ ਨੂੰ ਪਿੱਛੇ ਜਿਹੇ ਹੀ ਇਹ ਟਿੱਪਣੀ ਕਰਨ ਲਈ ਮਜ਼ਬੂਰ ਹੋਣਾ ਪਿਆ ਕਿ "2005 'ਚ ਅਮਰੀਕੀ ਸੰਸਦ ਨੇ ਮੋਟਰ ਤੇਲ ਲਈ ਇਥਨਾਲ (ਜੈਵ-ਤੇਲ) ਦੇ ਵਪਾਰਕ ਤੌਰ 'ਤੇ ਵਰਤੋਂ ਲਾਜ਼ਮੀ ਬਣਾਉਣਾ ਸ਼ੁਰੂ ਕੀਤਾ। ਇਸ ਕਾਨੂੰਨ ਕਾਰਨ ਅਤੇ ਇਥਨਾਲ ਦੀ ਵਰਤੋਂ ਲਈ ਸਰਕਾਰੀ ਗਰਾਂਟ ਦੀ ਵਜਾਹ ਕਰਕੇ ਅਮਰੀਕਾ 'ਚ ਮੱਕਾ ਬਾਜ਼ਾਰ ਵੱਧ ਫੁੱਲ ਰਿਹਾ ਹੈ। ਪਰ ਇਸ ਨੇ ਖੇਤੀ ਸਾਧਨਾ ਨੂੰ ਅਨਾਜ ਪੈਦਾਵਾਰ ਤੋਂ ਵੱਖ ਕਰਕੇ ਤੇਲ (ਫੁੱਲ) ਵੱਲ ਮੋੜ ਦਿੱਤਾ ਹੈ। ਇਸ ਨੇ ਭੁੱਖੇ ਪੇਟ ਨੂੰ ਮੁਕਾਬਲਾ ਕਰਨ ਹੋਰ ਮੁਸ਼ਕਲ ਬਣਾ ਦਿੱਤਾ ਹੈ। ਇਥਨਾਲ ਦੀ ਵਰਤੋਂ ਨੇ ਸੰਸਾਰਕ ਗਰਮਾਹਟ ਅਤੇ ਵਾਤਾਵਰਣ ਵਿਨਾਸ਼ ਨੂੰ ਰੋਕਣ ਵਿਚ ਕੋਈ ਖਾਸ ਮਦਦ ਨਹੀਂ ਕੀਤੀ ਹੈ ਅਤੇ ਜੇ ਅਮਰੀਕੀ ਰਾਜਨੀਤੀ ਇਸ ਦੀ ਇਜਾਜਤ ਦਿੰਦੀ ਹੈ ਤਾਂ ਉਥੇ ਸਾਫ ਸਮਝ ਦੇ ਨਾਲ ਫੌਰੀ ਤੌਰ 'ਤੇ ਨੀਤੀਗਤ ਸੁਧਾਰ ਕਰਨ ਦੀ ਲੋੜ ਹੈ। ਇਥਨੋਲ ਦੀ ਵਰਤੋਂ ਲਈ ਗਰਾਂਟ ਦੇਣ ਅਤੇ ਉਸ ਨੂੰ ਕਾਬਰੀ ਲਾਗੂ ਕਰਨ ਦੀ ਬਜਾਏ ਉਸ ਦੀ ਵਰਤੋਂ 'ਚ ਕਟੌਤੀ ਕੀਤੀ ਜਾਣੀ ਚਾਹੀਦੀ ਹੈ। ਸੰਸਾਰ ਅਰਥਚਾਰੇ ਦੇ ਬੇਹੱਦ ਅਸੰਤੁਲਿਨ ਵਿਸਥਾਰ ਦੇ ਦੂਰ-ਪ੍ਰਭਾਵਾਂ ਨਾਲ ਨਿਪਟਣ ਲਈ ਪ੍ਰਭਾਵਸ਼ਾਲੀ ਨੀਤੀਆਂ ਦੀ ਤਲਾਸ਼ ਕਰਨਾ। ਮੱਠੀ ਰਫਤਾਰ ਨਾਲ ਵਿਕਾਸ ਕਰ ਰਹੇ ਸਾਰੇ ਦੇਸ਼ਾਂ 'ਚ ਦੇਸੀ ਆਰਥਕ ਸੁਧਾਰ ਬੇਹੱਦ ਜ਼ਰੂਰੀ ਹਨ ਪਰ ਇਸ ਮੁੱਦੇ 'ਤੇ ਸੰਸਾਰਕ ਸਹਿਯੋਗ ਅਤੇ ਮਦਦ ਦੀ ਹੋਰ ਵੱਧ ਲੋੜ ਹੈ। ਪਹਿਲਾਂ ਕੰਮ ਹੈ ਸਮੱਸਿਆ ਦੀ ਬਣਤਰ ਨੂੰ ਸਮਝਣਾ।"

ਅੰਨ ਦੀਆਂ ਫਸਲਾਂ ਦੀ ਥਾਂ 'ਤੇ ਨਕਦੀ ਫਸਲਾਂ ਦਾ ਇਹ ਵਧਦਾ ਰੁਝਾਣ ਭਾਰਤ 'ਚ ਵੀ ਤੇਜ ਹੁੰਦਾ ਜਾ ਰਿਹਾ ਹੈ। ਹਾਲਾਂਕਿ ਸਰਕਾਰੀ ਅੰਕੜੇ ਅਨਾਜ ਦੀ ਰਿਕਾਰਡ ਪੈਦਾਵਾਰ ਦੀ ਗੱਲ ਕਰਦੇ ਹਨ ਪਰ ਸਾਡੇ ਦੇਸ਼ ਵਿੱਚ ਜਿਥੇ ਜਨ ਸੰਖਿਆ

ਵਾਧਾ ਦਰ ਅੱਜ ਵੀ 2.1 ਫੀਸਦੀ ਸਲਾਨਾ ਹੈ, 1990 ਦੇ ਦਹਾਕੇ 'ਚ ਅਨਾਜ ਦੀ ਸਲਾਨਾ ਵਾਧਾ ਦਰ ਸਿਰਫ 1.7 ਫੀਸਦੀ ਹੀ ਰਹੀ ਜਦਕਿ 1980 ਦੇ ਦਹਾਕੇ 'ਚ ਇਹ ਵਾਧਾ ਦਰ 2.8 ਦੀ ਦਰ ਨਾਲ ਹੋਇਆ ਸੀ। ਖੇਤੀ ਤੋਂ ਪਹਿਲੇ ਤਬਕਿਆਂ ਦੇ ਹੱਥਾਂ ਵਿੱਚ ਭੂਮੀ ਦਾ ਬੇਹੱਦ ਕੇਂਦਰੀਕਰਨ ਤੇ ਜਮੀਨ ਨੂੰ ਅਸਲ 'ਚ ਵਾਹੁਣ ਵਾਲੇ ਕਿਸਾਨਾਂ ਵਿਚ ਵਧਦੀ ਦਰਦਿਤਾ ਅਤੇ ਬੇਜ਼ਮੀਨੀ ਖੇਤੀ ਖੇਤਰ ਵਿੱਚ ਸਰਕਾਰ ਨਿਵੇਸ਼ 'ਚ ਵਿਆਪਕ ਕਟੌਤੀ ਅਨਾਜ ਪੈਦਾ ਕਰਨ ਵਾਲੇ ਇਲਾਕਿਆਂ ਨੂੰ ਖੇਤੀ ਵਪਾਰਕ ਕੰਪਨੀਆਂ ਦੀ ਅਗਵਾਈ ਵਿੱਚ ਜੈਵ-ਤੇਲ ਤੇ ਹੋਰ ਨਕਦੀ ਫਸਲਾਂ ਦੀ ਖੇਤੀ 'ਚ ਤਬਦੀਲੀ (ਯੂ. ਪੀ. ਏ. ਸਰਕਾਰ ਦੀ ਹਕੂਮਤ ਸਮੇਂ ਲਗਭਗ ਦੋ ਕਰੋੜ ਏਕੜ ਭੂਮੀ ਨੂੰ ਜਿੱਥੇ ਅਨਾਜਾਂ ਦੀ ਖੇਤੀ ਕੀਤੀ ਜਾਂਦੀ ਸੀ, ਨਕਦੀ ਫ਼ਸਲਾਂ ਦੀ ਖੇਤੀ 'ਚ) ਤਬਦੀਲ ਕਰ ਦਿੱਤਾ ਗਿਆ ਹੈ। ਆਦਿ ਵੱਡੇ ਕਾਰਨ ਹਨ ਜੋ ਸਾਡੇ ਦੇਸ਼ 'ਚ ਅਨਾਜ ਸੰਕਟ ਪੈਦਾ ਕਰ ਰਹੇ ਹਨ। ਇਸ ਦੇ ਨਾਲ ਨਾਲ ਕੇਂਦਰ ਸਰਕਾਰ ਰਾਹੀਂ ਖੇਤੀ ਖੇਤਰ 'ਚ ਪੂੰਜੀਗਤ ਨਿਵੇਸ਼ ਵੀ ਲਗਾਤਾਰ ਘਟਦਾ ਗਿਆ ਹੈ। ਖੇਤੀ ਨਿਵੇਸ਼ ਲਈ ਦਿੱਤੀਆਂ ਜਾਣ ਵਾਲੀਆਂ ਰਾਜਕੀ ਗਰਾਂਟਾਂ 'ਚ ਕਟੌਤੀ ਸਹਾਇਕ ਮੁੱਲਾਂ ਦੀਆਂ ਯੋਜਨਾਵਾਂ ਦਾ ਤਿਆਗ ਤੇ WTO ਤੇ ਆਸਿਆਨ ਵਰਗੀਆਂ ਸੰਧੀਆਂ ਰਾਹੀਂ ਕਿਸਾਨਾਂ ਨੂੰ ਵਿਸ਼ਵੀ ਬਾਜ਼ਾਰ ਦੇ ਉਤਰਾਅ-ਚੜ੍ਹਾਅ ਦੇ ਰਹਿਮੋ ਕਰਮ ਨੂੰ ਛੱਡ ਦੇਣ ਦੀ ਵਜਾਹ ਕਰਕੇ ਵੀ ਅਨਾਜ ਦੀ ਖੇਤੀ ਦੀ ਥਾਂ ਨਕਦੀ ਫਸਲਾਂ ਦੀ ਖੇਤੀ ਵੱਲ ਰੁਝਾਣ ਵਧਿਆ ਹੈ। ਸਿੱਟੇ ਵਜੋਂ ਕਿਸਾਨ ਖੇਤੀ ਵਪਾਰਕ ਕੰਪਨੀਆਂ ਦੇ ਬੰਧਕ ਬਣ ਗਏ ਹਨ, ਜਿਥੇ ਕਿਸਾਨਾਂ ਨੂੰ ਇਹਨਾਂ ਕੰਪਨੀਆਂ ਦੇ ਹੁਕਮ 'ਤੇ ਠੇਕੇ 'ਤੇ ਅਧਾਰਤ ਕੰਮ ਕਰਨਾ ਪੈਂਦਾ ਹੈ।

**ਅੰਕੜਿਆਂ ਦਾ ਗਧੀਗੇੜ** - ਇਸ ਪ੍ਰਸੰਗ 'ਚ ਇਕ ਅਜਿਹੇ ਸਮੇਂ 'ਚ ਜਦ ਆਮ ਆਦਮੀ ਪ੍ਰਚੂਨ ਬਾਜ਼ਾਰ 'ਚ ਅਨਾਜ ਤੇ ਹੋਰ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ 'ਚ ਦੋ ਅੰਕਾਂ ਦੀ ਮਹਿੰਗਾਈ ਦਰ ਨਾਲ ਜਖਮੀ ਹੈ। ਸਰਕਾਰ ਦਾ ਇਹ ਦਾਅਵਾ ਕਿ ਮੁਦਰਾ ਸਫਿਤੀ ਤੇ ਮਹਿੰਗਾਈ ਨਾਕਾਰਤਮਕ ਹੋ ਗਈ ਹੈ, ਸਾਡੇ ਦੇਸ਼ ਦੀ ਵਿਆਪਕ ਬਹੁਮਤ ਮੇਹਨਤਕਸ਼ ਜਨਤਾ ਦਾ ਅਪਮਾਨ ਅਤੇ ਸੜੇ ਜਖਮਾਂ 'ਤੇ ਨਮਕ ਛਿੜਕਣ ਵਾਲਾ ਹੈ। ਥੋਕ ਮੁੱਲ ਸੂਚਕਾਂਕ 'ਤੇ ਜ਼ੋਰ ਦਿੰਦਿਆਂ ਜਿਸ 'ਚ ਪਿੱਛੇ ਜਿਹੇ ਹੀ 16 ਫੀਸਦੀ ਦੀ ਘਾਟੀ ਵਾਧਾ ਦਰ ਦੇਖਣ 'ਚ ਆਈ ਹੈ। ਸਰਕਾਰ ਇਹ ਭਰਮ ਫੈਲਾ ਰਹੀ ਹੈ ਕਿ ਸਿੱਕੇ ਦਾ ਫੈਲਾਅ ਤੇ ਮਹਿੰਗਾਈ ਬੀਤੇ ਦਿਨਾਂ ਦੀ ਗੱਲ ਹੋ ਗਈ ਹੈ। ਪਰ ਸੰਸਦ 'ਚ ਮੁੱਲ ਵਾਧੇ ਦਾ ਮੁੱਦਾ ਉੱਠਣ 'ਤੇ ਖੁਦ ਮਨਮੋਹਨ ਸਿੰਘ ਨੂੰ ਦੇਸ਼ 'ਚ ਵਧਦੀਆਂ ਕੀਮਤਾਂ ਦੇ ਅਮਲ ਨੂੰ ਮੰਨਣਾ ਪਿਆ ਹੈ।

ਅੱਜ ਥੋਕ ਮੁੱਲ ਸੂਚਕਾਂਕ ਅਤੇ ਖਪਤਕਾਰ ਮੁੱਲ ਸੂਚਕਾਂਕ ਦੋ ਇਕ ਦੂਜੇ ਦੇ ਉਲਟ ਦਿਸ਼ਾਵਾਂ 'ਚ ਚਲ ਰਹੇ ਹਨ ਅਤੇ ਥੋਕ ਮੁੱਲ ਸੂਚਕਾਂਕ ਦੇ ਕਥਿਤ ਤੌਰ 'ਤੇ ਨਕਾਰਤਮਕ ਕਹਿੰਦੇ ਹੋਏ ਵੀ ਖਪਤਕਾਰ ਮੁੱਲ ਸੂਚਕਾਂਕ ਦਹਾਈ ਦੇ ਅੰਕਾਂ 'ਚ ਪਹੁੰਚ ਚੁੱਕਿਆ ਹੈ। ਅਜਿਹੇ ਸਮੇਂ ਵਿੱਚ ਥੋਕ ਮੁੱਲ ਸੂਚਕਾਂਕ ਦੇ ਭਰਮਾਊ ਅੰਕੜਿਆਂ ਨੂੰ ਅਧਾਰ ਬਣਾ ਕੇ ਸਿੱਕੇ ਦੇ ਫੈਲਾਅ ਬਾਰੇ 'ਚ ਨੀਤੀਗਤ ਫੈਸਲਾ ਲਿਆ ਜਾਣਾ ਅਤੇ ਉਸ ਨੂੰ ਲਾਗੂ ਕਰਨਾ ਬੇਮਾਨੀ ਹੈ। ਕਿਉਂਕਿ ਆਮ ਆਦਮੀ ਤਾਂ ਖਪਤਕਾਰ ਮੁੱਲਾਂ ਨਾਲ ਪ੍ਰਭਾਵਿਤ ਹੁੰਦਾ ਹੈ। 1990 ਦੇ ਦਹਾਕੇ ਤੱਕ ਸਰਕਾਰ ਮੁਦਰਾਸਫਿਤੀ ਦੀ ਦਰ ਨੂੰ ਮਾਪਣ ਲਈ ਥੋਕ ਮੁੱਲ ਸੂਚਕਾਂਕ ਅਤੇ ਖਪਤਕਾਰ ਮੁੱਲ ਸੂਚਕਾਂਕ ਦੋਨੋਂ 'ਤੇ ਵਿਚਾਰ ਕਰਦੀ ਸੀ ਪਰ ਆਰਥਕ ਨੀਤੀਆਂ ਦੇ ਨਿਰਧਾਰਣ ਵਿੱਚ ਨਵ-ਉਦਾਰਵਾਦ

ਦੇ ਮਾੜੇ ਪ੍ਰਭਾਵ ਪਿੱਛੋਂ ਅਤੇ ਇਸ ਦੇ ਲੋਕ ਵਿਰੋਧੀ ਰੂਪ ਅਨੁਸਾਰ ਥੋਕ ਮੁੱਲ ਸੂਚਕਾਂਕ ਮੁਦਰਾ ਸਫਿਤੀ ਅਤੇ ਮੁੱਲ ਵਾਧੇ ਦੇ ਮੁਲਅੰਕਨ ਦਾ ਅਧਾਰ ਬਣ ਗਿਆ। ਇਸ ਤਰ੍ਹਾਂ ਅਰਥ ਨੀਤੀ 'ਚ ਦੱਖਣਪੰਥੀ ਰੁਝਾਣ ਨਾਲ ਆਮ ਆਦਮੀ ਕਿਸ ਹੱਦ ਤੱਕ ਬੁਰੀ ਤਰ੍ਹਾਂ ਪੀੜਤ ਹੈ। ਇਸ 'ਤੇ ਪਰਦਾ ਪਾਉਣ ਦਾ ਕੰਮ ਕੀਤਾ ਜਾਣ ਲੱਗਿਆ ਹੈ। ਇਥੇ ਇਸ ਪਹਿਲੂ 'ਤੇ ਜ਼ੋਰ ਦੇਣ ਦੀ ਲੋੜ ਹੈ ਕਿ ਆਮ ਲੋਕ ਆਪਣੇ ਰੋਜਮਰਾ ਦੇ ਜੀਵਨ 'ਚ ਇਸ ਹੱਦ ਤਕ ਮਹਿੰਗਾਈ ਦੀ ਮਾਰ ਝੱਲ ਰਹੀ ਹੈ। ਅਖੌਤੀ ਥੋਕ ਮੁੱਲ ਸੂਚਕਾਂਕ ਨਾਲ ਉਸ ਦੀ ਗੰਭੀਰਤਾ ਦਾ ਅਸਲੀ ਅਹਿਸਾਸ ਨਹੀਂ ਹੁੰਦਾ ਹੈ। ਥੋਕ ਮੁੱਲ ਸੂਚਕਾਂਕ ਦੀ ਗਣਨਾ ਵਿੱਚ ਅਨਾਜ ਨੂੰ 22 ਫੀਸਦੀ ਦਾ ਵਜਨ ਦਿੱਤਾ ਜਾਂਦਾ ਹੈ ਤੇ ਬਿਜਲੀ ਸਮੇਤ ਬਾਲਣ ਆਦਿ ਨੂੰ ਲਗਭਗ 12 ਫੀਸਦੀ ਦਾ ਵਜਨ ਦਿੱਤਾ ਜਾਂਦਾ ਹੈ। ਜਦਕਿ ਕਾਰਖਾਨਿਆਂ 'ਚ ਨਿਰਮਿਤ ਵਸਤਾਂ ਨੂੰ ਥੋਕ ਮੁੱਲ ਸੂਚਕਾਂ ਦੇ ਨਿਰਧਾਰਨ 'ਚ 64 ਫੀਸਦੀ ਵਜਨ ਦਿੱਤਾ ਜਾਂਦਾ ਹੈ। ਜਿਸ ਦਾ ਮੁੱਲ ਵਾਧਾ ਮੁਕਾਬਲਤਣ ਆਮ ਹੁੰਦਾ ਹੈ। ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਸਿੱਕੇ ਦੇ ਫੈਲਾਅ ਬਾਰੇ ਸਰਕਾਰੀ ਅੰਕੜਿਆਂ 'ਚ ਅਨਾਜ ਤੇ ਬਾਲਣ ਦੀ ਮੌਜੂਦਾ ਮੁੱਲ ਵਾਧੇ ਦੀ ਤੇਜ਼ੀ ਦਾ ਸਹੀ ਪ੍ਰਤੀਫਲਨ ਨਹੀਂ ਹੁੰਦਾ ਹੈ ਜਦਕਿ ਬਹੁਮਤ ਗਰੀਬ ਲੋਕ ਆਪਣੀ ਪੂਰੀ ਆਮਦਨ ਦਾ ਇਕ ਬਹੁਤ ਵੱਡਾ ਹਿੱਸਾ ਇਹਨਾਂ ਚੀਜ਼ਾਂ 'ਤੇ ਖਰਚ ਕਰਦੇ ਹਨ।

ਇਸ ਲਈ ਮਹਿੰਗਾਈ ਦੀ ਅਸਲੀ ਤਸਵੀਰ ਨੂੰ ਜਾਨਣ ਲਈ ਜਨਤਾ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ ਨਵੀਂ-ਬਸਤੀਵਾਦੀ ਮਾਹਰਾਂ ਰਾਹੀਂ ਤਿਆਰ ਇਹਨਾਂ ਅੰਕੜਿਆਂ ਤੋਂ ਹਟ ਕੇ ਅਸਲੀ ਸਥਿਤੀ ਨੂੰ ਦੇਖਣ ਦੀ ਜ਼ਰੂਰਤ ਹੈ। ਸਾਫ ਸਾਫ ਕਹੀਏ ਤਾਂ ਥੋਕ ਮੁੱਲ ਸੂਚਕਾਂਕ 'ਚ ਕਾਰਖਾਨਿਆਂ 'ਚ ਨਿਰਮਿਤ ਵਸਤੂਆਂ ਦੀਆਂ ਕੀਮਤਾਂ 'ਚ ਕਮੀ ਵੱਡੀ ਨਜ਼ਰ ਆਵੇਗੀ। ਜਿਸ ਦੀ ਬਹੁਤੀ ਖਪਤ ਸਮਾਜ ਦੇ ਉਪਰੀ ਤਬਕੇ ਦੇ ਲੋਕ ਆਪਣੀ ਸੁੱਖ ਸਹੂਲਤ ਲਈ ਕਰਦੇ ਹਨ। ਥੋਕ ਮੁੱਲ ਸੂਚਕਾਂਕ ਦੀ ਗਣਨਾ ਵਿੱਚ ਖਾਦ ਪਦਾਰਥਾਂ ਤੇ ਜ਼ਰੂਰੀ ਵਸਤੂਆਂ ਨੂੰ ਦਿੱਤੇ ਗਏ ਘਟ ਵਜਨ ਦੀ ਵਜਾਹ ਕਾਰਨ ਇਹਨਾਂ ਦੀਆਂ ਕੀਮਤਾਂ 'ਚ ਵਾਧਾ ਦਬ ਕੇ ਰਹਿ ਜਾਵੇਗਾ। ਸਭ ਜਾਣਦੇ ਹਨ ਕਿ ਭਾਰਤ ਵਰਗੇ ਇਕ ਵਿਸ਼ਾਲ ਦੇਸ਼ ਵਿੱਚ ਜਿੱਥੇ ਬਾਜ਼ਾਰ ਏਨਾ ਝਮੇਲਿਆਂ ਤੇ ਮਿਲਾਵਟ ਭਰਿਆ ਹੈ। ਥੋਕ ਮੁੱਲਾ ਤੇ ਪ੍ਰਚੂਨ ਮੁੱਲਾਂ 'ਚ ਭਾਰੀ ਫਰਕ ਹੋਣਾ ਸੁਭਾਵਿਕ ਹੈ। ਸੱਚ ਤਾਂ ਇਹ ਹੈ ਕਿ ਆਮ ਆਦਮੀ ਵੱਲੋਂ ਚੁਕਾਈ ਜਾਣ ਵਾਲੀਆਂ ਪ੍ਰਚੂਨ ਕੀਮਤਾਂ ਹਮੇਸ਼ਾ ਹੀ ਉਹਨਾਂ ਦੀਆਂ ਥੋਕ ਕੀਮਤਾਂ ਤੋਂ ਕਈ ਫੀਸਦੀ ਵੱਧ ਹੁੰਦੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪੈਦਾਵਾਰ ਤੇ ਖਪਤ ਵਿਚਾਲੇ ਕਈ ਸਾਰੇ ਵਿਚੋਲਿਆਂ ਅਤੇ ਕਈ ਸਾਰੇ ਕੇਂਦਰਾਂ ਦਾ ਹੋਣਾ ਅਤੇ ਵੱਖ-ਵੱਖ ਪੱਧਰਾਂ 'ਤੇ ਰਾਜ ਦੇ ਟੈਕਸਾਂ ਦਾ ਲੱਗਣਾ। ਇਸ ਦੀ ਸਭ ਤੋਂ ਅੱਛੀ ਮਿਸਾਲ ਇਹ ਹੈ ਕਿ ਪੈਟ੍ਰੋਲੀਅਮ ਪਦਾਰਥਾਂ ਦੀ ਕੀਮਤ। ਇਹ ਗਣਨਾ ਕੀਤੀ ਗਈ ਹੈ ਕਿ ਪੈਟਰੋਲ ਦੀ ਪ੍ਰਚੂਨ ਕੀਮਤ ਦਾ 53 ਫੀਸਦੀ ਕੇਂਦਰ ਤੇ ਰਾਜ ਸਰਕਾਰਾਂ ਰਾਹੀਂ ਵੱਖ-ਵੱਖ ਪੱਧਰਾਂ 'ਤੇ ਲਾਏ ਗਏ ਵੱਖ-ਵੱਖ ਟੈਕਸਾਂ ਦਾ ਹੁੰਦਾ ਹੈ, ਜੋ ਥੋਕ ਮੁੱਲ ਸੂਚਕਾਂਕ ਦੀ ਗਣਨਾ 'ਚ ਸ਼ਾਮਲ ਨਹੀਂ ਹੁੰਦਾ ਹੈ। ਇਸ ਤੋਂ ਇਲਾਵਾ ਸਭ ਪੱਧਰਾਂ 'ਤੇ ਜਾਰੀ ਬੇਰੋਕ ਟੋਕ ਸੱਟੇਬਾਜੀ ਵੀ, ਜੋ ਅਨਾਜ ਤੇ ਜ਼ਰੂਰੀ ਵਸਤੂਆਂ ਦੀ ਜਮਾਖੋਰੀ, ਕਾਲਾ ਬਾਜ਼ਾਰੀ ਤੇ ਵਾਅਦਾ ਵਪਾਰ ਨੂੰ ਹੱਲਾਸ਼ੇਰੀ ਦਿੰਦੀ ਹੈ। ਥੋਕ ਤੇ ਪ੍ਰਚੂਨ ਕੀਮਤਾਂ 'ਚ ਭਾਰੀ ਫਰਕ ਨੂੰ ਜਨਮ ਦਿੰਦੀ ਹੈ। ਇਸ ਪਿੱਠਭੂਮੀ 'ਚ ਅਧਿਕਾਰਿਤ ਤੌਰ 'ਤੇ ਸਿੱਕੇ ਦਾ ਫੈਲਾਅ ਦੇ ਮੁਲਅੰਕਣ 'ਚ ਥੋਕ ਮੁੱਲ ਸੂਚਕਾਂਕ

ਨੂੰ ਅਧਾਰ ਬਣਾਉਣਾ ਨਾ ਸਿਰਫ ਗੈਰਵਿਗਿਆਨਕ ਤਰੀਕਾ ਹੈ। ਬਲਕਿ ਆਮ ਆਦਮੀ ਦਾ ਅਪਮਾਨ ਵੀ ਹੈ। ਕਿਉਂਕਿ ਜਦ ਇਹ ਬਾਜ਼ਾਰ 'ਚ ਜਾਂਦਾ ਹੈ ਤਾਂ ਉਸਨੂੰ ਮਹਿੰਗਾਈ ਦਾ ਦੂਜਾ ਵੀ ਅਨੁਭਵ ਹੁੰਦਾ ਹੈ।

**ਨਿਚੋੜ** - ਇਹ ਸੱਚ ਹੈ ਕਿ ਸਾਮਰਾਜੀ ਭੂ-ਮੰਡਲੀਕਰਨ ਰਾਹੀਂ ਵੱਖ-ਵੱਖ ਥਾਵਾਂ ਦੇ ਬਾਜ਼ਾਰ ਆਪਸ ਵਿਚ ਸੰਘਣੇ ਤੌਰ 'ਤੇ ਜੁੜੇ ਹੋਏ ਹਨ। ਇਸ ਲਈ ਮੁੱਲ ਵਾਧਾ ਤੇ ਸਿੱਕੇ ਦਾ ਫੈਲਾਅ ਇਕ ਵਿਸ਼ਵ ਵਿਆਪੀ ਅਮਲ ਬਣ ਗਿਆ ਹੈ। ਅੱਜ ਮਹਿੰਗਾਈ ਦਾ ਫੌਰੀ ਕਾਰਨ ਇਹ ਹੈ ਕਿ ਇਕ ਪਾਸੇ ਤਾਂ ਅਨਾਜ ਤੇ ਤੇਲ ਸਮੇਤ ਸਾਰੀਆਂ ਜ਼ਰੂਰੀ ਵਸਤੂਆਂ ਦੀ ਸੱਟੇਬਾਜ਼ੀ ਦੀ ਛੋਟ ਦੇ ਦਿੱਤੀ ਗਈ ਹੈ ਅਤੇ ਦੂਜੇ ਪਾਸੇ ਰਾਜ ਤੇ ਸਰਕਾਰ ਅਨਾਜ ਦੀ ਜਨਤਕ ਵੰਡ ਵਰਗੇ ਮਹੱਤਵਪੂਰਨ ਕੰਮ ਤੋਂ ਆਪਣੇ ਹੱਥ ਪਿੱਛੇ ਖਿੱਚਦੀ ਜਾ ਰਹੀ ਹੈ। ਸਰਕਾਰ ਪੈਟਰੋਲ ਤੇ ਹੋਰ ਤੇਲ ਗੈਸ ਦੇ ਪ੍ਰਸਾਸ਼ਨਿਕ ਮੁੱਲ ਨਿਰਧਾਰਣ ਦੀ ਵਿਵਸਥਾ ਨੂੰ ਵੀ ਖਤਮ ਕਰ ਦੇਣਾ ਚਾਹੁੰਦੀ ਹੈ। ਨਵ-ਉਦਾਰਵਾਦੀ ਨੀਤੀਆਂ ਦੇ ਸਿੱਟੇ ਵਜੋਂ ਪੈਦਾ ਹੋਈ ਮਾਨਵੀ ਪੀੜਾ ਹਾਲਾਂਕਿ ਸਰਭ ਵਿਆਪੀ ਹੈ। ਪਰ ਨਵ-ਬਸਤੀਵਾਦੀ ਦੇਸ਼ਾਂ 'ਚ ਅਤੇ ਸਮਾਜ ਦੇ ਲੁੱਟੇ ਜਾਂਦੇ ਹਿੱਸਿਆਂ 'ਤੇ ਇਸ ਦਾ ਅਸਰ ਕਿਤੇ ਵੱਧ ਭਿਆਨਕ ਰੂਪ 'ਚ ਸਾਫ ਨਜ਼ਰ ਆ ਰਿਹਾ ਹੈ। ਅਨਾਜ ਦੀਆਂ ਕੀਮਤਾਂ ਪੂਰੀ ਦੁਨੀਆਂ 'ਚ ਛਾਲਾਂ ਮਾਰ ਕੇ ਵਧ ਰਹੀਆਂ ਹਨ। ਪਰ ਇਸ ਤੱਥ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਕਿ ਅਮਰੀਕਾ ਵਰਗੇ ਸਾਮਰਾਜੀ ਦੇਸ਼ਾਂ 'ਚ ਕੁੱਲ ਖਪਤ ਖਰਚੇ 'ਚ ਖਾਣ ਪੀਣ ਦੀਆਂ ਚੀਜ਼ਾਂ 'ਤੇ ਮੁਕਾਬਲਤਨ ਘੱਟ, ਔਸਤਨ ਲਗਭਗ 10 ਫੀਸਦੀ ਖਰਚ ਕੀਤਾ ਜਾਂਦਾ ਹੈ ਜਦ ਕਿ ਅਫਰੀਕਾ ਦੇ ਸਹਾਰਾ ਦੇਸ਼ਾਂ ਤੇ ਏਸ਼ੀਆ ਅਤੇ ਦੱਖਣੀ ਅਮਰੀਕਾ ਦੇ ਕਰੀਬ ਦੇਸ਼ ਦੀ ਖੇਤੀ ਪ੍ਰਧਾਨ ਤੇ ਜੀਵਨ ਨਿਰਵਾਹ ਮੂਲਕ ਅਰਥਚਾਰਿਆਂ 'ਚ ਅਨਾਜ 'ਤੇ ਔਸਤਨ 60 ਫੀਸਦੀ ਤੋਂ ਵੱਧ ਖਰਚ ਕਰਦੇ ਹਨ। ਇਹ ਦੇਸ਼ ਸਭ ਤੋਂ ਵੱਧ ਨਾਜ਼ੁਕ ਸਥਿਤੀ ਵਿੱਚ ਹਨ। ਜਿਹਨਾਂ ਦੀ ਆਮਦਨ ਘੱਟ ਹੈ ਅਤੇ ਜੋ ਆਪਣੀਆਂ ਅਨਾਜ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦਰਾਮਦ 'ਤੇ ਨਿਰਭਰ ਹਨ। ਅਨਾਜ ਦੀ ਵੱਧ ਕੀਮਤ ਕਾਰਨ ਉਹਨਾਂ ਦਾ ਦਰਾਮਦ ਮੁੱਲ 'ਤੇ ਦਬਾਅ ਵਧ ਜਾਂਦਾ ਹੈ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਉਹਨਾਂ ਦੀ ਕਮਰ ਤੋੜ ਦਿੰਦੀਆਂ ਹਨ। ਸਭ ਤੋਂ ਗਰੀਬ ਨਵ ਬਸਤੀਆਂ ਦੇ ਅਰਥਚਾਰੇ ਇਸ ਸ਼੍ਰੇਣੀ 'ਚ ਆਉਂਦੇ ਹਨ ਅਤੇ ਇਹ ਦੇਸ਼ ਆਪਣੀ ਅਨਾਜ ਜ਼ਰੂਰਤਾਂ ਦੀ ਪੂਰਤੀ ਲਈ ਅਖੌਤੀ "ਅਨਾਜ ਮਦਦ" 'ਤੇ ਵੱਧ ਨਿਰਭਰ ਹਨ। ਇਸ ਦੀ ਵਜਾਹ ਕਰਕੇ ਇਹ ਦੇਸ਼ ਸਾਮਰਾਜੀ ਫੰਦੇ 'ਚ ਬੁਰੀ ਤਰ੍ਹਾਂ ਜਕੜੇ ਹੋਏ ਹਨ। ਉਥੇ ਨਵੀਂ ਬਸਤੀਵਾਦੀ ਲੁੱਟ ਬੇਹੱਦ ਤਿੱਖੀ ਹੈ। ਇਸ ਤਰ੍ਹਾਂ ਇਹਨਾਂ ਦੇਸ਼ਾਂ ਵਿੱਚ ਖੇਤੀ ਦਾ ਵਪਾਰੀਕਰਨ ਤੇਜ਼ ਹੋਇਆ ਹੈ ਅਤੇ ਹਮੇਸ਼ਾ ਲਈ ਗਰੀਬੀ ਦੀ ਘੁੰਮਣ ਘੇਰੀ 'ਚ ਫਸ ਕੇ ਰਹਿ ਗਏ ਹਨ। ਦੂਜੇ ਪਾਸੇ ਜ਼ਰੂਰੀ ਅਨਾਜ ਦੀ ਪੈਦਾਵਾਰ ਦਾ ਲੋੜੀਂਦਾ ਮੌਕਾ ਹੋਣ ਦੇ ਬਾਵਜੂਦ ਭਾਰਤ ਦੀ ਦਲਾਲ ਨੌਕਰਸ਼ਾਹੀ ਸਰਮਾਏਦਾਰੀ (ਹਕੂਮਤੀ ਜਮਾਤ) ਸਾਡੇ ਦੇਸ਼ ਨੂੰ ਵੀ ਇਸ ਕਿਸਮ ਦੀ ਨਵ-ਬਸਤੀਆਨਾ ਨਿਰਭਰਤਾ ਵੱਧ ਧੱਕ ਰਹੀ ਹੈ। ਦੂਜੇ ਸ਼ਬਦਾਂ ਵਿੱਚ, ਭਾਰਤੀ ਹਾਕਮ ਜੋ ਮਹਿੰਗਾਈ 'ਤੇ ਹੋਣ ਵਾਲੀਆਂ ਬਹਿਸਾਂ 'ਚ ਵਾਰ-ਵਾਰ ਸੰਸਾਰ ਪੱਧਰ 'ਤੇ ਮਹਿੰਗਾਈ ਦਾ ਰੋਣਾ ਤਾਂ ਰੋਂਦੇ ਹਨ ਪਰ ਉਹ ਸਾਡੇ ਦੇਸ਼ ਅਤੇ ਲੋਕਾਂ ਨੂੰ ਕੌਮਾਂਤਰੀ ਸੱਟੇਬਾਜ਼ੀ ਤੋਂ ਬਚਾਈ ਰੱਖਣ ਲਈ ਕੋਈ ਕਦਮ ਨਹੀਂ ਚੁੱਕਦੇ ਹਨ। ਉਲਟੇ ਉਹ ਅਸਲ 'ਚ ਦੇਸੀ

ਤੇ ਸੰਸਾਰਕ ਸੱਟੇਬਾਜ਼ਾਂ ਦੇ ਕਮਿਸ਼ਨ ਏਜੰਟ ਵਾਂਗੂੰ ਵਰਤਾਅ ਕਰਦੇ ਹਨ। ਅਤੀਤ 'ਚ ਯਾਨੀ ਕਿ ਅਰਥਚਾਰਾ ਤੇ ਸਮਾਜਕ ਜੀਵਨ ਦੇ ਸਭ ਖੇਤਰਾਂ 'ਚ ਸੱਟੇਬਾਜ ਵਿੱਤੀ ਪੂੰਜੀ ਦਾ ਦਾਬਾ ਕਾਇਮ ਕਰਨ ਵਾਲੇ ਨਵ-ਉਦਾਰਵਾਦ ਦੇ ਦੂਰਪ੍ਰਭਾਵ ਤੋਂ ਪਹਿਲਾਂ ਜੇ ਕਿਸੇ ਸਾਲ ਅਨਾਜ ਤੇ ਜ਼ਰੂਰੀ ਵਸਤੂਆਂ ਦੀ ਪੈਦਾਵਾਰ 'ਚ ਕੋਈ ਕਮੀ ਆਉਂਦੀ ਹੈ ਤਾਂ ਅਗਲੇ ਸਾਲ ਵੱਧ ਪੈਦਾਵਾਰ ਕਰਕੇ ਉਸ ਦੀ ਘਾਟਾ ਪੂਰਤੀ ਕਰ ਲਈ ਜਾਂਦੀ ਹੈ। ਪਰ ਜਾਣਕਾਰ ਲੋਕ ਦੱਸਦੇ ਹਨ ਕਿ ਅੱਜ ਵਿਸ਼ਵੀ ਮੰਗ ਨੂੰ ਪੂਰਾ ਕਰਨ ਲਈ ਖੇਤੀ ਪੈਦਾਵਾਰ 'ਚ ਵਾਧੇ ਲਈ ਘੱਟੋ ਘੱਟ ਦਸ ਸਾਲ ਦਾ ਸਮਾਂ ਚਾਹੀਦਾ ਹੈ। ਇਸ ਦਾ ਮੁੱਖ ਕਾਰਨ ਹੈ ਕੀਨਸਵਾਦੀ ਰਾਜ (ਯਾਨੀ ਕਿ ਕਲਿਆਣਕਾਰੀ ਰਾਜ) ਦਾ ਅੰਤ ਅਖੌਤੀ "ਵਿਕਾਸ" ਕਾਰਜਾਂ 'ਚ ਰਾਜ ਦੀ ਘਟਦੀ ਭੂਮਿਕਾ ਅਤੇ ਨਾਲ ਹੀ ਜਬਰੀ ਵਪਾਰੀਕਰਣ ਕਰਕੇ ਖੇਤੀ ਢਾਂਚੇ 'ਚ ਬਦਲਾਅ।

ਇਸ ਲਈ ਪੈਦਾਵਾਰ ਵਧਾ ਕੇ ਸੰਕਟ ਤੋਂ ਛੁਟਕਾਰਾ ਪਾਉਣਾ ਹੁਣ ਪਹਿਲਾਂ ਵਾਂਗੂੰ ਸੰਭਵ ਨਹੀਂ ਰਹਿ ਗਿਆ ਹੈ ਅਤੇ ਇਸ ਲਈ ਜੇ ਨਵ-ਉਦਾਰਵਾਦੀ ਨੀਤੀਆਂ ਨੂੰ ਉਲਟਾਇਆ ਨਾ ਗਿਆ ਤਾਂ ਸੰਕਟ ਤਿੱਖਾ ਤੇ ਤੇਜ਼ ਹੀ ਹੁੰਦਾ ਜਾਵੇਗਾ। ਦੁਨੀਆਂ ਦੀ ਖੇਤੀ ਅਤੇ ਤੇਲ ਦੇ ਸਰੋਤਾਂ 'ਤੇ ਸਾਮਰਾਜੀਆਂ ਦਾ ਯਾਨੀ ਕਿ ਵਿੱਤੀ ਪੂੰਜੀ ਦੇ ਮਾਲਕਾਂ ਦਾ ਦਮਘੋਟੂ ਸ਼ਿਕੰਜਾ ਸਮੱਸਿਆ ਦਾ ਮੂਲ ਕਾਰਨ ਹੈ। ਉਦਾਹਰਣ ਵਜੋਂ ਅਮਰੀਕੀ ਸਿਧਾਂਤਕਾਰ ਤਰਕ ਦਿੰਦੇ ਹਨ ਕਿ ਤੇਲ ਦੀਆਂ ਕੀਮਤਾਂ 'ਚ ਵਾਧਾ ਅਤੇ ਇਸ ਦੇ ਸਿੱਟੇ ਵਜੋਂ ਜੈਵ-ਤੇਲ ਦੀ ਪੈਦਾਵਾਰ ਨੂੰ ਦਿੱਤੀ ਜਾ ਰਹੀ ਹੱਲਾਸ਼ੇਰੀ ਦਾ ਆਖਰਕਾਰ ਅਨਾਜਾਂ ਦੀ ਸਪਲਾਈ 'ਤੇ ਨਕਾਰਾਤਮਕ ਪ੍ਰਭਾਵ ਪਵੇਗਾ ਕਿਉਂਕਿ ਆਉਣ ਵਾਲੇ ਦਿਨਾਂ 'ਚ ਜੈਵਿਕ-ਤੇਲ ਦੀ ਮੰਗ ਨੂੰ ਪੂਰਾ ਕਰਨ ਲਈ ਅਨਾਜ ਬਦਲੇ ਇਹਨਾਂ ਫਸਲਾਂ ਦੀ ਪੈਦਾਵਾਰ ਕੀਤੀ ਜਾਵੇਗੀ। ਇਸ ਭਵਿੱਖਬਾਣੀ ਨੇ ਵਿਸ਼ਵੀ ਸੱਟੇਬਾਜ਼ਾਂ ਨੂੰ ਹੱਲਾਸ਼ੇਰੀ ਦਿੱਤੀ ਹੈ ਅਤੇ ਉਹ ਇਸ ਉਮੀਦ ਨਾਲ ਚੀਜ਼ਾਂ ਦੀ ਸੱਟੇਬਾਜੀ ਤੇ ਅਨਾਜ ਦੀ ਜਮ੍ਹਾਖੋਰੀ ਕਰਨ ਲੱਗੇ ਹਨ ਕਿ ਅੱਗੇ ਚੱਲ ਕੇ ਉਹਨਾਂ ਨੂੰ ਭਾਰੀ ਮੁਨਾਫਾ ਹੋਵੇਗਾ। ਸਭ ਗੱਲਾਂ ਦਾ ਸਾਰ ਇਹ ਹੈ ਕਿ ਮਹਿੰਗਾਈ ਤੇ ਸਿੱਕੇ ਦੇ ਫੈਲਾਅ ਨੂੰ ਸਿਰਫ ਤਾਂ ਹੀ ਰੋਕਿਆ ਜਾ ਸਕਦਾ ਹੈ। ਜਦ ਹਾਕਮ ਜਮਾਤ ਵੱਲੋਂ ਜਿਹੜੀਆਂ ਨਵ-ਨਿਵੇਸ਼ਕ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ, ਉਹਨਾਂ ਨੂੰ ਉਲਟਾ ਦਿੱਤਾ ਜਾਵੇ। ਇਸ ਗੱਲ ਲਈ ਫੌਰੀ ਕਦਮ ਉਠਾਇਆ ਜਾਣਾ ਚਾਹੀਦਾ ਹੈ ਕਿ ਐਫ. ਸੀ. ਆਈ. ਤੋਂ ਹੋਰ ਸੰਸਥਾਵਾਂ ਰਾਹੀਂ ਕਿਸਾਨਾਂ ਤੋਂ ਲਾਭਦਾਇਕ ਕੀਮਤ 'ਤੇ ਸਰਕਾਰੀ ਖਰੀਦ ਕੀਤੀ ਜਾਵੇ ਅਤੇ ਸਹੀ ਮੁੱਲ ਦੀਆਂ ਦੁਕਾਨਾਂ ਰਾਹੀਂ ਉਸ ਦੀ ਵੰਡ ਕੀਤੀ ਜਾਵੇ। ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕੀਤੇ ਜਾਣ ਅਤੇ ਸਰਬਪੱਖੀ ਬਣਾਉਣ ਦੀ ਲੋੜ ਹੈ। ਜਿਸ ਨਾਲ ਸਭ ਨੂੰ ਇਸ ਦਾ ਲਾਭ ਮਿਲ ਸਕੇ। ਨਾਲ ਹੀ ਸਹੀ ਮੁੱਲ ਦੀਆਂ ਦੁਕਾਨਾਂ ਰਾਹੀਂ ਦਾਲ, ਤੇਲ ਸ਼ੱਕਰ ਸਮੇਤ ਜ਼ਰੂਰੀ ਵਸਤੂਆਂ ਦੀ ਵੰਡ ਕੀਤੀ ਜਾਵੇ। ਪੈਟ੍ਰੋਲੀਅਮ ਪਦਾਰਥਾਂ 'ਤੇ ਲੱਗਣ ਵਾਲੇ ਸੀਮਾ ਟੈਕਸਾਂ ਤੇ ਵਿਕਰੀ ਟੈਕਸਾਂ 'ਚ ਕਟੌਤੀ ਕੀਤੀ ਜਾਣੀ ਚਾਹੀਦੀ ਹੈ।

ਅਨਾਜ ਤੇ ਖੇਤੀ ਵਸਤਾਂ ਦੇ ਵਾਅਦਾ ਵਪਾਰ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਪੈਟ੍ਰੋਲੀਅਮ ਤੇ ਡੀਜ਼ਲ ਦੇ ਪ੍ਰਚੂਨ ਮੁੱਲਾਂ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਜਮ੍ਹਾਖੋਰਾਂ ਤੇ ਕਾਲਾ ਬਾਜ਼ਾਰੀਆਂ ਖਿਲਾਫ ਸਖਤ ਕਾਰਵਾਈ ਕਰਦਿਆਂ ਜ਼ਰੂਰੀ ਵਸਤਾਂ ਕਾਨੂੰਨ ਦੀ ਸਖਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਰਾਜਾਂ ਦੇ

ਅਨਾਜ ਕੋਟੇ ਨੂੰ ਫਿਰ ਬਹਾਲ ਕੀਤਾ ਜਾਣਾ ਚਾਹੀਦਾ ਹੈ। ਅੰਨ ਦੀ ਖੇਤੀ ਨੂੰ ਨਕਦੀ ਫਸਲ ਅਤੇ ਜੈਵ-ਤੇਲ ਦੀ ਖੇਤੀ 'ਚ ਤਬਦੀਲ ਕਰਨ ਦੇ ਰੁਝਾਣ ਨੂੰ ਫੌਰੀ ਰੋਕਣਾ ਚਾਹੀਦਾ ਹੈ। ਕਿਸਾਨਾਂ ਨੂੰ ਨਿਵੇਸ਼ ਗਰਾਂਟ ਤੇ ਸਹਾਇਕ ਮੁੱਲ ਦਿੱਤਾ ਜਾਣਾ ਚਾਹੀਦਾ ਹੈ। ਪ੍ਰਚੂਨ ਬਾਜ਼ਾਰ 'ਚ ਇਜ਼ਾਰੇਦਾਰ ਬਹੁਕੌਮੀ ਕੰਪਨੀਆਂ ਅਤੇ ਸਨਅਤੀ ਘਰਾਣਿਆਂ ਨੂੰ ਦਾਖਲਾ ਦੇਣ ਦੇ ਫੈਸਲੇ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ ਖੇਤੀ ਲਈ ਕਰਜ਼ੇ ਨੂੰ ਮੁਆਫ਼ ਕੀਤਾ ਜਾਣਾ ਚਾਹੀਦਾ ਹੈ ਤੇ ਕਿਸਾਨਾਂ ਨੂੰ ਲੋੜੀਂਦਾ ਅਤੇ ਘੱਟ ਵਿਆਜ 'ਤੇ ਕਰਜਾ ਮੁਹੱਈਆ ਕੀਤਾ ਜਾਣਾ ਚਾਹੀਦਾ ਹੈ ਖੇਤੀ 'ਚ ਜਨਤਕ ਨਿਵੇਸ਼ ਵਧਾਉਣਾ ਚਾਹੀਦਾ ਹੈ। ਜ਼ਮੀਨ ਦੀ ਮੁੜ ਵੰਡ ਦੀ ਲੋੜ ਹੈ ਜਿਸ 'ਚ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਅਸਲ 'ਚ ਜ਼ਮੀਨ ਵਾਹੁਣ ਵਾਲਿਆਂ ਨੂੰ ਉਸ ਦੀ ਪੂਰੀ ਮਾਲਕੀ ਹਾਸਲ ਹੋਵੇ। ਇਸ ਦੇ ਨਾਲ ਨਾਲ ਰੁਜ਼ਗਾਰ ਪੈਦਾ ਕਰਨ ਦੇ ਦੇਸ਼ ਵਿਆਪੀ ਪ੍ਰੋਗਰਾਮ ਬਣਾਉਣ ਦੀ ਲੋੜ ਹੈ। ਇਸ ਦੇ ਲਈ ਮੌਜੂਦਾ ਬਰਾਮਦ ਮੁਖੀ ਅਰਥਚਾਰੇ ਨੂੰ ਉਲਟਾ ਕੇ ਅੰਦਰੂਨੀ ਲੋੜਾਂ ਅਨੁਸਾਰ ਸਨਅਤੀਕਰਨ ਦੀ ਰਣਨੀਤੀ ਬਣਾਉਣ ਦੀ ਲੋੜ ਹੈ। ਇਸ ਦਾ ਉਦੇਸ਼ ਹੋਣਾ ਚਾਹੀਦਾ ਹੈ ਵਿਆਪਕ ਲੋਕਾਂ ਦੀ ਕਾਰਜ ਸਮਰੱਥਾ ਨੂੰ ਵਧਾਉਣਾ।

ਇਹ ਤਹਿ ਹੈ ਕਿ ਭਾਰਤੀ ਰਾਜਸੱਤਾ ਦਾ ਦਲਾਲ ਕਿਰਦਾਰ ਜਿਸ ਦੀ ਅਗਵਾਈ ਮਨਮੋਹਨ ਸਿੰਘ ਕਰ ਰਹੇ ਹਨ, ਅਜਿਹੀ ਲੋਕ ਪੱਖੀ ਨੀਤੀ 'ਤੇ ਅਮਲ ਨਹੀਂ ਕਰ ਦੇਵੇਗਾ। ਇਹ ਅਸਲ 'ਚ ਬੇਹੱਦ ਭਿਆਨਕ ਗੱਲ ਹੈ ਕਿ ਅੱਜ ਤਕ ਦਾ ਸਭ ਤੋਂ ਵੱਡਾ ਮੁੱਲ ਵਾਧਾ ਅਜਿਹੇ ਸਮੇਂ 'ਚ ਹੋ ਰਿਹਾ ਹੈ। ਜਦ ਮਜ਼ਦੂਰਾਂ ਦੀ ਅਸਲੀ ਆਮਦਨ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ ਤੇ ਸਾਡੇ ਦੇਸ਼ ਦੇ ਕਿਸਾਨਾਂ ਤੇ ਮੇਹਨਤਕਸ਼ ਵਿਆਪਕ ਜਨਤਾ ਦੀ ਕਾਰਜਯੋਗਤਾ ਲਗਾਤਾਰ ਘੱਟਦੀ ਜਾ ਰਹੀ ਹੈ। ਬਜਟ ਨੂੰ ਸੰਤੁਲਿਤ ਬਣਾਉਣ ਦੇ ਨਾਂ 'ਤੇ ਗਰੀਬ ਜਨਤਾ ਨੂੰ ਦਿੱਤੇ ਜਾਣ ਵਾਲੇ ਵੱਖ-ਵੱਖ ਕਿਸਮ ਦੇ ਰਾਜਕੀ ਗਰਾਟਾਂ ਖੇਤੀ ਸਮਰਥਕ ਪ੍ਰੋਗਰਾਮ ਤੇ ਕਲਿਆਣਕਾਰੀ ਯੋਜਨਾਵਾਂ ਨੂੰ ਖਤਮ ਕਰ ਦਿੱਤਾ ਗਿਆ ਹੈ। ਉਥੇ ਦੂਜੇ ਪਾਸੇ ਆਰਥਕ ਮੰਦੀ ਦਾ ਬਹਾਨਾ ਬਣਾ ਕੇ ਅਰਥਚਾਰੇ ਨੂੰ ਉਤੇਜਨਾ ਪੈਦਾ ਕਰਨ ਲਈ 'ਰਾਹਤ ਪੈਕੇਜ' ਦੇ ਨਾਂ 'ਤੇ ਕਰ ਦਾਤਿਆਂ ਦੇ ਲੱਖਾਂ ਕਰੋੜਾਂ ਰੁਪਏ ਪੂਰੀ ਉਦਾਰਤਾ ਦੇ ਨਾਲ ਵਿੱਤੀ ਸੱਟੇਬਾਜ਼ਾਂ ਦੇ ਹਵਾਲੇ ਕਰ ਦਿੱਤੇ ਗਏ ਹਨ। ਮਨਮੋਹਨ ਸਰਕਾਰਾਂ ਵਿੱਤੀ ਸੱਟੇਬਾਜ਼ਾਂ ਤੇ ਦੇਸ਼ ਧਰੋਹੀਆਂ ਦੀ ਸਰਕਾਰ ਹੈ ਅਤੇ ਆਮ ਜਨਤਾ ਦੇ ਖਿਲਾਫ ਹੈ। ਇਹ ਸਮਾਂ ਹੈ ਜਦ ਲੋਕ ਮਹਿੰਗਾਈ ਵਧਾਉਣ ਵਾਲੀਆਂ ਨਵ-ਬਸਤੀਵਾਦੀ ਨੀਤੀਆਂ ਖਿਲਾਫ ਮੁਜਾਹਰੇ ਕਰ ਸਕਦੇ ਹਨ ਅਤੇ ਆਪਣੇ ਗੁੱਸੇ ਦਾ ਇਜ਼ਹਾਰ ਕਰ ਸਕਦੇ ਹਨ। ਤਾਂ ਕਿ ਲੋਕ ਵਿਰੋਧੀ ਨੀਤੀਆਂ ਨੂੰ ਮਾਤ ਦਿੱਤੀ ਜਾ ਸਕੇ।

-----✪✪-----

# ਗੰਦੇ ਨਾਲੇ ਬਣ ਗਈਆਂ ਹਨ ਨਦੀਆਂ

ਸਾਹਿਤਕ ਰਚਨਾਵਾਂ ਜਾਂ ਫਿਲਮਾਂ ਨੂੰ ਵੇਖੋ ਤਾਂ ਉਸ ਵਿਚ ਭਾਰਤ ਦੀਆਂ ਨਦੀਆਂ ਨੂੰ ਹਮੇਸ਼ਾ ਕਲਾਤੀਤ ਪਵਿੱਤਰਤਾ ਤੇ ਸਫ਼ਾਈ ਨਾਲ ਭਰਪੂਰ ਚਿਤਵਿਆ ਜਾਂਦਾ ਰਿਹਾ ਹੈ। ਬੇਸ਼ੱਕ ਇਹ ਇਕ ਸੁਖਦ ਕਲਪਨਾ ਹੈ ਖਾਸ ਕਰਕੇ ਸੈਲਾਨੀ ਪੁਸਤਕਾਵਾਂ ’ਚ ਜਿਨ੍ਹਾਂ ’ਚ ਭਾਰਤ ਨੂੰ ‘ਸੁਨਹਿਰੀ’ ਦੱਸਿਆ ਜਾਂਦਾ ਹੈ ਪਰ ਭਾਰਤ ’ਚ ਨਦੀਆਂ ਨੂੰ ਸ਼ੁੱਧ ਤੇ ਪਵਿੱਤਰ ਮੰਨਣਾ ਕਲਪਣਾ ਨੂੰ ਅਥਾਰਥ ਮੰਨਣ ਵਾਲੀ ਗੱਲ ਹੈ। ਕਰੀਬ ਇਕ ਦਹਾਕੇ ’ਚ ਭਾਰਤ ਦੀਆਂ ਮੁੱਖ ਨਦੀਆਂ ਪ੍ਰਦੂਸ਼ਿਤ ਹੋ ਗਈਆਂ ਹਨ। ਸ਼ਹਿਰੀ ਕਚਰਾ ਤੇ ਸਨਅਤੀ ਪ੍ਰਦੂਸ਼ਣ ਤਾਂ ਵਿਗਿਆਨਕ ਕਾਰਨ ਹਨ ਪਰ ਇਸ ਤੋਂ ਵੀ ਵੱਡੀ ਵਜ੍ਹਾ ਨਿੱਜੀ ਲਾਲਚ ਤੇ ਪ੍ਰਸਾਸ਼ਨਿਕ ਲਾਹਪ੍ਰਵਾਹੀ ਹੈ। ਵਾਤਾਵਰਣ ਪ੍ਰੇਮੀਆਂ ਦਾ ਮੰਨਣਾ ਹੈ ਕਿ ਸਨਅਤੀ ਪ੍ਰਦੂਸ਼ਣ ਤੇ ਜਲ-ਮਲ ਨਿਕਾਸੀ ਤੋਂ ਇਲਾਵਾ ਬੁਚੜਖਾਨਿਆਂ ਧੋਬੀਘਾਟਾਂ, ਝੁੱਗੀ-ਝੌਂਪੜੀਆਂ ਦੀ ਵਧਦੀ ਗਿਣਤੀ ਨਦੀਆਂ ’ਚ ਵਧਦੇ ਪ੍ਰਦੂਸ਼ਣ ਦੇ ਵੱਡੇ ਕਾਰਨ ਹਨ। ਹਰ ਸਾਲ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਜਲ ਪ੍ਰਵਾਹ ਕੀਤੀਆਂ ਜਾਂਦੀਆਂ ਹਨ ਜਿਸ ਦੀ ਵਜ੍ਹਾ ਕਰਕੇ ਹੀ ਵਹਾਅ ’ਚ ਅੜਿਕਾ ਪੈਦਾ ਹੁੰਦਾ ਹੈ। ਪਿੱਛੇ ਜਿਹੇ ਹੀ ਸੁਪਰੀਮ ਕੋਰਟ ਨੇ ਦਿੱਲੀ ਨਿਵਾਸੀ ਸਲੇਕ ਚੰਦ ਜੈਨ ਦੀ ਜਨ ਹਿੱਤ ਪਟੀਸ਼ਨ ਰੱਦ ਕਰ ਦਿੱਤੀ ਗਈ ਜਿਸ ’ਚ ਨਦੀਆਂ ’ਚ ਮੂਰਤੀ ਦੇ ਜਲ ਪ੍ਰਵਾਹ ’ਤੇ ਪਾਬੰਦੀ ਦੀ ਮੰਗ ਕੀਤੀ ਗਈ ਸੀ। ਮਹਾਂ ਨਗਰਾਂ ’ਚ ਗੰਦ ਦੇ ਫੈਲਾਅ ਨਾਲ ਨਦੀ ਤਲ ਸੁੱਕ ਰਹੇ ਹਨ। ਭਵਨ ਨਿਰਮਾਣ ਕਾਰੋਬਾਰ ਉਨ੍ਹਾਂ ਵਿਚ ਆਸ਼ਰਮ ਤੋਂ ਲੈ ਕੇ ਅਪਾਰਟ ਮੈਂਟ ਤੱਕ ਕੰਕਰੀਟ ਦੇ ਢਾਂਚੇ ਖੜ੍ਹੇ ਕਰਨ ’ਚ ਜੁੜਿਆ ਹੈ। ਦਿੱਲੀ ਦੀ ਮਿਸਾਲ ਹੀ ਲਓ।

2010 ਦੀਆਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਲਈ ਕਨੂੰਨ ਤੇ ਅਦਾਲਤੀ ਆਦੇਸ਼ਾਂ ਵਿਚਕਾਰ ਯਮੁਨਾ ਕਿਨਾਰੇ ਇਥਲੀਟਸ ਵਿਲੇਜ ਬਣਾਇਆ ਗਿਆ ਇਹ ਵੀ ਉਦੋਂ ਜਦ ਦਿੱਲੀ ਦੀ ਮਲ ਨਿਕਾਸੀ ਵਿਵਸਥਾ ਢਹਿ ਢੇਰੀ ਹੋਣ ਕੰਢੇ ਹਨ। 232.5 ਕਰੋੜ ਲੀਟਰ ਰੋਜ਼ਾਨਾ ਸੋਧਨ ਸਮਰੱਥਾ ਵਾਲੇ ਸ਼ਹਿਰ ਵਿਚ ਰੋਜ਼ 347 ਕਰੋੜ ਲੀਟਰ ਮਲ ਇਕੱਠਾ ਹੁੰਦਾ ਹੈ ਅਤੇ ਵੱਧ ਚਿੰਤਾ ਦੀ ਗੱਲ ਇਹ ਕਿ ਮਲ ਸੋਧ ਯੰਤਰਾਂ ਅਤੇ 11 ਸਾਂਝੇ ਸਨਅਤੀ ਕਚਰਾ ਸੋਧ ਯੰਤਰਾਂ ਦੀ ਅਸਮਰੱਥਾ ਕਾਰਨ ਇਹ ਸਮਰੱਥਾ ਵੀ ਘੱਟ ਕੇ 1.57 ਕਰੋੜ ਲੀਟਰ ਰੋਜ਼ਾਨਾ ਰਹਿ ਜਾਂਦੀ ਹੈ। ਜਿਸ ਤਕਨੀਕ ਦੀ ਜ਼ਰੂਰਤ ਹੈ ਉਹ ਮੁਹੱਈਆ ਨਹੀਂ ਹੈ। ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਕਹਿੰਦੀ ਹੈ, “ਕਰੋੜਾਂ ਰੁਪਏ ਖਰਚ ਕਰਨ ਦੇ ਬਾਵਜੂਦ ਯਮੁਨਾ ਕਾਰਜਯੋਜਨਾ ਇਕ ਅਤੇ ਦੋ ਦੇ ਲੋੜੀਂਦੇ ਸਿੱਟੇ ਨਹੀਂ ਨਿਕਲੇ ਹਾਲਾਂਕਿ ਸਾਡੀਆਂ ਟੀਮਾਂ ਟੇਮਸ ਤੇ ਸੀਨ ਨਦੀ ਨੂੰ ਸਾਫ਼ ਸੁਥਰਾ ਰੱਖਣ ਦਾ ਅਮਲ ਵੇਖਣ ਗਈ ਸੀ ਪਰ ਯਮੁਨਾ ਜਿਵੇਂ ਜਿਵੇਂ ਪੂਰਬ ਵਲ ਵੱਧਦੀ ਹੈ, ਉਸ ਦਾ ਪ੍ਰਦੂਸ਼ਣ ਵਧਦਾ ਜਾਂਦਾ ਹੈ। ਮਥੁਰਾ ਵਿਚ ਮਥਰਾ-ਵਰਿੰਦਾਵਣ ਵਿਕਾਸ ਅਥਾਰਟੀ ਨੇ ਨਦੀ ਤਲ ਦੇ ਵਿਚ ਵਿਚਾਲੇ ਖੰਭੇ ਬਣਾ ਦਿੱਤੀ ਹੈ ਜਿੰਨ੍ਹਾਂ ਨਾਲ ਨਦੀ ’ਚ ਕਾਫੀ ਮਲਬਾ ਜਮ੍ਹਾ ਹੋ ਗਿਆ ਹੈ। ਇਹ ਖੰਭੇ ਸੜਕ ਦਾ ਹਿੱਸਾ ਹਨ ਜੋ 16ਵੀਂ ਸਦੀ ਦੇ ਘਾਟਾਂ ਦੇ ਸਮਾਨਅੰਤਰ ਬਣਾਈ ਜਾਵੇਗੀ। ਚੈਨੇ ਦੇ ਚਾਰ ਮਲ ਸੋਧ ਯੰਤਰਾਂ ’ਚ ਸ਼ਹਿਰ

ਦੇ 264 ਐਮ. ਐਲ. ਡੀ. ਦੀ ਸੋਧ ਹੁੰਦੀ ਹੈ। ਝਾਰਖੰਡ ’ਚ ਅੰਨੇਵਾਹ ਖ਼ੁਦਾਈ ਅਤੇ ਖਣਿਜ ਉਦਯੋਗ ਨੇ ਸੁਵੰਰਿਖਾ ਨਦੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਪ੍ਰਮੁੱਖ ਨਦੀਆਂ ਦੀ ਸਫ਼ਾਈ ਲਈ ਕੌਮੀ ਨਦੀ ਰਾਖੀ ਯੋਜਨਾ (NRCP) ਦਾ ਗਠਨ 1995 ’ਚ ਕੀਤਾ ਗਿਆ ਜੋ 1985 ਦੀ ਗੰਗਾ-ਕਾਰਜ-ਯੋਜਨਾ ਦਾ ਵਿਸਥਾਰ ਸੀ ਜਿਸ ਵਿਚ 10 ਰਾਜਾਂ ਦੀਆਂ 18 ਬੇਹੱਦ ਪ੍ਰਦੂਸ਼ਿਤ ਨਦੀਆਂ ਨੂੰ ਸ਼ਾਮਲ ਕੀਤਾ ਗਿਆ ਸੀ ਤਦ ਯੋਜਨਾ ਖਰਚ 772 ਕਰੋੜ ਰੁਪਏ ਸੀ ਹੁਣ ਇਸ ਯੋਜਨਾ ਵਿਚ 20 ਰਾਜਾਂ ਦੇ 167 ਸ਼ਹਿਰ ਸ਼ਾਮਲ ਕੀਤੇ ਗਏ ਹਨ ਅਤੇ 38 ਨਦੀਆਂ ਨੂੰ ਸਾਫ਼ ਕੀਤਾ ਜਾਣਾ ਹੈ। ਸੂਚੀ ਵਿਚ ਨਵੀਨਤਮ ਪ੍ਰਵਿਸ਼ਟ ਮਹਾਂਰਾਸ਼ਟਰ ਦੀ ਪੰਚਗੰਗਾ ਹੈ ਜਿਸ ਨੂੰ ਅਗਸਤ 2009 ’ਚ ਸ਼ਾਮਲ ਕੀਤਾ ਗਿਆ।

ਅੱਜ ਐਨ. ਆਰ. ਸੀ. ਪੀ. ਟੀਚਾ ਕੇਂਦ੍ਰਿਤ ਵਾਤਾਵਰਣ ਯੋਜਨਾ ਨਹੀਂ ਹੈ ਬਲਕਿ ਨੌਕਰਸ਼ਾਹੀ ਦੇ ਅੰਕੜਿਆਂ ਦੀ ਖੇਡ ਮਾਤਰ ਬਣ ਗਈ ਹੈ। ਇਸ ਦੇ ਅਧਿਕਾਰੀ ਅਮਰੀਕਾ, ਬ੍ਰਿਟੇਨ, ਇਜ਼ਰਾਇਲ, ਨੀਦਰਲੈਂਡਸ, ਜਾਪਾਨ, ਆਸਟ੍ਰੀਆ, ਆਸਟ੍ਰੇਲੀਆ ਵਰਗੇ ਦੇਸ਼ਾਂ ਦੀ ਪ੍ਰਦੂਸ਼ਣ ਕੰਟਰੋਲ ਵਿਵਸਥਾ ਦੇ ਅਧਿਐਨ ਦੇ ਵਿਦੇਸ਼ੀ ਦੌਰੇ ’ਤੇ 94.97 ਲੱਖ ਖਰਚ ਕਰ ਚੁੱਕੇ ਹਾਂ। ਪ੍ਰੋਗਰਾਮ ’ਤੇ ਵੀ 3892 ਕਰੋੜ ਰੁਪਏ ਖਰਚ ਹੋ ਚੁੱਕੇ ਹਨ ਪਰ ਅਸਫਲਤਾਵਾਂ ਤੋਂ ਇਲਾਵਾ ਕੁਝ ਵੀ ਹੱਥ ਨਹੀਂ ਲੱਗਿਆ। ਅਗਸਤ 2009 ਤੋਂ ਪਹਿਲਾਂ ਨੂੰ 37 ਨਦੀਆਂ ਦੇ 22,127 ਕਿਲੋਮੀਟਰ ਵਿਸਥਾਰ ’ਚੋਂ ਕਰੀਬ 2500 ਕਿ. ਮੀ. ਪ੍ਰਦੂਸ਼ਿਤ ਨਦੀਆਂ ਦਾ ਪ੍ਰਤੀ ਕਿਲੋਮੀਟਰ ਸੋਧ ਖਰਚ ਹੁਣ 1.5 ਕਰੋੜ ਰੁਪਏ ਤੋਂ ਵੱਧ ਹੋ ਚੁੱਕਿਆ ਹੈ। 37 ਵਿੱਚੋਂ ਸਿਰਫ ਨਰਮਦਾ ਤੇ ਮਾਡੋਵੀ ਹੀ ਸਭ ਸਾਫ਼ ਨਦੀਆਂ ਸਮਝੀਆਂ ਜਾਂਦੀਆਂ ਸਨ। ਪਰ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ. ਪੀ. ਸੀ. ਬੀ.) ਇਹ ਦਾਅਵਾ ਕਰਕੇ ਕਿ ਇਹ ਦੋ ਨਦੀਆਂ ਹੁਣ ਪ੍ਰਦੂਸ਼ਿਤ ਨਹੀਂ ਹਨ’ ਆਪਣੀ ਗੱਲ ਦਾ ਖੰਡਨ ਕਰ ਰਿਹਾ ਹੈ ਕਿਉਂਕਿ ਖ਼ੁਦ ਇਸਨੇ ਨਰਮਦਾ ਦਾ ਹੋਸੰਗਾਬਾਦ ’ਚ 11.4 ਐਮ. ਜੀ. ਲੀਟਰ ਅਤੇ ਮਾਂਡੋਵੀ ਨੂੰ ਗੋਆ ਦੇ ਟੋਨਕਾ ’ਚ 4.7 ਐਮ ਜੀ/ਲੀਟਰ ਬੀ ਓ ਡੀ ਮੰਨਿਆ ਹੈ। ਸਾਡੀਆਂ ਨਦੀਆਂ ਉਨੀਆਂ ਹੀ ਗੰਦੀਆਂ ਹਨ ਜਿੰਨੀਆਂ ਪਹਿਲਾਂ ਸਨ ਇਹ ਸੀ ਪੀ. ਸੀ. ਬੀ. ਵਰਗੀ ਸੰਸਥਾ ਦਾ ਕਹਿਣਾ ਹੈ। ਪ੍ਰੋਜੈਕਟ ਦੀ ਅਸਫਲਤਾ ਨਾਲ ਵਾਤਾਵਰਣ ਤੇ ਵਣ ਰਾਜ ਮੰਤਰੀ ਜੈ ਰਾਮ ਐਸ਼ ਨੂੰ ਸੰਸਦ ਵਿਚ ਕਬੂਲ ਕਰਨਾ ਪਿਆ ਕਿ ਗੰਗਾ ਤੇ ਜਮਨਾ ਦਾ ਪਾਣੀ ਅੱਜ ਵੀ ਉਨਾ ਹੀ ਪ੍ਰਦੂਸ਼ਿਤ ਹੈ ਜਿੰਨ੍ਹਾਂ 20 ਸਾਲ ਪਹਿਲਾਂ ਸੀ ਇਸ ਦੀ ਵਜ੍ਹਾ ਉਨ੍ਹਾਂ ਨੇ ਇਹ ਦੱਸੀ ਕਿ ਪ੍ਰਦੂਸ਼ਣ ਸਾਡੀਆਂ ਆਸਾਂ ਤੋਂ ਬਹੁਤ ਜ਼ਿਆਦਾ ਵਧ ਗਿਆ ਹੈ ਸ਼ਹਿਰੀ ਸਥਾਨਕ ਪਾਲਿਕਾਵਾਂ ਵਲੋਂ ਸੰਚਾਲਨ ਤੇ ਰੱਖ ਰਖਾਅ ਦਾ ਖਰਚ ਨਾ ਮੁਹੱਈਆ ਕਰਵਾਏ ਜਾਣ ਦੀ ਵਜ੍ਹਾ ਕਾਰਨ ਮਲ ਸੋਧ ਮਸ਼ੀਨਾਂ ਆਪਣੀ ਸਮਰੱਥਾ ਅਨੁਸਾਰ ਕੰਮ ਨਹੀਂ ਕਰ ਰਹੀਆਂ ਹਨ।

ਸੀ. ਪੀ. ਸੀ. ਬੀ. ਨੇ ਨਦੀਆਂ ਬਾਰੇ ਜੋ ਸਿੱਟੇ ਕੱਢੇ ਹਨ, ਬਹੁਤਿਆਂ ਦਾ ਬੀ. ਓ. ਡੀ. ਨਾ ਸਿਰਫ ਪ੍ਰਦੂਸ਼ਿਤ ਦਾਇਰੇ ਵਿਚ ਹੈ ਬਲਕਿ ਲੋੜੀਂਦਾ ਜ਼ਹਿਰੀਲਾ ਵੀ ਹੈ। ਹਾਲਾਂਕਿ ਸੀ. ਪੀ. ਸੀ. ਬੀ. ਅਤੇ ਕੇਂਦਰੀ ਜਲ ਕਮਿਸ਼ਨ ਦੇ ਸਿੱਟੇ ਆਪਸ ਵਿਰੋਧੀ ਹਨ। ਮਾਹਰਾਂ ਦਾ ਮੰਨਣਾ ਹੈ ਕਿ ਭਾਰਤ ਦੀਆਂ ਵੱਡੀਆਂ ਪ੍ਰਸਿੱਧ ਨਦੀਆਂ ਸ਼ਹਿਰੀ ਨਾਲਿਆਂ ਜਿੰਨੀਆਂ ਹੀ ਰਹਿ ਗਈਆਂ ਹਨ। ਵੱਖ ਵੱਖ ਨਦੀਆਂ ’ਤੇ ਬੰਨ ਬਣਾਉਣ

ਨਾਲ ਸਥਿਤੀ ਹੋਰ ਗੰਭੀਰ ਹੋ ਗਈ ਹੈ। ਜਾਣੇ ਪਹਿਚਾਣੇ ਵਾਤਾਵਰਣ ਪ੍ਰੇਮੀ ਅਨੁਪਮ ਮਿਸ਼ਰਾ ਕਹਿੰਦੇ ਹਨ" ਜਦ ਤੱਕ ਵੱਡੇ ਬੰਨਾ ਦੀ ਉਸਾਰੀ ਨਹੀਂ ਰੁਕਦਾ, ਅਸੀਂ ਨਦੀਆਂ ਦਾ ਪ੍ਰਦੂਸ਼ਣ ਰੋਕ ਨਹੀਂ ਸਕਦੇ। ਇਸ ਸਾਲ ਦੱਖਣੀ ਰਾਜ 'ਚ ਹੜ ਦੀ ਵਜ੍ਹਾ ਇਹੋ ਸੀ।" ਬਾਕੀ ਨਦੀਆਂ 'ਚ ਵੀ ਪ੍ਰਦੂਸ਼ਣ ਦਾ ਪੱਧਰ ਬਹੁਤ ਵੱਧ ਗਿਆ ਹੈ। ਜਦ 1985 'ਚ ਗੰਗਾ ਕਾਰਜਯੋਜਨਾ ਦਾ ਪਹਿਲਾ ਪੜ੍ਹਾਅ ਇਕ ਸ਼ੁਰੂ ਹੋਇਆ ਤਾਂ ਕਾਨਪੁਰ 'ਚ ਗੰਗਾ ਦਾ ਬੀ. ਓ. ਡੀ. 6.9 ਐਮ ਜੀ/ਲਿਟਰ ਸੀ। ਸੀ. ਪੀ. ਸੀ. ਬੀ. ਦਾ ਘੱਟੋ ਘੱਟ ਨਮੂਨਾ ਇਸ ਨੂੰ 21 ਐਮ ਜੀ/ਲਿਟਰ ਦੱਸਦਾ ਹੈ। 1980 'ਚ ਔਖੜਾ ਵਿਚ ਯਮੁਨਾ ਦਾ ਬੀ. ਓ. ਡੀ. 10.6 ਐਮ ਜੀ/ਲਿਟਰ ਸੀ ਪਰ ਹੁਣ ਇਹ 70 ਤੱਕ ਪਹੁੰਚ ਗਿਆ ਹੈ।

**ਚੰਬਲ** :- 1995 'ਚ ਐਨ. ਆਰ. ਸੀ. ਪੀ. ਦੇ ਤਹਿਤ ਆਉਣ ਪਿੱਛੋਂ 3.58 ਕਰੋੜ ਖਰਚ ਹੋ ਚੁੱਕੇ। 425 ਕਿ. ਮੀ. ਲੰਬੀ ਇਸ ਨਦੀ ਦਾ ਕਰੀਬ 50 ਕਿ. ਮੀ. ਬੇਹੱਦ ਪ੍ਰਦੂਸ਼ਿਤ ਹੈ। ਸਭ ਤੋਂ ਵੱਧ ਪ੍ਰਦੂਸ਼ਣ ਰਾਜਸਥਾਨ ਦੇ ਕੋਟਾ ਸ਼ਹਿਰ ਦੇ ਆਸ ਪਾਸ ਹੈ।

**ਯਮੁਨਾ** :- ਵਿਰੰਦਾਬਨ 'ਚ ਲਾਲਚ ਦੀ ਖੇਡ ਚੱਲ ਰਹੀ ਹੈ 16ਵੀਂ ਸਦੀ 'ਚ ਬਣਾਏ ਗਏ ਨਦੀ ਦੇ ਘਟਾਂ ਦੇ ਸਮਾਨੰਤਰ ਸੜਕ ਬਣਾਉਣ ਲਈ ਨਦੀ ਦੇ ਵਿਚ ਵਿਚਾਲੇ ਕੰਕਰੀਟ ਦੇ ਖੰਭੇ ਖੜ੍ਹੇ ਕੀਤੇ ਜਾ ਰਹੇ ਹਨ।

ਗੰਗਾ 'ਚ ਪ੍ਰਦੂਸ਼ਣ ਤਿੰਨ ਗੁਣਾ, ਯਮੁਨਾ 'ਚ ਸਤ ਗੁਣਾ ਵੱਧ ਚੁੱਕਿਆ ਹੈ। ਐਨ. ਆਰ. ਸੀ. ਪੀ. ਦੀਆਂ ਫਾਇਲਾਂ ਵਿਚ ਪ੍ਰੋਗਰਾਮ ਬਿਲਕੁਲ ਠੀਕ ਦਿਸਦਾ ਹੈ। ਮਲ ਸੋਧ ਯੰਤਰਾਂ ਦਾ ਨਿਰਮਾਣ ਬਿਜਲੀ ਤੋਂ ਇਲਾਵਾ ਸੁਧਰੇ ਹੋਏ ਸ਼ਵਦਾਰ ਗ੍ਰਹਿ, ਨਦੀ ਮੁਹਾਨੇ ਦਾ ਵਿਕਾਸ, ਅਤੇ ਜਨ ਭਾਗੀਦਾਰੀ-ਇਨ੍ਹਾਂ 'ਚ ਇਕ ਵੀ ਕੰਮ ਲੋੜੀਂਦੇ ਪੱਧਰ ਮੁਤਾਬਕ ਨਹੀਂ ਹੋ ਰਿਹਾ ਹੈ। ਭਾਰਤ 'ਚ ਹਰ ਨਦੀ ਦੀ ਆਪਣੀ ਕਹਾਣੀ ਹੈ। ਚੈਨੇ 'ਚ ਕੁਆਰਾ ਤੇ ਅਡਵਾਇਰ ਸਨਅਤੀ ਪ੍ਰਦੂਸ਼ਣ ਲਈ ਜਾਣੀ ਜਾਂਦੀ ਹੈ। ਐਨ. ਆਰ. ਸੀ. ਪੀ. ਦੇ ਤਹਿਤ ਇਨ੍ਹਾਂ ਦੀ ਸਫ਼ਾਈ ਲਈ 491.52 ਕਰੋੜ ਰੁਪਏ ਮਨਜ਼ੂਰ ਕੀਤੇ ਜਾ ਚੁੱਕੇ ਹਨ। ਤਾਮਿਲਨਾਡੂ 'ਚ ਦੂਜੀਆਂ ਨਦੀਆਂ ਪ੍ਰਦੂਸ਼ਿਤ ਪਟਿਆਂ ਦੀ ਸਫਾਈ ਲਈ 6.6.17 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਰਾਜ ਦੀ ਵਾਤਾਵਰਣ ਸੰਮਤੀ ਦੇ ਮੁੱਖੀ ਐਲ. ਇੰਟਨੀਸਾਮੀ ਚੈਨੇ ਦੀ ਯੋਜਨਾ ਨੂੰ ਗੈਰ ਜ਼ਿੰਮੇਵਾਰ ਮੰਨਦੇ ਹਨ। "ਚੈਨੇ ਮੇਟ੍ਰੋਵਾਟਰ ਦਾ ਦਾਅਵਾ ਹੈ ਕਿ ਨਦੀਆਂ 'ਚ ਸਿਰਫ਼ ਸੋਧਿਆ ਹੋਇਆ ਪਾਣੀ ਵਗਾਇਆ ਜਾਂਦਾ ਹੈ ਪਰ ਅਜਿਹੇ ਨਹੀਂ ਹੋ ਰਿਹਾ।" ਕੇਰਲ ਦੀ ਪੰਪਾ ਮੱਧ ਕੇਰਲ ਦੀ ਜੀਵਨ ਰੇਖਾ ਹੈ। ਇਸ ਨੂੰ 2003-04 'ਚ ਐਨ. ਆਰ. ਸੀ. ਪੀ. ਦੇ ਪਹਿਲੇ ਪੜ੍ਹਾਅ 'ਚ ਸ਼ਾਮਲ ਕੀਤਾ ਗਿਆ। ਇਸ ਨੂੰ 2008-09 ਤੱਕ ਸਾਫ਼ ਕੀਤਾ ਜਾਣਾ ਸੀ ਅੱਜ 11 ਐਨ. ਆਰ. ਸੀ. ਪੀ. ਪ੍ਰੋਜੈਕਟਾਂ ਵਿਚੋਂ ਬਹੁਤੇ ਉਸਾਰੀ ਅਧੀਨ ਹਨ ਜਾਂ ਫਿਰ ਉਨ੍ਹਾਂ 'ਤੇ ਕੰਮ ਸ਼ੁਰੂ ਹੋਣਾ ਹੈ। ਰਾਜ ਸਰਕਾਰ ਨੇ ਮੱਠੀ ਰਫ਼ਤਾਰ ਨਾਲ ਨਿਗਰਾਨੀ ਲਈ ਅਗਸਤ 2008 ਵਿਚ ਇਕ ਅਥਾਰਟੀ ਦਾ ਗਠਨ ਕੀਤਾ ਗਿਆ। ਰਾਜਸਥਾਨ 'ਚ ਚੰਬਲ ਨਦੀ ਨੇ ਨਾ ਸਿਰਫ ਗੰਦੀ ਹੋਣ ਦੀ ਵਜ੍ਹਾ ਕਰਕੇ ਖਮਿਆਜਾ ਭੁਗਤਿਆ ਬਲਕਿ ਐਨ. ਆਰ. ਸੀ. ਪੀ. ਫੰਡਿੰਗ ਸਬੰਧੀ ਕੇਂਦਰ-ਰਾਜ ਟਕਰਾਅ ਦੀ ਵੀ ਸ਼ਿਕਾਰ ਬਣੀ। 1995 'ਚ ਰਾਜ ਨੇ 30.53 ਕਰੋੜ ਰੁਪਏ ਦੀ ਮੰਗ ਕੀਤੀ ਪਰ

ਇਸ ਨੂੰ ਸਿਰਫ਼ 13.13 ਕਰੋੜ ਰੁਪਏ ਹੀ ਮਿਲੇ ਰਾਜ ਸਰਕਾਰ ਨੇ ਪ੍ਰੋਜੈਕਟ 'ਤੇ ਪੈਸਾ ਖਰਚ ਕਰਨ ਤੋਂ ਇਨਕਾਰ ਕਰ ਦਿੱਤਾ। 2005 'ਚ ਇਸ ਬੇਨਤੀ ਨੂੰ ਵੀ ਰੱਦ ਕਰ ਦਿੱਤਾ ਗਿਆ। ਪਰ ਦੋ ਸਾਲ ਪਿੱਛੋਂ ਸੂਬਾ ਨਦੀ ਸਫਾਈ ਦੀ 150 ਕਰੋੜ ਰੁਪਏ ਦੀ ਯੋਜਨਾ ਦਾ 30 ਫੀਸਦੀ ਖਰਚ ਕਰਨ ਨੂੰ ਤਿਆਰ ਹੋ ਗਿਆ। ਪਰ ਸਰਕਾਰ ਕੰਮ ਕਦੋਂ ਸ਼ੁਰੂ ਕਰੇਗੀ ਇਹ ਗੈਰ ਯਕੀਨੀ ਹੈ। ਪਿਛਲੇ ਹਫ਼ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਤਲੁਜ ਤੇ ਘੱਗਰ ਨਦੀ ਦੇ ਪ੍ਰਦੂਸ਼ਣ ਲਈ 302 ਕਰੋੜ ਰੁਪਏ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਇਕ ਵਾਰੀ ਫਿਰ ਸਭ ਦੀ ਖਿੱਚ ਤੇ ਖਰਚ ਦਾ ਕੇਂਦਰ ਗੰਗਾ ਤੇ ਯਮੁਨਾ ਹੈ।

2007 ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਯਮੁਨਾ ਦੀ ਰਾਖੀ ਤੇ ਵਿਕਾਸ ਲਈ ਉਚ ਅਧਿਕਾਰ ਪ੍ਰਾਪਤ ਸੰਮਤੀ ਅਤੇ ਫਰਵਰੀ 2009 'ਚ ਕੌਮੀ ਗੰਗਾ ਨਦੀ ਬੇਸਿਨ ਅਥਾਰਟੀ ਦਾ ਗਠਨ ਕੀਤਾ। ਉਹ ਦੋਨਾਂ ਦੇ ਪ੍ਰਧਾਨ ਹਨ। ਹਾਲ ਵਿਚ ਅਥਾਰਟੀ ਦੀ ਪਹਿਲੀ ਮੀਟਿੰਗ ਵਿਚ ਸੰਕਲਪ ਲਿਆ ਗਿਆ ਕਿ 2020 ਤੱਕ ਗੰਗਾ ਪ੍ਰਦੂਸ਼ਿਣ ਮੁਕਤ ਹੋ ਜਾਵੇਗੀ ਅਤੇ ਇਸ 'ਤੇ 15000 ਕਰੋੜ ਰੁਪਏ ਖਰਚ ਹੋਣਗੇ। ਸੰਸਾਰ ਬੈਂਕ ਅਗਲੇ ਚਾਰ-ਪੰਜ ਸਾਲਾਂ ਵਿਚ ਸ਼ੁਰੂਆਤੀ ਮਦਦ ਦੇ ਲਈ ਇਕ ਅਰਬ ਡਾਲਰ ਦੀ ਸਹਾਇਤਾ ਦੇਣ ਲਈ ਰਾਜੀ ਹੋ ਗਿਆ। ਇਹ ਯੋਜਨਾਵਾਂ ਭਾਵੇਂ ਹੀ ਬੇਹੱਦ ਸਮਝਦਾਰੀ ਨਾਲ ਬਣਾਈਆਂ ਗਈਆਂ ਹੋਣ ਅਤੇ ਆਰਥਿਕ ਮਦਦ ਭਾਵੇਂ ਹੀ ਮਜ਼ਬੂਤ ਹੋਵੇ, ਭਾਰਤ 'ਚ ਨਦੀਆਂ ਦੇ ਪ੍ਰਦੂਸ਼ਣ ਦਾ ਹੱਲ ਸਿਰਫ਼ ਪੈਸੇ ਨਾਲ ਨਹੀਂ ਹੋ ਸਕਦਾ ਪ੍ਰਮਾਣਿਤ ਯੋਜਨਾਵਾਂ ਦੇ ਅਮਲ 'ਚ ਇਮਾਨਦਾਰੀ ਤੇ ਐਨ. ਆਰ. ਸੀ. ਪੀ. ਦੇ ਸਮਝਦਾਰੀ ਤੇ ਫੁਰਤੀ ਨਾਲ ਕੰਮ ਕਰਨ 'ਤੇ ਨਿਰਭਰ ਕਰਦਾ ਹੈ।

-----✪✪-----

# ਕੀ ਇਹ .ਗਰੀਬਾਂ ਦਾ ਹੱਕ ਖੋਹਣ ਦੀ ਤਿਆਰੀ ਤਾਂ ਨਹੀਂ?

ਬਿਹਾਰ ਤੇ ਉਤਰਪ੍ਰਦੇਸ਼ ਪਿੱਛੋਂ ਝਾਰਖੰਡ ’ਚ ਗਰੀਬੀ ਦੀ ਰਾਜਨੀਤੀ ਦਾ ਮੌਕਾ ਹੱਥ ਲਾਉਣ ਦੀ ਤਿਆਰੀ ਹੋ ਚੁੱਕੀ ਹੈ। ਗਰੀਬਾਂ ਦੇ ਨਾਂ ’ਤੇ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਸਬੰਧੀ ਰਾਜ ਸਰਕਾਰ ਕੇਂਦਰ ਨੂੰ ਘੇਰਨ ਦੀ ਤਿਆਰੀ ਕਰਦੀ ਦਿਸ ਰਹੀ ਹੈ। ਵੈਸੇ ਤਾਂ ਗਰੀਬ ਅਤੇ ਗਰੀਬੀ ਦੇ ਨਾਂ ’ਤੇ ਰਾਜਨੀਤੀ ਕੋਈ ਨਵੀਂ ਗੱਲ ਨਹੀਂ ਹੈ ਪਰ ਝਾਰਖੰਡ ਵਿੱਚ ਇੱਕ ਸਰਕਾਰੀ ਫੁਰਮਾਨ ਨਾਲ ਅਧਿਕਾਰੀਆਂ ਦੇ ਮੱਥੇ ਵੱਟ ਪੈ ਗਏ ਹਨ। ਰਾਜ ਸਰਕਾਰ ਨੇ ਪਹਿਲਾਂ ਤੋਂ ਤਿਆਰ ਗਰੀਬੀ ਰੇਖਾ (ਬੀ ਪੀ ਐਲ) ਨੂੰ ਗਲਤ ਦੱਸਦਿਆਂ ਇਹ ਫੈਸਲਾ ਕੀਤਾ ਹੈ ਕਿ ਹੁਣ ਨਵੇਂ ਸਿਰਿਓਂ ਸੂਚੀ ਤਿਆਰ ਕੀਤੀ ਜਾਵੇ। ਬਕਾਇਦਾ ਫੁਰਮਾਨ ਜਾਰੀ ਕਰਕੇ ਫਰਵਰੀ ਦੇ ਅੰਤ ਤੱਕ ਗਰੀਬਾਂ ਦੀ ਨਵੀਂ ਸੂਚੀ ਤਿਆਰ ਕਰਨ ਦਾ ਹੁਕਮ ਸਭ ਜਿਲ੍ਹਿਆਂ ਨੂੰ ਦੇ ਦਿੱਤਾ ਗਿਆ ਹੈ। ਦਿਲਚਸਪ ਗੱਲ ਹੈ ਕਿ ਕੇਂਦਰ ਸਰਕਾਰ ਜੋ ਗਰੀਬੀ ਹਟਾਉ ਪ੍ਰੋਗ੍ਰਾਮਾਂ ਲਈ ਰਾਜਾਂ ਨੂੰ ਰਾਸ਼ੀ ਦੀ ਵੰਡ ਕਰਦੀ ਹੈ, ਉਸ ਵੱਲੋਂ ਸਭ ਤਹਿ ਪੈਮਾਨਿਆ ਤੋਂ ਅੱਗੇ ਨਿਕਲ ਕੇ ਰਾਜ ਸਰਕਾਰ ਨੇ ਆਪਣੇ ਪੈਮਾਨੇ ਤਹਿ ਕਰ ਲਏ ਹਨ। ਇਹਨਾਂ ਪੈਮਾਨਿਆਂ ’ਚ ਕਿਸੇ ਇੱਕ ਕਾਰਨ ਵੀ ਨਾਮ ਗਰੀਬ ਤੋਂ ਹੇਠਾਂ ਰਹਿਣ ਵਾਲਿਆਂ ਦੀ ਸੂਚੀ ’ਚ ਪਾ ਦੇਣ ਦਾ ਹੁਕਮ ਦਿੱਤਾ ਗਿਆ ਹੈ।

ਝਾਰਖੰਡ ਸਰਕਾਰ ਅਨੁਸਾਰ ਜੇ ਕੋਈ ਅਨੁਸੂਚਿਤ ਜਾਤੀ ਜਾਂ ਜਨਜਾਤੀ ਹੈ ਤਾਂ ਉਹ ਲਾਲ ਕਾਰਡ (ਗਰੀਬੀ ਰੇਖਾ ਤੋਂ ਹੇਠਾਂ ਵਾਲਿਆਂ ਲਈ) ਦਾ ਹੱਕਦਾਰ ਹੈ, ਸਰਕਾਰ ਦੇ ਹੁਕਮ ’ਤੇ ਜਦ ਸਭ ਅਨੁਸੂਚਿਤ ਜਾਤੀ/ਜਨਜਾਤੀ ਦੇ ਲੋਕਾਂ ਨੂੰ ਬੀ ਪੀ ਐਲ ਸੂਚੀ ’ਚ ਪਾਉਣਾ ਸ਼ੁਰੂ ਕੀਤਾ ਗਿਆ ਤਾਂ ਸਿਬੂ ਸੋਰੇਨ ਤੋਂ ਲੈ ਕੇ ਬਾਬੂ ਲਾਲ ਮਰਾਂਡੀ ਤੱਕ ਅਤੇ ਚਾਰ ਹਜ਼ਾਰ ਕਰੋੜ ਰੁਪਏ ਦੇ ਘੁਟਾਲੇ ਦੇ ਦੋਸ਼ ’ਚ ਜੇਲ੍ਹ ’ਚ ਬੰਦ ਸਾਬਕਾ ਮੁੱਖ ਮੰਤਰੀ ਮਧੂ ਕੌੜਾ ਤੋਂ ਲੈ ਕੇ ਉਹਨਾਂ ਦੇ ਸਹਿਯੋਗੀ ਕਰੋੜਪਤੀ ਸਾਬਕਾ ਮੁੱਖ ਮੰਤਰੀ ਏਨੋਸ ਇੱਕਾਤਕ ਗਰੀਬੀ ਰੇਖਾ ਤੋਂ ਹੇਠਾ ਆ ਗਏ ਇਸ ਵਿਸੰਗਤਿ ਨੂੰ ਦੂਰ ਕਰਨ ਲਈ ਤੁਰੰਤ ਡੈਮੇਜ ਕੰਟਰੋਲ ਦੀ ਲੋੜ ਪਈ। ਗੜਬੜਾਂ ਰੋਕਣ ਲਈ ਨਵੇਂ ਪੈਮਾਨਿਆਂ ਦੀ ਹੋਰ ਲੋੜ ਪੈਣੀ ਹੈ। ਸਰਕਾਰ ਦੀ ਮੰਨੀਏ ਤਾਂ ਰਵਾਇਤੀ ਤਰੀਕੇ ਨਾਲ ਬਣਨ ਵਾਲੀ ਬੀ ਪੀ ਐਲ ਸੂਚੀ ’ਚ ਕਈ ਪ੍ਰਕਾਰ ਦੀਆਂ ਤਰੁੱਟੀਆਂ ਰਹਿੰਦੀਆਂ ਸਨ। ਕੀ ਨਵੇਂ ਨਿਯਮ ’ਚ ਕਿਸੇ ਬੰਦੇ ਦੇ ਰਹਿ ਜਾਣ ਦਾ ਡਰ ਨਹੀਂ ਹੋਵੇਗਾ? ਜਾਣਕਾਰਾਂ ਦਾ ਮੰਨਣਾ ਹੈ ਕਿ ਸਰਕਾਰ ਦੇ ਇਸ ਤਰ੍ਹਾਂ ਦੇ ਨਵੇਂ ਮਾਪਦੰਡ ਵਿਹਾਰਕ ਨਹੀਂ ਹਨ। ਜੋ ਲੋਕ ਚੰਗੀਆਂ ਤਨਖਾਹਾਂ ਵਾਲੀਆਂ ਸਰਕਾਰੀ ਨੌਕਰੀਆਂ ’ਚ ਹਨ, ਉਹਨਾਂ ਦੇ ਪਰਿਵਾਰ ਦੀ ਅੱਛੀ ਸਥਿਤੀ ਹੈ। ਇਸ ਦੇ ਬਾਵਜੂਦ ਉਹਨਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਸੂਚੀ ’ਚ ਥਾਂ ਮਿਲ ਸਕੇਗੀ। ਇਸ ਤੋਂ ਇਲਾਵਾ ਸੂਚੀ ’ਚੋਂ ਨਾਂ ਹਟਾਉਣ ਨੂੰ ਲੈ ਕੇ ਸਰਕਾਰੀ ਕਰਮਚਾਰੀਆਂ ਤੇ ਆਮ ਲੋਕਾਂ ’ਚ ਟਕਰਾਅ ਰਹੇਗਾ। ਇਹ ਵੱਖਰਾ ਸਿਰ ਦਰਦ ਦਾ ਕਾਰਨ ਬਣੇਗਾ। ਕੁਝ ਵਿਸਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਇੱਕ ਵਾਰੀ ਸਭ ਪਰਿਵਾਰਾਂ ਨੂੰ ਬੀ ਪੀ ਐਲ ਐਲਾਨ ਦੇਣ ਤੇ ਫਿਰ ਬਾਅਦ

’ਚ ਇੱਕ ਇੱਕ ਕਰਕੇ ਛਾਂਟੀ ਨਾਲ ਭ੍ਰਿਸ਼ਟਾਚਾਰ ਵਧੇਗਾ। ਸੂਚੀ ’ਚ ਨਾਂ ਬਣਾਈ ਰੱਖਣ ਲਈ ਤਹਿਸੀਲਾਂ ’ਚ ਵਿਚੋਲੇ ਸਰਗਰਮ ਹੋ ਜਾਣਗੇ। ਝਾਰਖੰਡ ਦੀ ਕੁੱਲ ਅਬਾਦੀ ਪੌਣੇ ਤਿੰਨ ਕਰੋੜ ਦੇ ਆਸਪਾਸ ਹੈ। ਇਸ ’ਚ 28 ਫੀਸਦੀ ਆਬਾਦੀ ਅਨੁਸੂਚਿਤ ਜਨਜਾਤੀ ਦੀ ਹੈ ਅਤੇ 12 ਫੀਸਦੀ ਅਨੁਸੂਚਿਤ ਜਾਤੀ ਦੀ। ਸਰਕਾਰੀ ਅੰਕੜਿਆਂ ਅਨੁਸਾਰ ਰਾਜ ਦੇ 45 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਉਂਦੇ ਹਨ, ਬਾਕੀ ਕਰੀਬ ਇੱਕ ਕਰੋੜ 23 ਲੱਖ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਉਂਦੇ ਹਨ। ਜੇ ਸਰਕਾਰ ਦੀ ਨਵੀਂ ਯੋਜਨਾ ਮੁਤਾਬਕ ਪੂਰੀ ਇਮਾਨਦਾਰੀ ਨਾਲ ਕੰਮ ਹੋ ਵੀ ਜਾਂਦਾ ਹੈ ਤਾਂ 65 ਫੀਸਦੀ ਲੋਕ ਬੀ ਪੀ ਐਲ ਦੀ ਸੂਚੀ ’ਚ ਆ ਸਕਣਗੇ। ਸਰਕਾਰੀ ਖਜ਼ਾਨਾ ਵੈਸੇ ਵੀ ਖਾਲੀ ਹੈ। ਏਨੇ ਸਾਰੇ ਕਥਿਤ ਗਰੀਬਾਂ ਲਈ ਇੱਕ ਰੁਪਏ ਦੀ ਦਰ ਨਾਲ 35 ਕਿਲੋਗ੍ਰਾਮ ਚੌਲ ਮੁਹੱਈਆ ਕਰਾਉਣ ਲਈ ਪੈਸੇ ਕਿੱਥੋਂ ਆਉਣਗੇ। ਇਸ ਦਾ ਖੁਲਾਸਾ ਅਜੇ ਤੱਕ ਰਾਜ ਸਰਕਾਰ ਨੇ ਨਹੀਂ ਕੀਤਾ ਹੈ।

ਵਿੱਤ ਵਿਭਾਗ ਦੇ ਅਧਿਕਾਰਿਤ ਸੂਤਰਾਂ ਮੁਤਾਬਕ ਇਸ ਕਦਮ ਨਾਲ ਸਲਾਨਾ 500 ਕਰੋੜ ਤੋਂ ਵੱਧ ਦਾ ਨੁਕਸਾਨ ਹੋਵੇਗਾ। ਜਿਸ ਲਈ ਸਰਕਾਰ ਨੂੰ ਟੈਕਸ ਵਧਾਉਣ ਵਰਗੇ ਫੈਸਲੇ ਲੈਣੇ ਪੈ ਸਕਦੇ ਹਨ। ਇਸ ਮੁਲਅੰਕਣ ਨੂੰ ਸਹੀ ਕਰਾਰ ਦਿੰਦਿਆਂ ਰਾਜ ਸਰਕਾਰ ਨੇ ਵੀ ਪੈਸੇ ਇਕੱਠੇ ਕਰਨ ਲਈ ਮੁਹਿੰਮ ਛੇੜ ਦਿੱਤੀ ਹੈ। ਕੇਂਦਰ ਤੋਂ ਵਿਸ਼ੇਸ਼ ਪੈਕੇਜ ਦੀ ਮੰਗ ਤਾਂ ਕੀਤੀ ਹੀ ਗਈ ਹੈ, ਨਾਲ ਹੀ ਨਾਲ ਰਾਜ ਵਿੱਚ ਮਾਲੀਆ ਉਗਰਾਹੀ ਦਾ ਵੀ ਫੁਰਮਾਨ ਜਾਰੀ ਕੀਤਾ ਜਾ ਚੁੱਕਿਆ ਹੈ। ਸਰਕਾਰ ਦੇ ਕਈ ਚੋਟੀ ਦੇ ਅਧਿਕਾਰੀ ਵੀ ਦਬੀ ਜੁਬਾਨ ’ਚ ਇਹ ਮੰਨਦੇ ਹਨ ਕਿ ਇਸ ਤਰ੍ਹਾਂ ਦੀ ਪਹਿਲ ਕੇਂਦਰ ਤੋਂ ਵੱਧ ਤੋਂ ਵੱਧ ਰਾਸ਼ੀ ਹਾਸਲ ਕਰ ਲੈਣ ਵਿੱਚ ਕਾਰਗਰ ਨਹੀਂ ਹੋਵੇਗੀ। ਕੇਂਦਰੀ ਪੈਮਾਨਿਆਂ ਤੋਂ ਅੱਗੇ ਜਾਣ ਪਿੱਛੋਂ ਰਾਜ ਸਰਕਾਰ ਦੀ ਜੁਆਬਦੇਹੀ ਵਧ ਗਈ ਹੈ। ਹੁਣ ਰਾਜ ਸਰਕਾਰ ਕੇਂਦਰ ਤੋਂ ਵਾਧੂ ਸਹਾਇਤਾ ਦੀ ਮੰਗ ਕਰਦਾ ਹੈ, ਤਾਂ ਕੇਂਦਰ ਇਸ ’ਤੇ ਤਵੱਜੋ ਦੇਵੇਗਾ। ਇਸ ਦੀ ਸੰਭਾਵਨਾ ਘੱਟ ਹੀ ਹੈ ਅਜਿਹੀ ਸਥਿਤੀ ’ਚ ਦੋਸ਼ ਲਾਉਣੇ ਸ਼ੁਰੂ ਹੋ ਜਾਣਗੇ, ਜੋ ਆਖਰ ਗਰੀਬੀ ਦੇ ਨਾਂ ’ਤੇ ਰਾਜਨੀਤੀ ਦਾ ਰੂਪ ਲੈ ਲਵੇਗਾ।

# ਨਿਜੀਕਰਣ ਬਨਾਮ ਨਵੀਂ ਖੁਦਾਈ ਨੀਤੀ

ਇਸ ਦੀ ਨੀਂਹ ਤਾਂ ਉਦਾਰੀਕਰਨ ਦੀ ਨੀਤੀ ਦੀ ਸ਼ੁਰੂਆਤ ਦੇ ਨਾਲ ਹੀ ਪੈ ਗਈ ਸੀ, ਪਰ ਇਸ ਦੇ ਆਕਾਰ ਗ੍ਰਹਿਣ 'ਚ ਦੋ ਦਹਾਕੇ ਲੱਗ ਗਏ। ਨੀਤੀਗਤ ਪੱਧਰ 'ਤੇ ਵੇਖੋ ਤਾਂ ਬਹੁਤ ਵੱਡਾ ਬਦਲਾਅ ਹੈ, ਪਰ ਹੈਰਾਨੀ ਨਹੀਂ ਹੈ। ਇਹ ਸਭ ਨਾ ਤਾਂ ਅਚਾਨਕ ਹੋਇਆ ਹੈ ਅਤੇ ਨਾ ਹੀ ਇਹ ਕਿਸੇ ਐਮਰਜੈਂਸੀ ਸਥਿਤੀਆਂ ਨਾਲ ਨਿਪਟਨ ਦਾ ਉਪਾਅ ਹੈ, ਬਲਕਿ ਇਸ ਨੂੰ ਹੌਲੀ-ਹੌਲੀ ਇਸ ਮੁਕਾਮ 'ਤੇ ਪਹੁੰਚਾਇਆ ਗਿਆ ਹੈ। ਇਸ ਦਾ ਸੰਕੇਤ ਤਾਂ ਡੇਢ ਸਾਲ ਪਹਿਲਾਂ ਹੀ ਮਿਲ ਗਿਆ ਸੀ, ਜਦ ਕੇਂਦਰ ਸਰਕਾਰ ਨੇ 'ਨਵੀਂ ਖਣਿਜ ਨੀਤੀ-2008 ਨੂੰ ਮਨਜ਼ੂਰੀ ਦਿੱਤੀ ਸੀ। ਉਸ 'ਚ ਕਿਹਾ ਗਿਆ ਸੀ ਕਿ ਖਣਿਜਾਂ ਦੀ ਦੇਖਭਾਲ 'ਚ ਨਿਵੇਸ਼ ਲਈ ਨਿੱਜੀ ਖੇਤਰ ਮੁੱਖ ਸਰੋਤ ਹੋਣਗੇ ਅਤੇ ਰਾਜ ਸਰਕਾਰ ਕੰਟਰੋਲਰ ਤੇ ਆਯੋਜਿਕ ਦੀ ਜ਼ਿੰਮੇਵਾਰੀ ਨਿਭਾਵੇਗੀ। ਇੱਥੇ ਖਾਣ ਤੇ ਖਣਿਜ (ਵਿਕਾਸ ਤੇ ਨਿਯਮ) ਕਾਨੂੰਨ 1957 (MMDR ਕਾਨੂੰਨ) ਦੀ ਪ੍ਰਸਤਾਵਿਤ ਸੋਧ ਦੀ ਗੱਲ ਹੋ ਰਹੀ ਹੈ। ਵੱਖ-ਵੱਖ ਸ੍ਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਸੰਸਦ ਦੇ ਇਸ ਬਜਟ ਸੈਸ਼ਨ (MMDR ਕਾਨੂੰਨ) 'ਚ ਵਿਆਪਕ ਸੋਧ ਕਰਨ ਜਾ ਰਹੀ ਹੈ। ਇਸ ਲਈ ਉਹ ਰਾਜਾਂ ਦੀਆਂ ਸਰਕਾਰਾਂ ਅਤੇ ਖਣਿਜ ਨਾਲ ਸਬੰਧਿਤ ਏਜੰਸੀਆਂ ਨਾਲ ਲਗਾਤਾਰ ਸਲਾਹ ਮਸ਼ਵਰਾ ਕਰ ਰਹੀ ਹੈ। ਪਰ ਜਾਣਕਾਰ ਸੂਤਰਾ ਦਾ ਕਹਿਣਾ ਹੈ ਕਿ ਮਸੌਦੇ ਲੱਗਭੱਗ ਤਿਆਰ ਕਰ ਲਏ ਗਏ ਹਨ ਤੇ ਹੁਣ ਇਸ 'ਚ ਕਿਸੇ ਵੱਡੇ ਫੇਰਬਦਲ ਦੀ ਸੰਭਾਵਨਾ ਨਹੀਂ ਹੈ। ਜਾਣਕਾਰੀ ਅਨੁਸਾਰ ਪ੍ਰਸਤਾਵਿਤ ਮਸੌਦੇ ਵਿੱਚ ਖਾਣ ਤੇ ਖੁਦਾਈ ਨਾਲ ਸਬੰਧਤ ਸਾਰੀਆਂ ਸਮੱਸਿਆਵਾਂ ਅਤੇ ਅਨਿਯਮਤਾਵਾਂ ਨਾਲ ਨਿਪਟਣ ਦੀ ਗੱਲ ਕੀਤੀ ਗਈ ਹੈ, ਪਰ ਗੰਭੀਰਤਾ ਨਾਲ ਵੇਖਣ ਤੋਂ ਪਤਾ ਲੱਗਦਾ ਹੈ ਕਿ ਇਹ ਮੁੱਖ ਤੌਰ 'ਤੇ ਖਣਿਜ ਤੇ ਖੁਦਾਈ ਦੇ ਖੇਤਰ ਵਿੱਚ ਨਿਜੀਕਰਣ ਤੇ ਪੂੰਜੀ ਨਿਵੇਸ਼ ਵਧਾਉਣ ਪ੍ਰਤੀ ਹੀ ਸਮਰਪਿਤ ਹੈ, ਮਾਹਰਾਂ ਦਾ ਕਹਿਣਾ ਹੈ ਕਿ ਸੌਂਪ ਦੇ ਲਾਗੂ ਹੋਣ ਪਿੱਛੋਂ ਦੇਸ਼ ਦਾ ਖਣਿਜ ਤੇ ਖੁਦਾਈ ਖੇਤਰ ਨਿਜੀਕਰਣ ਦੇ ਇਕ ਨਵੇਂ ਦੌਰ ਵਿੱਚ ਪ੍ਰਵੇਸ਼ ਕਰੇਗਾ ਤੇ ਸਰਕਾਰ ਦੀ ਭੂਮਿਕਾ 'ਚ ਵਿਆਪਕ ਬਦਲਾਅ ਹੋਣਗੇ।

ਖਣਿਜਾਂ ਦੀ ਪੈਦਾਵਾਰ, ਵੈਲੂ ਐਡੀਸ਼ਨ ਆਦਿ 'ਚ ਸਰਕਾਰ ਦੀ ਭੂਮਿਕਾ ਤੱਕ ਖਤਮ ਹੋ ਜਾਵੇਗੀ ਹਾਲਾਂਕਿ ਸਰਕਾਰ ਇਸ ਗੱਲ ਨੂੰ ਨਹੀਂ ਮੰਨਦੀ ਹੈ। ਨਵੇਂ ਕਾਨੂੰਨ ਦੇ ਮਹੱਤਵ ਤੇ ਪ੍ਰਸੰਗਿਕਤਾ 'ਤੇ ਕੇਂਦਰੀ ਖਾਣਮੰਤਰੀ ਵਿਜੈ ਕ੍ਰਿਸ਼ਨ ਹਾਂਡਿਕ ਦਾ ਕਹਿਣਾ ਹੈ, "ਸੋਧ ਕਾਨੂੰਨ ਦਾ ਮਸੌਦਾ ਖਣਿਜ ਖੇਤਰਾਂ ਨਾਲ ਜੁੜੇ ਸਾਰੇ ਤਰ੍ਹਾਂ ਦੇ ਮਾਹਰਾਂ, ਰਾਜ ਸਰਕਾਰਾਂ ਤੇ ਸਮਾਜ ਸੇਵਕਾਂ ਨਾਲ ਸਲਾਹ ਮਸ਼ਵਰਾ ਕਰਕੇ ਤਿਆਰ ਕੀਤਾ ਗਿਆ ਹੈ, ਇਸ ਨਾਲ ਇੱਕ ਅਜਿਹਾ ਮਾਈਨਿੰਗ ਫ੍ਰੇਮਵਰਕ ਤਿਆਰ ਹੋ ਸਕੇਗਾ, ਜੋ ਖੁਦਾਈ ਖੇਤਰ ਦੇ ਚਿਰਸਥਾਈ ਵਿਕਾਸ ਨਾਲ ਵਾਤਾਵਰਣ ਤੇ ਸਥਾਨਕ ਲੋਕਾਂ ਦੀ ਰਾਖੀ ਕਰਨ 'ਚ ਵੀ ਸਮਰੱਥ ਹੋਵੇਗਾ। ਇਸ ਨਾਲ ਕੰਮ 'ਚ ਪਾਰਦਰਸ਼ਤਾ ਆਵੇਗੀ ਅਤੇ ਅਮਲ ਸੌਖੇ ਹੋ ਜਾਣਗੇ, ਨਿਆਮਕ ਤੇ ਕੰਟਰੋਲ ਏਜੰਸੀਆਂ ਦੀ ਭੂਮਿਕਾ ਹੋਵੇਗੀ। ਦਰਅਸਲ 1947 ਪਿੱਛੋਂ ਸੰਨ 1957 'ਚ ਪਹਿਲੀ ਵਾਰੀ ਖਾਣ ਤੇ ਖਣਨ

ਲਈ ਵਿਆਪਕ ਕਾਨੂੰਨ ਬਣਾਏ ਗਏ ਸਨ, MMDR ਐਕਟ-1957 ਦੇ ਨਾਂ ਨਾਲ ਪ੍ਰਸਿਧ ਹਨ। ਹਲਕੀਆਂ-ਹਲਕੀਆਂ ਸੋਧਾਂ ਦੇ ਨਾਲ ਇਹ ਕਾਨੂੰਨ ਸਾਲਾਂਬੱਧੀ ਬਣਿਆ ਰਿਹਾ, ਪਰ 1990 ਦੇ ਦਹਾਕੇ 'ਚ ਵੱਧ ਉਦਾਰੀਕਰਣ ਦੀ ਨੀਤੀ ਦੇ ਆਗਮਨ ਦੇ ਨਾਲ ਕਈ ਤਰ੍ਹਾਂ ਦੀਆਂ ਦਿੱਕਤਾਂ ਆਉਣ ਲੱਗੀਆਂ। ਇਹੀ ਕਾਰਨ ਹੈ ਕਿ ਸਾਲ 1991 ਤੋਂ 2003 ਵਿਚਕਾਰ MMDR-1957 'ਚ ਕੁੱਲ ਛੇ ਵਾਰੀ ਸੋਧਾਂ ਕੀਤੀਆਂ ਜਾ ਚੁੱਕੀਆਂ ਹਨ। ਇਸ ਦੇ ਸਿੱਟੇ ਵਜੋਂ ਦੇਸ਼ ਦੇ ਖੁਦਾਈ ਦ੍ਰਿਸ਼ 'ਚ ਕਈ ਜ਼ਿਕਰਯੋਗ ਬਦਲਾਅ ਹੋਏ। ਇਹਨਾਂ 'ਚ ਤਿੰਨ ਵੱਡੇ ਬਦਲਾਵਾਂ ਦੀ ਤਾਂ ਸਾਫ਼ ਤੌਰ 'ਤੇ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਉਦਾਰੀਕਰਨ ਪਿੱਛੋਂ ਸੰਨ 1993 ਦੀ ਰਾਸ਼ਟਰੀ ਖੁਦਾਈ ਨੀਤੀ ਦੇ ਸਿੱਟੇ ਵਜੋਂ ਵਿਦੇਸ਼ੀ ਇਕਵਟੀ ਧਾਰਕਾਂ 'ਤੇ ਲੱਗੀਆਂ ਪਾਬੰਦੀਆਂ ਹਟਾ ਲਈਆਂ ਗਈਆਂ ਅਤੇ ਦੇਸ਼ 'ਚ ਸਬੰਧਿਤ ਕਿਸੇ ਵੀ ਕੰਪਨੀ ਨੂੰ ਖੁਦਾਈ ਦੀ ਪਾਤਰਤਾ ਦੇ ਦਿੱਤੀ ਗਈ। ਪਿੱਛੋਂ ਸੋਧਾਂ ਰਾਹੀਂ ਖਾਣ ਤੇ ਖਣਿਜ ਦੇ ਪ੍ਰਬੰਦ, ਕੰਟਰੋਲ ਤੇ ਨਿਯਮਾਂ 'ਚ ਰਾਜ ਸਰਕਾਰਾਂ ਦੇ ਅਧਿਕਾਰਾਂ ਅਤੇ ਸ਼ਕਤੀਆਂ ਨੂੰ ਵਧਾਇਆ ਗਿਆ। ਜਿਸ ਕਾਰਨ ਲੀਜ਼ ਦੇ ਅਲਾਟਮੈਂਟ, ਨਵੀਨੀਕਰਨ ਤੇ ਨਿਸਸਤ੍ਰੀਕਰਣ ਦੇ ਨਾਲ ਪ੍ਰਾਸਪੇਕਟਿੰਗ ਲਾਇਸੰਸ ਦੀ ਅਲਾਟਮੈਂਟ ਤੇ ਕੰਪਨੀਆਂ ਦੇ ਨਾਲ ਖੁਦਾਈ ਸ਼ਰਤਾਂ ਦੇ ਨਿਰਧਾਰਣ 'ਚ ਰਾਜ ਸਰਕਾਰ ਦੀ ਭੂਮਿਕਾ 'ਚ ਇਜਾਫਾ ਹੋਇਆ। ਸਸਟੇਨੇਬਲ ਮਾਈਨਿੰਗ ਫ੍ਰੇਮਵਰਕ ਦੇ ਮੁੱਦੇ ਦੇ ਉਭਾਰ ਨੂੰ ਤੀਜੀ ਵੱਡੀ ਤਬਦੀਲੀ ਕਹੀ ਜਾ ਸਕਦੀ ਹੈ, ਕਿਉਂਕਿ ਨੱਬੇ ਦੇ ਦਹਾਕੇ ਪਿੱਛੋਂ ਹੀ ਉਸ ਲਈ ਤਰ੍ਹਾਂ-ਤਰ੍ਹਾਂ ਦੇ ਸੁਆਲ ਉਠਣੇ ਸ਼ੁਰੂ ਹੋਏ, ਪਰ ਇਹ ਅੱਜ ਵੀ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ। ਖਣਿਜ ਦੀ ਲੁੱਟ 'ਚ ਤੇਜੀ ਆਉਣ ਪਿੱਛੋਂ ਵੱਡੇ ਪੈਮਾਨੇ 'ਤੇ ਉਜਾੜਾ ਤੇ ਵਾਤਾਵਰਣ ਦੀ ਰਾਖੀ ਦੇ ਸੁਆਲ ਵੀ ਉਠਣ ਲੱਗੇ। ਪਰ ਹੁਣ ਵੀ ਇਹਨਾਂ ਮਾਮਲਿਆਂ ਦੇ ਹੱਲ ਲਈ ਕੋਈ ਠੋਸ ਨੀਤੀ ਨਹੀਂ ਆ ਸਕਦੀ। ਵੈਸੇ ਪ੍ਰਸਤਾਵਿਤ ਕਾਨੂੰਨ ਦੇ ਮਸੌਦੇ 'ਚ ਇਹਨਾਂ ਮਾਮਲਿਆਂ ਦੇ ਹੱਲ ਲਈ ਵਿਆਪਕ ਵਿਵਸਥਾਵਾਂ ਕੀਤੀਆਂ ਗਈਆਂ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਵਿਸ਼ੇਸ਼ ਅਧਿਭਾਰ (ਕੁੱਲ ਰਾਇਲਟੀ ਦਾ 10 ਫੀਸਦੀ) ਲਗਾ ਕੇ ਇੱਕ ਕੋਸ਼ ਬਣਾਵੇਗੀ।

ਜਿਸ ਦੀ ਵਰਤੋਂ ਵਾਤਾਵਰਣ ਦੀ ਰਾਖੀ ਤੇ ਸਥਾਨਕ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਕੀਤਾ ਜਾਵੇਗਾ। ਦਰਅਸਲ MMDR ਕਾਨੂੰਨ 'ਚ ਸੋਧ ਪਿੱਛੇ ਕਈ ਕਾਰਣ ਹਨ। ਇਹਨਾਂ 'ਚ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਖਣਿਜਾਂ ਦੀ ਵਧਦੀ ਮੰਗ ਅਤੇ ਜ਼ਰੂਰਤ ਵੀ ਸ਼ਾਮਲ ਹੈ। ਨਵੇਂ ਅਰਥਚਾਰੇ ਦੇ ਪਹੀਏ ਨੂੰ ਗਤੀਮਾਨ ਬਣਾਈ ਰੱਖਣ ਲਈ ਖਣਿਜ ਸਾਧਨਾਂ ਦੀ ਮੰਗ ਦਿਨੋ-ਦਿਨ ਵਧਦੀ ਜਾ ਰਹੀ ਹੈ। ਇਹੀ ਕਾਰਨ ਹੈ ਕਿ ਸਰਕਾਰ ਕੋਲ ਨਵੀਆਂ ਖਾਣਾ ਦੀ ਲੀਜ਼ ਤੇ ਲਾਇਸੰਸ ਲਈ ਦਰਖਾਸਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਪਰ MMDR 1957 ਦੀ ਜਟਿਲਤਾ ਕਾਰਨ ਦਰਖਾਸਤਾਂ ਨੂੰ ਸਮੇਂ ਸਿਰ ਨਿਪਟਾਉਣ 'ਚ ਸਰਕਾਰ ਦਿੱਕਤ ਮਹਿਸੂਸ ਕਰ ਰਹੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਪ੍ਰਸਤਾਵਿਤ ਸੋਧ ਦੇ ਅਮਲ 'ਚ ਆਉਣ ਪਿੱਛੋਂ ਕੰਪਨੀਆਂ ਦੀਆਂ ਲੱਗਭੱਗ ਸਾਰੀਆਂ ਮੰਗਾਂ ਤੇ ਜ਼ਰੂਰਤਾਂ ਰਾਜ ਪੱਧਰ 'ਤੇ ਹੀ ਪੂਰੀ ਹੋ ਜਾਣਗੀਆਂ ਅਤੇ ਕੇਂਦਰ ਸਰਕਾਰ ਦੀ ਭੂਮਿਕਾ ਪਹਿਲਾਂ ਨਾਲੋਂ ਘੱਟ ਹੋ ਜਾਵੇਗੀ। ਹਾਲਾਂਕਿ ਮਸੌਦੇ 'ਚ ਕਿਹਾ ਗਿਆ ਹੈ ਕਿ ਦੇਸ਼ 'ਚ ਖਣਿਜ-ਸਾਧਨਾਂ

ਦੀ ਰਾਖੀ, ਖੋਜ ਤੇ ਵਿਗਿਆਨਕ ਖੁਦਾਈ ਨੂੰ ਹੱਲਾਸ਼ੇਰੀ ਦੇਣ ਲਈ ਸਹਿਯੋਗੀ ਏਜੰਸੀਆਂ ਨੂੰ ਮਜ਼ਬੂਤ ਬਣਾਇਆ ਜਾਵੇਗਾ, ਪਰ ਲੱਗਦਾ ਨਹੀਂ ਕਿ ਅਜਿਹਾ ਹੋ ਸਕੇਗਾ। ਅਨੁਭਵ ਦੱਸਦਾ ਹੈ ਕਿ ਰਾਜਾਂ ਦਾ ਪ੍ਰਸਾਸ਼ਕੀ ਤੰਤਰ ਖੁਦਾਈ ਨਾਲ ਸਬੰਧਿਤ ਕੇਂਦਰੀ ਏਜੰਸੀਆਂ ਦੇ ਨਾਲ ਅਕਸਰ ਅਸਹਿਯੋਗਤਮਕ ਰਵੱਈਆ ਅਪਣਾਇਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਨਹੀਂ ਕਿ ਰਾਜਾਂ ਦੇ ਅਧਿਕਾਰ 'ਚ ਵਾਧੇ ਪਿੱਛੋਂ ਇਸ 'ਚ ਹੋਰ ਵਾਧਾ ਹੋਵੇ। ਇਸ ਮਸਲੇ 'ਤੇ ਇੰਡੀਅਨ ਬਿਊਰੋ ਆਫ਼ ਮਾਈਨਜ਼ ਦੇ ਇੱਕ ਉਚ ਅਧਿਕਾਰੀ ਦਾ ਕਹਿਣਾ ਹੈ ਕਿ ਜਿਓਲੋਜੀਕਲ ਸਰਵੇ ਆਫ਼ ਇੰਡੀਆ, ਇੰਡੀਅਨ ਬਿਓਰੋ ਆਫ਼ ਮਾਈਨਰਜ਼ ਹੈਲਥ ਵਰਗੇ ਸੰਗਠਨਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ, ਪਰ ਉਦਾਰਵਾਦੀ ਸੁਧਾਰਾਂ ਦੇ ਕਾਰਣ ਇਹ ਸੰਗਠਨ ਹੌਲੀ-ਹੌਲੀ ਕਮਜ਼ੋਰ ਹੁੰਦੇ ਜਾਣਗੇ।

ਕੰਮਜ਼ੋਰ ਕੇਂਦਰੀ ਸੰਗਠਨਾਂ ਨੂੰ ਰਾਜ ਸਰਕਾਰ ਕਿਉਂ ਮਹੱਤਵ ਦੇਵੇਗੀ? ਆਉਣ ਵਾਲੇ ਸਮੇਂ 'ਚ ਇਹ ਸੰਗਠਨ, ਨਿਜੀ ਕੰਪਨੀਆਂ ਦੀਆਂ ਸਹਿਯੋਗੀ ਇਕਾਈਆਂ 'ਚ ਤਬਦੀਲ ਹੋ ਜਾਣਗੇ। ਜਿੱਥੋਂ ਤੱਕ ਨਜਾਇਜ਼ ਖੁਦਾਈ ਦੀ ਗੱਲ ਹੈ, ਤਾਂ ਉਹ ਖਣਿਜ ਖੇਤਰ ਦੀ ਸਭ ਤੋਂ ਵੱਡੀ ਸਮੱਸਿਆ ਮੰਨੀ ਜਾਂਦੀ ਹੈ। ਪਿਛਲੇ ਸਾਲ ਦਸੰਬਰ 'ਚ ਕੇਂਦਰ ਖਾਣ ਮੰਤਰਾਲੇ ਨੇ ਇਸ ਸਬੰਧੀ ਇੱਕ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਮੁਤਾਬਿਕ ਜੂਨ 2009 'ਚ ਨਜਾਇਜ਼ ਖਾਣਾਂ ਦੀ ਗਿਣਤੀ 1 ਲੱਖ 35 ਹਜ਼ਾਰ 260 ਸੀ। ਕਰਨਾਟਕ 'ਚ ਬੇਲਾਰੀ, ਆਂਧਰਾ 'ਚ ਓਬੁਲਾਪੁਰਮ, ਕਰਨੂਲ ਤੇ ਕੁਛੱਪਾ, ਉੜੀਸਾ 'ਚ ਬਡਬਿਲੇ ਅਤੇ ਕਯੋਝਾਰ ਅਤੇ ਝਾਰਖੰਡ 'ਚ ਚਾਈਬਾਸਾ ਅਤੇ ਧਨਬਾਦ ਨਜਾਇਜ਼ ਖਣਿਜ ਦੀ ਖੁਦਾਈ ਲਈ ਪੂਰੀ ਦੁਨੀਆ 'ਚ ਬਦਨਾਮ ਹੈ। ਇਸ ਦੇ ਬਾਵਜੂਦ ਪ੍ਰਤਾਵਿਤ ਸੋਧ 'ਚ ਨਜਾਇਜ਼ ਖੁਦਾਈ ਨੂੰ ਰੋਕਣ ਲਈ ਕੋਈ ਪ੍ਰਭਾਵਕਾਰੀ ਵਿਵਸਥਾ ਨਹੀਂ ਹੈ। ਸੋਧੇ ਹੋਏ ਕਾਨੂੰਨ ਦੇ ਲਾਗੂ ਹੋਣ ਪਿੱਛੋਂ ਖਣਿਜਾਂ ਦੀ ਪੈਦਾਵਾਰ 'ਚ ਤਾਂ ਜ਼ਰੂਰ ਇਜਾਫਾ ਹੋਵੇਗਾ, ਪਰ ਇਹ ਕਹਿਣਾ ਮੁਸ਼ਕਲ ਹੈ ਕਿ ਖੁਦਾਈ ਨਾਲ ਸਬੰਧਤ ਬੇਨਿਯਮੀਆਂ ਤੇ ਸਮੱਸਿਆਵਾਂ 'ਚ ਕੋਈ ਕਮੀ ਨਹੀਂ ਆ ਸਕਦੀ।

-----✪✪-----

# ਕਿੱਥੇ ਹੈ ਸਾਡੇ ਲੋਕਤੰਤਰ ਦਾ ਵਿਸਥਾਰ?

ਭਾਰਤ ਦੇ ਲੋਕਾਂ ਖਾਸ ਕਰਕੇ ਦਲਿਤਾਂ ਲਈ ਭਾਰਤੀ ਸੰਵਿਧਾਨ ਵੱਡਾ 'ਮਾਣ' ਹੈ, ਕਿਉਂਕਿ ਬਾਬਾ ਸਹਿਬ ਅੰਬੇਦਕਰ ਨੂੰ ਆਮ ਤੌਰ 'ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਵਜੋਂ ਵੇਖਿਆ ਜਾਂਦਾ ਹੈ। ਭਾਰਤੀ ਸੰਵਿਧਾਨ ਦੇ 60 ਸਾਲ ਪੂਰੇ ਹੋਣ 'ਤੇ ਜਨਵਰੀ 'ਚ ਅਖ਼ਬਾਰਾਂ, ਰਸਾਲਿਆਂ 'ਚ ਹਜ਼ਾਰਾਂ ਕਾਲਮ ਦੇ ਲੇਖ ਲਿਖੇ ਗਏ ਹਨ। ਅਜਿਹੇ ਸਮੇਂ 'ਤੇ ਸੰਵਿਧਾਨ ਦੀ ਸਿਰਫ ਪ੍ਰਸੰਸ਼ਾ ਕਰਨ ਅਤੇ ਉਸ 'ਤੇ ਸੋਹਲੇ ਗਾਉਣ ਦੀ ਬਜਾਏ ਇਹ ਬੇਹਤਰ ਹੋਵੇਗਾ ਕਿ ਇਤਿਹਾਸਕ-ਭੌਤਿਕਵਾਦ ਦੇ ਨਜ਼ਰੀਏ ਨਾਲ ਸੰਵਿਧਾਨ ਦੀ ਜਾਂਚ ਪੜਤਾਲ ਕੀਤੀ ਜਾਵੇ।

ਭਾਰਤੀ ਸੰਵਿਧਾਨ ਕਿਸੇ ਵੀ ਤਰ੍ਹਾਂ ਲੋਕਰਾਜੀ ਢੰਗ ਨਾਲ ਘੜਿਆ ਦਸਤਾਵੇਜ ਨਹੀਂ ਹੈ। ਸੰਵਿਧਾਨ ਸਭਾ ਵੱਲੋਂ ਇਸ ਦੀ ਰਚਨਾ ਕੀਤੀ ਗਈ ਸੀ ਅਤੇ ਮੰਨਿਆ ਗਿਆ ਸੀ। ਇਸ ਸੰਵਿਧਾਨ ਸਭਾ ਦੇ 299 ਮੈਂਬਰ ਸਨ। ਇਹਨਾਂ 'ਚ ਕੋਈ ਵੀ ਮੈਂਬਰ ਸਿੱਧਾ ਲੋਕਾਂ ਵੱਲੋਂ ਨਹੀਂ ਚੁਣਿਆ ਗਿਆ ਸੀ। ਇਸ ਦੇ ਬਹੁਤੇ ਮੈਂਬਰ (292 ਮੈਂਬਰ) ਸੂਬਾਈ ਵਿਧਾਨ ਸਭਾਵਾਂ ਵੱਲੋਂ ਅਸਿੱਧੀ ਪ੍ਰਣਾਲੀ ਰਾਹੀਂ ਚੁਣੇ ਗਏ ਸਨ। ਇਹਨਾਂ ਪ੍ਰਾਂਤੀ ਵਿਧਾਨ ਸਭਾਵਾਂ ਦੀ ਚੋਣ ਬਰਾਬਰ ਦੇ ਵੋਟ ਅਧਿਕਾਰ 'ਤੇ ਨਹੀਂ ਅਧਾਰਿਤ ਸੀ ਬਲਕਿ ਜਾਇਦਾਦ ਦੀ ਮਾਲਕੀ ਦੇ ਆਧਾਰ 'ਤੇ ਹੋਈ ਸੀ। ਹੋਰ 93 ਮੈਂਬਰ ਰਜਵਾੜਿਆਂ ਦੀ ਨੁਮਾਇੰਦਗੀ ਕਰਦੇ ਸਨ। ਇਸ ਤਰ੍ਹਾਂ ਸੰਵਿਧਾਨ ਸਭਾ ਦੇ ਕੁੱਲ 389 ਮੈਂਬਰ ਸਨ। ਪਰ 3 ਜੁਲਾਈ 1947 ਦੀ ਮਾਊਂਟ ਬੇਟਨ ਯੋਜਨਾ ਦੇ ਤਹਿਤ ਪਾਕਿਸਤਾਨ ਲਈ ਇੱਕ ਵੱਖਰੀ ਸੰਵਿਧਾਨ ਸਭਾ ਦਾ ਗਠਨ ਕੀਤਾ ਗਿਆ, ਇਸ ਲਈ ਕੁਝ ਪ੍ਰਾਂਤਾਂ ਦੇ ਪ੍ਰਤੀਨਿਧ ਭਾਰਤੀ ਦੀ ਸੰਵਿਧਾਨ ਸਭਾ ਦੇ ਮੈਂਬਰ ਨਹੀਂ ਰਹਿ ਗਏ। ਇਸ ਤਰ੍ਹਾਂ ਭਾਰਤ ਦੀ ਸੰਵਿਧਾਨ ਸਭਾ ਦੀ ਮੈਂਬਰ ਅਖ਼ੀਰੀ 299 ਰਹਿ ਗਈ। ਇਸ 'ਚ ਇੱਕ ਵੀ ਮੈਂਬਰ ਸਿੱਧਾ ਲੋਕਾਂ ਵੱਲੋਂ ਵੋਟਾਂ ਰਾਹੀਂ ਨਹੀਂ ਚੁਣਿਆ ਗਿਆ ਸੀ ਤੇ ਇਹਨਾਂ 'ਚੋਂ ਕਈ ਤਾਂ ਰਜਵਾੜਿਆਂ ਤੇ ਹੋਰ ਰਾਜਾਂ ਦੇ ਨੁਮਾਇੰਦੇ ਸਨ। ਕਈ ਲੋਕ ਕਹਿੰਦੇ ਹਨ ਕਿ ਭਾਰਤ ਦਾ ਸੰਵਿਧਾਨ ਸਿਰਫ਼ ਭਾਰਤ ਸਰਕਾਰ ਬਿਲ 1935 ਦੀ ਨਕਲ ਹੈ। ਅਜਿਹੇ ਕਥਨ ਪੂਰੀ ਤਰ੍ਹਾਂ ਸਹੀ ਨਹੀਂ ਹਨ, ਹਾਲਾਂ ਕਿ 1935 ਦੇ ਭਾਰਤ ਸਰਕਾਰ ਬਿੱਲ ਅਤੇ 1950 ਦੇ ਭਾਰਤੀ ਸੰਵਿਧਾਨ 'ਚ ਕਈ ਸਮਾਨਤਾਵਾਂ ਹਨ, ਪਰ ਇਹਨਾਂ 'ਚ ਕਈ ਸਾਰੇ ਫ਼ਰਕ ਵੀ ਹਨ। ਹਾਲਾਂ ਕਿ ਦੋਨੋਂ ਦਸਤਾਵੇਜਾਂ 'ਚ ਨਿਆਂਪਾਲਿਕਾ, ਵਿਧਾਨਪਾਲਿਕਾ ਤੇ ਕਾਰਜ ਪਾਲਿਕਾ ਦੇ ਅਧਿਕਾਰਾਂ ਦੇ ਅਲਗਾਅ ਦੀ ਧਾਰਨਾ ਮੌਜੂਦ ਹੈ, ਪਰ ਭਾਰਤ ਸਰਕਾਰ ਬਿੱਲ 1935 'ਚ ਮੌਲਿਕ ਅਧਿਕਾਰਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਸੀ।

ਭਾਰਤ ਸਰਕਾਰ ਕਾਨੂੰਨ 1935 ਦੀ ਪ੍ਰਸਤਾਵਨਾ 'ਚ ਭਾਰਤ ਨੂੰ ਪੂਰਾ ਜਨਵਾਦੀ ਗਣਰਾਜ ਹੋਣ ਦਾ ਐਲਾਨ ਨਹੀਂ ਕੀਤਾ ਗਿਆ ਸੀ। ਭਾਰਤ ਸਰਕਾਰ ਕਾਨੂੰਨ 1935 'ਚ ਭਾਰਤੀ ਰਜਵਾੜਿਆਂ ਤੇ ਰਾਜਿਆਂ, ਨਵਾਬਾਂ ਦੀਆਂ ਸ਼ਕਤੀਆਂ ਨੂੰ ਛੂਹਿਆ ਨਹੀਂ ਗਿਆ ਸੀ। ਸਾਰਾਂਸ 'ਚ 1935 ਦਾ ਭਾਰਤ ਸਰਕਾਰ ਕਾਨੂੰਨ ਬਸਤੀਵਾਦੀ ਕਾਨੂੰਨ ਦਾ ਇੱਕ ਨਮੂਨਾ ਸੀ, ਜਦ ਕਿ ਭਾਰਤੀ ਸੰਵਿਧਾਨ ਇੱਕ ਨਵ-

ਬਸਤੀਵਾਦੀ ਦਸਤਾਵੇਜ ਹੈ। 1941 'ਚ ਅਮਰੀਕੀ ਰਾਸ਼ਟਰਪਤੀ ਰੁਜਵੇਲਟ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਚਰਚਿਲ ਵਿਚਕਾਰ ਇੱਕ ਸਮਝੌਤਾ ਹੋਇਆ ਸੀ, ਜੋ ਐਟਲਾਂਟਿਕ ਚਾਰਟਰ ਦੇ ਨਾਂ ਨਾਲ ਮਸ਼ਹੂਰ ਹੈ। ਇਸ ਸਮਝੌਤੇ ਤਹਿਤ ਜਿਸ ਨਵੀਂ ਦੁਨੀਆਂ ਦੀ ਰਚਨਾ ਕੀਤੀ ਜਾਣੀ ਸੀ, ਉਸ ਨਵ-ਬਸਤੀਵਾਦੀ ਦੁਨੀਆਂ ਦਾ ਪਹਿਲਾ ਖਾਕਾ ਖਿੱਚਿਆ ਗਿਆ ਸੀ। ਉਹਨਾਂ ਵਿਚਕਾਰ ਇਹ ਸਹਿਮਤੀ ਹੋਈ ਸੀ ਕਿ ਦੂਜੀ ਸੰਸਾਰ ਜੰਗ ਪਿੱਛੋਂ ਕੋਈ ਬਸਤੀਵਾਦੀ ਦੇਸ਼ ਨਹੀਂ ਹੋਣਗੇ ਅਤੇ ਹਰੇਕ ਦੇਸ਼ ਨੂੰ ਕਿਸੇ ਵੀ ਦੂਜੇ ਦੇਸ਼ ਦੇ ਸਾਧਨਾਂ ਨੂੰ ਲੁੱਟਣ ਦੀ ਛੋਟ ਹੋਵੇਗੀ। ਸਾਨੂੰ ਇਹ ਗੱਲ ਦਿਮਾਗ 'ਚ ਰੱਖਣੀ ਚਾਹੀਦੀ ਹੈ ਕਿ ਇੱਕ ਸਮੇਂ ਅਮਰੀਕਾ ਖੁਦ ਹੀ ਬਸਤੀਵਾਦੀ ਦੇਸ਼ ਸੀ ਅਤੇ ਉਸ ਦਾ ਆਪਣਾ ਜਨਮ ਸਿਧੇ ਬਸਤੀਵਾਦ ਨੂੰ ਨਕਾਰਕੇ ਹੋਇਆ ਸੀ। ਅਮਰੀਕਾ ਨੇ ਕਿਸੇ ਵੀ ਦੇਸ਼ ਨੂੰ ਕਦੀ ਬਸਤੀ ਨਹੀਂ ਬਣਾਇਆ ਸੀ, ਉਸ ਨੇ ਆਪਣੇ ਪਿਛਵਾੜੇ ਦੱਖਣੀ ਅਮਰੀਕਾ ਦੇ ਦੇਸ਼ਾਂ ਨੇ ਉਨੀਵੀਂ ਸਦੀ ਦੇ ਅੰਤ ਵਿੱਚ ਹੀ ਰਵਾਇਤੀ ਅਜ਼ਾਦੀ ਦਾ ਐਲਾਨ ਕਰ ਦਿੱਤਾ ਸੀ। ਦੂਜੇ ਪਾਸੇ ਅਮਰੀਕਾ ਨੇ ਕਦੀ ਵੀ ਪੂੰਜੀਵਾਦ ਨਹੀਂ ਤਿਆਗਿਆ ਸੀ। ਜਦ ਇਜ਼ਾਰੇਦਾਰ ਤੇ ਵਿਤੀ ਪੂੰਜੀ ਦਾ ਵਿਕਾਸ ਹੋਇਆ ਤਾਂ ਅਮਰੀਕਾ ਦਾ ਪੂੰਜੀਵਾਦ ਲਾਜ਼ਮੀ ਤੌਰ 'ਤੇ ਸਾਮਰਾਜਵਾਦ 'ਚ ਤਬਦੀਲ ਹੋ ਗਿਆ। ਅਮਰੀਕਾ ਨੇ ਪੀੜਤ ਦੇਸ਼ਾਂ ਨੂੰ ਸਿੱਧੇ ਤੌਰ 'ਤੇ ਬਸਤੀ ਬਣਾਏ ਬਗੈਰ ਜਿਸ ਸਾਮਰਾਜੀ ਰੂਪ ਨੂੰ ਗ੍ਰਹਿਣ ਕੀਤਾ ਸੀ, ਉਸ ਨੂੰ ਹੀ ਨਵ-ਬਸਤੀਵਾਦੀ ਦੁਨੀਆਂ ਦਾ ਮਾਡਲ ਬਣਾਇਆ ਗਿਆ। ਇਸ ਨਵ-ਬਸਤੀਵਾਦੀ ਪ੍ਰੋਜੈਕਟ ਲਈ ਇੱਕ ਨਵੀਂ ਕਿਸਮ ਦੀ ਆਰਥਕ ਵਿਵਸਥਾ ਉਸਾਰੀ ਜਾਣੀ ਸੀ। ਇਸ ਦੇ ਲਈ ਬ੍ਰੇਟਨਵੂਡਜ਼ 'ਚ 44 ਦੇਸ਼ਾਂ ਵਿਚਕਾਰ ਹੋਏ ਸਮਝੌਤੇ ਦੇ ਆਧਾਰ 'ਤੇ ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾਕੋਸ਼ (IMF) ਦਾ ਗਠਨ ਕੀਤਾ ਗਿਆ।

ਇਸ ਤੋਂ ਪਹਿਲਾਂ ਜਨਵਰੀ 1942 'ਚ ਅਮਰੀਕੀ ਰਾਸ਼ਟਰਪਤੀ ਨੇ ਉਹਨਾਂ 26 ਦੇਸ਼ਾਂ ਲਈ ਪਹਿਲੀ ਵਾਰੀ 'ਸੰਯੁਕਤ ਰਾਸ਼ਟਰ ਸੰਘ' ਸ਼ਬਦ ਦੀ ਵਰਤੋਂ ਕੀਤੀ, ਜਿਹਨਾਂ ਨੇ ਐਟਲਾਂਟਿਕ ਚਾਰਟਰ 'ਤੇ ਦਸਤਖਤ ਕੀਤੇ (ਭਾਰਤ ਤੇ ਸੋਵੀਅਤ ਸੰਘ ਨੇ ਐਟਲਾਂਟਿਕ ਚਾਰਟਰ 'ਤੇ ਦਸਖਤ ਕੀਤੇ ਸਨ)। ਹਾਲਾਂ ਕਿ ਦੋਨੋਂ ਦੇਸ਼ਾਂ ਨੇ ਬ੍ਰੇਟਨਵੂਡਜ਼ ਬੈਠਕ 'ਚ ਹਿੱਸਾ ਲਿਆ, ਪਰ ਇਸ ਦੇ ਆਖਰੀ ਸਮਝੌਤੇ 'ਤੇ ਸਿਰਫ਼ ਭਾਰਤ ਨੇ ਹੀ ਦਸਤਖਤ ਕੀਤੇ। ਇਸ ਨਵੇਂ ਕਿਸਮ ਦੇ ਸਾਮਰਾਜਵਾਦ ਲਈ ਨਵੇਂ ਉਪ-ਨਿਵੇਸ਼ੀਕਰਣ ਦੀ ਲੋੜ ਸੀ। ਇਸ ਲਈ ਇਹ ਜ਼ਰੂਰੀ ਹੋ ਗਿਆ ਸੀ ਕਿ ਦੁਨੀਆਂ ਭਰ 'ਚ ਸਭ ਦੇਸ਼ਾਂ ਦੇ ਬਾਜ਼ਾਰ ਨੂੰ ਸਭ ਦੇਸ਼ਾਂ ਲਈ ਖੋਲ੍ਹ ਦਿੱਤਾ ਜਾਵੇ। ਇਸ ਲਈ ਸਭ ਗੈਰ ਆਰਥਕ ਦਾਬਿਆਂ ਤੇ ਲਾਲਚਾਂ ਨੂੰ ਖ਼ਤਮ ਕਰਨਾ ਲਾਜ਼ਮੀ ਸੀ। ਪੂਰੇ ਦੇਸ਼ 'ਚ ਘੁੰਮਣ-ਫਿਰਨ ਦੀ ਅਜ਼ਾਦੀ ਜ਼ਰੂਰੀ ਸੀ ਤਾਂ ਕਿ ਹਰੇਕ ਦੇਸ਼ ਵਿੱਚ ਕਿਰਤ ਸ਼ਕਤੀ ਸਭ ਥਾਵਾਂ 'ਤੇ ਬਰਾਬਰ ਮੁਹੱਈਆ ਕਰਵਾਈ ਜਾ ਸਕੇ। ਇਹ ਗਰੰਟੀ ਕਰਨ ਲਈ ਬਾਜ਼ਾਰ 'ਚ ਇਕਰੂਪਤਾ ਬਣੀ ਰਹੇ। ਕਾਮਿਆਂ ਲਈ ਘੱਟੋ-ਘੱਟ ਅਧਿਕਾਰ ਯਕੀਨੀ ਬਣਾਉਣ ਦੀ ਲੋੜ ਸੀ। ਜ਼ਮੀਨ ਨੂੰ ਬਾਜ਼ਾਰ ਦੀਆਂ ਸ਼ਕਤੀਆਂ ਲਈ ਖਰੀਦਣ-ਵੇਚਣ ਦੀ ਵਸਤੂ ਬਣਾਇਆ ਜਾਣਾ ਸੀ। ਪਰ ਇਹ ਬਾਜ਼ਾਰ ਦੀ 'ਆਜ਼ਾਦੀ' ਸਿਰਫ਼ ਇੱਕ ਵਿਖਾਵਾ ਹੀ ਸੀ। ਅਸਲ 'ਚ ਉਸ ਦੌਰ 'ਚ ਬਹੁਕੌਮੀ ਕੰਪਨੀਆਂ ਵਜੋਂ ਪਣਪੇ ਵੱਡੇ ਇਜ਼ਾਰੇਦਾਰ ਪੂੰਜੀਪਤੀ ਪੂਰੇ ਅਰਥਚਾਰੇ 'ਤੇ ਹਾਵੀ ਸਨ। ਇਸ ਮਾਹੌਲ 'ਚ ਸਾਡਾ

ਸੰਵਿਧਾਨ ਲਿਖਿਆ ਗਿਆ ਸੀ। ਅਜਿਹੇ ਦੇਸ਼ ਜੋ ਪਹਿਲਾਂ ਬਸਤੀਆਂ (ਗੁਲਾਮ) ਸਨ ਅਤੇ ਜਿਹਨਾਂ ਨੇ ਦੂਜੀ ਸੰਸਾਰ ਜੰਗ ਪਿੱਛੋਂ ਰਵਾਇਤੀ ਆਜ਼ਾਦੀ ਹਾਸਲ ਹੋਈ ਸੀ, ਉਹਨਾਂ 'ਚੋਂ ਬਹੁਤੇ ਦੇਸ਼ਾਂ ਦੇ ਸੰਵਿਧਾਨ ਇਸ ਦੌਰ 'ਚ ਲਿਖੇ ਗਏ ਸਨ। ਜੇ ਅਸੀਂ ਇਹਨਾਂ ਸੰਵਿਧਾਨਾਂ ਦਾ ਮੁਕਾਬਲਤਨ ਅਧਿਐਨ ਕਰੀਏ ਤਾਂ ਸਾਨੂੰ ਅਜਿਹੇ ਸੰਵਿਧਾਨਾਂ 'ਚ ਦੋ ਮੁੱਖ ਰੁਝਾਣ ਵੇਖਣ ਨੂੰ ਮਿਲਦੇ ਹਨ। ਪਹਿਲਾ ਹੈ "ਅਖੰਡਤਾ ਭਰਪੂਰ ਲੋਕਰਾਜੀ" ਸੰਵਿਧਾਨ ਜਿਹਨਾਂ 'ਚ ਸਭ ਨਾਗਰਿਕਾਂ ਲਈ ਕੁਝ ਬੁਨਿਆਦੀ "ਮੁਢਲੇ ਅਧਿਕਾਰਾਂ" ਦੀ ਗਰੰਟੀ ਕੀਤੀ ਗਈ ਸੀ ਪਰ ਨਾਲ ਹੀ ਜਾਇਦਾਦ ਦੇ ਅਧਿਕਾਰ ਨੂੰ ਵੀ ਯਕੀਨੀ ਬਣਾਇਆ ਗਿਆ ਸੀ, ਦੂਜਾ ਰੁਝਾਣ ਸਮਾਜਵਾਦੀ ਸੰਵਿਧਾਨ ਦਾ ਹੈ, ਜਿਸ 'ਚ ਜਾਇਦਾਦ ਦੇ ਅਧਿਕਾਰ ਨੂੰ ਖਾਰਜ ਕਰ ਦਿੱਤਾ ਗਿਆ ਹੈ ਅਤੇ ਇਸ ਲਈ ਇਹ ਮਹਿਸੂਸ ਕੀਤਾ ਗਿਆ ਕਿ ਵਿਅਕਤੀਆਂ ਨੂੰ ਵੱਖਰੇ ਅਧਿਕਾਰਾਂ ਦੀ ਲੋੜ ਨਹੀਂ ਹੈ। ਬੇਸ਼ੱਕ ਸਾਡੇ ਸੰਵਿਧਾਨ ਨੇ ਜਮਹੂਰੀ ਅਧਿਕਾਰਾਂ ਦੀ ਧਾਰਨਾ ਬਾਰੇ ਇੱਕ ਛਾਲ ਮਾਰੀ ਹੈ, ਪਰ ਸਾਡੇ ਸੰਵਿਧਾਨ ਤੋਂ ਜਾਂ ਇਸ ਦੇ ਘਾੜਿਆਂ ਤੋਂ ਜਨਮ ਲੈਣ ਵਾਲੇ ਲੋਕਰਾਜੀ ਅਧਿਕਾਰਾਂ ਦੀਆਂ ਧਾਰਨਾਵਾਂ ਬਾਰੇ ਸੋਚਣਾ ਹੀ ਗਲਤ ਹੋਵੇਗਾ। ਨਵ-ਬਸਤੀਵਾਦੀ ਦੁਨੀਆਂ 'ਚ ਕੁਝ ਲੋਕਰਾਜੀ ਅਧਿਕਾਰਾਂ ਨੂੰ ਲਾਗੂ ਕਰਨ ਦੀ ਲੋੜ ਸੀ, ਜਿਸਦਾ ਮਕਸਦ ਸੀ ਪੂਰੀ ਦੁਨੀਆਂ 'ਚ ਬਾਜ਼ਾਰ ਦਾ ਵਿਸਥਾਰ ਕਰਨਾ। ਇਸ ਉਦੇਸ਼ ਦੀ ਪੂਰਤੀ ਲਈ ਸੰਯੁਕਤ ਰਾਸ਼ਟਰ ਸੰਘ ਨੇ 1948 'ਚ ਏਲੇਅਨੋਰ ਰੁਜਵੇਲਟ ਦੀ ਕਪਤਾਨੀ 'ਚ ਮਨੁੱਖੀ ਅਧਿਕਾਰਾਂ ਦਾ ਇੱਕ ਚਾਰਟਰ ਸਵੀਕਾਰ ਕੀਤਾ ਸੀ। ਇਸ ਚਾਰਟਰ 'ਤੇ ਇੱਕ ਨਜ਼ਰ ਮਾਰਨ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਸਾਡੇ ਸੰਵਿਧਾਨ 'ਚ ਜੋ ਮੌਲਿਕ ਅਧਿਕਾਰ ਸ਼ਾਮਿਲ ਕੀਤੇ ਗਏ ਹਨ, ਉਹਨਾਂ 'ਚੋਂ ਜ਼ਿਆਦਾਤਰ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਚਾਰਟਰ 'ਚ ਪਹਿਲਾਂ ਹੀ ਦਰਜ ਹਨ। ਪੂੰਜੀਵਾਦ ਪ੍ਰਸੰਗ 'ਚ "ਲੋਕਰਾਜੀ ਅਧਿਕਾਰਾਂ" ਅਤੇ "ਮਨੁੱਖੀ ਅਧਿਕਾਰਾਂ" ਨੂੰ ਤੇਜ਼ੀ ਨਾਲ ਹਵਾ ਦੇਣ ਪਿੱਛੇ ਹੋਰ ਇੱਕ ਵੱਡਾ ਕਾਰਨ ਸੀ। ਦੂਜੀ ਸੰਸਾਰ ਜੰਗ ਪਿੱਛੋਂ ਦੁਨੀਆਂ 'ਚ ਵਿਆਪਕ ਕਮਿਊਨਿਜ਼ਮ ਦਾ ਵਿਰੋਧ ਟਰੂਮੇਨ ਸਿਧਾਂਤ ਵਜੋਂ 1946 'ਚ ਹੀ ਇਹ ਕਮਿਊਨਿਜ਼ਮ ਵਿਰੋਧ ਉਭਰ ਕੇ ਸਾਹਮਣੇ ਆ ਚੁੱਕਿਆ ਸੀ।

ਸੰਨ 1945 'ਚ ਫ੍ਰੇਂਕਲਿਨ ਰੁਜ਼ਵੇਲਟ ਦੀ ਮੌਤ ਪਿੱਛੋਂ ਫ੍ਰੇਡੀ ਟਰੂਮੈਨ ਅਮਰੀਕਾ ਦੇ ਰਾਸ਼ਟਰਪਤੀ ਬਣੇ ਸਨ। ਸੰਨ 1946 'ਚ ਦੂਜੀ ਸੰਸਾਰ ਜੰਗ ਦੀ ਸਮਾਪਤੀ ਪਿੱਛੋਂ ਦੁਨੀਆਂ ਦੇ ਕਈ ਸਾਰੇ ਦੇਸ਼ ਕਮਿਊਨਿਸਟ ਦੇਸ਼ ਬਣਨ ਦੇ ਕੰਢੇ ਪਹੁੰਚ ਗਏ ਸਨ। ਇਸ ਵਿੱਚ ਵਰਨਣਯੋਗ ਸਨ ਗ੍ਰੀਸ (ਮਿਸ਼ਰ) ਅਤੇ ਤੁਰਕੀ। ਉਸ ਸਮੇਂ ਟਰੂਮੇਨ ਨੇ ਅਮਰੀਕੀ ਸੰਸਦ ਨੂੰ ਸੰਬੋਧਿਤ ਹੁੰਦੇ ਕਿਹਾ ਸੀ ਕਿ ਅਮਰੀਕਾ ਕਮਿਊਨਿਜ਼ਮ ਨਾਲ ਲੜਨ ਲਈ ਦੁਨੀਆਂ ਭਰ 'ਚ ਸਰਕਾਰਾਂ ਨੂੰ ਫੌਜੀ ਸਪਲਾਈ ਕਰੇਗਾ ਅਤੇ ਪੈਸਿਆਂ ਨਾਲ ਮੱਦਦ ਕਰੇਗਾ। ਇਸ ਐਲਾਨ ਤੋਂ ਤੁਰੰਤ ਬਾਅਦ ਹੀ ਅਮਰੀਕਾ ਨੇ ਮਿਸ਼ਰ ਤੇ ਤੁਰਕੀ ਦੀਆਂ ਸਰਕਾਰਾਂ ਨੂੰ ਕਮਿਊਨਿਸਟ ਇਨਕਲਾਬੀਆਂ ਅਤੇ ਉਹਨਾਂ ਦੇ ਸਮਰਥਕਾਂ ਨਾਲ ਲੜਨ ਲਈ ਅਤੇ ਉਥੇ ਗੈਰ ਲੋਕਰਾਜੀ ਤੇ ਅਤਿਆਚਾਰੀ ਹਕੂਮਤ ਠੋਸਣ ਲਈ ਹਥਿਆਰ ਫੌਜ ਤੇ ਪੈਸਾ ਭੇਜਿਆ। ਅਮਰੀਕੀ ਰਾਸ਼ਟਰਪਤੀ ਵੱਲੋਂ ਇਸ ਭਾਸ਼ਣ 'ਚ ਕਈ ਗੱਲਾਂ ਜੋ ਟਰੂਮੈਨ ਸਿਧਾਂਤ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਮਾਰਸ਼ਲ ਪਲਾਨ 'ਚ ਵੀ ਉਜਾਗਰ ਹੋਇਆ ਸੀ। ਜਿਸ 'ਚ ਫੌਰੀ ਅਮਰੀਕੀ ਰੱਖਿਆ ਸਕੱਤਰ ਜਨਰਲ

ਜਾਰਜ ਮਾਰਸ਼ਲ ਨੇ ਤਿਆਰ ਕੀਤਾ ਸੀ। ਮਾਰਸ਼ਲ ਪਲਾਨ ਅਤੇ ਇਸ ਦੇ ਤਹਿਤ ਗਠਿਤ ਈ. ਸੀ. ਏ. (ਆਰਥਕ ਸਹਿਯੋਗ ਪ੍ਰਸਾਸ਼ਨ) ਦਾ ਐਲਾਨਿਆ ਉਦੇਸ਼ ਸੀ, "ਕਮਿਊਨਿਜ਼ਮ ਨੂੰ ਨੱਥ ਪਾਉਣੀ" ਲੋਕਾਂ ਨੂੰ ਕਮਿਊਨਿਜ਼ਮ ਤੋਂ' ਬੇਮੁੱਖ ਕਰਨ ਲਈ ਪੂੰਜੀਵਾਦ ਤਹਿਤ ਕੁਝ ਬੁਨਿਆਦੀ ਮਨੁੱਖ ਤੇ ਜਮਹੂਰੀ ਅਧਿਕਾਰਾਂ ਦੀ ਗਰੰਟੀ ਕਰਨਾ ਜ਼ਰੂਰੀ ਸੀ। ਸਾਮਰਾਜ ਦੇ ਪਹਿਲਾਂ ਦੇ ਬਸਤੀਵਾਦੀ ਸਵਰੂਪ ਤੋਂ ਉਸ ਨੇ ਨਵ-ਬਸਤੀਵਾਦੀ ਰੂਪ 'ਚ ਇਹ ਇੱਕ ਮੁੱਖ ਬਦਲਾਅ ਸੀ। ਇਹਨਾਂ ਵਿਸ਼ਵੀ ਤਾਕਤਾਂ ਦੇ ਆਭਾਮੰਡਲ ਦੇ ਤਹਿਤ ਸਾਡੇ ਸੰਵਿਧਾਨ ਦੇ ਸੰਸਥਾਪਕਾਂ ਨੇ 1947 ਤੋਂ 1949 ਤੱਕ ਸੰਵਿਧਾਨ ਸਭਾ ਦੀਆਂ ਮੀਟਿੰਗਾਂ ਕੀਤੀਆਂ ਅਤੇ ਬਹਿਸ ਕੀਤੀ। ਇਹ ਸੋਚਣਾ ਅਰਥਹੀਣ ਹੈ ਕਿ ਭਾਰਤ ਨੂੰ "ਲੋਕਰਾਜੀ ਗਣਰਾਜ (ਸਵੈ ਨਿਰਭਰ)" ਐਲਾਨਣ ਦਾ ਵਿਚਾਰ ਸਿਰਫ਼ ਡਾ. ਅੰਬੇਦਕਰ ਵਰਗੇ ਵਿਅਕਤੀਆਂ ਨੂੰ ਵਿਦਵਤਾ ਤੋਂ ਜਨਮੇ ਪੂਰੀ ਤਰ੍ਹਾਂ ਮੌਲਿਕ ਅਧਿਕਾਰਾਂ 'ਤੇ ਸੰਯੁਕਤ ਰਾਸ਼ਟਰ ਸੰਘ ਦੇ ਮਨੁੱਖੀ ਅਧਿਕਾਰ ਐਲਾਨਨਾਮੇ ਦੀ ਟਿਕ ਨਿਸ਼ਚਿਤ ਛਾਪ ਹੈ, ਜੋ ਆਪਣੇ ਆਪ 'ਚ ਟਰੂਮੈਨ ਸਿਧਾਂਤ ਤੇ ਮਾਰਸ਼ਲ ਪਲਾਨ ਦਾ ਸਿੱਟਾ ਸੀ।

ਇਹ ਗੱਲ ਇਸ ਤੱਥ ਤੋਂ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਦੂਜੇ ਸੰਸਾਰ ਯੁੱਧ ਪਿੱਛੋਂ, ਉਸ ਸਮੇਂ ਤਿਆਰ ਕੀਤੇ ਗਏ ਜ਼ਿਆਦਾਤਰ ਸੰਵਿਧਾਨਾਂ 'ਚ ਮੌਲਿਕ ਅਧਿਕਾਰਾਂ ਦੀ ਇਕੋ ਜਿਹੀ ਗਰੰਟੀ ਕੀਤੀ ਗਈ ਹੈ। ਕਹਿਣ ਦਾ ਭਾਵ ਇਹ ਨਹੀਂ ਕਿ ਮੌਲਿਕ ਅਧਿਕਾਰਾਂ ਦੀ ਧਾਰਨਾ ਸਿਰਫ਼ ਕਮਿਊਨਿਜ਼ਮ ਦੇ ਵਿਰੋਧ ਦੇ ਵਿਚਾਰ ਅਤੇ ਦੁਨੀਆਂ ਦੇ ਬਾਜ਼ਾਰ ਨੂੰ ਨਿਯਮਤ ਕਰਨ ਦੀ ਲੋੜ ਤੋਂ ਪੈਦਾ ਹੋਈ ਸੀ। ਨਿਸ਼ਚਤ ਤੌਰ 'ਤੇ ਸਾਮਰਾਜਵਾਦ ਖਿਲਾਫ਼ ਅਤੇ ਉਪ-ਨਿਵੇਸ਼ਵਾਦ ਦੇ ਖਿਲਾਫ਼ ਦੁਨੀਆਂ ਭਰ 'ਚ ਜਨਤਾ ਦੇ ਸੰਘਰਸ਼ਾਂ ਦਾ ਵੀ ਪ੍ਰਭਾਵ ਪਿਆ ਸੀ। ਹਕੀਕਤ ਤਾਂ ਇਹ ਹੈ ਕਿ ਇਹਨਾਂ ਸੰਘਰਸ਼ਾਂ ਨੇ ਪੁਰਾਣੇ ਜਾਗੀਰੂ ਅਧਿਕਾਰਾਂ ਨੂੰ ਤਹਿਸ ਨਹਿਸ ਕਰਨ 'ਚ ਅਤੇ ਜਮਹੂਰੀ ਅਧਿਕਾਰਾਂ ਨੂੰ ਸਥਾਪਤ ਕਰਨ ਵਿੱਚ ਭਾਵੇਂ ਹੀ ਉਹ ਜਮਹੂਰੀ ਅਧਿਕਾਰ ਹੀ ਕਿਉਂ ਨਾ ਹੋਣ, ਇੱਕ ਭੂਮਿਕਾ ਅਦਾ ਕੀਤੀ ਸੀ, ਬਲਕਿ ਅਸੀਂ ਤਾਂ ਇੱਥੋਂ ਤੱਕ ਕਹਿ ਸਕਦੇ ਹਾਂ ਕਿ ਕੌਮੀ ਮੁਕਤੀ ਅੰਦੋਲਨਾ ਦੀ ਬੁਰਜੂਆ ਅਗਵਾਈ ਨੇ ਜਨਤਾ ਨੂੰ ਧੋਖਾ ਦਿੱਤਾ ਅਤੇ ਸਾਮਰਾਜਵਾਦ ਤੋਂ ਸੱਚੀ ਆਜ਼ਾਦੀ ਹਾਸਲ ਕਰਨ ਲਈ ਲੋਕਾਂ ਦੇ ਸੁਪਨਿਆਂ ਨੂੰ ਚੂਰ-ਚੂਰ ਕਰਕੇ ਉਹਨਾਂ ਨੂੰ ਸਿਰਫ਼ ਰਵਾਇਤੀ ਆਜ਼ਾਦੀ ਹੀ ਦਿੱਤੀ। ਜਿਸ 'ਚ ਨਵੇਂ ਰੂਪਾਂ 'ਚ ਸਾਮਰਾਜਵਾਦ ਦਾ ਦਾਬਾ ਕਾਇਮ ਰਿਹਾ। ਉਸ ਸਮੇਂ ਦੀ ਕਮਿਊਨਿਸਟ ਅਗਵਾਈ ਵੀ ਕੁਝ ਹੱਦ ਤੱਕ ਦੋਸ਼ੀ ਸੀ, ਕਿਉਂਕਿ ਉਹ ਸਾਮਰਾਜ ਦੇ ਰੂਪ 'ਚ ਆ ਰਹੇ ਬਦਲਾਅ ਨੂੰ ਵੇਖਣ 'ਚ ਅਸਮਰੱਥ ਰਹੀ ਸੀ ਅਤੇ ਇਸ ਲਈ ਇਹ ਅਖੌਤੀ ਕੌਮੀ ਸਰਮਾਏਦਾਰਾਂ ਦੇ ਛਲ ਨੂੰ ਵੀ ਠੀਕ ਤਰ੍ਹਾਂ ਨਾਲ ਸਮਝ ਸਕਣ 'ਚ ਅਯੋਗ ਸੀ। ਇਸ ਤਰ੍ਹਾਂ ਉਹ ਇਹ ਸਭ ਦੇਖ ਸਕਣ ਵਿੱਚ ਨਾਕਾਮ ਰਹੇ ਕਿ ਅਖੌਤੀ ਕੌਮੀ ਸਰਮਾਏਦਾਰ, ਅਸਲ 'ਚ ਦਲਾਲ ਕਿਰਦਾਰ ਦੇ ਸਨ ਅਤੇ ਸਾਮਰਾਜ ਦੇ ਅਧੀਨ ਸਨ। ਅਮਰੀਕਾ ਵੱਲੋਂ ਜੋ "ਲੋਕ ਰਾਜ" ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਸੀ, ਉਹ ਨਵ-ਬਸਤੀਵਾਦੀ ਵਿਵਸਥਾ ਦਾ ਹੀ ਹਿੱਸਾ ਸੀ। ਇਸ ਤੱਥ ਦੀ ਪੁਸ਼ਟੀ ਇਸ ਨਾਲ ਹੁੰਦੀ ਹੈ ਕਿ ਜਾਇਦਾਦ ਦੇ ਅਧਿਕਾਰ ਨੂੰ ਇੱਕ ਪਵਿੱਤਰ ਅਧਾਰ ਮੰਨਿਆ ਗਿਆ। ਮਨੁੱਖੀ ਅਧਿਕਾਰ 'ਤੇ ਐਲਾਨਨਾਮੇ ਦੀ ਧਾਰਾ 17 'ਚ ਕਿਹਾ ਗਿਆ ਹੈ

1. ਸਭ ਨੂੰ ਖੁਦ ਇਕੱਲੇ ਅਤੇ ਹੋਰਾਂ ਨਾਲ ਮਿਲ ਕੇ ਜਾਇਦਾਦ ਰੱਖਣ ਦਾ ਅਧਿਕਾਰ ਹੈ।

2. ਕਿਸੇ ਨੂੰ ਵੀ ਉਸ ਦੀ ਜਾਇਦਾਦ ਤੋਂ ਮਨਮਾਨੇ ਢੰਗ ਨਾਲ ਵਾਂਝਿਆਂ ਨਹੀਂ ਕੀਤਾ ਜਾਵੇਗਾ।

ਸੰਪਤੀ ਦੇ ਅਧਿਕਾਰ 'ਤੇ ਜ਼ੋਰ ਦੇਣ ਦਾ ਦਾਰਸ਼ਨਿਕ ਅਧਾਰ ਜਾਨ ਲਾਕ ਦੀਆਂ ਸਿਖਿਆਵਾਂ ਹਨ। ਉਹਨਾਂ ਦੀ ਦਲੀਲ ਸੀ ਕਿ ਸੰਪਤੀ ਇੱਕ ਕੁਦਰਤੀ ਅਧਿਕਾਰ ਹੈ ਅਤੇ ਇਹ ਕਿਰਤ ਨਾਲ ਪੈਦਾ ਹੁੰਦੀ ਹੈ। ਇਸ ਤੋਂ ਇਲਾਵਾ ਜਾਇਦਾਦ ਸਰਕਾਰ ਤੋਂ ਪਹਿਲਾਂ ਹੈ ਅਤੇ ਸਰਕਾਰ "ਵਿਅਕਤੀ ਦੀ ਜਾਇਦਾਦ ਨੂੰ ਮਨਮਾਨੇ ਢੰਗ ਨਾਲ ਖੋਹ" ਨਹੀਂ ਸਕਦੀ ਹੈ। ਜਾਨ ਲਾਕ ਅਨੁਸਾਰ ਜਾਇਜ਼ ਜਾਇਦਾਦ ਦੇ ਅਧਿਕਾਰਾਂ ਨੂੰ ਨਿਕਾਰਨ ਦਾ ਮਤਲਬ ਮਨੁੱਖੀ ਅਧਿਕਾਰਾਂ ਨੂੰ ਨਕਾਰਨਾ ਹੈ। ਇਸ ਬ੍ਰਿਟਿਸ਼ ਦਾਰਸ਼ਨਿਕ ਦਾ ਬ੍ਰਿਟੇਨ ਦੀ ਸਰਕਾਰ ਦੇ ਵਿਕਾਸ 'ਤੇ ਡੂੰਘਾ ਅਸਰ ਸੀ ਅਤੇ ਇਹ ਅਮਰੀਕਾ ਦੀ ਸਥਾਪਨਾ ਦੇ ਬੁਨਿਆਦੀ ਦਰਸ਼ਨ ਦੇ ਕੇਂਦਰ ਵਿੱਚ ਸੀ। ਭਾਰਤ ਦਾ ਸੰਵਿਧਾਨ ਵੀ ਜਾਇਦਾਦ ਦੇ ਅਧਿਕਾਰ 'ਤੇ ਜ਼ੋਰ ਦਿੰਦਾ ਹੈ। ਹਾਲਾਂ ਕਿ ਇਸ 'ਚ ਇੱਕ ਦਮ ਸ਼ੁਰੂ ਤੋਂ ਹੀ ਜਾਗੀਰੂ ਅਧਿਕਾਰਾਂ ਨੂੰ ਖਾਰਜ ਕਰ ਦਿੱਤਾ ਗਿਆ ਹੈ। ਪਰ ਜਾਗੀਰੂ ਜਾਇਦਾਦ ਨੂੰ ਖਤਮ ਕਰਨ ਦੀ ਗੱਲ ਨਹੀਂ ਕੀਤੀ ਗਈ। ਸੰਵਿਧਾਨ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਜਾਗੀਰੂ ਮਾਲਕੀ ਦੀ ਵਿਸ਼ਾ ਭੋਇੰ ਨੂੰ ਜ਼ਬਤ ਕੀਤਾ ਜਾ ਸਕਦਾ ਹੈ, ਪਰ ਲੋੜੀਂਦੇ ਮੁਆਵਜ਼ੇ ਤੋਂ ਬਾਅਦ ਹੀ। ਸ਼ੁਰੂ-ਸ਼ੁਰੂ 'ਚ ਜਦ ਅਜਿਹੀਆਂ ਜਾਇਦਾਦਾਂ ਨੂੰ ਜਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਸੁਪਰੀਮ ਕੋਰਟ ਨੇ ਉਸ ਨੂੰ ਨਾਕਾਮ ਕਰ ਦਿੱਤਾ। ਕਾਮਰੇਸ਼ਵਰ ਪ੍ਰਸ਼ਾਦ (ਦਰਭੰਗਾ ਦੇ ਰਾਜਾ) ਅਤੇ ਬੇਲਾ ਬੇਨਰਜੀ ਦੇ ਪ੍ਰਸਿੱਧ ਕੇਸ ਵਿੱਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜਬਤ ਭੂਮੀ ਦੀ ਉਸ ਸਮੇਂ ਬਾਜ਼ਾਰ 'ਚ ਜੋ ਕੀਮਤ ਹੈ, ਹਰਜਾਨਾ ਤਹਿ ਕਰਦੇ ਸਮੇਂ ਇਹ ਠੀਕ ਤਰ੍ਹਾਂ ਨਾਲ ਪਤਾ ਕਰਨਾ ਚਾਹੀਦਾ ਹੈ। ਇਸ ਦਾ ਅਰਥ ਹੋਇਆ ਕਿ ਜਾਗੀਰਦਾਰਾਂ ਦੀ ਜਮੀਨ ਨੂੰ ਜਬਤ ਨਹੀਂ ਕੀਤਾ ਜਾ ਸਕਦਾ। ਸਿਰਫ਼ ਸਹੀ ਰੇਟ 'ਤੇ ਖਰੀਦਿਆ ਜਾ ਸਕਦਾ ਹੈ। ਜਬਰੀ ਜ਼ਮੀਨ ਜਬਤ ਕਰਨ ਲਈ ਸੰਵਿਧਾਨ 'ਚ ਕੀਤੀਆਂ ਗਈਆਂ ਵੱਖ-ਵੱਖ ਸੋਧਾਂ ਬਾਰੇ ਕਾਫੀ ਗੱਲਾਂ ਕਹੀਆਂ ਜਾਂਦੀਆਂ ਹਨ। ਜੇ ਇਹ ਤੱਥ ਆਪਣੀ ਥਾਂ ਕਾਇਮ ਹੈ ਕਿ ਜਾਇਦਾਦ ਦਾ ਅਧਿਕਾਰ ਭਾਰਤੀ ਸੰਵਿਧਾਨ ਦਾ ਸਭ ਤੋਂ ਫੈਸਲਾਕੁੰਨ ਤੇ ਲਾਜ਼ਮੀ ਅੰਗ ਹੈ। ਹਾਲਾਂ ਕਿ ਮੌਲਿਕ ਅਧਿਕਾਰਾਂ ਵਾਲੇ ਚੈਪਟਰ ਤੋਂ ਇਸ ਨੂੰ ਹਟਾ ਦਿੱਤਾ ਗਿਆ ਹੈ, ਫਿਰ ਵੀ ਜਾਇਦਾਦ ਦੇ ਅਧਿਕਾਰ ਨੂੰ ਉਸੇ ਸੰਵਿਧਾਨਿਕ ਸੋਧ ਦੇ ਰਾਹੀਂ ਇੱਕ ਨਵੀਂ ਧਾਰਾ 300 ਏ 'ਚ ਜੋੜ ਕੇ ਕਰੀਬ ਪਹਿਲਾਂ ਵਰਗਾ ਹੀ ਬਣਾ ਦਿੱਤਾ ਗਿਆ ਹੈ।

ਸਾਮਰਾਜੀ ਲੁੱਟ ਦੀ ਬਸਤੀਵਾਦੀ ਵਿਵਸਥਾ ਇੱਕ ਕਿਸਮ ਦੇ ਸਮਾਜਿਕ ਅਧਾਰ ਵਜੋਂ ਜਾਗੀਰਦਾਰੀ 'ਤੇ ਨਿਰਭਰ ਸੀ। ਉਸ ਨੇ ਜਾਗੀਰੂ ਆਧਾਰ ਨੂੰ ਬਦਲਿਆ ਨਹੀਂ ਸੀ। ਸਿਰਫ਼ ਓਨਾ ਹੀ ਬਦਲਿਆ ਸੀ ਜੋ ਕੱਚੇ ਮਾਲ ਦੇ ਸ੍ਰੋਤ ਤੱਕ ਪਹੁੰਚ ਬਣਾਉਣ ਲਈ ਅਤੇ ਆਪਣੇ ਸਮਾਨ ਨੂੰ ਬਾਜ਼ਾਰ 'ਚ ਵੇਚਣ ਲਈ ਜ਼ਰੂਰੀ ਸੀ। ਨਵੀਂ ਬਸਤੀਵਾਦੀ ਵਿਵਸਥਾ ਨੇ ਜਿਸ ਤਰ੍ਹਾਂ ਵੱਡੇ ਪੈਮਾਨੇ 'ਤੇ ਬਾਜ਼ਾਰ ਦਾ ਵਿਸਥਾਰ ਕੀਤਾ ਹੈ। ਬਸਤੀਵਾਦੀ ਵਿਵਸਥਾ ਨੇ ਅਜਿਹਾ ਨਹੀਂ ਕੀਤਾ ਸੀ। ਪੂੰਜੀ ਬਾਜ਼ਾਰ ਜਾਂ

ਤਕਨੀਕੀ ਬਾਜ਼ਾਰ ਦਾ ਵਿਸਥਾਰ ਕਰਨਾ ਉਨ੍ਹਾਂ ਦਾ ਟੀਚਾ ਨਹੀਂ ਸੀ। ਇਹ ਸਭ ਵਿਕਾਸ ਨਵ ਬਸਤੀਵਾਦੀ ਵਿਵਸਥਾ ਦੇ ਤਹਿਤ ਹੋਏ। ਬਾਜ਼ਾਰ ਦਾ ਹਮੇਸ਼ਾ ਹੀ ਜਾਗੀਰੂ ਅਧਿਕਾਰਾਂ ਨੂੰ ਦਵੰਦ ਰਿਹਾ ਹੈ। ਬਾਜ਼ਾਰ ਲਈ ਜਾਤੀ, ਧਰਮ, ਲਿੰਗ, ਨਸਲ ਜਾਂ ਵਿਸ਼ਵਾਸ ਦੇ ਆਧਾਰ 'ਤੇ ਭੇਦਭਾਵ 'ਚ ਰੁਚੀ ਨਹੀਂ ਰਹੀ ਹੈ। ਬਾਜ਼ਾਰ ਅੱਛੀ ਤਰ੍ਹਾਂ ਕੰਮ ਕਰੇ ਇਸ ਲਈ ਮਰਦ ਅਤੇ ਔਰਤ, ਬ੍ਰਹਿਮਣ ਤੇ ਦਲਿਤ, ਹਿੰਦੂ ਤੇ ਮੁਸਲਮਾਨ, ਜਨਸੰਘੀ ਤੇ ਕਾਂਗਰਸੀ ਸਭ ਤੱਕ ਬਾਜ਼ਾਰ ਦੀ ਪਹੁੰਚ ਹੋਣੀ ਚਾਹੀਦੀ ਹੈ ਤਾਂ ਕਿ ਅੱਛੀ ਕੀਮਤ ਮਿਲ ਸਕੇ। ਨਵੀਂ ਬਸਤੀਵਾਦੀ ਵਿਵਸਥਾ ਨੇ ਜਿਸ ਬਾਜ਼ਾਰ ਦੀ ਸਥਾਪਨਾ ਕੀਤੀ ਉਹ ਅਜਿਹਾ ਹੀ ਸਰਬ ਵਿਆਪੀ ਤੇ ਸਰਬ ਸ਼ਕਤੀਮਾਨ ਸੀ। ਇਸ ਤਰ੍ਹਾਂ ਜਾਗੀਰੂ ਅਧਿਕਾਰਾਂ ਦਾ, ਇੱਕ ਹੱਦ ਤੱਕ ਖਾਤਮਾ ਹੋਇਆ ਅਤੇ ਨਵ-ਬਸਤੀਵਾਦੀ ਵਿਵਸਥਾ ਸੰਚਾਰੂ ਢੰਗ ਨਾਲ ਚਲਾਉਣ ਲਈ ਜ਼ਰੂਰੀ "ਲੋਕਰਾਜੀ" ਅਧਿਕਾਰਾਂ ਦਾ ਵਿਸਥਾਰ ਹੋਇਆ। ਭਾਰਤੀ ਸੰਵਿਧਾਨ ਨੇ ਇਸ ਲੋੜ ਨੂੰ ਵੀ ਪੂਰਾ ਕੀਤਾ। ਹਾਲ ਦੀ ਘੜੀ ਨਵ-ਬਸਤੀਵਾਦ ਨੇ ਜਿਸ ਜਮਹੂਰੀ ਇਨਕਲਾਬ ਦਾ ਬਿਗਲ ਬਜਾਇਆ ਸੀ, ਉਸ ਦੀ ਹੱਦ ਇਹ ਸੀ। ਪੂੰਜੀਵਾਦੀ ਦੁਨੀਆਂ 'ਚ ਜਾਇਦਾਦ ਬਿਨਾਂ "ਆਜ਼ਾਦੀ" ਸਿਰਫ਼ ਆਪਣੀ ਗੁਲਾਮੀ ਨੂੰ ਚੁਨਣ ਦੀ ਆਜ਼ਾਦੀ ਹੈ। ਇਸ ਪਿੱਠ ਭੂਮੀ 'ਚ ਹੀ ਸਾਨੂੰ ਆਪਣੇ ਸੰਵਿਧਾਨ ਤੇ ਉਸ ਦੀਆਂ ਪ੍ਰਾਪਤੀਆਂ ਦਾ ਮੁਲਅੰਕਣ ਕਰਨਾ ਹੋਵੇਗਾ।

-----✪✪-----

# ਰੋਟੀ, ਕੱਪੜਾ ਤੇ ਮੋਬਾਇਲ, ਇੰਟਰਨੈਟ

ਗਣਤੰਤਰ ਦੇ 60 ਸਾਲਾਂ ਦੇ ਸਫ਼ਰ ਦੌਰਾਨ ਭਾਰਤ ਨੇ ਸੂਚਨਾ ਤੇ ਸੰਚਾਰ ਦੇ ਖੇਤਰ ਵਿੱਚ ਜ਼ਿਕਰਯੋਗ ਸਫ਼ਲਤਾ ਹਾਸਲ ਕੀਤੀ ਹੈ। ਖਾਸਕਰ ਜਦੋਂ ਤੋਂ ਅਸੀਂ 90 ਦੇ ਦਹਾਕੇ ਦੀ ਸ਼ੁਰੂਆਤ 'ਚ ਉਦਾਰੀਕਰਨ, ਵਿਸ਼ਵੀਕਰਨ ਤੇ ਨਿਜੀਕਰਨ ਦੇ ਦੌਰ 'ਚ ਦਾਖਲ ਹੋਏ। ਤਦ ਤੋਂ ਲੈ ਕੇ ਅੱਜ ਤੱਕ ਪਿਛਲੇ ਦੋ ਦਹਾਕਿਆਂ 'ਚ ਅਸੀਂ ਵਿਸ਼ਵੀਕਰਨ ਦੇ ਫਾਰਮੂਲੇ ਨੂੰ ਅਪਣਾ ਕੇ ਵਿਸ਼ਵ ਬਰਾਦਰੀ 'ਚ ਆਪਣੀ ਮਹੱਤਵਪੂਰਨ ਥਾਂ ਬਣਾਈ ਹੈ। ਦੇਸ਼ 'ਚ ਕੰਪਿਊਟਰ ਦੇ ਆਗਮਨ ਨੇ ਜਿੱਥੇ ਪੁਰਾਣੀ ਪੈ ਚੁੱਕੀ ਵਿਵਸਥਾ ਨੂੰ ਇੱਕ ਨਵਾਂ ਇਨਜਾਮ ਦਿੱਤਾ, ਉਥੇ ਕੰਪਿਊਟਰ ਤੇ ਮੋਬਾਇਲ ਫੋਨ ਨੇ ਅੱਜ ਸਾਨੂੰ ਇਹ ਸੋਚਣ ਲਈ ਮਜ਼ਬੂਰ ਕੀਤਾ ਹੈ ਕਿ ਕੀ ਅੱਜ ਇਹਨਾਂ ਸੰਚਾਰ ਸਾਧਨਾਂ ਦੀ ਵਰਤੋਂ ਬੇਹਤਰ ਤਰੀਕੇ ਨਾਲ ਕਰਕੇ ਦੇਸ਼ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ। ਨਿਰਸੰਦੇਹ ਪਿਛਲੇ 60 ਸਾਲਾਂ ਦੌਰਾਨ ਭਾਰਤ ਨੇ ਕਈ ਖੇਤਰਾਂ 'ਚ ਆਪਣੀ ਹੋਂਦ ਦਾ ਅਹਿਸਾਸ ਸੰਸਾਰ ਭਾਈਚਾਰੇ ਨੂੰ ਕਰਵਾਇਆ ਹੈ। ਇਸ ਪ੍ਰਸੰਗ 'ਚ ਖਾਸ ਕਰਕੇ ਹਾਲ ਦੇ ਸਾਲਾਂ 'ਚ ਰੋਟੀ, ਕੱਪੜਾ ਤੇ ਮਕਾਨ ਵਰਗੀਆਂ ਬੁਨਿਆਦੀ ਜ਼ਰੂਰਤਾਂ ਨਾਲ ਭਾਰਤੀਆਂ ਦੀ ਤਰਜੀਹ ਸੂਚੀ 'ਚ ਮੋਬਾਇਲ ਤੇ ਇੰਟਰਨੈਟ ਨੇ ਵੀ ਆਪਣੀ ਥਾਂ ਬਣਾ ਲਈ ਹੈ। ਕੱਲ ਤੱਕ ਔਖਾ ਲੱਗਣ ਵਾਲਾ ਸ਼ਬਦ ਰੋਮਿੰਗ ਤੇ ਬ੍ਰਾਡਬੈਂਡ ਹੁਣ ਸ਼ਾਇਦ ਹੀ ਕਿਸੇ ਲਈ ਨਾ-ਵਾਕਫ ਹੋਵੇ। ਸੂਚਨਾ ਕ੍ਰਾਂਤੀ ਦੀ ਪੈਂਠ ਨੇ ਭਾਰਤ ਨੂੰ ਵਿਕਸਤ ਦੇਸ਼ਾਂ ਦੀ ਅਗਲੀ ਕਤਾਰ 'ਚ ਲਿਆ ਖੜਾ ਕੀਤਾ ਹੈ ਤੇ ਹੁਣ ਉਸ ਦੀ ਦੌੜ ਵਿਕਸਤ ਦੇਸ਼ਾਂ ਵੱਲ ਹੋ ਰਹੀ ਹੈ। ਹਾਲੀਆ ਅੰਕੜੇ ਦੱਸਦੇ ਹਨ ਕਿ ਭਾਰਤ 'ਚ ਟੈਲੀਫੋਨ ਖਪਤਕਾਰਾਂ ਦੀ ਕੁੱਲ ਸੰਖਿਆ 543.20 ਮਿਲੀਅਨ ਦੇ ਕਰੀਬ ਹੈ। ਜਿਹਨਾਂ 'ਚ 506.04 ਮਿਲੀਅਨ ਤਾਂ ਸਿਰਫ ਮੋਬਾਇਲ ਖਪਤਕਾਰ ਹੀ ਹਨ। ਇੱਥੇ ਬ੍ਰਾਡਬੈਂਡ ਕੁਨੈਕਸ਼ਨਾਂ ਦੀ ਕੁੱਲ ਗਿਣਤੀ 7.57 ਮਿਲੀਅਨ ਦੇ ਕਰੀਬ ਹੈ। ਪਿਛਲੇ ਦਹਾਕੇ 'ਚ ਭਾਰਤ 'ਚ ਆਈ ਟੀ ਦਾ ਵਿਕਾਸ ਹਰ ਸਾਲ 50 ਫੀਸਦੀ ਦੀ ਦਰ ਨਾਲ ਹੋਇਆ ਹੈ।

ਇਸ ਦਰ ਨਾਲ ਆਉਣ ਵਾਲੇ ਕੁਝ ਸਾਲਾਂ 'ਚ ਜਿੱਥੇ ਇੰਟਰਨੈਟ ਖਪਤਕਾਰਾਂ ਦੀ ਕੁੱਲ ਗਿਣਤੀ 100 ਮਿਲੀਅਨ ਤੋਂ ਟੱਪ ਜਾਵੇਗੀ। ਭਾਰਤ 'ਚ ਇੰਟਰਨੈਟ ਸੇਵਾ ਪ੍ਰਦਾਨ ਕਰਨ ਵਾਲਿਆਂ ਦੀ ਵਧਦੀ ਗਿਣਤੀ ਤੇ ਉਤਮ ਗੁਣ-ਵੰਣਤਾ ਦਾ ਹੀ ਅਸਰ ਹੈ ਕਿ ਉਹਨਾਂ ਨੂੰ "ਕੰਜਿਊਮਰ ਫਰੈਂਡਲੀ" ਦਾ ਤਮਗਾ ਸਾਰੀ ਦੁਨੀਆਂ ਦੇ ਰਹੀ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਭਾਰਤ 'ਚੋਂ ਬਾਹਰ ਜਾਣ ਵਾਲੇ ਵਿਦਿਆਰਥੀਆਂ ਲਈ ਸਾਲ 2002 ਦੇ ਪਹਿਲਾਂ ਤੱਕ ਭਾਰਤ 'ਚ ਗੱਲਾਂ ਕਰਨਾ ਸੌਖਾ ਨਹੀਂ ਸੀ। ਕਾਲਿੰਗ ਕਾਰਡ ਦੇ ਆਉਣ ਪਿੱਛੋਂ ਇਹ ਸੌਖਾ ਹੋ ਗਿਆ ਹੈ। ਭਾਰਤ 'ਚ ਸੂਚਨਾ ਕ੍ਰਾਂਤੀ ਦੇ ਜਨਕ ਮੰਨੇ ਜਾਣ ਵਾਲੇ ਸੈਮ ਪਿਤ੍ਰੋਦਾ ਨੇ ਕਦੀ ਭਾਰਤ ਨੂੰ ਸੂਚਨਾ ਕ੍ਰਾਂਤੀ ਦੇ ਖੇਤਰ 'ਚ ਮੋਹਰੀ ਬਣਾਉਣ ਦਾ ਜੋ ਸੋਚਿਆ ਸੀ, ਉਹ ਸ਼ਾਇਦ ਪੂਰਾ ਹੋਣ ਵਾਲਾ ਹੈ। ਅੱਜ ਆਨ ਲਾਈਨ, ਸ਼ਾਪਿੰਗ, ਨੌਕਰੀ ਦੀ ਤਲਾਸ, ਰੇਲਵੇ ਬੁਕਿੰਗ ਵਰਗੇ ਸਾਰੇ ਕੰਮ ਇੰਟਰਨੈਟ ਰਾਹੀਂ ਹੋ ਰਹੇ ਹਨ। ਨੇੜੇ ਭਵਿੱਖ 'ਚ ਸ਼ਾਇਦ ਸਾਨੂੰ ਆਨ-ਲਾਈਨ

ਵੋਟਿੰਗ ਵੀ ਵੇਖਣ ਨੂੰ ਮਿਲੇ। ਪਰ ਇਸ ਤਰੱਕੀ ਨੇ ਭਾਰਤ ਦੇ ਆਰਥਿਕ, ਸਮਾਜਿਕ ਤਾਣੇ-ਬਾਣੇ ਨੂੰ ਵੀ ਸਮੁੱਚੇ ਤੌਰ 'ਤੇ ਪ੍ਰਭਾਵਿਤ ਕੀਤਾ ਹੈ ਤੇ ਭਾਰਤੀਆਂ ਨੂੰ ਸੰਸਾਰ ਬਰਾਦਰੀ ਸਾਹਮਣੇ ਆਪਣੀ ਪ੍ਰਤਿਭਾ ਤੇ ਹੁਨਰ ਨੂੰ ਵਿਖਾਉਣ ਦਾ ਮੌਕਾ ਮਿਲ ਗਿਆ ਹੈ। ਅੱਜ ਨਵੇਂ ਸ਼ਾਪਿੰਗ ਮਾਲ ਖੁੱਲ੍ਹ ਰਹੇ ਹਨ। ਵਿਸ਼ਵ ਵਿਆਪੀ ਆਰਥਿਕ ਮੰਦੀ ਕਾਰਨ ਜਿਸ ਆਈ. ਟੀ ਉਦਯੋਗ ਦੇ ਅਵਸਾਨ ਦੀ ਗੱਲ ਹੋ ਰਹੀ ਸੀ, ਉਸ ਨੂੰ ਵੀ ਭਾਰਤ ਨੇ ਝੱਲਿਆ ਹੈ। ਇੱਥੇ ਤਰੱਕੀ ਦਾ ਗ੍ਰਾਫ਼ ਸ਼ਹਿਰਾਂ ਤੱਕ ਵਧ ਕੇ ਫਿਰ ਉਥੋਂ ਵਾਪਸ ਉਤਰਨ ਦੀ ਕੋਸ਼ਿਸ਼ ਕਰਦਾ ਹੈ। ਭਾਰਤ ਦੀ ਤਰੱਕੀ ਸ਼ਹਿਰਾਂ ਤੱਕ ਹੀ ਸੀਮਤ ਰਹਿੰਦੀ ਹੈ। ਇਹ ਪਿੰਡਾਂ ਤੱਕ ਨਹੀਂ ਪਹੁੰਚਦੀ ਜਿੱਥੇ ਬਹੁਤੇ ਲੋਕ ਰਹਿੰਦੇ ਹਨ। ਪਰ ਮੋਬਾਇਲ ਪਿੰਡਾਂ ਤੱਕ ਵੀ ਪਹੁੰਚਿਆ ਹੈ। ਵਧਦੇ ਬਾਜ਼ਾਰੀਕਰਨ ਕਰਕੇ ਮੋਬਾਇਲ ਕੰਪਨੀਆਂ ਨਿੱਤ ਨਵੀਆਂ ਆਫਰਾਂ ਲੈ ਕੇ ਆਉਂਦੀਆਂ ਹਨ 3 ਜੀ ਦੇ ਆਉਣ ਨਾਲ ਬਾਜ਼ਾਰ 'ਚ ਇਸ ਸਾਲ ਹੋਰ ਪ੍ਰੀਵਰਤਨ ਦੇਖਣ ਨੂੰ ਮਿਲ ਸਕਣਗੇ। ਮੀਡੀਆ ਖੇਤਰ ਵਿੱਚ ਵੀ ਦੇਸ਼ ਭਰ 'ਚ ਸੈਟੇਲਾਈਟ ਟੀ. ਵੀ. ਦੇ ਆਉਣ ਨਾਲ ਅੱਜ ਦੂਰਗਾਮੀ ਬਦਲਾਅ ਆ ਚੁੱਕੇ ਹਨ। ਅੱਜ 18 ਫੀਸਦੀ ਦੀ ਦਰ ਨਾਲ ਵਾਧਾ ਜਾਰੀ ਹੈ। ਨਾਲ ਹੀ ਭਾਰਤ 'ਚ ਹਜ਼ਾਰਾਂ ਕਰੋੜ ਰੁਪਏ ਦੇ ਇਸ਼ਤਿਹਾਰਬਾਜ਼ੀ ਬਾਜ਼ਾਰ ਨੂੰ ਹਥਿਆਉਣ ਤੇ ਵੱਧ ਤੋਂ ਵੱਧ ਟੀ. ਆਰ. ਪੀ. ਬਟੋਰਨ ਦੀ ਕੋਸ਼ਿਸ਼ 'ਚ ਚੈਨਲ ਇੱਕ ਦੂਜੇ ਨਾਲ ਹੋੜ ਲਾ ਰਹੇ ਹਨ।

ਮਨੋਰੰਜਨ ਦੇ ਨਾਂ 'ਤੇ ਅਸ਼ਲੀਲਤਾ ਪਰੋਸੀ ਜਾ ਰਹੀ ਹੈ। ਕਈ ਸਮਾਚਾਰ ਚੈਨਲ ਤਾਂ ਦੋ ਕਦਮ ਅੱਗੇ ਵਧ ਕੇ ਸਮਾਚਾਰਾਂ 'ਤੇ ਕੇਂਦਰਿਤ ਪ੍ਰੋਗ੍ਰਾਮਾਂ ਦਾ ਪ੍ਰਸਾਰਨ ਨਾ ਕਰਕੇ ਅੰਧ-ਵਿਸ਼ਵਾਸ ਵਧਾਉਣ ਵਾਲੇ ਪ੍ਰੋਗ੍ਰਾਮਾਂ ਨੂੰ ਵੱਧ ਤਰਜੀਹ ਦਿੰਦੇ ਹਨ। ਰਿਆਲਟੀ ਸ਼ੋਅ ਚਰਮ ਸੀਮਾ 'ਤੇ ਹਨ। ਭਾਰਤ 'ਚ 50 ਕਰੋੜ ਲੋਕ ਰੋਜ਼ਾਨਾ ਟੀ. ਵੀ. ਵੇਖਦੇ ਹਨ। ਚੈਨਲਾਂ ਵਿਚਕਾਰ ਮਾਰਾਮਾਰੀ ਇਸੇ ਦਰਸ਼ਕ ਵਰਗ ਨੂੰ ਧਿਆਨ 'ਚ ਰੱਖ ਕੇ ਹੋ ਰਹੀ ਹੈ। ਹਾਲਾਂ ਕਿ ਮੀਡੀਆ ਦੀ ਸਰਗਰਮੀ 'ਚ ਕਾਫੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ, ਚਾਹੇ ਜੈਸਿਕਾ ਲਾਲ ਜਾਂ ਪ੍ਰਿਆਦਰਸ਼ਨੀ ਮੱਟੂ ਹੱਤਿਆਕਾਂਡ, ਮੀਡੀਆ ਦੀ ਸਰਗਰਮੀ ਕਾਰਨ ਹੀ ਅਰੋਪੀਆਂ ਖਿਲਾਫ਼ ਕਾਰਵਾਈਆਂ ਨੂੰ ਇੱਕ ਨਵੀਂ ਦਿਸ਼ਾ ਮਿਲੀ। ਪਿੱਛੇ ਜਿਹੇ ਆਂਧਰਾ ਦੇ ਰਾਜਪਾਲ ਨਰਾਇਣ ਦੱਤ ਤਿਵਾੜੀ ਨੂੰ ਇੱਕ ਮੀਡੀਆ ਚੈਨਲ ਦੇ ਸਟਿੰਗ ਅਪ੍ਰੇਸ਼ਨ ਦੀ ਵਜ੍ਹਾ ਕਾਰਨ ਹੀ ਆਪਣੀ ਕੁਰਸੀ ਤੋਂ ਹੱਥ ਧੋਣੇ ਪਏ। ਪਰ ਬਾਜ਼ਾਰ 'ਤੇ ਕਬਜਾ ਜਮਾਉਣ ਦੀ ਦੌੜ ਨੇ ਕਈ ਮੀਡੀਆ ਵਾਲਿਆਂ ਨੂੰ ਫਰਜੀ ਸਟਿੰਗ ਅਪ੍ਰੇਸ਼ਨਾਂ ਲਈ ਵੀ ਮਜ਼ਬੂਰ ਕੀਤਾ ਹੈ। ਇੱਕ ਚੌਕਸ ਤੇ ਸਰਗਰਮ ਮੀਡੀਆ ਕੀ ਕੁਝ ਨਹੀਂ ਕਰ ਸਕਦਾ, ਇਹ ਤਹਿਲਕਾ ਤੋਂ ਲੈ ਕੇ ਮੌਜੂਦਾ ਰੁਚਿਕਾ ਤੇ ਰਠੌੜ ਮਾਮਲੇ 'ਚ ਸਪੱਸ਼ਟ ਰੂਪ 'ਚ ਵੇਖਿਆ ਗਿਆ ਹੈ। ਲੋੜ ਹੈ ਮੀਡੀਆ ਨੂੰ ਆਪਣੇ ਸੁਆਰਥਾਂ ਤੋਂ ਉਪਰ ਉਠ ਕੇ ਇੱਕ ਮਾਪਦੰਡ ਸਥਾਪਿਤ ਕਰਨ ਦੀ ਜਿਸ ਨਾਲ ਸਮਾਜ ਨੂ ਇਸ ਦੀ ਕੀਮਤ ਨਾ ਚੁਕਾਉਣੀ ਪਵੇ। ਇਸ 'ਚ ਕੋਈ ਸ਼ੱਕ ਨਹੀਂ ਕਿ ਮੀਡੀਆ 'ਚ ਲੋਕਾਂ ਨੂੰ ਜਗਾਉਣ ਦੀ ਅਥਾਹ ਸਮਰੱਥਾ ਹੈ।

-----✪✪-----

# ਹਰੇ ਤੇ ਸਫੈਦ ਇਨਕਲਾਬਾਂ ਨੇ ਕੀ ਗੁਲ ਖਿਲਾਏ?

ਪੁਰਾਣੇ ਝੋਨਾ ਕਟੇ 'ਚ ਦਸ ਸੇਰ ਵੀ ਨਹੀਂ ਪੈਦਾ ਹੁੰਦੇ, ਪਰ ਗਰਮਾ (ਧਾਨ ਦੀ ਇੱਕ ਕਿਸਮ) ਦੀ ਤਾਂ ਗੱਲ ਹੀ ਵੱਖਰੀ ਹੈ। ਇਹ ਧਾਨ ਸੌ ਮਣ ਪ੍ਰਤੀ ਵਿੱਘਾ ਤੋਂ ਘੱਟ ਨਹੀਂ ਉਪਜਦਾ। ਹਾਂ, ਇਸ ਦੇ ਲਈ ਭਰਪੂਰ ਖਾਦ, ਪਾਣੀ ਤੇ ਕੀੜੇਮਾਰ ਦਵਾਈਆਂ ਚਾਹੀਦੀਆਂ ਹਨ। ਬਿਨਾ ਖਾਦ-ਪਾਣੀ ਦੇ ਗਰਮਾ ਧਾਨ ਦਾ ਸੁਪਨਾ ਨਾ ਵੇਖੋ, ਇਹ ਟਿੱਪਣੀ ਬਿਹਾਰ ਦੇ ਖੜਗਿਆ ਜਿਲ੍ਹੇ 'ਚ ਦਿਆਰਾ ਇਲਾਕੇ ਦੇ ਕਿਸਾਨ ਅਗਮ ਲਾਲ ਕੀਮਤ ਦੀ ਹੈ। ਅਣਪੜ੍ਹ ਅਗਮ ਲਾਲ ਕਾਮਤ ਨੂੰ ਨਹੀਂ ਪਤਾ ਕਿ ਜਿਸ ਨੂੰ ਉਹ 'ਅਨੋਖੀ ਗੱਲ' ਕਹਿ ਰਹੇ ਹਨ, ਆਮ ਤੌਰ 'ਤੇ ਲੋਕ ਉਸ ਨੂੰ ਹਰੇ ਇਨਕਲਾਬ ਦੇ ਨਾਂ ਨਾਲ ਜਾਣਦੇ ਹਨ। ਜਿਸ ਤਰ੍ਹਾਂ ਅਗਮ ਲਾਲ ਨੂੰ ਨਹੀਂ ਪਤਾ ਕਿ ਪ੍ਰਤੀ ਵਿੱਘਾ ਸੌ ਮਣ ਝੋਨਾ ਪੈਦਾ ਕਰਨ ਦੇ ਚੱਕਰ ਵਿੱਚ ਉਹ ਝੋਨੇ ਦੀਆਂ ਸਦੀਆਂ ਪੁਰਾਣੀਆਂ ਸੈਂਕੜੇ ਨਸਲਾਂ ਨੂੰ ਗੁਆਉਂਦੇ ਜਾ ਰਹੇ ਹਨ, ਉਸ ਤਰ੍ਹਾਂ ਹਰੇ ਇਨਕਲਾਬ ਦੇ ਪੈਰੋਕਾਰਾਂ ਨੂੰ ਵੀ ਸ਼ਾਇਦ ਨਹੀਂ ਪਤਾ ਹੈ ਕਿ ਵੱਧ ਉਪਜ ਦੇ ਲਾਲਚ ਨੇ ਖੇਤਾਂ ਦੀ ਉਪਜਾਊ ਸ਼ਕਤੀ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ। ਅੱਜ ਪਿੰਡਾਂ 'ਚ ਇਹ ਸ਼ਿਕਾਇਤ ਆਮ ਹੈ ਕਿ "ਜ਼ਮੀਨ ਹਰ ਅਗਲੇ ਸਾਲ ਪਿਛਲੇ ਸਾਲ ਨਾਲੋਂ ਵੱਧ ਸ਼ਕਤੀ (ਊਰਜਾ) ਮੰਗਦੀ ਹੈ। ਕਹਾਣੀ ਇੱਥੇ ਹੀ ਪੂਰੀ ਨਹੀਂ ਹੁੰਦੀ। ਸੱਠ ਦੇ ਦਹਾਕੇ ਵਿੱਚ ਅਨਾਜ ਆਤਮ ਨਿਰਭਰਤਾ ਦੇ ਦਬਾਅ 'ਚ ਵੱਡੇ ਪੈਮਾਨੇ 'ਤੇ ਸ਼ੁਰੂ ਹੋਏ ਹਰੇ ਇਨਕਲਾਬ ਹੁਣ "ਬੀ ਟੀ ਬੈਂਗਣ" ਜੀ ਐਮ (ਜੈਨੇਟਿਕਲੀ ਮੋਡੀਫਾਈਡ) ਕਪਾਹ ਅਤੇ ਸੈਂਕੜੇ ਕਿਸਮਾਂ ਦੇ ਵਿਵਾਦ ਪ੍ਰਸਤ ਬਣਾਉਟੀ ਬੀਜਾਂ ਤੱਕ ਜਾ ਪੁੱਜੀ ਹੈ। ਜਿਹਨਾਂ ਦੇ ਫੌਰੀ ਫਾਇਦਿਆਂ ਅਤੇ ਦੂਰਗਾਮੀ ਖਤਰਿਆਂ ਸਬੰਧੀ ਦੇਸ ਭਰ 'ਚ ਭਾਰੀ ਬਹਿਸ ਛਿੜ ਚੁੱਕੀ ਹੈ, ਚਿੱਟੇ ਇਨਕਲਾਬ (ਦੁੱਧ ਪੈਦਾਵਾਰ ਵਧਾਉਣ ਦੀ ਯੋਜਨਾ ਜਿਸ ਨੂੰ ਅਪ੍ਰੇਸ਼ਨ ਫਲੱਡ ਵੀ ਕਿਹਾ ਜਾਂਦਾ ਹੈ) ਦੀ ਵੀ ਇਹੋ ਕਹਾਣੀ ਹੈ। ਜ਼ਿਆਦਾ ਦੁੱਧ ਦੇ ਲਾਲਚ ਵਿੱਚ ਵਿਦੇਸ਼ੀ ਗਾਵਾਂ ਦੀਆਂ ਨਸਲਾਂ ਦੀ ਤੈਦਾਦ ਦੇਸ਼ 'ਚ ਵਧਦੀ ਗਈ ਅਤੇ ਅੱਜ ਦੂਰ-ਦਰਾਡੇ ਪਿੰਡਾਂ ਵਿੱਚ ਵੀ ਦੇਸੀ ਗਾਵਾਂ ਦੀਆਂ ਨਸਲਾਂ ਖੋਜਣ 'ਤੇ ਵੀ ਨਹੀਂ ਮਿਲਦੀਆਂ।

ਸੰਨ 1950 'ਚ ਸਿਰਫ 7 ਲੱਖ ਮੀਟਰਿਕ ਟਨ ਰਸਾਇਣਕ ਖਾਦਾਂ ਦੀ ਵਰਤੋਂ ਕਰਨ ਵਾਲੇ ਭਾਰਤ ਵਿੱਚ ਸਾਲ 2008-09 'ਚ ਖਾਦਾਂ ਦੀ ਖਪਤ 2315 ਲੱਖ ਮੀਟਰਿਕ ਟਨ ਤੱਕ ਜਾ ਪਹੁੰਚੀ ਹੈ। ਵੈਸੇ ਜਦ ਕਦੀ ਭਾਰਤੀ ਖੇਤੀ ਦੇ ਪਿਛਲੇ 50 ਸਾਲਾਂ ਦਾ ਲੇਖਾ ਜੋਖਾ ਹੁੰਦਾ ਹੈ ਤਾਂ ਹਰੀ ਤੇ ਚਿੱਟੀ ਕ੍ਰਾਂਤੀ ਦੀ ਚਰਚਾ ਜ਼ਰੂਰ ਹੁੰਦੀ ਹੈ ਕਿਉਂਕਿ ਇਹਨਾਂ ਦੋਹਾਂ ਪ੍ਰੋਜੈਕਟਾਂ ਜ਼ਰੀਏ ਖਾਦ ਪੈਦਾਵਾਰ 'ਚ ਇਨਕਲਾਬੀ ਵਾਧਾ ਹੋਇਆ ਹੈ। ਜ਼ਿਕਰਯੋਗ ਹੈ ਕਿ ਅਨਾਜ ਆਤਮ ਨਿਰਭਰਤਾ ਲਈ ਸਾਲ 1967 'ਚ ਭਾਰਤ ਸਰਕਾਰ ਨੇ ਕਈ ਦੇਸ਼ੀ ਤੇ ਵਿਦੇਸ਼ੀ ਜਿਹਨਾਂ 'ਚ ਡਾ. ਨਾਰਮਨ ਬੋਰਲਾਗ ਮੁੱਖ ਹਨ। ਖੇਤੀ ਵਿਗਿਆਨਕਾਂ ਦੀ ਸਹਾਇਤਾ ਨਾਲ ਨਵੀਂ ਖੇਤੀ ਨੀਤੀ ਦੀ ਸ਼ੁਰੂਆਤ ਕੀਤੀ। ਇਸ ਦੇ ਤਹਿਤ ਦੇਸ਼ ਵਿੱਚ ਰਸਾਇਣਕ ਖਾਦਾਂ ਦੀ ਪੈਦਾਵਾਰ ਤੇ ਵੰਡ ਵਧਣ ਦੇ ਨਾਲ-ਨਾਲ ਸਾਰੀਆਂ ਮੁੱਖ ਫਸਲਾਂ ਦੇ ਬਣਾਉਟੀ ਤੇ ਜੈਨੇਟਿਕ ਬੀਜਾਂ ਦੀ ਖੋਜ

ਕੀਤੀ ਗਈ ਅਤੇ "ਫਸਲ ਪੈਟਰਨ" 'ਚ ਵੀ ਬਦਲਾਅ ਲਿਆਂਦੇ ਗਏ। ਮੁੱਖ ਖੇਤੀ ਖੋਜ ਸੰਸਥਾ-ਇੰਡੀਅਨ ਕਾਊਂਸਲਿੰਗ ਫਾਰ ਐਗਰੀਕਲਚਰਲ ਰਿਸਰਚ (ICAR) ਦਾ ਪੁਨਰਗਠਨ ਕੀਤਾ ਗਿਆ ਅਤੇ ਸੋਧੇ ਬੀਜਾਂ ਲਈ ਦੇਸ਼ ਭਰ 'ਚ ਕਈ ਖੋਜ ਕੇਂਦਰ ਖੋਲ੍ਹੇ ਗਏ। ਜਲਦੀ ਹੀ ਇਸ ਦੇ ਸਿੱਟੇ ਵੀ ਸਾਹਮਣੇ ਆਏ। ਪੈਦਾਵਾਰ 'ਚ ਭਾਰੀ ਵਾਧਾ ਹੋਣ ਲੱਗਿਆ। ਸੰਨ 1978-79 'ਚ ਤਾਂ ਭਾਰਤ ਨੇ ਅਨਾਜ ਪੈਦਾਵਾਰ ਸਬੰਧੀ ਨਵਾਂ ਰਿਕਾਰਡ ਕਾਇਮ ਕਰ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਕਿ ਹਮੇਸ਼ਾਂ ਅਨਾਜਾਂ ਦੀ ਦਰਾਮਦ ਕਰਨ ਵਾਲਾ ਭਾਰਤ ਬਰਾਮਦਕਾਰਾਂ ਦੀ ਸ਼੍ਰੇਣੀ 'ਚ ਆ ਗਿਆ ਤੇ ਆਤਮ ਨਿਰਭਰ ਵੀ ਹੋ ਗਿਆ। ਹਰੇ ਇਨਕਲਾਬ ਕਰਕੇ ਦੇਸ਼ ਦੀ ਖੇਤੀ ਭੂਮੀ ਦੇ ਰਕਬੇ 'ਚ 30 ਫੀਸਦੀ ਦਾ ਵਾਧਾ ਹੋਇਆ। ਦੂਜੇ ਪਾਸੇ ਹਰੇ ਇਨਕਲਾਬ ਨੇ ਦੇਸ਼ ਦੀ ਆਰਥਿਕ-ਸਮਾਜਿਕ ਵਿਵਸਥਾ ਨੂੰ ਵੀ ਪ੍ਰਭਾਵਿਤ ਕੀਤਾ। ਖੇਤੀ 'ਚ ਤਕਨੀਕ ਦੇ ਪ੍ਰਵੇਸ਼ ਹੋਣ ਕਾਰਨ ਨਵੇਂ ਵਪਾਰਕ ਖੇਤਰ ਹੋਂਦ 'ਚ ਆਏ ਜਿਹਨਾਂ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਏ। ਇੱਥੋਂ ਤੱਕ ਕਿ ਹਰੇ ਇਨਕਲਾਬ ਨਾਲ ਦੇਸ਼ ਦੀ ਰਾਜਨੀਤੀ ਵੀ ਅਛੂਤ ਨਹੀਂ ਰਹੀ। "ਦ ਆਇਡੀਅਮ ਆਫ ਇੰਡੀਆ" ਪੁਸਤਕ ਦੇ ਲੇਖਕ ਅਤੇ ਜਾਨ ਹਾਪਕਿੰਸ ਯੁਨੀਵਰਸਿਟੀ 'ਚ ਸਾਊਥ ਏਸ਼ੀਅਨ ਸਟੱਡੀ ਪ੍ਰਭਾਗ ਦੇ ਨਿਰਦੇਸ਼ਕ ਸੁਨੀਲ ਖਿਲਨਾਨੀ ਸਮੇਤ ਕਈ ਰਾਜਸੀ ਵਿਸਲੇਸ਼ਕਾਂ ਦਾ ਮੰਨਣਾ ਹੈ ਕਿ ਹਰੀ ਤੇ ਚਿੱਟੀ "ਕ੍ਰਾਂਤੀਆਂ" ਨਾਲ ਇੰਦਰਾ ਗਾਂਧੀ ਤੇ ਉਹਨਾਂ ਦੀ ਕਾਂਗਰਸ ਨੂੰ ਕਾਫੀ ਫਾਇਦੇ ਮਿਲੇ। ਹਰੀ ਕ੍ਰਾਂਤੀ ਦੀ ਤਰਜ਼ 'ਤੇ ਹੀ ਸੰਨ 1970 ਨੈਸ਼ਨਲ ਡੇਅਰੀ ਡੀਵੈਲਪਮੈਂਟ ਬੋਰਡ (NDDB) ਦੀ ਅਗਵਾਈ 'ਚ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਪੈਦਾਵਾਰ ਵਧਾਉਣ ਲਈ ਦੇਸ਼ ਭਰ 'ਚ ਵੱਡੇ ਪੈਮਾਨੇ 'ਤੇ ਡੇਅਰੀ ਪ੍ਰੋਜੈਕਟ ਸ਼ੁਰੂ ਕੀਤੇ ਗਏ, ਜਿਸ ਨੂੰ ਪਿੱਛੋਂ ਚਿੱਟੇ ਇਨਕਲਾਬ ਅਤੇ ਅਪ੍ਰੇਸ਼ਨ ਫਲੱਡ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ। NDDB ਦੇ ਉਸ ਵੇਲੇ ਦੇ ਚੇਅਰਮੈਨ ਵਰਗੀਜ਼ ਕੁਰਿਅਨ ਦੀ ਅਗਵਾਈ 'ਚ ਦੇਸ਼ ਭਰ 'ਚ ਕਈ ਸਹਿਕਾਰੀ ਡੇਅਰੀ ਫਾਰਮਾਂ ਦੀ ਸਥਾਪਨਾ ਹੋਈ। ਇਹਨਾਂ ਵਿੱਚ ਗੁਜਰਾਤ ਦੀ "ਅਮੂਲ" (ਆਨੰਦ ਮਿਲਕ ਯੂਨੀਅਨ ਲਿਮਟਿਡ) ਦਾ ਬਹੁਤ ਵੱਡਾ ਯੋਗਦਾਨ ਹੈ। ਤਿੰਨ ਪੜਾਵਾਂ 'ਚ ਮੁਕੰਮਲ ਅਪ੍ਰੇਸ਼ਨ ਫਲੱਡ ਕਾਰਨ 1988-89ਦੀ ਸਥਾਪਨਾ ਹੋਈ।

ਅਪ੍ਰੇਸ਼ਨ ਫਲੱਡ ਕਾਰਨ ਸੰਨ 1989 ਤੱਕ ਦੇਸ਼ ਦੇ ਪੇਂਡੂ ਖੇਤਰਾਂ 'ਚ ਦੁੱਧ ਪਾਊਡਰ ਦੀ ਪੈਦਾਵਾਰ 1 ਲੱਖ 40 ਹਜ਼ਾਰ ਟਨ ਤੱਕ ਜਾ ਪਹੁੰਚੀ। ਪਰ ਇਹ ਵੀ ਸੱਚ ਹੈ ਕਿ ਅਪ੍ਰੇਸ਼ਨ ਫਲੱਡ ਨਾਲ ਭਾਰਤੀ ਕਿਸਾਨਾਂ ਦੀ ਮਾਨਸ਼ਿਕਤਾ 'ਚ ਭਾਰੀ ਬਦਲਾਅ ਆਇਆ ਅਤੇ ਦੁੱਧ ਇੱਕ ਅਸ਼ੁੱਧ ਵਪਾਰਕ ਵਸਤੂ ਬਣ ਕੇ ਰਹਿ ਗਿਆ। ਪਿੰਡਾਂ ਦੀ ਗਰੀਬ ਅਬਾਦੀ ਦੁੱਧ ਤੋਂ ਵੰਚਿਤ ਹੋਣ ਲੱਗੀ। ਅੱਜ ਸਥਿਤੀ ਇਹ ਹੈ ਕਿ ਪਿੰਡਾਂ ਦੀ ਗਰੀਬ ਆਬਾਦੀ ਦੀ ਪਹੁੰਚ ਤੋਂ ਦੁੱਧ ਦੂਰ ਜਾ ਚੁੱਕਿਆ ਹੈ। ਪਿਛਲੇ ਕੁਝ ਸਾਲਾਂ ਤੋਂ ਦੁਨੀਆਂ ਭਰ 'ਚ ਅਨਾਜ ਦੀ ਕਮੀ ਦੀ ਸਮੱਸਿਆ ਫਿਰ ਸਿਰ ਚੁੱਕਣ ਲੱਗੀ ਹੈ। ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ (IFRI) ਵੱਲੋਂ ਜਾਰੀ "ਭੁੱਖ ਸੂਚਨਾਂਕ" ਮੁਤਾਬਿਕ, ਦੇਸ਼ 'ਚ ਵਿਅਕਤੀ ਅਨਾਜ ਦੀ ਮਾਤਰਾ 355 ਕਿਲੋ ਸੀ ਜੋ ਸਾਲ 2000 'ਚ ਘਟ ਕੇ 341 ਕਿਲੋ ਰਹਿ ਗਈ ਅਤੇ ਇਸ ਵਿੱਚ ਲਗਾਤਾਰ ਕਮੀ ਹੋ ਰਹੀ ਹੈ। ਇਸ ਲਈ ਹੁਣ ਦੂਜੇ ਹਰੇ ਇਨਕਲਾਬ ਦੀ ਚਰਚਾ ਵੀ ਹੋਣ ਲੱਗੀ।

ਇੱਥੋਂ ਤੱਕ ਕਿ ਹੁਣ ਖੇਤੀ ਨੂੰ ਵੀ ਕਾਰਪੋਰੇਟ ਸੰਸਥਾਵਾਂ ਹਵਾਲੇ ਕਰਨ ਦੀਆਂ ਯੋਜਨਾਵਾਂ ਬਣ ਰਹੀਆਂ ਹਨ, ਪਰ ਪਹਿਲੇ ਹਰੇ ਇਨਕਲਾਬ ਦੇ ਜਨਕ ਖੇਤੀ ਮਾਹਰ ਆਪਣੇ ਹੱਥ ਖੜ੍ਹੇ ਕਰ ਚੁੱਕੇ ਹਨ। ਅਧਿਐਨਾਂ ਤੋਂ ਇਹ ਸਾਬਤ ਹੋ ਚੁੱਕਿਆ ਹੈ ਕਿ ਹਰੇ ਇਨਕਲਾਬ 'ਚ ਜਿੰਨਾਂ ਤਕਨੀਕਾਂ ਦੀ ਵਰਤੋਂ ਕੀਤੀ ਗਈ ਉਹ ਨਾ ਤਾਂ ਚਿਰ ਸਥਾਈ ਹਨ ਅਤੇ ਨਾ ਹੀ ਵਾਤਾਵਰਣ ਤੇ ਕੁਦਰਤ ਦੀ ਹਿਤੈਸ਼ੀ। ਮੌਜੂਦ ਸਥਿਤੀ ਸੰਤੋਸ਼ਜਨਕ ਨਹੀਂ ਹੈ। 1965 ਪਿੱਛੋਂ ਹਰੀ ਕ੍ਰਾਂਤੀ ਕਾਰਨ ਸਥਿਤੀ 'ਚ ਸੁਧਾਰ ਹੋਇਆ, ਪਰ ਪਿਛਲੇ 10-15 ਸਾਲਾਂ ਤੋਂ ਪੈਦਾਵਾਰ 'ਚ ਵਾਧਾ ਨਹੀਂ ਹੋ ਰਿਹਾ। ਪੰਜਾਬ ਹਰਿਆਣਾ ਤੇ ਪੱਛਮੀ ਉਤਰ ਪ੍ਰਦੇਸ਼ ਦੇਸ਼ ਦਾ ਅੰਨ ਭੰਡਾਰ ਹੈ। ਪਰ ਇੱਥੇ ਹੁਣ ਸਮੱਸਿਆਵਾਂ ਹਨ। ਹੜ੍ਹ, ਸੋਕਾ ਤੋਂ ਇਲਾਵਾ ਹੋਰ ਵੀ ਸਮੱਸਿਆਵਾਂ ਹਨ। ਤਕਨੀਕਾਂ ਦਾ ਮੁਲਅੰਕਣ ਬਹੁਤ ਜ਼ਰੂਰੀ ਹੈ। ਪੰਜਾਬ, ਹਰਿਆਣਾ ਆਦਿ 'ਚ ਜ਼ਮੀਨ ਦੀ ਪੈਦਾਵਾਰ ਸ਼ਕਤੀ ਦੀ ਬੇਹੱਦ ਲੁੱਟ ਕਾਰਨ ਅਸਥਾਈ ਵਾਧਾ ਹੀ ਹੋਇਆ। ਸਾਨੂੰ ਤਕਨੀਕੀ ਦੇ ਸਕਰਾਤਮਕ ਪ੍ਰਭਾਵਾਂ ਦੇ ਨਾਲ-ਨਾਲ ਨਕਰਾਤਮਕ ਪ੍ਰਭਾਵਾਂ ਨੂੰ ਵੀ ਜਾਨਣਾ ਚਾਹੀਦਾ ਹੈ। ਭਾਰਤ ਦੇਸ਼ 'ਚ ਜਿੱਥੇ 80 ਫੀਸਦੀ ਲੋਕਾਂ ਕੋਲ ਸਿਰਫ 20 ਫੀਸਦੀ ਜ਼ਮੀਨ ਹੈ। ਪੈਦਾਵਾਰ ਸਮੂਹ ਲੋਕਾਂ ਲਈ ਹੋਵੇ ਨਾ ਕਿ ਪੈਦਾਵਾਰ ਅਥਾਹ ਹੋਵੇ। ਹਰਾ ਤੇ ਚਿੱਟਾ ਇਨਕਲਾਬ ਫੇਲ੍ਹ ਇਸ ਲਈ ਹੋਇਆ ਕਿ ਇਸ 'ਚ ਮੁਨਾਫਾ ਪ੍ਰਧਾਨ ਰਿਹਾ ਤੇ ਲੋਕ ਪਛੜੇ ਦੇ ਪਛੜੇ ਹੀ ਰਹੇ।

-----✪✪-----

# ਪਛੜੇ ਤਾਂ ਫੇਰ ਵੀ ਪਛੜਦੇ ਹੀ ਗਏ

ਭਾਰਤੀ ਸੰਵਿਧਾਨ 'ਚ ਦਿੱਤੇ ਗਏ ਬਰਾਬਰੀ ਦੇ ਅਧਿਕਾਰਾਂ ਦਾ ਹੱਕਦਾਰ ਵੈਸੇ ਤਾਂ ਦੇਸ਼ ਦਾ ਹਰ ਨਾਗਰਿਕ ਹੈ, ਪਰ ਪਿਛੜਿਆਂ ਤੇ ਘੱਟ ਗਿਣਤੀਆਂ ਦੀ ਹਾਲਤ ਨਾਲ ਇਹੀ ਲੱਗਦਾ ਹੈ ਕਿ ਇਸ ਸ਼ਬਦ ਦੀ ਸਾਰਥਕਤਾ ਅਜੇ ਸਿੱਧ ਹੋਣੀ ਬਾਕੀ ਹੈ। ਜਾਤੀ ਅਧਾਰਤ ਰਾਖਵੇਂਕਰਨ ਦੇ ਵਿਰੋਧੀ ਸਮਾਜਿਕ, ਸਿਖਿਅਕ ਤੇ ਰਾਜਸੀ ਪਿਛੜੇਪਣ ਦੇ ਪ੍ਰਸੰਗ 'ਚ ਕਹਿੰਦੇ ਹਨ ਕਿ ਇਸ ਨਾਲ ਕਿਸੇ ਵਰਗ ਵਿਸ਼ੇਸ਼ ਦਾ ਉਭਰਨਾ ਸੰਭਵ ਨਹੀਂ ਪਰ ਪਿਛਲੇ ਅੱਠ ਸਾਲਾਂ ਤੋਂ ਮੱਧ ਤੇ ਉਚ ਵਰਗ ਦਾ ਉਭਾਰ ਜਿਸ ਰਫ਼ਤਾਰ ਨਾਲ ਹੋਇਆ ਹੈ, ਉਸ ਰਫ਼ਤਾਰ ਨਾਲ ਪਿਛੜਿਆਂ ਦੀ ਸਥਿਤੀ ਕਿਉਂ ਨਹੀਂ ਬਦਲੀ, ਇਸ ਦਾ ਜੁਆਬ ਕਿਸੇ ਕੋਲ ਨਹੀਂ ਹੈ। ਕਈ ਤਰ੍ਹਾਂ ਦੇ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਦਰਮਿਆਨ ਹੁਣ ਸੁਆਲ ਉਠ ਰਹੇ ਹਨ ਕਿ ਜਾਤੀ ਤੇ ਧਰਮ ਅਧਾਰਿਤ (ਸਿੱਖਿਆ ਅਤੇ ਰੁਜ਼ਗਾਰ) ਰਾਖਵੇਂਕਰਨ ਦੀ ਕੀ ਹੱਦ ਹੋਣੀ ਚਾਹੀਦੀ ਹੈ ਅਤੇ ਕੀ ਇਕ ਤਹਿ ਅਰਸੇ ਪਿੱਛੋਂ ਰਾਖਵਾਂਕਰਨ ਖਤਮ ਕਰ ਦੇਣਾ ਚਾਹੀਦਾ ਹੈ। ਇਸ ਦੇ ਪੱਖ ਤੇ ਵਿਰੋਧ 'ਚ ਕਈ ਦਲੀਲਾਂ ਹਨ, ਪਰ ਅਸਲ ਸੁਆਲ ਇਹ ਹੈ ਕਿ ਪਿਛਲੇ 19 ਸਾਲਾਂ 'ਚ ਰਾਖਵੇਂਕਰਨ ਦਾ ਸਹੀ ਲਾਭ ਕੀ ਪਛੜਿਆਂ ਨੂੰ ਮਿਲਿਆ ਹੈ। ਉਨੀਵੀਂ ਸਦੀ ਦੇ ਸ਼ੁਰੂਆਤ 'ਚ ਦਿਉਕਦ ਬ੍ਰਿਟਿਸ਼ ਪ੍ਰਸ਼ਾਸ਼ਕ ਮਾਂਨਸਟੂਅਰਟ ਅਲਫਾਈਸਟੋਨ ਨੇ ਲਿਖਿਆ ਸੀ ਕਿ ਭਾਰਤ ਦੇ ਪਿਛਲੇ ਮੁਸਲਮਾਨਾਂ ਦੀ ਦਸਾ ਸੁਧਾਰਨ ਲਈ ਵਿਸ਼ੇਸ਼ ਕਦਮ ਉਠਾਏ ਜਾਣੇ ਚਾਹੀਦੇ ਹਨ। ਇਸ ਅਧਿਐਨ ਦੇ ਆਧਾਰ 'ਤੇ ਬ੍ਰਿਟਿਸ਼ ਹਕੂਮਤ ਨੇ 1935 'ਚ ਕਾਨੂੰਨ ਲਾਗੂ ਕੀਤਾ ਜਿਸ ਤਹਿਤ ਹਿੰਦੂ ਦਲਿੱਤਾਂ ਲਈ ਵੀ ਰਾਖਵੇਂਕਰਨ ਦੀ ਵਿਵਸਥਾ ਸੀ। ਇਸ ਪਿੱਛੋਂ ਕਰੀਬ ਤੀਹ ਦਹਾਕੇ ਪਹਿਲਾਂ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਡਾ. ਗੋਪਾਲ ਸਿੰਘ ਦੀ ਅਗਵਾਈ 'ਚ ਦਸ ਮੈਂਬਰੀ ਸੰਮਤੀ ਬਣਾਈ ਜਿਸ ਨੇ ਘੱਟ ਗਿਣਤੀਆਂ, ਅਨੁਸੂਚਿਤ ਜਾਤੀ-ਜਨ ਜਾਤੀ ਅਤੇ ਸਮਾਜ ਦੇ ਹੋਰ ਵੰਚਿਤ ਤਬਕਿਆਂ ਦੀ ਸਥਿਤੀ ਦਾ ਅਧਿਐਨ ਕਰਨਾ ਸੀ। 14 ਜੂਨ 1983 ਨੂੰ ਡਾ. ਗੋਪਾਲ ਸਿੰਘ ਨੇ ਜੋ ਰਿਪੋਟ ਸੌਂਪੀ, ਉਸ 'ਚ ਸਾਫ਼ ਕਿਹਾ ਗਿਆ ਸੀ ਕਿ ਘੱਟ ਗਿਣਤੀਆਂ ਪ੍ਰਤੀ ਨਫ਼ਰਤ ਮੌਜੂਦ ਹੈ। ਘੱਟ ਗਿਣਤੀਆਂ ਨੂੰ ਮੁੱਖ ਧਾਰਾ 'ਚ ਸ਼ਾਮਿਲ ਕਰਨ ਲਈ ਇਸ ਦਾ ਖਾਤਮਾ ਜ਼ਰੂਰੀ ਹੈ। ਨਵੰਬਰ 2006 'ਚ ਬਹੁ ਚਰਚਿਤ ਸੱਚਰ ਕਮੇਟੀ ਨੇ ਜਦ ਆਪਣੀ ਰਿਪੋਟ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸੌਂਪੀ ਤਾਂ ਪਹਿਲਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਤੇ ਸਿਫਾਰਸ਼ਾਂ ਦਾ ਨਤੀਜਾ ਸਿਫਰ ਨਜ਼ਰ ਆਇਆ। ਦੂਜੇ ਪਾਸੇ ਵੀ ਪੀ ਸਿੰਘ ਦੇ ਕਾਰਜਕਾਲ ਦੀਆਂ ਕੋਸ਼ਿਸ਼ਾਂ ਦੇ ਨਤੀਜੇ 'ਚ ਨਰਸੀਮਾ ਰਾਓ ਸਰਕਾਰ ਵੱਲੋਂ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਅੰਸ਼ਕ ਰੂਪ ਨਾਲ ਲਾਗੂ ਕੀਤਾ ਗਿਆ। ਅੱਜ 19 ਸਾਲਾਂ ਪਿੱਛੋਂ ਸਰਕਾਰੀ ਨੌਕਰੀਆਂ 'ਚ ਪਿਛੜੀਆਂ ਦੀ ਕੁੱਲ ਗਿਣਤੀ 5 ਫੀਸਦੀ ਹੀ ਹੈ, ਜਦ ਕਿ ਦੇਸ਼ 'ਚ ਪਿਛੜਿਆਂ ਦੀ ਗਿਣਤੀ ਮੰਡਲ ਕਮਿਸ਼ਨ ਅਨੁਸਾਰ 52 ਫੀਸਦੀ ਨੈਸ਼ਨਲ ਫੈਮਲੀ ਹੈਲਥ ਸਰਵੇ ਅਨੁਸਾਰ 33 ਫੀਸਦੀ ਹੈ। ਮੰਡਲ ਕਮਿਸ਼ਨ ਨੇ ਪਿਛੜਿਆਂ ਲਈ ਸਰਕਾਰੀ ਨੌਕਰੀਆਂ 'ਚ 27 ਫੀਸਦੀ ਰਾਖਵਾਂਕਰਨ ਦੇਣ ਦੀ ਸਿਫਾਰਸ਼ ਕੀਤੀ ਗਈ ਸੀ, ਜਿਸ ਨੂੰ ਲਾਗੂ ਤਾਂ ਕੀਤਾ

ਗਿਆ ਪਰ ਕੌੜੀ ਸੱਚਾਈ ਇਹ ਹੈ ਕਿ ਅਜੇ ਕੇਂਦਰ ਦੀਆਂ 30 ਹਜ਼ਾਰ ਤੋਂ ਵੀ ਵੱਧ ਅਹੁਦੇ ਬੈਕਲਾਗ 'ਚ ਚੱਲ ਰਹੇ ਹਨ। ਸੱਚਰ ਕਮੇਟੀ ਨੇ ਜੋ ਖੁਲਾਸੇ ਕੀਤੇ ਉਹ ਮੁਸਲਮਾਨਾਂ ਦੀ ਹਾਲਤ ਦੱਸਣ ਲਈ ਕਾਫੀ ਹਨ। 6 ਤੋਂ 14 ਸਾਲਾਂ ਦੇ 25 ਫੀਸਦੀ ਬੱਚੇ ਜਾਂ ਤਾਂ ਸਕੂਲ ਜਾਂਦੇ ਹੀ ਨਹੀਂ ਜਾਂ ਫਿਰ ਗਰੀਬੀ ਕਾਰਨ ਪੜ੍ਹਾਈ ਵਿਚੇ ਛੱਡ ਜਾਂਦੇ ਹਨ। ਅਜਿਹੀ ਸਥਿਤੀ ਉਦੋਂ ਹੈ ਜਦ ਪ੍ਰਧਾਨ ਮੰਤਰੀ ਖੁਦ ਕਹਿੰਦੇ ਹਨ ਕਿ ਦੇਸ਼ ਦੇ ਸਾਧਨਾਂ 'ਤੇ ਪਹਿਲਾਂ ਹੱਕ ਮੁਸਲਮਾਨਾਂ ਦਾ ਹੈ। ਦੇਸ਼ 'ਚ ਪਿਛੜੀਆਂ ਜਾਤੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਹਨ, ਜਿਸ 'ਚ ਹਿੰਦੂਆਂ ਤੇ ਮੁਸਲਮਾਨਾਂ ਦੇ ਕਈ ਤਬਕਿਆਂ ਦੇ ਲੋਕ ਸ਼ਾਮਿਲ ਹਨ। ਇਕੱਲੇ ਹਿੰਦੂਆਂ 'ਚ ਪਿਛੜੀ ਜਾਤੀ ਦੇ ਤਹਿਤ 3743 ਸ਼੍ਰੇਣੀਆਂ ਹਨ, ਆਖਰ ਇੰਨੀਆਂ ਉਪਜਾਤੀਆਂ ਵਿੱਚ ਜ਼ਰੂਰਤ ਮੰਦਾਂ ਦੀ ਪਹਿਚਾਣ ਕਿਵੇਂ ਕੀਤੀ ਜਾਵੇ? ਵੱਖ-ਵੱਖ ਰਾਜਾਂ 'ਚ ਜਾਤੀ ਪ੍ਰਮਾਣ ਪੱਤਰ ਬਣਾਉਣ ਦੇ ਨਾਂ 'ਤੇ ਹੀ ਭੇਦ-ਭਾਵ ਦੀਆਂ ਸੂਚਨਾਵਾਂ ਆਮ ਹੋ ਚੁੱਕੀਆਂ ਹਨ। ਮਸਲਨ ਝਾਰਖੰਡ ਵਿੱਚ ਸੀ. ਓ. ਅਤੇ ਡੀ. ਸੀ. ਦੇ ਰਾਹੀਂ ਜਾਤੀ ਪ੍ਰਮਾਣ ਪੱਤਰ ਬਣਾਉਣ ਦੀ ਵਿਵਸਥਾ ਹੈ। ਇਹਨਾਂ ਅਧਿਕਾਰੀਆਂ ਦੇ ਇੱਥੇ ਪ੍ਰਮਾਣ ਪੱਤਰ ਬਣਾਉਣ ਦਾ ਅਮਲ ਏਨਾ ਜਟਿਲ ਕਰ ਦਿੱਤਾ ਗਿਆ ਹੈ ਕਿ ਸਮੇਂ 'ਤੇ ਕਿਸੇ ਦਾ ਪ੍ਰਮਾਣ ਪੱਤਰ ਬਣ ਹੀ ਨਹੀਂ ਸਕਦਾ।

ਲੋਕਾਂ ਤੋਂ ਪਿਛੜੀ ਜਾਤੀ ਦੇ ਸਬੂਤ ਵਜੋਂ ਖਾਤਾ ਮੰਗਿਆ ਜਾਂਦਾ ਹੈ, ਜਿਸ ਦਾ ਆਖਰੀ ਸਰਵੇ 1932 'ਚ ਹੋਇਆ ਸੀ। ਜਿਸ ਕੋਲ ਖਾਤਾ ਨਹੀਂ ਹੈ, ਉਸ ਨੂੰ ਪਿਛੜੀ ਜਾਤੀ ਦਾ ਮੰਨਿਆ ਹੀ ਨਹੀਂ ਜਾਂਦਾ। ਇਹ ਤਦ ਹੈ ਕਿ ਹਾਈਕੋਰਟ ਨੇ ਸਪੱਸ਼ਟ ਆਦੇਸ਼ ਦਿੱਤਾ ਹੈ ਕਿ ਜੇ ਰਾਸ਼ਨ ਕਾਰਡ ਵਿੱਚ ਕਿਸੇ ਦਾ ਉਪ ਨਾਮ ਪਿਛੜੀ ਜਾਤੀ ਨਾਲ ਮੇਲ ਖਾਏ ਤਾਂ ਸਬੰਧਤ ਬੰਦੇ ਨੂੰ ਪ੍ਰਮਾਣ ਪੱਤਰ ਮੁਹੱਈਆ ਕਰਵਾਉਣਾ ਹੋਵੇਗਾ। ਇਸ ਤੋਂ ਇਲਾਵਾ ਕਿਸੇ ਪ੍ਰਕਾਰ ਦੇ ਸਰਕਾਰੀ ਸਬੂਤ ਦੇ ਨਾ ਰਹਿਣ 'ਤੇ ਵਿਅਕਤੀ ਵਿਸ਼ੇਸ਼ ਵੱਲੋਂ ਹਲਫੀਆ ਬਿਆਨ ਦੇ ਦੇਣ ਨਾਲ ਹੀ ਸਬੰਧਿਤ ਅਧਿਕਾਰੀ ਨੂੰ ਪ੍ਰਮਾਣ ਪੱਤਰ ਦੇਣਾ ਹੋਵੇਗਾ। ਪਰ ਅਜਿਹਾ ਹੁੰਦਾ ਨਹੀਂ, ਇਸ ਦਾ ਸਿੱਟਾ ਇਹ ਹੈ ਕਿ ਕਈ ਕਾਨੂੰਨੀ ਅੜਚਨਾ ਦਾ ਹਵਾਲਾ ਦੇ ਕੇ ਇੱਕ ਸਾਜਿਸ਼ ਤਹਿਤ ਪਿਛੜਿਆ ਨੂੰ ਸਰਟੀਫਿਕੇਟ (ਪ੍ਰਮਾਣ ਪੱਤਰ) ਹੀ ਨਹੀਂ ਦਿੱਤਾ ਜਾਂਦਾ। ਸੁਆਲ ਇਹ ਹੈ ਕਿ ਕਿਸੇ ਜਾਤੀ ਜਾਂ ਉਪਜਾਤੀ 'ਚ ਜੋ ਲੋਕ ਰਾਖਵੇਂਕਰਨ ਦਾ ਲਾਭ ਲੈਣ ਦੇ ਯੋਗ ਹਨ, ਉਹਨਾਂ ਨੂੰ ਪਹਿਚਾਣਿਆਂ ਕਿਵੇਂ ਜਾਵੇ? ਇਸ ਮੁੱਦੇ 'ਤੇ ਮੰਡਲ ਕਮਿਸ਼ਨ ਦੇ ਇੱਕੋ ਇੱਕ ਦਲਿੱਤ ਮੈਂਬਰ ਐਲ. ਆਰ. ਨਾਇਕ ਨੇ ਆਯੋਗ ਵੱਲੋਂ ਨਿਰਧਾਰਿਤ ਪਿਛਲੇ ਵਰਗ ਨੂੰ ਵੀ ਦੋ ਵਰਗਾਂ 'ਚ ਵੰਡਣ ਦੀ ਮੰਗ ਕੀਤੀ ਗਈ ਸੀ: ਇੱਕ ਪਿਛੜਿਆ ਵਰਗ ਤੇ ਦੂਜਾ ਅਧੁਨੀਕੀਕਰਣ ਕਰਕੇ ਆਪਣੇ ਪੇਸ਼ੇ ਤੋਂ ਬੇਮੁੱਖ ਹੋ ਚੁੱਕਿਆ ਅਤੇ ਰਵਾਇਤੀ ਰੁਜ਼ਗਾਰ ਖੋਹ ਚੁਕਿਆ ਬੇਹੱਦ ਪਛੜਾ ਵਰਗ। ਨਾਇਕ ਦਾ ਕਹਿਣਾ ਸੀ ਕਿ ਪਿਛੜੀਆਂ ਜਾਤੀਆਂ 'ਚ ਜੋ ਵਰਗ ਅਗੜੀ ਹੈ (ਯਾਦਵ, ਕੁਰਮੀ, ਜਾਟ ਆਦਿ) ਉਹਨਾਂ ਦੀ ਸਥਿਤੀ ਮੁਕਾਬਲਤਣ ਠੀਕ ਹੈ। ਜਦ ਕਿ ਬੇਹੱਦ ਪਿਛੜਿਆ ਵਰਗ ਪੂਰੀ ਤਰ੍ਹਾਂ ਨਾਲ ਆਰਥਿਕ ਤੌਰ 'ਤੇ ਟੁੱਟਿਆ ਹੋਇਆ ਹੈ। ਅਜਿਹੀ ਹਾਲਤ 'ਚ ਰਾਖਵੇਂਕਰਨ ਦਾ ਪੂਰਾ ਫਾਇਦਾ ਪਛੜਿਆਂ 'ਚ ਅਜਿਹੇ ਖਾਂਦੇ-ਪੀਂਦੇ ਲੋਕ ਉਠਾ ਰਹੇ ਹਨ, ਜੋ ਨਾਂ ਦੇ ਹੀ ਪਿਛੜੇ ਹਨ। ਇਹੀ ਕਾਰਨ ਹੈ ਕਿ ਉਹ ਪਿਛੜਿਆਂ ਲਈ ਰਾਖਵੇਂਕਰਨ ਦੀ ਤਾਲਿਕਾ

’ਚ ਦੋ ਤਰ੍ਹਾਂ ਦੀ ਵਿਵਸਥਾ ਚਾਹੁੰਦੇ ਸਨ। ਇਹਨਾਂ ਨੂੰ ਮੰਡਲ ਕਮਿਸ਼ਨ ਦੀ ਸਿਫਾਰਸ਼ ’ਚ ਥਾਂ ਨਹੀਂ ਮਿਲੀ। ਨਾਇਕ ਨੇ ਇਹ ਗੱਲ ਉਦੋਂ ਕਹੀ ਸੀ ਜਦ ਦੇਸ਼ ਨੇ ਮੁਲਾਇਮ ਸਿੰਘ ਯਾਦਵ, ਲਾਲੂ ਯਾਦਵ, ਨਤੀਸ਼ ਕੁਮਾਰ ਵਰਗੇ ਪਿਛੜਿਆਂ ਨੂੰ ਨਹੀਂ ਵੇਖਿਆ ਸੀ। ਅੱਜ ਬਹੁਤੇ ਰਾਜਾਂ ’ਚ ਉਚ ਵਰਗ ਦੀ ਪਛੜਿਆਂ ਨੂੰ ਨਹੀਂ ਵੇਖਿਆ ਸੀ। ਅੱਜ ਬਹੁਤੇ ਰਾਜਾਂ ਵਿੱਚ ਉੱਚ ਵਰਗ ਦੀ ਪਛੜੀਆਂ ਜਾਤੀਆਂ ਦੇ ਨੇਤਾ ਹਾਕਮ ਹਨ ਪਰ ਉਨ੍ਹਾਂ ਰਾਜਾਂ ’ਚ ਵੀ ਨਿਮਨ ਵਰਗੀ ਪਛੜੀਆਂ ਜਾਤੀਆਂ ਤੋਂ ਆਉਣ ਵਾਲੇ ਲੋਕਾਂ ਦੀ ਸਥਿਤੀ ਤਰਸਯੋਗ ਹੈ। ਅਸਲ ’ਚ ਇਹੀ ਆਪਾ ਵਿਰੋਧ ਦੇਸ਼ ’ਚ ਪਛੜੀਆਂ ਜਾਤੀਆਂ ਦੇ ਵਿਕਾਸ ’ਚ ਅੜਿੱਕਾ ਹੈ। ਦੂਜੇ ਪਾਸੇ ਵੱਖ-ਵੱਖ ਮੌਕਿਆਂ ’ਤੇ ਸੁਪਰੀਮ ਕੋਰਟ ਨੇ ਕ੍ਰੀਮੀਲੇਅਰ ਜਾਂ ਮਲਾਈਦਾਰ ਤਬਕਿਆਂ ਦੀ ਪਹਿਚਾਣ ਦਾ ਜੋ ਨਿਰਦੇਸ਼ ਦਿੱਤਾ ਹੈ। ਉਹ ਵੀ ਹੌਲੀ-ਹੌਲੀ ਆਪਣੀ ਪ੍ਰਸੰਗਿਕਤਾ ਖੋਂਹਦਾ ਜਾ ਰਿਹਾ ਹੈ। ਸਭ ਤੋਂ ਜ਼ਰੂਰੀ ਤਾਂ ਇਹ ਹੈ ਕਿ ਕ੍ਰੀਮੀ ਲੇਅਰ ਸਬੰਧੀ ਭਰਮ ਪੂਰੀ ਤਰ੍ਹਾਂ ਦੂਰ ਹੋਵੇ। ਆਖਰਕਾਰ ਕਿਸ ਆਮਦਨ ਵਰਗ ਨੂੰ ਕ੍ਰੀਮੀ ਲੇਅਰ ਦੇ ਦਾਇਰੇ ’ਚ ਲਿਆਂਦਾ ਜਾਵੇ ਜਾਂ ਕਿਸ ਨੂੰ ਬਾਹਰ ਰੱਖਿਆ ਜਾਵੇ। ਇਹ ਤਹਿ ਕਰਨ ਦੀ ਲੋੜ ਹੈ। ਜੋ ਲੋਕ ਸਾਲ 1993 ’ਚ ਸਲਾਨਾ ਸਾਢੇ ਚਾਰ ਲੱਖ ਰੁਪਏ ਤੋਂ ਵੱਧ ਕਮਾਉਂਦੇ ਸਨ, ਉਹਨਾਂ ਨੂੰ ਮਲਾਈਦਾਰ ਤਬਕੇ ’ਚ ਰੱਖਿਆ ਗਿਆ ਸੀ। ਇਹ ਪੈਮਾਨਾ ਅੱਜ ਵੀ ਹੈ। ਬੇਤਹਾਸ਼ਾ ਮਹਿੰਗਾਈ ਵਧਣ ਦੇ ਬਾਵਜੂਦ ਕ੍ਰੀਮੀ ਲੇਅਰ ਦੀ ਆਮਦਨ ’ਚ ਵਾਧੇ ਦੀ ਕਿਸੇ ਸਰਕਾਰ ਨੇ ਕਲਪਨਾ ਵੀ ਨਹੀਂ ਕੀਤੀ ਸੀ। ਇਹ ਉਸ ਸਮੇਂ ਹੋਇਆ ਜਦ ਮਨਮੋਹਨ ਸਿੰਘ ਆਰਥਕ ਉਦਾਰੀਕਰਣ ਦੀਆਂ ਨੀਤੀਆਂ ਬਤੌਰ ਵਿਤ ਮੰਤਰੀ ਸੰਸਦ ਨੂੰ ਸਮਝਾ ਰਹੇ ਸਨ। ਤਦ ਵਿਕਾਸ ਦੀ ਦਰ ਚਾਰ ਫੀਸਦੀ ਤੋਂ ਵੱਧ ਨਹੀਂ ਵਧ ਰਹੀ ਸੀ। ਅੱਜ ਪ੍ਰਧਾਨ ਮੰਤਰੀ ਮੋਹਨ ਸਿੰਘ ਨੇ ਭਲੇ ਹੀ ਆਰਥਕ ਵਿਕਾਸ ਦੀ ਦਰ 9 ਫੀਸਦੀ ਕਰਨ ਦਾ ਟੀਚਾ ਤਹਿ ਕਰ ਲਿਆ ਹੋਵੇ ਪਰ ਕ੍ਰੀਮੀ ਲੇਅਰ ਦੀ ਸੀਮਾ ਅੱਜ ਵੀ ਉਹੀ ਹੈ। ਇਸ ਵਿਡੰਬਨਾ ਵਿਚਕਾਰ ਸੁਆਲ ਪੈਦਾ ਹੁੰਦਾ ਹੈ, ਕਿ ਜੇ ਰਾਖਵੇਂਕਰਨ ਰਾਹੀਂ ਪਿਛਲੇ ਵਿਦਿਆਰਥੀਆਂ ਦਾ ਨਾਮਾਂਕਨ ਆਈ ਆਈ ਐਮ ਜਾਂ ਏਮਜ਼ ਵਗੈਰਾ ਵਿੱਚ ਹੀ ਜਾਂਦਾ ਹੈ, ਤਾਂ ਕੀ 1993 ’ਚ ਨਿਰਧਾਰਿਤ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਜਿਉਣ ਵਾਲੇ ਪੜ੍ਹਾਈ ਦੇ ਖਰਚੇ ਦਾ ਬੋਝ ਝੱਲ ਸਕਣਗੇ?

ਸੰਵਿਧਾਨ ਨੇ ਭਾਵੇਂ ਹੀ ਪਿਛੜਿਆਂ ਨੂੰ ਅਧਿਕਾਰ ਦੇ ਦਿੱਤਾ ਹੋਵੇ ਪਰ ਸੰਵਿਧਾਨ ਦੇ ਪਾਲਣਹਾਰਿਆਂ ਦਾ ਰਵੱਈਆ ਪਿਛੜਿਆਂ ਦੇ ਅਸਲੀ ਉਭਾਰ ’ਚ ਦਿਲਚਸਪੀ ਲੈਣ ਵਾਲਾ ਨਹੀਂ ਰਿਹਾ ਹੈ। ਭਾਰਤ ’ਚ ਲੋਕਤੰਤਰ ਦੇ ਨਾਂ ’ਤੇ ਜੋ ਨਾਟਕ ਹੋ ਰਿਹਾ ਹੈ, ਉਹ ਅਸਲ ਲੋਕਤੰਤਰ ਹੈ ਹੀ ਨਹੀਂ। ਇਥੇ ਇੱਕ ਤਰ੍ਹਾਂ ਨਾਲ ਸਵੈ-ਇੱਛਾਚਾਰੀ ਪ੍ਰਬੰਧ ਚੱਲ ਰਿਹਾ ਹੈ। ਜਿਸ ’ਚ ਪੂੰਜੀਵਾਦ ਤੇ ਬ੍ਰਾਹਮਣਵਾਦ ਦਾ ਦਾਬਾ ਸਪੱਸ਼ਟ ਦਿਸਦਾ ਹੈ, ਅਸਲ ’ਚ ਪੂੰਜੀਵਾਦ ਦਾ ਪੋਸ਼ਣ ਕੋਈ ਹੋਰ ਨਹੀਂ ਬਲ ਕਿ ਬ੍ਰਹਮਣਵਾਦ ਹੀ ਕਰ ਰਿਹਾ ਹੈ, ਕਿਉਂਕਿ ਜਦ ਤੱਕ ਪੂੰਜੀ ਰਹੇਗੀ। ਬ੍ਰਾਹਮਣਵਾਦੀ ਵਿਵਸਥਾ ਵਧੇ ਫੁੱਲੇਗੀ। ਜੇ ਕਿਤੇ ਲੋਕਤੰਤਰ ਹੁੰਦਾ ਤਾਂ ਸੋਸ਼ਣ ਦਾ ਹਥਿਆਰ ਬਣਾ ਕੇ ਮਜ਼ਬੂਤ ਹੋ ਚੁੱਕੇ ‘ਸਭ ਤੋਂ ਉਪਰਲੇ ਪੱਧਰ ਦੇ ਲੋਕਾਂ ਦੀ ਰਾਖੀ ਦੇ ਨਾਂ ’ਤੇ ਹੇਠਲੇ ਤਬਕੇ ਦੀ ਲੁਟ ਨਾ ਹੋ ਰਹੀ ਹੁੰਦੀ। ਪਛੜਿਆ ਦੀ ਸਥਿਤੀ ਜੋ ਥੋੜੀ ਬਹੁਤੀ ਸੁਧਰੀ ਹੈ ਤਾਂ ਉਸ ਦੀ ਵਜ੍ਹਾ ਹੈ। ਰਾਖਵੇਂਕਰਨ ਦੀ ਵਿਵਸਥਾ। 85 ਫੀਸਦੀ ਮੁਸਲਮਾਨ

ਗਰੀਬ ਹਨ। ਦਲਿੱਤਾਂ ਤੇ ਮੁਸਲਮਾਨਾਂ ਨੂੰ ਇਕ ਕਰ ਦੇਈਏ ਤਾਂ 90 ਫੀਸਦੀ ਆਬਾਦੀ ਵਾਂਝਿਆਂ ਦੀ ਹੈ। ਜੋ ਲੁਟੇਰੀ ਜਮਾਤ ਹੈ, ਉਹ ਜਾਣਦੀ ਹੈ ਕਿ ਰਾਖਵਾਂਕਰਨ ਖਤਮ ਕਰ ਦੇਣ ਨਾਲ ਉਹਨਾਂ ਦਾ ਦਾਬਾ ਕਾਇਮ ਰਹੇਗਾ। ਅਸਲ 'ਚ ਗੁਲਾਮੀ ਬਰਕਰਾਰ ਰੱਖਣ ਲਈ ਹੀ ਇੱਕ ਸਾਜਿਸ਼ ਤਹਿਤ ਰਾਖਵੇਂਕਰਨ ਦਾ ਵਿਰੋਧ ਹੁੰਦਾ ਹੈ। ਸਿੱਖਿਆ ਅਦਾਰਿਆਂ 'ਚ ਤਾਂ ਇਸ ਸਾਜਿਸ਼ ਨੂੰ ਵਿਧਾਨਿਕ ਕਰਾਰ ਦਿੱਤਾ ਜਾ ਰਿਹਾ ਹੈ। ਮੇਘਾ ਸੂਚੀ 'ਚ ਨਾ ਆਉਣ ਦੇ ਬਾਵਜੂਦ ਰਾਖ਼ਵਾਂ ਵਰਗ ਦੇ ਵਿਦਿਆਰਥੀਆਂ ਨੂੰ ਰਾਖਵੇਂਕਰਨ ਦੇ ਦਾਇਰੇ 'ਚ ਲਿਆ ਕੇ ਪਾ ਦਿੱਤਾ ਜਾਂਦਾ ਹੈ। ਸਰਕਾਰ ਨੇ ਨਿਯੁਕਤੀਆਂ 'ਚ ਬੈਕਲਾਗ 1952 ਤੋਂ ਭਰਿਆ ਨਹੀਂ ਹੈ। ਨਾ ਸਿਰਫ ਜਾਤੀ ਬਲਕਿ ਫਿਰਕੇ ਦੇ ਆਧਾਰ 'ਤੇ ਰਾਖਵੇਂਕਰਨ ਦੀ ਲੋੜ ਹੈ। ਕੁਝ ਲੋਕ ਆਰਥਿਕ ਅਧਾਰ ਦਾ ਨਾਹਰਾ ਮਾਰਦੇ ਹਨ। ਪਰ ਆਰਥਿਕ ਆਧਾਰ ਵੀ ਬੰਦੇ ਦੀ ਜਾਤੀ ਨਾਲ ਜੁੜਿਆ ਹੈ। ਜਾਤੀਗੜ ਪਛੜਿਆਪਣ ਸ਼ਰੀਰਕ ਨਾਲੋਂ ਵੱਧ ਮਾਨਸਿਕ ਵਿਕਾਰ ਲਿਆਉਂਦਾ ਹੈ। ਸੱਤਾ ਸਿੱਖਿਆ ਤੇ ਅਦਾਰੇ ਜਦ ਬ੍ਰਾਹਮਣ, ਖੱਤਰੀਆਂ ਦੇ ਹੱਥਾਂ 'ਚ ਰਹਿਣਗੇ ਤਾਂ ਸੁਭਾਵਿਕ ਤੌਰ 'ਤੇ ਗੁਲਾਮਾਂ ਦੀ ਜਾਤੀ ਜੋ ਕਿ 85 ਫੀਸਦੀ ਹੈ, ਗਰੀਬ ਹੀ ਨਿਕਲੇਗੀ। ਜਾਤੀ ਅਧਾਰਤ ਰਾਖਵਾਂਕਰਨ ਸਮੇਂ ਦੀ ਮੰਗ ਹੈ। ਭਾਰਤ 'ਚ ਲੜਾਈ ਪਛੜਿਆਂ ਦੀ ਮੁੱਖ ਲੜਾਈ ਇੱਜ਼ਤ, ਸਾਧਨ ਤੇ ਸੱਤਾ ਦੀ ਹੈ। ਅਸਲ 'ਚ ਭਾਰਤ 'ਚ ਸਨਮਾਨ ਦੀ ਲੜਾਈ ਨੂੰ ਜਮਾਤੀ ਸੰਘਰਸ਼ ਵਜੋਂ ਲੜਨਾ ਹੀ ਠੀਕ ਹੈ।

-----✪✪-----

# ਅਜੇ ਵੀ ਦੋਮ ਦਰਜੇ ’ਤੇ ਹੈ ਔਰਤ

ਰੁਚਿਕਾ ਯੌਨ ਅੱਤਿਆਚਾਰ ਮਾਮਲੇ ਨੂੰ ਮੀਡੀਆ ’ਚ ਉਜਾਗਰ ਹੋਣ ਪਿੱਛੋਂ ਭਲੇ ਹੀ ਸਚਾਈ ਸਾਹਮਣੇ ਆਈ ਹੋਵੇ ਅਤੇ ਨਿਆਂ ਦੀ ਆਸ ਜਾਗੀ ਹੋਵੇ, ਪਰ ਦੇਸ਼ ’ਚ ਔਰਤਾਂ ਪ੍ਰਤੀ ਹਿੰਸਾ ਨੂੰ ਮੁਕਾਬਲਤਨ ਕਮੀ ਨਹੀਂ ਹੋ ਰਹੀ ਹੈ। ਜ਼ਿਆਦਾਤਰ ਅੱਤਿਆਚਾਰ ਦਾ ਸ਼ਿਕਾਰ ਔਰਤਾਂ ਨੂੰ ਨਿਆਂ ਹਾਸਿਲ ਕਰਨ ’ਚ ਅਨੇਕ ਸਾਲ ਲੱਗ ਜਾਂਦੇ ਹਨ। ਔਰਤ ਸੁਰੱਖਿਆ ਕਾਨੂੰਨ ਜ਼ਰੂਰ ਹੈ ਪਰ ਤਦ ਵੀ ਔਰਤਾਂ ਪ੍ਰਤੀ ਹੋਣ ਵਾਲੇ ਅਪਰਾਧਾਂ ’ਚ ਕਮੀ ਨਹੀਂ ਆ ਰਹੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ ਦੇ ਅੰਕੜਿਆਂ ਅਨੁਸਾਰ ਦੇਸ਼ ’ਚ ਸਭ ਤੋਂ ਤੇਜ਼ੀ ਨਾਲ ਵਧਦੇ ਅਪਰਾਧਾਂ ’ਚ ਸਤ ਅਪਰਾਧ ਔਰਤਾਂ ਨਾਲ ਜੁੜੇ ਹਨ। ਇਹਨਾਂ ਨਾਲ ਸਬੰਧਤ ਅਪਰਾਧਾਂ ਵਿੱਚ ਸਾਲ 2008 ਦੀ ਤੁਲਨਾ ’ਚ 2009 ’ਚ ਪੰਜ ਫੀਸਦੀ ਇਜਾਫਾ ਹੋਇਆ ਹੈ। ਦਹੇਜ ਹੱਤਿਆ ਵਿੱਚ 15 ਫੀਸਦੀ, ਪਤੀ ਤੇ ਰਿਸ਼ਤੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਅੱਤਿਆਚਾਰਾਂ ਵਿੱਚ 14, ਅਗਵਾ ’ਚ 13, ਬਲਾਤਕਾਰ ਅਤੇ ਛੇੜਛਾੜ ’ਚ 7 ਫੀਸਦੀ ਦੀ ਦਰ ਨਾਲ ਵਾਧਾ ਹੋ ਰਿਹਾ ਹੈ। ਦੂਜੇ ਪਾਸੇ ਪਿਛਲੇ ਸਾਲ ਦਰਜ ਕੀਤੇ ਗਏ ਔਸਤ ਦਸ ਯੌਨ ਅੱਤਿਆਚਾਰ ਕੇਸਾਂ ’ਚ ਸਿਰਫ ਇੱਕ ਦੀ ਹੀ ਜਾਂਚ ਸ਼ੁਰੂ ਹੋ ਸਕੀ ਹੈ। ਇਹ ਸਥਿਤੀ ਨਾਰੀ ਮਜ਼ਬੂਤੀ ਦੀਆਂ ਸਮੁੱਚੀਆਂ ਕੋਸ਼ਿਸ਼ਾਂ ’ਤੇ ਪ੍ਰਸ਼ਨ ਚਿੰਨ੍ਹ ਲਾਉਂਦੀ ਹੈ। ਔਰਤਾਂ ਦੀ ਸੁਰੱਖਿਆ ਸੁਨਿਸ਼ਚਤ ਕਰਨ ਲਈ ਪਿੱਛੇ ਜਿਹੇ ਹੀ ਸੀ ਆਰ ਪੀ ਸੀ ਐਕਟ 1973 ਦੀ ਧਾਰਾ 157 ’ਚ ਸੋਧ ਕਰਕੇ ਬਲਾਤਕਾਰ ਤੇ ਔਰਤ ਅਪਰਾਧ ਦੇ ਕੇਸਾਂ ’ਚ ਔਰਤ ਜੱਜ ਦਾ ਹੋਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਅਜਿਹੇ ਕਾਨੂੰਨ ਨਿਰਸੰਦੇਹ ਔਰਤਾਂ ਦੀ ਰਾਖੀ ਲਈ ਕਾਫੀ ਮਹੱਤਵਪੂਰਨ ਹਨ ਪਰ ਜਦ ਤੱਕ ਸਮੱਸਿਆ ਨੂੰ ਜੜ੍ਹ ਤੋਂ ਖਤਮ ਨਾ ਕੀਤਾ ਜਾਵੇ, ਹੱਲ ਅਸੰਭਵ ਹੈ। ਗੱਲ ਸਿਰਫ ਔਰਤਾਂ ਨਾਲ ਵਧਦੇ ਅਪਰਾਧ ਤੇ ਨਿਆਂ ਮਿਲਣ ਤੱਕ ਹੀ ਸੀਮਤ ਨਹੀਂ ਬਲਕਿ ਔਰਤਾਂ ਨੂੰ ਅਧਿਕਾਰ ਦਿਵਾਉਣ ਵਾਲੇ ਕਾਨੂੰਨ ਵੀ ਸਥਾਪਿਤ ਸਮਾਜਿਕ ਮਾਪਦੰਡਾਂ ਦੇ ਅੱਗੇ ਬੌਂਣੇ ਸਾਬਤ ਹੋ ਰਹੇ ਹਨ। ਸੰਨ 2005 ’ਚ ਸੰਸਦ ਨੇ ਸੰਪਤੀ ਅਧਿਕਾਰ ਕਾਨੂੰਨ ਦੀ ਧਾਰਾ 6 ’ਚ ਸੋਧ ਕਰਕੇ ਪਿਤਾ ਦੀ ਜਾਇਦਾਦ ’ਚ ਪੁੱਤਰੀ ਨੂੰ ਪੁੱਤਰ ਦੇ ਬਰਾਬਰ ਹੀ ਅਧਿਕਾਰ ਦੇ ਦਿੱਤਾ ਪਰ ਸਥਿਤੀ ਤਦ ਵੀ ਨਹੀਂ ਬਦਲੀ। ਪਿਤਾ ਦੀ ਸੰਪੱਤੀ ਦਾ ਹੱਕ ਅਸਲ ’ਚ ਨਹੀਂ, ਨਾਲ ਹੀ ਪਤੀ ਦੀ ਸੰਪੱਤੀ ’ਚ ਪਤਨੀ ਨੂੰ ਕੋਈ ਵੀ ਕਾਨੂੰਨੀ ਹੱਕ ਸਿਰਫ਼ ਵਿਧਵਾ ਹੋਣ ’ਤੇ ਹੀ ਮਿਲਦਾ ਹੈ ਹਾਂ ਜੇ ਵਿਆਹ ਟੁੱਟਣ ਦੀ ਸਥਿਤੀ ਆਉਂਦੀ ਹੈ ਤਾਂ ਪਤੀ ਤੋਂ ਗੁਜ਼ਾਰੇ ਦਾ ਹੱਕ ਉਸ ਨੂੰ ਮਿਲਣਾ ਹੁੰਦਾ ਹੈ।

ਔਰਤਾਂ ਪ੍ਰਤੀ ਵਧਦੇ ਅਪਰਾਧ ਸਬੰਧੀ ਪਿੱਛੇ ਜਿਹੇ ਹੀ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ’ਚ ਲਿੰਗ ਅਧਾਰਤ ਹਿੰਸਾ ਦੇ ਕਾਰਣਾਂ ’ਤੇ ਚਰਚਾ ਕੀਤੀ ਗਈ। ਇਸ ’ਚ ਸ਼ਾਮਿਲ ਵਰਕਰ ਇੰਟਰਨੈਸ਼ਨਲ ਸੈਂਟਰ ਫਰ ਰਿਸਰਚ ਆਨ ਵੂਮੈਨ ਦੇ ਮੈਂਬਰ ਵਰਕਰ ਗੈਰੀ ਕਹਿੰਦੇ ਹਨ ਕਿ ਪਿਤਰਸਤਾਤਮਕ ਵਿਵਸਥਾ ਔਰਤਾਂ ਨੂੰ ਕੰਮਜ਼ੋਰ ਬਣਾ ਕੇ ਰੱਖਦੀ ਹੈ। ਇਸੇ ਮਾਨਸ਼ਿਕਤਾ ਨਾਲ ਗ੍ਰਸਿਤ ਮਰਦ ਅੱਜ ਵੀ ਔਰਤਾਂ ਨੂੰ ਆਪਣੇ ਬਰਾਬਰ ਬਣਾਉਣ ਦਾ ਇਨਕਾਰ ਕਰਦਾ ਹੈ। ਆਜ਼ਾਦੀ ਦੇ ਨਾਂ ’ਤੇ ਬਾਜ਼ਾਰ ’ਚ

ਲੜਕੀਆਂ ਦੀ ਮਨਚਾਹੀ ਵਰਤੋਂ ਹੋ ਰਹੀ ਹੈ। ਨਾਰੀ ਦੇਹ ਨੂੰ ਵਿਕਣਯੋਗ ਵਸਤੂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਅਜਿਹੇ 'ਚ ਮਹੱਤਵਪੂਰਨ ਹੋ ਜਾਂਦਾ ਹੈ ਕਿ ਪੂਰੇ ਪ੍ਰਬੰਦ 'ਚ ਬਦਲਾਅ ਕੀਤੇ ਜਾਣ। ਭਾਰਤ 'ਚ ਪਿਛਲੇ 12 ਸਾਲਾਂ ਤੋਂ ਬਹਿਸ ਦਾ ਮੁੱਦਾ ਬਣਿਆ ਔਰਤ ਰਾਖਵਾਂਕਰਨ ਬਿੱਲ ਇਸ ਦਾ ਸਬੂਤ ਹੈ ਕਿ ਸਥਿਤੀ ਹੁਣ ਵੀ ਨਹੀਂ ਬਦਲੀ ਹੈ। ਜ਼ੋਰਦਾਰ ਵਿਰੋਧ ਕਾਰਨ ਇਹ ਹੁਣ ਤੱਕ ਸੰਸਦ ਦੇ ਗਲਿਆਰਿਆਂ 'ਚ ਹੀ ਚੱਕਰ ਲਾ ਰਿਹਾ ਹੈ। ਪਿਛਲੇ ਦਿਨੀਂ ਰਾਜ ਸਭਾ 'ਚ ਸੰਸਦ ਤੇ ਵਿਧਾਨ ਸਭਾਵਾਂ 'ਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਨੂੰ ਤੁਰੰਤ ਲਾਗੂ ਕਰਨ ਲਈ ਆਮ ਸਹਿਮਤੀ ਬਣਾਉਣ ਸਬੰਧੀ ਚਰਚਾ ਹੋਈ ਅਤੇ ਅਗਲੇ ਸੈਸ਼ਨ 'ਚ ਪਾਸ ਕਰਨ ਦੀ ਗੱਲ ਵੀ ਕੀਤੀ ਗਈ। ਇਸ ਦਾ ਸਭ ਤੋਂ ਮੁੱਖ ਵਿਰੋਧ ਸਮਾਜਵਾਦੀ ਪਾਰਟੀ, ਜਨਤਾ ਦਲ (ਯੂ) ਅਤੇ ਰਾਸ਼ਟਰੀ ਜਨਤਾ ਦਲ ਦੇ ਮੈਂਬਰਾਂ ਨੇ ਕੀਤਾ ਜੋ ਬਿੱਲ ਨੂੰ ਪਿਛੜੇ ਵਰਗ ਅਤੇ ਘੱਟ ਗਿਣਤੀ ਔਰਤਾਂ ਦੇ ਹਿੱਤ ਵਿੱਚ ਨਹੀਂ ਮੰਨਦੇ। ਉਹਨਾਂ ਦਾ ਕਹਿਣਾ ਹੈ ਕਿ ਬਿੱਲ 'ਚ ਵੱਖਰੀ ਉਹਨਾਂ ਦੀ ਵਿਵਸਥਾ ਹੋਣੀ ਚਾਹੀਦੀ ਹੈ। ਨਾਲ ਹੀ ਰਾਖਵੇਂਕਰਨ ਦੀ ਫੀਸਦੀ 33 ਤੋਂ ਘਟਾ ਕੇ 20 ਫੀਸਦੀ ਕੀਤੀ ਜਾਣੀ ਚਾਹੀਦੀ ਹੈ। ਦੂਜੇ ਪਾਸੇ ਔਰਤ ਰਾਖਵੇਂਕਰਨ ਲਈ ਗਠਿਤ ਸੰਮਤੀ ਦੀ ਪ੍ਰਧਾਨਗੀ ਕਰ ਰਹੀ ਕਾਂਗਰਸ ਦੀ ਜਯੰਤੀ ਨਟਰਾਜਨ ਕਹਿੰਦੀ ਹੈ ਕਿ 'ਬਿੱਲ ਨੂੰ ਆਪਣੇ ਮੂਲ ਰੂਪ 'ਚ ਪਾਸ ਕੀਤਾ ਜਾਣਾ ਚਾਹੀਦਾ ਹੈ।

ਇਸ 'ਚ ਕਿਸੇ ਤਰ੍ਹਾਂ ਦੇ ਫੇਰਬਦਲ ਦੀ ਕੋਈ ਗੁੰਜਾਇਸ਼ ਨਹੀਂ ਹੈ।' ਸੁਆਲ ਉਠਦਾ ਹੈ ਕਿ ਕੀ ਔਰਤ ਰਾਖਵੇਂਕਰਨ ਬਿੱਲ ਦੇ ਲਾਗੂ ਹੋ ਜਾਣ ਨਾਲ ਹੀ ਉਹਨਾਂ ਨੂੰ ਅਧਿਕਾਰ ਮਿਲ ਜਾਵੇਗਾ ਜਾਂ ਇਹ ਬਿੱਲ ਵੀ ਔਰਤ ਹਿੰਸਾ ਰੋਕੂ ਕਾਨੂੰਨ, ਔਰਤ ਸੰਪੱਤੀ ਅਧਿਕਾਰ ਕਾਨੂੰਨ, ਦਹੇਜ ਰੋਕੂ ਕਾਨੂੰਨ ਵਾਗੂੰ ਅਸਫ਼ਲ ਹੋ ਜਾਵੇਗਾ? ਇਸ ਦੇ ਜੁਆਬ ਵਿੱਚ ਪ੍ਰਸਿੱਧ ਪੱਤਰਕਾਰ ਮ੍ਰਣਾਲ ਪਾਂਡੇ ਕਹਿੰਦੀ ਹੈ। ਇਹ ਰਾਖਵਾਂਕਰਨ ਉਸ ਥਾਂ ਔਰਤ ਦੀ ਹਿੱਸੇਦਾਰੀ ਲਈ ਹੈ। ਜਿੱਥੇ ਪੂਰੇ ਦੇਸ਼ ਦਾ ਭਵਿੱਖ ਤਹਿ ਹੁੰਦਾ ਹੈ, ਜਿੱਥੇ ਨੀਤੀਆਂ ਤੇ ਯੋਜਨਾਵਾਂ ਘੜੀਆਂ ਜਾਂਦੀਆਂ ਹਨ। ਜੋ ਪੂਰੇ ਦੇਸ਼ ਦੇ ਨਾਲ-ਨਾਲ ਆਮ ਔਰਤ ਦੀ ਜ਼ਿੰਦਗੀ 'ਤੇ ਡੂੰਘਾ ਅਸਰ ਪਾਉਂਦੀਆਂ ਹਨ। ਉਥੇ ਜੇ 33 ਫੀਸਦੀ ਮੌਜੂਦਗੀ ਔਰਤਾਂ ਦੀ ਹੁੰਦੀ ਹੈ ਤਾਂ ਇਸ ਦਾ ਅਸਰ ਪੂਰੇ ਦੇਸ਼ ਤੇ ਸਮਾਜ ਵਿੱਚ ਔਰਤਾਂ ਦੀ ਸਥਿਤੀ ਤੇ ਪਵੇਗਾ। 33 ਫੀਸਦੀ ਖਿਲਾਫ ਜਾ ਕੇ ਸੰਸਦ 'ਚ ਕੋਈ ਫੈਸਲਾ ਨਹੀਂ ਲਿਆ ਜਾ ਸਕਦਾ। ਇਸ ਨਾਲ ਔਰਤਾਂ 'ਚ ਇੱਕ ਸਕਾਰਤਮਕ ਸੁਨੇਹਾ ਜਾਵੇਗਾ। ਤਬਦੀਲੀ ਬਹੁਤ ਜ਼ਰੂਰੀ ਹੈ, ਪਰ ਚੋਟੀ 'ਤੇ ਔਰਤਾਂ ਦੀ ਮੌਜੂਦਗੀ ਦਾ ਇੱਕ ਪ੍ਰਤੀਕ੍ਰਾਤਮਕ ਮਹੱਤਵ ਹੈ। ਉਪਰ ਕੀਤੀਆਂ ਤਬਦੀਲੀਆਂ ਹੀ ਰਿਸ ਕੇ ਹੇਠਾਂ ਤੱਕ ਪੁੱਜਣਗੀਆਂ। ਸੰਨ 1977 ਦੇ 19-ਔਰਤ ਸੰਸਦਾਂ ਦੀ ਤੁਲਨਾ 'ਚ ਸੰਨ 2009 'ਚ 59 ਔਰਤ ਸੰਸਦ ਦਾ ਹੋਣਾ ਇੱਕ ਸਕਾਰਤਮਕ ਸੁਨੇਹਾ ਹੈ ਪਰ 'ਆਜ਼ਾਦੀ' ਦੇ 60 ਸਾਲਾਂ ਬਾਅਦ ਵੀ ਸੰਸਦ 'ਚ ਔਰਤਾਂ ਦੀ ਗਿਣਤੀ ਦਸ ਫੀਸਦੀ ਤੋਂ ਘੱਟ ਹੈ। ਸੰਨ 2009 ਦੀਆਂ ਚੋਣਾਂ 'ਚ ਕੁਲ 8070 ਉਮੀਦਵਾਰਾਂ ਦੀ ਤੁਲਨਾ ਵਿੱਚ ਸਿਰਫ 556 ਔਰਤ ਉਮੀਦਵਾਰ ਸਨ। ਇਸ ਤਰ੍ਹਾਂ 2004 'ਚ 355, 1996 'ਚ 599, 1991 'ਚ 326 ਅਤੇ 1980 'ਚ 100 ਔਰਤਾਂ ਚੋਣਾਂ 'ਚ ਸ਼ਾਮਿਲ ਹੋਈਆਂ ਸਨ। ਸੰਸਾਰਿਕ ਪੱਧਰ 'ਤੇ ਔਰਤ ਸੰਸਦਾਂ ਦੀ ਗਿਣਤੀ ਸਬੰਧੀ ਭਾਰਤ ਕੁੱਲ 135 ਦੇਸ਼ਾਂ ਵਿੱਚ 105ਵੇਂ

ਨੰਬਰ ’ਤੇ ਹੈ। ਲਿੰਗਾਨਪਾਤ ਦੇ ਵੱਡੇ ਫਰਕ ਕਾਰਨ ਸੁਰਖੀਆਂ ’ਚ ਰਹਿਣ ਵਾਲੇ ਹਰਿਆਣਾ ਰਾਜ ਦੀ ਸਥਿਤੀ ਤਾਂ ਹੋਰ ਵੀ ਖਰਾਬ ਹੈ। ਪਿਛਲੇ 30 ਸਾਲਾਂ ਵਿੱਚ ਸਿਰਫ ਚਾਰ ਔਰਤ ਸੰਸਦ (ਚੰਦਾਵਤੀ, ਸੈਲਜਾ, ਕੈਸ਼ ਦੇਵੀ ਤੇ ਸੁਧਾ ਯਾਦਵ) ਹੀ ਇਸ ਰਾਜ ਨਾਲ ਸਬੰਧਤ ਰਹੀਆਂ ਹਨ। ਉਹਨਾਂ ’ਚ ਤਿੰਨ ਆਪਣੀ ਪਰਿਵਾਰਕ ਪਿੱਠ ਭੂਮੀ ਦੇ ਬਲਬੂਤੇ ’ਤੇ ਰਾਜਨੀਤੀ ’ਚ ਆ ਸਕੀਆਂ ਹਨ। ਅਜਿਹੀ ਸਥਿਤੀ ’ਚ ਔਰਤ ਰਾਖਵੇਂਕਰਨ ਬਿੱਲ ਦੀ ਜ਼ਰੂਰਤ ਹੋਰ ਵੀ ਵਧ ਜਾਂਦੀ ਹੈ। ਇਸ ਸਬੰਧੀ ਸੀ ਐਨ ਐਨ ਆਈ ਬੀ ਐਨ ਦੀ ਪ੍ਰਸਿੱਧ ਉਚ ਸੰਪਾਦਕ ਸਾਗਰਿਕਾ ਘੋਸ਼ ਕਹਿੰਦੀ ਹੈ ਕਿ ਸਾਲ 2010 ’ਚ ਔਰਤ ਮਜ਼ਬੂਤੀ ਦੀ ਸਭ ਤੋਂ ਮਹੱਤਵਪੂਰਨ ਰਾਜ ਔਰਤ ਰਾਖਵਾਂਕਰਨ ਬਿੱਲ ਦੇ ਪਾਸ ਹੋਣ ਨਾਲ ਹੀ ਖੁੱਲ੍ਹੇਗਾ। ਔਰਤਾਂ ਵੱਲੋਂ ਜੇ ਔਰਤਾਂ ਦੀ ਗੱਲ ਰੱਖੀ ਜਾਵੇਗੀ ਤਦ ਇਹ ਵੱਧ ਪ੍ਰਭਾਵਸ਼ਾਲੀ ਹੋਵੇਗੀ, ਪਰ ਸਭ ਤੋਂ ਪਹਿਲਾਂ ਔਰਤਾਂ ਦਾ ਸਿੱਖਿਅਤ ਹੋਣਾ, ਉਹਨਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਸਹੀ ਜਾਣਕਾਰੀ ਹੋਣਾ ਅਤੇ ਆਰਥਿਕ ਪੱਖੋਂ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ ਤਾਂ ਹੀ ਤਬਦੀਲੀ ਸੰਭਵ ਹੈ। ਭਾਰਤ ਦੀਆਂ ਤਿੰਨ ਚੌਥਾਈ ਔਰਤਾਂ ਹੁਣ ਵੀ ਪਿੰਡਾਂ ’ਚ ਰਹਿੰਦੀਆਂ ਹਨ, ਜਿਹਨਾਂ ਨੇ ਅਜੇ ਲੰਬਾ ਸਫਰ ਤਹਿ ਕਰਨਾ ਹੈ, ਪਰ ਇਸ ਸਫਰ ਦੀ ਸ਼ੁਰੂਆਤ ਕਰਨ ਲਈ ਸੰਸਦ ਤੇ ਵਿਧਾਨ ਸਭਾਵਾਂ ’ਚ ਔਰਤਾਂ ਦੀ ਨੁਮਾਇੰਦਗੀ ਵਧਾਉਣਾ ਜ਼ਰੂਰੀ ਹੈ।

-----✪✪-----

# ਸੂਚਨਾ ਅਧਿਕਾਰ ਕਾਨੂੰਨ ਦੀਆਂ ਹੱਦਾਂ ਵਧਾਉਣ ਦੀ ਲੋੜ

ਸੂਚਨਾ ਦਾ ਅਧਿਕਾਰ ਕਾਨੂੰਨ ਲਈ 12 ਜਨਵਰੀ 2010 ਦਾ ਦਿਨ ਇਤਿਹਾਸਕ ਕਿਹਾ ਜਾਵੇਗਾ ਜਦ ਦਿੱਲੀ ਹਾਈਕੋਰਟ ਨੇ ਸੁਪਰੀਮ ਕੋਰਟ ਦੀ ਇਸ ਦਲੀਲ ਨੂੰ ਠੁਕਰਾ ਦਿੱਤਾ ਕਿ ਕੋਰਟ ਦੇ ਚੀਫ ਜਸਟਿਸ ਨੂੰ ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਵੇ। ਚੀਫ਼ ਜਸਟਿਸ ਏ ਪੀ ਸ਼ਾਹ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਇਸ ਸਬੰਧੀ ਆਪਣਾ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਲੋਕਤੰਤਰ ’ਚ ਖੁੱਲ੍ਹਾਪਣ ਜ਼ਰੂਰੀ ਹੈ ਅਤੇ ਨਿਆਂਪਾਲਿਕਾ ਦੀ ਜੁਆਬਦੇਹੀ ਨੂੰ ਇਸ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਦਰਅਸਲ ਨਵੰਬਰ 2007 ’ਚ ਜਾਨਣ ਦੇ ਅਧਿਕਾਰ ਸਬੰਧੀ ਲੜਨ ਵਾਲੇ ਸੁਭਾਸ਼ ਚੰਦ ਅਗਰਵਾਲ ਨੇ ਮੁੱਖ ਸੂਚਨਾ ਕਮਿਸ਼ਨ ਦੇ ਦਫ਼ਤਰ ਤੋਂ ਇਹ ਜਾਨਣਾ ਚਾਹਿਆ ਕਿ ਮਈ 1997 ਦੇ ਪ੍ਰਸਤਾਵ ਮੁਤਾਬਿਕ ਸੁਪਰੀਮ ਕੋਰਟ ਦੇ ਜੱਜ ਆਪਣੀ ਜਾਇਦਾਦ ਦਾ ਵੇਰਵਾ ਚੀਫ ਜਸਟਿਸ ਨੂੰ ਸੌਂਪਦੇ ਹਨ ਜਾਂ ਨਹੀਂ। ਮੁੱਖ ਸੂਚਨਾ ਕਮਿਸ਼ਨਰ ਨੇ ਚੀਫ ਜਸਟਿਸ ਦੇ ਦਫ਼ਤਰ ਤੋਂ ਇਸ ਬਾਰੇ ਸੂਚਨਾ ਮੁਹੱਈਆ ਕਰਾਉਣ ਨੂੰ ਕਿਹਾ। ਪਰ ਸੁਪਰੀਮ ਕੋਰਟ ਨੇ ਕਿਹਾ ਕਿ ਚੀਫ ਜਸਟਿਸ ਦਾ ਦਫ਼ਤਰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ’ਚ ਨਹੀਂ ਆਉਂਦਾ ਅਤੇ ਉਸ ਲਈ ਆਪਣੇ 1977 ਦੇ ਪ੍ਰਸਤਾਵ ਨੂੰ ਮੰਨਣਾ ਜ਼ਰੂਰੀ ਨਹੀਂ ਹੈ। ਇਸ ’ਤੇ ਮਾਮਲਾ ਅਦਾਲਤ ’ਚ ਗਿਆ ਅਤੇ ਦਿੱਲੀ ਹਾਈਕੋਰਟ ਨੇ ਕਿਹਾ ਕਿ ਸੁਪਰੀਮ ਕੋਰਟ ਤੇ ਚੀਫ ਜਸਟਿਸ ਸੂਚਨਾ ਦੇ ਅਧਿਕਾਰ ਦੇ ਦਾਇਰੇ ’ਚ ਆਉਂਦੇ ਹਨ। ਸੁਪਰੀਮ ਕੋਰਟ ਨੇ ਇਸ ਖਿਲਾਫ਼ ਅਪੀਲ ਕੀਤੀ ਅਤੇ ਫਿਰ ਤਿੰਨ ਮੈਂਬਰ ਵਿਸ਼ੇਸ਼ ਬੈਂਚ ਨੇ ਮਾਮਲੇ ਦੀ ਸੁਣਵਾਈ ਪਿੱਛੋਂ ਪਿਛਲੇ ਫੈਸਲੇ ਨੂੰ ਸਹੀ ਠਹਿਰਾਇਆ।

ਹੁਣ ਸੁਪਰੀਮ ਕੋਰਟ ਅਪੀਲ ’ਚ ਜਾਊ ਜਾਂ ਨਹੀਂ, ਇਹ ਵੱਖ ਵਿਸ਼ਾ ਹੈ। ਪਰ ਦਿੱਲੀ ਹਾਈਕੋਰਟ ਦੇ ਇਸ ਆਦੇਸ਼ ਨੇ ਸਾਬਤ ਕਰ ਦਿੱਤਾ ਹੈ ਕਿ ਨਾ ਸਿਰਫ਼ ਭ੍ਰਿਸ਼ਟਾਚਾਰ ਨਾਲ ਲੜਨ ਦੀ ਲੋੜ ਹੈ ਬਲਕਿ ਜਨਤਕ ਜੀਵਨ ’ਚ ਪਾਰਦਰਸ਼ਿਤਾ ਲਿਆਉਣ ’ਚ ਵੀ ਸੂਚਨਾ ਦਾ ਅਧਿਕਾਰ ਕਾਨੂੰਨ ਬੇਹੱਦ ਕਾਰਗਰ ਸਾਬਤ ਹੋ ਸਕਦਾ ਹੈ। ਕਹਿਣ ਲਈ ਇਸ ਦੇ ਜ਼ਰੀਏ ਸਿਰਫ਼ ਸੂਚਨਾ ਹੀ ਮੰਗੀ ਜਾਂਦੀ ਹੈ, ਪਰ ਵਿਹਾਰ ’ਚ ਇਹ ਨਾਗਰਿਕ ਅਧਿਕਾਰਾਂ ਦਾ ਬਹੁਤ ਵੱਡਾ ਪਹਿਰੇਦਾਰ ਸਾਬਤ ਹੋਇਆ ਹੈ। ਇਸ ਕਾਨੂੰਨ ਦਾ ਹੀ ਅਸਰ ਹੈ ਕਿ ਕਿਸੇ ਸਰਕਾਰੀ ਅਹੁਦੇ ’ਤੇ ਬੈਠਾ ਕਰਮਚਾਰੀ ਜਾਂ ਅਧਿਕਾਰੀ ਕੋਈ ਉਲਟਾ ਪੁਲਟਾ ਕੰਮ ਕਰਨ ਤੋਂ ਪਹਿਲਾਂ ਸੋਚਦਾ ਹੈ ਕਿ ਕਿਸੇ ਨੇ ਇਸ ਨਾਲ ਜੁੜੀ ਸੂਚਨਾ ਹਾਸਲ ਕਰਨ ਦੀ ਬੇਨਤੀ ਕਰ ਦਿੱਤੀ ਤਾਂ ਕੀ ਹੋਵੇਗਾ। ਅਸਲ ’ਚ 12 ਅਕਤੂਬਰ 2005 ਨੂੰ ਹੋਂਦ ’ਚ ਆਏ ਇਸ ਨੂੰ ਕਾਨੂੰਨ ਨੇ ਮਨਮਾਨੀ ਕਰਨ ਵਾਲਿਆਂ ’ਤੇ ਰੋਕ ਲਾਉਣ ਦਾ ਕੰਮ ਕੀਤਾ ਹੈ ਅਤੇ ਸ਼ਾਇਦ ਇਹੀ ਵਜ੍ਹਾ ਹੈ ਕਿ ਸਰਕਾਰ ’ਚ ਬੈਠੇ ਲੋਕ ਅਤੇ ਸਰਕਾਰੀ ਕਰਮਚਾਰੀ ਇਸ ਕਾਨੂੰਨ ਸਬੰਧੀ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਫੈਲਾਉਂਦੇ ਰਹਿੰਦੇ ਹਨ। ਇਹਨਾਂ ’ਚੋਂ ਕੁਝ ਸ਼ਕਾਇਤਾਂ ਆਮ ਹਨ, ਜੋ ਹਰ ਰਾਜ ’ਚ ਸੁਨਣ ਨੂੰ ਮਿਲ ਜਾਣਗੀਆਂ, ਜਿਵੇਂ ਲੋਕ ਬਿਨ੍ਹਾਂ ਕਾਰਨ ਆਰ ਟੀ

ਆਈ ਅਰਜ਼ੀਆਂ ਪਾਉਂਦੇ ਰਹਿੰਦੇ ਹਨ ਇਸ ਲਈ ਸੂਚਨਾ ਅਧਿਕਾਰੀਆਂ ਦਾ ਬੋਝ ਵਧ ਗਿਆ ਹੈ। ਹਜ਼ਾਰਾਂ ਅਰਜ਼ੀਆਂ ਸੰਭਾਲਣੀਆਂ ਮੁਸ਼ਕਿਲ ਹਨ। ਇਸ ਤੋਂ ਇਲਾਵਾ ਇਸ ਕਾਨੂੰਨ ਦੀ ਪਾਲਣਾ ਵੀ ਬਹੁਤ ਮਹਿੰਗੀ ਹੈ। ਪਰ ਹਕੀਕਤ ਕੁਝ ਹੋਰ ਹੀ ਹੈ। ਪਿੱਛੇ ਜਿਹੇ ਹੀ ਇੱਕ ਸਵੈ ਸੇਵੀ ਸੰਸਥਾ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਆਖ਼ਰ ਮਾਜਰਾ ਕੀ ਹੈ। ਪਤਾ ਲੱਗਿਆ ਕਿ ਦਿੱਲੀ 'ਚ ਕੁਝ ਖਾਸ ਵਿਭਾਗਾਂ 'ਚ ਅਜਿਹੀਆਂ ਅਰਜ਼ੀਆਂ ਦੀ ਗਿਣਤੀ ਆਮ ਨਾਲੋਂ ਵੱਧ ਹੁੰਦੀ ਹੈ। ਦਿੱਲੀ ਪੁਲਿਸ ਤੇ ਦਿੱਲੀ ਵਿਕਾਸ ਅਥਾਰਟੀ ਨੂੰ ਛੱਡ ਕੇ ਬਾਕੀ ਵਿਭਾਗਾਂ ਨੂੰ ਹਰ ਮਹੀਨੇ ਦਸ ਤੋਂ ਘੱਟ ਅਰਜ਼ੀਆਂ ਦਾ ਜੁਆਬ ਦੇਣਾ ਪੈਂਦਾ ਹੈ। ਐਨ ਡੀ ਐਮ ਸੀ ਵਰਗੀ ਸੰਸਥਾ ਤਾਂ ਹਰ ਮਹੀਨੇ ਔਸਤਨ ਸਿਰਫ਼ ਦੋ ਅਰਜ਼ੀਆਂ ਦਾ ਹੀ ਜੁਆਬ ਦਿੰਦੀ ਹੈ। ਇਸ ਦੇ ਬਾਵਜੂਦ ਸਾਰੇ ਸੂਚਨਾ ਅਧਿਕਾਰੀ ਕੰਮ ਦਾ ਬੋਝ ਦੱਸ ਕੇ ਕਰਮਚਾਰੀ ਵਧਾਉਣ ਦੀ ਮੰਗ ਕਰਦੇ ਰਹਿੰਦੇ ਹਨ। ਜਦ ਦਿੱਲੀ ਵਰਗੇ ਸ਼ਹਿਰ ਵਿੱਚ ਔਸਤਨ ਦਸ ਸੂਚਨਾ ਅਰਜ਼ੀਆਂ ਦੇ ਹੀ ਜੁਆਬ ਦੇਣੇ ਹੁੰਦੇ ਹਨ, ਤਾਂ ਬਾਕੀ ਸ਼ਹਿਰਾਂ 'ਚ ਗਿਣਤੀ ਵੱਧ ਹੋਵੇਗੀ। ਇਹ ਮੰਨਣਾ ਮੁਸ਼ਕਿਲ ਹੈ ਕਿ ਸੂਚਨਾ ਅਧਿਕਾਰੀਆਂ ਨੂੰ ਬਿਨ੍ਹਾਂ ਵਜ੍ਹਾ ਕਰਮਚਾਰੀ ਕਿਉਂ ਚਾਹੀਦੇ ਹਨ? ਸਾਫ਼ ਹੈ ਕਿ ਇਹ ਗੱਲਾਂ ਜਾਣ-ਬੁੱਝ ਕੇ ਫੈਲਾਈਆਂ ਜਾ ਰਹੀਆਂ ਹਨ। ਵੈਸੇ ਸੂਚਨਾ ਦਾ ਅਧਿਕਾਰ ਕਾਨੂੰਨ ਵਿੱਚ ਕੁਝ ਵਿਹਾਰਨ ਸਮੱਸਿਆਵਾਂ ਹਨ। ਇਸ ਦੀ ਸਭ ਤੋਂ ਵੱਡੀ ਇਹ ਹੈ ਕਿ ਸੂਚਨਾ ਹਾਸਿਲ ਕਰਨ ਲਈ ਜਮ੍ਹਾਂ ਕੀਤੀ ਜਾਣ ਵਾਲੀ ਫੀਸ ਕਿਸੇ ਦੇ ਨਾਂ ਹੋਵੇ। ਪਰ ਕਾਇਦੇ ਨਾਲ ਇਹ ਫੀਸ ਲੇਖਾ ਅਧਿਕਾਰੀ ਦੇ ਨਾਂ ਨਾਲ ਹੋਵੇ। ਪਰ ਵਿਹਾਰ 'ਚ ਅਜਿਹਾ ਨਹੀਂ ਹੋ ਰਿਹਾ ਹੋਵੇ। ਪ੍ਰਧਾਨ ਮੰਤਰੀ ਦਫ਼ਤਰ 'ਚ ਪੇ ਐਂਡ ਅਕਾਊਂਟਸ ਆਫੀਸਰ, ਲੋਕ ਸਭਾ ਤੇ ਰਾਜ ਸਭਾ 'ਚ ਡਰਾਇੰਗ ਐਂਡ ਡਿਸ ਬਰਸਿੰਗ ਅਫ਼ਸਰ ਦੇ ਨਾਲ-ਨਾਲ ਫੀਸ ਮੰਗੀ ਜਾਂਦੀ ਹੈ, ਜਦ ਕਿ ਸੁਪਰੀਮ ਕੋਰਟ 'ਚ ਰਜਿਸਟਰਾਰ ਦੇ ਨਾਂ ਨਾਲ।

ਫੀਸ ਦੀ ਰਕਮ ਵੀ ਇੱਕੋ ਜਿਹੀ ਨਹੀਂ ਹੈ। ਇੱਕ ਅਰਜ਼ੀ ਲਈ ਦਸ ਰੁਪਏ ਲੱਗਣੇ ਚਾਹੀਦੇ ਹਨ ਪਰ ਅਲੱਗ-ਅਲੱਗ ਰਾਜਾਂ 'ਤੇ ਸੰਸਥਾਵਾਂ ਨੇ ਵੱਖ-ਵੱਖ ਫੀਸ ਨਿਰਧਾਰਿਤ ਕਰ ਰੱਖੀ ਹੈ। ਇਹ ਸਭ ਮੁੱਖ ਧਾਰਾ 27 ਤੇ 28 ਦੇ ਕਾਰਨ ਹੋ ਰਿਹਾ ਹੈ। ਜਿਸ ਰਾਹੀਂ ਰਾਜਾਂ ਤੇ ਸੰਸਥਾਵਾਂ ਦੇ ਸੂਚਨਾ ਮੁਹੱਈਆ ਕਰਾਉਣ ਲਈ ਨਿਯਮ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਆਰ ਟੀ ਆਈ ਦੀਆਂ ਇਹਨਾਂ ਦੋਹਾਂ ਧਾਰਾਵਾਂ ਦੀ ਵਰਤੋਂ ਸੂਚਨਾ ਪਾਉਣ ਦੇ ਰਾਹ 'ਚ ਰੋੜਾ ਅਟਕਾਉਣ ਲਈ ਕੀਤਾ ਜਾ ਰਿਹਾ ਹੈ। ਫਿਰ ਸੂਚਨਾ ਅਧਿਕਾਰੀਆਂ ਨੂੰ ਜੁਰਮਾਨਾ ਵਸੂਲ ਕਰਨ ਦਾ ਅਧਿਕਾਰ ਨਹੀਂ ਹੈ। ਅਜਿਹੇ 'ਚ ਸਿਰਫ 20 ਫੀਸਦੀ ਜੁਰਮਾਨਾ ਹੀ ਵਸੂਲ ਹੋ ਸਕਦਾ ਹੈ। ਬਹੁਤ ਸਾਰੇ ਲੋਕ ਤਾਂ ਸੂਚਨਾ ਅਧਿਕਾਰੀਆਂ ਨੂੰ ਸਿਰਫ਼ ਕਾਗਜ਼ੀ ਸ਼ੇਰ ਮੰਨਦੇ ਹਨ। ਅਜਿਹਾ ਤਦ ਹੋ ਰਿਹਾ ਹੈ, ਜਦ ਬਹੁਤੇ ਨੌਕਰਸ਼ਾਹ ਹੀ ਸੂਚਨਾ ਅਧਿਕਾਰੀ ਬਣਾਏ ਜਾਂਦੇ ਹਨ। ਜ਼ਾਹਿਰ ਹੈ ਕਿ ਸੂਚਨਾ ਦੇ ਅਧਿਕਾਰ ਕਾਨੂੰਨ ਸਾਹਮਣੇ ਚੁਣੌਤੀਆਂ ਵੀ ਘੱਟ ਨਹੀਂ ਹਨ। ਹਾਲ ਦੀ ਘੜੀ ਕਿਸੇ ਵੀ ਕਾਨੂੰਨ ਦੀ ਸਮੀਖਿਆ ਦੇ ਲਈ ਪੰਜ ਸਾਲ ਕਾਫੀ ਘੱਟ ਹੁੰਦੇ ਹਨ। ਪਰ ਏਨਾ ਤਾਂ ਸਾਫ਼ ਹੈ ਕਿ ਜਾਨਣ ਦਾ ਅਧਿਕਾਰ ਕਾਨੂੰਨ ਨੇ ਨਾਗਰਿਕ ਅਧਿਕਾਰੀਆਂ ਲਈ ਲੜਨ ਵਾਲਿਆਂ ਨੂੰ ਇੱਕ ਨਵੀਂ ਤਾਕਤ ਦਿੱਤੀ ਹੈ।

-----✪✪-----

# ਰੋਟੀ ਕਿਉਂ ਹੋ ਗਈ ਛੋਟੀ

ਵੈਸੇ ਤਾਂ ਕਮਰ ਤੋੜ ਮਹਿੰਗਾਈ ਕਾਰਨ ਦੇਸ਼ ਦੇ ਅਣਗਿਣਤ ਲੋਕਾਂ ਦੀ ਗ੍ਰਹਿਸਥੀ ਦੀ ਕਿਸ਼ਤੀ ਪਿਛਲੇ ਲੱਗਭੱਗ ਡੇਢ ਸਾਲਾਂ ਤੋਂ ਲਗਾਤਾਰ ਡਿੱਕ ਡੋਲੇ ਖਾ ਰਹੀ ਹੈ, ਪਰ ਜ਼ਰੂਰੀ ਖਾਣਯੋਗ ਵਸਤਾਂ ਦੇ ਮੁੱਲਾਂ 'ਚ ਲਗਾਤਾਰ ਵਾਧੇ ਨੇ ਨਿਮਨ ਮੱਧ ਵਰਗ ਤੇ ਨਿਮਨ ਵਰਗ ਦੇ ਲੋਕਾਂ ਨੂੰ ਦੋ ਜੂਨ ਦੀ ਰੋਟੀ ਤੋਂ ਵੀ ਵਾਂਝਿਆਂ ਕਰ ਦਿੱਤਾ ਹੈ। ਛੋਟੇ ਕਿਸਾਨ, ਦਿਹਾੜੀਦਾਰ ਮਜ਼ਦੂਰ ਤੇ ਗੈਰ ਹੁਨਰਮੰਦ ਕਾਮਿਆਂ ਦੀ ਸਥਿਤੀ ਨਿਰੰਤਰ ਬਾਅਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਸਬਜ਼ੀ ਤੇ ਦਾਲ ਤਾਂ ਗਰੀਬਾਂ ਦੀ ਥਾਲੀ ਤੋਂ ਦੂਰ ਹੋ ਹੀ ਚੁੱਕੀ ਹੈ। ਹੁਣ ਚਾਵਲ, ਆਲੂ ਤੇ ਪਿਆਜ ਵੀ ਗਰੀਬਾਂ ਦੀ ਖਰੀਦ ਸ਼ਕਤੀ ਦੀ ਪਹੁੰਚ ਤੋਂ ਲੱਗਭੱਗ ਬਾਹਰ ਜਾ ਚੁੱਕੇ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਰਕਾਰ ਜ਼ਰੂਰੀ ਖਾਣ ਵਾਲੀ ਵਸਤਾਂ ਦੀਆਂ ਕੀਮਤਾਂ ਨੂੰ ਵੀ ਸਥਿਰ ਰੱਖਣ 'ਚ ਨਾਕਾਮ ਹੈ। ਝਾਰਖੰਡ ਦੀ ਰਾਜਧਾਨੀ ਰਾਂਚੀ ਦੇ ਇਸਲਾਮ ਨਗਰ ਦੇ ਮੁਹੰਮਦ ਹੁਸੈਨ ਬੂਟ ਪਾਲਿਸ ਦਾ ਕੰਮ ਕਰਦੇ ਹਨ ਅਤੇ ਰੋਜ਼ਾਨਾ ਔਸਤਨ 60-65 ਰੁਪਏ ਕਮਾਉਂਦੇ ਹਨ। ਹੁਸੈਨ ਦੇ ਚਾਰ ਬੱਚੇ ਹਨ, ਕੁਝ ਸਾਲ ਪਹਿਲਾਂ ਤੱਕ ਉਹ ਏਨੀ ਕਮਾਈ ਨਾਲ ਹੀ ਘਰ ਚਲਾ ਲੈਂਦੇ ਸਨ ਪਰ ਹੁਣ ਬੱਚਿਆਂ ਦਾ ਪੇਟ ਪਾਲਣਾ ਵੀ ਮੁਸ਼ਕਿਲ ਹੋ ਗਿਆ ਹੈ। ਰੋਜ਼ਾਨਾ ਦੋ ਕਿੱਲੋ ਆਟਾ ਅਤੇ ਚਾਵਲ ਦੀ ਖਪਤ ਹੈ। ਪਹਿਲਾਂ 50 ਰੁਪਏ 'ਚ ਦੋਨੋਂ ਵੇਲਿਆਂ ਦੀ ਖੁਰਾਕ ਆ ਜਾਂਦੀ ਸੀ ਪਰ ਹੁਣ ਇੱਕ ਕਿੱਲੋ ਆਟਾ ਤੇ ਚਾਵਲ ਨਾਲ ਹੀ ਗੁਜ਼ਾਰਾ ਕਰਨਾ ਪੈ ਰਿਹਾ ਹੈ। ਬੱਚਿਆਂ ਨੂੰ ਤਾਂ ਖੁਵਾ ਦਿੰਦੇ ਹਨ ਪਰ ਖੁਦ ਭੁੱਖੇ ਸੌਂ ਜਾਂਦੇ ਹਨ।

22 ਰੁਪਏ ਕਿਲੋ ਆਟਾ ਤੇ 25 ਰੁਪਏ ਕਿਲੋ ਚੌਲ ਸਬਜ਼ੀ ਕਿਵੇਂ ਖਰੀਦੀਏ? ਸਮਝ 'ਚ ਨਹੀਂ ਆਉਂਦਾ ਕੀ ਕਰੀਏ! ਮਜ਼ਦੂਰਾਂ ਦੇ ਚੌਂਕੇ ਚੁੱਲ੍ਹੇ ਦਾ ਹਾਲ ਜਾਨਣ ਦੀ ਲੋੜ ਹੈ। ਮਹਿੰਗਾਈ ਦੀ ਦੁਖਦ ਦਾਸਤਾਨ ਰਾਂਚੀ ਦੇ ਇਸਲਾਮ ਨਗਰ ਤੱਕ ਹੀ ਸੀਮਤ ਨਹੀਂ ਹੈ, ਬਲਕਿ ਹੁਣ ਇਹ ਰਾਸ਼ਟਰ ਵਿਆਪੀ ਸ਼ਕਲ ਅਖਤਿਆਰ ਕਰ ਚੁੱਕੀ ਹੈ। ਪਿੰਡ ਤੋਂ ਸ਼ਹਿਰ ਤੱਕ ਇੱਕ ਹੀ ਕਹਾਣੀ ਹੈ। ਕਿਸੇ ਦੀ ਥਾਲੀ 'ਚ ਰੋਟੀ ਹੈ ਤਾਂ ਸਬਜ਼ੀ ਨਹੀਂ ਅਤੇ ਕਿਤੇ ਸਬਜ਼ੀ ਹੈ ਤਾਂ ਰੋਟੀ ਨਹੀਂ। ਬੱਚੇ ਖਾਂਦੇ ਹਨ ਤਾਂ ਮਾਂ ਭੁੱਖੀ ਰਹਿੰਦੀ ਹੈ ਅਤੇ ਜੇ ਮਾਂ ਖਾਂਦੀ ਹੈ ਤਾਂ ਪਿਤਾ ਭੁੱਖੇ ਪੇਟ ਸੌਣ ਲਈ ਮਜ਼ਬੂਰ ਹੋ ਜਾਂਦਾ ਹੈ। ਬਿਹਾਰ ਦੇ ਪਿੰਡਾਂ ਵਿੱਚ ਸਾਉਣੀ ਦੀ ਫ਼ਸਲ ਬਿਜਾਈ ਲਈ ਖੇਤ ਤਿਆਰ ਹਨ, ਪਰ ਕਿਸਾਨਾਂ ਪਾਸ ਬੀਜ ਤੇ ਖਾਦਾਂ ਖਰੀਦਣ ਲਈ ਪੈਸੇ ਨਹੀਂ ਹਨ। ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਦੇ ਮਹੂਆ ਪਿੰਡ ਦੇ ਕਿਸਾਨ ਅਨੂਪ ਲਾਲ ਚੌਧਰੀ ਕਹਿੰਦੇ ਹਨ ਅਤੇ ਸਾਲ ਕਣਕ ਦੀ ਖੇਤੀ ਲਈ ਦੋ ਚਾਰ ਹਜ਼ਾਰ ਰੁਪਏ ਲੈਂਦੇ ਹਨ, ਪਰ ਇਸ ਵਾਰੀ ਹੱਥ ਖਾਲੀ ਹੈ। ਧਾਨ ਤੇ ਕੇਲੇ ਨਾਲ ਜੋ ਵੀ ਨਕਦੀ ਆਮਦਨੀ ਹੋਈ, ਸਭ ਰੋਟੀ, ਦਾਲ ਅਤੇ ਰਸੋਈ ਦੇ ਜੁਗਾੜ 'ਚ ਹੀ ਚਲੀ ਗਈ ਹੈ। ਇਹ ਇਕੱਲੀ ਮੇਰੀ ਕਹਾਣੀ ਨਹੀਂ ਹੈ, ਪੂਰੇ ਇਲਾਕੇ ਦਾ ਇਹੀ ਹਾਲ ਹੈ। ਵਧਦੀ ਮਹਿੰਗਾਈ ਏਨੀ ਭਿਅੰਕਰ ਸ਼ਕਲ ਅਖਤਿਆਰ ਕਰ ਚੁੱਕੀ ਹੈ ਕਿ ਇਹਨੀ ਦਿਨੀਂ ਪਿੰਡਾਂ ਦੀਆਂ ਸੱਥਾਂ ਅਤੇ ਸ਼ਹਿਰ ਦੇ ਚੌਕ-ਚੌਰਾਹੇ ਤੋਂ ਲੈ ਕੇ ਪੇਂਡੂ ਖੇਤਰਾਂ ਨਾਲ ਗੁਜਰਨ ਵਾਲੀਆਂ ਲੋਕਲ ਟ੍ਰੇਨਾਂ ਦੇ

ਸਧਾਰਨ ਡੱਬੇ 'ਚ ਹਰ ਜ਼ੁਬਾਨ 'ਤੇ ਮਹਿੰਗਾਈ ਦੀ ਹੀ ਚਰਚਾ ਹੋ ਰਹੀ ਹੈ। ਪਰ ਅਜਿਹਾ ਨਹੀਂ ਹੈ ਕਿ ਮਹਿੰਗਾਈ ਕਰਕੇ ਨਿਮਨ ਵਰਗ ਹੀ ਪ੍ਰੇਸ਼ਾਨ ਹੈ, ਹੁਣ ਮੱਧ ਵਰਗ ਵੀ ਇਸ ਦੀ ਮਾਰ ਨਾਲ ਕਰਹਾ ਰਿਹਾ ਹੈ। ਵਿੱਤੀ ਕੰਪਨੀਆਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਹਿੰਗਾਈ ਕਾਰਨ ਮੱਧ ਵਰਗ ਦਾ ਵੀ ਬਜਟ ਅਸੰਤੁਲਿਤ ਹੋ ਗਿਆ ਹੈ। ਰੋਜ਼ਾਨਾ ਲੋੜਾਂ ਨੂੰ ਪੂਰਾ ਕਰਨ ਵਿੱਚ ਹੀ ਭਾਰੀ ਆਮਦਨ ਖਰਚ ਹੁੰਦੀ ਜਾ ਰਹੀ ਹੈ। ਇਸ ਸਭ ਕਾਸੇ ਦੇ ਬਾਵਜੂਦ ਕੀਮਤਾਂ ਸਥਿਰ ਨਹੀਂ ਹੋ ਰਹੀਆਂ। ਬਲਕਿ ਖਾਣ ਵਾਲੀਆਂ ਚੀਜ਼ਾਂ ਦੇ ਮੁੱਲ ਵਾਧੇ ਦੇ ਨਵੇਂ-ਨਵੇਂ ਰਿਕਾਰਡ ਬਣ ਰਹੇ ਹਨ। ਖਾਣ ਵਾਲੀ ਸਮੱਗਰੀ ਦਾ ਮੁੱਲ ਵਾਧਾ ਪਿਛਲੇ ਨਵੰਬਰ ਦੌਰਾਨ ਤੇਜ਼ੀ ਨਾਲ ਵਧ ਕੇ 19.05 ਫੀਸਦੀ ਹੋ ਗਿਆ, ਜੋ ਪਿਛਲੇ 11 ਸਾਲਾਂ ਦਾ ਸਭ ਤੋਂ ਤੇਜ਼ ਵਾਧਾ ਹੈ। ਜੇ ਪਿਛਲੇ ਅਕਤੂਬਰ ਦੇ ਔਸਤ ਮੁੱਲ ਸੂਚਨਾਕ ਨਾਲ ਤੁਲਨਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਸਿਰਫ ਇੱਕ ਮਹੀਨੇ ਵਿੱਚ ਹੀ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ 'ਚ ਸਵਾ ਤਿੰਨ ਗੁਣਾ ਦਾ ਵਾਧਾ ਹੋ ਗਿਆ। ਕੇਂਦਰੀ ਉਪਭੋਗਤਾ ਮਾਮਲਿਆਂ ਦੇ ਮੰਤਰਾਲੇ ਵੱਲੋਂ ਜਾਰੀ ਮਾਸਿਕ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਆਲੂ ਦੀ ਕੀਮਤ 'ਚ ਪਿਛਲੇ 8 ਮਹੀਨਿਆਂ 'ਚ 141 ਫੀਸਦੀ ਦਾ ਵਾਧਾ ਹੋਇਆ ਹੈ, ਜਦ ਕਿ ਚੀਨੀ 137 ਫੀਸਦੀ ਦੀ ਦਰ ਨਾਲ ਮਹਿੰਗੀ ਹੋਈ। ਪਿਆਜ ਦੀ ਰਫ਼ਤਾਰ 80 ਫੀਸਦੀ ਦੀ ਦਰ ਨਾਲ ਵਧੀ ਹੈ। ਇਹ ਅੰਕੜੇ ਥੋਕ ਮੁੱਲਾਂ 'ਤੇ ਅਧਾਰਤ ਹਨ। ਅਕਸਰ ਥੋਕ ਤੇ ਪ੍ਰਚੂਨ ਮੁੱਲਾਂ 'ਚ ਫਰਕ ਹੁੰਦਾ ਹੈ। ਜੇ ਪ੍ਰਚੂਨ ਮੁੱਲਾਂ ਦੇ ਆਧਾਰ 'ਤੇ ਵੇਖਿਆ ਜਾਵੇ ਤਾਂ ਇਹ ਅੰਕੜੇ ਕਿਤੇ ਵੱਧ ਵੱਡੇ ਹੋਣਗੇ। ਆਮ ਤੌਰ 'ਤੇ ਆਟੇ, ਦਾਲ, ਚਾਵਲ, ਸਾਗ, ਸਬਜ਼ੀ ਤੇ ਫਲਾਂ ਦੀਆਂ ਕੀਮਤਾਂ ਸ਼ਹਿਰ-ਦਰ-ਸ਼ਹਿਰ ਵੱਖ ਹੁੰਦੀਆਂ ਹਨ।

ਝਾਰਖੰਡ ਦੇ ਜਮਸ਼ੇਦਪੁਰ, ਉਤਰਪ੍ਰਦੇਸ਼ ਦੇ ਆਗਰਾ ਅਤੇ ਰਾਜਸਥਾਨ ਦੇ ਬੀਕਾਂਨੇਰ ਨੂੰ ਆਧਾਰ ਮੰਨ ਕੇ ਜੇ ਦਾਲ, ਸਾਗ, ਸਬਜ਼ੀਆਂ ਤੇ ਫਲਾਂ ਦੀ ਔਸਤ ਮੁੱਲ ਵਾਧੇ ਦੀ ਤੁਲਨਾ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹਨਾਂ ਵਿੱਚ ਪਹਿਲੇ 12-13 ਮਹੀਨਿਆਂ 'ਚ ਜ਼ਬਰਦਸਤ ਵਾਧਾ ਹੋਇਆ ਹੈ। ਪਿੱਛੇ 12-13 ਮਹੀਨਿਆਂ ਵਿੱਚ ਇਹਨਾਂ ਸ਼ਹਿਰਾਂ ਵਿੱਚ ਅਰਹਰ ਦਾਲ 50 ਤੋਂ ਵਧ ਕੇ 92 ਰੁਪਏ ਪ੍ਰਤੀ ਕਿਲੋ ਹੋ ਗਈ ਹੈ ਜਦ ਕਿ ਮੂੰਗ ਦਾਲ 45 ਤੋਂ 84 ਰੁਪਏ ਤੱਕ ਪਹੁੰਚ ਗਈ, ਇਹਨਾਂ ਸਾਰਿਆਂ 'ਚ ਆਲੂ ਦੀ ਔਸਤ ਕੀਮਤ 8 ਰੁਪਏ ਪ੍ਰਤੀ ਕਿਲੋ ਸੀ ਜੋ ਪਿਛਲੇ ਦਸੰਬਰ 'ਚ ਵਧ ਕੇ 20-22 ਤੱਕ ਪਹੁੰਚ ਗਈ ਸੀ। ਪਿਆਜ 10 ਰੁਪਏ ਤੋਂ ਵਧ ਕੇ 22 ਰੁਪਏ, ਫੁੱਲਗੋਭੀ 12 ਤੋਂ ਵਧ ਕੇ 20 ਰੁਪਏ, ਮਟਰ 40 ਤੋਂ ਵਧ ਕੇ 80 ਰੁਪਏ, ਟਮਾਟਰ 15 ਤੋਂ ਵਧ ਕੇ 40 ਰੁਪਏ ਪ੍ਰਤੀ ਕਿਲੋ ਤੱਕ ਹੋ ਗਏ। ਫਲਾਂ ਦੀ ਵੀ ਕੁਝ ਐਸੀ ਹੀ ਸਥਿਤੀ ਹੈ। ਪਿਛਲੇ ਦੋ ਮਹੀਨਿਆਂ 'ਚ ਵਧਦੀ ਮਹਿੰਗਾਈ ਕਾਰਨ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਲਗਭਗ ਦੋ ਦਰਜਨ ਹਿੰਸਕ ਤੇ ਅਹਿੰਸਕ ਪ੍ਰਦਰਸ਼ਨ ਹੋ ਚੁੱਕੇ ਹਨ। ਆਗਰਾ 'ਚ ਮਹਿੰਗਾਈ ਵਿਰੋਧੀ ਮੁਜ਼ਾਹਰੇ ਕਾਰਨ ਲਗਭਗ ਚਾਰ ਦਿਨਾਂ ਤੱਕ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਰਿਹਾ। ਇਸ 'ਚ ਭਾਰੀ ਗਿਣਤੀ 'ਚ ਘਰੇਲੂ ਔਰਤਾਂ ਵੀ ਸ਼ਾਮਿਲ ਸਨ। ਪੰਜਾਬ ਦੇ ਫਤਿਹਗੜ੍ਹ ਸਾਹਿਬ, ਬਿਹਾਰ ਦੇ ਪਟਨਾ, ਮਹਾਂਰਾਸ਼ਟਰ ਦੇ ਨਾਲੌਰ, ਰਾਜਸਥਾਨ ਦੇ ਬੀਕਾਂਨੇਰ ਅਤੇ ਉਤਰਾਖੰਡ ਦੇ ਅਲਮੋੜਾ ਸ਼ਹਿਰ 'ਚ ਲੋਕਾਂ ਨੇ ਵਧਦੀ ਮਹਿੰਗਾਈ ਖਿਲਾਫ ਮੁਜ਼ਾਹਰੇ ਕੀਤੇ। ਹਾਲਾਤ ਨੂੰ ਵੇਖਦਿਆਂ ਅਪ੍ਰੈਲ 2008

'ਚ ਭਾਰਤ ਦੇ ਦੌਰ 'ਤੇ ਆਏ ਸੰਯੁਕਤ ਰਾਸ਼ਟਰ ਦੇ ਖਾਦ ਤੇ ਖੇਤੀ ਸੰਗਠਨ (FAO) ਦੇ ਮਹਾਂ-ਨਿਰਦੇਸ਼ਕ ਜੈਕਸ ਡਾਇਸ ਵੱਲੋਂ ਦਿੱਤੀ ਗਈ ਚੇਤਾਵਨੀ ਦਾ ਉਲੇਖ ਪ੍ਰਸੰਗਿਕ ਲਗਦਾ ਹੈ। ਡਾਇਸ ਨੇ ਖਾਣ ਵਾਲੀਆਂ ਵਸਤਾਂ ਦੀਆਂ ਵਧਦੀਆਂ ਕੀਮਤਾਂ ਪ੍ਰਤੀ ਚੌਕਸ ਕਰਦਿਆਂ ਕਿਹਾ ਜੇ ਵਿਕਾਸਸ਼ੀਲ ਦੇਸ਼ ਨੇ ਅਨਾਜ ਵਸਤਾਂ ਦੀਆਂ ਤੇਜ਼ੀ ਨਾਲ ਵਧਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਲਈ ਸਮੁਚਿਤ ਉਪਾਅ ਨਾ ਕੀਤਾ ਤਾਂ ਲਾਜ਼ਮੀ ਅਨਾਜ ਸਮੱਗਰੀ ਗਰੀਬਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗੀ। ਦੇਸ਼ 'ਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਕਰੋੜਾਂ ਲੋਕਾਂ ਦੀ ਔਸਤ ਆਮਦਨ ਤੇ ਅਨਾਜ ਦੀਆਂ ਆਕਾਸ਼ ਛੂੰਹਦੀਆਂ ਕੀਮਤਾਂ ਦੇ ਮੱਦੇ ਨਜ਼ਰ ਡਾਇਸ ਦੀ ਚੇਤਾਵਨੀ ਸੱਚ ਪ੍ਰਤੀਤ ਹੁੰਦੀ ਹੈ। ਲਗਭਗ 30 ਕਰੋੜ ਲੋਕਾਂ ਦੀ ਦੈਨਿਕ ਆਮਦਨੀ 85 ਰੁਪਏ ਹੈ। ਇਹਨਾਂ ਤੱਥਾਂ ਤੋਂ ਸਪੱਸ਼ਟ ਹੈ ਕਿ ਜੇ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹੀਆਂ ਤਾਂ ਆਉਣ ਵਾਲੇ ਦਿਨਾਂ 'ਚ ਦੇਸ਼ 'ਚ ਲਗਭਗ 38 ਕਰੋੜ ਗਰੀਬ ਭੁੱਖਮਰੀ ਕੰਢੇ 'ਤੇ ਅਤੇ ਲੱਖਾਂ ਕਾਮੇ ਤਨਖਾਹ ਵਧਾਉਣ ਦੀਆਂ ਮੰਗਾਂ ਨਾਲ ਸੜਕਾਂ 'ਤੇ ਆ ਜਾਣਗੇ।

# ਹੈ ਕੀ ਅੰਦਰੂਨੀ ਯੁੱਧ ਮੰਤਰਾਲਾ?

ਪੁਰਾਣੇ ਸਮੇਂ 'ਚ ਸਰਮਾਏਦਾਰਾਂ (ਸਾਮਰਾਜੀ) ਸਰਕਾਰਾਂ ਕੋਲ ਇੱਕ ਹੁੰਦਾ ਸੀ, ਯੁੱਧ ਮੰਤਰਾਲਾ। ਇਸ ਦਾ ਕੰਮ ਹੁੰਦਾ ਸੀ ਵਿਦੇਸ਼ੀਆਂ ਦੇ ਨਾਲ ਯੁੱਧ ਦਾ ਸੰਚਾਲਨਾ ਇਸ ਮੰਤਰਾਲੇ ਦਾ ਮੰਤਰੀ ਹੁੰਦਾ ਸੀ ਯੁੱਧ ਮੰਤਰੀ। ਕਿਸੇ ਨੂੰ ਵੀ ਯੁੱਧ ਮੰਤਰੀ ਜਾਂ ਯੁੱਧ ਮੰਤਰਾਲੇ ਦੇ ਅਸਲੀ ਕੰਮ ਬਾਰੇ ਕੋਈ ਸ਼ੱਕ ਨਹੀਂ ਸੀ। ਪਰ ਜਦ ਪਹਿਲੀ ਤੇ ਦੂਜੀ ਸੰਸਾਰ ਜੰਗ 'ਚ ਸਰਮਾਏਦਾਰ ਜਮਾਤ ਨੇ ਕਰੋੜਾਂ ਫੌਜੀਆਂ ਤੇ ਆਮ ਆਦਮੀ ਦਾ ਕਤਲੇਆਮ ਕੀਤਾ ਤੇ ਸਾਰੇ ਦੇਸ਼ਾਂ ਨੂੰ ਤਹਿਸ ਨਹਿਸ ਕਰ ਦਿੱਤਾ ਤਾਂ ਆਮ ਲੋਕਾਂ ਦੇ ਦਿਲਾਂ ਵਿੱਚ ਯੁੱਧ ਸਬੰਧੀ ਬੇਹੱਦ ਨਫ਼ਰਤ ਪੈਦਾ ਹੋ ਗਈ। ਇਸ ਕਾਰਨ ਸਾਰੇ ਪੂੰਜੀਵਾਦੀ ਹਾਕਮ ਇਹ ਵਿਖਾਉਣ ਲਈ ਮਜ਼ਬੂਰ ਹੋਏ ਕਿ ਉਹ ਤਾਂ ਅਸਲ ਵਿੱਚ ਸ਼ਾਂਤੀ ਚਾਹੁੰਦੇ ਹਨ, ਦੂਜੇ ਦੇਸ਼ਾਂ ਦੇ ਹਾਕਮ ਹੀ ਯੁੱਧ ਚਾਹੁੰਦੇ ਹਨ। ਇਸ ਅਨੁਸਾਰ ਪੂੰਜੀਵਾਦੀ ਹਾਕਮਾਂ ਨੇ ਹੁਣ ਯੁੱਧ ਮੰਤਰਾਲੇ ਦਾ ਨਾਂ ਬਦਲ ਕੇ ਰੱਖਿਆ ਮੰਤਰਾਲਾ ਅਤੇ ਯੁੱਧ ਮੰਤਰੀ ਦਾ ਨਾਂ ਬਦਲ ਕੇ ਰੱਖਿਆ ਮੰਤਰੀ ਕਰ ਦਿੱਤਾ। ਯਾਨੀ ਇਹ ਵਿਖਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਯੁੱਧ ਲਈ ਨਹੀਂ ਰੱਖਿਆ ਲਈ ਹਨ। ਯੁੱਧ ਤਾਂ ਕੋਈ ਹੋਰ ਕਰਨਾ ਚਾਹੁੰਦਾ ਹੈ, ਪਰ ਇਸ ਨਵੇਂ ਨਾਮਕਰਨ ਨਾਲ ਇਹ ਤੱਥ ਕਦੀ ਨਹੀਂ ਛੁਪਾਇਆ ਜਾ ਸਕਿਆ ਕਿ ਰੱਖਿਆ ਮੰਤਰਾਲਾ ਅਸਲ ਵਜੋਂ ਯੁੱਧ ਮੰਤਰਾਲਾ ਹੀ ਹੈ। ਹੁਣ ਭਾਰਤ ਦੇ ਗ੍ਰਹਿ ਮੰਤਰੀ ਨੇ ਇਹ ਪ੍ਰਸਤਾਵ ਰੱਖਿਆ ਹੈ ਕਿ ਗ੍ਰਹਿ ਮੰਤਰਾਲੇ ਤੋਂ ਅਨੇਕਾਂ ਸਮਾਜ ਕਲਿਆਣ ਦੇ ਵਿਭਾਗ ਵੱਖ ਕਰਕੇ ਉਸ ਨੂੰ ਸਿਰਫ ਅੰਦਰੂਨੀ ਸੁਰੱਖਿਆ ਦੇ ਮਾਮਲੇ ਤੱਕ ਸੀਮਤ ਕਰ ਦਿੱਤਾ ਜਾਏ ਅਤੇ ਇਸ ਦਾ ਨਾਂ ਰੱਖਿਆ ਜਾਵੇ, ਅੰਦਰੂਨੀ ਸੁਰੱਖਿਆ ਮੰਤਰਾਲਾ। ਜੇ ਪੁਰਾਣੀ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਵੇ ਤਾਂ ਗ੍ਰਹਿ ਮੰਤਰੀ ਇਹ ਕਹਿ ਰਹੇ ਹਨ ਕਿ ਗ੍ਰਹਿ ਮੰਤਰਾਲੇ ਦੀ ਬਜਾਏ ਅੰਦਰੂਨੀ ਯੁੱਧ ਮੰਤਰਾਲਾ ਗਠਿਤ ਕੀਤਾ ਜਾਵੇ।

ਆਖਰ ਤੇਜ਼ੀ ਨਾਲ ਵਧਦੇ ਫੁਲਦੇ ਪੂੰਜੀਪਤੀ ਵਰਗ ਨੂੰ ਅੰਦਰੂਨੀ ਯੁੱਧ ਮੰਤਰਾਲੇ ਦੀ ਲੋੜ ਕਿਉਂ ਪੈ ਰਹੀ ਹੈ? ਜਦ ਪੂੰਜੀਪਤੀ ਜਮਾਤ ਇਹ ਐਲਾਨ ਕਰ ਰਹੀ ਹੈ ਕਿ  ਉਸ ਦਾ ਦੇਸ਼ ਤੇਜ ਰਫ਼ਤਾਰ ਨਾਲ ਉਨਤੀ ਕਰ ਰਿਹਾ ਹੈ ਅਤੇ ਇਹ ਕੁਝ ਸਾਲਾਂ ਵਿੱਚ ਵਿਕਸਤ ਦੇਸ਼ਾਂ ਦੀ ਸ੍ਰੇਣੀ 'ਚ ਪਹੁੰਚ ਜਾਵੇਗਾ ਅਤੇ ਅਮਰੀਕਾ ਨੂੰ ਪਿੱਛੇ ਛੱਡਦਿਆਂ ਸੰਸਾਰਿਕ ਭਾਰੂ ਹੈਸੀਅਤ ਲਈ ਚੀਨ ਨਾਲ ਮੁਕਾਬਲਾ ਕਰੇਗਾ ਤਾਂ ਉਸ ਨੂੰ ਅੰਦਰੂਨੀ ਤੌਰ 'ਤੇ ਯੁੱਧ ਲੜਨ ਦੀ ਕੀ ਲੋੜ ਹੈ? ਅਸਲ 'ਚ ਭਾਰਤ ਦੀ ਦਲਾਲ ਸਰਮਾਏਦਾਰੀ ਨੂੰ ਇਸ ਲਈ ਅੰਦਰੂਨੀ ਜੰਗ, ਲੜਨ ਦੀ ਲੋੜ ਹੈ ਕਿ ਭਾਰਤ ਦੀ ਦਲਾਲ ਸਰਮਾਏਦਾਰੀ ਜਮਾਤ ਆਪਣੇ ਹੀ ਦੇਸ਼ ਦੇ ਲੋਕਾਂ ਖਿਲਾਫ਼ ਯੁੱਧ ਲੜੇਗਾ ਕਿਉਂਕਿ ਉਸ ਨੇ ਇਸ ਤਰ੍ਹਾਂ ਦਾ ਵਿਕਾਸ ਕਰਨਾ ਹੈ। ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਜੋ ਵਿਕਾਸ ਕਰ ਰਹੀ ਹੈ, ਉਸ 'ਚ ਇਹ ਮਜ਼ਦੂਰ ਜਮਾਤ ਦਾ ਖ਼ੂਨ ਚੂਸ ਰਹੀ ਹੈ। ਇਹ ਮਜ਼ਦੂਰਾਂ ਨੂੰ ਉਹਨਾਂ ਦੇ ਜਿਉਂਦੇ ਰਹਿਣ ਲਾਇਕ ਵੀ ਮਜ਼ਦੂਰੀ ਦੇਣ ਨੂੰ ਤਿਆਰ ਨਹੀਂ ਹੈ। ਖੁਦ ਆਪਣੇ ਹੀ ਕਿਰਤ ਕਾਨੂੰਨਾਂ ਦੇ ਹਿਸਾਬ ਨਾਲ ਮਜ਼ਦੂਰਾਂ ਨੂੰ ਜੋ ਮਜ਼ਦੂਰੀ ਮਿਲਣੀ ਚਾਹੀਦੀ ਹੈ, ਉਹ ਉਹਨਾਂ ਨੂੰ ਅੱਧੀ ਜਾਂ

ਇੱਕ ਤਿਹਾਈ ਹੀ ਦੇ ਰਹੀ ਹੈ। ਉਹ ਉਹਨਾਂ ਨੂੰ ਲਗਾਤਾਰ ਨੌਕਰੀ ਦੀ ਬੇਯਕੀਨੀ 'ਚ ਰੱਖ ਰਹੀ ਹੈ। ਇਹ ਉਹਨਾਂ ਨੂੰ ਰੋਜ਼ ਮਾਰ-ਕੁੱਟ ਰਹੀ ਹੈ। ਉਹਨਾਂ ਨਾਲ ਗਾਲੀ ਗਲੋਚ ਕਰ ਰਹੀ ਹੈ। ਥੋੜ੍ਹੇ ਹੀ ਮਜ਼ਦੂਰਾਂ ਨੂੰ ਛੱਡ ਕੇ ਜ਼ਿਆਦਾਤਰ ਮਜ਼ਦੂਰਾਂ ਦੀ ਇਹ ਹਾਲਤ ਹੈ।

ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਜੋ ਵਿਕਾਸ ਕਰ ਰਹੀ ਹੈ, ਉਸ ਵਿੱਚ ਛੋਟੇ ਤੇ ਦਰਮਿਆਨੇ ਕਿਸਾਨ ਤਬਾਹ ਹੋ ਰਹੇ ਹਨ। ਅੱਜ ਕਿਸਾਨਾਂ ਨੂੰ ਵੱਡੇ ਭੋਇੰ ਮਾਲਕ ਤੇ ਬਜ਼ਾਰੂ ਪ੍ਰਬੰਧ ਰਾਹੀਂ ਸਰਮਾਏਦਾਰ ਜਮਾਤ ਲੁੱਟ ਰਹੀ ਹੈ। ਇਹ ਲੁੱਟ ਇਸ ਹੱਦ ਤੱਕ ਹੈ ਕਿ ਛੋਟੇ-ਦਰਮਿਆਨੇ ਕਿਸਾਨਾਂ ਦੀ ਖੇਤੀ ਵੀ ਉਹਨਾਂ ਦੇ ਹੱਥੋਂ ਨਿਕਲਦੀ ਜਾ ਰਹੀ ਹੈ। ਲਗਾਤਾਰ ਕੰਗਾਲ ਹੁੰਦੇ ਹੋਏ ਇਹ ਆਪਣੇ ਖੇਤ, ਆਪਣੇ ਔਜਾਰ ਵੀ ਵੇਚਣ ਲਈ ਮਜ਼ਬੂਰ ਹੋ ਰਹੇ ਹਨ। ਕਿਤੇ-ਕਿਤੇ ਤਾਂ ਸਨਅਤੀ ਵਿਕਾਸ ਦੇ ਨਾਂ 'ਤੇ ਪੂੰਜੀਪਤੀ ਤੇ ਸਰਕਾਰ ਉਹਨਾਂ ਦੀ ਜ਼ਮੀਨ ਜ਼ਬਰਦਸਤੀ ਖੋਹ ਰਹੇ ਹਨ। ਭਾਰਤ ਦੀ ਦਲਾਲ ਸਰਮਾਏਦਾਰੀ ਜਮਾਤ ਜੋ ਵਿਕਾਸ ਕਰ ਰਹੀ ਹੈ, ਉਸ 'ਚ ਅਜੇ ਵੀ ਪੂੰਜੀਵਾਦੀ ਪ੍ਰਬੰਧ ਦੇ ਹਾਸ਼ੀਏ 'ਤੇ ਖੜੇ ਆਦਿ ਵਾਸੀਆਂ ਦਾ ਆਉਣਾ ਮੁੱਖ ਧਾਰਾ 'ਚ ਆਉਣਾ ਤਹਿ ਹੈ। ਉਸ ਦਾ ਮਤਲਬ ਹੈ ਪੂੰਜੀਪਤੀ ਜਮਾਤ ਵੱਲੋਂ ਉਹਨਾਂ ਦੀ ਜ਼ਮੀਨ ਖੋਹ ਲੈਣੀ, ਜੰਗਲਾਂ-ਨਦੀਆਂ ਤੋਂ ਉਹਨਾਂ ਨੂੰ ਦੂਰ ਭਜਾ ਦਿੱਤਾ ਜਾਣਾ। ਆਦੀ ਵਾਸੀਆਂ ਇਲਾਕਿਆਂ 'ਚ ਮੌਜੂਦ ਖਣਿਜ ਅਤੇ ਕੁਦਰਤੀ ਜਾਇਦਾਦ ਦੀ ਪੂੰਜੀਪਤੀ ਲੁੱਟ ਲਈ ਇਹ ਜ਼ਰੂਰੀ ਹੈ। ਭਾਰਤ ਦੇ ਮੌਜੂਦਾ ਪੂੰਜੀਪਤੀ ਵਿਕਾਸ ਕਾਰਨ ਹੀ ਭਿਆਨਕ ਨਾ ਬਰਾਬਰੀ ਦੇ ਵਧਣ ਦੇ ਨਾਲ-ਨਾਲ ਅਪਰਾਧ ਵੇਸ਼ਵਾਬ੍ਰਿਤੀ, ਔਰਤਾਂ ਦੀ ਲੁੱਟ-ਘਸੁੱਟ ਆਦਿ 'ਚ ਵਾਧਾ ਲਾਜ਼ਮੀ ਹੈ। ਸੁਭਾਵਿਕ ਹੈ ਕਿ ਅਜਿਹੀ ਸਥਿਤੀ 'ਚ ਭਾਰਤ ਦੀ ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਖਿਲਾਫ ਉਸ ਦੇ ਵਿਕਾਸ ਤੇ ਵਿਵਸਥਾ ਖਿਲਾਫ਼ ਮਜ਼ਦੂਰ ਕਿਸਾਨ, ਆਦੀਵਾਸੀ ਬਗਾਵਤ ਕਰਨਗੇ। ਇੱਕ ਹੱਦ ਤੱਕ ਇਹ ਹੋ ਵੀ ਰਿਹਾ ਹੈ।

ਆਉਣ ਵਾਲੇ ਸਮੇਂ 'ਚ ਇਹ ਤੇਜ਼ ਰਫ਼ਤਾਰ ਨਾਲ ਹੋਵੇਗਾ। ਸਰਮਾਏਦਾਰੀ ਜਮਾਤ ਨੂੰ ਲੋਕਾਂ ਦੇ ਸੰਘਰਸ਼ਾਂ ਤੇ ਬਗਾਵਤਾਂ ਦਾ ਮੁਕਾਬਲਾ ਕਰਨਾ ਪਵੇਗਾ। ਅਜਿਹੇ 'ਚ ਦਲਾਲ ਸ਼ਰਮਾਏਦਾਰੀ ਨੂੰ ਆਪਣੇ ਹੀ ਲੋਕਾਂ ਦੇ ਆਪਣੇ ਖਿਲਾਫ਼ ਹੋ ਰਹੀਆਂ ਬਗਾਵਤਾਂ ਨਾਲ ਨਿਪਟਣਾ ਪਵੇਗਾ। ਉਸ ਨੂੰ ਲੋਕਾਂ ਨੂੰ ਕੁਚਲਨਾ ਪਵੇਗਾ। ਉਸ ਨੂੰ ਆਪਣੇ ਹੀ ਲੋਕਾਂ ਖਿਲਾਫ਼ ਯੁੱਧ ਲੜਨਾ ਪਵੇਗਾ। ਅੰਦਰੂਨੀ ਯੁੱਧ ਲੜਨਾ ਉਸ ਲਈ ਲਾਜ਼ਮੀ ਹੈ। ਇਸ ਲਈ ਚਿਤੰਬਰਮ ਦੀ ਅਗਵਾਈ 'ਚ ਭਾਰਤ ਦੇ ਲੋਕਾਂ ਖਿਲਾਫ ਯੁੱਧ ਦੀ ਤਿਆਰੀ ਹੋ ਰਹੀ ਹੈ। ਇਸ ਦੀਆਂ ਕਈ ਉਦਾਹਰਨਾਂ ਹਨ, ਅੰਦਰੂਨੀ ਸੁਰੱਖਿਆ ਮੰਤਰਾਲੇ ਉਰਫ ਅੰਦਰੂਨੀ ਯੁੱਧ ਮੰਤਰਾਲੇ ਦਾ ਗਠਨ ਇਸ ਵਿੱਚੋਂ ਇੱਕ ਹੋਰ ਸਭ ਤੋਂ ਮਹੱਤਵਪੂਰਨ ਕਦਮ ਹੋਵੇਗਾ। ਹੁਣ ਜਦ ਹਾਕਮ ਪੂੰਜੀਪਤੀ ਜਮਾਤ ਜਨਤਾ ਖਿਲਾਫ ਯੁੱਧ ਦੀ ਤਿਆਰੀ ਕਰ ਰਿਹਾ ਹੋਵੇ ਤਾਂ ਲੋਕਾਂ ਨੂੰ ਵੀ ਉਸ ਖਿਲਾਫ਼ ਜੰਗ ਲੜਨ ਦੀ ਤਿਆਰੀ ਕਰਨੀ ਚਾਹੀਦੀ ਹੈ। ਉਸ ਨੂੰ ਨਿਸਲ ਹੋ ਕੇ ਨਹੀਂ ਬੈਠਣਾ ਚਾਹੀਦਾ। ਇਸ ਜੰਗ 'ਚ ਆਖਰੀ ਜਿੱਤ ਲੋਕਾਂ ਦੀ ਹੀ ਹੋਣੀ ਹੈ।

-----✪✪-----

# ਉਦਾਰੀਕਰਨ ਨਾਲ ਭੁੱਖ ਕਿਵੇਂ ਪੈਦਾ ਹੋਈ?

ਪਿਛਲੇ ਕਈ ਸਾਲਾਂ 'ਚ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ 'ਚ ਬਹੁਤ ਵਾਧੇ ਕਾਰਨ ਸਾਡੇ ਦੇਸ਼ ਵਿੱਚ ਕਰੋੜਾਂ ਗਰੀਬ ਲੋਕਾਂ ਲਈ ਅਨਾਜ ਸੁਰੱਖਿਆ ਦਾ ਸੰਕਟ ਪੈਦਾ ਹੋ ਗਿਆ ਹੈ। ਇਸ ਸਾਲ ਭਿਅੰਕਰ ਸੋਕੇ ਕਾਰਨ ਖੇਤੀ ਪੈਦਾਵਾਰ 'ਚ ਕਈ ਮੌਜੂਦਾ ਮਹਿੰਗਾਈ ਦੀ ਸਥਿਤੀ ਦਾ ਇੱਕ ਮੁੱਖ ਕਾਰਨ ਹੈ। ਪਰ ਅਨਾਜ ਪਦਾਰਥਾਂ 'ਚ ਮਹਿੰਗਾਈ ਇੱਕ ਅਲਪ-ਕਾਲੀਨ ਸਮੱਸਿਆ ਨਹੀਂ ਹੈ। ਇਸ ਪਿੱਛੇ ਖੇਤੀ ਖੇਤਰ ਦੀ ਅਣਦੇਖੀ ਅਤੇ ਸਰਕਾਰ ਦੀ ਉਦਾਰੀਕਰਨ ਦੀ ਨੀਤੀ ਵਰਗੇ ਲੰਮੇ ਸਮੇਂ ਦੇ ਮੁੱਦੇ ਹਨ, ਜਿਹਨਾਂ ਵਿੱਚ ਬੁਨਿਆਦੀ ਤਬਦੀਲੀ ਬਿਨ੍ਹਾਂ ਇਸ ਸਮੱਸਿਆ ਦਾ ਹੱਲ ਨਹੀਂ ਕੱਢਿਆ ਜਾ ਸਕਦਾ। ਸੰਨ 2008 ਦੇ ਮੱਧ 'ਚ ਸ਼ੁਰੂ ਵਿਸ਼ਵੀ ਆਰਥਕ ਮਹਾਂਮੰਦੀ ਤੋਂ ਪਹਿਲਾਂ ਵਧਦੀ ਮਹਿੰਗਾਈ ਵਿਸ਼ਵ ਦੇ ਜ਼ਿਆਦਾਤਰ ਹਿੱਸਿਆ 'ਚ ਇੱਕ ਗੰਭੀਰ ਸਮੱਸਿਆ ਬਣੀ ਹੋਈ ਸੀ। ਉਹ ਦੁਨੀਆਂ ਭਰ 'ਚ ਵਸਤੂਆਂ ਦੀਆਂ ਕੀਮਤਾਂ 'ਚ ਉਛਾਲ ਦਾ ਸਮਾਂ ਸੀ। ਕੱਚੇ ਤੇਲ ਅਤੇ ਖਾਦ ਪਦਾਰਥ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਸਨ, ਜਿੱਥੇ ਕੀਮਤਾਂ ਅਸਮਾਨ ਛੂਹ ਰਹੀਆਂ ਸਨ। ਪੰਜ ਸਾਲ ਦੇ ਘੱਟ ਅਰਸੇ 'ਚ ਤੇਲ ਦੀਆਂ ਕੀਮਤਾਂ 25 ਡਾਲਰ ਤੋਂ ਵਧ ਕੇ 147 ਡਾਲਰ ਪ੍ਰਤੀ ਬੈਰਲ ਹੋ ਗਈਆਂ। ਬਹੁਤੇ ਖਾਦ ਪਦਾਰਥਾਂ ਦੀਆਂ ਕੀਮਤ ਰਿਕਾਰਡ ਪੱਧਰ ਤੱਕ ਵਧੀਆਂ ਹਨ। ਚਾਵਲ ਦੀ ਕੀਮਤ 383 ਡਾਲਰ ਤੋਂ ਵਧ ਕੇ ਲਗਭਗ 1000 ਡਾਲਰ ਪ੍ਰਤੀ ਟਨ ਹੋ ਗਈਆਂ। ਖਾਦ ਪਦਾਰਥਾਂ ਦੀਆਂ ਕੀਮਤਾਂ ਦੇ ਵਧਣ ਦਾ ਸਭ ਤੋਂ ਗੰਭੀਰ ਅਸਰ ਵਿਕਾਸਸ਼ੀਲ ਦੇਸ਼ਾਂ ਦੀ ਗਰੀਬ ਜਨਤਾ 'ਤੇ ਪਿਆ। ਬੇ-ਲਗਾਮ ਮਹਿੰਗਾਈ ਕਾਰਨ ਉਹਨਾਂ ਦੀ ਕਾਰਜ ਸ਼ਕਤੀ ਘੱਟ ਹੋਈ, ਜਿਸ ਨੇ ਉਹਨਾਂ ਨੂੰ ਭੁੱਖ ਤੇ ਕੁਪੋਸ਼ਣ ਦੇ ਵੱਡੇ ਜੋਖ਼ਮ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ।

ਵਿਸ਼ਵੀ ਮੰਦੇ ਕਾਰਨ ਕੱਚੇ ਤੇਲ ਤੇ ਹੋਰ ਵਸਤੂਆਂ ਦੀਆਂ ਕੀਮਤਾਂ ਤੇਜ਼ੀ ਨਾਲ ਡਿੱਗੀਆਂ, ਜਿਸ ਦੇ ਨਤੀਜੇ ਵਿੱਚ ਅਕਸਰ ਸਭ ਥਾਂ ਮਹਿੰਗਾਈ ਦੇ ਪੱਧਰ ਵਿੱਚ ਵੀ ਗਿਰਾਵਟ ਆਈ। ਮਹਿੰਗਾਈ 'ਤੇ ਮੰਦੇ ਦਾ ਅਸਰ ਭਾਰਤ 'ਚ ਵੀ ਵੇਖਣ ਵਿੱਚ ਆਇਆ। ਅਗਸਤ 2008 ਦੇ ਸ਼ੁਰੂ 'ਚ ਥੋਕ ਮੁੱਲ ਸੂਚਨਾਕ 'ਤੇ ਅਧਾਰਤ ਮਹਿੰਗਾਈ ਦੀ ਸਲਾਨਾ ਦਰ 12-63 ਫੀਸਦੀ ਸੀ ਜੋ ਪਿਛਲੇ 16 ਸਾਲਾਂ 'ਚ ਸਭ ਤੋਂ ਵੱਧ ਸੀ। ਆਰਥਿਕ ਮੰਦੇ ਕਾਰਨ ਸਤੰਬਰ 2008 ਤੋਂ ਫਰਵਰੀ 2009 ਤੱਕ ਥੋਕ ਮੁੱਲ ਸੂਚਨਾਕ 'ਤੇ ਅਧਾਰਿਤ ਮਹਿੰਗਾਈ ਦੀ ਦਰ ਵਿੱਚ ਵੀ ਤੇਜ਼ ਰਫਤਾਰ ਨਾਲ ਕਮੀ ਆਈ। ਸਾਲ 2009 ਤੋਂ ਥੋਕ ਮੁੱਲ ਸੂਚਨਾਕ ਫਿਰ ਵਧਣ ਲੱਗਿਆ ਅਤੇ ਸਤੰਬਰ 2009 'ਚ ਪਹਿਲਾਂ ਦੇ ਉਚਤਮ ਪੱਧਰ ਤੱਕ ਪਹੁੰਚ ਗਿਆ। ਇਸ ਤਰ੍ਹਾਂ ਕੁਝ ਮਹੀਨੇ ਜੀਰ ਤੋਂ ਹੇਠਾਂ ਰਹਿਣ ਪਿੱਛੋਂ ਸਤੰਬਰ 2009 'ਚ ਥੋਕ ਮੁੱਲ ਸੂਚਨਾਕ 'ਤੇ ਆਧਾਰਤ ਮਹਿੰਗਾਈ ਦਰ ਫਿਰ ਧਨਾਤਮਕ ਹੋ ਗਈ। ਪਿਛਲੇ ਦੋ ਮਹੀਨਿਆਂ 'ਚ ਇਸ ਮਹਿੰਗਾਈ ਦਰ 'ਚ ਹੋਰ ਵਾਧਾ ਹੋਇਆ ਹੈ। ਨਵੰਬਰ 2009 'ਚ ਮਹਿੰਗਾਈ ਦਰ 4.8 ਫੀਸਦੀ ਦਰਜ ਕੀਤੀ ਗਈ ਹੈ ਅਤੇ ਅੱਗੇ ਆਉਣ ਵਾਲੇ ਮਹੀਨਿਆਂ 'ਚ ਇਸ ਵਿੱਚ ਹੋਰ ਤੇਜ਼ੀ ਨਾਲ ਵਾਧੇ ਦਾ ਡਰ ਹੈ। ਉਪਰ ਦਿੱਤੇ ਗਏ ਅੰਕੜਿਆਂ ਤੋਂ ਆਮ ਆਦਮੀ 'ਤੇ

ਮਹਿੰਗਾਈ ਦੀ ਮਾਰ ਦੀ ਸਥਿਤੀ ਦਾ ਪੂਰਾ ਅੰਦਾਜ਼ਾ ਨਹੀਂ ਲੱਗਦਾ, ਕਿਉਂਕਿ ਇਹ ਸਿਰਫ਼ ਇੱਕ ਹੀ ਪੱਖ ਪੇਸ਼ ਕਰਦੇ ਹਨ। ਇੱਕ ਪਾਸੇ ਜਿੱਥੇ ਬਹੁਤੇ ਦੇਸ਼ਾਂ ਵਿੱਚ ਖਾਦ ਪਦਾਰਥਾਂ ਦੀਆਂ ਕੀਮਤਾਂ 'ਚ ਗਿਰਾਵਟ ਆਈ ਹੈ, ਉਥੇ ਦੂਜੇ ਪਾਸੇ ਭਾਰਤ ਖਾਦ ਪਦਾਰਥਾਂ ਦੀ ਮਹਿੰਗਾਈ ਨਾਲ ਲਗਾਤਾਰ ਗ੍ਰਸਿਤ ਹੈ। ਥੋਕ ਮੁੱਲ ਸੂਚਨਾਕ 'ਤੇ ਆਧਾਰਿਤ ਖਾਦ ਪਦਾਰਥਾਂ ਦੀ ਮਹਿੰਗਾਈ ਦਰ ਨਵੰਬਰ 2009 ਦੇ ਆਖਰੀ ਹਫਤੇ 'ਚ 19.04 ਫੀਸਦੀ ਮਾਪੀ ਗਈ ਹੈ।

ਮਹਿੰਗਾਈ ਦਰ ਨੂੰ ਇਸ ਅਸਹਿ ਪੱਧਰ ਤੱਕ ਪਹੁੰਚਾਉਣ ਵਿੱਚ ਸਬਜ਼ੀਆਂ, ਦਾਲਾਂ, ਅਨਾਜ ਅਤੇ ਚੀਨੀ ਦੀਆਂ ਆਕਾਸ਼ ਛੂੰਹਦੀਆਂ ਕੀਮਤਾਂ ਦਾ ਮੁੱਖ ਯੋਗਦਾਨ ਹੈ। ਥੋਕ ਮੁੱਲ ਸੂਚਨਾਕ ਅਕਸਰ ਆਮ ਆਦਮੀ ਦੇ ਪ੍ਰਸੰਗ 'ਚ ਮੁੱਲ ਵਾਧੇ ਦੀ ਸਹੀ ਤਸਵੀਰ ਪੇਸ਼ ਨਹੀਂ ਕਰਦਾ ਕਿਉਂਕਿ ਇਸ ਵਿੱਚ ਚੁਣੀਆਂ ਹੋਈਆਂ ਵਸਤੂਆਂ ਹੀ ਹੁੰਦੀਆਂ ਹਨ, ਜਿਹਨਾਂ ਦੀਆਂ ਥੋਕ ਕੀਮਤਾਂ 'ਤੇ ਇਹ ਆਧਾਰਿਤ ਹੁੰਦੀਆਂ ਹਨ, ਥੋਕ ਮੁੱਲ ਸੂਚਨਾਕ ਦੀ ਗਣਨਾ ਵਿੱਚ ਸੇਵਾਵਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ ਹੈ। ਪ੍ਰਚੂਨ ਕੀਮਤਾਂ 'ਚ ਤਬਦੀਲੀ ਦਾ ਆਮ ਜੀਵਨ 'ਤੇ ਪ੍ਰਭਾਵ ਸਮਝਾਉਣ ਦਾ ਬੇਹਤਰ ਜ਼ਰੀਆ ਵੱਖ-ਵੱਖ ਸਮਾਜਿਕ ਵਰਗਾਂ ਦਾ ਖਪਤਕਾਰ ਕੀਮਤ ਸੂਚਨਾਕ (ਸੀ ਪੀ ਆਈ) ਹੈ। ਥੋਕ ਮੁੱਲ ਸੂਚਨਾਕ ਦੇ ਮੁਕਾਬਲੇ ਇਹਨਾਂ ਸੂਚਨਾਕਾਂ ਵਿੱਚ ਜ਼ਰੂਰੀ ਵਸਤਾਂ ਨੂੰ ਵੱਧ ਵਜ਼ਨ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ ਥੋਕ ਮੁੱਲ ਸੂਚਨਾਕ 'ਚ 26.94 ਫੀਸਦੀ ਦੀ ਤੁਲਨਾ 'ਚ ਸਨਅਤੀ ਮਜ਼ਦੂਰਾਂ ਦੇ ਖਪਤਕਾਰ ਕੀਮਤ ਸੂਚਨਾਕ 'ਚ ਖਾਦ ਪਦਾਰਥਾਂ ਦਾ ਵਜਨ 49.19 ਫੀਸਦੀ ਹੈ। ਇਹ ਗੌਰ ਕਰਨ ਦੀ ਗੱਲ ਹੈ ਕਿ ਨਵੰਬਰ 2008 ਤੋਂ ਖਪਤਕਾਰ ਮੁੱਲ ਸੂਚਨਾਕ ਤੇ ਆਧਾਰਿਤ ਮਹਿੰਗਾਈ ਦਰ ਦੀ ਤੁਲਨਾ 'ਚ ਕਾਫੀ ਵਧ ਰਹੀ ਹੈ। ਸਨਅਤੀ ਮਜ਼ਦੂਰਾਂ ਦੇ ਖਪਤਕਾਰ ਮੁੱਲ ਸੂਚਨਾਕ 'ਤੇ ਆਧਾਰਿਤ ਮਹਿੰਗਾਈ ਦਰ 1 ਜੁਲਾਈ 2009 ਤੋਂ ਲਗਾਤਾਰ ਕਰੀਬ 12 ਫੀਸਦੀ ਦੇ ਪੱਧਰ 'ਤੇ ਬਣੀ ਹੋਈ ਹੈ। ਭਾਰਤ ਵਿੱਚ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ 'ਚ ਭਾਰੀ ਵਾਧੇ ਦੇ ਕਈ ਕਾਰਨ ਹਨ। ਸਰਕਾਰ ਦੀ ਲੰਮੇ ਸਮੇਂ ਤੋਂ ਚਲੀਆਂ ਆ ਰਹੀਆਂ ਬਾਜ਼ਾਰ ਮੁੱਖੀ ਨੀਤੀਆਂ ਕਾਰਨ ਦੇਸੀ ਤੇ ਵਿਦੇਸ਼ੀ ਨਿੱਜੀ ਤਾਕਤਾਂ ਨੇ ਖਾਦ ਅਰਥਚਾਰੇ ਦੇ ਪ੍ਰਬੰਧ 'ਚ ਬਹੁਤ ਵੱਡੀ ਥਾਂ ਹਾਸਲ ਕਰ ਲਈ ਹੈ। ਖਾਣ ਵਾਲੀਆਂ ਚੀਜ਼ਾਂ ਦੇ ਵਪਾਰ 'ਚ ਜੁਟੀਆਂ ਹੋਈਆਂ ਦੇਸੀ ਵਿਦੇਸ਼ੀ ਕੰਪਨੀਆਂ ਵਿਚੋਲੀਏ, ਸਟੀਰੀਓ ਅਤੇ ਜਮਾਖੋਰ ਹੁਣ ਇਸ ਸਥਿਤੀ ਵਿੱਚ ਪਹੁੰਚ ਗਏ ਹਨ ਕਿ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ 'ਤੇ ਲੋਕਾਂ ਨੂੰ ਉਸ ਦੀ ਉਪਲੱਭਤਾ ਸਬੰਧੀ ਮਹੱਤਵਪੂਰਨ ਫੈਸਲੇ ਹੁਣ ਇਹਨਾਂ ਵੱਲੋਂ ਲਏ ਜਾ ਰਹੇ ਹਨ।

ਸਰਕਾਰ ਦੀਆਂ ਚਾਵਲ ਤੇ ਕਣਕ ਦੇ ਸਹਾਇਕ ਮੁੱਲ ਸਬੰਧੀ ਨੀਤੀਆਂ ਦਾ ਵੀ ਖਾਦ ਪਦਾਰਥਾਂ ਦੀਆਂ ਕੀਮਤਾਂ ਨੂੰ ਲਗਾਤਾਰ ਉਪਰ ਵਧਾਉਣ 'ਚ ਯੋਗਦਾਨ ਹੈ। ਪਰ ਖਾਦ ਪਦਾਰਥਾਂ ਤੇ ਹੋਰ ਖੇਤੀ ਵਸਤੂਆਂ 'ਚ ਤੇਜ਼ ਮਹਿੰਗਾਈ ਦਾ ਸਭ ਤੋਂ ਮੁੱਖ ਕਾਰਨ ਮੰਗ ਤੇ ਸਪਲਾਈ ਦਾ ਸੰਤੁਲਨ ਵਿਗੜਨਾ ਹੈ। ਆਬਾਦੀ ਵਧਣ ਨਾਲ ਹੋਰ ਤੇਜ਼ੀ ਨਾਲ ਆਮਦਨ 'ਚ ਵਾਧਾ ਹੋਣ ਨਾਲ ਖਾਦ ਪਦਾਰਥਾਂ ਤੇ ਹੋਰ ਖੇਤੀ ਵਸਤੂਆਂ ਦੀ ਮੰਗ ਦੀ ਰਫ਼ਤਾਰ ਅਨੁਸਾਰ ਵਾਧਾ ਨਹੀਂ ਹੋ ਰਿਹਾ ਹੈ, ਇਸ ਕਾਰਨ ਇਹਨਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ। ਖਾਦ ਪਦਾਰਥਾਂ

ਦੀਆਂ ਕੀਮਤਾਂ 'ਚ ਹੋ ਰਹੇ ਵਾਧੇ 'ਚ ਭਾਰਤ 'ਚ ਵਧ ਰਹੀ ਆਮਦਨ ਦੀ ਨਾ-ਬਰਾਬਰੀ ਦੀ ਵੀ ਭੂਮਿਕਾ ਹੈ। ਉਦਾਰੀਕਰਨ ਦੇ ਪਿਛਲੇ ਦੋ ਦਹਾਕਿਆਂ 'ਚ ਦੇਸ਼ 'ਚ ਆਰਥਿਕ ਉਨਤੀ ਦਾ ਬਹੁਤਾ ਫਾਇਦਾ ਅਮੀਰ ਜਮਾਤ ਨੂੰ ਹੋਇਆ ਹੈ। ਜਿਸ ਨਾਲ ਉਹਨਾਂ ਦੀ ਕਾਰਜ ਸ਼ਕਤੀ 'ਚ ਵਾਧਾ ਹੋਇਆ ਹੈ। ਅਜਿਹੀ ਸਥਿਤੀ 'ਚ ਜਦ ਖਾਦ ਪਦਾਰਥਾਂ ਦੀ ਪੈਦਾਵਾਰ ਬਹੁਤ ਹੀ ਮੱਠੀ ਰਫਤਾਰ ਨਾਲ ਵਧ ਰਹੀ ਹੈ, ਤੇਜ਼ ਮਹਿੰਗਾਈ ਉਹਨਾਂ ਵਸਤੂਆਂ ਦਾ ਅਮੀਰ ਵਰਗ ਦੇ ਹੱਕ 'ਚ ਵਟਾਂਦਰਾ ਯਕੀਨ ਬਣਾਉਣ ਦਾ ਇੱਕ ਸਾਧਨ ਬਣ ਗਈ ਹੈ। ਉਥੇ ਦੂਜੇ ਪਾਸੇ ਸੋਕੇ ਤੇ ਆਰਥਿਕ ਮੰਦੀ ਕਾਰਨ ਗਰੀਬ ਵਰਗ ਦੀ ਕਾਰਜ ਸ਼ਕਤੀ ਘਟੀ ਹੈ ਅਤੇ ਮਹਿੰਗਾਈ ਰਾਹੀਂ ਇਹਨਾਂ ਜਮਾਤਾਂ ਵੱਲੋਂ ਖਾਦ ਪਦਾਰਥਾਂ ਦੀ ਮੰਗ 'ਤੇ ਕੰਟਰੋਲ ਰੱਖਿਆ ਜਾ ਰਿਹਾ ਹੈ। ਖਾਦ ਅਰਥਚਾਰੇ ਦੇ ਪ੍ਰਬੰਧ 'ਚ ਸੁਧਾਰਾਂ ਨਾਲ ਕੁਝ ਹੱਦ ਤੱਕ ਮਹਿੰਗਾਈ 'ਤੇ ਕਾਬੂ ਪਾਇਆ ਜਾ ਸਕਦਾ ਹੈ। ਇਸ ਲਈ ਸਰਕਾਰ ਨੂੰ ਮਹਿੰਗਾਈ ਪੈਦਾ ਕਰਨ ਵਾਲੇ ਤੱਤਾਂ ਨੂੰ ਸਿੱਧੇ ਸੰਭਾਲਣਾ ਪਵੇਗਾ ਅਤੇ ਫਾਇਦਾ ਉਠਾਉਣ ਵਾਲੀਆਂ ਤਾਕਤਾਂ ਨਾਲ ਜੂਝਣਾ ਪੈਣਾ ਹੈ। ਪਰ ਪੱਕੇ ਹੱਲ ਲਈ ਖੇਤੀ ਪੈਦਾਵਾਰ ਦੇ ਵਾਧੇ ਦੀ ਦਰ 'ਚ ਲਗਾਤਾਰ ਇਜਾਫ਼ਾ ਜ਼ਰੂਰੀ ਹੈ।

-----✪✪-----

# ਭਾਰਤ ਦੀ ਆਜ਼ਾਦੀ ਦੀ ਲੜਾਈ 'ਚ ਮਜ਼ਦੂਰ ਜਮਾਤ ਦੀ ਭੂਮਿਕਾ

"ਦੇਸ਼ ਦੀ ਆਜ਼ਾਦੀ ਬਿਨਾਂ ਖੜਗ ਬਿਨਾਂ ਢਾਲ ਸਾਬਰਮਤੀ ਕੇ ਸੰਤ ਤੂਨੇ ਕਰ ਦੀਆ ਕਮਾਲ" ਪੰਦਰਾਂ ਅਗਸਤ, ਛੱਬੀ ਜਨਵਰੀ ਤੇ ਦੋ ਅਕਤੂਬਰ ਦੇ ਸਮੇਂ ਇਹ ਗੀਤ ਦੇਸ਼ ਦੇ ਸਰਕਾਰੀ ਰੇਡੀਓ ਤੇ ਦੂਰਦਰਸ਼ਨ 'ਤੇ ਬੜੇ ਜ਼ੋਰ ਸ਼ੋਰ ਨਾਲ ਬਜਾਇਆ ਜਾਂਦਾ ਹੈ। ਇਤਿਹਾਸ ਦੀਆਂ ਕਿਤਾਬਾਂ ਵਿੱਚ ਪੜਾਇਆ ਜਾਂਦਾ ਹੈ ਕਿ ਗਾਂਧੀ ਨਹਿਰੂ ਆਦਿ ਕਾਂਗਰਸੀ ਨੇਤਾਵਾਂ ਨੇ ਅਜਿਹੇ ਕਰਤਬ ਵਿਖਾਏ ਕਿ ਅੰਗਰੇਜ਼ ਦੇਸ਼ ਛੱਡ ਕੇ ਚਲੇ ਗਏ। ਕੀ ਇਹ ਸੱਚ ਹੈ ਕਿ ਮਹਾਤਮਾ ਗਾਂਧੀ ਤੇ ਨਹਿਰੂ ਨੇ ਸਾਨੂੰ ਆਜ਼ਾਦੀ ਦਿਵਾਈ? ਕੀ ਇਹ ਸੱਚ ਹੈ ਆਜ਼ਾਦੀ ਬਿਨਾਂ ਖ਼ੂਨ ਬਹਾਏ ਹਾਸਲ ਕੀਤੀ ਗਈ? ਪਹਿਲੀ ਗੱਲ ਦਾ ਜੁਆਬ ਦੇਣ 'ਚ ਹੋ ਸਕਦਾ ਹੈ ਕਿ ਕਿਸੇ ਵਿਅਕਤੀ ਦੇ ਦਿਲ 'ਚ ਸ਼ੱਕ ਹੋਵੇ। ਉਸਨੂੰ ਇਹਨਾਂ ਨੇਤਾਵਾਂ ਦੀ ਭੂਮਿਕਾ ਵੱਡੀ ਲੱਗਦੀ ਹੋਵੇ। ਦੂਜੀ ਗੱਲ 'ਚ ਸ਼ਾਇਦ ਹੀ ਕਿਸੇ ਨੂੰ ਸ਼ੱਕ ਹੋਵੇ ਕਿ ਭਾਰਤ ਨੂੰ ਆਜ਼ਾਦੀ ਬਿਨਾਂ ਖ਼ੂਨ ਬਹਾਏ ਹਾਸਲ ਹੋਈ। ਉਸ ਦੀਆਂ ਅੱਖਾਂ 'ਚ ਤੁਰੰਤ ਹੀ ਜਲ੍ਹਿਆਂ ਵਾਲਾ ਬਾਗ ਹੱਤਿਆ ਕਾਂਡ, ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਫਾਂਸੀ ਦੇ ਫੰਦੇ 'ਚ ਝੂਲਦੀਆਂ ਗਰਦਨਾਂ, ਚੋਰੀ-ਚੋਰ ਦੀ ਘਟਨਾ, ਸਮੁੰਦਰੀ ਫੌਜ ਦੀ ਬਗਾਵਤ ਦੀਆਂ ਤਸਵੀਰਾਂ ਘੁੰਮਣ ਲੱਗਦੀਆਂ ਹਨ।

ਇਤਿਹਾਸ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ 1857 ਦੀ ਪਹਿਲੀ ਆਜ਼ਾਦੀ ਦੀ ਲੜਾਈ ਬੰਗ-ਭੰਗ ਅੰਦੋਲਨ, 'ਭਾਰਤ ਛੱਡੋ' ਅੰਦੋਲਨ ਆਦਿ ਦੀ ਯਾਦ ਆਉਣ ਲੱਗੇਗੀ ਅਤੇ ਅੰਗਰੇਜ਼ਾਂ ਦੇ ਅਤਿਆਚਾਰਾਂ ਨੂੰ ਯਾਦ ਕਰਕੇ ਕੋਈ ਵੀ ਕਹੇਗਾ ਕਿ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਚੌਰੀ-ਚੌਰਾ ਦੇ ਕਿਸਾਨਾਂ ਨੇ, ਗੜਵਾਲੀ ਫੌਜੀਆਂ ਨੇ, ਮਾਸਟਰ ਸੂਰੀਆ ਸੇਨ ਨੇ ਕੀ ਇਹ ਠੀਕ ਹੀ ਕਿਹਾ। ਜਾਲਿਮ ਅੰਗਰੇਜ਼ਾਂ ਦਾ ਵਸ ਚਲਦਾ ਤਾਂ ਦੋ ਸੌ ਸਾਲ ਭਾਰਤ 'ਚ ਹੋਰ ਰਾਜ ਕਰਦੇ। ਗਾਂਧੀ ਵਰਗੇ ਸੱਤਾ ਉਪਜੇ ਸਤਿਆ ਅਹਿੰਸਾ ਦੇ ਤਜ਼ਰਬੇ ਕਰਦੇ ਰਹਿ ਜਾਂਦੇ। ਗਾਂਧੀ ਨੇ ਸੱਚ ਅਹਿੰਸਾ ਤੇ ਬ੍ਰਹਮਚਾਰੀਆ ਦੇ ਤਜ਼ਰਬੇ ਦਿਲਚਸਪੀ ਦੀ ਬਜਾਏ ਜਲਦੀ ਹੀ ਰੁਖੇ ਤੇ ਬੇਮਤਲਬੇ ਵਿਸ਼ੇ ਬਣ ਜਾਂਦੇ। ਇਸ 'ਚ ਕੋਈ ਸ਼ੱਕ ਨਹੀਂ ਕਿ ਗਾਂਧੀ ਨਹਿਰੂ ਭਾਰਤ ਦੀ ਸਰਮਾਏਦਾਰ ਜਮਾਤ ਦੇ ਨੇਤਾ ਸਨ। ਉਸ ਦੇ ਹਿੱਤਾਂ ਨੂੰ ਇਸ ਕੁਸ਼ਲਤਾ ਨਾਲ ਅੱਗੇ ਵਧਾਉਣ ਵਿੱਚ ਮਸਤ ਸਨ ਕਿ ਦੇਸ਼ ਦੇ ਕੁਝ ਮਜ਼ਦੂਰਾਂ ਕਿਸਾਨਾਂ ਨੂੰ ਇਹ ਭਰਮ ਬਣਿਆ ਰਹਿੰਦਾ ਸੀ ਕਿ ਉਹੀ ਹਿੱਤ ਉਹਨਾਂ ਦੇ ਵੀ ਹਨ ਜਾਂ ਉਹ ਸਮਝ ਨਹੀਂ ਸਕਦੇ ਸਨ ਕਿ ਜਿਹਨਾਂ ਨੂੰ ਕੌਮੀ ਹਿੱਤ ਦੱਸਿਆ ਜਾ ਰਿਹਾ ਹੈ ਉਹ ਖਾਲਸ ਪੂੰਜੀਪਤੀਆਂ ਦੇ ਹਿੱਤ ਹਨ। ਇਸ ਵਿੱਚ ਵੀ ਕੋਈ ਸੰਦੇਹ ਨਹੀਂ ਕਿ ਆਜ਼ਾਦੀ ਦੀ ਲੜਾਈ ਵਿੱਚ ਵੱਖ-ਵੱਖ ਜਮਾਤਾਂ ਤਬਕੇ ਸਰਗਰਮ ਸਨ, ਕਈ ਪਾਰਟੀਆਂ ਵੀ ਸਨ, ਪਰ ਅਗਵਾਈ ਸਰਮਾਏਦਾਰ ਜਮਾਤ ਤੇ ਉਸ ਦੀ ਪਾਰਟੀ ਕਾਂਗਰਸ ਦੀ ਹੀ ਸੀ। ਕਾਂਗਰਸ ਅਜਿਹੇ ਇੱਕ ਸਾਂਝੇ ਮੋਰਚੇ ਵਜੋਂ ਉਭਰੀ ਸੀ ਜਿਸ ਵਿੱਚ ਸਭ ਤਰ੍ਹਾਂ ਦੀ ਵਿਚਾਰਧਾਰਾ ਦੇ ਲੋਕ ਕੰਮ ਕਰਦੇ ਸਨ।

ਮਦਨ ਮੋਹਨ ਮਾਲਵੀਆ ਵਰਗੇ ਕੱਟੜ ਪੰਥੀ ਹਿੰਦੂਆਂ ਤੋਂ ਲੈ ਕੇ ਜੈ ਪ੍ਰਕਾਸ਼ ਨਰਾਇਣ ਵਰਗੇ ਸਮਾਜਵਾਦੀ ਕਾਂਗਰਸ ਪਾਰਟੀ 'ਚ ਸਰਗਰਮ ਸਨ, ਪਰ ਭਾਰੂ ਹੈਸੀਅਤ ਗਾਂਧੀ ਨਹਿਰੂ ਵਰਗੇ ਖਾਲਸ ਪੂੰਜੀਵਾਦੀ ਨੇਤਾਵਾਂ ਦੀ ਸੀ। ਬਾਅਦ ਦੇ ਸਮੇਂ 'ਚ ਵਿਸ਼ੇਸ਼ ਕਰਕੇ ਤੀਹ ਦੇ ਦਹਾਕੇ ਪਿੱਛੋਂ ਕਮਿਊਨਿਸਟ, ਸੋਸ਼ਲਿਸਟ, ਹਿੰਦ ਮੁਸਲਿਮ ਕੱਟੜ ਪੰਥੀ ਸਮੂਹ ਆਪਣੀ ਆਜ਼ਾਦ ਰਾਜਸੀ ਪਹਿਲ ਕਦਮੀ ਲੈਣ ਲੱਗੇ ਸਨ ਅਤੇ ਚਾਲੀ ਦਾ ਦਹਾਕਾ ਇਹ ਸਮੂਹਾਂ ਵਿਚਕਾਰ ਤਿੱਖੇ ਸੰਘਰਸ਼ਾਂ ਦਾ ਦਹਾਕਾ ਸੀ। ਕਾਂਗਰਸ ਤੇ ਨਹਿਰੂ ਦੀ ਅਗਵਾਈ ਭਾਰਤ ਦੇ ਵੱਡੇ ਪੂੰਜੀਪਤੀ ਵਰਗ ਤੇ ਜਗੀਰਦਾਰੀ ਜਮਾਤ, ਵੱਡੇ ਭੋਇੰ ਮਾਲਕ ਜਮਾਤ ਦੇ ਹਿੱਤਾਂ ਨਾਲ ਪੂਰਾ ਕਰਨ ਵਾਲੇ ਸਮੂਹ ਵਜੋਂ ਸਥਾਪਤ ਹੋ ਗਈ ਸੀ। ਮੁਸਲਿਮ ਲੀਗ ਇਸ ਦੌਰਾਨ ਮੁਸਲਿਮ ਜਾਗੀਰਦਾਰਾਂ ਰਜਵਾੜਿਆਂ, ਭੋਇੰ ਮਾਲਕਾਂ, ਪੂੰਜੀਪਤੀਆਂ ਦੀ ਪਾਰਟੀ ਵਜੋਂ ਉਭਰ ਚੁੱਕੀ ਸੀ ਅਤੇ ਪਾਕਿਸਤਾਨ ਦੀ ਮੰਗ ਨੂੰ ਲੈ ਕੇ ਤਿੱਖੇ ਟਕਰਾਅ ਦੀ ਮੁਦਰਾ 'ਚ ਆ ਚੁੱਕੀ ਸੀ। ਬ੍ਰਿਟਿਸ਼ ਸਾਮਰਾਜ ਦੇ ਵਿਸ਼ਵਾਸਪਾਤਰ ਤੇ ਹਿੰਦੂ ਰਾਸ਼ਟਰ ਲਈ ਸਰਗਰਮ ਹਿੰਦੂ ਮਹਾਂ ਸਭਾ ਤੇ ਆਰ ਐਸ ਐਸ ਜੋ ਕਿ ਆਜ਼ਾਦੀ ਦੀ ਲੜਾਈ 'ਚ ਕਦੀ ਸਰਗਰਮ ਨਹੀਂ ਸਨ। ਚਾਲੀ ਦੇ ਦਹਾਕੇ 'ਚ ਆਜ਼ਾਦੀ ਦੀ ਲੜਾਈ ਨੂੰ ਤੋੜਨ ਵਾਲੇ ਅਤੇ ਫਿਰਕੂ ਜਨੂੰਨ ਤੇ ਦੰਗੇ ਫੈਲਾਉਣ ਵਾਲੇ ਬਣ ਗਏ ਮੁਸਲਿਮ ਲੀਗ ਤੇ ਆਰ ਐਸ ਐਸ ਨੂੰ ਇੱਕ ਦੂਜੇ ਦੀ ਲੋੜ ਸੀ ਅਤੇ ਇਹਨਾਂ ਦੋਨਾਂ ਦੀ ਬ੍ਰਿਟਿਸ਼ ਹਾਕਮਾਂ ਨੂੰ ਲੋੜ ਸੀ।

ਅੱਜ ਅਸੀਂ ਜਾਣਦੇ ਹਾਂ ਕਿ ਮੁਸਲਿਮ ਲੀਗ ਆਰ ਐਸ ਐਸ ਬ੍ਰਿਟਿਸ਼ ਸਾਮਰਾਜ ਦੇ ਨਾਲ ਕਾਂਗਰਸ ਦੀ ਸੱਤਾ ਲਾਲਸਾ (ਗੰਢਤੁਪ) ਦਾ ਸ਼ਿਕਾਰ ਨਰਮ ਹਿੰਦੂਤਵ ਵਾਲੀ ਅਗਵਾਈ ਦੇਸ਼ ਦੀ ਵੰਡ ਤੇ ਲੱਖਾਂ ਲੋਕਾਂ ਦੇ ਕਤਲ ਤੇ ਉਜਾੜੇ ਲਈ ਜ਼ਿੰਮੇਵਾਰ ਸੀ। ਵੰਡ 'ਚ ਜਿਹਨਾਂ ਲੋਕਾਂ ਦੀ ਹੋਂਦ ਚਲੀ ਗਈ, ਉਹ ਭਾਰਤ ਦੀ ਜ਼ਮੀਨ ਦੇ ਮਿਹਨਤਕਸ਼ ਬੇਟੇ ਸਨ। ਜੋ ਇਨ੍ਹਾਂ ਲੋਕਾਂ ਦੀਆਂ ਘ੍ਰਿਣਿਤ ਚਾਲਾਂ ਦੇ ਸ਼ਿਕਾਰ ਹੋਏ ਸਨ। ਉਚ ਜਮਾਤਾਂ ਦਾ ਕੋਈ ਨੁਕਸਾਨ ਨਹੀਂ ਹੋਇਆ, ਬਲਕਿ ਉਹ ਇੱਕ ਤਰ੍ਹਾਂ ਨਾਲ ਮਾਲਾਮਾਲ ਹੀ ਹੋਏ ਅਤੇ ਫਿਰ ਸੱਤਾ ਦੇ ਸੌਦਾਗਰ ਬਣ ਗਏ। ਨਵੇਂ ਦੇਸ਼ ਭਾਰਤ ਤੇ ਪਾਕਿਸਤਾਨ ਦੇ ਹਾਕਮ ਬਣ ਗਏ। ਜਿਹਨਾਂ ਦੇ ਮੱਥੇ ਤੋਂ ਗੁਲਾਮੀ ਦੀ ਸਿਆਹੀ ਵੀ ਨਹੀਂ ਉਤਰੀ, ਜੋ ਪਹਿਲਾਂ ਗੋਰੇ ਅੰਗਰੇਜ਼ਾਂ ਤੇ ਹੁਣ ਕਾਲੇ ਅੰਗਰੇਜ਼ਾਂ ਦੇ ਗੁਲਾਮ ਸਨ, ਉਹ ਭਾਰਤ ਦੇ ਮਜ਼ਦੂਰ ਕਿਸਾਨ ਸਨ। ਉਹਨਾਂ ਨੇ ਆਜ਼ਾਦੀ ਦੀ ਲੜਾਈ 'ਚ ਇੱਕ ਤੋਂ ਵਧ ਕੇ ਇੱਕ ਕੁਰਬਾਨੀ ਦਿੱਤੀ ਪਰ ਉਹਨਾਂ ਦੇ ਜੀਵਨ 'ਚ ਆਜ਼ਾਦੀ ਦਾ ਸੂਰਜ ਚੜ੍ਹਿਆ ਹੀ ਨਹੀਂ। ਜੋ ਆਜ਼ਾਦੀ ਆਈ ਉਹ ਨਾ ਸਿਰਫ ਦਾਗਦਾਰ ਸੀ ਬਲਕਿ ਉਸ ਦਾ ਸਾਰਾ ਲਾਭ ਧਨੀਆਂ ਨੇ ਉਠਾਇਆ ਸੀ।

ਆਜ਼ਾਦੀ ਦੇ ਅਸਲੀ ਅਧਿਕਾਰ, ਅਸਲੀ ਲਾਭ ਸਰਮਾਏਦਾਰਾਂ ਤੇ ਭੋਇੰ ਮਾਲਕਾਂ ਨੂੰ ਮਿਲੇ ਜਦ ਕਿ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ ਦੇ ਹਿੱਸੇ ਜੋ ਆਇਆ ਉਹ ਸਨ ਕੋਰੇ ਵਾਅਦੇ। ਮਿਲੇ ਸਿਰਫ ਰਸਮੀ ਅਧਿਕਾਰ ਜਿਹਨਾਂ ਦੇ ਪੈਰ-ਪੈਰ 'ਤੇ ਪੈਸੇ ਦੀ ਪਾਬੰਦੀ ਲੱਗੀ ਸੀ। ਰਵਾਇਤੀ ਤੌਰ 'ਤੇ ਸਭ ਮਨੁੱਖ ਬਰਾਬਰ ਸਨ ਪਰ ਇਹ ਬਰਾਬਰੀ ਜਿਉਂ ਹੀ ਕਾਇਮ ਹੋਈ, ਇਹ ਹਰ ਮਜ਼ਦੂਰ ਕਿਸਾਨ ਆਪਣੇ ਜੀਵਨ ਰਾਹੀਂ ਜਾਣਦਾ ਹੈ। ਇਹ ਇੱਕ ਪੂੰਜੀਵਾਦੀ ਸਮਾਜ ਬਣਿਆ ਜਿੱਥੇ ਮਜ਼ਦੂਰ ਨੂੰ ਮਸ਼ੀਨ ਵਾਂਗੂੰ ਬਸ ਰਾਤ ਦਿਨ ਪੂੰਜੀਪਤੀ ਦੇ ਮੁਨਾਫੇ ਲਈ ਕੰਮ ਕਰਨਾ ਹੁੰਦਾ ਹੈ। ਵਿਰੋਧ ਕਰਨ 'ਤੇ ਥਾਣਾ,

ਪੁਲੀਸ ਅਦਾਲਤ, ਜੇਹਲ, ਮੌਤ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਣ ਆਜ਼ਾਦੀ ਦੀ ਲੜਾਈ 'ਚ ਮਜ਼ਦੂਰ ਜਮਾਤ ਦੀ ਭੂਮਿਕਾ ਨੂੰ ਵੇਖੀਏ ਉਸ ਦੌਰਾਨ ਉਸ ਦੀਆਂ ਆਸਾਂ ਤੇ ਸੁਪਨਿਆਂ ਦੀ ਗੱਲ ਕਰੀਏ ਤਾਂ ਅਸੀਂ ਵੇਖਾਂਗੇ ਕਿ ਭਾਰਤ ਦਾ ਮਜ਼ਦੂਰ ਭਾਰਤ ਨੂੰ ਇੱਕ ਪੂੰਜੀਵਾਦ ਸਮਾਜ ਨਹੀਂ ਇੱਕ ਸਮਾਜਵਾਦੀ ਸਮਾਜ ਦੇ ਰੂਪ 'ਚ ਬਦਲ ਰਿਹਾ ਵੇਖਣਾ ਚਾਹੁੰਦਾ ਸੀ। ਮਜ਼ਦੂਰਾਂ ਦੀ ਜਥੇਬੰਦੀ ਅਖਿਲ ਭਾਰਤੀ ਟ੍ਰੇਡ ਯੂਨੀਅਨ ਕਾਂਗਰਸ (ਏਟਕ) ਅਤੇ ਉਸ ਵਕਤ ਕ੍ਰਾਂਤੀਕਾਰੀ ਢੰਗ ਨਾਲ ਕੰਮ ਕਰ ਰਹੀ ਮਜ਼ਦੂਰ ਜਮਾਤ ਦੀ ਪਾਰਟੀ ਸੀ ਪੀ ਆਈ ਸਮਾਜਵਾਦੀ ਸਮਾਜ ਬਣਾਉਣ ਦਾ ਟੀਚਾ ਰੱਖਦੀ ਸੀ। ਉਹ ਇਸ ਦਾ ਹੀ ਪ੍ਰਚਾਰ ਮਜ਼ਦੂਰਾਂ 'ਚ ਕਰਦੀ ਸੀ। ਏਟਕ ਦਾ ਜਨਮ ਸੰਨ 1920 ਵਿੱਚ ਅਤੇ ਸੀ ਪੀ ਆਈ ਦਾ ਜਨਮ ਸੰਨ 1925 'ਚ ਹੋਇਆ। ਹਾਲਾਂ ਕਿ ਇੱਥੇ ਪਾਰਟੀ ਸਨ 1935 'ਚ ਹੀ ਸਹੀ ਢੰਗ ਨਾਲ ਕੰਮ ਕਰਨ ਦੀ ਸਥਿਤੀ ਵਿੱਚ ਆਈ। ਭਾਰਤ ਦੀ ਕਮਿਊਨਿਟ ਪਾਰਟੀ ਦੇ ਗਠਨ ਦਾ ਅਮਲ 1920 'ਚ ਦੇਸ਼ ਵਿਦੇਸ਼ ਵਿੱਚ ਚੱਲ ਰਿਹਾ ਸੀ। ਭਾਰਤ 'ਚ ਕਮਿਊਨਿਸਟ ਵਿਚਾਰਾਂ ਦਾ ਪ੍ਰਚਾਰ ਰੂਸ 'ਚ ਅਕਤੂਬਰ 1917 'ਚ ਹੋਈ ਸਮਾਜਵਾਦੀ ਕ੍ਰਾਂਤੀ ਪਿਛੋਂ ਹੀ ਸ਼ੁਰੂ ਹੋ ਗਿਆ ਸੀ। ਇਸ ਦਾ ਭਾਰਤ ਦੇ ਮਜ਼ਦੂਰ ਅੰਦੋਲਨ 'ਤੇ ਵਿਆਪਕ ਪ੍ਰਭਾਵ ਪਿਆ। ਇਸ ਤਰ੍ਹਾਂ ਨਾਲ ਅਸੀਂ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਮਜ਼ਦੂਰ ਜਮਾਤ ਦੀ ਭੂਮਿਕਾ ਦੀ ਚਰਚਾ ਦੋ ਕਾਲਾਂ 'ਚ ਵੰਡ ਕੇ ਕਰ ਸਕਦੇ ਹਾਂ। ਏਟਕ ਅਤੇ ਕਮਿਊਨਿਸਟ ਵਿਚਾਰਾਂ ਦੇ ਪ੍ਰਚਾਰ ਤੋਂ ਪਹਿਲਾਂ ਯਾਨੀ 1920 ਤੋਂ ਪਹਿਲਾਂ ਦਾ ਕਾਲ ਅਤੇ ਦੂਜਾ ਕਾਲ ਉਸ ਪਿੱਛੋਂ ਤੋਂ ਯਾਨੀ 1920 ਤੋਂ 1947 ਤੱਕ ਦਾ ਕਾਲਾ ਏਟਕ ਦੇ ਗਠਨ ਤੋਂ ਪਹਿਲਾਂ ਦਾ ਮਜ਼ਦੂਰ ਅੰਦੋਲਨ ਬੇਹੱਦ ਗੈਰ ਜਥੇਬੰਦ ਸੀ, ਹਾਲਾਂ ਕਿ ਏਟਕ ਦੇ ਗਠਨ ਦੇ ਕਾਫੀ ਸਮਾਂ ਪਹਿਲਾਂ ਮਜ਼ਦੂਰਾਂ ਦੀਆਂ ਯੂਨੀਅਨਾਂ ਹੋਂਦ 'ਚ ਆਉਣ ਲੱਗੀਆਂ ਸਨ। ਭਾਰਤ 'ਚ ਆਧੁਨਿਕ ਮਜ਼ਦੂਰ ਜਮਾਤ ਉਨੀਵੀਂ ਸਦੀ ਦੇ ਤੀਜੇ ਜਾਂ ਚੌਥੇ ਦਹਾਕੇ ਤੋਂ ਉਦੋਂ ਪੈਦਾ ਹੋਣਾ ਸ਼ੁਰੂ ਹੋਇਆ ਜਦ ਭਾਰਤ ਵਿੱਚ ਅੰਗਰੇਜ਼ਾਂ ਨੇ ਚਾਹ-ਕਾਫੀ ਰਬੜ ਦੇ ਬਾਗ ਲਾਉਣੇ ਸ਼ੁਰੂ ਕੀਤੇ। 1857 ਦੀ ਬਗਾਵਤ ਪਿੱਛੋਂ ਭਾਰਤ ਵਿੱਚ ਅੰਗਰੇਜ਼ਾਂ ਨੇ ਦੇਸ਼ ਦੀ ਬਸਤੀਵਾਦੀ ਲੁੱਟ ਅਤੇ ਆਪਣੇ ਕਬਜ਼ੇ ਨੂੰ ਬਰਕਰਾਰ ਰੱਖਣ ਲਈ ਤੇਜ਼ੀ ਨਾਲ ਰੇਲਾਂ ਦਾ ਜਾਲ ਵਿਛਾਇਆ। ਰੇਲਾਂ ਦੇ ਵਿਸਥਾਰ ਨਾਲ ਭਾਰਤ ਵਿੱਚ ਕੋਲਾ ਤੇ ਲੋਹਾ ਉਦਯੋਗ ਦਾ ਜਨਮ ਤੇ ਵਿਸਥਾਰ ਹੋਇਆ। ਭਾਰਤ 'ਚ ਸਨਅਤਾਂ ਦਾ ਵਿਸਥਾਰ ਵੀਹਵੀਂ ਸਦੀ ਦੀ ਪਹਿਲੀ ਸੰਸਾਰ ਜੰਗ (1914-19) ਦੌਰਾਨ ਮੁਕਾਬਲਤਨ ਤੇਜ ਰਫਤਾਰ ਨਾਲ ਹੋਇਆ। ਕੱਪੜਾ, ਕੋਲਾ, ਜੂਟ, ਲੋਹੇ ਦੀ ਪੈਦਾਵਾਰ ਵਧੀ। ਇਸ ਦੌਰਾਨ ਟਾਟਾ ਨੇ ਜਮੈਸ਼ਦਪੁਰਾ 'ਚ ਲੋਹਾ ਇਸਪਾਤ ਦਾ ਕਾਰਖਾਨਾ ਖੋਹਲਿਆ। ਉਸ ਸਮੇਂ ਇੱਕ ਸਰਕਾਰੀ ਅੰਕੜੇ ਅਨੁਸਾਰ ਫੈਕਟਰੀ ਕਾਨੂੰਨ ਤਹਿਤ 1921 ਆਉਂਦੇ ਆਉਂਦੇ ਦਰਜ ਕਾਰਖਾਨਿਆਂ ਦੀ ਗਿਣਤੀ 3965 ਅਤੇ ਇਹਨਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਗਿਣਤੀ ਲੱਗਭੱਗ 1266,395 ਸੀ ਅਤੇ ਇਉਂ ਹੀ ਛੋਟੇ ਕਾਰਖਾਨਿਆਂ ਦੀ ਗਿਣਤੀ 15666 ਅਤੇ ਇਹਨਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਗਿਣਤੀ 2681000 ਸੀ। ਇਹ ਅੰਕੜੇ ਇਹ ਦੱਸਣ ਲਈ ਕਾਫੀ ਹਨ ਕਿ ਏਟਕ ਦੇ ਗਠਨ ਤੋਂ ਪਹਿਲਾਂ ਭਾਰਤ 'ਚ ਮਜ਼ਦੂਰਾਂ ਦੀ ਗਿਣਤੀ ਘੱਟੋ-ਘੱਟ ਚਾਲੀ ਪੰਜਾਹ ਲੱਖ ਸੀ।

ਮਜ਼ਦੂਰਾਂ ਦੀਆਂ ਪਹਿਲੀਆਂ ਯੂਨੀਅਨਾਂ ਅਤੇ ਹੜਤਾਲਾਂ ਉਨੀਵੀਂ ਸਦੀ ਦੇ ਸੱਤਵੇਂ ਦਹਾਕੇ ਤੋਂ ਸ਼ੁਰੂ ਹੋਣ ਲੱਗੀਆਂ ਸਨ। ਮਜ਼ਦੂਰਾਂ ਦੀਆਂ ਯੂਨੀਅਨਾਂ ਅਤੇ ਸੰਘਰਸ਼ਾਂ ਦੇ ਆਮ ਮੁੱਦੇ ਉਚਿੱਤ ਤਨਖਾਹ, ਬੋਨਸ, ਵਰਦੀ, ਅੰਗਰੇਜ਼ ਮਾਲਕਾਂ ਤੇ ਸੁਪਰਵਾਈਜ਼ਰਾਂ ਵੱਲੋਂ ਕੀਤਾ ਜਾਣ ਵਾਲਾ ਰੰਗ ਭੇਦ ਅਤੇ ਪਾਸ਼ਿਵਕ ਅੱਤਿਆਚਾਰ ਆਦਿ ਹੁੰਦੇ ਸਨ। ਭਾਰਤ ਦੇ ਮਜ਼ਦੂਰਾਂ ਦੀ ਪਹਿਲੀ ਵੱਡੀ ਰਾਜਸੀ ਹੜਤਾਲ 1908 ਵਿੱਚ ਕੌਮੀ ਨੇਤਾ ਬਾਲ ਗੰਗਾਧਰ ਤਿਲਕ ਨੂੰ ਦਿੱਤੀ ਸਖ਼ਤ ਸਜ਼ਾ ਖਿਲਾਫ਼ ਮੁੰਬਈ ਦੇ ਮਜ਼ਦੂਰਾਂ ਦੀ ਹੜਤਾਲ ਸੀ। ਰੂਸ ਦੇ ਮਹਾਨ ਇਨਕਲਾਬੀ ਨੇਤਾ ਲੈਨਿਨ ਨੇ ਇਸ ਹੜਤਾਲ ਨੂੰ ਭਾਰਤ 'ਚ ਬ੍ਰਿਟਿਸ਼ ਹਕੂਮਤ ਦੇ ਪਤਨ ਦਾ ਐਲਾਨ ਕਿਹਾ ਸੀ। 1908 ਦੀ ਇਸ ਪਹਿਲੀ ਤੇ ਵੱਡੀ ਰਾਜਸੀ ਹੜਤਾਲ ਪਿਛੋਂ ਮਜ਼ਦੂਰਾਂ ਦਾ ਦੂਜਾ ਵੱਡਾ ਸੰਘਰਸ਼ ਅਹਿਮਦਾਬਾਦ ਵਿੱਚ ਉਸ ਸਮੇਂ ਫੁਟਿਆ ਜਦ ਪੂਰਾ ਦੇਸ਼ 1919 'ਚ ਰੋਲਟ ਐਕਟ ਦਾ ਵਿਰੋਧ ਕਰ ਰਿਹਾ ਸੀ। 1919 ਦਾ ਅਪ੍ਰੈਲ ਦਾ ਮਹੀਨਾ ਪੂਰੇ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਖਿਲਾਫ ਖਾੜਕੂ ਸੰਘਰਸ਼ ਦਾ ਮਹੀਨਾ ਸੀ। ਜਲਿਆਂ ਵਾਲਾ ਬਾਗ ਕਤਲੇਆਮ ਦੇ ਠੀਕ ਤਿੰਨ ਦਿਨ ਪਹਿਲਾਂ ਅਹਿਮਦਾਬਾਦ 'ਚ ਕੱਪੜਾ ਮਿੱਲ ਤੇ ਹੋਰ ਮਜ਼ਦੂਰਾਂ ਨੇ ਆਪਣਾ ਕਬਜਾ ਕਾਇਮ ਕਰ ਲਿਆ ਸੀ। 10-11 ਅਪ੍ਰੈਲ ਨੂੰ ਅਹਿਮਦਾਬਾਦ ਮਜ਼ਦੂਰਾਂ ਦੇ ਹੱਥਾਂ ਵਿੱਚ ਸੀ। ਮਜ਼ਦੂਰਾਂ ਨੇ ਮਹਾਤਮਾ ਗਾਂਧੀ ਦੀ ਸਾਰੀ ਸਮਝੌਤਾਪ੍ਰਸਤੀ ਤੇ ਸ਼ਾਂਤੀ ਦੀਆਂ ਗੱਲਾਂ ਨੂੰ ਕਿਨਾਰੇ ਰੱਖ ਕੇ 10 ਅਪ੍ਰੈਲ ਨੂੰ ਪੁਲਸ ਨਾਲ ਸਖਤ ਟੱਕਰ ਲਈ। ਇਸ ਸੰਘਰਸ਼ ਵਿੱਚ ਕਈ ਮਜ਼ਦੂਰ ਤੇ ਪੁਲਸ ਵਾਲੇ ਜ਼ਖਮੀ ਹੋਏ। ਅਹਿਮਦਾਬਾਦ ਦੇ ਲੋਕਾਂ ਨੇ ਪੁਲਸ ਵੱਲੋਂ ਜੁਲਮ ਖਿਲਾਫ ਸਰਕਾਰੀ ਇਮਾਰਤਾਂ, ਡਾਕਘਰਾਂ, ਦਫ਼ਤਰਾਂ ਤੇ ਥਾਣਿਆਂ ਨੂੰ ਅਗਨੀ ਭੇਂਟ ਕਰ ਦਿੱਤਾ ਅਤੇ ਅਹਿਮਦਾਬਾਦ ਦੀਆਂ ਕੰਧਾਂ 'ਤੇ ਲਿਖ ਦਿੱਤਾ "ਬ੍ਰਿਟਿਸ਼ ਹਾਕਮ ਭਜਾ ਦਿੱਤੇ ਗਏ ਹਨ, ਇੰਗਲੈਂਡ ਦਾ ਬਾਦਸ਼ਾਹ ਹਾਰ ਗਿਆ ਹੈ। ਸਵਰਾਜ ਸਥਾਪਤ ਹੋ ਚੁੱਕਿਆ ਹੈ।" ਮੁੰਬਈ 'ਚ ਰੇਲ ਤੇ ਤਾਰ ਦੇ ਸਬੰਧ ਭੰਗ ਕਰ ਦਿੱਤੇ ਗਏ। ਅੰਗਰੇਜ ਅਹਿਮਦਾਬਾਦ 'ਤੇ ਦੋ ਦਿਨ ਪਿੱਛੋਂ ਫੌਜ ਆਸਰੇ ਹੀ ਕਬਜਾ ਕਰ ਸਕੇ। ਇੰਟਰ ਕਮਿਸ਼ਨ ਨੇ ਆਪਣੀ ਰਿਪੋਰਟ 'ਚ ਪਿੱਛੋਂ ਲਿਖਿਆ ਕਿ ਇਸ ਸੰਘਰਸ਼ 'ਚ 28 ਆਦਮੀ ਮਾਰੇ ਗਏ ਅਤੇ 127 ਜ਼ਖ਼ਮੀ ਹੋਏ। ਅਹਿਮਦਾਬਾਦ ਦੀਆਂ ਕੱਪੜਾ ਮਿੱਲਾਂ ਦੇ ਮਜ਼ਦੂਰਾਂ ਦੇ ਇਸ ਸੰਘਰਸ਼ ਦੀ ਖ਼ਬਰ ਦਾ ਅਸਰ ਪੂਰੇ ਗੁਜਰਾਤ 'ਚ ਹੋਇਆ। ਇਸ ਤਰ੍ਹਾਂ ਕਲਕੱਤਾ ਦੇ ਮਜ਼ਦੂਰਾਂ ਅਤੇ ਹੋਰ ਜਨਤਾ ਦੀ ਹੜਤਾਲ ਨੂੰ ਅੰਗਰੇਜ਼ ਫੌਜ ਦੇ ਆਸਰੇ ਹੀ ਕੁਚਲ ਸਕੇ। 30 ਅਕਤੂਬਰ 1920 ਨੂੰ ਬੰਬਈ 'ਚ ਏਟਕ ਦੇ ਪਹਿਲੇ ਇਜਲਾਸ ਤੋਂ ਪਹਿਲਾਂ ਤੱਕ ਭਾਰਤ 'ਚ ਮਜ਼ਦੂਰ ਅੰਦੋਲਨ ਦੇ ਵਿਕਾਸ ਦੀ ਰਫਤਾਰ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 1920 ਤੋਂ ਪਹਿਲਾਂ ਛੇ ਮਹੀਨਿਆਂ 'ਚ ਦੋ ਸੌ ਤੋਂ ਵੀ ਵੱਧ ਹੜਤਾਲਾਂ ਹੋਈਆਂ। ਇਹਨਾਂ 'ਚ ਸ਼ਾਮਿਲ ਮਜਦੂਰਾਂ ਦੀ ਗਿਣਤੀ 15 ਲੱਖ ਤੋਂ ਵੀ ਵੱਧ ਸੀ। ਇਹ ਹੜਤਾਲਾਂ ਕੱਪੜਾ, ਜੂਟ, ਰੇਲ, ਟਾਟਾ ਦੇ ਕਾਰਖਾਨੇ, ਚਾਹ ਦੇ ਬਾਗ ਡਾਕ-ਤਾਰ ਵਿਭਾਗ ਦੇ ਮਜ਼ਦੂਰਾਂ ਤੇ ਕਰਮਚਾਰੀਆਂ ਵੱਲੋਂ ਕੀਤੀਆਂ ਗਈਆਂ ਸਨ।

1921 'ਚ ਹੜਤਾਲਾਂ ਦੀ ਗਿਣਤੀ 396 ਤੱਕ ਪਹੁੰਚ ਗਈ ਸੀ। ਏਟਕ ਦੀ ਸਥਾਪਨਾ ਤੋਂ ਪਹਿਲਾਂ ਦਾ ਸਮਾਂ ਐਸਾ ਸਮਾਂ ਸੀ, ਜਦ ਮਜ਼ਦੂਰਾਂ ਵਿਚਕਾਰ ਬ੍ਰਿਟਿਸ਼ ਹਕੂਮਤ ਤੋਂ ਮੁਕਤੀ ਦਾ ਵਿਚਾਰ ਤਾਂ ਸੀ, ਉਹ ਕੌਮੀ ਆਜ਼ਾਦੀ ਚਾਹੁੰਦੇ ਸਨ ਪਰ

ਇਹ ਵਿਚਾਰ ਉਹਨਾਂ ਦੇ ਕੋਲ ਨਹੀਂ ਸੀ ਕਿ ਉਹਨਾਂ ਦੀ ਮੁਕਤੀ ਦੀ ਜ਼ਰੂਰੀ ਸ਼ਰਤ ਹੈ ਕਿ ਬ੍ਰਿਟਿਸ਼ ਹਕੂਮਤ ਤੋਂ ਆਜ਼ਾਦੀ ਪਿਛੋਂ ਮਜ਼ਦੂਰਾਂ ਦੀ ਅਗਵਾਈ 'ਚ ਲੋਕਾਂ ਦਾ ਰਾਜ ਕਾਇਮ ਹੋਵੇ ਜੋ ਕਾਲਾਂਤਰ ਵਿੱਚ ਸਮਾਜਵਾਦ ਦੀ ਸਥਾਪਨਾ ਕਰੇ। ਰੂਸ ਦੀ ਅਕਤੂਬਰ ਕ੍ਰਾਂਤੀ ਦਾ ਭਾਰਤੀ ਸਮਾਜ 'ਤੇ ਵਿਆਪਕ ਪ੍ਰਭਾਵ ਪਿਆ। ਕਮਿਊਨਿਸਟ ਵਿਚਾਰਧਾਰਾ ਦੇ ਪ੍ਰਭਾਵ ਵਿੱਚ ਆ ਕੇ ਦੇਸ਼ ਵਿਦੇਸ਼ 'ਚ ਭਾਰਤ ਦੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਦੇ ਯਤਨ ਤੇਜ਼ ਹੋ ਗਏ। ਬ੍ਰਿਟਿਸ਼ ਸਾਮਰਾਜੀਆਂ ਨੇ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਦਮਨ ਦੀ ਨੀਤੀ ਅਪਣਾਈ। ਕਮਿਊਨਿਸਟਾਂ ਖਿਲਾਫ਼ ਕਈ ਮੁਕੱਦਮੇ ਦਰਜ਼ ਕੀਤੇ ਗਏ। ਇਹਨਾਂ ਵਿੱਚ ਪੇਸ਼ਾਵਰ ਛੜਯੰਤਰ ਕੇਸ (1922-23) ਕਾਨਪੁਰ ਬੋਲਸ਼ਵਿਕ ਸਾਜਿਸ਼ ਕੇਸ (1923) ਮੇਰਠ ਸਾਜਿਸ਼ ਕੇਸ (1922-23) ਇਸ ਵਿਚਾਰਧਾਰਾ ਦਾ ਪ੍ਰਭਾਵ ਕੌਮੀ ਕ੍ਰਾਂਤੀਕਾਰੀਆਂ 'ਤੇ ਪਿਆ ਸੀ ਅਤੇ ਇਸ ਦਾ ਹੀ ਅਸਰ ਸੀ ਕਿ ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਨੇ ਆਪਣੇ ਸੰਗਠਨ ਦਾ ਨਾਂ ਹਿੰਦੁਸਤਾਨ ਰਿਪਬਲੀਕਨ ਆਰਮੀ ਤੋਂ ਬਦਲ ਕੇ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਆਰਮੀ ਰੱਖ ਲਿਆ ਸੀ। ਆਜ਼ਾਦੀ ਦੀ ਲੜਾਈ 'ਚ ਇੱਕ ਨਵੀਂ ਲਹਿਰ 1919-22 ਪਿੱਛੋਂ 1929-30 'ਚ ਆਈ। ਮਜ਼ਦੂਰਾਂ ਦੇ ਇਸ ਦੌਰ ਦੇ ਸੰਘਰਸ਼ ਵਿੱਚ ਸੋਲਾਪੁਰ ਦੇ ਮਜ਼ਦੂਰਾਂ ਦਾ ਸੰਘਰਸ਼ ਭਾਰਤ ਦੇ ਮਜ਼ਦੂਰ ਅੰਦੋਲਨ ਭਾਰਤ ਦੇ ਸੰਘਰਸ਼ ਦੇ ਸਭ ਤੋਂ ਗੌਰਵਸ਼ਾਲੀ ਸੰਘਰਸ਼ਾਂ ਵਿੱਚੋਂ ਇੱਕ ਅਤੇ ਕਈ ਮਾਮਲਿਆਂ 'ਚ ਅਨੂਠਾ ਹੈ।

23 ਅਪ੍ਰੈਲ 1930 ਨੂੰ ਪੇਸ਼ਾਵਰ 'ਚ ਲੋਕ ਰੋਹ ਇਸ ਤਰ੍ਹਾਂ ਭੜਕਿਆ ਕਿ ਬ੍ਰਿਟਿਸ਼ ਹਾਕਮਾਂ ਨੇ ਸੈਨਾਂ ਦੀ ਗੜਵਾਲ ਰਾਈਫਲਜ਼ ਨੂੰ ਜਨਤਾ 'ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ। ਚੰਦਰ ਸਿੰਘ ਗੜਵਾਲੀ ਦੇ ਕਹਿਣ 'ਤੇ ਸੈਨਿਕ ਨੇ ਇਸ ਤੋਂ ਨਾਂਹ ਕਰ ਦਿੱਤੀ। 25 ਅਪ੍ਰੈਲ ਤੋਂ 4 ਮਈ ਤੱਕ ਪੇਸ਼ਾਵਰ ਜਨਤਾ ਦੇ ਹੱਥ ਵਿੱਚ ਰਿਹਾ। ਪੇਸ਼ਾਵਰ ਦੀ ਘਟਨਾ ਪਿੱਛੋਂ ਦੇਸ਼ 'ਚ ਥਾਂ-ਥਾਂ ਹੜਤਾਲਾਂ ਤੇ ਵਿਰੋਧ ਮੁਜ਼ਾਹਰੇ ਆਯੋਜਿਤ ਕੀਤੇ ਜਾ ਰਹੇ ਸਨ। ਸ਼ੋਲਾਪੁਰ 'ਚ ਵੀ ਅਜਿਹਾ ਹੀ ਹੋ ਰਿਹਾ ਸੀ। 8 ਮਈ 1930 ਨੂੰ ਪੁਲਸ ਤੇ ਜਨਤਾ ਵਿਚਕਾਰ ਸਿੱਧੀ ਟੱਕਰ ਹੋਈ। ਇਸ ਟੱਕਰ 'ਚ ਕੁਝ ਪੁਲਸ ਵਾਲੇ ਤੇ ਪੰਜ ਲੋਕ ਪੁਲਸ ਗੋਲੀ ਨਾਲ ਮਾਰੇ ਗਏ ਅਤੇ ਸੌ ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਇਸ ਖਿਲਾਫ਼ ਮਜ਼ਦੂਰਾਂ ਦੀ ਅਗਵਾਈ 'ਚ ਲੋਕਾਂ ਦਾ ਗੁੱਸਾ ਆਕਾਸ਼ ਤੱਕ ਪਹੁੰਚ ਗਿਆ। ਸਰਕਾਰੀ ਦਫ਼ਤਰ, ਥਾਣੇ, ਸ਼ਰਾਬ ਦੀਆਂ ਦੁਕਾਨਾਂ ਫੂਕ ਦਿੱਤੀਆਂ ਗਈਆਂ ਅਤੇ ਅੰਗਰੇਜ਼ਾਂ 'ਤੇ ਉਹਨਾਂ ਦੇ ਪਿੱਠੂ ਇੱਧਰ-ਉਧਰ ਭੱਜ ਗਏ। ਸ਼ਹਿਰ ਤੇ ਕਬਜ਼ਾ ਕਰਕੇ ਕੌਮੀ ਝੰਡਾ ਲਹਿਰਾ ਦਿੱਤਾ ਗਿਆ। ਅਫ਼ਸਰਾਂ ਨੂੰ ਬਰਖਾਸਤ ਕਰਕੇ ਕ੍ਰਾਂਤੀਕਾਰੀ ਪ੍ਰਸਾਸ਼ਕ ਕਾਇਮ ਕਰ ਦਿੱਤਾ ਗਿਆ। ਇੱਕ ਹਫਤੇ ਤੱਕ ਮਜ਼ਦੂਰਾਂ ਦਾ ਸ਼ਹਿਰ 'ਤੇ ਕਬਜਾ ਰਿਹਾ। ਪੇਸ਼ਾਵਰ ਦੀ ਘਟਨਾ ਤੋਂ ਸਬਕ ਸਿੱਖ ਕੇ ਅੰਗਰੇਜ਼ਾਂ ਨੇ ਬ੍ਰਿਟਿਸ਼ ਫੌਜ ਨੂੰ ਫੌਜ 'ਤੇ ਕਬਜ਼ੇ ਲਈ ਭੇਜਿਆ। 12 ਮਈ ਨੂੰ ਮਾਰਸ਼ਲ ਲਾਅ ਲਾ ਦਿੱਤਾ ਗਿਆ। ਕਿਸਾਨਾਂ ਦੇ ਨੇੜੇ ਦੇ ਇੱਕ ਠਾਣੇ ਵਿੱਚ ਅੱਗ ਲਾ ਦਿੱਤੀ। ਸ਼ੋਲਾਪੁਰ ਵਿੱਚ ਫੌਜ ਦਾ ਕਬਜ਼ਾ 16 ਮਈ ਨੂੰ ਹੀ ਹੋ ਸਕਿਆ। ਇਸ ਬਗਾਵਤ ਦੇ ਕਈ ਨੇਤਾਵਾਂ ਨੂੰ ਅੰਗਰੇਜ਼ਾਂ ਨੇ ਬਾਅਦ 'ਚ ਫਾਂਸੀ ਦੇ ਦਿੱਤੀ ਇਸ ਬਗਾਵਤ ਦੇ ਨਾਇਕ ਆਜ਼ਾਦੀ ਦੇ 60 ਸਾਲਾਂ ਪਿੱਛੋਂ ਵੀ ਅਗਿਆਤ ਬਣੇ ਰਹੇ ਹਨ।

1930 ਦੀ ਇਸ ਘਟਨਾ ਪਿੱਛੋਂ ਦਾ ਸਮਾਂ ਵੀ ਮਜ਼ਦੂਰਾਂ ਦੇ ਜੁਝਾਰੂ ਸੰਘਰਸ਼ਾਂ ਦਾ ਰਿਹਾ ਹੈ। ਇਹਨਾਂ ਵਿੱਚ 1936 'ਚ ਬੰਗਾਲ-ਨਾਗਪੁਰ ਰੇਲਵੇ ਦੇ 60 ਹਜ਼ਾਰ ਮਜ਼ਦੂਰਾਂ ਦੀ ਹੜਤਾਲ ਹਰਮਨ ਪਿਆਰੀ ਰਹੀ। ਇਸ ਦੌਰਾਨ ਸੰਘਰਸ਼ਾਂ 'ਚ ਬੇਹਤਰ ਤਨਖਾਹ ਤੇ ਕੰਮ ਦੀ ਬੇਹਤਰ ਹਾਲਤ ਦੇ ਨਾਲ-ਨਾਲ ਟ੍ਰੇਡ ਯੂਨੀਅਨ ਬਣਾਉਣ ਦੇ ਸੰਘਰਸ਼ ਮੁੱਖ ਰਹੇ। 1936 'ਚ ਰਜਿਸਟਰਡ ਯੂਨੀਅਨਾਂ ਦੀ ਗਿਣਤੀ 241 ਸੀ, ਜੋ ਕਿ 1939 'ਚ ਵਧ ਕੇ 562 ਹੋ ਗਈ ਸੀ। ਆਉਣ ਵਾਲੇ ਸਾਲਾਂ 'ਚ ਹੜਤਾਲਾਂ ਦਾ ਸਿਲਸਿਲਾ ਵਧਦਾ ਗਿਆ। 1942 ਤੋਂ 1945 ਦੇ ਸਮੇਂ 'ਚ ਹੜਤਾਲਾਂ ਦੀ ਗਿਣਤੀ ਜਿੱਥੇ ਸੈਂਕੜਿਆਂ ਵਿੱਚ ਪਹੁੰਚ ਗਈ ਸੀ ਉਥੇ ਉਹਨਾਂ 'ਚ ਸ਼ਾਮਿਲ ਮਜ਼ਦੂਰਾਂ ਦੀ ਗਿਣਤੀ ਕਈ ਲੱਖਾਂ 'ਚ ਪਹੁੰਚ ਚੁੱਕੀ ਸੀ। 1946 'ਚ ਹੜਤਾਲਾਂ 'ਚ ਸ਼ਾਮਿਲ ਮਜ਼ਦੂਰਾਂ ਦੀ ਗਿਣਤੀ 19 ਲੱਖ 31 ਹਜ਼ਾਰ ਤੱਕ ਜਾ ਪਹੁੰਚੀ। ਇਹ ਹੜਤਾਲਾਂ ਦੇਸੀ ਤੇ ਵਿਦੇਸ਼ੀ ਦੋਨੋਂ ਪੂੰਜੀਪਤੀਆਂ ਦੇ ਹਿੱਤਾਂ 'ਤੇ ਸੱਟ ਮਾਰਦੀ ਸੀ। ਅਕਸਰ ਹੀ ਕਾਂਗਰਸੀ ਨੇਤਾ ਹੜਤਾਲ ਤੋੜਨ ਦੀ ਭੂਮਿਕਾ ਅਦਾ ਕਰਦੇ ਸਨ। ਸੰਨ 1945 ਤੇ 1946 ਭਾਰਤ ਦੇ ਇਤਿਹਾਸ ਵਿੱਚ ਅਜਿਹੇ ਵਰ੍ਹੇ ਸਨ ਜਿਹਨਾਂ 'ਚ ਭਾਰਤ ਦੀ ਆਜ਼ਾਦੀ ਦੀਆਂ ਆਸਾਂ ਉਥੇ ਪਹੁੰਚ ਗਈਆਂ ਜਿੱਥੋਂ ਸੰਕੇਤ ਹਾਸਿਲ ਕਰਕੇ ਅੰਗਰੇਜ਼ਾਂ ਨੇ ਮਜ਼ਬੂਰ ਹੋ ਕੇ ਆਪਣਾ ਬਿਸਤਰਾ ਬੰਨਣਾ ਸ਼ੁਰੂ ਕਰ ਦਿੱਤਾ ਸੀ, ਇਸ ਅਰਸੇ ਦੇ ਸੰਘਰਸ਼ ਵਿੱਚ 1945 'ਚ ਆਜ਼ਾਦ ਹਿੰਦ ਫੌਜ ਦੇ ਫੌਜੀਆਂ ਖਿਲਾਫ਼ ਅੰਗਰੇਜਾਂ ਵੱਲੋਂ ਚਲਾਏ ਗਏ ਮੁਕੱਦਮੇ ਦਾ ਦੇਸ਼ ਵਿਆਪੀ ਵਿਰੋਧ ਤੇ 1946 'ਚ ਸਮੁੰਦਰੀ ਫੌਜ ਦੀ ਬਗਾਵਤ ਮੁੱਖ ਹਨ। ਇਹਨਾਂ ਦੋਨਾਂ ਹੀ ਘਟਨਾਵਾਂ ਵਿੱਚ ਮਜ਼ਦੂਰ ਵਰਗ ਨੇ ਕ੍ਰਾਂਤੀਕਾਰੀ ਭਾਵਨਾ ਤੇ ਪਹਿਲਕਦਮੀ ਦੇ ਨਾਲ-ਨਾਲ ਬਹਾਦਰੀ ਵਿਖਾਈ।

ਨਵੰਬਰ 1945 'ਚ ਆਜ਼ਾਦ ਹਿੰਦ ਫੌਜ ਦੇ ਅਫ਼ਸਰਾਂ ਫੌਜੀਆਂ ਨੂੰ ਸੁਣਾਈਆਂ ਗਈਆਂ ਸਜ਼ਾਵਾਂ ਦੇ ਵਿਰੋਧ 'ਚ 22 ਨਵੰਬਰ ਨੂੰ ਕਲਕੱਤੇ ਦੇ ਮਜ਼ਦੂਰਾਂ ਨੇ ਵੱਡੀ ਹੜਤਾਲ ਜਥੇਬੰਦ ਕੀਤੀ। ਕਾਰਪੋਰੇਸ਼ਨ, ਟ੍ਰਾਸ, ਬੱਸ, ਟੈਕਸੀ, ਰਿਕਸ਼ਾ, ਪਾਣੀ ਤੇ ਬਿਜਲੀ ਸਭ ਦੇ ਮਜਦੂਰ ਹੜਤਾਲ 'ਤੇ ਚਲੇ ਗਏ। ਦੱਖਣੀ ਕਲਕੱਤਾ ਵਿਚ ਬਗਾਵਤ 'ਤੇ ਉਤਰੀ ਜਨਤਾ ਨੇ ਅਨੇਕਾਂ ਫੌਜੀਆਂ ਗੱਡੀਆਂ ਸਾੜ ਦਿੱਤੀਆਂ। ਇਸ ਬਗਾਵਤ ਨੂੰ ਦਬਾਉਣ 'ਚ ਫੌਜ ਦੇ ਜ਼ਬਰ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਦਰਜਨਾਂ ਆਦਮੀ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋਏ। ਮੁੰਬਈ ਵਰਗੇ ਸ਼ਹਿਰਾਂ ਵਿੱਚ ਵੀ ਵਿਆਪਕ ਮੁਜ਼ਾਹਰੇ ਹੋਏ। ਫਰਵਰੀ 1946 'ਚ ਸਮੁੰਦਰੀ ਫੌਜ ਦੀ ਬਗਾਵਤ ਸਮੇਂ ਜਦ ਕਾਂਗਰਸ ਤੇ ਮੁਸਲਿਮ ਲੀਗ ਬ੍ਰਿਟਿਸ਼ ਹਾਕਮਾਂ ਦੀ ਸੁਰ 'ਚ ਸੁਰ ਮਿਲਾ ਰਹੇ ਸਨ ਤਦ ਦੇਸ਼ ਦੇ ਮਜ਼ਦੂਰ ਅਤੇ ਕਮਿਊਨਿਸਟ ਪਾਰਟੀ ਜਲ ਸੈਨਾ ਦੇ ਨਾਲ ਖੜ੍ਹੇ ਸਨ। ਮੁੰਬਈ ਦੇ ਮਜ਼ਦੂਰਾਂ ਨੇ ਜਿਹਨਾਂ ਦੀ ਗਿਣਤੀ ਦੇ ਸਾਲ ਤੋਂ ਵੀ ਵੱਧ ਸੀ। 22 ਫਰਵਰੀ ਨੂੰ ਹੜਤਾਲ ਕੀਤੀ ਸੀ। ਮਿਹਨਤਕਸ਼ਾਂ ਨੇ ਥਾਂ-ਥਾਂ ਮੋਰਚਾਬੰਦੀ ਕੀਤੀ। ਇਸ ਸੰਘਰਸ਼ 'ਚ 250 ਤੋਂ ਵੱਧ ਮਜ਼ਦੂਰ ਤੇ ਹੋਰ ਲੋਕ 21-23 ਫਰਵਰੀ ਦੇ ਦੌਰਾਨ ਮਾਰੇ ਗਏ। ਅਜਿਹਾ ਮਾਣਮੱਤਾ ਤੇ ਗੌਰਵਸ਼ਾਲੀ ਹੈ ਭਾਰਤ ਦੀ ਮਜ਼ਦੂਰ ਜਮਾਤ ਦਾ ਇਤਿਹਾਸ ਜਿਸ 'ਤੇ ਹਰ ਭਾਰਤੀ ਮਜ਼ਦੂਰ ਨੂੰ ਫਖਰ ਹੈ।

-----✪✪-----

ਵਿਅੰਗ

# ਜੀ ਹਾਂ ਮੈਂ ਭਰਿਸ਼ਟਾਚਾਰ ਹਾਂ

ਜੀ ਹਾਂ ਮੈਂ ਭਰਿਸ਼ਟਾਚਾਰ ਹਾਂ। ਧਰਤੀ 'ਤੇ ਰੱਬ ਦੀ ਆੜ ਵਿਚ ਰੱਬ ਤੋਂ ਵੀ ਵੱਧ ਮੇਰੀ ਪੂਜਾ ਹੁੰਦੀ ਹੈ। ਇਉਂ ਮੇਰੇ ਨਾਂ 'ਤੇ ਕੋਈ ਵਿਸ਼ੇਸ਼ ਮੰਦਰ-ਮਸਜਿਦ ਨਹੀਂ ਹਨ ਫਿਰ ਵੀ ਮੈਂ ਹਰ ਨਰ-ਨਾਰੀ ਦੇ ਮਨ ਮੰਦਿਰ 'ਚ ਬਿਨਾਂ ਕਿਸੇ ਹਿਚਕਦੇ ਨਾਲ ਸਸਮਾਨ ਰਹਿ ਰਿਹਾ ਹਾਂ। ਜੋ ਲੋਕ ਦਿਨ ਦੀ ਰੌਸ਼ਨੀ 'ਚ ਡਰਦੇ ਹਨ, ਉਹ ਵੀ ਪਰਦੇ ਪਿਛੇ ਮੈਨੂੰ ਗਲੇ ਲਾਉਣ ਦਾ ਕੋਈ ਮੌਕਾ ਨਹੀਂ ਗੁਆਉਂਦੇ। ਇਸ ਮਾਮਲੇ 'ਚ ਮੈਂ ਵੱਡਿਆਂ ਵੱਡਿਆਂ ਨੂੰ ਜ਼ਮੀਰ ਵੇਚਦੇ ਵੇਖਿਆ ਹੈ। ਵੈਸੇ ਤਾਂ ਕੁਲ ਮਿਲਾ ਕੇ ਮੈਂ ਦੁਨੀਆਂ ਭਰ 'ਚ ਫੈਲਿਆ ਹੋਇਆ ਹਾਂ। ਪਰ ਜਿਥੇ ਗਰੀਬੀ, ਭੁਖਮਰੀ ਤੇ ਧਾਰਮਿਕ ਕਟੜਤਾ ਦਾ ਬੋਲਬਾਲਾ ਹੁੰਦਾ ਹੈ। ਉਥੇ ਉਪਰ ਤੋਂ ਹੇਠਾਂ ਤੱਕ ਮੈਂ ਹੀ ਮੈਂ ਹੁੰਦਾ ਹਾਂ। ਅਜਿਹੇ ਸਮਾਜ ਦਾ ਵਰਗ ਵਿਸ਼ੇਸ਼ ਆਪਣੇ ਪ੍ਰਭੂਆ ਨੂੰ ਖੁਸ਼ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਮਹਾਂ ਝੂਠਾਂ ਨੂੰ ਇਸ ਤਰ੍ਹਾਂ ਨਾਲ ਦੁਹਰਾਉਂਦੇ ਹਨ ਕਿ ਕਾਲਾਂਤਰ ਵਿਚ ਇਹ ਹੀ ਮਹਾਂਝੂਠ ਮਹਾਂ ਸੱਚ ਲਗਣ ਲਗਦੇ ਹਨ। ਮੇਰੇ ਰਾਜ ਵਿਚ ਸੱਚ ਦੀ ਥਾਂ ਝੂਠ ਅਤੇ ਦਇਆ ਦੀ ਥਾਂ ਜਬਰ ਜੁਲਮ ਦੀ ਜੈ-ਜੈ ਹੁੰਦੀ ਹੈ। ਮੈਂ ਰੰਗ ਢੰਗ ਪੱਖੋਂ ਕਾਲਾ ਕਲੂਟਾ ਤੇ ਧੁਤਰ ਹਾਂ ਪਰ ਉਚ ਵਰਗ ਦੇ ਗੋਰੀ ਚਮੜੀ ਵਾਲਿਆਂ ਨਾਲ ਮੇਰੀ ਡੂੰਘੀ ਯਾਰੀ ਹੈ। ਸੁਭਾਅ ਤੋਂ 'ਠੱਗ' ਬਨਾਮ ਧੋਖੇ ਬਾਜ਼ ਹਾਂ। ਇਸ ਦੇ ਬਾਵਜੂਦ ਮੇਰੇ 'ਤੇ ਸੰਤਾਂ ਮਹੰਤਾਂ ਦੀ ਅਥਾਹ ਕ੍ਰਿਪਾ ਹੈ। ਇਹਨਾਂ ਦੇ ਦਿਸ਼ਾ ਨਿਰਦੇਸ਼ 'ਚ ਭਰੇ ਪੇਟ ਵਾਲਿਆਂ ਨੂੰ ਰੋਟੀ ਖਵਾਉਂਦਾ ਹਾਂ ਜਦ ਕਿ ਭੁਖੇ ਨੰਗਿਆਂ ਨੂੰ ਰੋਜ਼ੀ ਰੋਟੀ ਲੈਣ ਦੀ ਬਜਾਏ ਉਹਨਾਂ ਨੂੰ ਅੰਗੂਠਾ ਵਿਖਾਉਂਦਾ ਹਾਂ। ਮੈਂ ਮੌਕਾਪ੍ਰਸਤ ਹੋਣ ਦੇ ਨਾਲ ਨਾਲ ਮੈਂ ਲੋਟੋ ਦੀ ਤਰ੍ਹਾਂ ਲੁਟਕਣ 'ਚ ਸਭ ਤੋਂ ਅੱਗੇ ਹਾਂ। ਪਾਰਟੀ, ਝੰਡੇ ਜਾਂ ਵਿਚਾਰਧਾਰਾ ਨਾਲ ਮੇਰਾ ਕੋਈ ਲੈਣਾ ਦੇਣਾ ਨਹੀਂ ਹੈ। ਜੋ ਮੇਰੀ ਜਿੰਨੀ ਪੂਜਾ ਕਰਦੇ ਹਨ ਉਸੇ ਅਨੁਪਾਤ 'ਚ ਜ਼ਰੂਰਤ ਮੰਦ ਦੇ ਹੱਕ ਨੂੰ ਖੋਹ ਕੇ ਆਪਣੇ ਪ੍ਰੇਮੀਆਂ (ਭਰਿਸ਼ਟਾਚਾਰਾਂ) ਦੇ ਹਵਾਲੇ ਕਰ ਦਿੰਦਾ ਹਾਂ। ਪਾਖੰਡ, ਅਤਿਆਚਾਰ ਤੇ ਘਪਲੇ ਇਹ ਤਿੰਨੋ ਮੁੱਖ ਤੌਰ 'ਤੇ ਮੇਰੇ ਸਭ ਤੋਂ ਵੱਡੇ ਸਬਾਰਡੀਨੇਟ ਹਨ। ਮੇਰੇ ਸਮੇਤ ਇਹਨਾਂ ਤਿੰਨਾਂ ਦਾ ਇਕੋ ਮਕਸਦ ਹੈ ਕਿ ਸਮਾਜ 'ਚ ਸਦਾਚਾਰ ਵਧ ਫੁਲ ਨਾ ਸਕੇ। ਇਸ ਮਾਮਲੇ 'ਚ ਪਾਖੰਡ ਦਾ ਕੋਈ ਜੁਆਬ ਨਹੀਂ ਹੈ। ਇਹ ਆਮ ਜਨਤਾ ਦੇ ਵਿਵੇਕ ਨੂੰ ਜਾਤੀ, ਭਗਵਤ ਇਛਾ ਤੇ ਪਿਛਲੇ ਜਨਮਾਂ ਦੇ ਹਵਾਲਿਆਂ ਰਾਹੀਂ ਅਗਵਾ ਕਰਕੇ ਸਮਾਜ ਨੂੰ ਫਿਰਕਾਪ੍ਰਸਤੀ ਦੀ ਅੱਗ ਵਿਚ ਝੋਕ ਕੇ ਹੀ ਮੈਂ ਪੂਜਿਆ ਜਾਦਾ ਹਾਂ। ਜਦ ਕਿ ਸਦਾਚਾਰ ਨੂੰ ਤਰ੍ਹਾਂ ਤਰ੍ਹਾਂ ਨਾਲ ਅਮਮਾਨਿਤ ਹੋਣਾ ਪੈਂਦਾ ਹੈ। ਜਿਥੇ ਪੈਸੇ ਦੀ ਕਾਣੀ ਵੰਡ ਨਾਲ ਅਮੀਰੀ ਛਛੂੰਦਰ ਦੇ ਸਿਰ ਵਿਚ 'ਚਮੇਲੀ ਦੇ ਤੇਲ' ਵਾਂਗੂੰ ਅਤੇ ਗਰੀਬੀ ਗਾਜਰ ਘਾਹ ਵਾਂਗੂੰ ਹੋਵੇ ਉਥੇ ਮੇਰਾ ਦੂਜਾ ਸਬਾਰਡੀਨੇਟ ਅਤਿਆਚਾਰ ਆਪਣੇ ਸ਼ਬਾਬ 'ਤੇ ਹੁੰਦਾ ਹੈ। ਉਹ ਆਪਣੇ ਪ੍ਰਭਾਵ ਨਾਲ ਅਮੀਰ ਨੂੰ ਹੋਰ ਅਮੀਰ ਗਰੀਬਾਂ ਨੂੰ ਹੋਰ ਗਰੀਬ ਬਣਾਉਣ ਲਈ ਪ੍ਰੇਰਿਤ ਕਰਦਾ ਹੈ। ਗਰਜ ਇਹ ਹੈ ਕਿ ਅਤਿਆਚਾਰ ਸਮਾਜ ਦੀ ਸ਼ਾਂਤੀ ਵਿਵਸਥਾ ਨੂੰ ਖੇਰੂੰ-ਖੇਰੂੰ ਕਰਕੇ ਸਮਾਜ ਨੂੰ ਅਪਰਾਧ ਤੇ ਅਰਾਜਕਤਾ ਦੇ ਹਵਾਲੇ ਕਰਕੇ ਇਹ

(ਅਤਿਆਚਾਰ) ਨਾਚ ਨੱਚਦਾ ਰਹਿੰਦਾ ਹੈ।

ਰਾਜਨੀਤੀ ਦੀ ਕਥਾ ਮੇਰੀ ਕ੍ਰਿਪਾ ਨਾਲ ਤਿੰਨ ਲੋਕ ਤੋਂ ਨਿਆਰੀ ਹੈ। ਰਾਜਸੀ ਨੇਤਾਵਾਂ ਨੂੰ ਮੇਰੇ ਨਾਲ ਇਸ ਹੱਦ ਤੱਕ ਪ੍ਰੇਮ ਹੈ ਕਿ ਹੜ-ਸੋਕੇ ਅਤੇ ਗ਼ਰੀਬੀ ਹਟਾਓ 'ਚ ਘੱਟ ਜਦ ਕਿ ਇਸ ਦੇ ਉਲਟ ਇਸ ਦੀ ਹੜ ਦਰ ਹੜ, ਸੋਕਾ ਦਰ ਸੋਕਾ ਤੇ ਗਰੀਬੀ ਬਣਾਈ ਰੱਖਣ ਵਿਚ ਵਧ ਚਾਹਤ ਵੇਖੀ ਜਾਂਦੀ ਹੈ। ਜ਼ਾਹਿਰ ਹੈ ਕਿ ਜਿਥੇ ਜਿੰਨੀਆਂ ਕੁਦਰਤੀ ਆਫਤਾਂ ਹੋਣਗੀਆਂ ਉਥੇ ਉਨੇ ਹੀ ਵਧ ਰਾਹਤ ਕਾਰਜ ਹੋਣਗੇ। ਰਾਹਤ ਰਾਸ਼ੀ ਦੀ ਵੰਡ ਦੌਰਾਨ ਉਪਜਦਾ ਹੈ ਮੇਰਾ ਤੀਜਾ ਸਬਆਰਡੀਨੇਟ ਘੋਟਾਲਾ। ਇਸ ਦੀ ਕ੍ਰਿਪਾ ਨਾਲ ਸਾਡੇ ਜਨ ਸੇਵਕਾਂ, ਅਧਿਕਾਰੀਆਂ, ਕਰਮਚਾਰੀਆਂ ਦੀਆਂ ਪੰਜ ਉਂਗਲਾਂ ਘਿਓ 'ਚ ਅਤੇ ਸਿਰ ਕੜਾਹੀ ਵਿਚ ਹੈ। ਰਾਹਤ ਕਾਰਜਾਂ ਦੌਰਾਨ ਘਪਲਾ 'ਗਾਮਾ' ਪਹਿਲਵਾਨ ਦੀ ਤਰ੍ਹਾਂ ਬੇਖੌਫ ਚਲਦਾ ਰਹਿੰਦਾ ਹੈ। ਪੂਰੇ ਦਾ ਪੂਰਾ ਅਮਲ ਇਸ ਪਹਿਲਵਾਨ ਅੱਗੇ ਝੁਕਦਾ ਰਹਿੰਦਾ ਹੈ। ਘਪਲਿਆਂ ਦੇ ਘਪਲੇਬਾਜ਼ਾਂ ਲਈ ਸਪੱਸ਼ਟ ਸੰਦੇਸ਼ ਹੈ, ਜਿੰਨਾ ਚਾਹੋ ਖਾਓ ਪਰ ਭੁੱਲ ਕੇ ਵੀ ਡਕਾਰੋ ਨਾ। ਪਾਠਕ ਜੀ ਦੱਸੋ ਕਿ ਕਿਸੇ ਨੇ ਖਾਸ ਕੇ ਡਕਾਰ ਲਈ ਹੈ ਅੱਜ ਤੱਕ? ਕਹਿਣ ਦਾ ਭਾਵ ਇਹੀ ਹੈ ਕਿ ਮੈਂ ਤੇ ਮੇਰੇ ਚੇਲੇ ਸਭ ਥਾਂ ਕਾਬਜ ਹਨ। ਈਸ਼ਵਰ ਦੀ ਮਰਜ਼ੀ ਨਾਲ ਪੱਤਾ ਹਿਲਦਾ ਹੈ ਜਾਂ ਨਹੀਂ ਇਹ ਖੋਜ ਦਾ ਵਿਸ਼ਾ ਹੋ ਸਕਦਾ ਹੈ ਪਰ ਮੇਰੀ ਮਰਜ਼ੀ ਬਿਨਾਂ ਕਿਸੇ ਦਫਤਰ, ਮੰਤਰਾਲੇ, ਕੋਟ ਕਚਹਿਰੀਆਂ ਤੇ ਸਨਅਤੀ ਅਦਾਰਿਆਂ ਦੀਆਂ ਫਾਈਲਾਂ ਇਧਰ ਤੋਂ ਉਧਰ ਹੁੰਦੀਆਂ ਹਨ? ਨਹੀਂ ਨਾ! ਪ੍ਰੇਮ ਨਾਲ ਬੋਲੋ ਮੇਰੀ ਤੇ ਮੇਰੇ ਚੇਲਿਆਂ ਦੀ ਜੈ। ਮੇਰਾ ਵਚਨ ਆਪਣੀ ਮਾਲੀ ਸਿਹਤ ਖਾਤਰ ਆਪਣੇ ਪੱਲੇ ਬੰਨ ਲਓ।

ਹਾਂ ਮੈਂ ਭਰਿਸ਼ਟਾਚਾਰ ਹਾਂ, ਮੇਰੇ ਨਾਲ ਹਰ ਹਾਲ ਬੱਝੇ ਰਹੋ। ਢੋਲ ਦੀ ਪੋਲ ਛੁਪੀ ਰਹੇ, ਸਦਾ ਮੈਨੂੰ ਨਮਸਕਾਰ ਕਰਦੇ ਰਹੋ।

# ਕੀ ਜ਼ਹਿਰੀਲੀ ਸ਼ਰਾਬ ਕਾਂਡ 'ਚ ਮਿਲੀਭੁਗਤ ਹੈ?

ਅਹਿਮਦਾਬਾਦ 'ਚ 110 ਲੋਕਾਂ ਦੀ ਮੌਤ, ਮੋਦੀ ਕਿੱਥੇ ਸੀ? ਸ਼ਰਾਬ ਤੇ ਗੁਜਰਾਤ ਦਾ ਨਾਤਾ ਉਦੋਂ ਤੋਂ ਹੀ ਅਸਹਿਜ ਜਿਹਾ ਰਿਹਾ ਹੈ ਜਦ 1960 'ਚ ਰਾਜ ਬਣਿਆ ਸੀ ਗੁਜਰਾਤ ਅਤੇ ਸ਼ਰਾਬ ਮਨਾਹੀ ਕਨੂੰਨ ਬਣਿਆ ਸੀ। ਗਾਂਧੀਵਾਦੀਆਂ ਦੀ ਅਗਵਾਈ 'ਚ ਸ਼ਰਾਬ ਵਿਰੋਧੀ ਸਮੂਹਾਂ ਦਾ ਦਾਅਵਾ ਸੀ ਕਿ ਅੱਛੀ ਕਨੂੰਨ ਵਿਵਸਥਾ ਅਤੇ ਸਨਅਤੀ ਸ਼ਾਂਤੀ ਲਈ ਇਹ ਪਾਬੰਦੀ ਜ਼ਰੂਰੀ ਹੈ ਜਦ ਇਕ ਹੇਠਲੇ ਤਬਕੇ ਦੇ ਇਕ ਵੱਡੇ ਪਰ ਖਾਮੋਸ਼ ਹਿੱਸੇ ਨੇ ਜਿਨ੍ਹਾਂ ਲਈ ਸ਼ਰਾਬ ਸ਼ਕੂਨ ਦਾ ਸਾਧਨ ਹੈ, ਇਸ ਦਾ ਵਿਰੋਧ ਕੀਤਾ ਸੀ, ਹਾਲ ਦੀ ਘੜੀ ਕਨੂੰਨ ਦੇ ਜ਼ਰੀਏ ਸ਼ਰਾਬ ਦੇ ਜਿੰਨ ਨੂੰ ਬੋਤਲ ਵਿਚ ਬੰਦ ਕਰਕੇ ਰੱਖਣ ਦੀ ਕੋਸ਼ਿਸ਼ ਕਈ ਜਾਨਾਂ ਲੈ ਚੁੱਕੀ ਹੈ। ਆਖਰੀ ਵਾਰੀ 1989 'ਚ ਵਦੋਦਰਾ 'ਚ ਨਕਲੀ ਜਾਂ ਦੇਸੀ ਸ਼ਰਾਬ ਪੀਣ ਨਾਲ 132 ਲੋਕਾਂ ਦੀ ਮੌਤ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ ਸੀ। ਲਗਭਗ ਦੋ ਦਹਾਕਿਆਂ ਪਿੱਛੋਂ ਪਿਛਲੇ ਹਫ਼ਤੇ ਇਸ ਜਿੰਨ ਨੇ ਅਹਿਮਦਾਬਾਦ 'ਤੇ ਧਾਵਾ ਬੋਲਿਆ, ਜਿਸ ਦੇ ਮਜ਼ਦੂਰ ਬਹੁਗਿਣਤੀ ਵਾਲੇ ਪੂਰਵੀ ਇਲਾਕੇ 'ਚ ਸਿਪਰਿਟ ਤੇ ਗੁੜ ਨਾਲ ਬਣੀ ਜ਼ਹਿਰੀਲੀ ਸ਼ਰਾਬ ਪੀਣ ਨਾਲ 110 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ, ਇਹ ਨਕਲੀ ਸ਼ਰਾਬ ਅਹਿਮਦਾਬਾਦ ਦੇ ਨੇੜੇ ਇਕ ਨਜਾਇਜ਼ ਕਾਰਖਾਨੇ 'ਚ ਬਣਾਈ ਗਈ ਸੀ। ਇਸ ਘਟਨਾ ਨਾਲ ਗੁਜਰਾਤ ਸਰਕਾਰ ਦੇ ਦਾਅਵੇ 'ਤੇ ਸਵਾਲ ਪੈਂਦਾ ਹੋ ਗਿਆ ਹੈ ਅਤੇ ਪੁਲਿਸ ਅਧਿਕਾਰੀਆਂ ਤੇ ਸ਼ਰਾਬ ਤਸਕਰਾਂ ਦੀ ਮਿਲੀ ਭੁਗਤ ਦਾ ਖੁਲਾਸਾ ਹੋਇਆ ਹੈ, ਮ੍ਰਿਤਕਾਂ 'ਚ ਬਹੁਤੇ ਦਿਹਾੜੀਦਾਰ ਮਜ਼ਦੂਰ ਸਨ, ਇਨ੍ਹਾਂ ਲੋਕਾਂ ਵਿਚੋਂ ਇਕ ਸਨ ਜੈਅੰਤ ਰੇਵਾਤ ਦੇ ਬੇਟੇ ਪੁਰਸ਼ੋਤਮ ਜਿਹਨਾਂ ਦੇ ਦੋ ਬੱਚੇ ਤੇ ਪਤਨੀ ਹੁਣ ਬੇਸਹਾਰਾ ਹੋ ਚੁੱਕੇ ਹਨ ਜੇਅੰਤ ਕਹਿੰਦੇ ਹਨ "ਸਾਰਾ ਪਰਿਵਾਰ ਬਰਬਾਦ ਹੋ ਗਿਆ, ਪੋਤੇ-ਪੋਤੀਆਂ ਨੂੰ ਸ਼ਰਾਬ ਨੂੰ ਹੱਥ ਨਹੀਂ ਲਾਉਣ ਦਿਆਂਗਾ। ਇਸ ਘਟਨਾ ਲਈ ਪੁਲਸ ਵੀ ਜ਼ਿੰਮੇਵਾਰ ਹੈ, ਜੇ ਇਹ ਸ਼ਰਾਬ ਤਸਕਰਾਂ ਤੋਂ ਰਿਸ਼ਵਤ ਲੈ ਵੀ ਰਹੀ ਹੈ ਤਾਂ ਵੀ ਕੀ ਉਸ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਉਹ ਸ਼ਰਾਬ ਦੇ ਮਿਆਰ ਦੀ ਜਾਂਚ ਕਰੇ।" ਇਸ ਘਟਨਾ ਦੇ ਕਾਰਨ ਮੋਦੀ ਸਰਕਾਰ ਦੇ ਅੱਠ ਸਾਲ ਦੇ ਕਾਰਜਕਾਲ ਵਿਚ ਪਹਿਲੀ ਵਾਰੀ ਸਰਕਾਰ ਅਤੇ ਸਥਾਨਕ ਪੁਲਸ ਦੇ ਖਿਲਾਫ਼ ਭਾਰੀ ਮੁਜ਼ਾਹਰੇ ਹੋਏ, ਭੀੜ ਨੇ ਸਰਕਾਰੀ ਬੱਸਾਂ ਤੇ ਪੁਲਸ ਨੂੰ ਨਿਸ਼ਾਨਾ ਬਣਾਇਆ। ਇਹ ਰੋਸ ਤਦ ਕੁਝ ਥੋੜ੍ਹਾ ਠੰਡਾ ਪੈਂਦਾ ਦਿਸਿਆ ਜਦ ਮੋਦੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਪ੍ਰਤੀ ਹਮਦਰਦੀ ਵਿਖਾਈ। ਸ਼ਰਾਬ ਦੇ ਨਜਾਇਜ਼ ਅੱਡਿਆ ਖਿਲਾਫ਼ ਮੁਹਿੰਮ ਸ਼ੁਰੂ ਕਰਵਾਈ। ਸ਼ੱਕੀ ਸ਼ਰਾਬ ਵਪਾਰੀਆਂ ਅਤੇ ਖੇਤਰ ਵਿਚ ਸ਼ਰਾਬ ਬੰਦੀ ਲਾਗੂ ਕਰਨ ਲਈ ਜ਼ਿੰਮੇਵਾਰ ਮੁਲਤਵੀ ਪੁਲਸ ਅਧਿਕਾਰੀਆਂ ਖਿਲਾਫ਼ ਸਖ਼ਤ ਕਾਰਵਾਈ ਦਾ ਵਾਅਦਾ ਕੀਤਾ ਗਿਆ ਅਤੇ ਘਟਨਾ ਦੀ ਜਾਂਚ ਲਈ ਹਾਈਕੋਰਟ ਦੇ ਸੇਵਾ ਮੁਕਤ ਜੱਜ ਦੀ ਅਗਵਾਈ 'ਚ ਇਕ ਸੰਸਦੀ ਕਮਿਸ਼ਨ ਦਾ ਗਠਨ ਕੀਤਾ ਗਿਆ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, "ਇਸ ਘਟਨਾ ਦੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।" ਦਸੰਬਰ 2007 'ਚ ਹੋਈਆਂ ਵਿਧਾਨ ਸਭਾ ਚੋਣਾਂ ਦੇ 18 ਮਹੀਨਿਆਂ ਪਿਛੋਂ ਮੋਦੀ ਸਰਕਾਰ ਨੂੰ ਇਸ ਘਟਨਾ ਕਾਰਨ ਦੋ ਤਿੱਖੇ ਸੰਕੇਤ ਮਿਲੇ ਹਨ। ਪਹਿਲਾਂ ਤਾਂ ਇਹ ਕਿ ਰਾਜ ਦੀ ਸਾਲਾਂ ਪੁਰਾਣੀ ਸ਼ਰਾਬਬੰਦੀ ਦੀ ਨੀਤੀ 'ਤੇ ਪੁਨਰਵਿਚਾਰ ਦੀ ਜ਼ਰੂਰਤ ਹੈ

ਯਾਨੀ ਇਸ ਵਿਚ ਪੂਰੀ ਤਰ੍ਹਾਂ ਨਾਲ ਢਿੱਲ ਦਿੱਤੀ ਜਾਵੇ ਜਾਂ ਫਿਰ ਇਸ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਦੂਜਾ ਇਹ ਕਿ ਸਰਕਾਰ ਸੁਸਤ ਪ੍ਰਸ਼ਾਸਨ ਨੂੰ ਦਰੁਸਤ ਕਰੇ, ਇਸ ਘਟਨਾ ਦੇ ਕਾਰਨ ਇਕ ਪਾਸੇ ਜਿਥੇ ਸਰਕਾਰ ਦਾ ਰਵੱਈਆ ਰਖਿਆਤਮਕ ਹੋ ਗਿਆ ਹੈ, ਉਥੇ ਵਿਰੋਧੀ ਕਾਂਗਰਸ ਪਾਰਟੀ ਦੇ ਹੱਥ ਇਹ ਮੁੱਦਾ ਲੱਗ ਗਿਆ ਹੈ। ਜਿਸ ਦੇ ਜ਼ੋਰ ’ਤੇ ਇਹ ਸਰਕਾਰ ਨੂੰ ਨਿਸ਼ਾਨਾ ਬਣਾ ਸਕੇ। ਰਾਜ ’ਚ ਇਹ ਪੁਰਾਣੀ ਬਹਿਸ ਫਿਰ ਸ਼ੁਰੂ ਹੋ ਗਈ ਹੈ ਕਿ ਸ਼ਰਾਬਬੰਦੀ ਨੀਤੀ ਨੂੰ ਹੁਣ ਵੀ ਜਾਰੀ ਰੱਖਣਾ ਕਿੰਨਾ ਸਾਰਥਕ ਹੈ। ਇਹ ਵੀ ਉਦੋਂ ਜਦਕਿ ਸ਼ਰਾਬ ਵਰਜਿਤ ਵਿਰੋਧੀ ਤਬਕੇ ਦਾ ਵਾਅਦਾ ਹੈ ਕਿ ਪੁਲਿਸ ’ਚ ਭਰਿਸ਼ਟਾਚਾਰ ਦਾ ਇਹ ਸਭ ਤੋਂ ਵੱਡਾ ਸਰੋਤ ਹੈ। ਜਿਸ ਦੇ ਕਾਰਨ ਸਰਕਾਰੀ ਖਜ਼ਾਨੇ ਨੂੰ ਪੈਦਾਵਾਰ ਟੈਕਸ ’ਚ ਕਰੀਬ 2000 ਕਰੋੜ ਰੁਪਏ ਦਾ ਸਲਾਨਾ ਘਾਟਾ ਹੋ ਰਿਹਾ ਹੈ। ਪਾਬੰਦੀ ਦੀ ਹਮਾਇਤ ਗਾਂਧੀਵਾਦੀ ਵਿਚਾਰਧਾਰਾ ਦੇ ਲੋਕ ਤੇ ਕਾਰੋਬਾਰੀਆਂ ਦਾ ਇਕ ਧੜਾ ਕਰ ਰਿਹੈ। ਦਿਲਚਸਪ ਗੱਲ ਇਹ ਹੈ ਕਿ ਖੁਦ ਮੋਦੀ ਸਰਕਾਰ ਦੀ ਇਸ ਨੀਤੀ ਵਿਚ ਢਿੱਲ ਦੇਣ ਨੂੰ ਉਤਸੁਕ ਹੈ। ਉਸ ਨੇ ਐਸ ਈ ਜੈਡ ’ਚ ਸ਼ਰਾਬ ਦੀ ਛੋਟ ਦਿੱਤੀ ਹੈ ਅਤੇ ਐਸ. ਈ. ਜੈਡ. ਤੋਂ ਬਾਹਰ ਵਿਸ਼ੇਸ਼ ਇਜ਼ਾਜਤ ਲੈ ਕੇ ਸ਼ਰਾਬ ਦੀ ਛੋਟ ਦਿੱਤੀ ਹੈ ਪਰ ਲੋਕਾਂ ਦੀ ਨਕਾਰਤਮਕ ਪ੍ਰਤੀਕ੍ਰਿਆ ਦੇ ਡਰ ਕਾਰਨ ਉਹ ਇਸ ਵਿਚ ਪੂਰੀ ਛੋਟ ਨਹੀਂ ਦੇ ਪਾ ਰਹੀ ਹੈ। ਵਰਜਿਤ ਨੀਤੀ ’ਤੇ ਨਜ਼ਰ ਰੱਖਣ ਲਈ ਬਣਾਏ ਗਏ ਪਿਛਲੇ ਕਮਿਸ਼ਨਾਂ ਨੇ ਸ਼ਰਾਬ ਦੇ ਤਸਕਰਾਂ ਤੇ ਪੁਲਿਸ ਵਿਚਕਾਰ ਡੂੰਘੇ ਸੰਬੰਧ ਪਾਏ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਨਿਯਮ ਨੂੰ ਢਿੱਲੇ ਕਰਨ ਦਾ ਸੁਝਾਅ ਦਿੱਤਾ। 1989 ’ਚ ਵਦੋਦਰਾ ’ਚ ਹੋਏ ਕਾਂਡ ਪਿੱਛੋਂ ਗਠਿਤ ਜਸਟਿਸ (ਸੇਵਾ ਮੁਕਤ) ਏ. ਏ. ਦਵੇ ਆਯੋਗ ਨੇ ਵੀ ਇਹੀ ਸੁਝਾਅ ਦਿੱਤਾ ਸੀ। ਆਯੋਗ ਨੇ ਸਰਕਾਰ ਨੂੰ ਸ਼ਰਾਬ ਪੈਦਾ ਕਰਨ ਦੀ ਸਲਾਹ ਦਿੱਤੀ ਤਾਂ ਕਿ ਮਹੂਆ ਅਤੇ ਤਾੜੀ ਵਰਗੇ ਸਥਾਨਕ ਪੌਦਿਆਂ ਤੋਂ ਬਣੀ ਅੱਛੀ ਅਤੇ ਸਸਤੀ ਸ਼ਰਾਬ ਮਿਲ ਸਕੇ। ਸਾਬਕਾ ਕੇਂਦਰੀ ਮੰਤਰੀ ਅਤੇ ਜਨਤਾ ਦਲ ਦੇ ਨੇਤਾ ਚਿਮਨ ਭਾਈ ਮੇਹਤਾ, ਜੋ ਖੁਦ ਸ਼ਰਾਬ ਛੱਡ ਚੁੱਕੇ ਹਨ ਕਹਿੰਦੇ ਹਨ, “ਅੱਜ ਵਰਜਿਤ ਕਨੂੰਨ ਆਪਣਾ ਅਰਥ ਗੁਆ ਚੁੱਕਾ ਹੈ ਬਲਕਿ ਇਹ ਤਾਂ ਭਰਿਸ਼ਟਾਚਾਰ ਦਾ ਪ੍ਰਮੁੱਖ ਸ਼ਰੋਤ ਬਣ ਗਿਆ ਹੈ। ਇਸ ਨੂੰ ਫੌਰਨ ਖ਼ਤਮ ਕਰ ਦੇਣਾ ਚਾਹੀਦਾ ਹੈ।” ਪਰ ਇਕ ਗਾਂਧੀਵਾਦੀ ਸਵੈਸੇਵੀ ਜਥੇਬੰਦੀ ਦੇ ਹਸਮੁੱਖ ਪਟੇਲ ਕਹਿੰਦੇ ਹਨ “ਇਸ ਦਾਨਵ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ ਹੋ ਰਿਹਾ ਹੈ, ਇਸ ਦਾ ਮਤਲਬ ਇਹ ਨਹੀਂ ਕਿ ਆਪ ਇਸ ਮੂਹਰੇ ਗੋਡੇ ਟੇਕ ਦਿਉ। ਤੁਹਾਨੂੰ ਖੁਦ ਨੂੰ ਮਜ਼ਬੂਤ ਕਰਨਾ ਹੋਵੇਗਾ ਅਤੇ ਅੰਤ ਇਸ ਨੂੰ ਹਰਾਉਣਾ ਹੀ ਹੋਵੇਗਾ। ਇਸ ਵਿਚ ਚਾਹੇ ਜੋ ਵੀ ਦੋਸ਼ ਹੋਵੇ, ਪਰ ਵਰਜਿਤ ਕਨੂੰਨ ਹੀ ਹੈ, ਜਿਸ ਕਾਰਨ ਰਾਜ ’ਚ ਅੱਛੀ ਕਨੂੰਨ ਵਿਵਸਥਾ ਬਣੀ ਹੈ, ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸ਼ਰਾਬ ਤਸਕਰਾਂ ਤੇ ਪੁਲਸ ਦੀ ਮਿਲੀਭੁਗਤ ਨੂੰ ਤਹਿਸ ਨਹਿਸ ਕਰਨਾ ਪੈਣਾ ਹੈ।” ਤਾਜ਼ਾ ਘਟਨਾ ਨੇ ਜ਼ਿਲ੍ਹਾ ਪ੍ਰਸ਼ਾਸਨ ’ਤੇ ਵੀ ਪ੍ਰਸ਼ਨ ਉਠਾਏ ਹਨ, ਖਾਸ ਕਰਕੇ ਖੇਤਰ ’ਚ ਮੌਜੂਦ ਪੁਲਿਸ ਤੇ ਰਾਜਸਵ ਅਧਿਕਾਰੀਆਂ ਸਬੰਧੀ ਮੋਦੀ ਸਰਕਾਰ ਦੀ ਸਮਾਨੰਤਰ ਨਿਯੁਕਤੀ ਨੀਤੀ ’ਤੇ ਅਹਿਮਦਾਬਾਦ ਪੁਲਸ ਦੇ ਕੇਸ ’ਚ ਇਕ ਮਹੱਤਵਪੂਰਨ ਗੱਲ ਇਹ ਹੈ ਕਿ ਸਰਕਾਰ ਤੇ ਮੌਜੂਦਾ ਪੁਲਸ ਵਿਵਸਥਾ ਨੂੰ ਬਦਲਣ ਦਾ ਦਬਾਅ ਸੀ ਜਿਸ ਨੂੰ ਵੱਡੀ ਗਿਣਤੀ ’ਚ ਜਾਂ ਤਾਂ ਭਰਿਸ਼ਟ ਅਧਿਕਾਰ ਹਨ ਜਾਂ ਫਿਰ ਅਜਿਹੇ ਕਿਸੇ ਕੰਮ ਦੇ ਨਹੀਂ ਹਨ। ਪਰ ਸਰਕਾਰ ਲਗਾਤਾਰ ਇਸ ਸਲਾਹ ਨੂੰ

ਨਕਾਰਦੀ ਆਈ ਹੈ। ਜਿਸ ਦੀ ਵਜ੍ਹਾ ਖੁਦ ਸਰਕਾਰ ਨੂੰ ਹੀ ਪਤਾ ਹੋਵੇਗੀ, ਦਰਅਸਲ ਰੈਵਨਿਊ ਤੇ ਪੁਲਸ ਮਹਿਕਮੇ ਦੇ ਕੁ ਸ਼ਾਸਨ ਦੀਆਂ ਸ਼ਿਕਾਇਤਾਂ 'ਚ ਆਏ ਦਿਨ ਵਾਧਾ ਹੋ ਰਿਹਾ ਹੈ ਅਤੇ ਸਰਕਾਰ ਇਨ੍ਹਾਂ ਦੇ ਫੀਲਡ ਅਧਿਕਾਰੀਆਂ ਦੇ ਫੇਬਰ ਦਲ ਤੋਂ ਕੰਨੀ ਕਤਰਾਉਂਦੀ ਆ ਰਹੀ ਹੈ। ਪ੍ਰਸਾਸ਼ਨ ਕਿਸ ਤਰ੍ਹਾਂ ਚੱਲ ਰਿਹਾ ਹੈ ਇਸ ਦਾ ਇਕ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦ ਇਕ ਸਮਰਥ ਪੁਲਸ ਅਧਿਕਾਰੀ ਨੂੰ ਬਦਲ ਦਿੱਤਾ ਗਿਆ ਕਿਉਂਕਿ ਭਾਜਪਾ ਸੰਸਦ ਨੂੰ ਇਹ ਪਸੰਦ ਨਹੀਂ ਸੀ। ਉਸ ਦੀ ਥਾਂ ਸੰਸਦ ਦੇ ਹੀ ਕਰੀਬੀ ਰਿਸ਼ਤੇਦਾਰ ਨੂੰ ਨਿਯੁਕਤ ਕਰ ਦਿੱਤਾ ਗਿਆ ਇਸ ਨਾਲ ਲੋਕਾਂ ਵਿਚ ਇਹ ਸੰਦੇਸ਼ ਗਿਆ ਕਿ ਪਾਰਦਰਸ਼ੀ ਤੇ ਕੁਸ਼ਲ ਹਕੂਮਤ ਮੁਹੱਈਆ ਕਰਾਉਣ 'ਚ ਰਾਜ ਸਰਕਾਰ ਰਾਜਸੀ ਕਾਰਨਾਂ ਕਰਕੇ ਕਮਜ਼ੋਰ ਸਾਬਤ ਹੋ ਰਹੀ ਹੈ। ਪੁਲਸ ਵਿਭਾਗ ਵੀ 2002 ਦੇ ਗੁਜਰਾਤ ਦੰਗਿਆਂ ਪਿਛੋਂ ਵੰਡ ਚੁੱਕਿਆ ਹੈ। ਗੁਜਰਾਤ ਪੁਲਸ ਦੇ ਚੋਟੀ ਦੇ ਅਧਿਕਾਰੀ ਸਰਕਾਰ ਸਮਰਥਕ ਅਤੇ ਸਰਕਾਰ ਵਿਰੋਧੀ ਧੜਿਆਂ 'ਚ ਵੰਡ ਚੁੱਕੇ ਹਨ ਜੋ ਸਰਕਾਰੀ ਵਿਰੋਧੀ ਹਨ ਉਨ੍ਹਾਂ ਨੂੰ ਵੱਧ ਨਿਰਪੇਖ ਵਜੋਂ ਵੇਖਿਆ ਜਾ ਰਿਹਾ ਹੈ ਅਤੇ ਸਰਕਾਰ ਦੀਆਂ ਨੀਤੀਆਂ ਦੇ ਹਮਾਇਤੀ ਅਧਿਕਾਰੀਆਂ ਨੂੰ ਸਰਕਾਰ ਸਮਰਥਕ ਵਜੋਂ ਵੇਖਿਆ ਜਾ ਰਿਹਾ ਹੈ। ਅਖੌਤੀ ਧਰਮ ਨਿਰਪੇਖ ਖੇਮੇ ਦੇ ਕੁਝ ਆਈ. ਪੀ. ਐਸ. ਅਧਿਕਾਰੀਆਂ ਨੇ 2002 ਦੇ ਮਾਮਲੇ 'ਚ ਕਾਨੂੰਨੀ ਕਾਰਵਾਈ ਦੌਰਾਨ ਸਰਕਾਰ ਵਿਰੋਧੀ ਤੱਥ ਵੀ ਪੇਸ਼ ਕੀਤੇ ਗਏ, ਜਿਸ ਨੇ ਇਸ ਵੰਡ ਨੂੰ ਵਧਾਇਆ ਹੈ।

ਘੱਟੋ-ਘੱਟ ਤਿੰਨ ਆਈ. ਪੀ. ਐਸ. ਅਧਿਕਾਰੀ ਰਾਹੁਲ ਸ਼ਰਮਾ ਰਜਨੀਸ਼ ਰਾਏ ਅਤੇ ਆਰ. ਬੀ. ਸ੍ਰੀ ਕੁਮਾਰ (ਸੇਵਾ ਮੁਕਤ) ਨੇ 2002 ਦੇ ਗੁਜਰਾਤ ਦੰਗਿਆਂ ਅਤੇ ਡੀ. ਜੀ ਵੰਜਾਰਾ ਨਾਲ ਜੁੜੇ ਫਰਜ਼ੀ ਮੁਕਾਬਲੇ ਦੇ ਕੇਸਾਂ ਨੂੰ ਸਰਕਾਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਸਾਬਕਾ ਇਨਕਾਊਂਟਰ ਸਪੈਸ਼ਲਿਸਟ ਵੰਜਾਰਾ ਨੂੰ ਮੋਦੀ ਦਾ ਕਰੀਬੀ ਸਮਝਿਆ ਜਾਂਦਾ ਸੀ ਇਸ ਮਾਮਲੇ 'ਚ ਇਹ ਰਜਨੀਸ਼ ਰਾਏ ਦੀ ਕਾਰਵਾਈ ਦਾ ਹੀ ਨਤੀਜਾ ਹੈ ਕਿ ਵੰਜਾਰਾ ਜੇਲ੍ਹ ਵਿਚ ਹੈ। ਅਹਿਮ ਤੱਥ ਇਹ ਵੀ ਹੈ ਕਿ ਆਪਣੀ ਸਾਫ ਛਵੀ ਤੇ ਬੇਹਤਰੀਨ ਕਾਰਜਸ਼ੈਲੀ ਲਈ ਮਸ਼ਹੂਰ ਅਜਿਹੇ ਅਖੌਤੀ ਸਰਕਾਰ ਵਿਰੋਧੀ ਅਧਿਕਾਰੀਆਂ ਦੀ ਵੱਡੀ ਗਿਣਤੀ 'ਚ ਤੈਨਾਤੀ ਗੈਰ ਮਹੱਤਵਪੂਰਨ ਥਾਵਾਂ 'ਤੇ ਕਰ ਦਿੱਤੀ ਗਈ ਹੈ ਤਾਂ ਕਿ ਉਹ ਸਰਕਾਰ ਨੂੰ ਕੋਈ ਨੁਕਸਾਨ ਨਾ ਪਹੁੰਚਾ ਸਕਣ। ਅੱਛੇ ਅਧਿਕਾਰੀਆਂ ਦੀ ਇਹ ਦੁਰਗਤੀ ਉਨ੍ਹਾਂ ਅਧਿਕਾਰੀਆਂ ਦੇ ਪ੍ਰਸੰਗ 'ਚ ਵੇਖੀ ਜਾ ਸਕਦੀ ਹੈ ਜੋ ਕਿ ਸਰਕਾਰ ਵਿਰੋਧੀ ਧੜੇ ਵਿਚ ਨਹੀਂ ਹਨ। ਇਸ ਦੀ ਉਦਾਹਰਣ ਅਤੁਲ ਕਰਵਲ ਅਤੇ ਏ. ਕੇ. ਸਿੰਘ ਨੂੰ ਰਾਜ ਦੇ ਖੁਫੀਆ ਵਿਭਾਗ 'ਚ ਨਿਯੁਕਤ ਕੀਤਾ ਗਿਆ ਹੈ ਤਾਂ ਕਰਵਲ ਦੀ ਪਿਛਲੇ ਪੰਜ ਸਾਲਾਂ 'ਚ ਸਭ ਤੋਂ ਬੇਹਤਰੀਨ ਨਿਯੁਕਤੀ ਅਹਿਮਦਾਬਾਦ ਦੇ ਜਾਇੰਟ ਕਮਿਸ਼ਨਰ (ਟ੍ਰੈਫਿਕ) ਵਜੋਂ ਹੋਈ ਹੈ।

ਰਾਜ ਸਰਕਾਰ ਨੇ ਜੇ ਦਿਖ ਸੁਧਾਰਨੀ ਹੈ ਤਾਂ ਅਜਿਹੇ ਅਧਿਕਾਰੀਆਂ ਨੂੰ ਕਦੇ ਨਾ ਕਦੇ ਸਹੀ ਥਾਂ 'ਤੇ ਨਿਯੁਕਤ ਕਰਨਾ ਹੀ ਹੋਵੇਗਾ, ਮੋਦੀ ਸਰਕਾਰ ਦਾ ਸਭ ਤੋਂ ਮਜ਼ਬੂਤ ਬਿੰਦੂ ਉਸ ਦਾ ਪ੍ਰਬੰਦ ਹੀ ਹੈ ਤੇ ਹੁਣ ਉਨ੍ਹਾਂ ਨੂੰ ਖਾਮੀਆਂ ਵੀ ਦੇਖਣੀਆਂ ਹੋਣਗੀਆਂ। ਸਰਕਾਰ ਨੂੰ ਸ਼ਰਾਬ ਵਰਜਿਤ ਕਨੂੰਨ 'ਤੇ ਠੋਸ ਕਾਰਵਾਈ ਕਰਨ ਲਈ ਕੁਝ ਉਡੀਕ ਕਿਉਂ ਕਰਨੀ ਪੈ ਰਹੀ ਹੈ? ਪਰ ਅਫਸਰਸ਼ਾਹੀ ਤੇ ਪੁਲਸ ਨੂੰ ਲਗਾਮ ਨਾ ਪਾਉਣ 'ਚ ਕੀ ਮਜ਼ਬੂਰੀ ਹੈ?

-----✪✪-----

# ਗੁਨਾਹਾਂ ਦੀ ਦਲਦਲ ਬਨਾਮ ਲਲਿਤ ਮੋਦੀ

ਲਲਿਤ ਮੋਦੀ ਹੇਰਾਫੇਰੀ ਦੇ ਮਾਮਲੇ 'ਚ ਵੱਡੇ ਉਸਤਾਦ ਹਨ, ਚਾਹੇ ਰਾਜਸੀ ਨੇਤਾਵਾਂ ਨਾਲ ਉਨ੍ਹਾਂ ਦੀ ਨੇੜਤਾ ਹੋਵੇ ਜਾਂ ਕ੍ਰਿਕਟ ਦੇ ਪੁਰਾਣੇ ਸੱਤਾਧਾਰੀਆਂ ਖਿਲਾਫ ਟਕਰਾਅ ਭਰਿਆ ਰਵੱਈਆ। ਪਰੰਤੂ ਉਨ੍ਹਾਂ ਦਾ ਕਿਰਦਾਰ ਸਾਫ ਸੁਥਰਾ ਨਹੀਂ ਹੈ। ਜਦ ਰਾਜਸਥਾਨ 'ਚ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਸਨ ਤਾਂ ਕਾਂਗਰਸ ਦਾ ਇਹ ਨਾਹਰਾ 'ਮੋਦੀ, ਮੁਦਰਾ ਤੇ ਮਦਿਰਾਪਾਨ, ਯਾਦ ਰਹੇਗਾ ਰਾਜਸਥਾਨ' ਖਾਸਾ ਚਰਚਿਤ ਰਿਹਾ ਸੀ। ਉਂਜ ਤਾਂ ਸਿਰਫ ਇਸ ਨਾਹਰੇ ਕਾਰਨ ਨਹੀਂ ਬਲਕਿ ਵਸੁੰਦਰਾ ਰਾਜੇ ਸਿੰਧੀਆ ਦੀ ਅਵਸਥਾ ਤੇ ਰਾਜ 'ਚ ਕਈ ਗੰਭੀਰ ਮਾਮਲਿਆਂ ਦੀ ਅਰਾਜਕਤਾ ਕਾਰਨ ਭਾਜਪਾ ਦੀ ਕਿਸ਼ਤੀ ਡੁੱਬ ਗਈ। ਕਾਂਗਰਸ ਜਿੱਤ ਗਈ ਅਤੇ ਅਸ਼ੋਕ ਗਲੋਹਤ ਦੀ ਅਗਵਾਈ 'ਚ ਚੋਣਾਂ ਸਮੇਂ ਜੋ ਲੁਭਾਉਣੇ ਵਾਅਦੇ ਕੀਤੇ ਸਨ, ਉਸ 'ਤੇ ਕੰਮ ਕਰਨ ਦੇ ਨਾਲ ਹੀ ਕਾਂਗਰਸ ਦੇ ਮੁੱਖ ਨਾਹਰੇ 'ਤੇ ਵੀ ਕੰਮ ਆਰੰਭ ਕੀਤਾ ਗਿਆ ਅਤੇ ਸਭ ਤੋਂ ਪਹਿਲੇ ਦੌਰ ਵਿਚ ਉਨ੍ਹਾਂ ਨੇ ਸ਼ਰਾਬ ਦੀਆਂ ਦੁਕਾਨਾਂ ਦੇ ਸਮੇਂ 'ਚ ਕਟੌਤੀ ਕਰਕੇ ਨਸ਼ੇ 'ਤੇ ਕੁਝ ਲਗਾਮ ਕਸੀ। ਦੂਜੇ ਦੌਰ 'ਚ ਭਾਜਪਾ ਦੀ ਸਰਕਾਰ 'ਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਲਈ ਆਯੋਗ ਦਾ ਗਠਨ ਕੀਤਾ ਗਿਆ, ਜਿਸ ਦੇ ਭੰਬਲਭੂਸੇ 'ਚ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਵੀ ਗਿਰਫਤ 'ਚ ਆ ਗਈ। ਹੁਣ ਸੀ ਮੁੱਖ ਮੰਤਰੀ ਗਲੋਹਤ ਦਾ ਤੀਜਾ ਦੌਰ ਜਿਸ ਵਿਚ ਮੋਦੀ ਭਾਵ ਉਸ ਵੇਲੇ ਦੇ ਰਾਜਸਥਾਨ ਕ੍ਰਿਕਟ ਐਸੋਸੀਏਸ਼ਨ (RCA) ਦੇ ਮੁਖੀ ਲਲਿਤ ਮੋਦੀ ਵਿਰੁੱਧ ਕਾਰਵਾਈ ਕਰਨਾ। ਅਜਿਹੀ ਗੱਲ ਨਹੀਂ ਸੀ ਕਿ ਕਾਂਗਰਸੀ ਮੁੱਖ ਮੰਤਰੀ ਅਸ਼ੋਕ ਗਲੋਹਤ ਪਾਰਟੀ ਖਿੱਚੋਤਾਣ ਕਾਰਨ ਲਲਿਤ ਮੋਦੀ ਦੇ ਪਿੱਛੇ ਪੈ ਗਏ ਸਨ ਜਾਂ ਲਲਿਤ ਮੋਦੀ ਵਿਰੁੱਧ ਕਾਰਵਾਈ ਕਰਕੇ ਭਾਜਪਾ ਦੀ ਵਸੁੰਦਰਾ ਰਾਜੇ ਨੂੰ ਇਕ ਹੋਰ ਸ਼ਿਕਸਤ ਦੇਣਾ ਚਾਹੁੰਦੇ ਸਨ।

ਮੁੱਖ ਮੰਤਰੀ ਅਸ਼ੋਕ, ਗਲੋਹਤ ਦੀ ਨਿੱਜੀ ਰੰਜਸ਼ ਨਾ ਤਾਂ ਵਸੁੰਧਰਾ ਰਾਜੇ ਨਾਲ ਸੀ ਨਾ ਹੀ ਉਨ੍ਹਾਂ ਤੇ ਅੰਤਰੰਗ ਮਿਤਰ (ਜਾਂ ਵਜ਼ੀਰ ਵੀ ਕਹਿ ਸਕਦੇ ਹਾਂ) ਲਲਿਤ ਮੋਦੀ ਨਾਲ, ਬਲਕਿ ਲਲਿਤ ਮੋਦੀ ਦੇ ਭ੍ਰਿਸ਼ਟ ਕੰਮ ਨਾਲ ਸੀ। ਇਸ ਕਾਰਨ ਅਸ਼ੋਕ ਗਲਹੋਤ ਲਲਿਤ ਮੋਦੀ ਦੇ ਕਾਰਜਕਾਲ ਦਾ ਪੋਸਟ ਮਾਰਟਮ ਕਰਕੇ ਨਾ ਸਿਰਫ ਉਨ੍ਹਾਂ ਰਾਜਸਥਾਨ ਕ੍ਰਿਕਟ ਐਸੋਸੀਏਸ਼ਨ ਤੋਂ ਬਾਹਰ ਕੱਢਣਾ ਚਾਹੁੰਦੇ ਸਨ ਬਲਕਿ ਲੋਕਾਂ ਨੂੰ ਪਤਾ ਹੋਵੇ ਕਿ ਲਲਿਤ ਮੋਦੀ ਦਾ ਕਿਰਦਾਰ ਭ੍ਰਿਸ਼ਟਾਚਾਰ ਦੀ ਦਲਦਲ 'ਚ ਕਿੰਨਾ ਡੁੱਬਿਆ ਹੋਇਆ ਹੈ। ਰਾਜਸਥਾਨ ਕ੍ਰਿਕਟ ਐਸੋਸੀਏਸ਼ਨ ਦੇ ਸਾਬਕਾ ਮੁਖੀ ਤੇ ਇੰਡੀਅਨ ਪ੍ਰੀਮੀਅਰ ਲੀਗ (IPL) ਦੇ ਪ੍ਰਧਾਨ ਲਲਿਤ ਮੋਦੀ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ ਹਨ। ਉਹ ਭਾਰਤ ਦੇ ਮਸ਼ਹੂਰ ਮੋਦੀ ਉਦਯੋਗ ਸਮੂਹ ਦੀ ਇਕ ਸ਼ਾਖਾ ਦੇ ਮੁਖੀ ਹਨ। ਉਨ੍ਹਾਂ ਦਾ ਜਨਮ 29 ਨਵੰਬਰ 1963 ਨੂੰ ਦਿੱਲੀ 'ਚ ਹੋਇਆ ਸੀ। ਉਨ੍ਹਾਂ ਦੀ ਪੜ੍ਹਾਈ ਨੈਨੀਤਾਲ ਦੇ ਸੈਂਟ ਜੋਜ਼ਫ ਕਾਲਜ 'ਚ ਹੋਈ ਸੀ। ਇਸ ਪਿੱਛੋਂ ਸੰਨ 1986 'ਚ ਇਨ੍ਹਾਂ ਨੇ ਮਾਰਕਿਟਿੰਗ 'ਚ ਗ੍ਰੈਜੂਏਸ਼ਨ ਦੀ ਡਿਗਰੀ ਅਮਰੀਕਾ ਦੀ ਡਿਊਕ ਯੂਨੀਵਰਸਿਟੀ ਤੋਂ ਲਈ। ਮੋਦੀ ਉਦਯੋਗ ਘਰਾਣੇ ਦੇ ਵਾਰਿਸ ਲਲਿਤ ਮੋਦੀ ਦਾ ਪੱਖ

ਦੇਖਣ ਲਈ ਅਤੀਤ ਦੇ ਕੁਝ ਪੰਨੇ ਪਲਟਣੇ ਹੋਣਗੇ। ਲਗਭਗ 10 ਸਾਲਾਂ ਤੋਂ ਚੱਲ ਰਹੇ ਰਾਜਸਥਾਨ ਕ੍ਰਿਕਟ ਕਾਰੋਬਾਰ ਦੇ ਇਕ ਛਤਰ ਪ੍ਰਸ਼ਾਸਕ ਕਿਸ਼ੋਰ ਰੰਗੂਟਾ ਨੂੰ ਸੰਨ 2005 'ਚ ਸਿੱਧੇ ਚੋਣਾਂ 'ਚ ਹਰਾ ਕੇ ਲਲਿਤ ਮੋਦੀ ਨੇ ਜੈਪੁਰ 'ਚ ਗੱਦੀ ਸੰਭਾਲੀ। ਵੈਸੇ ਤਾਂ ਇਹ ਖੇਡ ਦੇ ਮੈਦਾਨ 'ਚ ਘਟਿਤ ਹੋਣ ਵਾਲੀ ਨਿਯਮਤ ਲੋਕਰਾਜੀ ਲੜਾਈ ਸੀ ਪਰ ਜਿਵੇਂ ਜਿਵੇਂ ਇਤਿਹਾਸ ਦੀਆਂ ਪਰਤਾਂ ਖੁਲ੍ਹਦੀਆਂ ਗਈਆਂ, ਕਹਾਣੀ 'ਚ ਭ੍ਰਿਸ਼ਟਾਚਾਰ, ਦਾਅ-ਪੇਚ ਤੇ ਹੇਰਾਫੇਰੀ ਦੇ ਕਈ ਅਧਿਆਇ ਜੁੜਦੇ ਗਏ। ਇਨ੍ਹਾਂ ਅਧਿਆਵਾਂ ਦਾ ਜੋੜ ਦਿੱਲੀ ਤੇ ਤਿਵਨੰਤਪੁਰਮ ਤੋਂ ਲੈ ਕੇ ਅਮਰੀਕਾ ਦੇ ਉਤਰੀ ਕੈਰੋਲਿਨਾ ਪ੍ਰਾਂਤ ਤੱਕ ਬਿਖਰ ਗਿਆ। ਕਿਸ਼ੋਰ ਰੰਗੂਟਾ ਨੇ ਮੋਦੀ 'ਤੇ ਕਈ ਦੋਸ਼ ਲਾਏ ਸਨ ਅਤੇ ਮਾਮਲਾ ਸੁਪਰੀਮ ਕੋਰਟ ਤੱਕ ਜਾ ਪਹੁੰਚਿਆ। ਤਿਰੁਵਿਨੰਤਪੁਰਮ 'ਚ ਉਸ ਸਮੇਂ ਭਾਰਤੀ ਕ੍ਰਿਕਟ ਸੰਘ ਦਾ ਜੋ ਸੰਮੇਲਨ ਹੋਇਆ ਸੀ ਉਸ ਵਿਚ ਜਦ ਰੰਗੂਟਾ ਵੱਲੋਂ ਲਾਏ ਗਏ ਦੋਸ਼ ਦਾ ਮੁੱਦਾ ਜ਼ੋਰ ਸ਼ੋਰ ਨਾਲ ਉਭਰਿਆ ਤਾਂ ਲਲਿਤ ਮੋਦੀ ਨੇ ਕ੍ਰੋਧ ਵਿਚ ਕਿਹਾ, "ਜੋ ਲੋਕ ਵੋਟਾਂ ਦੀ ਮੈਦਾਨੀ ਲੜਾਈ ਹਾਰ ਗਏ ਹਨ ਉਨ੍ਹਾਂ ਨੂੰ ਦੋਸ਼ ਲਾ ਕੇ ਬਖੇੜਾ ਖੜਾ ਕਰਨ ਦਾ ਹੱਕ ਨਹੀਂ।" ਲਲਿਤ ਮੋਦੀ ਦੇ ਕ੍ਰੋਧ ਭਰੇ ਜੁਆਬ ਦਾ ਇਹ ਸਪੱਸ਼ਟ ਅਰਥ ਸੀ ਕਿ ਦਾਲ 'ਚ ਲਾਜਮੀ ਕੁਝ ਕਾਲਾ ਹੈ ਵਰਨਾ ਸੁਪਰੀਮ ਕੋਰਟ 'ਚ ਵਿਚਾਰਧੀਨ ਮਾਮਲੇ 'ਚ ਉਹ ਅਜਿਹਾ ਕੁੱਝ ਨਹੀਂ ਕਹਿੰਦੇ। ਆਪਣੀ ਬੇਗੁਨਾਹੀ ਵਿਚ ਕੁੱਝ ਕਹਿਣ ਨਾਲੋਂ ਵੱਧ ਅੱਛਾ ਸੀ, ਉਹ ਖਾਮੋਸ਼ ਰਹਿ ਜਾਂਦੇ। ਰਾਜਸਥਾਨ ਕ੍ਰਿਕਟ ਐਸੋਸੀਏਸ਼ਨ ਦੀ ਚੋਣ 'ਚ ਹਿੱਸਾ ਲੈਣ ਲਈ ਰਾਜ 'ਚ ਕਿਸੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦੀ ਚੋਣ 'ਚ ਹਿੱਸਾ ਲੈਣ ਲਈ ਰਾਜ 'ਚ ਕਿਸੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦਾ ਮੈਂਬਰ ਹੋਣਾ ਲਾਜ਼ਮੀ ਹੈ ਪਰ ਲਲਿਤ ਮੋਦੀ ਮੁੰਬਈ ਰਹਿੰਦੇ ਹਨ। ਰਾਜਸਥਾਨ ਦੀ ਮੁੱਖ ਮੰਤਰੀ ਇਕ ਆਦੇਸ਼ ਜਾਰੀ ਕਰਕੇ ਰਾਜ ਦੇ ਨਗੌਰ ਜ਼ਿਲ੍ਹੇ ਦੀ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਲਲਿਤ ਕੁਮਾਰ ਨੂੰ ਲਲਿਤ ਮੋਦੀ ਬਣਾ ਦਿੱਤਾ ਤੇ ਇਸ ਤਰ੍ਹਾਂ ਲਲਿਤ ਮੋਦੀ ਚੋਣ ਉਮੀਦਵਾਰ ਬਣ ਗਏ। ਏਨਾ ਹੀ ਨਹੀਂ ਇਹ ਕੰਮ ਨਗੌਰ ਜ਼ਿਲ੍ਹੇ ਦੇ ਇਕ ਸਕੂਲ 'ਚ ਪ੍ਰਯੋਗਸ਼ਾਲਾ ਸਹਾਇਕ ਵਜੋਂ ਕੰਮ ਕਰਨ ਵਾਲੇ ਇਕ ਕਰਮਚਾਰੀ ਰਾਹੀਂ ਕਰਵਾਇਆ ਗਿਆ ਅਤੇ ਸੰਯੋਗ ਵੱਸ ਇਹ ਹੈ ਕਿ ਜਿਉਂ ਹੀ ਲਲਿਤ ਮੋਦੀ ਪ੍ਰਧਾਨ ਬਣੇ ਇਸ ਹੇਰਾਫੇਰੀ ਦੇ ਉਪਹਾਰ ਵਜੋਂ ਉਸ ਪ੍ਰਯੋਗਸ਼ਾਲਾ ਦੇ ਪ੍ਰਯੋਗਸ਼ਾਲਾ ਸਹਾਇਕ ਨੂੰ ਵੀ ਕ੍ਰਿਕਟ ਪ੍ਰਸ਼ਾਸਕ ਦੀ ਪਦਵੀ ਮਿਲ ਗਈ।

21 ਫਰਵਰੀ 2005 ਨੂੰ ਜਦ ਚੋਣ ਹੋਈ ਸੀ ਤਾਂ ਐਸੋਸੀਏਸ਼ਨ ਦੇ ਬਹੁਤੇ ਮੈਂਬਰ ਜੈਪੁਰ 'ਚ ਹੀ ਮੌਜੂਦ ਸਨ ਪਰ ਉਨ੍ਹਾਂ ਨੂੰ ਵੋਟ ਦੇਣ ਤੋਂ ਰੋਕ ਕੇ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਨੁਮਾਇੰਦਿਆਂ ਤੋਂ ਵੋਟ ਪਵਾਈ ਗਈ। ਇਸ ਕਲਾ ਨੂੰ ਪ੍ਰਾਕਸੀ ਵੋਟਿੰਗ ਕਹਿੰਦੇ ਹਨ। ਮੁੱਖ ਮੰਤਰੀ ਦਫ਼ਤਰ ਦੇ ਇਕ ਪ੍ਰਮੁੱਖ ਸੈਕਟਰੀ ਲਗਾਤਾਰ ਰਾਜ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਤੀਨਿਧਾਂ ਨੂੰ ਪੱਟਣ ਅਤੇ ਲਗਾਤਾਰ ਸੱਤ ਦਿਨ ਪੰਜ ਤਾਰਾ ਹੋਟਲਾਂ 'ਚ ਠਹਿਰਾਉਣ ਲਈ ਰੁੱਝੇ ਰਹੇ। ਇਨ੍ਹਾਂ 'ਚ ਵਿਧਾਇਕ ਵੀ ਸਨ ਤੇ ਸਰਕਾਰੀ ਅਧਿਕਾਰੀ ਵੀ। ਇਹ ਚੋਣ ਹੀ ਇਕ ਤਰਫਾ ਤੇ ਗੈਰ ਕਾਨੂੰਨੀ ਸੀ। ਇਸ ਲਈ ਲਲਿਤ ਮੋਦੀ ਨੂੰ ਆਪਣੇ ਅਹੁਦੇ 'ਤੇ ਰਹਿਣ ਦਾ ਕੋਈ ਕਾਨੂੰਨੀ ਹੱਕ ਨਹੀਂ ਹੈ। ਨਾ ਹੀ ਨੈਤਿਕ ਅਧਿਕਾਰ। ਲਲਿਤ ਮੋਦੀ ਨਾ ਸਿਰਫ ਬਾਹਰਲੇ ਪਾਤਰ ਸਨ ਬਲਕਿ ਉਨ੍ਹਾਂ 'ਤੇ ਅਮਰੀਕਾ ਦੇ ਉਤਰੀ ਕੈਰੋਲਿਨਾ ਪ੍ਰਾਂਤ ਦੇ ਡੁਰਹਮ ਇਲਾਕੇ 'ਚ ਸੰਨ 1985 'ਚ

ਨਸ਼ੀਲੀਆਂ ਦਵਾਈਆਂ ਦੀ ਤਸਕਰੀ ਅਗਵਾਹ ਤੇ ਜਾਨ ਲੇਵਾ ਹਮਲੇ ਕਰਨ ਦਾ ਦੋਸ਼ ਵੀ ਸਾਬਤ ਹੋ ਚੁੱਕਿਐ। ਇਸ ਮਾਮਲੇ 'ਚ ਲਲਿਤ ਮੋਦੀ ਨੂੰ ਬਕਾਇਦਾ ਸਜ਼ਾ ਵੀ ਦਿੱਤੀ ਗਈ ਸੀ। ਜਦ ਉਨ੍ਹਾਂ ਨੇ ਤਰਸ ਦੀ ਅਰਜੀ ਤੇ ਜੁਰਮਾਨਾ ਵੀ ਭਰਿਆ। ਤਾਂ ਸਜ਼ਾ ਘਟਾ ਕੇ ਪਹਿਲਾਂ ਦੋ ਸਾਲ ਦੀ ਕਰ ਦਿੱਤੀ ਗਈ ਫਿਰ ਜਦ ਕਾਰੋਬਾਰੀ ਸੰਪਰਕਾਂ ਦਾ ਲਾਭ ਉਠਾਇਆ ਗਿਆ ਤਾਂ ਸਜ਼ਾ ਮੁਆਫ ਨਹੀਂ ਹੋਈ। ਪਰ ਪੰਜ ਸਾਲ ਲਈ ਸਦਾਚਾਰ 'ਤੇ ਨਿਗਰਾਨੀ 'ਚ ਰਹਿਣ ਦਾ ਫੈਸਲਾ ਲਿਆ ਗਿਆ। ਅਮਰੀਕੀ ਕਾਨੂੰਨ ਅਨੁਸਾਰ ਇਹ ਵੀ ਸਜ਼ਾ ਦੀ ਇਕ ਵਿਵਸਥਾ ਹੈ ਪਰ ਇਸ ਵਿਚ ਜੇ ਦੋਸ਼ੀ ਆਪਣੇ ਆਪ ਨੂੰ ਸੁਧਾਰੇ ਤੇ ਸਬੂਤ ਪੇਸ਼ ਕਰੇ ਤਾਂ ਸਜ਼ਾ ਮੁਆਫ ਕਰ ਦਿੱਤੀ ਜਾਂਦੀ ਹੈ। ਹਲਫੀਆ ਬਿਆਨ ਅਨੁਸਾਰ ਭਾਵੇਂ ਹੀ ਸਜ਼ਾ ਦਾ ਅਨੁਪਾਤ ਘੱਟ ਕਰ ਦਿੱਤਾ ਗਿਆ ਪਰ ਵਿਅਕਤੀ ਰਹਿੰਦਾ ਸਜ਼ਾ ਯਾਫਤਾ ਹੀ ਹੈ। ਇਸ ਲਈ ਅਜਿਹੇ ਵਿਅਕਤੀ ਨੂੰ ਰਾਜਸਥਾਨ ਖੇਡ ਕਾਨੂੰਨ 2004 ਦੇ ਅਨੁਛੇਦ ਸ ਦੀ ਧਾਰਾ 15 ਦੇ ਤਹਿਤ ਕਿਸੇ ਵੀ ਖੇਡ ਸੰਘ ਦੇ ਕਿੱਸੇ ਵੀ ਅਹੁਦੇ 'ਤੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਏਨਾ ਹੀ ਨਹੀਂ ਇਸ ਦੋਸ਼ ਅਨੁਸਾਰ ਭਾਰਤੀ ਕੰਪਨੀ ਕਾਨੂੰਨ ਦੀ ਧਾਰਾ 267 ਦੇ ਮੁਤਾਬਕ ਲਲਿਤ ਮੋਦੀ ਭਾਰਤ ਦੀ ਕਿਸੇ ਕੰਪਨੀ ਦੇ ਨਿਰਦੇਸ਼ਕ ਵੀ ਨਹੀਂ ਬਣ ਸਕਦੇ ਹਨ। ਲਲਿਤ ਮੋਦੀ ਬਾਰੇ ਇਕ ਰਾਜਸੀ ਗੱਲ ਇਹ ਵੀ ਹੈ ਕਿ ਉਹ ਜਮੈਕਾ ਨਾਮਕ ਦੇਸ਼ ਦੇ ਭਾਰਤ 'ਚ ਨਾਮਜਦ ਰਾਜਪੂਤ ਵੀ ਹਨ। ਦਰਅਸਲ ਕੁੱਝ ਵੱਡੇ ਵਪਾਰੀ ਸੱਤਾ ਦਾ ਗਲਹਿਰਿਆਂ 'ਚ ਆਪਣੀ ਪਹੁੰਚ ਵਧਾਉਣ ਲਈ ਇਹ ਮਾਨਕ ਅਹੁਦੇ ਆਪਣੇ ਸਾਧਨਾਂ ਦੀ ਵਰਤੋਂ ਕਰਕੇ ਖਰੀਦ ਲੈਂਦੇ ਹਨ। ਅਪਰਾਧ ਦਾ ਦੋਸ਼ ਜੇ ਸੱਚ ਹੈ ਤਾਂ ਇਹ ਰਾਜਸੀ ਪਦਵੀ ਵੀ ਲਲਿਤ ਮੋਦੀ ਦੇ ਹੱਥੋਂ ਜਾਂਦੀ ਰਹੇਗੀ। ਲਲਿਤ ਮੋਦੀ ਨੇ ਏਲੈਕਸ ਮੈਕਕਿਨੋਨ ਨਾਮਕ ਅਮਰੀਕੀ ਦੇ ਨਾਲ ਮਿਲ ਕੇ ਅਮਰੀਕਾ ਦੇ ਹੀ ਅਲੈਕਜ਼ੈਡਰਵਾਨ ਡਾਇਨੀ ਤੋਂ ਅੱਧਾ ਕਿਲੋਗ੍ਰਾਮ ਕੋਕੀਨ ਖਰੀਦਣ ਦਾ ਸੌਦਾ ਕੀਤਾ ਸੀ। ਉਸ ਸਮੇਂ ਲਲਿਤ ਮੋਦੀ ਡਿਊਕ ਯੂਨੀਵਰਸਿਟੀ ਦੇ ਵਿਦਿਆਰਥੀ ਸਨ। ਖਰੀਦਦਾਰ ਪੁਲਸ ਦਾ ਹੀ ਮੁਖਬਰ ਨਿਕਲਿਆ ਤੇ ਏਕਨੋਲਾਜ ਹੋਟਲ 'ਚ ਜਿੱਥੇ ਲੈਣ ਦੇਣ ਹੋਣਾ ਸੀ ਕੁੱਝ ਗੜਬੜ ਹੋ ਗਈ। ਲਲਿਤ ਮੋਦੀ ਆਪਣੇ ਕੁੱਝ ਦੋਸਤਾਂ ਨਾਲ ਵਿਲਸਨ ਦੇ ਘਰ ਗਏ ਅਤੇ ਅਲੈਕਜੇਂਡਰ ਦੇ ਕਮਰੇ ਤੋਂ ਕੱਢਿਆ ਕਾਰ ਨੂੰ ਸੁੱਟਿਆ ਤੇ ਫਿਰ ਦੱਬ ਕੇ ਉਸਦੀ ਕੁੱਟਮਾਰ ਕੀਤੀ ਤੇ ਉਸ ਨੂੰ ਇਕ ਥਾਂ ਬੰਤ ਕਰ ਦਿੱਤਾ। ਕਿਸੇ ਚਸ਼ਮਦੀਦ ਗਵਾਹ ਨੇ ਪੁਲਸ ਨੂੰ ਖਬਰ ਕਰ ਦਿੱਤੀ। ਪੁਲਸ ਨੇ ਲਲਿਤ ਮੋਦੀ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਹਵਾਲਾਤ ਵਿਚ ਬੰਦ ਕਰ ਦਿੱਤਾ। ਕਿਸੇ ਚਸ਼ਮਦੀਦ ਗਵਾਹ ਨੇ ਪੁਲਸ ਨੂੰ ਖ਼ਬਰ ਕਰ ਦਿੱਤੀ। ਪੁਲਸ ਨੇ ਲਲਿਤ ਮੋਦੀ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਹਵਾਲਾਤ 'ਚ ਬੰਦ ਕਰਕੇ ਰੱਖਿਆ। ਲਲਿਤ ਮੋਦੀ 'ਤੇ ਕਈ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਅਤੇ ਲੰਬੀ ਸੁਣਵਾਈ ਪਿੱਛੋਂ ਉਨ੍ਹਾਂ ਨੂੰ ਦੋਸ਼ ਐਲਾਨ ਦਿੱਤਾ ਗਿਆ। ਕੁਲ ਸਜ਼ਾ 175 ਮਹੀਨਿਆਂ ਦੀ ਸੀ। ਉਸ ਨੂੰ ਲੰਬੇ ਜ਼ਮਾਨੇ ਪਿੱਛੋਂ ਪੰਜ ਸਾਲ, ਫਿਰ ਦੋ ਸਾਲ, ਫਿਰ ਪੰਜ ਸਾਲ ਦੀ ਨਿਗਰਾਨੀ ਨਿਰੀਖਣ ਆਦੇਸ਼ 'ਚ ਬਦਲ ਦਿੱਤਾ ਗਿਆ। ਇਸ ਦੇ ਸਾਰੇ ਦਸਤਾਵੇਜ ਸੁਪਰੀਮ ਕੋਰਟ 'ਚ ਮੌਜੂਦ ਹਨ।

ਲਲਿਤ ਮੋਦੀ ਦਾ ਕਾਲਾ ਅਧਿਆਇ ਆਪ ਪੜ ਹੀ ਚੁੱਕੇ ਹੋ, ਹੁਣ ਤੁਸੀਂ

ਖੁਦ ਸੋਚੋ, ਜਿਸ ਬੰਦੇ ਦਾ ਵਜੂਦ ਪੂਰੀ ਤਰ੍ਹਾਂ ਗੁਨਾਹਾਂ 'ਚ ਡੁੱਬਿਆ ਹੋਵੇ ਉਸ ਵਿਅਕਤੀ ਨੂੰ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਲੋਹਤ ਕਿਵੇਂ ਰਾਜਸਥਾਨ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨਗੀ ਅਹੁਦੇ 'ਤੇ ਰੱਖਣਾ ਪਸੰਦ ਕਰਦੇ ਹਨ? ਇਸ ਨਾਲ ਵੀ ਉਨ੍ਹਾਂ ਦੀ ਦਿੱਖ 'ਤੇ ਦਾਗ ਲੱਗਣ ਦੀ ਸੰਭਾਵਨਾ ਸੀ। ਪਰ ਅਸ਼ੋਕ ਗਲੋਹਤ ਇਕ ਰਾਜਨੀਤੀ ਬਾਜ ਹਨ ਉਹ ਖੁੱਲ ਕੇ ਲਲਿਤ ਮੋਦੀ ਦੀ ਮੁਖਾਲਫਿਤ ਕਰਨ ਤੋਂ ਬਚੇ ਰਹੇ। ਦਰਅਸਲ ਗਲਹੋਤ ਦਾ ਕੰਮ ਕਰਨ ਦਾ ਤਰੀਕਾ ਵੀ ਇਹੀ ਹੈ। ਉਹ ਬੇਹੱਦ ਸਰਗਰਮ ਹੋ ਕੇ ਲੋਕਾਂ ਦੀਆਂ ਨਜ਼ਰਾਂ 'ਚ ਸਰਕਾਰ ਦੀ ਪਾਰਟੀ ਨਹੀਂ ਬਣਨਾ ਚਾਹੁੰਦੇ। ਅਸ਼ੋਕ ਗਲੋਹਤ ਨੂੰ ਇਸ ਦੀ ਸਮਝ ਸੀ ਕਿ ਲਲਿਤ ਮੋਦੀ ਨੂੰ ਰਾਜਸਥਾਨ ਕ੍ਰਿਕਟ ਐਸੋਸੀਏਸ਼ਨ ਤੋਂ ਬਾਹਰ ਕੱਢਣਾ ਸੌਖਾ ਨਹੀਂ ਹੈ। ਕਿਉਂਕਿ ਲਲਿਤ ਮੋਦੀ ਦੇ ਭਾਜਪਾ ਹੀ ਨਹੀਂ ਕਾਂਗਰਸ ਦੇ ਵੀ ਵੱਡੇ ਵੱਡੇ ਨੇਤਾਵਾਂ ਨਾਲ 'ਅੱਛੇ' ਸਬੰਧ ਹਨ। ਬੀ. ਸੀ. ਸੀ. ਆਈ. 'ਚ ਵੀ ਉਨ੍ਹਾਂ ਦੀ ਤੂਤੀ ਬੋਲਦੀ ਹੈ। ਇਹ ਸਭ ਸਮਝਦੇ ਹੋਏ ਅਸ਼ੋਕ ਗਲੋਹਤ ਖਾਮੋਸ਼ ਰਹਿਕੇ ਲਲਿਤ ਮੋਦੀ ਵਿਰੁੱਧ ਰਾਜਸਥਾਨ ਕ੍ਰਿਕਟ ਐਸੋਸੀਏਸ਼ਨ ਦੀ ਚੋਣ ਆਈ ਤਾਂ ਲਲਿਤ ਮੋਦੀ ਇਸ 'ਚ ਹਰ ਪਾਸਿਓ ਚਿੱਤ ਹੋ ਗਏ।

ਉਂਜ ਤਾਂ ਅਸ਼ੋਕ ਗਲੋਹਤ ਲਲਿਤ ਮੋਦੀ ਦੀ ਵਿਦਾਈ ਰਾਜਸਥਾਨ ਤੋਂ ਕਰਾਉਣ ਤੋਂ ਜ਼ਰੂਰ ਸਫਲ ਹੋ ਗਏ ਹਨ ਪਰ ਉਸ ਵਰਗੇ ਨਾਗ ਨੂੰ ਕੁਚਲਣ ਵਿਚ ਉਹ ਅਜੇ ਤੱਕ ਸਫਲ ਨਹੀਂ ਹੋ ਸਕੇ ਹਨ। ਲਲਿਤ ਮੋਦੀ ਦੀ ਹੇਰਾਫੇਰੀ ਦਾ ਇਕ ਅਧਿਆਇ ਤੁਹਾਡੇ ਸਾਹਮਣੇ ਆਇਆ ਹੈ ਅਤੇ ਵੰਨਗੀ ਵੀ ਦੇਖੋ। ਲਲਿਤ ਮੋਦੀ ਦਾ ਕ੍ਰਿਕਟ ਪ੍ਰੇਮ ਨਵਾਂ ਨਹੀਂ ਹੈ। ਸੰਨ 1990 'ਚ ਤਾਂ ਉਨ੍ਹਾਂ ਬੀ. ਸੀ. ਸੀ. ਆਈ. ਦੇ ਉਸ ਵੇਲੇ ਦੇ ਮੁਖੀ ਮਾਧਵਰਾਓ ਸਿੰਧੀਆ ਦੇ ਸਾਹਮਣੇ ਇੰਡੀਅਨ ਪ੍ਰੀਮੀਅਰ ਲੀਗ ਦਾ ਪਹਿਲਾ ਪ੍ਰਸਤਾਵ ਰੱਖਿਆ ਸੀ ਪਰ ਉਸ ਦਾ ਇਹ ਪ੍ਰਸਤਾਵ ਜਮ ਨਹੀਂ ਸਕਿਆ। ਉਹ ਬੀ. ਸੀ. ਸੀ. ਆਈ. 'ਚ ਘੁਸਪੈਂਠ ਦਾ ਵਿਚਾਰ ਕਰਨ ਲੱਗੇ। ਇਸ ਕ੍ਰਮ 'ਚ ਉਨ੍ਹਾਂ ਦਾ ਧਿਆਨ ਰਾਜਸਥਾਨ 'ਤੇ ਜਾ ਕੇ ਠਹਿਰਿਆ। ਸਿੰਧੀਆ ਪਰਿਵਾਰ ਨਾਲ ਉਨ੍ਹਾਂ ਦਾ ਪਰਿਵਾਰਕ ਸਬੰਧ ਤੇ ਡੂੰਘੀ ਦੋਸਤੀ ਹੈ। ਇਸ ਲਈ ਉਹ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਦਰਾ ਰਾਜੇ ਸਿੰਧੀਆ ਦੇ ਚਰਨੀਂ ਜਾ ਲੱਗੇ ਹਨ। ਮਹਾਰਾਣੀ ਨੇ ਉਨ੍ਹਾਂ ਨੂੰ ਹੱਥੋਂ ਹੱਥੀਂ ਲਿਆ। ਲਲਿਤ ਨੇ ਉਨ੍ਹਾਂ ਨੂੰ ਆਪਣੀ ਮੰਸ਼ਾ ਦੱਸੀ ਤਾਂ ਮਹਾਰਾਣੀ ਦਾ ਵਰਦਾਨ ਸਵਰੂਪ ਹੱਥ ਲਲਿਤ ਦੇ ਸਿਰ ਆ ਲੱਗਿਆ। ਫਿਰ ਕਿਸ ਗੱਲ ਦੀ ਦੇਰੀ ਸੀ ਹੇਰਾਫੇਰੀ ਤੇ ਜੋੜ ਤੋੜ ਦੀ ਰਾਜਨੀਤੀ ਸ਼ੁਰੂ ਹੋ ਗਈ। ਜ਼ਿਲ੍ਹਾ ਸੰਘਾਂ ਦੇ ਅਹੁਦੇਦਾਰਾਂ ਨਾਲ ਸੰਪਰਕ ਕੀਤਾ ਗਿਆ। ਉਨ੍ਹਾਂ ਨੂੰ ਆਪਣੇ ਪੱਖ ਵਿਚ ਕਰਨ ਲਈ ਸਾਮ-ਧਾਮ ਦੀ ਦੱਬ ਕੇ ਵਰਤੋਂ ਕੀਤੀ। ਸਰਕਾਰ ਨੇ ਸਾਥ ਦੇਣਾ ਹੀ ਸੀ, ਕਾਨੂੰਨ ਤੱਕ ਵੀ ਬਦਲ ਦਿੱਤਾ ਗਿਆ। ਆਰ. ਸੀ. ਏ. 'ਚ ਵੋਟਰ ਦੀ ਹੈਸੀਅਤ ਰੱਖਣ ਵਾਲੇ ਅਧਿਕਾਰੀਆਂ ਨੂੰ ਲਲਿਤ ਮੋਦੀ ਦੇ ਪੱਖ 'ਚ ਵੋਟ ਪਾਉਣ ਲਈ ਕਿਹਾ ਗਿਆ ਅਤੇ ਇਸ ਤਰ੍ਹਾਂ ਮਹਾਰਾਣੀ ਵਸੁੰਦਰਾ ਰਾਜੇ ਸਿੰਧੀਆ ਦੀ ਨਾਦਰਸ਼ਾਹੀ ਦੀ ਬਦੌਲਤ ਲਲਿਤ ਮੋਦੀ ਰਾਜਸਥਾਨ ਦੇ ਕ੍ਰਿਕਟ 'ਚ ਸਾਲਾਂ ਤੋਂ ਚਲੇ ਆ ਰਹੇ ਕਿਸ਼ੋਰ ਰੂੰਗਟਾ ਰਾਜ ਨੂੰ ਸਮਾਪਤ ਕਰਨ 'ਚ ਸਫਲ ਹੋ ਗਏ ਅਤੇ 21 ਫਰਵਰੀ 2005 ਨੂੰ ਹੋਈ ਆਰ. ਸੀ. ਏ. ਦੀ ਚੋਣ 'ਚ ਪ੍ਰਧਾਨ ਬਣ ਗਏ।

ਪ੍ਰਧਾਨ ਬਣਦੇ ਹੀ ਲਲਿਤ ਮੋਦੀ ਦੀ ਕਿਸਮਤ ਹੀ ਬਦਲ ਗਈ ਉਸ ਸਮੇਂ

ਸ਼ਰਦ ਪਵਾਰ ਦੀ ਅਗਵਾਈ 'ਚ ਜਗਮੋਹਨ ਡਾਲਮਿਆ ਨੂੰ ਬੀ. ਸੀ. ਆਈ. ਤੋਂ ਵਿਦਾ ਕਰਨ ਦੀ ਤਿਆਰੀ ਚਲ ਰਹੀ ਸੀ ਮੌਕੇ ਦੀ ਨਜ਼ਾਕਤ ਨੂੰ ਸਮਝਦੇ ਹੀ ਲਲਿਤ ਮੋਦੀ ਸ਼ਰਦ ਪਵਾਰ ਦੇ ਨਾਲ ਹੋ ਗਏ। ਬੀ. ਸੀ. ਸੀ. ਆਈ. ਦੀ ਸੱਤਾ ਹੱਥ 'ਚ ਆਉਂਦਿਆਂ ਹੀ ਸ਼ਰਦ ਪਵਾਰ ਨੇ ਲਲਿਤ ਮੋਦੀ ਨੂੰ ਬੀ. ਸੀ. ਸੀ. ਆਈ. ਦਾ ਮੀਤ ਪ੍ਰਧਾਨ ਬਣਾ ਲਿਆ। ਉਨ੍ਹਾਂ ਨੇ ਜਲਦੀ ਹੀ ਆਈ. ਪੀ. ਐਲ. 'ਤੇ ਵੀ ਬੋਰਡ ਦੀ ਮੋਹਰ ਲਗਵਾ ਲਈ। ਆਈ. ਪੀ. ਐਲ. ਨੂੰ ਜਬਰਦਸਤ ਕਾਮਯਾਬੀ ਮਿਲੀ ਅਤੇ ਲਲਿਤ ਮੋਦੀ ਹੀਰੋ ਬਣ ਗਏ। ਕ੍ਰਿਕਟ 'ਚ ਲਲਿਤ ਮੋਦੀ ਦੀ ਹੇਰਾਫੇਰੀ ਨੂੰ ਇਥੇ ਹੀ ਛੱਡ ਕੇ ਗੱਲ ਰਾਜਸਥਾਨ ਦੀ ਕਰੀਏ ਪਿਛਲੇ ਚਾਰ ਸਾਲਾਂ ਵਿਚ ਲਲਿਤ ਮੋਦੀ ਆਪਣੇ ਕਈ ਕਾਰਨਾਮਿਆਂ ਕਰਕੇ ਵਿਵਾਦਾਂ 'ਚ ਘਿਰੇ ਰਹੇ। ਬਹੁਤੇ ਝਮੇਲੇ ਮਹਾਰਾਣੀ ਵਸੁੰਦਰਾ ਰਾਜੇ ਦੀਆਂ ਨਜਦੀਕੀਆਂ ਕਾਰਨ ਹੀ ਹੋਏ। ਸਰਕਾਰ ਲਲਿਤ ਮੋਦੀ 'ਤੇ ਮੇਹਰਬਾਨ ਰਹੀ। ਮੁੱਖ ਮੰਤਰੀ ਕਾਰਪੋਰੇਟ ਸਬੰਧੀ ਮਾਮਲਿਆਂ ਨੂੰ ਲਲਿਤ ਮੋਦੀ ਦੀ ਰਾਏ ਬਿਨਾਂ ਨਹੀਂ ਨਿਪਟਾਉਂਦੀ ਸੀ। ਮੋਦੀ ਫੈਸਲੇ ਕਰਦਾ ਸੀ ਤੇ ਵਸੁੰਦਰਾ ਤਾਂ ਦਸਖਤ ਹੀ ਕਰਦੀ ਸੀ। ਵਸੁੰਦਰਾ ਨੇ ਆਮਰੇ ਦੀਆਂ ਕਈ ਕੀਮਤੀ ਹਵੇਲੀਆਂ (ਅਰਬਾਂ ਰੁਪਏ ਦੀਆਂ) ਕੌਡੀਆਂ ਦੇ ਭਾਅ ਦਲਿਤ ਮੌਕੇ ਪਰਿਵਾਰਕ ਮੈਂਬਰਾਂ ਦੇ ਨਾਂ ਖਰੀਦੀਆਂ। ਇਹ ਵਸੁੰਦਰਾ ਰਾਜੇ ਦੀ ਪਰਿਵਾਰਕ ਜਾਇਦਾਦ ਨਹੀਂ ਸੀ ਬਲਕਿ ਰਾਜ ਸਰਕਾਰ ਦੀ ਸੀ। ਵਸੁੰਦਰਾ ਨੂੰ ਵਜ਼ੀਰ ਨੂੰ ਜਾਗੀਰ ਸੌਂਪ ਦਾ ਪੂਰਾ ਅਧਿਕਾਰ ਮਿਲਿਆ ਹੋਇਆ ਸੀ। ਮੋਦੀ ਦੇ ਨਾਂ ਨਾਗੋਰ 'ਚ ਖਰੀਦੀ ਗਈ ਜ਼ਮੀਨ 'ਤੇ ਵੀ ਸ਼ੱਕ ਦੇ ਬੱਦਲ ਮੰਡਰਾ ਰਹੇ ਹਨ ਜ਼ਮੀਨ ਦੇ ਸੌਦੇ ਸਮੇਂ ਦਲਿਤ ਮੋਦੀ ਕਦੀ ਵੀ ਨਗੌਰ ਨਹੀਂ ਗਏ ਪਰ ਰਜਿਸਟਰ 'ਚ ਉਸ ਦੇ ਦਸਖਤਾਂ ਦੀ ਥਾਂ ਅੰਗੂਠਾ ਕੀਹਨੇ ਲਾਇਆ? ਇਹ ਫਰਜ਼ੀ ਰਜਿਸਟਰੀ ਦਾ ਕੇਸ ਹੁਣ ਦਰਜ ਹੋਇਆ ਹੈ।

ਫਟਾਫਟ ਕ੍ਰਿਕਟ ਦੇ ਸੰਸਕਰਣ ਆਈ. ਪੀ. ਐਲ. 'ਚ ਵੀ ਲਲਿਤ ਮੋਦੀ ਦੀ ਭੂਮਿਕਾ ਸ਼ੱਕੀ ਨਹੀਂ। ਲਲਿਤ ਮੋਦੀ ਨੇ ਅਫਰੀਕਾ 'ਚ ਰਹਿਣ ਵਾਲੇ ਆਪਣੇ ਬਹਿਨੋਈ ਤੇ ਹੋਰ ਰਿਸ਼ਤੇਦਾਰਾਂ ਰਾਹੀਂ ਰਾਜਸਥਾਨ ਰਾਇਲਸ, ਕਿੰਗਸ ਡਵੇਲਨ ਤੇ ਕੋਲਕਾਤਾ ਨਾਈਟ ਰਾਈਡਰਸ 'ਚ ਪੂੰਜੀ ਲਾਵੇਗਾ। ਮੋਦੀ ਨੇ ਜੋ ਸਹੂਲਤਾਂ ਕ੍ਰਿਕਟ ਦੇ ਵਿਕਾਸ ਲਈ ਦਿੱਤੀਆਂ ਉਨ੍ਹਾਂ ਦੀ ਦੁਰਵਰਤੋਂ ਦੱਬ ਕੇ ਹੋਈ। ਖਿਡਾਰੀਆਂ ਦੀ ਅਯਾਸ਼ੀ ਦਾ ਅੱਡਾ ਬਣ ਗਈ ਹੈ ਫਿਊਚਰ ਅਕੈਡਮੀ ਉਪਰੋਕਤ ਵਿਸਲੇਸ਼ਣ ਤੋਂ ਸਪੱਸ਼ਟ ਹੈ ਕਿ ਭਾਰਤੀ ਕ੍ਰਿਕਟ ਉਨੀਂ ਦਿਨੀਂ ਸੁਰੱਖਿਅਤ ਹੱਥਾਂ 'ਚ ਹੈ ਨਹੀਂ ਅਤੇ ਜਦ ਸੁਰੱਖਿਆ ਹੀ ਸ਼ੱਕ ਦੇ ਘੇਰੇ 'ਚ ਹੈ ਤਾਂ ਉਸ ਦੇ ਭਵਿੱਖ ਸਬੰਧੀ ਸੋਚਣਾ ਮੂਰਖਤਾ ਹੀ ਹੋਵੇਗੀ।

# ਘੁੰਮਣ ਘੇਰੀ 'ਚ ਫਸਿਆ ਕਿਸਾਨ

ਦੇਸ਼ ਦੇ ਕਰੀਬ ਇਕ ਲੱਖ 80 ਹਜ਼ਾਰ ਕਿਸਾਨਾਂ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਹੋਣਾ ਪਿਆ ਹੈ। ਵਿਦਰਭ ਹੋਵੇ ਜਾਂ ਬੁੰਦਲੇਖੰਡ, ਪੰਜਾਬ, ਕਰਨਾਟਕ ਜਾਂ ਛਤੀਸਗੜ੍ਹ ਉਸ ਦੀ ਬਦਕਿਸਮਤੀ ਦੀ ਕਹਾਣੀ ਇਕ ਹੀ ਹੈ।

ਧਵੜਸਰ ਪਿੰਡ ਦੇ ਦਲੀਪ ਮਹਾਦੇਵ ਦੇਵ ਤੜੇ ਕੋਲ ਹੁਣ ਪਤਨੀ ਮੰਦਾ ਦੇਵੀ ਦਾ ਲਿਖਿਆ ਇਕ ਪੱਤਰ ਹੈ ਜਿਸ ਨੂੰ ਉਹ ਸਿਰਹਾਣੇ ਹੇਠਾਂ ਰੱਖ ਕੇ ਸੌਂਦੇ ਹਨ। ਪੁੱਛਣ 'ਤੇ ਕਹਿੰਦੇ ਹਨ 'ਮੰਦਾ ਨੇ ਜਿਉਂਦੇ ਜੀ ਪ੍ਰੇਮ ਪੱਤਰ ਤਾਂ ਲਿਖਿਆ ਨਹੀਂ ਆਤਮ ਹੱਤਿਆ ਨੋਟ ਹੀ ਸਹੀ, ਉਸ ਦੀ ਨਿਸ਼ਾਨੀ ਤਾਂ ਹੈ ਦਲੀਪ ਵਿਦਰਭ ਖੇਤਰ ਦੇ ਉਹਨਾਂ ਹਜ਼ਾਰਾਂ ਪਰਿਵਾਰਾਂ 'ਚੋਂ ਇਕ ਹੈ, ਜਿਹਨਾਂ ਦੇ ਰਿਸ਼ਤੇਦਾਰਾਂ ਨੇ ਬੀਤੇ ਸਾਲਾਂ 'ਚ ਆਤਮ ਹੱਤਿਆ ਕੀਤੀ ਹੈ। ਦਲੀਪ ਦੇ ਤਿੰਨ ਬੇਟਿਆਂ 'ਚੋਂ ਛੋਟੇ ਬੇਟੇ ਛੇ ਸਾਲਾਂ ਦੇ ਮਨੀਸ਼ ਨੂੰ ਪਿਤਾ ਦੀਆਂ ਇਹ ਗੱਲਾਂ ਸਮਝ 'ਚ ਨਹੀਂ ਆਉਂਦੀਆਂ ਪਰ ਉਹ ਮਾਂ ਦਾ ਇਤਜਾਰ ਕਰ ਰਿਹਾ ਹੈ ਕਿ ਉਹ ਮਾਮਾ ਕੋਲ ਛੋਲੀਆ (ਚਨਾ) ਲੈ ਕੇ ਆਵੇਗੀ। ਦਲੀਪ ਦੇ ਘਰੋਂ ਲਗਭਗ 100 ਮੀਟਰ ਦੀ ਦੂਰੀ ਤੇ ਉਸ ਤਲਾਅ ਦਾ ਕਿਨਾਰਾ ਵਿਖਾਉਂਦਾ ਹੈ ਜਿਸ ਦੇ ਟੁੱਟ ਜਾਣ ਨਾਲ ਉਸ ਦੀ ਚਾਰ ਏਕੜ ਜਮੀਨ ਵਹਿ ਗਈ ਸੀ। ਕਰਜਾ ਲੈ ਕੇ ਬੀਜੀ ਗਈ ਫਸਲ ਦੇ ਨੁਕਸਾਨ ਦਾ ਸਦਮਾ ਮੰਦਾ ਬਰਦਾਸ਼ਿਤ ਨਹੀਂ ਕਰ ਸਕੀ ਅਤੇ ਉਸ ਨੇ ਖੇਤ ਵਿਚ ਹੀ ਜ਼ਹਿਰ ਖਾ ਕੇ ਦਮ ਤੋੜ ਦਿੱਤਾ ਪਤਨੀ ਦੇ ਖੁਸਣ ਦੀ ਘਟਨਾ ਦੱਸਦਿਆਂ ਅੱਖਾਂ 'ਚ ਗਮ ਉਤਰ ਆਉਂਦਾ ਹੈ ਕਿ 'ਫਸਲ ਅੱਛੀ ਉੱਗੀ ਸੀ ਉਮੀਦ ਸੀ ਕਿ ਦੋ ਸਾਲ 'ਚ ਲਿਆ ਗਿਆ ਇਕ ਲੱਖ ਕਰਜੇ ਵਿੱਚ ਕੁਝ ਵਾਪਸ ਹੋ ਜਾਵੇਗਾ। ਇਸ ਭਰੋਸੇ ਇਸ ਸਾਲ ਵੀ ਮੰਦਾ ਦੇ ਕਹਿਣ 'ਤੇ ਮੈਂ 15 ਹਜ਼ਾਰ ਹੋਰ ਕਰਜ਼ਾ ਲੈ ਲਿਆ। ਮੰਦਾ ਕਿਹਾ ਕਰਦੀ ਸੀ ਕਿ ਕਰਜਾ ਨਹੀਂ ਮੋੜ ਸਕੂੰਗੀ ਤਾਂ ਆਪਣੇ ਨੂੰ ਚੁਕਾ ਦਿਆਂਗਾ ਅਤੇ ਖੁਦ ਨੂੰ ਹੀ ਚੁਕਾ ਦਿੱਤਾ।'

ਅਮਰਵਤੀ ਜਿਲੇ ਦੇ ਨਾਂਦਗਾਂਵ ਤਹਿਸੀਲ ਦੇ ਦਲੀਪ ਮਹਾਂਦੇਵ ਦੇਵਤੇ ਦੀ ਇਹ ਕਹਾਣੀ ਥੋੜੀ ਘੱਟ ਜਾਂ ਵੱਧ ਹਕੀਕਤ ਨਾਲ ਪੂਰੇ ਵਿਦਰਭ ਦੇ ਕਿਸਾਨਾਂ ਦੀ ਹੈ। ਪਹਿਲਾਂ ਦੇ ਮੁਕਾਬਲੇ ਪਿਛਲੇ ਦੋ ਸਾਲਾਂ ਵਿੱਚ ਬੱਸ ਏਨਾ ਫਰਕ ਆਇਆ ਹੈ ਕਿ ਵਿਦਰਭ 'ਚ ਜਿਥੇ ਰੋਜ ਚਾਰ ਜਾਂ ਪੰਜ ਆਤਮ ਹੱਤਿਆਵਾਂ ਹੋ ਰਹੀਆਂ ਸਨ। ਉਥੋਂ ਹੁਣ ਦੋ ਤੋ ਤਿੰਨ ਹੋ ਰਹੀਆਂ ਹਨ। ਅਮਰਵਤੀ ਜਿਲੇ ਦੇ ਸ਼ਹਿਰੀ ਖੇਤਰ ਤੋਂ ਨਾਦਗਾਂਵ ਤਹਿਸੀਲ ਵੱਲ ਵਧਦੇ ਹੋਇਆ ਖੇਤਾਂ ਦੀ ਚਟਕੀ ਮਿੱਟੀ, ਬਿਨਾਂ ਪਾਣੀ ਦੇ ਖੱਡੇ ਅਤੇ ਦੂਰ-ਦੂਰ ਤਕ ਸੁੱਕੇ ਪਏ ਖੇਤ ਇਹ ਅਹਿਸਾਸ ਕਰਵਾਉਣ ਲਈ ਕਾਫੀ ਹਨ ਕਿ 2005 ਪਿਛੋਂ ਵਿਦਰਭ ਦੇ ਛੇ ਹਜਾਰ ਕਿਸਾਨਾਂ ਨੇ ਆਤਮ ਹੱਤਿਆਂ ਕਿਉਂ ਕੀਤੀ ਹੋਵੇਗੀ। ਕਿਸਾਨਾਂ ਦੀ ਆਤਮ ਹੱਤਿਆਵਾਂ ਨੇ ਇਕ ਵੱਡਾ ਬਜ਼ਾਰ ਵੀ ਖੜਾ ਕੀਤਾ ਹੈ ਜਿਸ ਦੇ ਸੌਦਾਗਰ ਨੇਤਾ ਦਲਾਲ ਬੈਂਕ ਅਤੇ ਸੂਦਖੋਰ ਤਾਂ ਸਾਲਾਂ ਤੋਂ ਸਨ। ਹੁਣ ਇਸ ਕੜੀ ਵਿਚ ਧਰਮ ਗੁਰੂਆਂ ਦੀ ਵੀ ਇਕ ਵੱਡੀ ਜਮਾਤ ਸ਼ਾਮਲ ਹੋ ਗਈ ਹੈ। ਸਭ ਤੋਂ ਵੱਧ ਆਤਮ ਹੱਤਿਆਵਾਂ ਵਾਲੇ ਜਿਲੇ ਯਵਤਮਾਲ ਤੇ ਅਮਰਾਵਤੀ 'ਚ ਸਰਕਾਰੀ ਕਿਰਪਾ ਨਾਲ ਧਰਮ ਗੁਰੂ ਸ੍ਰੀ ਰਵੀ ਸ਼ੰਕਰ ਨੂੰ 300 ਏਕੜ ਅਮਰਵਤੀ ਨੂੰ

250 ਏਕਰ ਰਾਓਵੈਦ ਨੂੰ 116 ਏਕੜ ਜਮੀਨ ਅਤੇ ਇਦੌਰ ਦੇ ਭਾਊ ਜੀ ਮਹਾਰਾਜ ਨੂੰ ਕਿਸਾਨ ਯਾਤਰਾ ਦੇ ਨਾਂ 'ਤੇ 200 ਕਰੋੜ ਰੁਪਏ ਦਿੱਤੇ ਗਏ ਹਨ। ਇਹਨਾਂ ਵਿੱਚ ਸਭ ਤੋਂ ਵੱਡੀ ਸਫਲਤਾ ਆਸਾ ਰਾਮ ਬਾਪੂ ਨੂੰ ਮਿਲੀ, ਜਿਹਨਾਂ ਨੇ ਪੱਛਮੀ ਵਿਦਰਭ 'ਚ ਲਗਭਗ 500 ਏਕੜ ਜਮੀਨ ਹਾਸਲ ਹੋਈ ਹੈ।

ਮਹਾਰਾਸ਼ਟਰ ਦੇ ਵਿਦਰਭ ਖੇਤਰ 'ਚ ਕੁਝ 11 ਜ਼ਿਲ੍ਹੇ ਹਨ ਜਿਹਨਾਂ 'ਚ ਜਿਹਨਾਂ ਵਿੱਚ ਪੱਛਮੀ ਵਿਦਰਭ ਦੇ ਛੇ ਜਿਲੇ ਯਵਤਮਾਲ ਅਮਰਵਤੀ ਵਾਸਿਮ, ਅਕੋਲਾ, ਵਰਧਾ ਅਤੇ ਬੁਲਡਾਨਾ ਸਭ ਤੋਂ ਵੱਧ ਕਿਸਾਨ ਆਤਮ ਹੱਤਿਆਵਾ ਦੀ ਲਪੇਟ 'ਚ ਹਨ। ਹਾਲਾਂਕਿ ਸਰਕਾਰ ਹਰ ਸਾਲ ਸਭ ਤੋਂ ਵੱਧ ਕਰਜਾ ਵੰਡ ਇਸੇ ਖੇਤਰ 'ਚ ਕਰਦੀ ਹੈ। ਕਿਸਾਨਾਂ ਦੀ ਪ੍ਰੇਸ਼ਾਨੀ ਇਹ ਹੈ ਕਿ ਉਹ ਕਰਜ਼ਾ ਨਾ ਲੈਣ ਤਾਂ ਖੇਤੀ ਮੁਸ਼ਕਲ ਹੈ ਅਤੇ ਉਸ ਨੂੰ ਨਾ ਮੋੜਨ ਦਾ ਜਿੰਦਗੀ ਹਰਾਮ ਹੈ। ਵਿਦਰਭ ਵਿੱਚ ਹੁਣ ਤਕ ਹਜ਼ਾਰਾਂ ਕਰੋੜ ਰੁਪਏ ਕਰਜੇ ਅਤੇ ਮੁਆਵਜੇ ਵਜੋਂ ਵੰਡ ਚੁੱਕੀ ਹੈ। ਪਰ ਜਾਂਚ 2600 ਕੇਸਾਂ 'ਚ ਕੀਤੀ ਗਈ ਅਤੇ ਪੁਲਸ ਦੇ ਹਿਸਾਬ ਨਾਲ ਰਾਹਤ ਦੀ ਪਾਤਰਤਾ 1300 ਲੋਕਾਂ ਦੀ ਸਾਬਤ ਹੋਈ। ਦੂਜੇ ਪਾਸੇ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਨੇ ਪਿਛਲੇ ਸਾਲ ਰਾਜ ਸਭਾ 'ਚ ਰਿਪੋਰਟ ਪੇਸ਼ ਕਰਦਿਆਂ ਕਿਹਾ ਸੀ ਕਿ 'ਦੇਸ਼ ਭਰ 'ਚ 1997 ਤੋਂ 2005 ਵਿਚਕਾਰ ਡੇੜ ਲੱਖ ਕਿਸਾਨਾ ਨੇ ਆਤਮ ਹੱਤਿਆ ਕੀਤੀ, ਜਿਸ ਵਿੱਚ ਸਭ ਤੋਂ ਵੱਧ ਆਤਮ ਹੱਤਿਆਵਾਂ ਵਿਦਰਭ 'ਚ ਦਰਜ ਕੀਤੀਆਂ ਗਈ। ਸ਼ਰਦ ਪਵਾਰ ਦੀ ਰਿਪੋਰਟ ਦਾ ਸਰੋਤ ਕੌਮੀ ਅਪਰਾਧ ਖਜ ਬਿਊਰੋ ਹੈ ਅਤੇ ਹੁਣ ਇਹ ਗਿਣਤੀ ਦੋ ਲੱਖ ਦੇ ਕਰੀਬ ਪਹੁੰਚਣ ਵਾਲੀ ਹੈ। ਖੇਤੀ ਮੰਤਰੀ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਭਾਜਪਾ ਹਕੂਮਤ ਵਾਲੇ ਰਾਜ ਮੱਧ ਪ੍ਰਦੇਸ਼ ਅਤੇ ਕਰਨਾਟਕ ਕਿਸਾਨ ਆਤਮ ਹੱਤਿਆਵਾਂ ਸਬੰਧੀ ਦੂਜੇ ਅਤੇ ਤੀਜੇ ਸਥਾਨ 'ਤੇ ਹਨ। ਦੋਨੋਂ ਸੂਬਿਆਂ ਵਿੱਚ ਉਹਨਾਂ ਸਾਲਾਂ 'ਚ ਸੱਠ ਹਜ਼ਾਰ ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ ਸੀ।

ਪਿਛਲੇ ਤਿੰਨ ਸਾਲਾਂ 'ਚ ਕਰਨਾਟਕ 'ਚ ਕਿਸਾਨਾਂ ਦੀਆਂ ਆਤਮ ਹੱਤਿਆਵਾਂ 'ਚ ਕੁਝ ਕਮੀ ਆਈ ਹੈ। 2001 ਤੋਂ 2006 ਵਿਚਕਾਰ ਕਰਨਾਟਕਾ 'ਚ ਅੱਠ ਹਜ਼ਾਰ ਛੇ ਸੌ ਕਿਸਾਨਾਂ ਨੇ ਆਤਮ ਹੱਤਿਆ ਕੀਤੀ ਸੀ ਜਦ ਕਿ ਪਿਛਲੇ ਵਿਤੀ ਸਾਲ 'ਚ 31 ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦਾ ਮਾਮਲਾ ਜਾਹਰ ਹੋਇਆ ਹੈ। ਪ੍ਰਸਿੱਧ ਪੱਤਰਕਾਰ ਪੀ ਸਾਈਨਾਥ ਦੇ ਸ਼ਬਦਾਂ 'ਚ ਕਹੀਏ ਤਾਂ, 2005 ਤਕ ਹਰ ਭਿਰਪਨ ਮਿੰਟ 'ਚ ਕਰਨਾਟਕ 'ਚ ਇਕ ਕਿਸਾਨ ਕਰ ਰਿਹਾ ਹੈ। ਹੁਣ ਲਗਭਗ ਇਕ ਦਿਨ 'ਚ ਮਰ ਰਿਹਾ ਹੈ। ਪਿਛਲੇ ਵਿਤੀ ਸਾਲ 'ਚ ਸਭ ਤੋਂ ਵੱਧ ਆਤਮ ਹੱਤਿਆਵਾਂ ਲੜੀਵਾਰ ਜ਼ਿਲ੍ਹਾ ਹਸਨ 'ਚ 47, ਗੁਲਬਰਗ 'ਚ 35, ਬੀਦਰ 'ਚ 28 ਦਰਜ ਕੀਤੀਆਂ ਗਈਆਂ ਇਹਨਾਂ ਜਿਲਿਆਂ 'ਚ ਕਿਸਾਨ ਮੁੱਖ ਤੌਰ'ਤੇ ਆਲੂ ਦੀ ਖੇਤੀ 'ਤੇ ਨਿਰਭਰ ਹਨ ਅਤੇ ਨਿੱਜੀ ਸਰਕਾਰੀ ਬੈਂਕਾਂ ਦੇ ਅਕੜ ਜਾਲ 'ਚ ਫਸ ਕੇ ਆਤਮ ਹੱਤਿਆ ਕਰ ਰਹੇ ਹਨ। ਪੀਪਲਸ ਯੂਨੀਅਨ ਫਾਰ ਸਿਵਲ ਲਿਬਰਟੀਜ਼ ਨੇ ਮੈਸੂਰ ਤੇ ਚਾਮਰਾਜਾ ਜ਼ਿਲ੍ਹੇ ਵਿਚ ਕਿਸਾਨ ਆਤਮ ਹੱਤਿਆਵਾਂ 'ਤੇ ਰਿਪੋਰਟ ਜਾਰੀ ਕਰਦਿਆਂ ਕਿਹਾ ਸੀ ਕਿ ਦੋਨੋਂ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਬੈਂਕ ਪਹਿਲਾਂ ਕਰਜਾ ਦੇਣ ਬਦਲੇ ਸੁਹਾਵਣੇ ਸੁਪਨੇ ਵਿਖਾਉਂਦੇ ਹਨ। ਕਿਸਾਨ ਜਦ ਇਹਨਾਂ ਦੇ ਜਾਲ 'ਚ ਫਸ ਜਾਂਦਾ ਹੈ ਤਾਂ ਘਰ ਕੁਰਕੀ ਕਰਵਾਉਣ ਤੋਂ ਲੈ ਕੇ ਟ੍ਰੈਕਟਰ ਆਦਿ ਚੁੱਕ ਕੇ ਲੈ ਜਾਣ ਤਕ

ਦੀ ਕਾਰਵਾਈ ਕਰਦੇ ਹਨ। ਅਜਿਹੇ ਵਿੱਚ ਕਿਸਾਨਾਂ ਕੋਲ ਆਤਮ ਹੱਤਿਆ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ 'ਬਚਦਾ'। ਅਜੇ 28 ਜੂਨ ਨੂੰ ਆਂਧਰਾ ਪ੍ਰਦੇਸ਼ ਦੇ ਸਾਂਗਰੇੜੀ ਜ਼ਿਲ੍ਹੇ ਦੇ ਹੰਡੂਰਾ ਪਿੰਡ 'ਚ ਜੋ ਮਨੇਆਹ ਨਾਂ ਦੇ ਕਿਸਾਨ ਨੇ ਕੀਟਨਾਸ਼ਕ ਪੀ ਕੇ ਆਤਮ ਹੱਤਿਆ ਕਰ ਲਈ ਸਿੰਡੀਕੇਟ ਬੈਂਕ ਦੀ ਜਰਾ ਸ਼ੰਘਰਸ ਸ਼ਾਖਾ ਨੇ ਉਸ ਤੋਂ 1993 'ਚ ਲਏ ਕਰਜੇ ਬਦਲੇ 6 ਗੁਣਾ ਵੱਧ ਦੇਣ ਦੀ ਚੇਤਾਵਨੀ ਦਿੱਤੀ ਸੀ। ਵਰਨਣਯੋਗ ਹੈ ਕਿ ਆਂਧਰਾ ਪ੍ਰਦੇਸ਼ ਦੀ ਖੇਤੀ 'ਚ ਬੈਂਕਾਂ ਦਾ ਵਿਆਪਕ ਪ੍ਰਸਾਰ ਬਹੁ ਕੌਮੀ ਕੰਪਨੀਆਂ ਦੇ ਦਾਖਲੇ ਨਾਲ ਹੋਇਆ। ਬੀਤੇ ਸਾਲ 'ਚ ਸਭ ਤੋਂ ਵੱਧ ਆਤਮ ਹੱਤਿਆਵਾਂ ਆਂਧਰਾ ਦੇ ਤਿੰਲਗਾਨਾ ਖੇਤਰ 'ਚ ਹੋਈਆਂ ਜਿਥੋਂ ਦੇ ਕਿਸਾਨਾਂ ਦੀ ਰਵਾਇਤੀ ਖੇਤੀ ਨੂੰ ਆਧੁਨਿਕ ਬੀਜ, ਦਵਾ ਤੇ ਖਾਦ ਕੰਪਨੀਆਂ ਨੇ ਮਿਲ ਕੇ ਉਜਾੜ ਦਿੱਤਾ। ਆਂਧਰਾ ਵਿੱਚ ਆਤਮ ਹੱਤਿਆਵਾਂ ਦੀ ਸ਼ੁਰੂਆਤ ਵਾਰੰਗਲ ਜ਼ਿਲ੍ਹੇ ਤੋਂ ਹੋਈ ਜਿਥੇ ਕਿਸਾਨਾਂ ਪੀੜੀਆਂ ਤੋਂ ਮਿਰਚ ਧਾਨ, ਦਾਲਾਂ ਤੇ ਤਿਲਹਨ ਦੀ ਖੇਤੀ ਕਰਦੇ ਸਨ। ਪਰ 1997 ਪਿਛੋਂ ਮੈਨਸੈਂਟੋ ਬੀਜ ਤੇ ਕੀਟਨਾਸਕ ਕੰਪਨੀ ਦੀ ਘੁੰਮਣਘੇਰੀ 'ਚ ਵੱਧ ਕਮਾਉਣ ਦੇ ਲਾਲਚ 'ਚ ਕਿਸਾਨ ਬੀਜੀ ਕਪਾਹ ਦੀ ਖੇਤੀ ਕਰਨ ਲੱਗੇ। ਉਸ ਪਿਛੋਂ ਲਗਾਤਾਰ ਹੁਣ ਤਕ ਰਾਜ 'ਚ ਹਜ਼ਾਰਾਂ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਨਵਦਾਨਿਆ ਸਮਾਜਿਕ ਸੰਗਠਨ ਦੀ ਸੰਯੋਜਕ ਵੰਦਨਾ ਸਿਵਾ ਅਨੁਸਾਰ ਆਂਧਰਾ ਦੇ ਕਿਸਾਨ ਜੋ ਸੈਂਕੜੇ ਸਾਲਾਂ ਤੋਂ ਖੇਤੀ ਦੀ ਭੂਗੋਲਿਕ ਵਿਵਿਧਤਾ ਨੂੰ ਧਿਆਨ 'ਚ ਰੱਖ ਕੇ ਕੰਪਨੀਆਂ ਨੇ ਤਹਿਸ ਨਹਿਸ ਕਰ ਦਿੱਤਾ।"

ਦੱਖਣੀ ਭਾਰਤ 'ਚ ਕਿਸਾਨ ਆਤਮ ਹੱਤਿਆਵਾਂ ਵਾਲਾ ਤੀਜਾ ਸੂਬਾ ਕੇਰਲਾ ਹੈ। ਉਥੇ 2003-06 ਵਿਚਕਾਰ ਦੋ ਸੌ ਆਤਮ ਹੱਤਿਆਵਾਂ ਦੇ ਮਾਮਲੇ ਸਾਹਮਣੇ ਆਏ, ਇਹਨਾਂ ਕਿਸਾਨਾਂ 'ਚ ਨਾਰੀਅਲ ਰਬੜ ਤੇ ਧਾਨ ਪੈਦਾ ਕਰਨ ਵਾਲੇ ਕਿਸਾਨ ਸ਼ਾਮਲ ਹਨ, ਜਿਹਨਾਂ ਨੇ ਬੈਂਕਾਂ ਤੋਂ ਕਰਜਾ ਲੈ ਕੇ ਖੇਤੀ ਕੀਤੀ, ਪਰ ਖਰਾਬ ਮੌਸਮ ਅਤੇ ਬਜਜ਼ਾਰ ਦੀ ਬੇਹਤਰ ਸਹੂਲਤ ਦੀ ਘਾਟ 'ਚ ਕਰਜਾ ਨਹੀਂ ਮੋੜ ਸਕੇ। ਕੇਰਲਾ ਦੇ ਵਾਲਿਆਨਾੜ ਅਤੇ ਅਡਫੋਸਾ ਜ਼ਿਲ੍ਹਿਆਂ 'ਚ ਸਭ ਤੋਂ ਵੱਧ ਅਜਿਹੇ ਮਾਮਲੇ ਉਜਾਗਰ ਹੋਏ ਤਾਂ ਕੀ ਕਾਗਜ਼ ਮੁਆਫੀ ਦਾ ਸਭ ਤੋਂ ਅਸਰ ਕੇਰਲਾ 'ਚ ਹੋਇਆ ਹੈ? ਇਸ ਸੁਆਲ 'ਤੇ ਖੇਤੀ ਅਰਥਸਾਸ਼ਤਰੀ ਡਾ. ਰਵੀ ਕੁਮਾਰ ਕਹਿੰਦੇ ਹਨ ਕਿ" ਸਿਰਫ ਕਰਜਾ ਮੁਆਫੀ ਕਾਫੀ ਨਹੀਂ ਹੈ। ਬਲਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੂਬੇ ਦੇ ਕਿਸਾਨਾਂ ਨੂੰ ਦੇਸ਼ ਤੇ ਵਿਦੇਸ਼ ਵਿੱਚ ਬੇਹਤਰ ਬਾਜ਼ਾਰ ਮੁਹੱਈਆ ਕਰਵਾਵੇ।'

ਉਪਰ ਭਾਰਤ ਦਾ ਮੱਧ ਪ੍ਰਦੇਸ਼ ਆਤਮ ਹੱਤਿਆਵਾਂ ਲਈ ਚਰਚਾ ਭਾਵੇਂ ਨਾ ਹੀ ਹੋਵੇ ਪਰ ਗੈਰ ਸਰਕਾਰੀ ਅੰਕੜਿਆਂ ਅਨੁਸਾਰ ਹਰ ਸਾਲ ਰਾਜ 'ਚ ਦੋ ਹਜ਼ਾਰ ਤੋਂ ਵੱਧ ਕਿਸਾਨ ਮੌਤ ਨੂੰ ਗਲੇ ਲਾ ਰਹੇ ਹਨ। ਜੇ ਇਸ ਅਨੁਮਾਨ ਨੂੰ ਸਹੀ ਮੰਨਿਆ ਜਾਵੇ ਤਾਂ ਆਤਮ ਹੱਤਿਆਵਾਂ ਸਬੰਧੀ ਮੱਧ ਪ੍ਰਦੇਸ਼ ਵਿਦਰਭ ਨੂੰ ਪਾਰ ਕਰ ਚੁੱਕਿਆ ਹੈ। ਪੇਂਡੂ ਖੇਤਰਾਂ ਵਿੱਚ 18 ਤੋਂ 20 ਘੰਟੇ ਦੀ ਬਿਜਲੀ ਕਟੌਤੀ ਦਾ ਖਮਿਆਜਾ ਕਿਸਾਨ ਖੇਤੀ 'ਚ ਨੁਕਸਾਨ ਵਜੋਂ ਭੁਗਤ ਰਿਹਾ ਹੈ। ਵਪਾਰੀ ਵੀ ਕਿਸਾਨਾਂ ਨੂੰ ਸਹੀ ਭਾਅ ਨਹੀਂ ਦਿੰਦੇ ਹਨ। ਪ੍ਰਦੇਸ਼ ਦੇ ਜ਼ਿਆਦਾਤਰ ਕਿਸਾਨਾਂ ਨੂੰ ਵੀ ਲਾਗਤ ਵੀ ਨਹੀਂ ਮਿਲ ਸਕੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਰਾਜ ਮਹਾਂ ਮੰਤਰੀ ਸ਼ਿਵ ਕੁਮਾਰ ਦਾ ਕਹਿਣਾ ਹੈ ਕਿ 'ਸਰਕਾਰ ਕਿਸਾਨਾਂ ਲਈ ਅਜਿਹੀ ਨੀਤੀ ਲਾਗੂ ਕਰੇ ਕਿ ਜਿਸ ਨਾਲ ਉਹਨਾਂ

ਦਾ ਕਰਜਾ ਵੱਧ ਨਾ ਤਾਂ ਉਹਨਾਂ ਨੂੰ ਉਹਨਾਂ ਦੀ ਫਸਲ ਦਾ ਮੁੱਲ ਵਧ ਮਿਲੇ ਕਰਜਾ ਦੇ ਕੇ ਸਰਕਾਰ ਉਹਨਾਂ ਨੂੰ ਉਹਨਾਂ ਹੋਰ ਕਰਜਦਾਰ ਬਣ ਰਹੀ ਹੈ। ਹੋਰ ਦੇਸ਼ਾਂ ਵਾਂਗੂੰ ਬਿਨਾ ਵਿਆਜ ਕਰਜ਼ਾ ਦੇਣਾ ਚਾਹੀਦਾ ਹੈ।' ਛਤੀਸਗੜ੍ਹ 'ਚ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੇ ਕੇਸ 'ਚ ਜਾਨੇ-ਮਾਨੇ ਪੱਤਰਕਾਰ ਸੁਭਾਸ਼ੂ ਚੌਧਰੀ ਦਾ ਕਹਿਣਾ ਹੈ ਕਿ ਰਾਜ 'ਚ ਰੋਜ ਚਾਰ ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਇਸ ਬਾਬਤ ਐਨ. ਸੀ. ਆਰ. ਬੀ. ਦੀ ਰਿਪੋਰਟ ਆਉਣ ਦੇ ਬਾਵਜੂਦ ਸਰਕਾਰ ਕਿਸੇ ਤਰ੍ਹਾਂ ਦੀ ਪਹਿਲ ਕਦਮੀ ਕਰਨਾ ਤਾਂ ਦੂਰ, ਦੀ ਗੱਲ ਆਤਮ ਹੱਤਿਆਵਾਂ ਨੂੰ ਮੰਨਣ ਲਈ ਵੀ ਤਿਆਰ ਨਹੀਂ। ਆਦੀਵਾਸੀ ਬਹੁਗਿਣਤੀ ਵਾਲੇ ਛਤੀਸਗੜ੍ਹ 'ਚ ਆਤਮ ਹੱਤਿਆਵਾਂ ਦਾ ਸਿਲਸਿਲਾ ਇਸ ਤਰ੍ਹਾਂ ਵਧਦਾ ਰਿਹਾ ਤਾਂ ਉਸ ਸੰਕਟ ਦੀ ਹਾਲਤ ਹੋਵੇਗੀ। ਕਿਉਂਕਿ ਇਸ ਰਾਜ ਫੀਸਦੀ ਆਬਾਦੀ ਖੇਤੀ 'ਤੇ ਨਿਰਭਰ ਹੈ। ਸੋਕੇ ਤੇ ਗਰੀਬ ਨਾਲ ਗ੍ਰਹਿਸਤ ਬੁਦਲੇਖੰਡ 'ਚ ਰੋਜ ਤਿੰਨ ਤੋਂ ਚਾਰ ਆਤਮ ਹੱਤਿਆਵਾਂ ਹੋ ਰਹੀਆਂ ਹਨ। ਜਾਂ ਲੋਕ ਭੁੱਖ ਨਾਲ ਮਰ ਰਹੇ ਹਨ। ਚਿਤ੍ਰਕੂਟ ਦੇ ਪਾਰਾ ਖੇਤਰ 'ਚ ਲਗਭਗ ਹਰ ਪਿੰਡ 'ਚ 2-3 ਮੌਤਾਂ ਭੁੱਖਮਰੀ ਨਾਲ ਹੋ ਰਹੀਆਂ ਹਨ। ਸੰਨ 2000 ਤੋਂ ਹੁਣ ਤਕ ਲਗਭਗ 5000 ਕਿਸਾਨ ਮਜ਼ਦੂਰ ਮਰ ਚੁੱਕੇ ਹਨ। ਬੁਦਲੇਖੰਡ 'ਚ ਤਿੰਨ ਚੌਥਾਈ ਮੌਤਾਂ ਗਰੀਬੀ ਕੁਪੋਸ਼ਣ ਖੇਤੀ 'ਚ ਨੁਕਸਾਨ ਤਣਾਅ, ਬੈਂਕਾਂ ਦੀ ਧੱਕੇਸ਼ਾਹੀ ਤੇ ਪਾਣੀ ਖਾਤਰ ਲੜਾਈਆਂ ਨਾਲ ਹੁੰਦੀਆਂ ਹਨ। ਪੰਜਾਬ 'ਚ ਵੀਆਤਮ ਹੱਤਿਆ ਦਾ ਕਾਰਨ ਬੁਦਲੇਖੰਡ ਵਾਲਾ ਹੀ ਹੈ। ਬੁੰਦਲੇਖੰਡ ਦੇਸ਼ ਦਾ ਪਿਛੜਿਆ ਤੇ ਸੋਕਾਗ੍ਰਸਤ ਸਬ ਹੈ। ਪੰਜਾਬ ਕੁਝ ਖੁਸ਼ਹਾਲ ਤੇ ਹਰੀ ਕ੍ਰਾਂਤੀ ਦਾ ਮੋਹਰੀ ਕਰਦਾ ਹੈ। ਸਰਕਾਰੀ ਐਲਾਨ ਹੈ ਕਿ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਨੂੰ ਦੋ ਲੱਖ ਰੁਪਏ ਦਿੱਤੇ ਜਾਣਗੇ। 2001 ਤੋਂ 2005 ਤਕ ਪੰਜਾਬ ਦੇ 13000 ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ ਸੀ। ਆੜਤੀਆਂ ਤੇ ਬੈਂਕਾਂ ਵੱਲੋਂ ਸਤਾਏ ਜਾਣਾ ਜਮੀਨ ਵੇਚ ਕੇ ਸਮਾਨ ਖੋਹਣਾ। ਫਸਲ ਖਰਾਬ ਹੋਣੀ, ਗਰੀਬ ਆਤਮ ਹੱਤਿਆਵਾਂ ਦੇ ਮੁੱਖ ਕਾਰਨ ਹਨ। ਪੰਜਾਬ 'ਚ ਆਤਮ ਹੱਤਿਆਵਾਂ ਕਰਨ ਵਾਲੇ ਬਾਕੀ ਦੇਸਸ਼ ਦੀ ਤਰ੍ਹਾਂ 90 ਫੀਸਦੀ ਛੋਟੇ ਗਰੀਬ ਕਿਸਾਨ ਹਨ, ਇਸ 'ਚ ਸੰਗਰੂਰ, ਮਾਨਸਾ, ਫਿਰੋਜ਼ਪੁਰ ਜਿਲਿਆਂ ਦੇ ਕਿਸਾਨ ਸ਼ਾਮਲ ਹਨ। ਜਾਹਿਰ ਹੈ ਕਿ ਵਿਦਰਭ, ਕੇਰਲ ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਛਤੀਸਗੜ੍ਹ ਬੁਦਲੇਖੰਡ ਹੋਵੇ ਜਾਂ ਪੰਜਾਬ ਆਤਮ ਹੱਤਿਆ ਦੇ ਰੁਝਾਨ ਤੇ ਕਾਰਨ ਇਕੋ ਜਿਹੇ ਹਨ। ਪਿਛੋਂ ਦੇ ਦਹਾਕਿਆਂ ਤੋਂ ਕਿਸਾਨ ਰਿਵਾਇਤੀ ਖੇਤੀ ਛੱਡ ਕੇ ਕੌਮੀ-ਬਹੁ ਕੌਮੀ ਸਾਮਰਾਜੀ ਬੀਜ, ਕੀਟਨਾਸਕ, ਖਾਦ ਕੰਪਨੀਆਂ ਅਤੇ ਬੈਂਕ ਸੂਦਖੋਰਾਂ ਦਲਾਲਾਂ ਦੇ ਚੱਕਰ 'ਚ ਉਲਝ ਕੇ ਰਹਿ ਗਏ।

-----✪✪-----

# ਹਾਸ਼ੀਏ 'ਤੇ ਕਿਉਂ ਹੈ ਦੇਸੀ ਖੇਤੀ?

ਜੇ ਕੋਈ ਕਹੇ ਕਿ ਭਾਰਤ ਵਿੱਚ ਜੈਵਿਕ ਖੇਤੀ ਦੀ ਸ਼ੁਰੂਆਤ ਕਿਸੇ ਅੰਗਰੇਜ ਨੇ ਅਤੇ ਉਹ ਵੀ ਵੀਹਵੀਂ ਸਦੀ ਯਾਨੀ ਸੰਨ 1930 ਦੇ ਆਸ ਪਾਸ ਕੀਤੀ, ਤਾਂ ਕਿਵੇਂ ਲੱਗੇਗਾ? ਇਹ ਠੀਕ ਵੈਸਾ ਹੀ ਹੈ, ਜਿਵੇਂ ਕੋਈ ਸਾਡੇ ਹੀ ਦੇਸ਼ ਦੀ ਬਨਸਪਤੀ ਚਾਵਲ ਨੂੰ ਘਾਸਮਤੀ ਜਾਂ ਪਿਆਸਪਤੀ ਚਾਵਲ ਬਣਾ ਕੇ ਪੇਸ਼ ਕਰੇ ਅਤੇ ਕਰੇ ਕਿ ਇਹ ਉਸ ਦੀ ਆਪਣੀ ਉਪਜ ਹੈ। ਜੈਵਿਕ ਵਸਤਾਂ ਦੇ ਮਾਮਲੇ ਵਿੱਚ ਅਜਿਹਾ ਹੀ ਹੋ ਰਿਹਾ ਹੈ ਅਤੇ ਹੈਰਾਨ ਦੀ ਗੱਲ ਹੈ ਕਿ ਭਾਰਤ ਸਰਕਾਰ ਦੇ ਨੈਸ਼ਨਲ ਸੈਂਟਰ ਆਫ਼ ਆਰਗੈਨਿਕ ਫਾਰ ਮਿੰਗ ਦੀ ਸਾਈਟ 'ਤੇ ਵੀ ਅਜਿਹਾ ਹੀ ਕੁਝ ਲਿਖਿਆ ਹੈ। ਕੀ ਸੱਚਮੁੱਚ ਅਜਿਹਾ ਹੈ? ਭਾਰਤ ਵਿਚ ਜਦ ਅਸੀਂ ਜੈਵਿਕ ਖੇਤੀ ਦੀ ਗੱਲ ਕਰਦੇ ਹਾਂ ਤਾਂ ਉਸ ਦਾ ਮਤਲਬ ਐਸੀ ਖੇਤੀ ਤੋਂ ਹੈ ਜਿਸ ਵਿਚ ਰਸਾਇਣਿਕ ਖਾਦ ਅਤੇ ਕੀਟਨਾਸ਼ਕਾਂ ਦੀ ਵਰਤੋਂ ਕੀਤੇ ਬਿਨਾਂ ਫਸਲਾਂ ਉਗਾਈਆਂ ਜਾਂਦੀਆਂ ਹਨ। ਇਸ ਵਿੱਚ ਖਾਦ ਬੀਜ ਤੋਂ ਲੈ ਕੇ ਸਾਰੀਆਂ ਚੀਜ਼ਾਂ ਸਥਾਨਕ ਪੱਧਰ 'ਤੇ ਹੀ ਜੁਟਾਈਆਂ ਜਾਂਦੀਆਂ ਹਨ, ਕੁਝ ਵੀ ਬਾਹਰੀ ਨਹੀਂ ਹੁੰਦਾ। ਇਸ ਲਿਹਾਜ ਤੋਂ ਵੇਖੀਏ ਤਾਂ ਭਾਰਤ ਵਿੱਚ ਹਜ਼ਾਰਾਂ ਸਾਲਾਂ ਤੋਂ ਜੈਵਿਕ ਖੇਤੀ ਕੀਤੀ ਜਾ ਰਹੀ ਹੈ। ਪਰ ਸਮੇਂ ਨੇ ਪਲਟੀ ਮਾਰ ਅਤੇ ਜੈਵਿਕ ਖੇਤੀ ਪਿਛੜਦੀ ਚਲੀ ਗਈ।

ਦਰਅਸਲ 1950 ਦੇ ਦਹਾਕੇ ਪਿਛੋਂ ਆਬਾਦੀ 'ਚ ਹੋਏ ਵਾਧੇ ਅਤੇ ਅਨਾਜਾਂ ਦੀ ਪੈਦਾਵਾਰ 'ਚ ਕਮੀ ਨੇ ਹਰੀ ਕ੍ਰਾਂਤੀ ਨੂੰ ਜਨਮ ਦਿੱਤਾ ਇਸ ਦੌਰਾਨ ਵੱਧ ਤੋਂ ਵੱਧ ਅੰਨ ਪੈਦਾ ਕਰਨ 'ਤੇ ਜੋਰ ਸੀ ਇਸ ਲਈ ਖੇਤੀ ਦੀ ਰਵਾਇਤੀ ਪ੍ਰਣਾਲੀ ਪਿੱਛੇ ਰਹਿ ਗਈ ਹੈ। ਹਾਂ, ਇਹ ਜ਼ਰੂਰ ਹੈ ਕਿ ਇਸ ਦਾ ਕੁਲ ਰਕਬਾ ਕਾਫੀ ਘੱਟ ਹੋ ਗਿਆ। ਪਰ ਅਜਿਹਾ ਜ਼ਿਆਦਾ ਦਿਨ ਤੱਕ ਨਹੀਂ ਰਿਹਾ। ਸੱਤਰ ਦੇ ਦਹਾਕੇ 'ਚ ਜਦ ਭਾਰਤ ਅਨਾਜ ਸਬੰਧੀ ਆਤਮ ਨਿਰਭਰ ਹੋ ਗਿਆ ਤਾਂ ਹਰੀ ਕ੍ਰਾਂਤੀ ਦੇ ਨਾਂ 'ਤੇ ਕੀਤੀ ਜਾਣ ਵਾਲੀ ਖੇਤੀ ਦੇ ਗੁਣ ਦੋਸ਼ਾਂ 'ਤੇ ਚਰਚਾ ਹੋਈ ਅਤੇ ਅਜਿਹਾ ਮਹਿਸੂਸ ਹੋਣ ਲੱਗਿਆ ਕਿ ਰਸਾਇਣਕ ਖਾਦ ਕੀਟਨਾਸ਼ਕਾਂ ਦੀ ਕੁਝ ਜ਼ਿਆਦਾ ਹੀ ਵਰਤੋਂ ਹੋ ਰਹੀ ਹੈ। ਇਹ ਨਾ ਤਾਂ ਲੋਕਾਂ ਲਈ ਠੀਕ ਸੀ ਨਾ ਹੀ ਮਿੱਟੀ ਜਾਂ ਕਹੀਏ ਵਾਤਾਵਰਣ ਦੀ ਸਿਹਤ ਲਈ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਮੁਤਾਬਕ ਤੀਜੀ ਦੁਨੀਆਂ ਦੇ ਦੇਸ਼ਾਂ 'ਚ ਕਰੀਬ ਚੌਂਦਾਂ ਹਜ਼ਾਰ ਲੋਕ ਹਰ ਸਾਲ ਕੀਟਨਾਸ਼ਕਾਂ ਦੇ ਜ਼ਹਿਰ ਕਾਰਨ ਮਰ ਜਾਂਦੇ ਹਨ। ਇਹਨਾਂ ਹਾਲਾਤਾਂ 'ਚ ਲੋਕਾਂ ਨੂੰ ਪੁਰਾਣੀ ਦੇਸੀ ਖੇਤੀ ਦੀ ਯਾਦ ਆਈ। ਹਾਲਾਂਕਿ ਜੈਵਿਕ ਖੇਤੀ ਨੂੰ ਅੱਗੇ ਵਧਾਉਣ ਦਾ ਇਹ ਫੌਰੀ ਕਾਰਨ ਸੀ। ਅਸਲ ਗੱਲ ਇਹ ਸੀ ਕਿ ਖਾਦ ਸਬਸਿਡੀ ਵਧਦੀ ਜਾ ਰਹੀ ਸੀ ਅਤੇ ਜਿਨਾ ਦੇਸ਼ਾਂ ਤੋਂ ਖਾਦ ਦੀ ਦਰਾਮਦ ਹੁੰਦੀ ਸੀ। ਉਹ ਗਾਹੇ-ਬਗਾਹੇ ਭਾਰਤ ਦੀ ਬਾਂਹ ਮਰੋੜਨ ਦਾ ਮੌਕਾ ਹੱਥੋਂ ਨਹੀਂ ਗੁਆਉਂਦੇ ਸਨ। ਇਸ ਤਰ੍ਹਾਂ ਜਨਵਰੀ 1994 'ਚ ਸੇਵਾਗ੍ਰਾਮ ਐਲਾਨ ਹੋਇਆ ਅਤੇ ਜੈਵਿਕ ਖੇਤੀ ਦੀ ਸ਼ੁਰੂਆਤ ਹੋਈ। ਤਦ ਤੋਂ ਲੈ ਕੇ ਅੱਜ ਤੱਕ ਖੇਤੀ ਨੂੰ ਅੱਗੇ ਵਧਾਉਣ ਦੇ ਕਾਫੀ ਯਤਨ ਹੋ ਚੁੱਕੇ ਹਨ ਅਤੇ ਕਈ ਸਰਕਾਰੀ ਤੇ ਗੈਰ-ਸਰਕਾਰੀ ਸੰਗਠਨ ਆਪਣੇ-ਆਪਣੇ ਤਰੀਕਿਆਂ ਨਾਲ ਜੈਵਿਕ ਖੇਤੀ ਨੂੰ ਫਿਰ ਤੋਂ ਮੁਖਧਾਰਾ ਦੀ ਖੇਤੀ ਬਣਾਉਣ 'ਚ ਜੁਟੇ ਹਨ। ਰਾਸ਼ਟਰੀ ਜੈਵਿਕ ਖੇਤੀ ਕੇਂਦਰ ਗਾਜੀਆਬਾਦ ਦੇ ਅਨੁਮਾਨ ਦੇ ਮੁਤਾਬਕ ਸਾਲ 2008-09 ਵਿੱਚ ਕੁਲ ਦਸ ਲੱਖ ਹੈਕਟੇਅਰ ਜਮੀਨ 'ਤੇ ਜੈਵਿਕ

ਖੇਤੀ ਕੀਤੀ ਗਈ। ਇਹ ਪ੍ਰਮਾਣਿਕ ਜੈਵਿਕ ਖੇਤੀ ਹੈ, ਯਾਨੀ ਇਹ ਕੌਮਾਂਤਰੀ ਮਾਪਦੰਡਾਂ ਮੁਤਾਬਕ ਕੀਤੀ ਗਈ। ਜੇ ਭਾਰਤ ਦੇ ਪ੍ਰਸੰਗ ’ਚ ਕਹੀਏ ਤਾਂ ਹਰ ਸਾਲ ਕਰੋੜਾਂ ਏਕੜ ’ਚ ਜੈਵਿਕ ਯਾਨੀ ਦੇਸੀ ਖੇਤੀ ਕੀਤੀ ਜਾਂਦੀ ਹੈ ਕਿਉਂਕਿ ਸਾਡੇ ਇਥੇ ਰਵਾਇਤੀ ਤੌਰ ’ਤੇ ਛੋਟੇ ਅਤੇ ਗਰੀਬ ਕਿਸਾਨ ਗੋਬਰ ਦੀ ਖਾਦ ਅਤੇ ਘਰੇਲੂ ਬੀਜ ਦੇ ਬੂਤੇ ਦੀ ਖੇਤੀ ਕਰਦੇ ਰਹੇ ਹਨ। ਇਸ ਦਾ ਇਕ ਦਿਲਚਸਪ ਪਹਿਲੂ ਇਹ ਹੈ ਕਿ ਬਹੁਤ ਸਾਰੇ ਵੱਡੇ ਕਿਸਾਨ ਜੋ ਆਮ ਦੌਰੇ ’ਤੇ ਬਜ਼ਾਰ ਲਈ ਖੇਤੀ ਕਰਦੇ ਹਨ, ਉਹ ਵੀ ਆਪਣੇ ਘਰ ਦੇ ਖਾਣੇ ਲਈ ਰਵਾਇਤੀ ਯਾਨੀ ਜੈਵਿਕ ਤਰੀਕੇ ਨਾਲ ਹੀ ਅੰਨ ਪੈਦਾ ਕਰਨ ਨੂੰ ਤਰਜੀਹ ਦਿੰਦੇ ਹਨ। ਸਾਫ ਹੈ ਕਿ ਖੁਦ ਉਹਨਾਂ ਨੂੰ ਵੀ ਇਸ ਦਾ ਅੰਦਾਜ਼ਾ ਹੈ ਕਿ ਵੱਧ ਤੋਂ ਵੱਧ ਪੈਦਾਵਾਰ ਲਈ ਉਹ ਕਿੰਨੀ ਖਾਦ ਅਤੇ ਕੀਟਨਾਸ਼ਕ ਦਵਾਈਆਂ, ਫਸਲਾਂ ’ਤੇ ਝੋਕਦੇ ਹਨ ਅਤੇ ਉਸ ਦੇ ਕੀ ਸਿੱਟੇ ਹੋ ਸਕਦੇ ਹਨ। ਹਾਲ ਦੀ ਘੜੀ ਸਰਕਾਰੀ ਅੰਕੜਿਆਂ ਮੁਤਾਬਕ ਨਵੀਂ ਸ਼ੁਰੂਆਤ ਦੇ 10 ਸਾਲਾਂ ਬਾਅਦ ਵੀ ਅਸੀਂ ਸਿਰਫ 10 ਲੱਖ ਹੈਕਟੇਅਰ ਜ਼ਮੀਨ ’ਤੇ ਹੀ ਪ੍ਰਮਾਣਿਕ ਜੈਵਿਕ ਖੇਤ ਕਰ ਪਾ ਰਹੇ ਹਾਂ। ਇਸ ਪਿੱਛੇ ਤਰਕ ਇਹ ਹੈ ਕਿ ਹਰੀ ਕ੍ਰਾਂਤੀ ਦੇ ਨਾਂ ’ਤੇ ਕਿਸ ਖੇਤੀ ਪ੍ਰਣਾਲੀ ਨੂੰ ਬੀਤੇ 40 ਸਾਲਾਂ ’ਚ ਪਾਲਿਆ ਪੋਸਿਆ ਗਿਆ ਹੈ। ਉਸ ਨੂੰ ਦੋ-ਚਾਰ ਜਾਂ ਪੰਜ ਸਾਲਾਂ ਵਿੱਚ ਬੇਦਖਲ ਕਰਨਾ ਮੁਸ਼ਕਲ ਤਾਂ ਹੈ ਹੀ ਆਤਮਘਾਤੀ ਵੀ ਸਾਬਤ ਹੋ ਸਕਦਾ ਹੈ। ਅਜਿਹਾ ਇਸ ਲਈ ਵੀ ਕਿ ਜ਼ਿਆਦਾਤਰ ਕਿਸਾਨਾਂ ਨੂੰ ਇਹ ਸਮਝਾਉਣਾ ਸੌਖਾ ਨਹੀਂ ਹੈ ਕਿ ਜੈਵਿਕ ਖੇਤੀ ਰਾਹੀਂ ਉਹਨਾਂ ਹੀ ਅਨਾਜ ਉਪਜਾਇਆ ਜਾ ਸਕਦਾ ਹੈ। ਜਿੰਨਾ ਕਿ ਸੈਂਕੜੇ ਕਿਲੋਗ੍ਰਾਮ ਰਸਾਇਣਕ ਖਾਦ, ਹਾਈ-ਬ੍ਰਿਡ ਬੀਜ ਤੇ ਕੀਟਨਾਸ਼ਕਾਂ ਦੇ ਸਹਾਰੇ। ਅਸਲ ਵਿਚ ਹੁੰਦਾ ਇਹ ਹੈ ਕਿ ਰਸਾਇਣਕ ਖਾਦ ਤੇ ਕੀਟਨਾਸ਼ਕਾਂ ਦੀ ਬੇਤਹਾਸ਼ਾ ਵਰਤੋਂ ਨਾਲ ਬਰਬਾਦ ਕਿਸੇ ਜਮੀਨ ਨੂੰ ਫਿਰ ਤੋਂ ਪੁਰਾਣੀ ਊਰਜਾ ਹਾਸਲ ਕਰਨ ਵਿੱਚ ਥੋੜਾ ਵਕਤ ਲੱਗਦਾ ਹੈ। ਆਮ ਤੌਰ ’ਤੇ ਪੰਜ ਛੇ ਸਾਲਾਂ ਵਿੱਚ ਮਿੱਟੀ ਫਿਰ ਤੋਂ ਉਸ ਸਥਿਤੀ ਵਿੱਚ ਆ ਜਾਂਦੀ ਹੈ ਕਿ ਉਹ ਜੈਵਿਕ ਖਾਦ ਦੇ ਸਹਾਰੇ ਹੀ ਉਨ੍ਹਾਂ ਅੰਨ ਉਪਜਾਉਣ ਲੱਗੇਗੀ ਜਿੰਨਾ ਕਿ ਹਰੀ ਕ੍ਰਾਂਤੀ ਵਾਲੇ ਫਾਰਮੂਲੇ ਨਾਲ ਉਪਜਾਇਆ ਜਾ ਰਿਹਾ ਹੈ। ਤਾਜੀਆਂ ਖੋਜਾਂ ਦੱਸਦੀਆਂ ਹਨ ਕਿ ਜੇ ਤਰੀਕੇ ਨਾਲ ਜੈਵਿਕ ਸਾਮਗਰੀ ਦੀ ਵਰਤੋਂ ਕੀਤੀ ਜਾਵੇ ਤਾਂ ਤਿੰਨ ਸਾਲਾਂ ਵਿੱਚ ਹੀ ਮਿੱਟੀ ਆਪਣੀ ਖੁਸੀ ਊਰਜਾ ਹਾਸਲ ਕਰ ਲਵੇਗੀ। ਜੇ ਸੱਚਮੁੱਚ ਅਜਿਹਾ ਹੈ ਤਾਂ ਜੈਵਿਕ ਖੇਤੀ ਵਿੱਚ ਨਿਸ਼ਚੈ ਹੀ ਤੇਜ਼ੀ ਆਵੇਗੀ। ਅੱਜ ਪੂਰਵੋਤਰ ਰਾਜਾਂ ਤੋਂ ਇਲਾਵਾ ਮਹਾਰਾਸ਼ਟਰ, ਰਾਜਸਥਾਨ, ਮੱਧ ਪ੍ਰਦੇਸ਼, ਕਰਨਾਟਕ ਤੇ ਕੇਰਲ ਵਰਗੇ ਰਾਜਾਂ ’ਚ ਵੱਡੇ ਪੈਮਾਨੇ ’ਤੇ ਜੈਵਿਕ ਖੇਤੀ ਕੀਤੀ ਜਾ ਰਹੀ ਹੈ। ਉਤਰਾਖੰਡ ਤੇ ਸਿਕਮ ਨੂੰ ਜੈਵਿਕ ਰਾਜ ਹੀ ਐਲਾਨਿਆ ਜਾ ਚੁਕਿਆ ਹੈ। ਪਰ ਬਿਹਾਰ ਤੇ ਉਤਰਾਚਲ ਦੇਸ਼ ਇਸ ਸਬੰਧੀ ਕਾਫੀ ਪਿੱਛੇ ਹਨ। ਜਦ ਕਿ ਜੈਵਿਕ ਖੇਤੀ ਦੀ ਸਭ ਤੋਂ ਵੱਧ ਸੰਭਾਵਨਾ ਇਹਨਾਂ ਦੋਹਾਂ ਰਾਜਾਂ ਵਿੱਚ ਹੈ। ਭਾਰਤ ਦੇ ਜੈਵਿਕ ਖੇਤੀ ਦੇ ਵਿਕਾਸ ਵਿੱਚ ਇੱਕ ਹੋਰ ਸਮੱਸਿਆ ਇਹ ਹੈ ਕਿ ਇਸ ਦਿਸ਼ਾ ਵਿੱਚ ਜੋ ਵੀ ਯਤਨ ਕੀਤੇ ਜਾ ਰਹੇ ਹਨ ਉਸ ਦੇ ਕੇਂਦਰ ਵਿੱਚ ਕੌਮਾਂਤਰੀ ਬਾਜ਼ਾਰ ਤੇ ਬਰਾਮਦ ਹੈ। ਜਦ ਕਿ ਖੁਦ ਭਾਰਤ ਹੀ ਜੈਵਿਕ ਵਸਤਾਂ ਦਾ ਬਹੁਤ ਵੱਡਾ ਬਾਜ਼ਾਰ ਹੈ। ਪਰ ਸਰਕਾਰ ਦੀਆਂ ਤਰਜੀਹਾਂ ’ਚ ਭਾਰਤੀ ਖਪਤਕਾਰ ਨਹੀਂ ਹੈ। ਜਾਹਿਰ ਹੈ ਕਿ ਜੈਵਿਕ ਖੇਤੀ ਨੇ ਇਕ ਲੰਮੀ ਲੜਾਈ ਲੜਨੀ ਹੈ ਅਤੇ ਇਸ ਲਈ ਸਰਕਾਰ ’ਤੇ ਦਬਾਅ ਬਣਾਉਣਾ ਅਣਸਰਦੀ ਲੋੜ ਹੈ।

✪✪✪